# ਸਾਜਨ ਦੇਸਿ ਵਿਦੇਸਅੜੇ



ਤਰਲੋਚਨ ਸਿੰਘ

ਪੰਜਾਬੀ ਜਾਂ ਸਿੱਖ ਸਮਾਜ ਕੇਵਲ ਪੰਜਾਬ ਜਾਂ ਭਾਰਤ ਤੱਕ ਸੀਮਤ ਨਹੀਂ ਰਿਹਾ, ਸਗੋਂ ਦੇਸ਼ਾਂ, ਵਿਦੇਸ਼ਾਂ ਦੇ ਆਖਰੀ ਕੋਨਿਆਂ ਤੱਕ ਫੈਲ ਗਿਆ ਹੈ। ਦੂਰ-ਦੂਰ ਤੱਕ ਪੂਰਬ, ਪੱਛਮ, ਉੱਤਰ, ਦੱਖਣ ਤੱਕ ਕੋਈ ਅਜਿਹਾ ਦੇਸ਼ ਨਹੀਂ ਜਿੱਥੇ ਪੰਜਾਬੀ ਜਾਂ ਸਿੱਖ ਨਾ ਪਹੁੰਚੇ ਹੋਣ। ਸਿੱਖ ਧਰਮ ਵਿਚ ਦੁਨੀਆਂ ਦੇ ਹੋਰ ਸਮਾਜ ਤੇ ਸੱਭਿਆਚਾਰ ਦਿਲਚਸਪੀ ਲੈ ਰਹੇ ਹਨ। ਗਿਆਨ ਪ੍ਰਾਪਤ ਕਰ ਰਹੇ ਹਨ। ਕੁਝ ਦੇਸ਼ਾਂ ਵਿਚ ਤਾਂ ਉਥੋਂ ਦੇ ਸਮਾਜ, ਰਾਜਨੀਤੀ, ਸਭਿਆਚਾਰ, ਆਰਥਕਤਾ, ਵਿੱਦਿਅਕ ਅਦਾਰਿਆਂ ਤੇ ਹੋਰ ਖੇਤਰਾਂ ਵਿਚ ਸਿੱਖਾਂ ਦਾ ਬੋਲ ਬਾਲਾ ਹੈ। ਸਿੱਖ ਐਮ.ਐਲ.ਏ, ਐਮ.ਪੀ., ਵਜ਼ੀਰ ਤੇ ਹੋਰ ਵੱਡੀਆਂ ਕੌਂਸਲਾਂ ਦੇ ਮੈਂਬਰ ਹਨ। ਇਉਂ ਪੰਜਾਬ ਥਾਂ-ਥਾਂ ਜਾ ਵਸਿਆ ਹੈ। ਉਨ੍ਹਾਂ ਦੀ ਇਸ ਦੇਣ ਨੂੰ ਸਵੀਕਾਰ ਕਰਨਾ, ਸਮਝਣਾ, ਉਥੇ ਜਾ ਕੇ ਉਸ ਸਭ ਕੁਝ ਦਾ ਅਨੁਭਵ ਪ੍ਰਾਪਤ ਕਰਨਾ ਉਹਨਾਂ ਦੀਆਂ ਸਮਸਿਆਵਾਂ ਨੂੰ ਘੋਖਣਾ ਇਹ ਸਭ ਕੁਝ ਸ੍ਰ: ਤਰਲੋਚਨ ਨੂੰ ਲਗਾਤਾਰ (ਪ੍ਰਾਪਤ) ਹੋਇਆ ਹੈ। ਉਨਾਂ ਨੇ ਇਸ ਸਭ ਕੁਝ ਨਾਲ ਲਗਾਤਾਰ ਤਾਲਮੇਲ ਕਾਇਮ ਕੀਤਾ ਹੈ। ਇਸ ਪੁਸਤਕ ਵਿਚ ਅਮਰੀਕਾ, ਮੈਕਸੀਕੋ, ਥਾਈਲੈਂਡ, ਇਟਲੀ, ਕੈਨੇਡਾ, ਇੰਗਲੈਂਡ, ਮਲੇਸ਼ੀਆ, ਸਿੰਘਾਪੁਰ ਅਤੇ ਹੋਰ ਦੇਸ਼ਾਂ ਦੇ ਸਿੱਖਾਂ ਅਤੇ ਹੋਰ ਸਰੋਕਾਰਾਂ ਬਾਰੇ ਇਸੇ ਅਨੁਭਵ 'ਚੋਂ ਦਿਲਚਸਪ ਗੱਲਾਂ ਸਾਹਮਣੇ ਆਈਆਂ ਹਨ। ਲੇਖਕ ਕੇਵਲ ਸਿੱਖ ਸ਼ਖ਼ਸੀਅਤਾਂ ਜਾਂ ਸਿੱਖ ਸਮਾਜ ਬਾਰੇ ਹੀ ਗੱਲ ਨਹੀਂ ਕਰਦਾ ਸਗੋਂ ਅੰਤਰ-ਰਾਸ਼ਟਰੀ ਪਰਿਪੇਖ ਵਿਚ ਸਿੱਖ ਸਰੋਕਾਰਾਂ ਬਾਰੇ ਸੋਚਦਾ ਹੈ। ਇਸੇ ਲਈ ਉਹ ਮਲਿਕਾ ਅਲਿਜ਼ਬੈਥ ਦੀ ਦਰਬਾਰ ਸਾਹਿਬ ਦੀ ਯਾਤਰਾ ਨੂੰ ਵੀ ਓਨੇ ਹੀ ਮਹੱਤਵ ਨਾਲ ਬਿਆਨਦਾ ਹੈ। ਨਿਊ ਮੈਕਸੀਕੋ ਵਿਚ ਹੋਈ ਵਿਸ਼ਵ ਅਮਨ-ਪ੍ਰੇਡ ਦੀ ਅਮਨ-ਪ੍ਰਤਿਬੱਧਤਾ ਨੂੰ ਰੇਖਾਂਕਿਤ ਕਰਦਾ ਹੈ। ਇਰਾਕ ਦੀ ਜੰਗ ਅਤੇ ਭਾਰਤ ਦੇ ਸਰੋਕਾਰਾਂ ਨੂੰ ਵਿਚਾਰਦਾ ਹੈ, ਵਿਸ਼ਵ ਧਾਰਮਿਕ ਪਾਰਲੀਮੈਂਟ ਨੂੰ ਵਿਚਾਰਦਾ ਹੈ। ਅਮਰੀਕਾ ਅਤੇ ਹੋਰ ਦੇਸ਼ਾਂ ਵਿਚ ਸਿੱਖੀ ਦੇ ਵਿਕਾਸ ਦੇ ਨਾਲ ਨਾਲ, ਵਿਦੇਸ਼ਾਂ ਨਾਲ ਜੁੜੇ ਹੋਰ ਅਨੁਭਵਾਂ ਨੂੰ ਉਹ ਬਿਆਨਣ ਵਿਚ ਦਿਲਚਸਪੀ ਵੀ ਇਸੇ ਲਈ ਲੈਂਦਾ ਹੈ, ਕਿਉਂਕਿ ਉਹ ਚੇਤੰਨ ਹੈ ਕਿ ਸਿੱਖਾਂ ਦੀ ਭੂਮਿਕਾ ਕੇਵਲ ਪੰਜਾਬ ਜਾਂ ਸਿੱਖ ਧਰਮ ਦੇ ਸਰੋਕਾਰਾਂ ਤੱਕ ਨਹੀਂ ਰਹਿ ਗਈ, ਸਗੋਂ ਇਹ ਭੂਮਿਕਾ ਹੁਣ ਅੰਤਰ-ਰਾਸ਼ਟਰੀ ਹੋ ਗਈ ਹੈ ਤੇ ਇਸ ਬਾਰੇ ਦੇਸ਼ਾਂ ਵਿਦੇਸ਼ਾਂ ਦੇ ਸਿੱਖ ਸਮਾਜ ਨੂੰ ਚੇਤੰਨ ਕਰਨਾ ਜ਼ਰੂਰੀ ਹੈ।

ਇਸ ਦੇ ਨਾਲ ਹੀ **'ਨੇੜਿਉਂ ਤੱਕਿਆ ਇਤਿਹਾਸ'** ਪੁਸਤਕ ਵਾਂਗ ਇਸ ਪੁਸਤਕ ਵਿਚ ਵੀ ਸਿੱਖ ਇਤਿਹਾਸ ਤੇ ਸਿੱਖ ਮਸਲੇ ਵਿਸਤ੍ਰਿਤ ਰੂਪ ਵਿਚ ਸਾਹਮਣੇ ਆਉਂਦੇ ਹਨ। ਸਿੱਖ ਕੌਮ ਦਾ 300 ਸਾਲ ਦਾ ਸਫ਼ਰ, ਸਾਕਾ ਨੀਲਾ ਤਾਰਾ ਦੀਆਂ ਦੁੱਖ ਭਰੀਆਂ ਯਾਦਾਂ, ਸ਼ਤਾਬਦੀਆਂ ਨਾਲ ਜੁੜੇ ਉਸਦੇ ਅਨੁਭਵ, ਦ੍ਰਿਸ਼ਟੀ, ਘਟਨਾਵਾਂ ਜਿਨਾਂ ਦੀ ਇਤਿਹਾਸਕ ਵਿਸ਼ੇਸ਼ਤਾ ਹੈ, ਉਹ ਉਘੜਦੀਆਂ ਹਨ।

*ਸੁਤਿੰਦਰ ਸਿੰਘ ਨੂਰ*

**Rs.180/-**

**P1484-T014**

VISIT US AT
unistarbooks.com

e-mail
info@unistarbooks.com, editorial@unistarbooks.com, sales@unistarbooks.com

**UNISTAR BOOKS PVT. LTD.**

**Chandigarh** : 26-27 Top Floor, Sector 34A • 0172-5077427, 5077428, 5089761

**Ludhiana** : Punjabi Bhawan • 98154 71219

# ਸਾਜਨ ਦੇਸਿ ਵਿਦੇਸਅੜੇ

**ਲੇਖਕ ਦੀਆਂ ਹੋਰ ਪੁਸਤਕਾਂ**

- ਨੇੜਿਉਂ ਤੱਕਿਆ ਇਤਿਹਾਸ

# ਸਾਜਨ ਦੇਸਿ ਵਿਦੇਸਅੜੇ

ਤਰਲੋਚਨ ਸਿੰਘ

ਮੈਂਬਰ ਪਾਰਲੀਮੈਂਟ

**SAJNA DES VIDESARE**

*by*

Tarlochan Singh

2006

P1484-T014

Published by Lokgeet Parkashan

S.C.O. 26-27, Sector 34 A, Chandigarh-160022

Ph.0172-5077427, 5077428

Punjabi Bhawan Ludhiana, 98154-71219

*visit us at : www.unistarbooks.com*

*email:info@unistarbooks.com*

*email:sales@unistarbooks.com*

*email:editorial@unistarbooks.com*

Type Setting & Design PCIS

Printed & bound at Jai Offset Printers, Chandigarh

Ph:0172-2640382

© *2006*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਇਹ ਕਿਤਾਬ ਮੈਂ ਆਪਣੇ ਪਰਮ ਮਿੱਤਰ

ਅਤੇ ਪਿਛਲੀ ਸਦੀ ਦੇ

ਮਹਾਨ ਸਿੱਖ ਯੋਗੀ ਭਜਨ ਦੀ ਮਿੱਠੀ ਯਾਦ ਨੂੰ

ਸਮਰਪਣ ਕਰਦਾ ਹਾਂ।

# ਤਤਕਰਾ


- ਕੁਝ ਆਪਣੇ ਵੱਲੋਂ 9
- ਭੂਮਿਕਾ 11
- ਮੈਂ ਰਾਜ ਸਭਾ ਦਾ ਮੈਂਬਰ ਕਿਵੇਂ ਬਣਿਆ ? 13
- ਸਿੱਖ ਕੌਮ ਦਾ 300 ਸਾਲ ਦਾ ਸਫ਼ਰ 16
- ਸਾਕਾ ਨੀਲਾ ਤਾਰਾ ਦੀਆਂ ਦੁੱਖ-ਭਰੀਆ ਯਾਦਾਂ 23
- ਜ਼ੀਰਾ ਤੇ ਫਿਰੋਜ਼ਪੁਰ ਪਾਕਿਸਤਾਨ ਵਿਚ ਜਾਣ ਤੋਂ ਕਿਵੇਂ ਬਚੇ ? 27
- ਕਹਾਣੀ ਮਾਸਟਰ ਤਾਰਾ ਸਿੰਘ ਜੀ ਦੇ ਬੁੱਤ ਲਗਾਣ ਦੀ 29
- ਗਿਆਨੀ ਕਰਤਾਰ ਸਿੰਘ ਕਿਹੋ ਜਿਹੇ ਸਨ ? 32
- 400 ਸਾਲਾ ਪ੍ਰਕਾਸ਼ ਪੁਰਬ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮਨਾਮਾ 35
- ਸਾਹਿਬਜ਼ਾਦਿਆਂ ਦੀ ਸ਼ਹੀਦੀ ਤੇ ਸਾਡਾ ਕਰਤੱਵ 38
- ਸ਼ਤਾਬਦੀਆਂ ਦੀਆਂ ਰੌਣਕਾਂ— ਮਸਲੇ ਉਥੇ ਦੇ ਉਥੇ ਹੀ 41
- ਲਾਸਾਨੀ ਜਰਨੈਲ ਜਗਜੀਤ ਸਿੰਘ ਅਰੋੜਾ 45
- ਸੋਧਰਾ ਯਾਤਰਾ-ਪਾਕਿਸਤਾਨ 47
- ਸ੍ਰ: ਬਲਦੇਵ ਸਿੰਘ-ਪਹਿਲਾ ਰੱਖਿਆ ਮੰਤਰੀ 51
- ਸ਼੍ਰੀ ਗੁਰੂ ਨਾਨਕ ਦੇਵ ਜੀ ਲੱਦਾਖ ਵਿਚ 54
- ਮਹਾਰਾਜਾ ਰਣਜੀਤ ਸਿੰਘ ਦਾ 200 ਸਾਲਾ ਰਾਜ ਗੱਦੀ ਦਿਵਸ 58
- ਵਿੱਦਿਆ ਅਤੇ ਖੇਡਾਂ ਦਾ ਚਾਨਣ ਮੁਨਾਰਾ-ਪ੍ਰੋ: ਗੁਰਸੇਵਕ ਸਿੰਘ 62
- ਸਾਰਾਗੜ੍ਹੀ ਦੀ ਵੀਰਗਾਥਾ 65
- ਇਹੋ ਜਿਹੇ ਸਨ ਸ੍ਰ. ਦਲਬੀਰ ਸਿੰਘ ਜੀ ? 68
- ਭੁਲੇਖਿਆਂ ਵਿਚ ਘਿਰਿਆ ਸ੍ਰ: ਬੂਟਾ ਸਿੰਘ 71
- ਆਓ ਕਾਬਲੀ ਸਿੱਖਾਂ ਤੋਂ ਕੁਝ ਸਿੱਖੀਏ ! 76
- ਵਿੱਦਿਆ ਤੇ ਸਿੱਖ- ਕੀ ਕੀਤਾ ਜਾਵੇ ? 79
- ਖਾਲਸੇ ਦੇ ਜਨਮ ਦੀ ਤੀਜੀ ਸ਼ਤਾਬਦੀ 83
- ਵਾਜਪਾਈ ਦੀ ਲਾਹੌਰ ਬੱਸ ਯਾਤਰਾ 87
- ਯਾਦ ਕਰੋ ਸ੍ਰ: ਪ੍ਰਤਾਪ ਸਿੰਘ ਕੈਰੋਂ ਨੂੰ 90
- ਯੋਗੀ ਭਜਨ ਦੀ ਧਰਮ ਪਤਨੀ ਬੀਬੀ ਇੰਦਰਜੀਤ ਕੌਰ: ਅਦੁੱਤੀਆਂ ਪ੍ਰਾਪਤੀਆਂ 95

- ਉਤਰਾਂਚਲ ਵਿਚ ਸਿੱਖਾਂ ਦਾ ਭਵਿੱਖ 98
- ਇੰਗਲੈਂਡ ਦੇ ਸਿੱਖਾਂ ਲਈ ਏਜੰਡਾ 102
- ਅਜ ਦਾ ਪਾਕਿਸਤਾਨ 107
- ਮਲਿਕਾ ਅਲਿਜ਼ਬੈਥ ਦੀ ਦਰਬਾਰ ਸਾਹਿਬ ਦੀ ਯਾਤਰਾ 113
- ਅਮਰੀਕਾ ਵਿਚ ਵਧਦਾ ਸਿੱਖੀ ਪ੍ਰਭਾਵ 116
- ਦੁਨੀਆਂ ਦਾ ਇਕ ਖੂਬਸਰਤ ਦੇਸ਼-ਥਾਈਲੈਂਡ 122
- ਨਿਊ ਮੈਕਸੀਕੋ ਵਿਚ ਵਿਸ਼ਵ ਅਮਨ ਪ੍ਰੇਡ 127
- ਆਸਿਸੀ-ਸੇਂਟ ਫਰਾਂਸਿਸ ਦਾ ਜਨਮ ਸਥਾਨ-ਇਟਲੀ 131
- ਪੰਜਾਬ ਤੋਂ ਬਾਹਰ ਵਸਦੇ ਸਿੱਖ ਕਿਵੇਂ ਵਜ਼ੀਰ-
  ਐਮ. ਪੀ. ਐਮ. ਐਲ. ਏ. ਬਣੇ ? 133
- ਸਿੱਖੀ ਦਾ ਗਹਿਮਾ-ਗਹਿਮ ਸ਼ਹਿਰ-ਟੋਰਾਂਟੋ 137
- ਵਿਸ਼ਵ ਧਾਰਮਿਕ ਪਾਰਲੀਮੈਂਟ ਅਫਰੀਕਾ ਵਿਚ 140
- ਆਤੰਕਵਾਦੀਆਂ ਦਾ ਅਮਰੀਕਾ 'ਤੇ ਹਮਲਾ ਅਸੀਂ ਕੀ ਸਿੱਖਿਆ ? 144
- ਅਮਰੀਕਾ ਦੇ ਪਹਾੜਾਂ ਵਿਚ ਸਿੱਖ ਯੁਵਕ ਕੈਂਪ 147
- ਦੱਖਣੀ ਅਮਰੀਕਾ ਦੇ ਦੇਸ਼ਾਂ ਵਿਚ ਸਿੱਖੀ ਦਾ ਬੋਲਬਾਲਾ 151
- ਇਰਾਕ ਦੀ ਜੰਗ ਅਤੇ ਭਾਰਤ 154
- ਪਹਿਲਾ ਸਿੱਖ ਕੈਲੰਡਰ ਕਦੋਂ ਤੇ ਕਿਵੇਂ ਛਪਿਆ ? 156
- ਮਲੇਸ਼ੀਆ: ਸਾਫ ਸੁਥਰਾ ਦੇਸ਼ ਸਿੱਖਾਂ ਦੀ ਚੜ੍ਹਤ 160
- ਰੌਂਗਟੇ ਖੜੇ ਕਰਨ ਵਾਲੀ ਘਟਨਾ 164
- ਵਿਦੇਸ਼ਾਂ ਵਿਚ ਸਿੱਖ ਚੇਅਰਜ਼ 166
- ਸਿੰਘਾਪੁਰ ਵਿਚ ਪੰਜਾਬੀ ਦੀ ਪੜ੍ਹਾਈ : ਸਾਰੇ ਸਿੱਖ
  ਜਗਤ ਲਈ ਇਕ ਮਿਸਾਲ 168
- ਸਿੱਖ ਗ਼ੈਰ-ਜ਼ਰੂਰੀ ਵਿਵਾਦਾਂ ਤੋਂ ਸਾਵਧਾਨ ਰਹਿਣ ! 171
- ਸਿੱਖ ਪੰਥ ਆਪਣੇ ਇਤਿਹਾਸਕ ਵਿਰਸੇ ਦੀ ਸੰਭਾਲ ਕਰੇ 174

# ਕੁਝ ਆਪਣੇ ਵੱਲੋਂ

ਅਖ਼ਬਾਰਾਂ ਵਿਚ ਲੇਖ ਲਿਖਣਾ ਮੇਰੀ ਰੁੱਚੀ ਰਹੀ ਹੈ। ਜਦੋਂ ਮੈਂ 1958 ਵਿਚ ਭਾਖੜਾ ਡੈਮ 'ਤੇ ਪੀ. ਆਰ. ਓ. ਦੀ ਪਦਵੀ ਤੇ ਨਿਯੁਕਤ ਹੋਇਆ ਤਾਂ ਮੈਂ ਲੇਖ ਲਿਖਣੇ ਆਰੰਭ ਕੀਤੇ। ਆਰੰਭ ਵਿਚ ਭਾਖੜੇ ਸੰਬੰਧੀ ਤੇ ਫਿਰ ਤਾਜ਼ਾ ਹਾਲਾਤਾਂ 'ਤੇ ਟੀਕਾ ਟਿੱਪਣੀ ਵਾਲੇ ਲੇਖ ਪੰਜਾਬੀ ਅਖ਼ਬਾਰਾਂ ਤੇ ਮੈਗਜ਼ੀਨਾਂ ਵਿਚ ਛੱਪਣ ਨਾਲ ਲੋਕਾਂ ਵਲੋਂ ਮੈਨੂੰ ਬੜਾ ਉਤਸ਼ਾਹ ਮਿਲਿਆ। ਸ. ਸਾਧੂ ਸਿੰਘ ਹਮਦਰਦ, ਗਿਆਨੀ ਸ਼ਾਦੀ ਸਿੰਘ ਅਤੇ ਕੌਮੀ ਏਕਤਾ ਵਾਲੇ ਸ. ਰਾਜਿੰਦਰ ਸਿੰਘ ਭਾਟੀਆ ਨੇ ਮੇਰੀ ਬੜੀ ਮਦਦ ਕੀਤੀ। ਰਾਜਸੀ ਲੀਡਰਾਂ ਨਾਲ ਨੇੜਤਾ ਨੇ ਮੈਨੂੰ ਲਿਖਣ ਲਈ ਬੜੀ ਸਮੱਗਰੀ ਦਿੱਤੀ। ਯੋਗੀ ਭਜਨ ਦੀ ਅਮਰੀਕਾ ਵਿਚ ਹੋਈ ਕਾਮਯਾਬੀ ਬਾਰੇ ਲੜੀਵਾਰ ਲੇਖਾਂ ਰਾਹੀਂ ਮੈਂ ਸਿੱਖਾਂ ਨੂੰ ਜਾਣਕਾਰੀ ਦਿੰਦਾ ਰਿਹਾ। ਮੈਨੂੰ ਵਿਦੇਸ਼ਾਂ ਵਿਚ ਜਾਣ ਦਾ ਬੜਾ ਅਵਸਰ ਮਿਲਿਆ। ਆਪਣੀ ਪਹਿਲੀ ਯਾਤਰਾ, ਜੋ 1971 ਵਿਚ ਮਾਰਕਫੈੱਡ ਕਰਕੇ ਹੋਈ, ਉਸ ਸੰਬੰਧੀ ਹਰ ਦੇਸ਼ ਬਾਰੇ ਮੇਰੇ ਲੇਖ ਲੋਕਾਂ ਨੇ ਬੜੇ ਪਸੰਦ ਕੀਤੇ। ਮੇਰਾ ਸ਼ੌਕ ਵੱਧਦਾ ਗਿਆ। ਮੈਂ ਸਿੱਖਾਂ ਦੇ ਮਸਲੇ ਖਾਸ ਕਰਕੇ ਸਮਾਜਕ, ਵਿਦਿਅਕ ਤੇ ਧਾਰਮਿਕ ਸੰਬੰਧੀ ਬਹੁਤ ਕੁਝ ਲਿਖਿਆ। ਜਿਉਂ-ਜਿਉਂ ਪਬਲਿਕ ਹੁੰਗਾਰਾ ਵਧਿਆ ਮੈਂ ਇਹ ਸਿਲਸਿਲਾ ਹੋਰ ਵਧਾ ਲਿਆ। ਅੰਗਰੇਜ਼ੀ ਅਖ਼ਬਾਰਾਂ ਤੇ ਮੈਗਜ਼ੀਨਾਂ ਵਿਚ ਵੀ ਬੜੀ ਵਾਰੀ ਲਿਖਿਆ।

ਡਾਕਟਰ ਸਤਿੰਦਰ ਸਿੰਘ ਨੂਰ ਨੇ ਮੈਨੂੰ ਉਤਸ਼ਾਹ ਦੇਣ ਲਈ ਪਿਛਲੇ ਸਾਲ ਮੇਰੇ ਲੇਖਾਂ 'ਤੇ ਆਧਾਰਤਿ ਇਕ ਕਿਤਾਬ "ਨੇੜਿਉਂ ਤੱਕਿਆ ਇਤਿਹਾਸ" ਛਪਵਾ ਦਿੱਤੀ। ਇਸਦੀ ਬੜੀ ਪ੍ਰਸੰਸਾ ਹੋਈ। ਦੋ ਐਡੀਸ਼ਨ ਛੱਪ ਗਏ ਅਤੇ ਅਮਰੀਕਾ ਤੇ ਇੰਗਲੈਂਡ ਵਿਚ ਵੀ ਸੈਂਕੜੇ ਕਿਤਾਬਾਂ ਪੁੱਜ ਗਈਆਂ।

ਹੁਣ ਇਹ ਦੂਜੀ ਕਿਤਾਬ ਹਾਜ਼ਰ ਹੈ। ਹਰ ਇਕ ਲੇਖ ਨਾਲ ਜਦੋਂ ਇਹ ਲਿਖਿਆ ਗਿਆ, ਉਸਦੀ ਤਰੀਕ ਦਰਜ ਹੈ ਤਾਂ ਜੋ ਉਸ ਵਕਤ ਦੇ ਹਾਲਾਤ ਦਾ ਪਤਾ ਲਗ ਸਕੇ। ਕਈ ਸਥਿਤੀਆਂ ਹੁਣ ਬਦਲ ਗਈਆਂ ਹਨ, ਪਰ ਲੇਖ ਅੱਜ ਦਾ ਨਹੀਂ, ਇਸ ਲਈ ਪਾਠਕ ਨੋਟ ਕਰ ਲੈਣ।

ਮੈਂ ਹਮੇਸ਼ਾ ਕੋਸ਼ਿਸ਼ ਕਰਦਾ ਹਾਂ ਕਿ ਜੋ ਸੱਚ ਮੈਨੂੰ ਪਤਾ ਹੈ, ਉਹ ਠੀਕ ਲਿਖਾਂ, ਕਦੇ ਗਲਤ ਬਿਆਨੀ ਨਹੀਂ ਕੀਤੀ। ਆਪਣੇ ਵਲੋਂ ਉਸਾਰੂ ਸੁਝਾਅ ਦਿੰਦਾ ਹਾਂ। ਸਿੱਖੀ ਪ੍ਰਤੀ ਮੇਰੀ ਵਚਨਬੱਧਤਾ ਹੈ, ਪਰ ਸਿਆਸੀ ਤੌਰ ਤੇ ਮੈਂ ਕਿਸੇ ਪਾਰਟੀ ਦਾ ਮੈਂਬਰ ਨਹੀਂ ਬਣਿਆ। ਸਤਿਗੁਰੂ ਦੀ ਕ੍ਰਿਪਾ ਸਦਕਾ ਬੜੀਆਂ ਪਦਵੀਆਂ ਮਿਲੀਆਂ। ਛੇ ਸਾਲ ਭਾਰਤ ਸਰਕਾਰ ਦਾ ਸਟੇਟ ਤੇ

ਕੈਬਿਨਟ ਮੰਤਰੀ ਦਾ ਰੁਤਬਾ ਵੀ ਪਾ ਚੁੱਕਾ ਹਾਂ।

ਇਸ ਕਿਤਾਬ ਦੀ ਬਣਤਰ ਲਈ ਡਾਕਟਰ ਪੀ. ਐਸ. ਬੱਤਰਾ ਨੇ ਬੜੀ ਮਦਦ ਕੀਤੀ ਅਤੇ ਸ. ਗੁਰਬਿੰਦਰ ਸਿੰਘ ਨੇ ਇਸ ਦਾ ਸਾਰਾ ਮੈਟਰ ਟਾਈਪ ਕੀਤਾ। ਯੂਨੀਸਟਾਰ ਬੁੱਕਸ ਲਿਮਿਟਡ, ਚੰਡੀਗੜ੍ਹ ਵਾਲਿਆਂ ਨੇ ਬੜੀ ਮਿਹਨਤ ਨਾਲ ਦੋਵੇਂ ਕਿਤਾਬਾਂ ਪ੍ਰਕਾਸ਼ਤ ਕੀਤੀਆਂ ਹਨ। ਮੇਰੀ ਪਤਨੀ ਉਤਮਜੀਤ ਕੌਰ ਨੇ ਪਰੂਫ ਪੜ੍ਹਨ ਦੀ ਮਦਦ ਕੀਤੀ।

ਮੈਂ ਹੁਣ ਆਰੰਭ ਕਰਨਾ ਚਾਹੁੰਦਾ ਹਾਂ ਪਿਛਲੇ 55 ਸਾਲਾਂ ਦੇ ਵੇਖੇ ਇਤਿਹਾਸ 'ਤੇ ਇਕ ਪੂਰੀ ਕਿਤਾਬ। ਕਈ ਦੋਸਤ ਮੈਨੂੰ ਇਸ ਬਾਰੇ ਕਹਿ ਰਹੇ ਹਨ। ਇਸ ਕਾਰਜ ਲਈ ਵਾਹਿਗੁਰੂ ਦੀ ਕ੍ਰਿਪਾ ਲਈ ਅਰਦਾਸ ਕਰਦਾ ਹਾਂ।

ਤਰਲੋਚਨ ਸਿੰਘ

ਬੀ-5, ਡਾ. ਜ਼ਾਕਰ ਹੁਸੈਨ ਰੋਡ,
ਨਵੀਂ ਦਿੱਲੀ-110003

# ਭੂਮਿਕਾ

'ਨੇੜਿਉਂ ਤੱਕਿਆਂ ਇਤਿਹਾਸ' ਪੁਸਤਕ ਤੋਂ ਪਿੱਛੋਂ 'ਸਾਜਨ ਦੇਸਿ ਵਿਦੇਸਅੜੇ' ਸ੍ਰ: ਤਰਲੋਚਨ ਸਿੰਘ ਮੈਂਬਰ ਰਾਜ ਸਭਾ ਤੇ ਚੇਅਰਮੈਨ, ਕੌਮੀ ਘੱਟ ਗਿਣਤੀ ਕਮਿਸ਼ਨ, ਭਾਰਤ ਸਰਕਾਰ ਦੀ ਇਹ ਦੂਜੀ ਪੁਸਤਕ ਹੈ। 'ਨੇੜਿਉਂ ਤੱਕਿਆਂ ਇਤਿਹਾਸ' ਆਪਣੀ ਸ਼ੈਲੀ, ਜਾਣਕਾਰੀ, ਇਤਿਹਾਸ ਅਤੇ ਦ੍ਰਿਸ਼ਟੀ ਕਰਕੇ ਪਾਠਕਾਂ ਵਿਚ ਬਹੁਤ ਛੇਤੀ ਮਕਬੂਲ ਹੋਈ ਅਤੇ ਕੁਝ ਦਿਨਾਂ ਬਾਅਦ ਹੀ ਉਸਦਾ ਦੂਸਰਾ ਐਡੀਸ਼ਨ ਸਾਹਮਣੇ ਆ ਗਿਆ। ਉਸਦਾ ਚਰਚਾ ਭਾਰਤ ਅਤੇ ਵਿਦੇਸ਼ਾਂ ਤੱਕ ਇਕੋ ਸਮੇਂ ਹੋਇਆ। ਉਸ ਪੁਸਤਕ ਨੂੰ ਇਤਿਹਾਸਕਾਰਾਂ ਨੇ ਇਤਿਹਾਸਕਾਰੀ ਦੀ ਦ੍ਰਿਸ਼ਟੀ ਤੋਂ ਵੇਖਿਆ ਅਤੇ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਵਾਲੇ ਪਾਠਕਾਂ ਨੇ ਉਸ ਦ੍ਰਿਸ਼ਟੀ ਤੋਂ ਦਿਲਚਸਪੀ ਨਾਲ ਪੜ੍ਹਿਆ। ਯੂਨੀਵਰਸਿਟੀ ਵਿਚ ਇਤਿਹਾਸ ਦੀ ਖੋਜ ਕਰਨ ਵਾਲੇ ਵਿਦਿਆਰਥੀਆਂ ਨੂੰ ਨੇੜਿਉਂ ਦੇਖੇ ਤੱਥਾਂ ਤੇ ਘਟਨਾਵਾਂ ਦਾ ਗਿਆਨ ਮਿਲਿਆ।

'ਸਾਜਨ ਦੇਸਿ ਵਿਦੇਸਅੜੇ' ਪੁਸਤਕ ਉਸ ਲੜੀ ਵਿਚ ਅਗਲਾ ਕਦਮ ਹੈ। ਇਸ ਵਿਚ ਨੇੜਿਉਂ ਤੱਕੇ ਇਤਿਹਾਸ ਦੇ ਉਹ ਹੀ ਮਹੱਤਵਯੋਗ ਤੱਥ ਵੀ ਹਨ, ਘਟਨਾਵਾਂ ਦਾ ਬਿਆਨ ਵੀ ਤੇ ਦ੍ਰਿਸ਼ਟੀ ਵੀ, ਪਰ ਇਸ ਪੁਸਤਕ ਵਿਚ ਉਸ ਤੋਂ ਅਗੇਰੇ ਹੋਰ ਬਹੁਤ ਕੁਝ ਸ਼ਾਮਲ ਹੈ, ਖਾਸ ਕਰਕੇ ਵਿਦੇਸ਼ਾਂ ਤੱਕ ਫੈਲੇ ਸਿੱਖ ਸਮਾਜ ਬਾਰੇ ਅਨੁਭਵ, ਯਾਤਰਾ, ਉਥੋਂ ਦੇ ਜੀਵਨ ਵਿਚ ਸਿੱਖਾਂ ਦੀ ਵਿਕਸਤ ਹੁੰਦੀ ਪ੍ਰਤਿਭਾ, ਬਿੰਬ, ਸਿੱਖਾਂ ਦੀ ਦੇਣ, ਉਨਾਂ ਦਾ ਉਭਰਦਾ ਨਾਇਕਤਵ। ਡਾਈਸਪੋਰਾ ਤੇ ਗਲੋਬਲਾਈਜ਼ੇਸ਼ਨ ਦੇ ਦੌਰ ਵਿਚ ਉਥੋਂ ਦੇ ਸਭਿਆਚਾਰ, ਰਾਜਨੀਤੀ ਤੇ ਹੋਰ ਮਸਲਿਆਂ ਨਾਲ ਸੰਵਾਦ। ਉਹਨਾਂ ਦੀ ਹੋਂਦ ਨਾਲ ਜੁੜੇ ਹੋਰ ਪਹਿਲੂ। ਲੇਖਕ ਦੀ ਉਸ ਸਭ ਕੁਝ ਬਾਰੇ ਆਪਣੀ ਦ੍ਰਿਸ਼ਟੀ, ਵਿਚਾਰਧਾਰਾ, ਜਿਸ ਵਿਚ ਉਹ ਸਿੱਖ ਹਿੱਤਾਂ, ਰਾਸ਼ਟਰੀ, ਅੰਤਰ-ਰਾਸ਼ਟਰੀ ਸਰੋਕਾਰਾਂ ਦਾ ਇਕੋ ਸਮੇਂ ਖਿਆਲ ਰੱਖਦਾ ਹੈ।

ਲੇਖਕ ਇਸ ਗੱਲ ਬਾਰੇ ਚੇਤੰਨ ਹੈ ਕਿ ਪਿਛਲੇ ਵਰ੍ਹਿਆਂ ਵਿਚ ਪੰਜਾਬੀ ਜਾਂ ਸਿੱਖ ਸਮਾਜ ਕੇਵਲ ਪੰਜਾਬ ਜਾਂ ਭਾਰਤ ਤੱਕ ਸੀਮਤ ਨਹੀਂ ਰਿਹਾ, ਸਗੋਂ ਦੇਸ਼ਾਂ, ਵਿਦੇਸ਼ਾਂ ਦੇ ਆਖਰੀ ਕੋਨਿਆਂ ਤੱਕ ਫੈਲ ਗਿਆ ਹੈ। ਦੂਰ-ਦੂਰ ਤੱਕ ਪੂਰਬ, ਪੱਛਮ, ਉੱਤਰ, ਦੱਖਣ ਤੱਕ ਕੋਈ ਅਜਿਹਾ ਦੇਸ਼ ਨਹੀਂ ਜਿੱਥੇ ਪੰਜਾਬੀ ਜਾਂ ਸਿੱਖ ਨਾ ਪਹੁੰਚੇ ਹੋਣ। ਸਿੱਖ ਧਰਮ ਵਿਚ ਦੁਨੀਆਂ ਦੇ ਹੋਰ ਸਮਾਜ ਤੇ ਸੱਭਿਆਚਾਰ ਦਿਲਚਸਪੀ ਲੈ ਰਹੇ ਹਨ। ਗਿਆਨ ਪ੍ਰਾਪਤ ਕਰ ਰਹੇ ਹਨ। ਕੁਝ ਦੇਸ਼ਾਂ ਵਿਚ ਤਾਂ ਉਥੋਂ ਦੇ ਸਮਾਜ, ਰਾਜਨੀਤੀ, ਸਭਿਆਚਾਰ, ਆਰਥਕਤਾ, ਵਿੱਦਿਅਕ ਅਦਾਰਿਆਂ ਤੇ ਹੋਰ ਖੇਤਰਾਂ ਵਿਚ ਸਿੱਖਾਂ ਦਾ ਬੋਲ ਬਾਲਾ ਹੈ। ਸਿੱਖ ਐਮ.ਐਲ.ਏ, ਐਮ.ਪੀ., ਵਜ਼ੀਰ ਤੇ ਹੋਰ ਵੱਡੀਆਂ ਕੌਂਸਲਾਂ ਦੇ ਮੈਂਬਰ ਹਨ। ਇਉਂ ਪੰਜਾਬ ਥਾਂ-ਥਾਂ ਜਾ ਵਸਿਆ ਹੈ। ਉਨ੍ਹਾਂ ਦੀ ਇਸ ਦੇਣ ਨੂੰ ਸਵੀਕਾਰ ਕਰਨਾ, ਸਮਝਣਾ, ਉਥੇ ਜਾ ਕੇ ਉਸ ਸਭ ਕੁਝ ਦਾ ਅਨੁਭਵ ਪ੍ਰਾਪਤ ਕਰਨਾ ਉਹਨਾਂ ਦੀਆਂ ਸਮਸਿਆਵਾਂ ਨੂੰ ਘੋਖਣਾ ਇਹ ਸਭ ਕੁਝ ਸ੍ਰ: ਤਰਲੋਚਨ ਨੂੰ ਲਗਾਤਾਰ (ਪ੍ਰਾਪਤ) ਹੋਇਆ ਹੈ। ਉਨਾਂ ਨੇ ਇਸ ਸਭ ਕੁਝ ਨਾਲ ਲਗਾਤਾਰ ਤਾਲਮੇਲ ਕਾਇਮ ਕੀਤਾ ਹੈ। ਇਸ ਪੁਸਤਕ ਵਿਚ ਅਮਰੀਕਾ, ਮੈਕਸੀਕੋ, ਥਾਈਲੈਂਡ,

ਇਟਲੀ, ਕੈਨੇਡਾ, ਇੰਗਲੈਂਡ, ਮਲੇਸ਼ੀਆ, ਸਿੰਘਾਪੁਰ ਅਤੇ ਹੋਰ ਦੇਸ਼ਾਂ ਦੇ ਸਿੱਖਾਂ ਅਤੇ ਹੋਰ ਸਰੋਕਾਰਾਂ ਬਾਰੇ ਇਸੇ ਅਨੁਭਵ 'ਚੋਂ ਦਿਲਚਸਪ ਗੱਲਾਂ ਸਾਹਮਣੇ ਆਈਆਂ ਹਨ। ਲੇਖਕ ਕੇਵਲ ਸਿੱਖ ਸ਼ਖ਼ਸੀਅਤਾਂ ਜਾਂ ਸਿੱਖ ਸਮਾਜ ਬਾਰੇ ਹੀ ਗੱਲ ਨਹੀਂ ਕਰਦਾ ਸਗੋਂ ਅੰਤਰ-ਰਾਸ਼ਟਰੀ ਪਰਿਪੇਖ ਵਿਚ ਸਿੱਖ ਸਰੋਕਾਰਾਂ ਬਾਰੇ ਸੋਚਦਾ ਹੈ। ਇਸੇ ਲਈ ਉਹ ਮਲਿਕਾ ਅਲਿਜ਼ਬੈਥ ਦੀ ਦਰਬਾਰ ਸਾਹਿਬ ਦੀ ਯਾਤਰਾ ਨੂੰ ਵੀ ਓਨੇ ਹੀ ਮਹੱਤਵ ਨਾਲ ਬਿਆਨਦਾ ਹੈ। ਨਿਊ ਮੈਕਸੀਕੋ ਵਿਚ ਹੋਈ ਵਿਸ਼ਵ ਅਮਨ-ਪ੍ਰੇਡ ਦੀ ਅਮਨ-ਪ੍ਰਤਿਬੱਧਤਾ ਨੂੰ ਰੇਖਾਂਕਿਤ ਕਰਦਾ ਹੈ। ਇਰਾਕ ਦੀ ਜੰਗ ਅਤੇ ਭਾਰਤ ਦੇ ਸਰੋਕਾਰਾਂ ਨੂੰ ਵਿਚਾਰਦਾ ਹੈ, ਵਿਸ਼ਵ ਧਾਰਮਿਕ ਪਾਰਲੀਮੈਂਟ ਨੂੰ ਵਿਚਾਰਦਾ ਹੈ। ਅਮਰੀਕਾ ਅਤੇ ਹੋਰ ਦੇਸ਼ਾਂ ਵਿਚ ਸਿੱਖੀ ਦੇ ਵਿਕਾਸ ਦੇ ਨਾਲ ਨਾਲ, ਵਿਦੇਸ਼ਾਂ ਨਾਲ ਜੁੜੇ ਹੋਰ ਅਨੁਭਵਾਂ ਨੂੰ ਉਹ ਬਿਆਨਣ ਵਿਚ ਦਿਲਚਸਪੀ ਵੀ ਇਸੇ ਲਈ ਲੈਂਦਾ ਹੈ, ਕਿਉਂਕਿ ਉਹ ਚੇਤੰਨ ਹੈ ਕਿ ਸਿੱਖਾਂ ਦੀ ਭੂਮਿਕਾ ਕੇਵਲ ਪੰਜਾਬ ਜਾਂ ਸਿੱਖ ਧਰਮ ਦੇ ਸਰੋਕਾਰਾਂ ਤੱਕ ਨਹੀਂ ਰਹਿ ਗਈ, ਸਗੋਂ ਇਹ ਭੂਮਿਕਾ ਹੁਣ ਅੰਤਰ-ਰਾਸ਼ਟਰੀ ਹੋ ਗਈ ਹੈ ਤੇ ਇਸ ਬਾਰੇ ਦੇਸ਼ਾਂ ਵਿਦੇਸ਼ਾਂ ਦੇ ਸਿੱਖ ਸਮਾਜ ਨੂੰ ਚੇਤੰਨ ਕਰਨਾ ਜ਼ਰੂਰੀ ਹੈ।

ਇਸ ਦੇ ਨਾਲ ਹੀ 'ਨੇੜਿਉਂ ਤੱਕਿਆ ਇਤਿਹਾਸ' ਪੁਸਤਕ ਵਾਂਗ ਇਸ ਪੁਸਤਕ ਵਿਚ ਵੀ ਸਿੱਖ ਇਤਿਹਾਸ ਤੇ ਸਿੱਖ ਮਸਲੇ ਵਿਸਤ੍ਰਿਤ ਰੂਪ ਵਿਚ ਸਾਹਮਣੇ ਆਉਂਦੇ ਹਨ। ਸਿੱਖ ਕੌਮ ਦਾ 300 ਸਾਲ ਦਾ ਸਫ਼ਰ, ਸਾਕਾ ਨੀਲਾ ਤਾਰਾ ਦੀਆਂ ਦੁੱਖ ਭਰੀਆਂ ਯਾਦਾਂ, ਸ਼ਤਾਬਦੀਆਂ ਨਾਲ ਜੁੜੇ ਉਸਦੇ ਅਨੁਭਵ, ਦ੍ਰਿਸ਼ਟੀ, ਘਟਨਾਵਾਂ ਜਿਨਾਂ ਦੀ ਇਤਿਹਾਸਕ ਵਿਸ਼ੇਸ਼ਤਾ ਹੈ, ਉਹ ਉਘੜਦੀਆਂ ਹਨ। ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਸ੍ਰ: ਬਲਦੇਵ ਸਿੰਘ, ਜਰਨੈਲ ਜਗਜੀਤ ਸਿੰਘ ਅਰੋੜਾ, ਸ੍ਰ: ਪ੍ਰਤਾਪ ਸਿੰਘ ਕੈਰੋਂ, ਬੀਬੀ ਇੰਦਰਜੀਤ ਕੌਰ, ਪ੍ਰੋ: ਗੁਰਸੇਵਕ ਸਿੰਘ, ਸ੍ਰ: ਬੂਟਾ ਸਿੰਘ ਤੇ ਕਈ ਹੋਰ ਸ਼ਖ਼ਸੀਅਤਾਂ ਬਾਰੇ ਲੇਖਕ ਦੀ ਸਪਸ਼ਟ ਤੇ ਨਿਰਪੱਖ ਦ੍ਰਿਸ਼ਟੀ ਉਘੜਦੀ ਹੈ।

ਇਉਂ ਇਹ ਪੁਸਤਕ ਪਹਿਲਾਂ ਨਾਲੋਂ ਵੀ ਵੱਧ ਦੇਸ਼ਾਂ, ਵਿਦੇਸ਼ਾਂ ਦੀ ਵਿਸ਼ਾਲ ਸਪੇਸ ਵਿਚ ਫੈਲਦੀ ਹੈ। ਕਿਤੇ ਨਿਬੰਧ ਦੀ ਸ਼ੈਲੀ ਉਘੜਦੀ ਹੈ, ਕਿਤੇ ਸਫ਼ਰਨਾਮੇ ਦੀ, ਕਿਤੇ ਰੇਖਾ-ਚਿੱਤਰ ਦੀ ਤੇ ਕਿਤੇ ਵਿਸ਼ਲੇਸ਼ਣ ਦੀ। ਇਸ ਲਈ ਇਹ ਪੁਸਤਕ ਵਾਰਤਕ-ਸਾਹਿਤ ਵਿਚ ਸ੍ਰ: ਤਰਲੋਚਨ ਸਿੰਘ ਦਾ ਅਗਲੇਰਾ ਕਦਮ ਹੈ। ਇਸ ਪੁਸਤਕ ਦੇ ਲੇਖਾਂ ਨੂੰ ਇਕੱਤਰ ਕਰਨ, ਤਰਤੀਬ ਦੇਣ ਤੇ ਸੰਪਾਦਿਤ ਕਰਨ ਦੀ ਜਿੰਮੇਵਾਰੀ ਡਾ: ਪ੍ਰੀਤਮ ਸਿੰਘ ਬੱਤਰਾ ਨੇ ਬੜੀ ਮਿਹਨਤ ਤੇ ਲਗਨ ਨਾਲ ਨਿਭਾਈ ਹੈ ਜਿਸ ਲਈ ਉਹ ਵਧਾਈ ਦੇ ਹਕਦਾਰ ਹਨ। ਮੈਨੂੰ ਉਮੀਦ ਹੈ ਕਿ ਪਾਠਕ ਇਸ ਪੁਸਤਕ ਨੂੰ ਪੜ੍ਹਦਿਆਂ ਆਪਣੀ ਚੇਤਨਾ ਦਾ ਹਿੱਸਾ ਬਣਾਉਣਗੇ।

ਸੁਤਿੰਦਰ ਸਿੰਘ ਨੂਰ
22-01-06

ਡੀ-132, ਮਾਨਸਰੋਵਰ ਗਾਰਡਨ
ਨਵੀਂ ਦਿੱਲੀ-110015

# ਮੈਂ ਰਾਜ ਸਭਾ ਦਾ ਮੈਂਬਰ ਕਿਵੇਂ ਬਣਿਆ ?

ਮੇਰੇ ਪਾਰਲੀਮੈਂਟ ਦੇ ਮੈਂਬਰ ਬਣਨ ਤੇ ਮੇਰੇ ਦੋਸਤਾਂ ਅਤੇ ਪ੍ਰਸ਼ੰਸਕਾਂ ਵੱਲੋਂ ਲਗਾਤਾਰ ਮੁਬਾਰਕਾਂ ਦੇ ਸੰਦੇਸ਼ ਮਿਲ ਰਹੇ ਹਨ। 28 ਜੂਨ ਨੂੰ ਕਰੜੇ ਮੁਕਾਬਲੇ ਪਿਛੋਂ ਮੈਨੂੰ 6 ਵੋਟਾਂ ਦੇ ਫਰਕ ਨਾਲ ਜੇਤੂ ਕਰਾਰ ਦਿੱਤਾ ਗਿਆ, ਉਸ ਵਕਤ ਤੋਂ 2 ਦਿਨ ਲਗਾਤਾਰ ਹਜ਼ਾਰਾਂ ਟੈਲੀਫੂਨ ਤੇ ਮੁਬਾਰਕਾਂ ਮੈਂ ਤੇ ਮੇਰੀ ਪਤਨੀ ਸਰਦਾਰਨੀ ਉੱਤਮਜੀਤ ਕੌਰ ਨੇ ਸੁਣੀਆਂ। ਦੁਨੀਆਂ ਦੇ ਹਰ ਹਿੱਸੇ ਵਿਚ ਵਸਦੇ ਜੋ ਮੈਨੂੰ ਜਾਣਦੇ ਹਨ, ਉਹ ਮੇਰੀ ਇਸ ਅਦੁੱਤੀ ਜਿੱਤ ਦੀ ਖੁਸ਼ੀ ਵਿਚ ਸ਼ਾਮਿਲ ਹੋਏ। ਇਲੈਕਸ਼ਨ ਪਿੱਛੋਂ ਮੈਨੂੰ ਲੰਡਨ ਤੇ ਅਮਰੀਕਾ ਜਾਣ ਦਾ ਅਵਸਰ ਮਿਲਿਆ, ਉੱਥੇ ਵੀ ਦੋਸਤਾਂ ਨੇ ਪਾਰਟੀਆਂ ਦੇਣ ਦਾ ਰਿਕਾਰਡ ਕਾਇਮ ਕਰ ਦਿੱਤਾ। ਦਿਨ ਵਿਚ ਘੱਟ ਤੋਂ ਘੱਟ ਚਾਰ ਪ੍ਰੋਗਰਾਮ ਤੇ ਫਿਰ ਘਰਾਂ ਵਿਚ ਦਾਅਵਤਾਂ।

ਮੈਨੂੰ ਸਭ ਪੁੱਛਦੇ ਹਨ, ਇਹ ਕਿਵੇਂ ਹੋਇਆ। ਵੱਡੇ-ਵੱਡੇ ਸਿਆਸਤਦਾਨ ਅਚੰਭੇ ਵਿਚ ਪਏ ਹਨ। ਪੱਤਰਕਾਰ ਸਾਥੀ ਜਿਹਨਾਂ ਨੂੰ ਹਰ ਗੱਲ ਦੀ ਅਗੇਤੀ ਸੂਹ ਮਿਲਦੀ ਹੈ ਉਹ ਵੀ ਇਸ ਵਾਰ ਖੁੰਝ ਗਏ। ਪਤਾ ਉਦੋਂ ਲੱਗਾ ਜਦੋਂ ਮੈਂ ਹਰਿਆਣੇ ਦੀ ਸੀਟ ਤੋਂ ਆਪਣੇ ਨਾਂ ਦਾ ਫਾਰਮ 17 ਜੂਨ, 2004 ਨੂੰ ਚੰਡੀਗੜ੍ਹ ਜਾ ਕੇ ਭਰਿਆ।

ਛੇ ਸਾਲ ਪਹਿਲਾਂ ਜਦ ਪੰਜਾਬ ਤੋਂ 7 ਮੈਂਬਰ ਰਾਜ ਸਭਾ ਲਈ ਚੁਣੇ ਜਾਣੇ ਸਨ, ਤਾਂ ਮੈਂ ਵੀ ਆਪਣਾ ਨਾਂ ਸ੍ਰ: ਪ੍ਰਕਾਸ਼ ਸਿੰਘ ਬਾਦਲ ਅੱਗੇ ਰੱਖਿਆ। ਸ਼ਿਫਾਰਿਸ਼ ਕੋਈ ਪਵਾਈ ਨਾ, ਇਹ ਸਮਝਿਆ ਕਿ ਉਹ ਆਪ ਸਭ ਕੁਝ ਜਾਣਦੇ ਹਨ, ਉਦੋਂ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਵੀ ਸਰਬ-ਸਮਰੱਥ ਸਨ। ਪਰ ਗੱਲ ਨਾ ਬਣੀ। ਕੁਝ ਚਿਰ ਪਿੱਛੋਂ ਪ੍ਰਧਾਨ ਮੰਤਰੀ ਸ਼੍ਰੀ ਅਟਲ ਬਿਹਾਰੀ ਵਾਜਪਾਈ ਜੀ ਨੇ ਮੈਨੂੰ ਕੌਮੀ ਘੱਟ ਗਿਣਤੀ ਕਮਿਸ਼ਨ ਦਾ ਜਨਵਰੀ 2000 ਵਿਚ ਉਪ-ਚੇਅਰਮੈਨ ਨਿਯੁਕਤ ਕੀਤਾ ਅਤੇ ਭਾਰਤ ਸਰਕਾਰ ਦੇ ਰਾਜ ਮੰਤਰੀ ਦਾ ਦਰਜਾ ਪ੍ਰਦਾਨ ਕੀਤਾ। ਇਹ ਪਹਿਲੀ ਵਾਰ ਸੀ ਜਦ ਇਸ ਪਦਵੀ ਤੇ ਕਿਸੇ ਨੂੰ ਇਹ ਮਾਣ, ਇਸ ਕਮਿਸ਼ਨ ਵਿਚ ਦਿੱਤਾ ਗਿਆ।

ਜਦੋਂ ਪੰਜਾਬ ਵਿਚ ਮੁੜ ਸੀਟਾਂ ਖਾਲੀ ਹੋਈਆਂ, ਮੈਂ ਸੋਚਿਆ ਕਿਉਂ ਨਾ ਆਪਣੇ ਤਜ਼ਰਬੇ ਨੂੰ ਮੁੱਖ ਰੱਖਕੇ ਰਾਜ ਸਭਾ ਦੀ ਮੈਂਬਰੀ ਲਈ ਉਪਰਾਲਾ ਕਰਾਂ। ਮੇਰੀ ਨੇੜਤਾ ਵਾਜਪਾਈ ਜੀ ਨਾਲ ਤਾਂ ਹੈ ਪਰ ਇਹ ਉਮੀਦ ਨਹੀਂ ਸੀ ਕਿ ਉਹ ਮੈਨੂੰ ਕਿਸੇ ਕੋਟੇ ਵਿਚ ਕੋਈ ਸੀਟ ਦਿਵਾ ਦੇਣਗੇ। ਮੈਂ ਸ੍ਰ: ਸੁਖਬੀਰ ਸਿੰਘ ਬਾਦਲ ਤੇ ਉਸਦੀ ਪਤਨੀ ਸਿਮਰਨ ਨਾਲ ਗੱਲ ਕੀਤੀ ਕਿ ਉਹ ਮੈਨੂੰ ਪੰਜਾਬ ਤੋਂ ਇਕ ਸੀਟ ਦਿਵਾਉਣ, ਉਹਨਾਂ ਹਾਂ ਕੀਤੀ। ਫਿਰ ਮੈਂ ਸ੍ਰ: ਬਾਦਲ ਨੂੰ ਆਪ ਮਿਲਿਆ ਤੇ ਕਿਹਾ ਕਿ ਲੋਕ ਸਭਾ ਜਿਤਕੇ ਵੀ ਹਾਲੀ ਤਿੰਨ ਸਾਲ ਵਿਰੋਧੀ ਧਿਰ ਵਜੋਂ ਪੰਜਾਬ ਵਿਚ ਉਹਨਾ ਰਹਿਣਾ ਹੈ ਤੇ ਦੂਜਾ ਸੈਂਟਰ ਵਿਚ ਸਰਕਾਰ ਵੀ ਕਾਂਗਰਸ ਦੀ ਆ ਗਈ ਹੈ। ਅਕਾਲੀ ਦਲ ਨੂੰ ਆਪਣੀ ਆਵਾਜ਼ ਪਾਰਲੀਮੈਂਟ ਵਿਚ ਉਠਾਉਣ ਦੀ ਲੋੜ ਵੱਧ ਗਈ ਹੈ। ਅਜ ਦੇਸ਼ ਦੀ ਸਥਿਤੀ ਐਸੀ ਹੈ ਕਿ ਹਰ ਸਟੇਟ ਸਰਕਾਰ ਨੂੰ ਤੇ ਰਿਜਨਲ ਪਾਰਟੀ ਨੂੰ ਆਪਣੇ ਹਿੱਤਾਂ ਦੀ ਰਾਖੀ ਲਈ ਆਪਣੇ ਚੰਗੇ ਬੁਲਾਰੇ ਪਾਰਲੀਮੈਂਟ ਵਿਚ ਭੇਜਣੇ

ਜ਼ਰੂਰੀ ਹਨ। ਅਕਾਲੀ ਦਲ ਇਸ ਗੱਲੋਂ ਹਮੇਸ਼ਾ ਖੁੰਝਿਆ ਹੀ ਰਿਹਾ ਹੈ। ਸਾਡੇ ਲੀਡਰਾਂ ਨੇ ਇਸ ਦੀ ਲੋੜ ਨੂੰ ਸਵੀਕਾਰ ਹੀ ਨਹੀਂ ਕੀਤਾ। ਸ੍ਰ: ਖੁਸ਼ਵੰਤ ਸਿੰਘ ਤੇ ਸ੍ਰੀ: ਕੁਲਦੀਪ ਨਈਅਰ ਵੀ ਕਿਸੇ ਵਕਤ ਅਕਾਲੀ ਦਲ ਵੱਲੋਂ ਮੈਂਬਰ ਬਨਣਾ ਚਾਹੁੰਦੇ ਸੀ। ਬਾਦਲ ਸਾਹਿਬ ਨੇ ਮੇਰੀ ਗੱਲ ਦਾ ਹੁੰਗਾਰਾ ਨਾ ਭਰਿਆ। ਸ੍ਰ: ਸੁਖਦੇਵ ਸਿੰਘ ਢੀਂਡਸਾ ਨੂੰ ਵੀ ਮਿਲਿਆ, ਪਰ ਮੈਨੂੰ ਪਤਾ ਸੀ ਕਿ ਫੈਸਲਾ ਤਾਂ ਸ੍ਰ: ਬਾਦਲ ਨੇ ਆਪ ਹੀ ਲੈਣਾ ਹੁੰਦਾ ਹੈ।

ਮੈਂ ਸ਼੍ਰੀ ਓਮ ਪ੍ਰਕਾਸ਼ ਚੌਟਾਲਾ, ਮੁੱਖ ਮੰਤਰੀ ਹਰਿਆਣਾ ਨੂੰ ਜਾ ਕੇ ਕਿਹਾ ਕਿ ਉਹ ਮੇਰੀ ਸਿਫਾਰਿਸ਼ ਸ੍ਰ: ਬਾਦਲ ਨੂੰ ਕਰਨ। ਉਹਨਾਂ ਕਿਹਾ ਜੇ ਸ੍ਰ: ਬਾਦਲ ਤੇਰੇ ਲਈ ਆਪ ਨਹੀਂ ਸੋਚ ਰਹੇ ਫਿਰ ਸਿਫਾਰਿਸ਼ ਕਰਕੇ ਮੂੰਹ ਦਾ ਸਵਾਦ ਨਹੀਂ ਵਿਗਾੜਨਾ ਚਾਹੀਦਾ। ਗੱਲਾਂ ਕਰਦਿਆਂ ਉਹਨਾਂ ਕਿਹਾ ਕਿ ਮੈਂ ਪਾਰਲੀਮੈਂਟ ਜਾਣ ਵਿਚ ਇਤਨਾਂ ਹੀ ਚਾਹਵਾਨ ਹਾਂ ਤਾਂ ਉਹ ਆਪਣੀ ਇਕ ਸੀਟ ਮੈਨੂੰ ਦੇ ਦੇਣਗੇ। ਮੇਰੇ ਲਈ ਇਹ ਅਚੰਭਾ ਸੀ ਤੇ ਖੁਸ਼ੀ ਦਾ ਵੀ ਸੁਨੇਹਾ ਸੀ। ਕਮਾਲ ਹੈ ਕਿ ਸ਼੍ਰੀ ਚੌਟਾਲਾ ਕਿਵੇਂ ਦੋਸਤੀ ਪਾਲ ਰਹੇ ਹਨ। ਮੇਰਾ ਸਬੰਧ ਹਮੇਸ਼ਾ ਅਕਾਲੀ ਦਲ ਨਾਲ ਰਿਹਾ ਹੈ ਅਤੇ ਮੈਂ ਸਿੱਖਾਂ ਦਾ ਇਕ ਚੰਗਾ ਬੁਲਾਰਾ ਗਿਣਿਆਂ ਜਾਂਦਾ ਸੀ। ਦੂਜਾ ਨਹਿਰ ਦੇ ਮਾਮਲੇ ਤੇ ਪੰਜਾਬ ਤੇ ਹਰਿਆਣੇ ਦਾ ਝਗੜਾ ਵਧ ਰਿਹਾ ਸੀ। ਮੈਂ ਇਹ ਸਾਰਾ ਕੁਝ ਚੌਟਾਲਾ ਜੀ ਨੂੰ ਦੱਸਿਆ ਪਰ ਕਮਾਲ ਹੈ ਉਸ ਸਖਸ਼ ਦਾ ਉਸਨੇ ਕਿਹਾ ਕਿ ਮੈਂ ਮੈਂਬਰ ਪਾਰਲੀਮੈਂਟ ਬਣ ਗਿਆ ਹਾਂ ਤੇ ਜਦ ਫਾਰਮ ਭਰਨ ਦੀ ਤਰੀਕ ਹੋਵੇ ਚੰਡੀਗੜ੍ਹ ਜਾ ਕੇ ਕਾਗਜ਼ ਭਰ ਦੇਣਾ। ਇਕ ਗੱਲ ਉਹਨਾਂ ਕਹੀ ਕਿ ਇਹ ਸਭ ਕੁਝ ਹਾਲੇ ਰਾਜ਼ ਹੀ ਰਹੇ ਤਾਂ ਕਿ ਕਿਸੇ ਨੂੰ ਵੀ ਪਹਿਲਾਂ ਪਤਾ ਨਾ ਲੱਗੇ। ਮੈਂ ਵਾਹਿਗੁਰੂ ਦਾ ਸ਼ੁਕਰ ਕਰਦਾ ਘਰ ਆ ਗਿਆ ਤੇ ਦੜ ਵੱਟ ਕੇ ਮਹੀਨਾ ਬੈਠਾ ਰਿਹਾ। ਕਿਸੇ ਨੂੰ ਵੀ ਸੂਹ ਨਾ ਦਿੱਤੀ। ਹਰਿਆਣੇ ਵਿਚ 90 ਐਮ.ਐਲ.ਏ. ਹਨ, ਉਹਨਾਂ ਵਿਚ ਚਾਰ ਐਮ.ਪੀ ਬਣ ਗਏ ਸਨ ਤੇ ਹੁਣ 86 ਮੈਂਬਰਾਂ ਦਾ ਹਾਊਸ ਹੈ। ਉਥੋਂ 2 ਮੈਂਬਰ ਚੁਨਣੇ ਸਨ। ਚੌਟਾਲਾ ਸਾਹਿਬ ਨਾਲ 57 ਐਮ.ਐਲ.ਏ ਸਨ। ਕਾਂਗਰਸ ਨਾਲ 21 ਅਤੇ ਚੌਧਰੀ ਬੰਸੀ ਲਾਲ ਨਾਲ ਦੋ ਅਤੇ 6 ਬੀ.ਜੇ.ਪੀ ਦੇ ਸਨ। ਬਿਨਾਂ ਮੁਕਾਬਲਾ ਹੀ ਚੌਟਾਲਾ ਪਾਰਟੀ ਦੇ ਦੋਵੇਂ ਮੈਂਬਰ ਬਣ ਜਾਣੇ ਸਨ ਪਰ ਕਾਂਗਰਸ ਨੇ 6 ਐਮ.ਐਲ.ਏ ਤੋੜਕੇ ਆਪਣੇ ਵਿਚ ਸ਼ਾਮਿਲ ਕਰ ਲਏ ਅਤੇ ਚੌਧਰੀ ਬੰਸੀ ਲਾਲ ਦੀ ਨੂੰਹ ਕਿਰਨ ਚੌਧਰੀ ਨੂੰ ਖੜਾ ਕਰ ਦਿੱਤਾ। ਇਸ ਨਾਲ ਉਹਨਾਂ ਦੇ 29 ਮੈਂਬਰ ਬਣ ਗਏ। ਇੱਧਰ ਚੌਟਾਲਾ ਜੀ ਨਾਲ 51 ਰਹਿ ਗਏ। ਇਹ ਜ਼ਰੂਰੀ ਹੋ ਗਿਆ ਕਿ ਬੀ.ਜੇ.ਪੀ ਦੇ ਛੇ ਵੋਟ ਜ਼ਰੂਰ ਉਹਨਾਂ ਦੇ ਨਾਲ ਵੋਟ ਕਰਨ। ਬੀ.ਜੇ.ਪੀ ਮੈਂਬਰ ਚੌਟਾਲਾ ਸਾਹਿਬ ਦੇ ਬੜੇ ਵਿਰੁਧ ਸਨ। ਮੈਂ ਮਨਾਲੀ ਜਾ ਕੇ ਸ੍ਰੀ ਵਾਜਪਈ ਜੀ ਨੂੰ ਮਿਲਿਆ ਅਤੇ ਸਾਰੀ ਸਥਿਤੀ ਦੱਸੀ। ਉਹਨਾਂ ਬੀ.ਜੇ.ਪੀ ਦੀਆਂ 6 ਵੋਟਾਂ ਮੈਨੂੰ ਦੇਣ ਦਾ ਇਕਰਾਰ ਕਰ ਦਿੱਤਾ ਅਤੇ ਨਾਲ ਕਿਹਾ ਕਿ ਮੈਂ ਆਜ਼ਾਦ ਉਮੀਦਵਾਰ ਰਹਾਂ। ਇਸ ਹਾਲਾਤ ਵਿਚ ਮੈਂ ਨਾਮਜ਼ਦਗੀ ਫਾਰਮ ਭਰ ਦਿੱਤਾ। ਬੀ.ਜੇ.ਪੀ ਦੇ ਮੈਂਬਰਾਂ ਬੜੀ ਨਾ-ਨੁਕਰ ਵੀ ਕੀਤੀ ਪਰ ਉਹਨਾਂ ਦੇ ਲੀਡਰਾਂ ਨੇ ਉਹਨਾਂ ਨੂੰ ਸਮਝਾ ਕੇ ਮੇਰੇ ਫਾਰਮ ਤੇ ਦਸਤਖ਼ਤ ਕਰਵਾ ਦਿੱਤੇ।

ਚੌਟਾਲਾ ਜੀ ਦਾ ਵੱਡਾ ਲੜਕਾ ਚੌਧਰੀ ਅਜੇ ਸਿੰਘ ਦੂਸਰਾ ਉਮੀਦਵਾਰ ਸੀ। ਮੇਰੀ ਇਕ ਵੋਟ ਘਟਦੀ ਸੀ। ਸਪੀਕਰ ਨੇ ਦਲ-ਬਦਲੂ ਕਾਨੂੰਨ ਤਹਿਤ 6 ਐਮ.ਐਲ.ਏਜ਼ ਨੂੰ ਬਰਖਾਸਤ ਕਰਨ ਦਾ ਹੁਕਮ 23 ਜੂਨ ਨੂੰ ਕਰ ਦਿੱਤਾ। ਉਹ ਇਸ ਹੁਕਮ ਨੂੰ ਰੁਕਵਾਉਣ ਲਈ ਸਿੱਧੇ ਸੁਪਰੀਮ ਕੋਰਟ ਚਲੇ ਗਏ। ਦੋ ਜੱਜਾਂ ਦੇ ਬੈਚ ਨੇ ਕਈ ਘੰਟੇ ਦੀ ਬਹਿਸ ਪਿੱਛੋਂ ਉਹਨਾਂ ਦੀ ਦਰਖਾਸਤ ਨਾ ਮੰਨੀ। ਅਸੀਂ ਬੜੇ ਖੁਸ਼। ਪੋਲਿੰਗ ਵਾਲੇ ਦਿਨ ਉਹ ਦੁਬਾਰਾ ਸੁਪਰੀਮ

ਕੋਰਟ ਵਿਚ ਸਭ ਤੋਂ ਵੱਡੇ ਵਕੀਲ ਸੋਲੀ ਸੋਰਾਬ ਜੀ ਰਾਹੀਂ ਜਾ ਪੇਸ਼ ਹੋਏ। ਚਾਰ ਘੰਟੇ ਦੀ ਬਹਿਸ ਪਿਛੋਂ ਜੱਜਾਂ ਨੇ ਛੇ ਦੇ ਛੇ ਮੈਂਬਰਾਂ ਨੂੰ ਵੋਟ ਪਾਉਣ ਦੇ ਹੱਕ ਤੋਂ ਵਾਂਝਿਆਂ ਕਰ ਦਿੱਤਾ। ਮੈਂ ਇਕ ਵੋਟ ਤੋਂ ਪਿਛੋਂ ਸੀ ਤੇ ਹੁਣ ਅੱਗੇ ਹੋ ਗਿਆ ਛੇ ਦੇ ਫਰਕ ਨਾਲ। ਵੋਟਾਂ ਵਿਧਾਨ ਸਭਾ ਵਿਚ ਸਵੇਰੇ 9 ਵਜੇ ਤੋਂ ਆਰੰਭ ਹੋਈਆਂ। ਸ੍ਰੀ ਚੌਟਾਲਾ ਨੇ ਦੋਸਤੀ ਨੂੰ ਨਵੇਂ ਰਿਕਾਰਡ ਨਾਲ ਨਿਭਾਇਆ। ਉਹ ਸਵੇਰੇ 9 ਵਜੇ ਤੋਂ ਪੋਲਿੰਗ ਬੂਥ ਤੇ ਆ ਬੈਠੇ ਤੇ ਸ਼ਾਮ 6 ਵਜੇ ਨਤੀਜੇ ਦਾ ਐਲਾਨ ਹੋਣ ਤਕ ਉਥੇ ਹੀ ਰਹੇ। ਕਾਂਗਰਸ ਦੇ ਇਕ ਐਮ.ਐਲ.ਏ ਨੇ ਜਾਣ ਬੁਝਕੇ ਆਪਣੀ ਵੋਟ ਖਰਾਬ ਕੀਤੀ। ਨਤੀਜਾ ਸਾਫ ਸੀ ਮੈਂ ਤੇ ਚੌਧਰੀ ਅਜੇ ਸਿੰਘ ਜਿੱਤ ਗਏ। ਕਾਂਗਰਸ ਹਾਰ ਗਈ। ਇਸ ਨਤੀਜੇ ਨੇ ਹਰਿਆਣਾ ਦੇ ਸਿਆਸੀ ਮਾਹੌਲ ਵਿਚ ਨਵਾਂ ਮੋੜ ਲਿਆਂਦਾ। ਜੋ ਲੋਕ ਕਹਿੰਦੇ ਸੀ ਕਿ ਚੌਟਾਲਾ ਦੀ ਸਰਕਾਰ ਡਿੱਗ ਰਹੀ ਹੈ ਉਸਦੇ ਮੈਂਬਰ ਦੌੜ ਰਹੇ ਹਨ, ਹੋਇਆ ਉਲਟ, ਕਾਂਗਰਸੀ ਟੁੱਟ ਗਏ। ਹਰ ਪਾਸੇ ਸ਼੍ਰੀ ਚੌਟਾਲਾ ਦੀ ਚੜ੍ਹਤ ਦੇ ਡੰਕੇ ਵੱਜ ਗਏ।

ਮੈਂ ਗੁਰੂ ਦੀ ਕ੍ਰਿਪਾ ਨਾਲ ਮੈਂਬਰ ਪਾਰਲੀਮੈਂਟ ਬਣ ਗਿਆ। ਅਰਦਾਸ ਵਿਚ ਇਕ ਵੋਟ ਮੰਗੀ ਸੀ, 7 ਮਿਲ ਗਈਆਂ। ਕਰਾਮਾਤ ਪ੍ਰਤੱਖ ਨਜ਼ਰ ਆਈ। ਗੁਰੂ ਹਰ ਵਕਤ ਬਹੁੜਦਾ ਹੈ। ਗੁਰੂ ਦੀ ਬਖਸ਼ਿਸ਼ ਸਦਕਾ, ਚੌਟਾਲਾ ਦੀ ਦੋਸਤੀ ਅਤੇ ਵਾਜਪਾਈ ਜੀ ਦੇ ਅਸ਼ੀਰਵਾਦ ਨਾਲ ਮੈਂ ਹੁਣ ਪਾਰਲੀਮੈਂਟ ਵਿਚ ਆ ਪੁੱਜਾ ਹਾਂ।

ਇਕ ਹੋਰ ਸਚਾਈ ਵੀ ਲਿਖ ਦੇਵਾਂ। ਮੇਰਾ ਕੋਈ ਖਰਚ ਨਹੀਂ ਹੋਇਆ ਕੇਵਲ ਚੰਡੀਗੜ੍ਹ ਜਾਣ ਦਾ ਖਰਚਾ ਹੀ ਹੋਇਆ। ਬੜੇ ਦੋਸਤਾਂ ਨੇ ਮਾਇਆ ਦੇਣੀ ਚਾਹੀ, ਮੈਂ ਕਿਹਾ ਖਰਚ ਹੈ ਹੀ ਨਹੀਂ। ਸ਼ਾਇਦ ਹੀ ਕੋਈ ਹੋਰ ਐਸਾ ਉਮੀਦਵਾਰ ਹੋਵੇ ਜੋ ਇਤਨੇ ਸਖਤ ਮੁਕਾਬਲੇ ਵਿਚ ਇਸ ਤਰਾਂ ਜਿੱਤ ਸਕਿਆ ਹੋਵੇ, ਉਹ ਵੀ ਬਿਨਾਂ ਖਰਚ ਦੇ। ਕਾਨੂੰਨ ਅਨੁਸਾਰ ਮੈਂ ਪਾਰਲੀਮੈਂਟ ਮੈਂਬਰ ਦੇ ਨਾਲ-ਨਾਲ ਚੇਅਰਮੈਨ, ਕੌਮੀ ਘੱਟ ਗਿਣਤੀ ਕਮਿਸ਼ਨ ਇਲੈਕਸ਼ਨ ਲੜ ਸਕਦਾ ਹੈ। ਚੇਅਰਮੈਨ, ਕੌਮੀ ਘੱਟ ਗਿਣਤੀ ਕਮਿਸ਼ਨ ਦੀ ਮਿਆਦ ਫਰਵਰੀ 2006 ਤੱਕ ਹੈ। ਲੋਕਾਂ ਨੂੰ ਬੜੀਆਂ ਉਮੀਦਾਂ ਹਨ, ਗੁਰੂ ਦੀ ਮਿਹਰ ਰਹੀ ਤਾਂ ਪਾਰਲੀਮੈਂਟ ਦੀ ਡਿਊਟੀ ਨਿਭਾਵਾਂਗਾ।

(24-08-04)

# ਸਿੱਖ ਕੌਮ ਦਾ 300 ਸਾਲ ਦਾ ਸਫ਼ਰ

ਕੁਝ ਸਾਲ ਪਹਿਲਾਂ ਸਾਰੇ ਵਿਸ਼ਵ ਵਿਚ ਖਾਲਸੇ ਦੀ ਤੀਜੀ ਸ਼ਤਾਬਦੀ ਬਾਰੇ ਚਰਚਾ ਪੂਰੇ ਜ਼ੋਰਾਂ ਤੇ ਸੀ ਅਤੇ ਇਸ ਵਿਸ਼ੇ ਤੇ ਜਾਣਕਾਰੀ ਲੈਣ ਲਈ ਆਮ ਜਨਤਾ ਉਤਸੁਕ ਹੈ। ਇਸ ਨੂੰ ਮੁੱਖ ਰੱਖਕੇ ਮੈਂ ਸੰਖੇਪ ਰੂਪ ਵਿਚ 300 ਸਾਲਾਂ ਦਾ ਇਤਿਹਾਸ ਬਿਆਨ ਕਰ ਰਿਹਾ ਹਾਂ- ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ 1469 ਵਿਚ ਹੋਇਆ। ਉਹਨਾਂ ਨੇ ਹੀ "ਨਾ ਹਮ ਹਿੰਦੂ ਨਾ ਹਮ ਮੁਸਲਮਾਨ" ਦਾ ਫੁਰਮਾਨ ਕਰਕੇ ਇਕ ਨਵੇਂ ਰਾਹ ਦਾ ਸੰਦੇਸ਼ ਦਿੱਤਾ। ਇਕ ਪ੍ਰਮਾਤਮਾ, ਇਕੋ ਨੂਰ ਤੇ ਇਕੋ ਭਾਈਚਾਰੇ ਦਾ ਪ੍ਰਚਾਰ ਕੀਤਾ। ਬਿਨਾਂ ਕਿਸੇ ਰਾਜਸੀ ਸ਼ਕਤੀ ਦੇ ਰਾਜ ਭਾਗ ਦੀ ਮਦਦ ਤੋਂ ਆਪਣੇ ਜੀਵਨ ਕਾਲ ਵਿਚ ਲੱਖਾਂ ਲੋਕਾਂ ਨੂੰ ਨਾਲ ਜੋੜ ਲਿਆ। ਦੁਨੀਆਂ ਦੇ ਇਤਿਹਾਸ ਵਿਚ ਕਿਸੇ ਧਾਰਮਿਕ ਪੈਗੰਬਰ ਨੇ ਇਤਨਾ ਸਫਰ ਨਹੀਂ ਕੀਤਾ ਜੋ ਗੁਰੂ ਨਾਨਕ ਦੇਵ ਜੀ ਨੇ ਕੀਤਾ ਹੈ। ਹਜ਼ਰਤ ਯਸੂ ਮਸੀਹ ਕੇਵਲ ਥੋੜ੍ਹੇ ਜਿਹੇ ਇਲਾਕੇ ਵਿਚ ਹੀ ਰਹੇ, ਹਜ਼ਰਤ ਮੁਹੰਮਦ ਸਾਹਿਬ ਮੱਕੇ ਤੋਂ ਮਦੀਨੇ ਤੱਕ ਹੀ ਗਏ, ਮਹਾਤਮਾ ਬੁੱਧ ਨੇਪਾਲ ਦੀ ਸਰਹੱਦ ਲੰਬੁਬੀ ਵਿਚ ਜਨਮ ਲੈ ਕੇ ਗਯਾ (ਬਿਹਾਰ) ਤਕ ਆਏ। ਕ੍ਰਿਸ਼ਨ ਮਹਾਰਾਜ ਮਥਰਾ ਤੋਂ ਦਵਾਰਕਾ ਤੱਕ ਗਏ। ਭਗਵਾਨ ਰਾਮ ਜੀ ਅਯੁਧਿਆ ਵਿਚੋਂ ਉਠਕੇ ਲੰਕਾ ਤਕ ਗਏ। ਪਰ ਸਤਿਗੁਰੂ ਨਾਨਕ ਦੇਵ ਜੀ, ਸਾਰਾ ਭਾਰਤ, ਹਰ ਤੀਰਥ ਅਸਥਾਨ, ਲੰਕਾ, ਬੰਗਲਾ ਦੇਸ਼, ਸਿੱਕਮ, ਨੇਪਾਲ, ਤਿੱਬਤ,ਚੀਨ, ਇਰਾਕ ਤੇ ਮੱਕਾ ਮਦੀਨਾ ਤਕ ਆਪਣਾ ਸੰਦੇਸ਼ ਦੇਣ ਪੁੱਜੇ। ਸਫਰ ਕਰਨ ਦਾ ਕੋਈ ਵਸੀਲਾ ਉਦੋਂ ਨਹੀਂ ਸੀ। ਅੱਜ ਦੇ ਸਿੱਖ ਵਿਦਵਾਨ ਕੇਵਲ ਇਸੇ ਗੱਲ ਦਾ ਪ੍ਰਚਾਰ ਕਰਨ ਤਾਂ ਸਾਰੇ ਵਿਸ਼ਵ ਵਿਚ ਇਸ ਹੈਰਾਨਕੁੰਨ ਇਤਿਹਾਸਕ ਸਚਾਈ ਦਾ ਅਸਰ ਪਵੇਗਾ।

ਗੁਰੂ ਨਾਨਕ ਜੀ ਤੋਂ ਲੈ ਕੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਤਕ ਇਸ ਸਿੱਖ ਧਰਮ ਦੀ ਪਕੜ ਵਧਦੀ ਗਈ ਤੇ ਇਸਦਾ ਫੈਲਾਓ ਸਾਰੇ ਭਾਰਤ, ਅਫਗਾਨਿਸਤਾਨ, ਨੇਪਾਲ ਤੇ ਤਿੱਬਤ ਵਿਚ ਹੋ ਗਿਆ।

ਜਦ ਵਿਸਾਖੀ 1699 ਨੂੰ ਆਨੰਦਪੁਰ ਸਾਹਿਬ ਵਿਖੇ ਖਾਲਸੇ ਦੀ ਸਿਰਜਣਾ ਕਰਨ ਲਈ ਇਕੱਠ ਸੱਦਿਆ ਗਿਆ ਤਾਂ ਉਸ ਵਿਚ ਸਾਰੇ ਭਾਰਤ ਤੋਂ ਸ਼ਰਧਾਲੂ ਆਏ। ਸਾਡੀ ਸਭ ਤੋਂ ਵੱਡੀ ਘਾਟ ਇਹ ਹੈ ਕਿ ਸਿੱਖਾਂ ਦਾ ਇਤਿਹਾਸ ਨਾਲੋ-ਨਾਲ ਲਿਖਣ ਵਾਲੇ ਨਹੀਂ ਸਨ। ਜੋ ਵੀ ਲਿਖਤੀ ਸਮਗਰੀ ਇਕੱਠੀ ਕੀਤੀ ਗਈ ਉਹ ਕੇਵਲ ਮੁਸਲਮਾਨ ਲਿਖਾਰੀਆਂ ਤੋਂ ਲਈ ਗਈ। ਅੱਜ ਤੋਂ 300 ਸਾਲ ਪਹਿਲਾਂ ਦਸਵੇਂ ਗੁਰੂ ਜੀ ਨੇ ਕਿਵੇਂ ਇਸ ਇਕੱਠ ਵਿਚ ਸ਼ਾਮਲ ਹੋਣ ਲਈ ਪੱਤਰ ਭੇਜੇ ਤੇ ਫੇਰ ਕਿਤਨੇ ਮਹੀਨੇ ਪਹਿਲਾਂ ਲੋਕ ਘਰੋਂ ਚਲੇ ਤੇ ਆਨੰਦਪੁਰ ਸਾਹਿਬ ਪੁੱਜੇ, ਇਸਦਾ ਕੋਈ ਲਿਖਤੀ ਵਿਸਥਾਰ ਕਿਸੇ ਨੇ ਨਹੀਂ ਲੱਭਿਆ। ਕਦੇ ਸੋਚੋ ਜੋ ਪੰਜ ਪਿਆਰੇ (ਪਹਿਲੇ ਪੰਜ ਸਿੰਘ ਚੁਣੇ ਗਏ) ਸਨ ਉਹ ਇਕ ਜਗਨਨਾਥ ਪੁਰੀ (1500 ਮੀਲ ਦੂਰ ਉੜੀਸਾ ਵਿਚ), ਦੂਜਾ ਬਿਦਰ (1250 ਮੀਲ ਕਰਨਾਟਕਾ ਵਿਚ), ਤੀਜਾ ਦਵਾਰਕਾ (980 ਮੀਲ ਗੁਜਰਾਤ ਵਿਚ), ਚੌਥਾ ਹਸਤਨਾਪੁਰ (300 ਮੀਲ ਉੱਤਰ ਪ੍ਰਦੇਸ਼ ਵਿਚ) ਤੇ ਪੰਜਵਾਂ ਲਾਹੌਰ (150 ਮੀਲ ਪੰਜਾਬ ਵਿਚ) ਤੋਂ ਆਏ। ਪਹਿਲੀ ਗੱਲ ਉਹ ਇਕੱਲੇ ਨਹੀਂ

ਆਏ ਹੋਣੇ, ਉਹ ਇਕ ਕਾਫਲੇ ਨਾਲ ਆਏ ਹੋਣਗੇ। ਉਦੋਂ ਪੈਦਲ ਘੋੜਾ ਜਾਂ ਊਠ ਹੀ ਸਵਾਰੀ ਹੁੰਦੀ ਸੀ। ਇਹ ਸਾਬਤ ਕਰਦਾ ਹੈ ਕਿ ਸਿੱਖ ਧਰਮ ਸਾਰੇ ਭਾਰਤ ਵਿੱਚ ਉਸ ਵਕਤ ਤੱਕ ਪ੍ਰਵੇਸ਼ ਕਰ ਚੁੱਕਾ ਸੀ ਤੇ ਆਨੰਦਪੁਰ ਸਾਹਿਬ ਨਾਲ ਸਬੰਧ ਪੱਕਾ ਜੁੜਿਆ ਹੋਇਆ ਸੀ। ਆਣ ਜਾਣ ਲੱਗਾ ਰਹਿੰਦਾ ਸੀ। ਜੰਗਲ ਤੇ ਦਰਿਆ ਪਾਰ ਕਰਕੇ (ਬਿਨਾਂ ਪੁਲ ਤੋਂ) ਸਿੱਖ ਗੁਰੂ ਤਕ ਪੁੱਜਦੇ ਸਨ। ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਲਈ ਸੰਗਤ ਦੂਰ ਦੂਰ ਤੋਂ ਆਉਂਦੀ ਰਹਿੰਦੀ ਸੀ। ਅੱਜ ਕਲ ਵੀ ਤੁਸੀਂ ਕਈ ਤਿੱਬਤੀ ਦਰਬਾਰ ਸਾਹਿਬ ਵਿਚ ਵੇਖਦੇ ਹੋ। ਤਿੱਬਤ ਦੇ ਬੋਧੀ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਗੁਰੂ (ਲਾਮਾ) ਮੰਨਦੇ ਹਨ। ਇਸ ਬਾਰੇ ਹੁਣ ਖੋਜ ਹੋ ਰਹੀ ਹੈ ਤੇ ਕਿਤਾਬਾਂ ਛਪ ਰਹੀਆਂ ਹਨ। ਸਰਦਾਰ ਕੇ. ਐਮ. ਪੈਨੀਕਾਰ ਜਦ ਭਾਰਤ ਦੇ ਪਹਿਲੇ ਰਾਜਦੂਤ ਬਣਕੇ ਚੀਨ (1948 ਵਿਚ) ਗਏ ਤਾਂ ਰਸਤੇ ਵਿਚ ਤਿੱਬਤ ਦੇ ਇਕ ਬਹੁਤ ਉੱਚੇ ਬੁੱਧ ਮੰਦਰ ਵਿਚ ਉਹਨਾਂ ਗੁਰੂ ਨਾਨਕ ਦੇਵ ਜੀ ਦੀ ਵੱਡੇ ਚਿੱਤਰ ਦੀ ਪੂਜਾ ਹੁੰਦੀ ਵੇਖੀ ਸੀ। ਮੇਜਰ ਐਚ. ਐਸ. ਆਹਲੂਵਾਲੀਆ (ਮਾਊਂਟ ਐਵਰੈਸਟ ਜੇਤੂ) ਨੇ ਆਪ ਪਹਾੜਾਂ ਦੀ ਯਾਤਰਾ ਵਿਚ ਗੁਰੂ ਨਾਨਕ ਦੇਵ ਜੀ ਦੀ ਮੂਰਤੀ ਕਈ ਮੰਦਰਾਂ ਵਿਚ ਵੇਖੀ ਹੈ।

ਮਰਦਮ ਸ਼ੁਮਾਰੀ ਦਾ ਕੰਮ ਤਾਂ ਅੰਗਰੇਜ਼ ਨੇ ਭਾਰਤ ਵਿਚ ਆਰੰਭ ਕੀਤਾ। ਪਹਿਲਾਂ ਤਾਂ ਕੇਵਲ ਅੰਦਾਜ਼ਾ ਹੀ ਹੁੰਦਾ ਸੀ। ਕਿਧਰੇ ਵੀ ਭਾਰਤ ਦੀ ਆਪਣੀ ਜਾਂ ਵੱਖੋ-ਵੱਖ ਧਰਮਾਂ ਦੀ ਗਿਣਤੀ ਨਹੀਂ ਲਿਖੀ ਗਈ। ਇਸ ਲਈ ਇਹ ਕਹਿਣਾ ਔਖਾ ਹੈ ਕਿ ਦਸ ਗੁਰੂ ਸਾਹਿਬਾਨ ਦੇ ਜੀਵਨ ਕਾਲ ਸਮੇਂ ਉਹਨਾਂ ਦੇ ਸੇਵਕਾਂ ਦੀ ਗਿਣਤੀ ਕਿਤਨੀ ਕੁ ਸੀ।

ਵਿਸਾਖੀ 1699 ਨੂੰ ਜਦ ਖਾਲਸੇ ਦੀ ਸਾਜਣਾ ਹੋਈ ਤਾਂ ਸਿੱਖ ਨੂੰ ਸਿੰਘ ਬਣਾਇਆ ਗਿਆ-ਨਵਾਂ ਸਰੂਪ ਆਇਆ, ਸਿਰ ਤੇ ਦਸਤਾਰ ਤੇ ਮੂੰਹ ਤੇ ਪੂਰੀ ਦਾਹੜੀ ਤੇ ਮੁੱਛ ਵਾਲੇ ਸਰਦਾਰ ਕਹਿਲਾਣ ਲੱਗੇ। ਇਸ ਬਾਣੇ ਦਾ ਹਰ ਪਾਸੇ ਪ੍ਰਚਾਰ ਹੋਣ ਲੱਗਾ। ਜੋਤ ਤੋਂ ਜੋਤ ਜਗਣ ਲੱਗੀ, ਗੁਰੂ ਜੀ ਨੇ ਪੁਜਾਰੀਆਂ ਦੀ ਰੀਤ ਤੋੜ ਕੇ ਆਮ ਸਿੱਖਾਂ ਨੂੰ ਪੰਜ ਪਿਆਰੇ ਚੁਣਨ ਦਾ ਹੱਕ ਦਿੱਤਾ ਤੇ ਉਹਨਾਂ ਤੋਂ ਅੰਮ੍ਰਿਤ ਛਕਣ ਦੀ ਆਗਿਆ ਦਿੱਤੀ। ਇਤਿਹਾਸ ਫਿਰ ਇਸ ਗੱਲ ਤੋਂ ਕੋਰਾ ਹੈ ਕਿ 1699 ਪਿੱਛੋਂ ਸਾਰੇ ਭਾਰਤ ਤੇ ਅਫਗਾਨਿਸਤਾਨ ਵਿਚ ਕਿਤਨੀ ਗਿਣਤੀ ਵਿਚ ਸਿੰਘ ਸਜੇ। ਵੈਸੇ ਵੀ ਮੁਗਲ ਸਾਮਰਾਜ ਨਾਲ ਯੁੱਧ ਵੀ ਓਦੋਂ ਹੀ ਛਿੜ ਚੁੱਕਾ ਸੀ। ਇਹ ਸਾਰਾ ਸਮਾਂ ਲੜਾਈ ਵਿਚ ਬੀਤ ਗਿਆ। ਪਹਾੜੀ ਰਾਜੇ ਵੀ ਦੁਸ਼ਮਣ ਰਹੇ ਤੇ ਮੁਗਲ ਸਰਕਾਰ ਦਾ ਸਾਥ ਦਿੰਦੇ ਗਏ।

6 ਦਸੰਬਰ, 1704 ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਤੋਂ ਅਖੀਰਲੀ ਵਿਦਾਇਗੀ ਲਈ ਤੇ ਲੜਦੇ-ਲੜਦੇ ਰੋਪੜ ਹੁੰਦੇ ਹੋਏ ਚਮਕੌਰ ਪੁੱਜੇ। 24 ਦਸੰਬਰ ਨੂੰ ਚਮਕੌਰ ਦੀ ਜੰਗ ਵਿਚ ਦੋਵੇਂ ਵੱਡੇ ਸਾਹਿਬਜ਼ਾਦੇ ਸ਼ਹੀਦ ਹੋਏ। 27 ਦਸੰਬਰ ਨੂੰ ਸਰਹੰਦ ਵਿਚ ਦੋਵੇਂ ਛੋਟੇ ਸਾਹਿਬਜ਼ਾਦੇ ਨੀਹਾਂ ਵਿਚ ਚਿਣੇ ਗਏ। ਕਮਾਲ ਹੈ ਕਿ ਗੁਰੂ ਸਾਹਿਬ ਕੇਵਲ 2 ਸਿੰਘਾਂ ਨਾਲ ਹੀ ਚਮਕੌਰ ਦੀ ਗੜ੍ਹੀ ਤੋਂ ਨਿਕਲ ਸਕੇ।

1708 ਵਿਚ ਨੰਦੇੜ (ਹਜ਼ੂਰ ਸਾਹਿਬ, ਮਹਾਰਾਸ਼ਟਰ) ਵਿਚ ਗੁਰੂ ਜੀ ਜੋਤੀ ਜੋਤ ਸਮਾ ਗਏ। ਬੰਦਾ ਬਹਾਦਰ ਨੂੰ ਉਹ ਪੰਜਾਬ ਭੇਜ ਗਏ ਸਨ। ਉਸਨੇ ਆਉਂਦੇ ਹੀ ਮੁਗਲ ਰਾਜ ਦਾ ਖਾਤਮਾ ਕੀਤਾ ਤੇ ਪੰਜਾਬ ਵਿਚ ਸਿੱਖਾਂ ਦਾ ਪਹਿਲਾ ਬਾਦਸ਼ਾਹ ਬਣ ਗਿਆ। ਨਾਹਨ ਪਹਾੜੀ ਦੇ ਹੇਠਾਂ ਮੁਖਲਸਗੜ੍ਹ ਵਿਖੇ ਕਿਲਾ ਬਣਾਕੇ ਆਪਣੀ ਰਾਜਧਾਨੀ ਬਣਾਈ। ਪੰਜਾਬ ਵਿਚ ਸਿੱਖੀ ਦੀ ਲਹਿਰ ਜ਼ੋਰ ਤੇ ਪੁੱਜ ਗਈ। ਮੁਗਲਾਂ ਨੇ ਸਿੱਖਾਂ ਵਿਚ ਫੁੱਟ ਪਵਾ ਦਿੱਤੀ। ਪੁਜਾਰੀਆਂ ਕੋਲੋਂ ਉਸਨੂੰ ਤਨਖਾਹੀਆ ਬਣਵਾ ਕੇ, ਉਸਦਾ ਰਾਜ ਖਤਮ ਕਰਕੇ 1716 ਵਿਚ ਦਿੱਲੀ

ਵਿਚ ਬਾਬਾ ਬੰਦਾ ਸਿੰਘ ਬਹਾਦੁਰ ਨੂੰ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ।

1716 ਤੋਂ 1750 ਤੱਕ ਸਿੱਖਾਂ ਤੇ ਬੜਾ ਜ਼ੁਲਮ ਹੋਇਆ। ਕਹਿੰਦੇ ਹਨ ਕਿ ਸਿੱਖਾਂ ਦਾ ਬੀਜ ਨਾਸ਼ ਕਰਨ ਦਾ ਐਲਾਨ ਵੀ ਮੁਗਲਾਂ ਨੇ ਕੀਤਾ ਪਰ ਛੇਤੀ ਹੀ ਸਾਰੇ ਪੰਜਾਬ, ਪੱਛਮੀ ਉੱਤਰ ਪ੍ਰਦੇਸ਼ ਤੇ ਦਿੱਲੀ ਤੇ ਸਿੱਖ ਮਿਸਲਾਂ ਦਾ ਰਾਜ ਹੋ ਗਿਆ। 1783 ਵਿਚ ਦਿੱਲੀ ਵੀ ਕੁਝ ਚਿਰ ਸਿੱਖਾਂ ਦੇ ਕਬਜ਼ੇ ਵਿਚ ਰਿਹਾ। 1799 ਵਿਚ ਲਾਹੌਰ ਤੇ ਮਹਾਰਾਜਾ ਰਣਜੀਤ ਸਿੰਘ ਦਾ ਕਬਜ਼ਾ ਹੋ ਗਿਆ ਤੇ ਸਾਰੇ ਪੰਜਾਬ ਵਿਚ ਸਿੱਖ ਰਾਜ ਦੀ ਸਥਾਪਨਾ ਹੋਈ। 1849 ਤੱਕ ਇਹ ਰਾਜ ਕਾਇਮ ਰਿਹਾ। ਉਸ ਵਕਤ ਸਿੱਖ ਆਬਾਦੀ ਵਿਚ ਵੱਡਾ ਵਾਧਾ ਹੋਇਆ।

ਅੰਗਰੇਜ਼ ਦੇ ਰਾਜ ਵਿਚ ਆਬਾਦੀ ਘਟਣਾ ਲਾਜ਼ਮੀ ਸੀ। ਕੁਝ ਸਾਲਾਂ ਵਿਚ ਅੰਗਰੇਜ਼ ਨੇ ਬੜੀ ਸਿਆਣਪ ਨਾਲ ਸਿੱਖਾਂ ਨੂੰ ਖੁਸ਼ ਕਰ ਲਿਆ। ਨਵੀਆਂ ਨਹਿਰਾਂ ਪੁੱਟਣ ਲਈ ਲੋਕਾਂ ਨੂੰ ਕੰਮ ਤੇ ਵਧੀਆ ਖੇਤੀ ਦੇ ਸਾਧਨ ਦਿੱਤੇ। ਸਿੱਖਾਂ ਦੀ ਭਰਤੀ ਫੌਜ ਵਿਚ ਕਰ ਲਈ। 50 ਸਾਲ ਵਿਚ ਕੋਈ ਖਾਸ ਘਟਨਾ ਨਹੀਂ ਵਾਪਰੀ। ਆਮ ਹਾਲਾਤ ਸੁਖਾਵੇਂ ਰਹੇ। ਚੀਫ਼ ਖਾਲਸਾ ਦੀਵਾਨ ਦੀ 1900 ਵਿਚ ਤੇ ਫਿਰ ਖਾਲਸਾ ਕਾਲਜ, ਅੰਮ੍ਰਿਤਸਰ ਦੀ ਸਥਾਪਨਾ ਅਹਿਮ ਘਟਨਾਵਾਂ ਹਨ।

ਪਹਿਲੀ ਵਿਸ਼ਵ ਜੰਗ ਸਿੱਖਾਂ ਲਈ ਬੜੀ ਲਾਹੇਵੰਦ ਰਹੀ। ਅੰਗਰੇਜ਼ ਨੂੰ ਸਿੱਖਾਂ ਦੀ ਲੋੜ ਸੀ। ਧੜਾ ਧੜ ਸਿੱਖ ਭਰਤੀ ਹੋ ਕੇ ਯੂਰਪ ਦੇ ਮੈਦਾਨੇ ਜੰਗ ਵਿਚ ਪੁੱਜ ਗਏ। ਪੰਜ ਸਾਲ ਦੀ ਇਸ ਭਿਆਨਕ ਲੜਾਈ ਵਿਚ ਹਜ਼ਾਰਾਂ ਸਿੱਖ ਮਰੇ। ਅੱਜ ਫਰਾਂਸ, ਇਟਲੀ, ਬੈਲਜੀਅਮ ਆਦਿ ਦੇਸ਼ਾਂ ਵਿਚ ਕਈ ਕਬਰਸਤਾਨਾਂ ਵਿਚ ਸਿੱਖ ਫੌਜੀਆਂ ਦੀਆਂ ਸਮਾਧੀਆਂ ਬਣਾਈਆਂ ਹੋਈਆਂ ਹਨ। ਸਿੱਖਾਂ ਦੀ ਕਦਰ ਉਹਨਾਂ ਦੇ ਮਨ ਵਿਚ ਓਦੋਂ ਤੋਂ ਹੈ। ਪਿਛਲੇ ਸਾਲ ਈਪਰ ਸ਼ਹਿਰ (ਬੈਲਜੀਅਮ) ਵਿਖੇ ਸਾਰੇ ਯੂਰਪ ਦੇ ਸਿੱਖਾਂ ਨੇ ਇਹਨਾਂ ਸਮਾਧਾਂ ਤੇ ਜਾ ਕੇ ਵੱਡਾ ਸਮਾਗਮ ਕੀਤਾ। ਸ਼ਹਿਰ ਦੇ ਮੇਅਰ ਨੇ ਅਗਵਾਈ ਕੀਤੀ। ਪੈਰਿਸ ਵਿਚ ਵੀ ਸੰਗਤਾਂ ਨੇ ਵੱਡੀ ਗਿਣਤੀ ਵਿਚ ਉਥੇ ਜਾ ਕੇ ਫੁੱਲ ਰੱਖੇ, ਯੋਗੀ ਭਜਨ ਸਿੰਘ ਦੇ ਯੋਗਾਂ ਸੈਂਟਰਾਂ ਵਿਚ ਬਣੇ ਨਵੇਂ ਸਿੱਖਾਂ ਨੇ ਬੜੀ ਮਦਦ ਕੀਤੀ। ਉਹ ਆਪ ਵੀ ਬੜੇ ਪ੍ਰਭਾਵਿਤ ਹੋਏ ਤੇ ਫ਼ਖਰ ਮਹਿਸੂਸ ਕਰਨ ਲੱਗੇ।

ਗੁਰਦੁਆਰਿਆਂ ਦਾ ਆਜ਼ਾਦੀ ਲਈ ਜੰਗ, ਨਨਕਾਣਾ ਸਾਹਿਬ ਤੇ ਜੈਤੋ ਦੇ ਮੋਰਚੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਬਣਤਰ 1919 ਤੋਂ 1925 ਦਰਮਿਆਨ ਹੋਈ। ਸਿੱਖ ਸਮਾਜਕ, ਵਿਦਿਅਕ ਅਤੇ ਰਾਜਸੀ ਮਸਲਿਆਂ ਵਿਚ ਬੜੇ ਸਰਗਰਮ ਰਹੇ।

1947 ਵਿਚ ਭਾਰਤ ਆਜ਼ਾਦ ਹੋਇਆ ਪਰ ਸਿੱਖ ਕੁਝ ਹਾਸਲ ਨਾ ਕਰ ਸਕੇ। ਪੰਜਾਬ ਦੀ ਵੰਡ ਨੇ ਬੜਾ ਨੁਕਸਾਨ ਕੀਤਾ। ਸਿੱਖਾਂ ਦਾ ਭਾਰਤ ਤੋਂ ਬਾਹਰ ਪ੍ਰਵੇਸ਼ ਇਸ ਸਦੀ ਦੇ ਨਾਲ ਹੀ ਆਰੰਭ ਹੋ ਗਿਆ। ਸਭ ਤੋਂ ਪਹਿਲਾਂ ਅੰਗਰੇਜ਼ ਸਰਕਾਰ ਨੇ ਮਲਾਇਆ ਵਿਚ ਸਿੱਖਾਂ ਨੂੰ ਕੰਮ ਤੇ ਲਗਾਇਆ। ਰਬੜ ਦੇ ਬਾਗਾਂ ਵਿਚ ਕੰਮ ਦਿੱਤਾ। ਪੁਲਿਸ ਵਿਚ ਭਰਤੀ ਕੀਤਾ, ਚੌਕੀਦਾਰੀ ਦਾ ਕੰਮ ਦਿੱਤਾ। ਸਿੱਖ ਉੱਥੇ ਵਸਣ ਲੱਗ ਗਏ। ਨਾਲ ਦੇ ਟਾਪੂਆਂ ਵਿਚ ਵੀ ਪੁੱਜ ਗਏ। ਉਦੋਂ ਹੀ ਅੰਗਰੇਜ਼ ਨੇ ਫਿਜੀ ਦੇ ਟਾਪੂਆਂ ਵਿਚ ਜੋ ਆਸਟ੍ਰੇਲੀਆ ਦੇ ਨੇੜੇ ਹਨ, ਵਿਚ ਸਿੱਖਾਂ ਨੂੰ ਮਜ਼ਦੂਰੀ ਦੇ ਕੰਮ ਲਈ ਭਰਤੀ ਕੀਤਾ। ਅੰਗਰੇਜ਼ ਬੜਾ ਸਿਆਣਾ ਸੀ– ਇਕ ਤਾਂ ਪੰਜਾਬ ਵਿਚ ਬੇਰੁਜ਼ਗਾਰੀ ਨੂੰ ਰੋਕਣਾ ਜ਼ਰੂਰੀ ਸੀ, ਦੂਜਾ ਉਹਨਾਂ ਦੇਸ਼ਾਂ ਵਿਚ ਖੇਤੀ ਬਾੜੀ ਤੇ ਵਿਕਾਸ ਦੇ ਕੰਮਾਂ ਲਈ ਤਕੜੇ ਬੰਦੇ ਚਾਹੀਦੇ ਸਨ। ਪੂਰਬੀ ਅਫਰੀਕਾ ਵਿਚ ਖਾਸ

[illegible] ਕੀਨੀਆ ਤੇ ਯੁਗੰਡਾ ਵਿਚ ਵੀ ਅੰਗਰੇਜ਼ਾਂ ਨੇ ਰੇਲਵੇ ਲਾਈਨਾਂ ਬਨਾਉਣ ਲਈ ਤੇ [illegible] ਕਰਨ ਲਈ ਪੰਜਾਬ ਤੋਂ ਸਿੱਖਾਂ ਨੂੰ ਜਹਾਜ਼ ਭਰ-ਭਰ ਕੇ ਭੇਜਿਆ। ਇਸੇ [illegible] ਪਨਾਮਾ ਨਹਿਰ ਬਨਾਉਣ ਵਕਤ ਭਾਰਤ ਵਿਚੋਂ ਵੱਡੀ ਗਿਣਤੀ ਵਿਚ ਲੋਕ ਭੇਜੇ [illegible] ਵਿਚ ਸਿੱਖ ਸ਼ਾਮਲ ਸਨ।

[illegible] ਕਿ ਉੱਪਰ ਲਿਖਿਆ ਹੈ ਪਹਿਲੀ ਵੱਡੀ ਜੰਗ ਸਮੇਂ ਸਿੱਖਾਂ ਨੇ ਬਾਹਰਲੀ ਹਵਾ [illegible] ਦੀਤੀ। ਕੈਨੇਡਾ ਵਿਚ ਅੰਗਰੇਜ਼ ਰਾਜ ਸੀ। ਸਿੱਖ ਜਾਪਾਨ ਦੇ ਰਸਤੇ ਵੈਨਕੂਵਰ [illegible]। 100 ਸਾਲ ਪਹਿਲਾਂ ਸਿੱਖ ਵੈਨਕੂਵਰ ਦੇ ਜੰਗਲਾਂ ਵਿਚ ਲੱਕੜ ਕੱਟਣ ਲਈ [illegible], ਲੱਕੜ ਮਿੱਲਾਂ ਵਿਚ ਕੰਮ ਕਰਨ ਲੱਗ ਪਿਆ। ਉਹਨਾਂ ਮਿੱਲਾਂ ਦਾ ਹੀ ਅੱਜ ਸਿੱਖ ਆਪ [illegible] ਹੈ। ਵੈਨਕੂਵਰ ਤੋਂ ਹੀ ਨਾਲ ਲਗਦੇ ਅਮਰੀਕਾ ਦੀ ਕੈਲੇਫੋਰਨੀਆਂ ਸਟੇਟ ਵਿਚ ਸਿੱਖ [illegible] ਖਾੜੀ ਦੇ ਵੱਡੇ ਵੱਡੇ ਫਾਰਮਾਂ ਵਿਚ ਕੰਮ ਕਰਨ ਲੱਗ ਪਏ। ਇਹ ਪਹਿਲੀ ਆਬਾਦੀ [illegible] ਕਠਨਾਈ ਨਾਲ ਉਥੇ ਰਹੀ ਪਰ ਪੱਕੀਆਂ ਲੀਹਾਂ ਪਾ ਗਈ ਤੇ ਸਿੱਖ ਕੌਮ ਲਈ ਰਾਹ [illegible]। ਅੱਜ ਸਭ ਤੋਂ ਵੱਧ ਖੁਸ਼ਹਾਲ ਸਿੱਖ ਅਮਰੀਕਾ ਤੇ ਕੈਨੇਡਾ ਵਿਚ ਹੈ। ਹਰ ਮੁਸੀਬਤ [illegible] ਝੱਲੀ, ਖਾਸ ਕਰਕੇ ਨਸਲੀ ਵਿਤਕਰਾ।

ਪਹਿਲੀ ਜੰਗ ਪਿੱਛੋਂ ਜਿੱਤ ਦੀ ਖੁਸ਼ੀ ਵਿਚ ਫੌਜੀ ਲੰਡਨ ਗਏ। ਉਥੇ ਉਹਨਾਂ ਨੇ [illegible] ਹਕਮਰਾਨਾਂ ਨੂੰ ਮੌਜ ਕਰਦੇ ਵੇਖਿਆ। ਕਈ ਫੌਜੀ ਉਥੇ ਹੀ ਰੁਕ ਗਏ। ਛੋਟੀ-ਮੋਟੀ [illegible] ਕਰ ਲਈ। ਅੰਗਰੇਜ਼ ਵੀ ਸਿੱਖਾਂ ਨੂੰ ਉਥੇ ਫੈਕਟਰੀਆਂ ਵਿਚ ਭਰਤੀ ਕਰਕੇ ਖੁਸ਼ ਸੀ। [illegible] ਵਸੋਂ ਅੱਗੇ ਜਾ ਕੇ ਵਧੀ ਤੇ ਫਿਰ ਇਕ ਹੋਰ ਵੱਡਾ ਹੁਲਾਰਾ ਮਿਲਿਆ। ਦੂਜੀ ਵਿਸ਼ਵ [illegible] ਦੀ ਜਿੱਤ ਪਿੱਛੋਂ ਹਜ਼ਾਰਾਂ ਤੋਂ ਲੱਖਾਂ ਤਕ ਦੀ ਗਿਣਤੀ ਦਾ ਸਫਰ ਬੜਾ ਔਖਾ, ਪਰ [illegible] ਸੀ। ਅੱਜ 7 ਤੋਂ 8 ਲੱਖ ਦੀ ਗਿਣਤੀ ਇੰਗਲੈਂਡ ਵਿਚ ਸਿੱਖਾਂ ਦੀ ਹੈ।

ਸਿੱਖ ਸਾਰੀ ਦੁਨੀਆਂ ਵਿਚ Mobile Labour ਵਜੋਂ ਬੜਾ ਮਸ਼ਹੂਰ ਹਨ। ਬਰਮਾ [illegible] ਦਾ ਹਿੱਸਾ ਸੀ, ਸਿੱਖ ਉਥੇ ਪੁੱਜਾ। ਉਥੋਂ ਸਿਆਮ (ਜਿਸ ਨੂੰ ਹੁਣ ਥਾਈਲੈਂਡ ਕਹਿੰਦੇ [illegible]), ਦਾਖਲ ਹੋ ਗਿਆ। ਸਭ ਤੋਂ ਵੱਧ ਬੈਂਕਾਕ ਸ਼ਹਿਰ ਵਿਚ ਰਿਹਾ ਜਿਥੇ ਕੱਪੜੇ ਦੀ ਫੇਰੀ [illegible], ਮਿੱਲਾਂ ਦਾ ਮਾਲਕ ਬਣ ਗਿਆ। ਉਥੇ ਹੀ ਮਲਾਇਆ ਨਾਲ ਸਾਂਝ ਪਈ। ਜਦ [illegible] ਨਵਾਂ ਮੁਲਕ ਵਸਿਆ ਤਾਂ ਬੜੇ ਸਿੱਖ ਉਥੋਂ ਦੇ ਸ਼ਹਿਰੀ ਬਣ ਗਏ। ਅੰਗਰੇਜ਼ਾਂ ਦਾ [illegible] ਬੜਾ ਲਾਭ ਉਠਾਇਆ। ਜਿਥੇ ਵੀ ਅੰਗਰੇਜ਼ ਦਾ ਰਾਜ ਸੀ, ਉਥੇ ਹੀ ਸਿੱਖ ਜਾ ਵਸੇ। [illegible] ਤੇ ਆਸਟ੍ਰੇਲੀਆ ਵਿਚ ਸਿੱਖਾਂ ਦੀ ਆਮਦ ਦਾ ਇਹੋ ਕਾਰਨ ਸੀ। ਛੋਟੇ ਜਿਹੇ [illegible] ਨਿਊਜ਼ੀਲੈਂਡ ਦੇ ਹਰ ਸ਼ਹਿਰ ਵਿਚ ਸਿੱਖ ਵਸਦਾ ਹੈ। ਆਸਟ੍ਰੇਲੀਆ ਵਿਚ ਸਿਡਨੀ ਤੋਂ 200 ਮੀਲ ਦੂਰ ਸਮੁੰਦਰ ਕਿਨਾਰੇ 12 ਪਿੰਡ ਸਿੱਖਾਂ ਦੇ ਹਨ ਜੋ ਸਾਰੇ ਕੇਲੇ ਉਗਾਉਂਦੇ ਹਨ। [illegible] ਹਰ ਸ਼ਹਿਰ ਵਿਚ ਵੀ ਵਸੋਂ ਹੈ। 1946 ਤਕ ਚੀਨ ਦੇ ਕਈ ਸ਼ਹਿਰਾਂ, ਖਾਸ ਕਰਕੇ [illegible], ਨਨਕਿਆਣਾ ਆਦਿ ਵਿਚ ਸਿੱਖ ਵਿਓਪਾਰੀ ਰਹਿੰਦੇ ਸਨ। ਕਮਿਊਨਿਸਟ ਰਾਜ [illegible] ਪਿੱਛੋਂ ਉਥੋਂ ਉਠਕੇ ਜਾਪਾਨ ਚਲੇ ਗਏ। ਹਾਂਗਕਾਂਗ ਵਿਚ ਤਾਂ ਸਿੱਖ 100 ਸਾਲ ਤੋਂ [illegible] ਹੈ। ਸਾਰੇ ਜਹਾਜ਼ ਪਹਿਲਾਂ ਉਥੇ ਰੁਕਦੇ ਸਨ। ਈਰਾਨ ਵਿਚ ਸਿੱਖ ਵਿਓਪਾਰੀ [illegible] ਰਸਤੇ ਜ਼ੈਦਾਨ ਵਿਚ ਤੇ ਫਿਰ ਤਹਿਰਾਨ ਵਿਚ 80 ਸਾਲ ਪਹਿਲਾਂ ਵਸ ਗਏ। ਹੁਣ [illegible] ਆਬਾਦ ਹਨ। ਅਫਗਾਨਿਸਤਾਨ ਵਿਚ ਬਾਹਰੋਂ ਕੋਈ ਨਹੀਂ ਆਇਆ। ਜੋ ਸ਼ਰਧਾਲੂ [illegible] ਵਕਤ ਸਨ ਉਹੋ ਹੀ ਸਾਰੇ ਸਿੰਘ ਸੱਜ ਗਏ ਤੇ ਵੱਡੇ ਵਿਓਪਾਰੀ ਬਣੇ। ਹੁਣ ਜੰਗ [illegible] ਨਿਕਲ ਕੇ ਭਾਰਤ ਅਤੇ ਲੰਡਨ ਆਏ ਹਨ। ਕਾਬੁਲ ਵਿਚ ਸ: ਜੈ ਸਿੰਘ ਫਾਨੀ

ਮੈਂਬਰ ਪਾਰਲੀਮੈਂਟ ਬਣੇ ਸਨ।

ਇਹ 300 ਸਾਲ ਦਾ ਔਖਾ ਸਫਰ ਸਿੱਖਾਂ ਲਈ ਅੱਜ ਵਰਦਾਨ ਸਾਬਤ ਹੋਇਆ ਹੈ। ਅੱਜ ਦੁਨੀਆਂ ਦਾ ਕੋਈ ਮੁਲਕ ਅਜਿਹਾ ਨਹੀਂ ਜਿਥੇ ਸਿੱਖ ਆਬਾਦ ਨਹੀਂ ਹੈ।

ਵੇਖੋ ਗੁਰੂ ਗੋਬਿੰਦ ਸਿੰਘ ਜੀ ਦਾ ਕ੍ਰਿਸ਼ਮਾ ਕਿ ਉਹ ਵੇਲਾ ਵੀ ਸੀ ਜਦੋਂ ਮੁਨਾਦੀ ਹੁੰਦੀ ਸੀ ਕਿ ਸਿੱਖ ਖਤਮ ਹੋ ਗਏ ਹਨ ਤੇ ਜੋ ਸਿੱਖ ਦਾ ਸਿਰ ਲਿਆਵੇਗਾ ਉਸਨੂੰ 80 ਰੁਪਏ ਇਨਾਮ ਮਿਲਣਗੇ। ਅੱਜ ਕਿਹੜਾ ਮੁਲਕ ਹੈ ਜਿਥੇ ਸਿੱਖ ਨਹੀਂ ਹਨ ਤੇ ਗੁਰਦੁਆਰਾ ਸਥਾਪਤ ਨਹੀਂ। ਅੱਜ ਸਿੱਖੀ ਨਿਸ਼ਾਨ ਸਾਹਿਬ ਹਰ ਖਿੱਤੇ ਵਿਚ ਝੂਲਦਾ ਹੈ ਤੇ ਅਸਮਾਨਾਂ ਨੂੰ ਛੋਹਦਾ ਹੈ। ਪਿਛਲੇ 30 ਸਾਲਾਂ ਵਿਚ ਵੱਡੀ ਕਾਮਯਾਬੀ ਇਸ ਧਰਮ ਨੂੰ ਯੋਗੀ ਭਜਨ (ਸਿੰਘ ਸਾਹਿਬ ਭਾਈ ਹਰਭਜਨ ਸਿੰਘ ਯੋਗੀ ਖਾਲਸਾ) ਨੇ ਦਿੱਤੀ ਹੈ। ਉਸਦੇ 25 ਸਾਲਾਂ ਦੀ ਘਾਲਣਾ ਨਾਲ ਹਰ ਮਜ਼ਹਬ ਤੇ ਹਰ ਮੁਲਕ ਦੇ ਲੋਕਾਂ ਨੂੰ ਸਿਖ ਬਣਾਇਆ ਹੈ। ਪਹਿਲਾਂ ਅਮਰੀਕਾ ਵਿਚ, ਫਿਰ ਹਰ ਦੇਸ਼ ਵਿਚ ਇਹ ਲਹਿਰ ਚਲਾ ਦਿੱਤੀ। ਲੱਖਾਂ ਲੋਕ ਗੁਰੂ ਦੇ ਲੜ ਲਾ ਦਿੱਤੇ। 104 ਆਸ਼ਰਮ ਅਮਰੀਕਾ ਵਿਚ ਤੇ ਹੁਣ ਯੂਰਪ ਦੇ ਹੋਰ ਖਿੱਤਿਆਂ ਵਿਚ ਚੱਲ ਰਹੇ ਹਨ। ਅਮਰੀਕਨ ਸਿੱਖਾਂ ਨੇ ਭਾਰਤ ਤੋਂ ਆਏ ਸਿੱਖਾਂ ਨੂੰ ਨਵਾਂ ਸਾਹਸ ਦਿੱਤਾ, ਹੌਂਸਲਾ ਪੱਕਾ ਕਰਾਇਆ ਕਿ ਉਹ ਪਗੜੀ ਨੂੰ ਸਿਰ ਤੇ ਰੱਖਣ। ਪੰਜਾਬ ਵਿਚ ਜਦ ਵੀ ਅਮਰੀਕਨ ਸਿੱਖ ਯਾਤਰਾ ਲਈ ਆਉਂਦੇ ਹਨ ਤਾਂ ਲੋਕ ਹੈਰਾਨ ਹੋ ਕੇ ਵੇਖਦੇ ਹਨ। ਅੱਜ ਸਿੱਖਾਂ ਦੀ ਹਰ ਦੇਸ਼ ਵਿਚ ਚੜ੍ਹਤ ਹੈ। ਅਮਰੀਕਾ ਵਿਚ 1952 ਵਿਚ ਸ੍ਰ: ਦਲੀਪ ਸਿੰਘ ਸੌਂਡ ਮੈਂਬਰ ਪਾਰਲੀਮੈਂਟ ਵੋਟਾਂ ਵਿਚ ਜਿੱਤਕੇ ਬਣਿਆ। ਉਹ ਪਹਿਲਾ ਏਸ਼ੀਆਈ ਇਹ ਪਦਵੀ ਪਾਉਣ ਵਾਲਾ ਸੀ। ਲੰਡਨ ਵਿਚ ਪਾਰਲੀਮੈਂਟ ਸਭ ਤੋਂ ਪੁਰਾਣੀ ਹੈ। ਹਾਊਸ ਆਫ਼ ਕਾਮਨਜ਼ (ਪਾਰਲੀਮੈਂਟ) ਵਿਚ ਇਕ ਸਿੱਖ ਪਿਆਰਾ ਸਿੰਘ ਖਾਬੜਾ-ਚੌਥੀ ਵਾਰ ਮੈਂਬਰ ਬਣਿਆ ਹੈ। ਸਾਡੇ ਤੇ ਰਾਜ ਕਰਨ ਵਾਲੀ ਕੌਮ ਦਾ ਉਹ ਹੁਣ ਰਾਜਭਾਗ ਦਾ ਮੈਂਬਰ ਹੈ। ਉਸ ਨਾਲ ਕਈ ਹੋਰ ਸਿੱਖ ਵੀ ਐਮ.ਪੀ ਤੇ ਲਾਰਡ ਬਣੇ ਹਨ। ਇੰਗਲੈਂਡ ਵਿਚ ਕਈ ਸ਼ਹਿਰਾਂ ਤੇ ਕਾਊਂਟੀਆਂ ਵਿਚ ਸਿੱਖ ਮੇਅਰ ਜਿੱਤੇ ਹਨ। ਸਿੱਖਾਂ ਨੂੰ ਮਲਿਕਾ ਹਰ ਸਾਲ ਸਨਮਾਨ ਦਿੰਦੀ ਹੈ। ਉਹਨਾਂ ਸਿੱਖਾਂ ਦੀ ਕਦਰ ਹੋਣ ਕਰਕੇ ਮਲਕਾ ਐਲਿਜ਼ਬੈਥ ਜਦ ਪਿਛਲੀ ਵਾਰ ਭਾਰਤ ਆਈ ਤਾਂ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਗਈ। ਸ਼ਹਿਜ਼ਾਦਾ ਚਾਰਲਸ ਵੀ ਪਹਿਲਾਂ ਆਇਆ ਸੀ। ਲੰਡਨ ਵਿਚ ਵਿਕਟੋਰੀਆ ਐਂਡ ਐਲਬਰਟ ਮਿਊਜ਼ੀਅਮ ਵਿਚ ਸਿੱਖ ਧਰਮ ਬਾਰੇ ਨੁਮਾਇਸ਼ ਦਾ ਉਦਘਾਟਨ ਸ਼ਹਿਜ਼ਾਦਾ ਚਾਰਲਸ ਨੇ ਕੀਤਾ। ਅੱਜ ਉਥੇ ਸਾਡੀ ਆਬਾਦੀ 8 ਲੱਖ ਦੀ ਹੈ ਤੇ ਸਿੱਖ ਜੱਜ ਵੀ ਬਣ ਚੁੱਕੇ ਹਨ। ਕੈਨੇਡਾ ਵਿਚ ਤਾਂ ਕਮਾਲ ਹੀ ਹੋ ਗਈ ਹੈ। ਉਸ ਦੇਸ਼ ਦੀ ਸਰਕਾਰ ਵਿਚ ਇਕ ਮੰਤਰੀ ਸਿੱਖ ਹੈ। ਛੇ ਹੋਰ ਸਿੱਖ ਮੈਂਬਰ ਪਾਰਲੀਮੈਂਟ ਹਨ। ਬ੍ਰਿਟਿਸ਼ ਕੋਲੰਬੀਆ ਦੀ ਸਟੇਟ ਵਿਚ ਕਈ ਸਿੱਖ ਵਜ਼ੀਰ ਹਨ। ਪੰਜਾਬੀ ਨੂੰ ਸਰਕਾਰੀ ਬੋਲੀ ਦੀ ਮਾਨਤਾ ਹੈ। ਹਰ ਖਿੱਤੇ ਵਿਚ ਸਿੱਖ ਆਬਾਦ ਹਨ। ਸਿੰਘਾਪੁਰ ਵਿਚ ਦੋ ਸਿੱਖ ਮੈਂਬਰ ਪਾਰਲੀਮੈਂਟ ਹਨ- ਸ੍ਰ: ਇੰਦਰਜੀਤ ਸਿੰਘ ਤੇ ਸ੍ਰ: ਦੇਵਿੰਦਰ ਸਿੰਘ । ਹਰ ਮਹਿਕਮੇ ਵਿਚ ਸਿੱਖ ਅਫਸਰ ਹਨ। ਕਈ ਸਾਲ ਪਹਿਲਾਂ ਸਿੰਘਾਪੁਰ ਦਾ ਭਾਰਤ ਵਿਚ ਰਾਜਦੂਤ ਸ੍ਰ: ਅਜੀਤ ਸਿੰਘ ਸੀ। ਪੰਜਾਬੀ ਬੋਲੀ ਨੂੰ ਪੜ੍ਹਾਉਣ ਲਈ ਸਰਕਾਰ ਮਦਦ ਕਰ ਰਹੀ ਹੈ। ਸ੍ਰ: ਠੁਕਰਾਲ ਨੂੰ ਪਿਛਲੇ ਸਾਲ ਸਰਕਾਰ ਨੇ ਸਭ ਤੋਂ ਵਧੀਆ ਵਿਓਪਾਰੀ ਦਾ ਖਿਤਾਬ ਦਿੱਤਾ ਹੈ। ਛੇ ਗੁਰਦੁਆਰੇ ਹਨ ਤੇ ਸਾਰੇ ਏਅਰ ਕੰਡੀਸ਼ਨਡ। ਸ੍ਰ: ਚੂਹੜ ਸਿੰਘ ਚੀਫ਼ ਜਸਟਿਸ ਰਹਿ ਚੁੱਕੇ ਹਨ। ਮਲੇਸ਼ੀਆ ਵਿਚ ਇਕ ਸਿੱਖ ਮੈਂਬਰ ਪਾਰਲੀਮੈਂਟ ਹੈ-ਸ੍ਰ: ਕ੍ਰਿਪਾਲ ਸਿੰਘ-ਉਹ ਬੜਾ ਪ੍ਰਸਿੱਧ ਵਕੀਲ ਹੈ। ਬੜੇ ਮਹਿਕਮਿਆਂ ਦੇ ਅਫਸਰ ਸਿੱਖ

ਹਨ। ਬਾਵਜੂਦ ਮੁਸਲਮਾਨ ਦੇਸ਼ ਹੋਣ ਦੇ ਸਿੱਖਾਂ ਦੀ ਕਦਰ ਹੈ। ਗੁਰਦੁਆਰੇ ਸਥਾਪਤ ਹਨ। ...ਵਿਚ ਤਾਂ ਏਦਾਂ ਲੱਗਦਾ ਹੈ ਕਿ ਜਿਵੇਂ ਸਭ ਕੁਝ ਪੰਜਾਬ ਵਾਂਗੂੰ ਹੀ ਹਨ। 7 ਮੰਜ਼ਿਲਾ ...ਆਰਾ ਸ਼ਹਿਰ ਵਿਚ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਹੈ। ਪੰਜ ਸਟਾਰ ਹੋਟਲਾਂ ਦੇ ਮਾਲਕ ਸਿੱਖ ਹਨ। ਨਾਮਧਾਰੀ ਸੰਗਤ ਬਹੁਤ ਹੈ। ਬਾਦਸ਼ਾਹ ਵੀ ਸਿੱਖਾਂ ਦੀ ਕਦਰ ਕਰਦਾ ਹੈ। ...ਸ਼ੀਆ ਦੇ ਕਈ ਟਾਪੂਆਂ ਵਿਚ ਸਿੱਖ ਵਸ ਰਹੇ ਹਨ। ਫਿਜ਼ੀ ਵਿਚ ਜੋ ਵਜ਼ਾਰਤ ਪੰਜ ਸਾਲ ਪਹਿਲਾਂ ਬਣੀ ਸੀ, ਉਸ ਵਿਚ ਇਕ ਸਿੱਖ ਵਜ਼ੀਰ ਸੀ।

1984 ਵਿਚ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ ਨਾਲ ਮੈਨੂੰ ਅਰਜਨਟਾਈਨਾ ਜਾਣ ਦਾ ਅਵਸਰ ਮਿਲਿਆ। ਇਹ ਦੇਸ਼ ਅਮਰੀਕਾ ਦੇ ਦੱਖਣ ਵਿਚ ਨਕਸ਼ੇ ਤੇ ਸਭ ਤੋਂ ਅਖੀਰ ਤੇ ਆਉਂਦਾ ਹੈ। ਉਥੇ ਜਾ ਕੇ ਖੁਸ਼ੀ ਭਰੀ ਹੈਰਾਨੀ ਹੋਈ ਕਿ ਉਥੋਂ ਦੀ ਇਕ ਸਟੇਟ ਸਿਆਲਟਾ ਵਿਚ ਸਾਰੀ ਖੇਤੀ ਦੇ ਮਾਲਕ ਸਿੱਖ ਹਨ। ਇਕ ਇਕ ਸਿੱਖ ਕੋਲ ਹਜ਼ਾਰਾਂ ਏਕੜ ਜ਼ਮੀਨ ਹੈ। ਇਹ ਸਿੱਖ 60 ਸਾਲ ਪਹਿਲਾਂ ਉਥੇ ਅਮਰੀਕਾ ਤੋਂ ਆਏ ਸਨ। ਉਹ ਅੱਜ ਸਪੈਨਿਸ਼ ਬੋਲੀ ਬੋਲਦੇ ਹਨ ਤੇ ਆਪਣੇ ਨਾਂ ਵੀ ਸਪੈਨਿਸ਼ ਵਿਚ ਲਿਖਦੇ ਹਨ। ਬੜੇ ਖੁਸ਼ਹਾਲ ਹਨ। ਅਸੀਂ ਮੈਕਸੀਕੋ ਵੀ ਗਏ। ਉਥੇ ਯੋਗੀ ਭਜਨ ਦੇ ਸਿੰਘਾਂ ਨੇ ਵੱਡਾ ਕੀਰਤਨ ਪ੍ਰੋਗਰਾਮ ਕੀਤਾ। ਬਰਾਜ਼ੀਲ ਵਿਚ ਵੀ ਸਿੱਖ ਰਹਿ ਰਹੇ ਹਨ। ਵੈਸਟ ਇੰਡੀਜ਼ ਦੇ ਦੇਸ਼, ਬ੍ਰਿਟਿਸ਼ ਗਿਆਨਾ ਵਿਚ ਇਕ ਵਾਰ ਚੈਡੀ ਗਗਨ ਪ੍ਰਧਾਨ ਮੰਤਰੀ ਬਣੇ ਸਨ ਉਹ ਭਾਰਤੀ ਨਸਲ ਦੇ ਸਨ। ਉਹਨਾਂ ਨਾਲ ਇਕ ਵਜ਼ੀਰ ਲਛਮਣ ਸਿੰਘ ਵੀ ਬਣੇ ਸਨ। ਸੂਰੀਨਾਮ ਵਿਚ ਵੀ ਸਿੱਖ ਵਸਦੇ ਹਨ। ਮੇਰਾ ਲੜਕਾ ਹੁਣੇ ਜਿਹੇ ਰੂਸ ਗਿਆ ਸੀ। ਮਾਸਕੋ ਵਿਚ ਦਰਜਨਾਂ ਸਿੱਖ ਵਿਓਪਾਰੀ ਹਨ। ਯੂਨੀਵਰਸਿਟੀ ਵਿਚ ਕਈ ਪ੍ਰੋਫੈਸਰ ਤੇ ਵਿਦਿਆਰਥੀ ਯੋਗੀ ਭਜਨ ਦੇ ਯੋਗਾ ਸੈਂਟਰ ਰਾਹੀਂ ਸਿੱਖ ਬਣ ਗਏ ਹਨ। ਉਹਨਾ ਵਿਚੋਂ ਦੋ ਪੰਜਾਬੀ ਬੋਲੀ ਵੀ ਬੋਲਦੇ ਹਨ। ਚੀਨ ਤੇ ਬੀਜ਼ਿੰਗ ਸ਼ਹਿਰ ਜੋ ਰਾਜਧਾਨੀ ਹੈ ਇਕ ਵੱਡਾ ਹੋਟਲ ਸਿੱਖ ਸਰਦਾਰ ਦਾ ਹੈ। ਫਿਲੀਪੀਨ ਦੇਸ਼ ਦੀ ਰਾਜਧਾਨੀ ਦਾ ਮੇਅਰ ਪੰਜਾਬੀ ਹੈ। ਜਾਪਾਨ ਵਿਚ ਕੋਬੇ ਸ਼ਹਿਰ ਵਿਚ ਵੱਡੀ ਗਿਣਤੀ ਸਿੱਖਾਂ ਦੀ ਹੈ। ਟੋਕੀਓ ਯੂਨੀਵਰਸਿਟੀ ਵਿਚ ਸਿੱਖ ਪ੍ਰੋਫੈਸਰ ਹਨ। ਓਸਾਕਾ ਵਿਚ ਵੱਡੀ ਵਸੋਂ ਹੈ। ਮਿਡਲ ਈਸਟ ਵਿਚ ਸਭ ਤੋਂ ਵੱਧ ਸਿੱਖ ਦੁਬਈ ਵਿਚ ਹਨ। ਕੁਵੈਤ ਵਿਚ ਵੀ ਸਿੱਖਾਂ ਦੀ ਕਾਫੀ ਗਿਣਤੀ ਸੀ ਪਰ ਜੰਗ ਪਿਛੋਂ ਉਥੋਂ ਕਈ ਨਿਕਲ ਆਏ ਹਨ। ਮੈਂ ਆਪ ਬਹਿਰੀਨ ਤੇ ਕਤਰ ਵਿਚ ਬੜੇ ਸਿੱਖਾਂ ਨੂੰ ਮਿਲਿਆ ਹਾਂ।

ਪੁਰਾਣਾ ਅਖਾਣ ਹੈ ਕਿ 96 ਕਰੋੜ ਸਿੰਘ ਸਜੇਗਾ। ਇਸੇ ਨਿਸ਼ਾਨੇ ਦੀ ਪੂਰਤੀ ਲਈ ਸਿੱਖ ਗੱਜ ਕੇ ਰੋਜ਼ ਹਰ ਥਾਂ ਕਹਿੰਦਾ ਹੈ "ਰਾਜ ਕਰੇਗਾ ਖਾਲਸਾ, ਆਕੀ ਰਹੇ ਨਾ ਕੋਇ, ਖੁਆਰ ਹੋਏ ਸਭ ਮਿਲੇਂਗੇ, ਬਚੇ ਸ਼ਰਨ ਜੋ ਹੋਏ।" ਭਾਰਤ ਵਸਦੇ ਸਿੱਖਾਂ ਨੂੰ ਇਹ ਮਾਣ ਹੈ ਕਿ 1982 ਵਿਚ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਬਣੇ ਤੇ 2004 ਵਿਚ ਡਾ. ਮਨਮੋਹਨ ਸਿੰਘ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਹਨ। ਇਹ ਬਹੁਤ ਵੱਡੀਆਂ ਪ੍ਰਾਪਤੀਆਂ ਹਨ, ਪਰ 1984 ਵਿਚ ਦੋ ਵੱਡੀਆਂ ਦੁਖਦਾਈ ਘਟਨਾਵਾਂ ਹੋਈਆ ਸਨ, ਸ੍ਰੀ ਦਰਬਾਰ ਸਾਹਿਬ ਤੇ ਫੌਜ ਦਾ ਹਮਲਾ, ਦਿੱਲੀ ਅਤੇ ਬਾਕੀ ਸ਼ਹਿਰਾਂ ਵਿਚ ਸਿੱਖਾਂ ਦਾ ਕਤਲੇਆਮ। ਇਹ ਨਾ ਭੁੱਲਣ ਵਾਲੇ ਵਾਕਿਆ ਹਨ। ਪੰਜਾਬ ਦੇ ਇਸ ਦੁਖਦਾਈ ਕਾਂਡ ਵਿਚ ਤਕਰੀਬਨ 35 ਹਜ਼ਾਰ ਸਿੱਖ ਆਪਣੀਆਂ ਜਾਨਾਂ ਦੇ ਗਏ।

ਇਹ ਸਾਰਾ 300 ਸਾਲ ਦਾ ਸਫਰ ਸਿੱਖਾਂ ਨੇ ਆਪਣੀ ਹਿੰਮਤ ਨਾਲ ਤੈਅ ਕੀਤਾ ਹੈ। ਸਿੱਖ ਜਥੇਬੰਦੀਆਂ ਦਾ ਇਸ ਵਿਚ ਹਿੱਸਾ ਘੱਟ ਹੈ। ਖਾਸ ਕਰਕੇ ਸਿੱਖਾਂ ਦੀ ਪ੍ਰਤੀਨਿਧ ਸ਼੍ਰੋਮਣੀ

ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਕਮੇਟੀ ਜਾਂ ਹੋਰ ਸੰਸਥਾਵਾਂ ਨੇ ਤਾਂ ਕਦੇ ਉਹਨਾਂ ਨੂੰ ਉਥੇ ਲਿਟ੍ਰੇਚਰ ਵੀ ਨਹੀਂ ਭੇਜਿਆ। ਇਕ ਵੀ ਸਿੱਖ ਪ੍ਰਚਾਰਕ ਅੰਗਰੇਜ਼ੀ ਨਹੀਂ ਬੋਲ ਸਕਦਾ। ਇਕ ਵੀ ਕੀਰਤਨੀ ਜਥਾ ਅੰਗਰੇਜ਼ੀ ਵਿਚ ਬਾਣੀ ਦਾ ਤਰਜਮਾ ਨਹੀਂ ਕਰ ਸਕਦਾ। ਸੈਂਕੜੇ ਕਰੋੜਾਂ ਦਾ ਗੁਰਦੁਆਰਾ ਬਜਟ ਕਿਥੇ ਜਾਂਦਾ ਹੈ, ਇਹ ਲੀਡਰਾਂ ਨੂੰ ਪੁੱਛੋ।

ਸਿੱਖ ਕੌਮ ਗਰੀਬੀ ਦੀ ਹੱਦ ਨੂੰ ਕਦੋਂ ਦੀ ਪਾਰ ਕਰ ਚੁੱਕੀ ਹੈ। ਹੁਣ ਵੱਡੇ ਧਨਾਢਾਂ ਦੀ ਲਿਸਟ ਵਿਚ ਸਿੱਖਾਂ ਦੇ ਨਾਂ ਸ਼ਾਮਲ ਹਨ। ਅਸੀਂ ਵਿਸ਼ਵ ਵਾਸੀ ਬਣ ਚੁੱਕੇ ਹਾਂ। ਸਭ ਤੋਂ ਵਧੀਆ ਤੇ ਨਵਾਂ ਗੁਰਬਾਣੀ ਦਾ ਸੰਦੇਸ਼ ਸਾਡੇ ਗੁਰੂਆਂ ਦਾ ਹੈ। ਸਾਇੰਸ ਦੇ ਅਜੋਕੇ ਯੁੱਗ ਵਿਚ ਕੇਵਲ ਗੁਰੂ ਨਾਨਕ ਦਾ ਸੰਦੇਸ਼ ਪ੍ਰਾਸੰਗਿਕ ਹੈ। ਆਦਮੀ ਤੀਵੀਂ ਦੇ ਸਨਮਾਨ ਦਾ ਸੰਕਲਪ ਅਸੀਂ ਦਿੱਤਾ ਹੈ। ਸਰਬੱਤ ਦੇ ਭਲੇ ਦੀ ਮੰਗ ਕੇਵਲ ਅਸੀਂ ਕਰਦੇ ਹਾਂ। ਲੰਗਰ ਦੀ ਪ੍ਰਥਾ, ਹਰ ਧਰਮ ਨੂੰ ਬਰਾਬਰ ਕੇਵਲ ਅਸੀਂ ਹੀ ਮੰਨਦੇ ਹਾਂ। ਆਓ ਗੁਰੂ ਵਾਲੇ ਬਣੀਏ। ਆਪਣੀ ਪਹਿਚਾਣ ਨੂੰ ਕਾਇਮ ਰੱਖੀਏ। ਗੁਰੂ ਦੀ ਦਿੱਤੀ ਸਰਦਾਰੀ ਤੋਂ ਦੂਰ ਨਾ ਜਾਈਏ। ਕਰੋ ਅਰਦਾਸ, ਗੁਰੂ ਸਾਡੇ ਅੰਗ ਸੰਗ ਰਹੇ, ਅਗਲੇ ਹਜ਼ਾਰਾਂ ਸਾਲਾਂ ਦੇ ਸਫਰ ਵਿਚ।

(22-05-2005)

# ਸਾਕਾ ਨੀਲਾ ਤਾਰਾ ਦੀਆਂ ਦੁੱਖ-ਭਰੀਆ ਯਾਦਾਂ

ਕਦੇ ਚਿਤ ਚੇਤੇ ਵੀ ਨਹੀਂ ਸੀ ਕਿ ਕੋਈ ਐਸਾ ਸਮਾਂ ਮੁੜ ਆਵੇਗਾ ਜਦੋਂ ਸਭ ਤੋਂ ਪਵਿੱਤਰ ਅਸਥਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਕਿਸੇ ਜਰਵਾਣੇ ਦੇ ਹਮਲੇ ਦਾ ਸ਼ਿਕਾਰ ਹੋਵੇਗਾ। ਇਤਿਹਾਸ ਪੜ੍ਹਦਿਆਂ ਰੋਣਾ ਆਉਂਦਾ ਹੈ ਕਿ ਕਿਵੇਂ ਅਹਿਮਦ ਸ਼ਾਹ ਅਬਦਾਲੀ ਨੇ ਸਰੋਵਰ ਨੂੰ ਮਿੱਟੀ ਨਾਲ ਭਰਿਆ ਅਤੇ ਆਪਣੇ ਕਬਜ਼ੇ ਵਿਚ ਸਾਰਾ ਦਰਬਾਰ ਸਾਹਿਬ ਦਾ ਚੌਗਿਰਦਾ ਰੱਖਿਆ। ਮੱਸੇ ਰੰਘੜ ਨੇ ਕਿਵੇਂ ਇਸ ਧਰਤੀ ਤੇ ਕੁਕਰਮ ਕੀਤੇ। ਪਰ ਬੜੀ ਤਸੱਲੀ ਸੀ ਕਿ 1780 ਈਸਵੀ ਵਿਚ ਮਿਸਲਾਂ ਦਾ ਰਾਜ ਆਇਆ ਨਵੇਂ ਦਰਬਾਰ ਸਾਹਿਬ ਦੀ ਉਸਾਰੀ ਹੋਈ, ਕਈ ਬੁੰਗੇ ਬਣੇ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਉਥੇ ਸੋਨੇ ਦੇ ਪੱਤਰੇ ਚੜ੍ਹਾਏ ਗਏ। ਇਸ ਪਿਛੋਂ 100 ਸਾਲ ਅੰਗਰੇਜ਼ਾਂ ਦਾ ਰਾਜ ਰਿਹਾ ਤੇ ਉਹਨਾਂ ਨੇ ਕਦੇ ਕੋਈ ਐਸੀ ਸੋਚ ਨਾ ਰੱਖੀ ਜਿਸ ਨਾਲ ਇਸ ਦੀ ਮਰਿਯਾਦਾ ਵਿਚ ਵਿਘਨ ਪਵੇ। ਪਰ ਅਫਸੋਸ 1984 ਵਿਚ ਜੂਨ ਦੀ ਭਖਦੀ ਗਰਮੀ ਵਿਚ ਭਾਰਤ ਦੇ ਆਪਣੇ ਲੋਕਾਂ ਦੀ ਬਣੀ ਸਰਕਾਰ ਦੇ ਫੈਸਲੇ ਅਨੁਸਾਰ ਭਾਰਤੀ ਫੌਜ ਟੈਂਕਾਂ, ਤੋਪਾਂ ਅਤੇ ਵੱਡੀਆਂ ਗੰਨਾਂ ਅਤੇ ਹੋਰ ਅਸਲੇ ਸਮੇਤ ਇਸ ਰੱਬ ਦੇ ਘਰ ਤੇ ਹਮਲਾਵਰ ਹੋਈ। ਮੈਂ ਉਦੋਂ ਰਾਸ਼ਟਰਪਤੀ ਭਵਨ ਵਿਚ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦਾ ਪ੍ਰੈਸ ਸਕੱਤਰ ਸਾਂ ਅਤੇ ਮੈਨੂੰ ਉਹ ਸਾਰੀਆਂ ਘਟਨਾਂਵਾਂ ਨੇੜਿਓ ਵੇਖਣ ਦਾ ਅਵਸਰ ਮਿਲਿਆ। ਅੱਜ 21 ਸਾਲ ਪਿੱਛੋਂ ਇਸ ਘਟਨਾ ਬਾਰੇ ਲਿਖਣ ਲੱਗਿਆ ਕਈ ਖਿਆਲ ਆਏ। ਸਰਕਾਰ ਦੀ ਨੀਤੀ ਜੋ ਉਸ ਵਕਤ ਦੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਸਲਾਹਕਾਰਾਂ ਨੇ ਬਣਵਾਈ ਸੀ, ਕਿਵੇਂ ਇਸ ਭਿਆਨਕ ਨਤੀਜੇ ਤੇ ਪੁੱਜੀ ਕਿ ਫੌਜੀ ਹਮਲਾ ਹੀ ਇਕੋ ਇਕ ਰਸਤਾ ਹੈ। ਜ਼ੁਲਮ ਰੱਬ ਦਾ , ਦੇਸ਼ ਦਾ ਰਾਸ਼ਟਰਪਤੀ ਸਿੱਖ ਸੀ ਜਿਸ ਨੂੰ ਰਸਮੀ ਤੌਰ ਤੇ ਫੌਜਾਂ ਦਾ ਮੁਖੀ ਵੀ ਪੁਕਾਰਿਆ ਜਾਂਦਾ ਹੈ, ਉਸ ਨੂੰ ਭਿਣਕ ਵੀ ਨਾ ਲੱਗੇ ਕਿ ਫੌਜ ਹਮਲੇ ਦੀਆਂ ਮਸ਼ਕਾਂ ਕਰ ਰਹੀ ਹੈ। ਜਨਰਲ ਸੁੰਦਰਜੀ ਦਾ ਹੈੱਡ ਕੁਆਟਰ ਚੰਡੀਗੜ੍ਹ ਨੇੜੇ ਚੰਡੀ ਮੰਦਰ ਵਿਚ ਸੀ। ਪ੍ਰਧਾਨ ਮੰਤਰੀ ਦਾ ਉਹਨਾਂ ਨਾਲ ਸਿੱਧਾ ਸੰਬੰਧ ਸੀ। ਸ੍ਰੀ ਕੇ.ਪੀ.ਸਿੰਘ ਦਿਓ ਜੋ ਸਟੇਟ ਡਿਫੈਂਸ ਮਨਿਸਟਰ ਸਨ, ਪਰ ਉਹਨਾਂ ਮੈਨੂੰ ਦੱਸਿਆ ਕਿ ਉਹਨਾਂ ਨੂੰ ਇਸ ਸਾਰੀ ਸਕੀਮ ਦੇ ਬਾਰੇ ਕੁਝ ਵੀ ਨਹੀਂ ਸੀ ਪਤਾ। ਮੈਂ ਉਹਨਾਂ ਨੂੰ ਪੁਛਿਆ ਕਿ ਕੀ ਉਹ ਹਮਲੇ ਵੇਲੇ ਹੈਲੀਕਾਪਟਰ ਤੇ ਅੰਮ੍ਰਿਤਸਰ ਗਏ ਤਾਂ ਉਹਨਾਂ ਨੇ ਨਾਂਹ ਵਿਚ ਜਵਾਬ ਦਿੱਤਾ। ਹਮਲੇ ਤੋਂ ਪਹਿਲਾਂ ਆਰਮੀ ਇੰਟੈਲੀਜੈਂਸ ਵਿਭਾਗ ਨੇ ਸਾਰਾ ਨਕਸ਼ਾ ਬਣਾਇਆ ਸੀ। ਇਹਨਾਂ ਵਿਚ ਕਈ ਸਿੱਖ ਅਫਸਰ ਵੀ ਸਨ। ਪੰਜਾਬ ਪੁਲਿਸ ਦੇ ਮੁਖੀ ਸ੍: ਪ੍ਰੀਤਮ ਸਿੰਘ ਭਿੰਡਰ ਸਨ। ਉਹ ਵੀ ਇਹੋ ਕਹਿੰਦੇ ਹਨ ਕਿ ਫੌਜ ਨੇ ਉਹਨਾਂ ਨੂੰ ਨਹੀਂ ਦੱਸਿਆ ਕਿ ਹਮਲਾ ਕਰਨਾ ਹੈ। ਮੌਜੂਦਾ ਡੀ.ਜੀ.ਪੀ ਪੁਲਿਸ ਸ੍: ਐਸ.ਐਸ. ਵਿਰਕ ਉਸ ਵੇਲੇ ਸੈਂਟਰਲ ਪੁਲਿਸ ਵਜੋਂ ਅੰਮ੍ਰਿਤਸਰ ਵਿਚ ਨਿਯੁਕਤ ਸਨ ਤੇ ਇਸ ਹਮਲੇ ਤੋਂ ਪਹਿਲਾਂ ਖਾੜਕੂ ਸਿੰਘਾਂ ਦੇ ਹੱਥੋਂ ਜ਼ਖਮੀ ਹੋ ਗਏ ਸਨ। ਉਸ ਵਕਤ ਦੇ ਡਿਪਟੀ ਕਮਿਸ਼ਨਰ ਸ੍: ਗੁਰਦੇਵ ਸਿੰਘ ਬਰਾੜ ਨਾਲ ਮੇਰਾ ਟੈਲੀਫੋਨ ਤੇ ਸੰਪਰਕ ਸੀ। ਉਹਨਾਂ ਨੂੰ ਯਕੀਨ ਸੀ ਕਿ ਫੌਜ ਜ਼ਰੂਰ ਕੁਝ ਕਰੇਗੀ। ਉਹ ਮੈਨੂੰ ਟੈਲੀਫੋਨ ਤੇ ਰੋਜ਼ ਦੀ ਕਾਰਵਾਈ ਦੱਸਦੇ ਰਹਿੰਦੇ ਸਨ। ਉਸ ਨੇ ਆਪਣੀ ਹਿੰਮਤ

ਦਿਖਾਈ ਅਤੇ ਜਦੋਂ ਭਿਣਕ ਲੱਗੀ ਕਿ ਫੌਜ ਦਰਬਾਰ ਸਾਹਿਬ ਦੇ ਨੇੜੇ ਪੁੱਜ ਚੁੱਕੀ ਹੈ ਤਾਂ ਉਹ ਛੁੱਟੀ ਤੇ ਚਲੇ ਗਏ। ਉਹਨਾਂ ਦੀ ਥਾਂ ਸ੍: ਰਮੇਸ਼ ਇੰਦਰ ਸਿੰਘ ਨੂੰ ਡਿਪਟੀ ਕਮਿਸ਼ਨਰ ਲਗਾਇਆ ਗਿਆ। ਪੰਜਾਬ ਦੇ ਰਾਜਪਾਲ ਸ੍ਰੀ ਬੀ.ਐਨ. ਪਾਂਡੇ ਸਨ ਤੇ ਪੰਜਾਬ ਵਿਚ ਪ੍ਰਧਾਨ ਰਾਜ ਲਾਗੂ ਸੀ। ਸ੍ਰੀ ਪਾਂਡੇ ਨੂੰ ਸਰਕਾਰ ਨੇ ਸਭ ਕੁਝ ਦੱਸ ਰੱਖਿਆ ਸੀ। ਪੰਜਾਬ ਸਰਕਾਰ ਨੇ ਇਕ ਆਦੇਸ਼ ਅਨੁਸਾਰ ਪੰਜਾਬ ਨੂੰ ਡਿਸਟਰਬਡ ਏਰੀਆ ਘੋਸ਼ਿਤ ਕਰ ਰੱਖਿਆ ਸੀ ਜਿਸ ਤੇ ਹੋਮ ਸੈਕਟਰੀ ਦੇ ਦਸਤਖ਼ਤ ਸਨ। ਇਸ ਆਦੇਸ਼ ਅਨੁਸਾਰ ਕਦੇ ਵੀ ਫੌਜ ਬੁਲਾਈ ਜਾ ਸਕਦੀ ਹੈ। ਸ੍ਰੀਮਤੀ ਇੰਦਰਾ ਗਾਂਧੀ ਨੇ ਅਖੀਰ ਤਕ ਸਿੱਖਾਂ ਨਾਲ ਗੱਲਬਾਤ ਵੀ ਜਾਰੀ ਰੱਖੀ। ਗਿਆਨੀ ਜ਼ੈਲ ਸਿੰਘ ਨੂੰ ਵੀ ਇਹੋ ਕਿਹਾ ਕਿ ਕਿਵੇਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਠੰਡਾ ਕੀਤਾ ਜਾਵੇ। ਗਿਆਨੀ ਜੀ ਨੂੰ ਭੁਲੇਖਾ ਸੀ ਕਿ ਸਰਕਾਰ ਹਮਲਾ ਨਹੀਂ ਕਰੇਗੀ, ਭਾਵੇਂ ਹੋਰ ਕੋਈ ਵੀ ਕਾਰਵਾਈ ਕਰੇ। 6 ਜੂਨ ਸ਼ਾਮ ਨੂੰ ਰੇਡੀਓ ਤੇ ਇੰਦਰਾ ਗਾਂਧੀ ਨੇ ਅਪੀਲ ਵੀ ਕੀਤੀ ਪਰ ਨਾਲ ਹੀ ਫੌਜ ਨੂੰ ਅੰਦਰ ਭੇਜਣ ਲਈ ਗੁਪਤ ਸੁਨੇਹੇ ਵੀ ਭੇਜ ਦਿੱਤੇ।

ਫੌਜ ਦਾ ਪਹਿਲਾ ਹਮਲਾ ਜਨਰਲ ਸੁਬੇਗ ਸਿੰਘ ਦੀ ਵਿਉਂਤਬੰਦੀ ਕਾਰਨ ਅਸਫਲ ਹੋ ਗਿਆ। ਕੇਵਲ ਲੰਗਰ ਦੇ ਕੋਲ ਬਣੇ ਉੱਚੇ ਬੁੰਗੇ ਤੇ ਬੈਠੇ ਖਾੜਕੂ ਫੌਜ ਨੇ ਖਤਮ ਕੀਤੇ। ਪਾਣੀ ਦੀ ਟੈਂਕੀ ਅਤੇ ਛੱਤਾਂ ਤੇ ਵੀ ਫੌਜ ਨੇ ਕਬਜ਼ਾ ਕੀਤਾ। ਜਦ ਦਰਸ਼ਨੀ ਡਿਉਢੀ ਵਿਚੋਂ ਫੌਜ ਅੰਦਰ ਆਈ ਤਾਂ ਪੌੜੀਆਂ ਦੇ ਵਿਚ ਐਸੀ ਮੋਰਚਾ ਬੰਦੀ ਸੀ ਕਿ ਪਹਿਲੇ 50 ਫੌਜੀ ਉਥੇ ਹੀ ਮਾਰੇ ਗਏ, ਹਰ ਪਾਸੇ ਘੁੱਪ ਹਨੇਰਾ ਸੀ, ਫੌਜ ਲਾਈਟਾਂ ਤੇ ਟਾਰਚਾਂ ਨਾਲ ਅੱਗੇ ਵਧਦੀ। ਮੁਕਾਬਲਾ ਇਤਨਾ ਸਖਤ ਹੋਇਆ ਕਿ ਫੌਜ ਦੇ ਕਮਾਂਡਰ ਨੇ ਜਨਰਲ ਸੁੰਦਰ ਜੀ ਨੂੰ ਕਿਹਾ ਕਿ ਸਾਡੀ ਫੌਜ ਨੁਕਸਾਨ ਹੋਰ ਉਠਾਵੇਗੀ, ਕੁਝ ਕਰੋ। ਜਨਰਲ ਸੁੰਦਰਜੀ ਨੇ ਸਿੱਧਾ ਪ੍ਰਧਾਨ ਮੰਤਰੀ ਤੋਂ ਇਹ ਆਗਿਆ ਲਈ ਕਿ ਟੈਂਕ ਅੰਦਰ ਵਾੜੇ ਜਾਣ ਅਤੇ ਇਹ ਕਿਹਾ ਕਿ ਟੈਂਕ ਨਾ ਵਰਤੇ ਗਏ ਤਾਂ ਫੌਜ ਨੂੰ ਕਾਮਯਾਬੀ ਨਹੀਂ ਮਿਲੇਗੀ। ਪਹਿਲਾ ਟੈਂਕ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਅਸਥਾਨ ਤੇ ਖਾੜਕੂਆਂ ਵੱਲੋਂ ਫੇਲ੍ਹ ਕਰ ਦਿੱਤਾ ਗਿਆ, ਫੌਜ ਡਰ ਗਈ। ਅਜਿਹੇ ਹਥਿਆਰ ਖਾੜਕੂਆਂ ਕੋਲ ਸਨ ਜਿਹੜੇ ਟੈਂਕਾਂ ਨੂੰ ਵੀ ਰੋਕ ਸਕਦੇ ਸਨ। ਇਸ ਕਰਕੇ ਵਧੇਰੇ ਫੌਜ ਅਤੇ ਟੈਂਕ ਅੰਦਰ ਭੇਜੇ ਗਏ ਜਿਨਾਂ ਨੇ ਅੰਨੇਵਾਹ ਫਾਇਰਿੰਗ ਕਰਕੇ ਸ੍ਰੀ ਅਕਾਲ ਤਖਤ ਦੀ ਇਮਾਰਤ ਨੂੰ ਢਾਹਿਆ ਜਿਸ ਨਾਲ ਖਾੜਕੂ ਮਲਬੇ ਵਿਚ ਦੱਬੇ ਗਏ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸ਼ਹੀਦੀ ਉਸੇ ਸਮੇਂ ਹੋਈ। ਉਸ ਬਾਰੇ ਵੱਖ-ਵੱਖ ਰਿਪੋਰਟਾਂ ਹਨ। ਮੈਂ ਇਹ ਵੀ ਸੁਣਿਆ ਸੀ ਕਿ ਭਿੰਡਰਾਂਵਾਲਾ ਦੌੜ ਕੇ ਸ੍ਰੀ ਅਕਾਲ ਤਖਤ ਵਿਚੋਂ ਲੜਨ ਲਈ ਬਾਹਰ ਆਏ ਪਰ ਲੱਤ ਵਿਚ ਗੋਲੀ ਲੱਗੀ ਤੇ ਉਸ ਨੂੰ ਅੰਦਰ ਚੁੱਕ ਕੇ ਲੈ ਗਏ, ਤੇ ਟੈਂਕ ਦੇ ਹਮਲੇ ਸਮੇਂ ਉਹ ਸ਼ਹੀਦ ਹੋਏ। ਸ੍ਰੀ ਅਕਾਲ ਤਖਤ ਸਾਹਿਬ ਅੰਦਰ ਹੀ ਸ੍: ਸੁਬੇਗ ਸਿੰਘ ਤੇ ਸ੍: ਅਮਰੀਕ ਸਿੰਘ ਦੀਆਂ ਦੇਹਾਂ ਦੱਬੀਆਂ ਪਈਆਂ ਸਨ। ਸਾਰੀ ਰਾਤ ਲੜਾਈ ਹੁੰਦੀ ਰਹੀ ਅਤੇ ਤਾਕਤ ਦੇ ਸਹਾਰੇ ਫੌਜ ਨੇ ਆਪਣਾ ਕਬਜ਼ਾ ਕਰ ਲਿਆ। ਸ੍ਰੀ ਅਕਾਲ ਤਖਤ ਸਾਹਿਬ ਤੋਂ ਜਵਾਬੀ ਗੋਲੀ ਦੀ ਆਵਾਜ਼ ਬੰਦ ਹੋ ਗਈ। ਫੌਜ ਨੇ ਸੁੱਖ ਦਾ ਸਾਹ ਲਿਆ। ਸੈਂਕੜੇ ਸਿੱਖ ਪਕੜੇ ਗਏ। ਰੱਸੀਆਂ ਨਾਲ ਪੁੱਠੇ ਬੰਨ ਲਏ ਸਨ। ਕੇਵਲ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ, ਸ੍: ਅਮਰੀਕ ਸਿੰਘ ਤੇ ਸ੍: ਸੁਬੇਗ ਸਿੰਘ ਦੀਆਂ ਦੇਹਾਂ ਦੇ ਠੀਕ ਤਰ੍ਹਾਂ ਸਸਕਾਰ ਗੁਰਦੁਆਰਾ ਸ਼ਹੀਦਾਂ ਦੇ ਸਾਹਮਣੇ ਕੀਤਾ ਗਿਆ। ਬਾਕੀ ਸਾਰੇ ਟਰੱਕਾਂ ਵਿਚ ਲੱਦ ਕੇ ਇਕੱਠੇ ਚਿਤਾ ਵਿਚ ਪਾਏ ਗਏ।

ਬਹੁਤ ਸਾਰੇ ਅਫਸਰ ਉਸ ਵਕਤ ਕਿਸੇ ਨਾ ਕਿਸੇ ਪੋਸਟ ਤੇ ਅੰਮ੍ਰਿਤਸਰ ਵਿਚ ਮੌਜੂਦ ਸਨ ਪਰ ਕਿਸੇ ਨੇ ਵੀ ਅੱਜ ਤਕ ਇਸ ਸਾਕੇ ਦਾ ਵਰਨਣ ਨਹੀਂ ਕੀਤਾ। ਸ੍: ਹਰਜੀਤ ਸਿੰਘ ਸੀ.ਆਈ.ਡੀ ਮੁਖੀ ਸਨ। ਉਹਨਾਂ ਨੇ ਕੇਵਲ ਇਤਨਾ ਦੱਸਿਆ ਕਿ ਸੰਤ ਜਰਨੈਲ ਸਿੰਘ

ਭਿੰਡਰਾਂਵਾਲਾ ਤੇ ਬਾਕੀ ਦੋਵਾਂ ਸਾਥੀਆਂ ਦਾ ਸਸਕਾਰ ਠੀਕ ਤਰ੍ਹਾਂ ਕੀਤਾ ਗਿਆ ਸੀ। ਉਸ ਵਕਤ ਉਥੋਂ ਦੇ ਚੀਫ ਮੈਡੀਕਲ ਅਫਸਰ ਡਾ. ਦਲਬੀਰ ਸਿੰਘ ਨੇ ਪੋਸਟ ਮਾਰਟਮ ਵੀ ਕੀਤੇ ਪਰ ਰਿਟਾਇਰ ਹੋਣ ਪਿੱਛੋਂ ਵੀ ਉਹਨਾਂ ਨੇ ਇਸ ਸਾਰੀ ਘਟਨਾ ਬਾਰੇ ਕੋਈ ਜ਼ਿਕਰ ਨਹੀਂ ਕੀਤਾ। ਹੁਣ ਇਹ ਉਚਿਤ ਸਮਾਂ ਹੈ ਕਿ ਜਿਸ ਕੋਲ ਵੀ ਕੋਈ ਜਾਣਕਾਰੀ ਬਲਿਊ ਸਟਾਰ ਓਪਰੇਸ਼ਨ ਸੰਬੰਧੀ ਹੋਵੇ ਉਹ ਉਸ ਨੂੰ ਜ਼ਰੂਰੀ ਲਿਖੇ ਜਾਂ ਕਿਸੇ ਨੂੰ ਦੱਸੇ। ਇਸ ਸਾਕੇ ਦੀ ਵੱਧ ਛਾਣਬੀਣ ਲਈ ਹਰ ਉਸ ਵਿਅਕਤੀ ਨੂੰ ਜਿਸ ਨੂੰ ਇਸ ਦੀ ਮਾੜੀ ਮੋਟੀ ਵੀ ਸੂਹ ਹੈ, ਜ਼ਾਹਿਰ ਕਰਨੀ ਚਾਹੀਦੀ ਹੈ। ਹਮਲੇ ਵਾਲੀ ਫੌਜ ਦੇ ਮੁਖੀ ਜਨਰਲ ਬਰਾੜ ਨੇ ਕਿਤਾਬ ਲਿਖੀ ਹੈ ਪਰ ਉਸ ਦੇ ਨਾਲ ਕਈ ਹੋਰ ਸਿੱਖ ਅਫਸਰ ਵੀ ਸਨ ਜਿਹੜੇ ਚੁੱਪ ਧਾਰੀ ਬੈਠੇ ਹਨ। ਕਰਨਲ ਗਰੇਵਾਲ ਜੋ ਖੁਫੀਆ ਏਜੰਸੀ ਦੇ ਮੁਖੀ ਹਨ ਉਹਨਾਂ ਨੂੰ ਮੈਂ ਕਈ ਵਾਰੀ ਬੇਨਤੀ ਕੀਤੀ ਹੈ ਕਿ ਉਹ ਲਿਖਣ। ਜਿਹੜੇ ਖਾੜਕੂ ਅੰਦਰ ਸਨ ਤੇ ਫੌਜ ਨੇ ਫੜ ਲਏ ਸਨ ਜਾਂ ਜੋ ਬਚ ਕੇ ਨਿਕਲ ਗਏ ਉਹਨਾਂ ਨੂੰ ਵੀ ਸੱਚੀ ਕਹਾਣੀ ਦੱਸਣੀ ਚਾਹੀਦੀ ਹੈ। ਸਿੰਘ ਸਾਹਿਬ ਮੋਹਨ ਸਿੰਘ ਤੇ ਸਿੰਘ ਸਾਹਿਬ ਪੂਰਨ ਸਿੰਘ ਸ੍ਰੀ ਦਰਬਾਰ ਸਾਹਿਬ ਅੰਦਰ ਮੌਜੂਦ ਸਨ।

ਇਸ ਦੁਖਦਾਈ ਘਟਨਾ ਦਾ ਇਕ ਪੱਖ ਸਾਡੇ ਵਿਚਾਰਨ ਲਈ ਹੈ। ਇਸ ਸਾਕੇ ਬਾਰੇ ਗੈਰ ਸਿੱਖਾਂ ਵਿਚ ਕਈ ਕਿਸਮ ਦੀ ਚਰਚਾ ਹੈ। ਆਮ ਕਰਕੇ ਅਸੀਂ ਸਵਾਲ ਜਵਾਬ ਕਰਨ ਨੂੰ ਵੀ ਤਿਆਰ ਨਹੀਂ ਹੁੰਦੇ। ਸਵਾਲ ਹੈ, ਕਿ ਦਰਬਾਰ ਸਾਹਿਬ ਅੰਦਰ ਇਤਨਾ ਅਸਲਾ ਕਿਵੇਂ ਇਕੱਠਾ ਹੋਇਆ, ਤੇ ਸਿੱਖ ਬੁੱਧੀਜੀਵੀ ਜਾਂ ਵਿਦਵਾਨ ਬਲਿਊ ਸਟਾਰ ਕਾਰਵਾਈ ਹੋਣ ਤੋਂ ਪਹਿਲਾਂ ਕਿਉਂ ਚੁੱਪਚਾਪ ਕੇ ਬੈਠੇ ਰਹੇ ? ਉਹਨਾਂ ਨੇ ਇਸ ਸਾਕੇ ਨੂੰ ਟਾਲਣ ਵਿਚ ਕੀ ਹਿੱਸਾ ਪਾਇਆ ? ਇਸ ਟਕਰਾਓ ਦੀ ਪਾਲਿਸੀ ਵਿਚ ਸਿੱਖਾਂ ਨੇ ਕੀ ਖੱਟਿਆ ? ਇਹ ਸਵਾਲ ਮੁੜ-ਮੁੜ ਪੱਤਰਕਾਰ ਪੁੱਛਦੇ ਹਨ। ਭਾਰਤ ਸਰਕਾਰ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਤਾਂ ਰੱਜ ਕੇ ਬਦਨਾਮੀ ਹੋਈ, ਜਿਹੜੀ ਹੁਣ ਤਕ ਵੀ ਠੰਡੀ ਨਹੀਂ ਪਈ ਪਰ ਸਭ ਤੋਂ ਵੱਧ ਨੁਕਸਾਨ ਦਰਬਾਰ ਸਾਹਿਬ ਤੇ ਅਕਾਲ ਤਖਤ ਦਾ ਹੋਇਆ ਤੇ ਹਜ਼ਾਰਾਂ ਸਿੱਖ ਨੌਜਵਾਨਾਂ ਦੀਆਂ ਜਾਨਾਂ ਗਈਆਂ। ਇਸ ਸਾਰੀ ਕਾਰਵਾਈ ਬਾਰੇ ਹੁਣ ਵੱਡੇ-ਵੱਡੇ ਸਵਾਲ ਉੱਠ ਰਹੇ ਹਨ। ਅੱਜ ਲੋਕ ਦੂਜੀ ਵੱਡੀ ਜੰਗ ਦੇ ਕਾਰਨਾਂ ਤੇ ਹੋਏ ਨੁਕਸਾਨ ਬਾਰੇ ਸੈਮੀਨਾਰ ਕਰਦੇ ਹਨ। ਹਿਟਲਰ ਬਾਰੇ ਅਨੇਕਾਂ ਕਿਤਾਬਾਂ ਆ ਰਹੀਆਂ ਹਨ। ਪਰ ਸਾਡੇ ਸਿੱਖਾਂ ਵਿਚ ਇਕ ਵੱਡੀ ਘਾਟ ਹੈ, ਅਸੀਂ ਕਿਸੇ ਵੀ ਹੋਈ ਘਟਨਾ ਨੂੰ ਜਾਂ ਕਿਸੇ ਐਜੀਟੇਸ਼ਨ ਦੀ ਘੋਖ ਕਰਨ ਬਾਰੇ ਵਿਚਾਰ-ਵਟਾਂਦਰੇ ਦੇ ਉਲਟ ਹਾਂ। ਜੇ ਕੋਈ ਇਸ ਬਾਰੇ ਉਪਰਾਲਾ ਕਰਦਾ ਹੈ, ਉਸ ਦੀ ਨਿੰਦਿਆ ਕਰਦੇ ਹਾਂ। ਸਿੱਖਾਂ ਵਿਚ ਇਕ ਐਸੀ ਰੀਤ ਹੈ ਕਿ ਹਰ ਕੋਈ ਅਖਬਾਰਾਂ ਵਿਚ ਬਿਆਨ ਦੇਣ ਲਈ ਕਾਹਲਾ ਹੁੰਦਾ ਹੈ। ਲਿਖਣ ਪੜਨ, ਸੈਮੀਨਾਰ ਕਰਨ, ਵਿਚਾਰ ਵਟਾਂਦਰਾ ਕਰਨ ਨੂੰ ਅਸੀਂ ਤਿਆਰ ਨਹੀਂ ਹੁੰਦੇ। ਅੱਜ ਇਸ ਗੱਲ ਦੀ ਲੋੜ ਹੈ ਕਿ ਦੁਨੀਆਂ ਵਿਚ ਬਦਲੀਆਂ ਸਥਿਤੀਆਂ ਨੂੰ ਮੁੱਖ ਰੱਖਕੇ ਅਸੀਂ ਵੀ ਕੁਝ ਸਬਕ ਸਿਖੀਏ। ਬੇ-ਤੁਕੇ ਐਲਾਨ, ਬੇ-ਮਤਲਬ ਦੇ ਝਗੜੇ ਤੇ ਹਰ ਵਕਤ ਕੌਮ ਨੂੰ ਲੜਨ ਤੇ ਜੂਝਣ ਦੀ ਦਿਸ਼ਾ ਤੋਂ ਬਾਹਰ ਕੱਢ ਕੇ ਸਿੱਖ ਦੀ ਸਹੀ ਲੋੜ ਖਾਸ ਕਰਕੇ ਧਾਰਮਿਕ, ਆਰਥਿਕ, ਸਮਾਜਕ ਅਤੇ ਵਿੱਦਿਅਕ ਵੱਲ ਵੀ ਸੋਚੀਏ। ਨਿਸ਼ਾਨੇ ਬਹੁਤ ਉੱਚੇ, ਸੁਪਨੇ ਵੱਡੇ-ਵੱਡੇ ਪਰ ਸਿੱਖਾਂ ਵਿਚ ਫੈਲ ਰਹੀ ਪਤਿਤਪੁਣੇ ਦੀ ਲਹਿਰ, ਨਸ਼ਿਆਂ ਦੀ ਵਰਤੋਂ, ਹੱਥੀਂ ਕੰਮ ਕਰਨ ਦੀ ਰੁਚੀ ਦਾ ਖਾਤਮਾ, ਵਿਦਿਆ ਵਿਚ ਪਛੜਿਆਪਣ, ਜੋ ਸਾਡੇ ਮੁੱਖ ਚਿੰਤਾ ਦੇ ਵਿਸ਼ੇ ਹਨ, ਸਾਡੇ ਏਜੰਡੇ ਤੇ ਨਹੀਂ ਹਨ। ਬਲਿਊ ਸਟਾਰ ਅਪਰੇਸ਼ਨ ਬਾਰੇ ਵੱਧ ਤੋਂ ਵੱਧ ਜਾਣਕਾਰੀ ਇਕੱਠੀ ਹੋਵੇ, ਇਸ ਬਾਰੇ ਮੈਂ ਬੜਾ ਕੁਝ ਪਹਿਲਾਂ ਵੀ ਲਿਖ ਚੁੱਕਾ ਹਾਂ। ਬਲਿਊ ਸਟਾਰ ਕਾਰਵਾਈ ਦੇ ਇਕ ਦਿਨ ਪਿਛੋਂ ਮੈਂ 8 ਜੂਨ ਨੂੰ ਅੰਮ੍ਰਿਤਸਰ ਦਰਬਾਰ ਸਾਹਿਬ

ਅੰਦਰ ਜਾ ਕੇ ਆਪ ਇਹ ਦੁਖਦਾਈ ਘਟਨਾ ਵੇਖੀ ਹੈ। ਉਸ ਵਕਤ ਲੰਗਰ ਵਾਲੇ ਪਾਸੇ ਸਿੱਖਾਂ ਦਾ ਅਖੀਰਲਾ ਮੋਰਚਾ ਚੱਲ ਰਿਹਾ ਸੀ ਤੇ ਗੋਲੀਆਂ ਦੀ ਅਵਾਜ਼ ਆ ਰਹੀ ਸੀ। ਸਾਰੀ ਪ੍ਰਕਰਮਾ ਵਿਚ ਖ਼ੂਨ ਦੇ ਨਿਸ਼ਾਨ ਵੇਖੇ, ਰੋਣ ਆਇਆ ਕਿ ਹੇ ਸਤਿਗੁਰੂ! ਅਸੀਂ ਅੱਜ ਇਹ ਕੁਝ ਵੀ ਵੇਖਣਾ ਸੀ ਕਿ ਸਭ ਤੋਂ ਪਵਿੱਤਰ ਅਸਥਾਨ ਇਕ ਜੰਗ ਦਾ ਮੈਦਾਨ ਬਣਿਆ ਹੋਇਆ ਹੈ। ਸਰੋਵਰ ਵਿਚ ਲਾਸ਼ਾਂ ਤਰ ਰਹੀਆਂ ਹਨ, ਹਰ ਪਾਸੇ ਹਮਲੇ ਦੀਆਂ ਨਿਸ਼ਾਨੀਆਂ ਨਜ਼ਰ ਆ ਰਹੀਆਂ ਸਨ, ਮੈਂ ਉਸ ਦਿਨ ਸਾਰੇ ਅੰਮ੍ਰਿਤਸਰ ਸ਼ਹਿਰ ਵਿਚ ਲੱਗਾ ਕਰਫਿਊ ਵੀ ਦੇਖਿਆ। ਲੋਕਾਂ ਨੂੰ ਕਈ ਦਿਨ ਆਪਣੇ-ਆਪਣੇ ਘਰਾਂ ਵਿਚ ਰਹਿਣਾ ਪਿਆ। ਇਸ ਦੁਖਦਾਈ ਘਟਨਾ ਦੀ ਯਾਦ ਸਦਾ ਸਿੱਖਾਂ ਦੇ ਮਨਾਂ ਵਿਚ ਰਹੇਗੀ। ਇਕ ਬੜੀ ਅਜੀਬ ਗੱਲ ਮੈਂ ਵੇਖੀ ਜਦ ਮੈਂ ਛਾਉਣੀ ਵਿਚ ਗਿਆ, ਉਥੇ ਫੌਜ ਨੇ ਜੋ ਬੋਰਡ ਲਾ ਰੱਖੇ ਸਨ ਉਥੇ ਲਿਖਿਆ ਸੀ "ਦੁਸ਼ਮਣ ਫੌਜ ਦੇ ਕੈਦੀ" "ਦੁਸ਼ਮਣ ਫੌਜ ਦੇ ਜ਼ਖਮੀ" ਆਦਿ। ਭਾਰਤੀ ਫੌਜ ਆਪਣੇ ਹੀ ਦੇਸ਼ ਵਿਚ ਹੋਈ ਕਾਰਵਾਈ ਨੂੰ ਕਿਸੇ ਦੁਸ਼ਮਣ ਫੌਜ ਨਾਲ ਹੋਏ ਮੁਕਾਬਲੇ ਦੀ ਤੁਲਨਾ ਦੇ ਰਹੀ ਸੀ। ਸਰਕਾਰ ਨੇ ਫੌਜੀ ਅਫਸਰਾਂ ਨੂੰ ਇਸੇ ਅਖੌਤੀ ਦੁਸ਼ਮਣ ਤੇ ਕਾਬੂ ਪਾਉਣ ਲਈ ਸਨਮਾਨ ਵੀ ਦਿੱਤਾ। ਇਹੋ ਜਿਹੀ ਪਾਲਿਸੀ ਕਿਉਂ ਅਪਣਾਈ ਉਸ ਵਕਤ ਸਰਕਾਰ ਨੇ?

(6-6-2005)

# ਜ਼ੀਰਾ ਤੇ ਫਿਰੋਜ਼ਪੁਰ ਪਾਕਿਸਤਾਨ ਵਿਚ ਜਾਣ ਤੋਂ ਕਿਵੇਂ ਬਚੇ ?

ਭਾਰਤ ਦੀ ਆਜ਼ਾਦੀ ਬੜੇ ਵੱਡੇ ਮੁੱਲ ਨਾਲ ਪ੍ਰਾਪਤ ਹੋਈ। ਮੁਸਲਮ ਲੀਗ ਆਪਣੀ ਮੰਗ ਮੰਨਵਾਉਣ 'ਚ ਕਾਮਯਾਬ ਹੋਈ। 1947 'ਚ ਅੰਗਰੇਜ਼ ਸਰਕਾਰ ਨੇ ਭਾਰਤ ਆਜ਼ਾਦ ਕਰਨ ਸਮੇਂ ਪਾਕਿਸਤਾਨ ਨੂੰ ਵੱਖਰਾ ਮੁਲਕ ਕਰਕੇ ਮੁਸਲਮਾਨਾਂ ਨੂੰ ਖੁਸ਼ ਕਰ ਦਿਤਾ। ਉਸ ਵਕਤ ਮਾਸਟਰ ਤਾਰਾ ਸਿੰਘ ਦੀ ਸਿਆਣਪ ਸਦਕਾ ਅੱਧਾ ਪੰਜਾਬ ਭਾਰਤ 'ਚ ਰਹਿ ਗਿਆ ਵਰਨਾ ਮੁਸਲਮਾਨ ਬਹੁਗਿਣਤੀ 'ਚ ਹੋਣ ਕਰਕੇ ਸਾਰਾ ਪੰਜਾਬ ਪਾਕਿਸਤਾਨ ਦਾ ਹਿੱਸਾ ਹੋਣਾ ਸੀ। ਕੇਵਲ ਸਿੱਖਾਂ ਦੇ ਮੁਫਾਦ ਨੂੰ ਮੁੱਖ ਰੱਖ ਕੇ ਅੰਗਰੇਜ਼ ਨੇ ਪੰਜਾਬ ਨੂੰ ਦੋ ਹਿੱਸਿਆਂ 'ਚ ਵੰਡਿਆ। ਇਸ ਬਾਰੇ ਪੰਜ ਸਾਲ ਲਗਾਤਾਰ ਅਕਾਲੀ ਦਲ ਨੇ ਬੜੀ ਸਿਆਣਪ ਅਤੇ ਦ੍ਰਿੜਤਾ ਨਾਲ ਆਪਣੀ ਵਿਉਂਤਬੰਦੀ ਕੀਤੀ ਸੀ।

ਪੰਜਾਬ ਨੂੰ ਵੰਡਣ ਲਈ ਅੰਗਰੇਜ਼ ਸਰਕਾਰ ਨੇ 4 ਜੂਨ, 1947 ਨੂੰ ਐਲਾਨ ਕਰ ਦਿੱਤਾ। ਇਸ ਲਈ ਇਕ ਬਾਊਂਡਰੀ ਕਮਿਸ਼ਨ ਬਣਾਇਆ ਜਿਸ ਦੇ ਚੇਅਰਮੈਨ ਸਰ ਰੈਡਕਲਿਫ ਬਣਾਏ ਗਏ। ਉਨ੍ਹਾਂ ਨਾਲ ਇਕ ਮੁਸਲਮਾਨ ਜੱਜ ਮੁਹੰਮਦ ਮੁਨੀਰ, ਹਿੰਦੂ ਜਸਟਿਸ ਸ੍ਰੀ ਮੇਹਰ ਚੰਦ ਮਹਾਜਨ ਅਤੇ ਸਿੱਖ ਜਸਟਿਸ ਤੇਜਾ ਸਿੰਘ ਲਾਏ ਗਏ। ਇਨ੍ਹਾਂ ਦੇ ਸਾਹਮਣੇ ਸਾਰੀਆਂ ਪਾਰਟੀਆਂ ਨੇ ਆਪਣੇ ਪੱਖ ਪੇਸ਼ ਕੀਤੇ। ਸਿੱਖਾਂ ਵੱਲੋਂ ਸ. ਹਰਨਾਮ ਸਿੰਘ ਜੋ ਪੰਜਾਬ ਹਾਈ ਕੋਰਟ ਦੇ ਪਿੱਛੋਂ ਜਾ ਕੇ ਜੱਜ ਬਣੇ ਵਕੀਲ ਵਜੋਂ ਪੇਸ਼ ਹੋਏ। ਅਕਾਲੀ ਦਲ ਨੇ ਦਰਿਆ ਚਨਾਬ ਤੱਕ ਇਲਾਕਾ ਮੰਗਿਆ ਜਿਸ 'ਚ ਨਨਕਾਣਾ ਸਾਹਿਬ, ਲਾਹੌਰ ਲਾਇਲਪੁਰ ਮਿੰਟਗੁੰਮਰੀ ਆਦਿ ਇਲਾਕੇ ਆਉਂਦੇ ਸਨ। ਮੁਸਲਿਮ ਲੀਗ ਰਾਵੀ ਦਰਿਆ ਦੀ ਹੱਦ ਤੋਂ ਪਾਰ ਕੁਝ ਇਲਾਕੇ ਗੁਰਦਾਸਪੁਰ, ਅੰਮ੍ਰਿਤਸਰ, ਫਿਰੋਜ਼ਪੁਰ ਆਦਿ ਜ਼ਿਲ੍ਹਿਆਂ 'ਚੋਂ ਮੰਗ ਰਹੀ ਸੀ। ਕਮਿਸ਼ਨ ਨੇ ਆਪਣੀ ਰਿਪੋਰਟ 14 ਅਗਸਤ ਨੂੰ ਦੇਣੀ ਸੀ।

ਗਵਰਨਰ ਪੰਜਾਬ ਸਰ ਜੈਕਿਨ ਨੇ ਕਿਸੇ ਤਰੀਕੇ ਨਾਲ ਰਿਪੋਰਟ ਪਹਿਲਾਂ ਪ੍ਰਾਪਤ ਕਰਨ ਦਾ ਯਤਨ ਕੀਤਾ ਤਾਂ ਜੋ ਕਾਨੂੰਨ ਦੀ ਰੱਖਿਆ ਲਈ ਤਿਆਰੀ ਕੀਤੀ ਜਾ ਸਕੇ। ਉਸ ਇਤਲਾਹ ਅਨੁਸਾਰ ਜ਼ੀਰਾ ਤੇ ਫਿਰੋਜ਼ਪੁਰ ਤਹਿਸੀਲਾਂ ਪਾਕਿਸਤਾਨ ਵੱਲ ਦਰਜ ਸਨ। ਇਥੇ ਮੁਸਲਮਾਨਾਂ ਦੀ ਬਹੁ-ਗਿਣਤੀ ਸੀ। ਇਸ ਗੱਲ ਦੀ ਭਿਣਕ ਗਿਆਨੀ ਕਰਤਾਰ ਸਿੰਘ ਹੋਰਾਂ ਨੂੰ ਵੀ ਮਿਲ ਗਈ। ਕਈ ਇਤਿਹਾਸ ਦੇ ਵਿਦਿਆਰਥੀਆਂ ਨੂੰ ਸ਼ਾਇਦ ਪਤਾ ਹੋਣਾ ਹੈ ਕਿ ਉਨ੍ਹਾਂ ਦਿਨਾਂ 'ਚ ਇਕ ਰਿਟਾਇਰਡ ਅੰਗਰੇਜ਼ ਫੌਜੀ ਅਫਸਰ ਮੇਜਰ ਜੇਮਜ਼ ਸ਼ਾਰਟ ਦਾ ਨਾਂ ਬੜਾ ਮਸ਼ਹੂਰ ਸੀ। ਉਹ ਅੰਗਰੇਜ਼ ਸਰਕਾਰ ਅਤੇ ਸਿੱਖ ਲੀਡਰਾਂ ਦੇ ਵਿਚਕਾਰ ਮੇਲ-ਜੋਲ ਰੱਖਣ ਵਾਲਾ ਅਫਸਰ ਸੀ। ਉਸ ਨੇ ਦੂਜੀ ਜੰਗ 'ਚ ਸਿੱਖਾਂ ਨੂੰ ਫੌਜ 'ਚ ਭਰਤੀ ਕਰਾਉਣ ਲਈ ਬੜਾ ਕੰਮ ਕੀਤਾ ਸੀ। ਜੰਗ ਪਿਛੋਂ ਉਹ ਕਰਿਪਸ ਮਿਸ਼ਨ ਨਾਲ ਭਾਰਤ 'ਚ ਕੰਮ ਕਰਦਾ ਰਿਹਾ। ਫਿਰ ਜਦ ਅੰਗਰੇਜ਼ ਸਰਕਾਰ ਨੇ ਆਜ਼ਾਦੀ ਦੇਣ ਦਾ ਫੈਸਲਾ ਕਰ ਲਿਆ ਤਾਂ ਲਾਰਡ

ਮਾਊਂਟਬੈਟਨ, ਵਾਇਸਰਾਏ ਹਿੰਦ ਨੇ ਉਸ ਨੂੰ ਆਪਣੇ ਦਫਤਰ 'ਚ ਸਿੱਖਾਂ ਨਾਲ ਗੱਲ ਕਰਨ ਲਈ ਰੱਖ ਲਿਆ। ਮੇਜਰ ਸ਼ਾਰਟ ਮਾਸਟਰ ਤਾਰਾ ਸਿੰਘ ਹੋਰਾਂ ਦਾ ਤੇ ਹੋਰ ਅਕਾਲੀ ਲੀਡਰਾਂ ਦਾ ਦੋਸਤ ਸੀ।

ਜਦ ਬਾਊਂਡਰੀ ਕਮਿਸ਼ਨ ਦਾ ਫੈਸਲਾ ਹੋਣਾ ਸੀ, ਮਾਸਟਰ ਤੇ ਗਿਆਨੀ ਜੀ ਨੇ ਮੇਜਰ ਸ਼ਾਰਟ ਨੂੰ ਆਪਣੇ ਲਈ ਵਰਤਿਆ। ਗਿਆਨੀ ਕਰਤਾਰ ਸਿੰਘ ਨੇ ਦਿੱਲੀ ਜਾ ਕੇ ਵਾਇਸਰਾਏ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਪਰ ਮੁਲਾਕਾਤ ਨਾ ਹੋ ਸਕੀ। ਮੇਜਰ ਸ਼ਾਰਟ ਨੇ ਆਪਣੇ ਸਬੰਧਾਂ ਨਾਲ ਵਾਇਸਰਾਏ ਰਾਹੀਂ ਬਾਊਂਡਰੀ ਕਮਿਸ਼ਨ ਦੇ ਪ੍ਰਧਾਨ ਸਰ ਰੈਡਕਲਿਫ ਨੂੰ ਸਿਫਾਰਸ਼ ਕਰਵਾਈ ਕਿ ਉਹ ਸਿੱਖਾਂ ਦਾ ਖਾਸ ਧਿਆਨ ਰੱਖੇ। ਉਸ ਵਕਤ ਦੀ ਇਸ ਸਿਆਣਪ ਦੀ ਕਾਰਵਾਈ ਸਦਕਾ ਕਮਿਸ਼ਨ ਨੇ ਅਖੀਰਲੇ ਦਿਨ ਵੰਡ ਦੇ ਨਕਸ਼ੇ ਦੀ ਲਕੀਰ ਬਦਲ ਕੇ ਜ਼ੀਰਾ, ਫਿਰੋਜ਼ਪੁਰ ਪੂਰਬੀ ਪੰਜਾਬ 'ਚ ਪਾ ਦਿੱਤੇ।

ਇਸ ਘਟਨਾ ਦੀ ਬੜੀ ਦੇਰ ਪਿੱਛੋਂ ਸੂਹ ਨਿਕਲੀ। ਪੱਛਮੀ ਪੰਜਾਬ ਦੇ ਗਵਰਨਰ ਸਰ ਫਰੈਂਸਿਸ ਮੂਡੀ ਨੇ ਸਭ ਤੋਂ ਪਹਿਲਾਂ ਇਸ ਭੇਦ ਦਾ ਜ਼ਿਕਰ ਕੀਤਾ ਕਿ ਫੈਸਲਾ ਹੋ ਚੁੱਕਣ ਤੋਂ ਪਿੱਛੋਂ ਇਹ ਅਦਲਾ-ਬਦਲੀ ਕੀਤੀ ਗਈ। ਪਾਕਿਸਤਾਨੀ ਲੀਡਰ ਲਾਰਡ ਮਾਊਂਟਬੈਟਨ ਦੇ ਖਿਲਾਫ ਇਲਜ਼ਾਮ ਲਾਉਂਦੇ ਰਹੇ ਕਿ ਉਸ ਨੇ ਇਹ ਗਲਤ ਕੰਮ ਕਰਵਾਇਆ ਹੈ।

ਸਰ ਰੈਡਕਲਿਫ ਨੇ ਆਪਣੇ ਫੈਸਲੇ 'ਚ ਲਿਖਿਆ ਕਿ ਭਾਵੇਂ ਇਹ ਇਲਾਕਾ ਮੁਸਲਮਾਨਾਂ ਦੀ ਬਹੁ-ਗਿਣਤੀ ਵਾਲਾ ਹੈ ਪਰ ਇਹ ਧਿਆਨ ਰੱਖਦੇ ਹੋਏ ਕਿ ਪਾਣੀਆਂ ਦਾ ਹੈੱਡ ਵਰਕਸ ਅਤੇ ਰੇਲਵੇ ਸਿਸਟਮ ਦਾ ਠੀਕ ਰਖਣ ਲਈ ਇਹ ਜ਼ਰੂਰੀ ਹੋ ਗਿਆ ਕਿ ਇਹ ਇਲਾਕਾ ਭਾਰਤ ਵੱਲ ਰਹੇ।

ਲਾਰਡ ਮਾਊਂਟਬੈਟਨ ਦਾ ਇਕ ਖ਼ਤ ਲੰਡਨ ਮਿਲਟਰੀ ਮਿਊਜ਼ੀਅਮ 'ਚ ਪਿਆ ਹੈ ਜੋ ਉਨ੍ਹਾਂ ਆਪਣੇ ਸਕੱਤਰ ਲਾਰਡ ਇਸਮੇ ਨੂੰ ਲਿਖਿਆ ਸੀ। ਉਸ 'ਚ ਉਨ੍ਹਾਂ ਮੰਨਿਆ, ਮੈਂ ਬਾਊਂਡਰੀ ਕਮਿਸ਼ਨ ਨੂੰ ਸਿਫਾਰਸ਼ ਨਾ ਕਰਨ ਦੇ ਅਸੂਲ 'ਤੇ ਕਾਇਮ ਰਿਹਾ ਪਰ ਮੈਂ ਇਕ ਗੱਲ ਦਾ ਜ਼ਰੂਰੀ ਪ੍ਰਗਟਾਵਾ ਕੀਤਾ ਕਿ ਸਿੱਖਾਂ ਦੀ ਹਾਲਤ ਉਮੀਦ ਤੋਂ ਵੱਧ ਖਰਾਬ ਹੋ ਰਹੀ ਸੀ। ਇਸ ਲਈ ਇਹ ਜ਼ਰੂਰ ਕਿਹਾ ਕਿ 'ਜੇ ਕੋਈ ਗੱਲ ਕਰਨੀ ਹੈ ਤਾਂ ਪਾਕਿਸਤਾਨ ਨੂੰ ਬੰਗਾਲ ਦੀ ਵੰਡ 'ਚ ਦੇ ਦੇਵੇ ਕਿਉਂਕਿ ਉਥੇ ਸਿੱਖ ਵਸਦੇ ਨਹੀਂ ਸਨ'। ਇਹ ਖ਼ਤ ਡਾਕਟਰ ਪ੍ਰੋਫੈਸਰ ਕ੍ਰਿਪਾਲ ਸਿੰਘ ਜੀ ਨੇ ਆਪ ਵੇਖਿਆ ਹੈ। ਬਾਕੀ ਦੇ ਤੱਥ ਵੀ ਉਨ੍ਹਾਂ ਨੇ ਰਿਟਾਇਰਡ ਅੰਗਰੇਜ਼ ਅਫਸਰਾਂ ਨਾਲ ਵਲੈਤ ਮਿਲਣੀ ਸਮੇਂ ਇਕੱਠੇ ਕੀਤੇ ਸਨ।

ਇਨ੍ਹਾਂ ਇਲਾਕਿਆਂ 'ਚ ਵਸਦੇ ਪੰਜਾਬੀ ਸਦਾ ਜਿਥੇ, ਪ੍ਰਮਾਤਮਾ ਦਾ ਸ਼ੁਕਰ ਕਰਨ ਉਥੇ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਵੱਲੋਂ ਕੀਤੀਆਂ ਸੇਵਾਵਾਂ ਨੂੰ ਵੀ ਯਾਦ ਰੱਖਣ।

(15-12-1995)

# ਕਹਾਣੀ ਮਾਸਟਰ ਤਾਰਾ ਸਿੰਘ ਜੀ ਦੇ ਬੁੱਤ ਲਗਾਣ ਦੀ

ਅੱਜ ਕੱਲ੍ਹ ਅਖਬਾਰਾਂ ਵਿਚ ਮਾਸਟਰ ਤਾਰਾ ਸਿੰਘ ਜੀ ਦੇ ਜਨਮ ਦਿਨ ਮਨਾਉਣ ਸੰਬੰਧੀ ਬੜੀ ਚਰਚਾ ਚੱਲ ਰਹੀ ਹੈ, ਉਸ ਦੀ ਮੈਨੂੰ ਬੜੀ ਖੁਸ਼ੀ ਹੋਈ ਹੈ ਕਿ ਚਾਹੇ ਰਾਜਸੀ ਕਾਰਨਾਂ ਕਰਕੇ ਜਾਂ ਜ਼ਾਤੀ ਲਾਭ ਲਈ ਕਈ ਵਿਅਕਤੀਆਂ ਨੇ ਮਾਸਟਰ ਜੀ ਦੇ ਨਾਂ ਨੂੰ ਘੱਟ-ਘੱਟ ਅਖਬਾਰਾਂ ਵਿਚ ਤਾਂ ਲਿਆਂਦਾ ਹੈ। ਕਈ ਵਿਅਕਤੀ ਮਾਸਟਰ ਤਾਰਾ ਸਿੰਘ ਜੀ ਦੇ ਨਾਂ ਉੱਤੇ ਰੋਟੀਆਂ ਸੇਕ ਰਹੇ ਹਨ। ਆਮ ਲੋਕ ਭੁੱਲ ਗਏ ਹਨ ਕਿ ਅੱਜ ਜੋ ਪੰਜਾਬ ਭਾਰਤ ਵਿਚ ਹੈ, ਉਹ ਮਾਸਟਰ ਤਾਰਾ ਸਿੰਘ ਨੇ ਪਾਕਿਸਤਾਨ ਤੋਂ ਖੋਹ ਕੇ ਇੱਧਰ ਲਿਆਂਦਾ ਸੀ, ਵਰਨਾ ਸਾਰਾ ਪੰਜਾਬ ਪਾਕਿਸਤਾਨ ਵਿਚ ਚਲੇ ਜਾਣਾ ਸੀ। ਸਮੂਹ ਹਿੰਦੂ ਤੇ ਸਿੱਖਾਂ ਨੇ ਲਾਹੌਰ ਵਿਚ ਮਾਸਟਰ ਜੀ ਨੂੰ ਆਪਣਾ ਲੀਡਰ ਮੰਨਿਆ ਸੀ। ਲੋਕ ਮਾਸਟਰ ਜੀ ਨੂੰ ਇਸ ਕਰਕੇ ਵੀ ਭੁੱਲ ਗਏ ਕਿ ਪਹਿਲਾਂ ਤਾਂ ਕਾਂਗਰਸ ਸਰਕਾਰ ਉਹਨਾਂ ਵਿਰੁੱਧ ਸੀ, ਫਿਰ ਸੰਤ ਫਤਹਿ ਸਿੰਘ ਦਾ ਬੋਲ-ਬਾਲਾ ਹੋਣ ਕਰਕੇ ਮਾਸਟਰ ਜੀ ਨੂੰ ਨਜ਼ਰ-ਅੰਦਾਜ਼ ਕੀਤਾ ਗਿਆ ਸੀ। ਲੀਡਰ ਵੀ ਜਿਹੜੇ ਉਹਨਾਂ ਕਰਕੇ ਅੱਗੇ ਆਏ ਸਨ, ਉਹ ਵੀ ਨੇੜੇ ਨਾ ਲੱਗੇ। ਮੈਂ ਮਾਸਟਰ ਜੀ ਪ੍ਰਤੀ ਹਮੇਸ਼ਾ ਸ਼ਰਧਾ ਰੱਖਦਾ ਰਿਹਾ ਹਾਂ ਤੇ ਇਸ ਗੱਲ ਲਈ ਤੱਤਪਰ ਰਿਹਾ ਹਾਂ ਕਿ ਮਾਸਟਰ ਜੀ ਦੀ ਯਾਦ ਨੂੰ ਕਾਇਮ ਰੱਖਿਆ ਜਾਵੇ ਅਤੇ ਅਸੀਂ ਨਾ-ਸ਼ੁਕਰੇ ਨਾ ਬਣੀਏ। ਮੈਨੂੰ ਖੁਸ਼ੀ ਹੈ ਮਾਸਟਰ ਤਾਰਾ ਸਿੰਘ ਜੀ ਦੀ ਪਾਰਲੀਮੈਂਟ ਵਿਚ ਫੋਟੋ ਲਗਾਉਣ ਦਾ ਜੋ ਮੈਂ ਯਤਨ ਕਰ ਰਿਹਾ ਸੀ, ਉਹ ਸਿਰੇ ਚੜ੍ਹ ਗਿਆ ਅਤੇ ਇਹ ਫੋਟੋ ਪਾਰਲੀਮੈਂਟ ਵਿਚ ਲਗ ਚੁੱਕੀ ਹੈ। ਇਸ ਦਾ ਚਿੱਤਰ ਆਰਟਿਸਟ ਫੂਲਾਂ ਰਾਣੀ ਨੇ ਬਣਾਇਆ ਹੈ। ਵਾਜਪਾਈ ਜੀ ਨੇ ਇਸ ਨੂੰ ਲਗਾਉਣ ਦੀ ਰਸਮ ਅਦਾ ਕੀਤੀ ਜਿਸ ਵਿਚ ਸਾਰੇ ਲੀਡਰ ਸ਼ਾਮਲ ਸਨ।

ਸ੍ਰ: ਪ੍ਰਕਾਸ਼ ਸਿੰਘ ਬਾਦਲ 1977 ਵਿਚ ਮੁੜ ਮੁੱਖੀ ਮੰਤਰੀ ਪੰਜਾਬ ਬਣੇ। ਵਜ਼ਾਰਤ ਵਿਚ ਸ੍ਰ: ਆਤਮਾ ਸਿੰਘ ਮਾਲ ਅਤੇ ਪਬਲਿਕ ਰੀਲੇਸ਼ਨਜ਼ ਮਹਿਕਮੇ ਦੇ ਮੰਤਰੀ ਬਣੇ ਸਨ। ਉਹਨਾਂ ਨੇ ਮਾਸਟਰ ਤਾਰਾ ਸਿੰਘ ਜੀ ਦੇ ਨਾਂ ਤੇ ਇਕ ਟਰੱਸਟ ਕਾਇਮ ਕੀਤਾ ਜਿਸਦੇ ਪ੍ਰਧਾਨ ਸ੍ਰ: ਆਤਮਾ ਸਿੰਘ ਆਪ ਬਣੇ। ਮੈਂਬਰਾਂ ਵਿਚ ਸ੍ਰ: ਪ੍ਰਕਾਸ਼ ਸਿੰਘ ਬਾਦਲ, ਸ੍ਰ: ਰਵੇਲ ਸਿੰਘ ਮੰਤਰੀ, ਬੀਬੀ ਰਾਜਿੰਦਰ ਕੌਰ (ਸਪੁੱਤਰੀ ਮਾਸਟਰ ਤਾਰਾ ਸਿੰਘ) ਸ੍ਰ: ਰਵੀਇੰਦਰ ਸਿੰਘ ਸਪੀਕਰ, ਸ੍ਰ: ਤਰਲੋਚਨ ਸਿੰਘ ਜਾਇੰਟ ਡਾਇਰੈਕਟਰ, ਪਬਲਿਕ ਰੀਲੇਸ਼ਨਜ਼ ਸ਼ਾਮਲ ਸਨ। ਸ੍ਰ: ਭਾਨ ਸਿੰਘ ਸਕੱਤਰ ਐਸ.ਜੀ.ਪੀ.ਸੀ. ਨੂੰ ਮੈਂਬਰ ਸਕੱਤਰ ਬਣਾਇਆ ਗਿਆ। ਟਰੱਸਟ ਦੀ ਮੀਟਿੰਗ ਵਿਚ ਫੈਸਲਾ ਹੋਇਆ ਕਿ ਮਾਸਟਰ ਜੀ ਦੀ ਯਾਦ ਵਿਚ ਇਕ ਬੁੱਤ ਦਿੱਲੀ ਵਿਚ ਅਤੇ ਇਕ ਅੰਮ੍ਰਿਤਸਰ ਵਿਚ ਲਗਾਇਆ ਜਾਵੇ। ਬੁੱਤ ਬਣਾਨ ਦਾ ਕੰਮ ਭਾਰਤ ਦੇ ਸਭ ਤੋਂ ਪ੍ਰਸਿੱਧ ਸ਼ਿਲਪਕਾਰ ਸ੍ਰੀ ਰਾਮ ਸਤਾਰ ਨੂੰ ਦਿੱਤਾ ਗਿਆ। ਉਹਨਾਂ ਨੇ ਇਕ ਮਾਡਲ ਤਿਆਰ ਕੀਤਾ ਜਿਸ ਦੀ ਪ੍ਰਵਾਨਗੀ ਬੀਬੀ ਰਾਜਿੰਦਰ ਕੌਰ ਤੋਂ ਲਈ ਗਈ। ਥੋੜ੍ਹੇ ਸਮੇਂ ਵਿਚ ਹੀ ਸ੍ਰੀ ਰਾਮ ਸਤਾਰ ਨੇ 12 ਫੁੱਟ ਉੱਚਾ ਤਾਂਬੇ ਦਾ ਬੁੱਤ ਤਿਆਰ ਕਰ ਦਿੱਤਾ, ਬੜਾ ਹੀ ਪ੍ਰਭਾਵਸ਼ਾਲੀ, ਹੱਥ ਵਿਚ ਕ੍ਰਿਪਾਨ ਸਾਰੇ ਵੇਖਣ ਵਾਲਿਆਂ ਨੇ ਇਸਦੀ ਸਰਾਹਣਾ ਕੀਤੀ। ਦੋ ਬੁੱਤ 1978 ਵਿਚ ਤਿਆਰ ਹੋ ਗਏ ਅਤੇ ਦਿੱਲੀ ਦੇ ਜਮਨਾ ਪਾਰ ਲਕਸ਼ਮੀ ਨਗਰ ਸਥਿਤ ਸ੍ਰੀ ਸਤਾਰ ਦੇ

ਸਟੂਡੀਓ ਵਿਚ ਕਈ ਸਾਲ ਪਏ ਰਹੇ। ਬੁੱਤ ਦਾ ਸਾਰਾ ਖਰਚਾ ਟਰੱਸਟ ਨੇ ਸ੍ਰੀ ਰਾਮ ਸਤਾਰ ਨੂੰ ਚੈੱਕ ਰਾਹੀਂ ਦੇ ਦਿੱਤਾ। ਟਰੱਸਟ ਨੂੰ ਗ੍ਰਾਂਟ ਪੰਜਾਬ ਸਰਕਾਰ ਵੱਲੋਂ ਹੀ ਦਿੱਤੀ ਗਈ ਸੀ।

ਸ੍ਰ: ਆਤਮਾ ਸਿੰਘ ਨੇ ਅਨੇਕਾਂ ਚਿੱਠੀਆਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲਿਖੀਆਂ, ਸਰਕਾਰ ਤੱਕ ਵੀ ਪਹੁੰਚ ਕੀਤੀ ਪਰ ਬੁੱਤ ਲਗਾਉਣ ਲਈ ਥਾਂ ਨਾ ਦਿੱਤੀ ਗਈ। ਬੜੀ ਅਜੀਬ ਦਾਸਤਾਨ ਹੈ ਤੇ ਕਈ ਵਾਰੀ ਮਨ ਔਖਾ ਵੀ ਹੁੰਦਾ ਹੈ ਕਿ ਜਿਸ ਮਾਸਟਰ ਤਾਰਾ ਸਿੰਘ ਨੇ ਅੱਧਾ ਪੰਜਾਬ ਪਾਕਿਸਤਾਨ ਜਾਣ ਤੋਂ ਰੋਕਿਆ, ਭਾਰਤ ਦੀ ਹੱਦ ਗੁੜਗਾਓਂ ਤੋਂ ਚੁੱਕ ਕੇ ਵਾਹਗਾ ਲਿਆਂਦੀ, ਬੰਗਾਲ ਦੀ ਵੰਡ ਕਰਵਾ ਕੇ ਅੱਧਾ ਬੰਗਾਲ ਭਾਰਤ ਵਿਚ ਰੱਖਿਆ, ਉਸ ਦੇ ਬੁੱਤ ਨੂੰ 15 ਫੁੱਟ ਥਾਂ ਦਿੱਲੀ ਸਰਕਾਰ ਨੇ ਨਹੀਂ ਦਿੱਤੀ। ਸ੍ਰ: ਆਤਮਾ ਸਿੰਘ ਜੀ ਨੇ ਦਰਜਨਾਂ ਦਰਖਾਸਤਾਂ, ਚਿੱਠੀਆਂ, ਸਨੇਹੇ ਲੀਡਰਾਂ ਨੂੰ ਦਿੱਤੇ ਪਰ ਕਿਧਰੇ ਵੀ ਅਸਰ ਨਾ ਹੋਇਆ। ਗਿਆਨੀ ਜ਼ੈਲ ਸਿੰਘ ਸਾਰੀ ਉਮਰ ਮਾਸਟਰ ਜੀ ਦੀ ਉਸਤਤ ਕਰਦੇ ਰਹੇ ਸਨ। ਇਹ ਵੀ ਕਹਿੰਦੇ ਸਨ ਕਿ ਫਰੀਦਕੋਟ ਉਹਨਾਂ ਦੀ ਰਾਜੇ ਵਿਰੁੱਧ ਲੜਾਈ ਵਿਚ ਮਾਸਟਰ ਜੀ ਨੇ ਬੜੀ ਮਦਦ ਕੀਤੀ ਪਰ ਬੁੱਤ ਲਈ ਥਾਂ ਨਾ ਦਿਵਾ ਸਕੇ। ਸ੍ਰ: ਬੂਟਾ ਸਿੰਘ ਤਾਂ ਆਪਣਾ ਰਾਜਸੀ ਮੁੱਢ ਹੀ ਮਾਸਟਰ ਜੀ ਦੀ ਕ੍ਰਿਪਾ ਨੂੰ ਮੰਨਦੇ ਹਨ। ਉਹਨਾਂ ਨੂੰ ਬੰਬਈ ਤੋਂ 1962 ਵਿਚ ਬੁਲਾ ਕੇ ਮੈਂਬਰ ਪਾਰਲੀਮੈਂਟ ਮਾਸਟਰ ਜੀ ਨੇ ਹੀ ਬਣਾਇਆ, ਉਹ ਵੀ ਕੋਈ ਥਾਂ ਨਾ ਦੇ ਸਕੇ। ਕਈ ਅਕਾਲੀ ਸੈਂਟਰ ਵਿਚ ਵਜ਼ੀਰ ਵੀ ਬਣੇ, ਕਿਤਨੇ ਹੋਰ ਮਾਸਟਰ ਜੀ ਦੇ ਸ਼ਰਧਾਲੂ ਸ਼ਕਤੀ ਵਿਚ ਸਨ ਪਰ ਕੋਈ ਕਾਮਯਾਬੀ ਨਾ ਮਿਲੀ।

ਜਦ ਦਿੱਲੀ ਵਿਚ ਭਾਜਪਾ ਸਰਕਾਰ ਬਣੀ ਤਾਂ ਮੈਂ ਸ੍ਰੀ ਮਦਨ ਲਾਲ ਖੁਰਾਣਾ ਮੁੱਖ ਮੰਤਰੀ ਨੂੰ ਕਿਹਾ ਕਿ ਹੁਣ ਤੁਹਾਡੀ ਅਕਾਲੀ ਦਲ ਨਾਲ ਸਾਂਝ ਹੈ, ਬੁੱਤ ਦੀ ਥਾਂ ਦਿਵਾਓ। ਉਹਨਾਂ ਝੱਟ ਸ੍ਰ: ਹਰਸ਼ਰਨ ਸਿੰਘ ਬੱਲੀ, ਉਦਯੋਗ ਮੰਤਰੀ ਨੂੰ ਕਿਹਾ ਕਿ ਉਹ ਇਸ ਨੂੰ ਸੰਭਾਲਣ। ਬੱਲੀ ਜੀ ਮਾਸਟਰ ਜੀ ਦੇ ਨਿਕਟਵਰਤੀ ਡਾਕਟਰ ਹਰਨਾਮ ਸਿੰਘ ਵੋਹਰਾ ਦੇ ਭਤੀਜੇ ਹਨ। ਉਹਨਾਂ ਦੀ ਤਿਲਕ ਨਗਰ ਵੱਲ ਬੁੱਤ ਲਾਉਣ ਦੀ ਸਲਾਹ ਸੀ। ਸ੍ਰ: ਆਤਮਾ ਸਿੰਘ ਨੇ ਤੇ ਮੈਂ ਸੁਝਾਅ ਦਿੱਤਾ ਕਿ ਬੁੱਤ ਪਾਰਲੀਮੈਂਟ ਦੇ ਆਸ ਪਾਸ ਲਾਉਣਾ ਚਾਹੀਦਾ ਹੈ। ਇਸ ਵਿਚਕਾਰ ਗਿਆਨੀ ਹਰਜੀਤ ਸਿੰਘ ਗੁਜਰਾਂਵਾਲਾ ਐਜੂਕੇਸ਼ਨ ਸੁਸਾਇਟੀ ਲੁਧਿਆਣਾ ਵਿਚ ਲਿਆਉਣ ਦੀ ਗਲ ਚਲੀ ਪਰ ਕੋਈ ਥਾਂ ਉਹਨਾਂ ਨੂੰ ਨਾ ਮਿਲੀ, ਕੇਵਲ ਚਿੱਠੀ ਪੱਤਰ ਹੀ ਹੋਇਆ।

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨਾਂ ਨੂੰ ਵੀ ਪ੍ਰੇਰਿਆ ਗਿਆ ਕਿ ਬੁੱਤ ਰਕਾਬ ਗੰਜ ਗੁਰਦੁਆਰੇ ਦੇ ਨਾਲ ਲਗਵਾ ਦੇਣ। ਕਈ ਹਾਂ ਕਰਦੇ ਰਹੇ ਪਰ ਕੋਈ ਐਕਸ਼ਨ ਨਾ ਲੈ ਸਕੇ। ਕਹਿੰਦੇ ਰਹੇ ਕਿ ਜਥੇਦਾਰ ਅਕਾਲ ਤਖਤ ਜਾਂ ਪ੍ਰਧਾਨ ਐਸ.ਜੀ.ਪੀ.ਸੀ. ਤੋਂ ਪਹਿਲਾਂ ਪੁੱਛ ਲਈਏ ਕਿ ਬੁੱਤ ਲਗਾਉਣਾ ਠੀਕ ਹੈ ਜਾਂ ਨਹੀਂ।

ਸ੍ਰ: ਮਹਿੰਦਰ ਸਿੰਘ ਮਠਾਰੂ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸਤੰਬਰ 1996 ਨੂੰ ਬਣੇ। ਮੈਂ ਮਾਸਟਰ ਜੀ ਦੇ ਬੁੱਤ ਦੀ ਮੰਗ ਉਹਨਾਂ ਅੱਗੇ ਰੱਖੀ। ਅੱਖ ਦੇ ਫਰਕਾਰੇ ਵਿਚ ਮਠਾਰੂ ਜੀ ਨੇ ਜਥੇਦਾਰ ਅਵਤਾਰ ਸਿੰਘ ਹਿੱਤ ਅਤੇ ਸ੍ਰੀ ਇੰਦਰਪਾਲ ਸਿੰਘ ਖਾਲਸਾ ਦੀ ਮੌਜੂਦਗੀ ਵਿਚ ਐਲਾਨ ਕਰ ਦਿੱਤਾ ਕਿ ਉਹ ਰਕਾਬ ਗੰਜ ਸਾਹਿਬ ਦੇ ਬਾਹਰ ਬੁੱਤ ਲਗਵਾ ਦੇਣਗੇ। ਫਿਰ ਕੀ ਸੀ ਬਾਬਾ ਹਰਬੰਸ ਸਿੰਘ ਜੀ ਨੇ ਆਪ ਇਸ ਨੂੰ ਸਿਰੇ ਚਾੜ੍ਹਨ ਲਈ ਤੁਰੰਤ ਕਾਰਵਾਈ ਕੀਤੀ ਤੇ 10 ਫੁੱਟ ਉੱਚਾ ਥੜ੍ਹਾ ਸੰਗਮਰਮਰ ਦਾ ਬਣਾ ਦਿੱਤਾ। ਕਿਆ ਕਮਾਲ ਹੈ ਬਾਬਾ ਹਰਬੰਸ ਸਿੰਘ ਜੀ ਦੀ ਸਾਰੀ ਟੀਮ ਦਾ। ਦਿਨਾਂ ਵਿਚ ਹੀ ਸਾਰਾ ਕੰਮ ਮੁਕੰਮਲ ਹੋ ਗਿਆ ਕੇਵਲ

ਇਸਦੀ ਨਕਾਬ ਕਸ਼ਾਈ (ਪਰਦਾ ਹਟਾਉਣ ਦੀ ਰਸਮ) ਸ੍ਰੀ ਅਟਲ ਬਿਹਾਰੀ ਵਾਜਪਾਈ ਤੇ ਸ੍ਰ: ਪ੍ਰਕਾਸ਼ ਸਿੰਘ ਬਾਦਲ ਦੇ ਹੱਥੋਂ ਹੋਣੀ ਸੀ। ਪਰ ਕਈ ਭੁੱਲੜ ਸਿੱਖਾਂ ਨੇ ਪੰਗਾਂ ਪਾ ਦਿੱਤਾ ਕਿ ਸਿੱਖਾਂ ਵਿਚ ਬੁੱਤ ਲਗਾਉਣ ਦੀ ਮਨਾਹੀ ਹੈ। ਫਿਰ ਕੀ ਸੀ ਬੁੱਤ ਤੇ ਕਪੜਾ ਪਾ ਕੇ ਕੈਦ ਕਰ ਦਿੱਤਾ ਗਿਆ ਜੋ ਕਈ ਸਾਲ ਤਕ ਰਿਹਾ। ਮਾਸਟਰ ਜੀ ਜੀਉਂਦਿਆਂ ਵੀ ਜੇਲ੍ਹ ਕੈਦੀ ਰਹੇ ਸਨ ਅਤੇ ਮਰਨ ਉਪਰੰਤ ਇਹਨਾਂ ਦੇ ਬੁੱਤ ਨੂੰ ਵੀ ਕੈਦ ਵਿਚ ਰੱਖਿਆ ਗਿਆ। ਜਦ ਵਾਜਪਾਈ ਜੀ ਦੀ ਸਰਕਾਰ ਬਣੀ ਤਾਂ ਮੈਂ ਫਿਰ ਬੁੱਤ ਦੀ ਥਾਂ ਲੈਣ ਲਈ ਉਪਰਾਲਾ ਕੀਤਾ। ਸ੍ਰੀ ਜਗਮੋਹਨ ਇਸ ਮਹਿਕਮੇ ਦੇ ਮੰਤਰੀ ਬਣੇ ਉਹਨਾਂ ਨਾਲ ਕਈ ਮੀਟਿੰਗਾਂ ਹੋਈਆਂ। ਗੋਲ ਡਾਕਖਾਨੇ ਦੇ ਸਾਹਮਣੇ ਬੁੱਤ ਲਗਾਣ ਦਾ ਫੈਸਲਾ ਲਗਭਗ ਹੋ ਗਿਆ। ਉਹਨਾਂ ਦਾ ਮਹਿਕਮਾ ਬਦਲਣ ਕਰਕੇ ਦੇਰ ਹੋ ਗਈ। ਸ੍ਰ: ਪਰਮਜੀਤ ਸਿੰਘ ਸਰਨਾ ਜਦ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਣ ਗਏ ਤਾਂ ਉਹਨਾਂ ਸ੍ਰੀ ਮਦਨ ਲਾਲ ਖੁਰਾਣਾ ਜੀ ਰਾਹੀਂ ਸ੍ਰੀ ਅਨੰਤ ਰਾਮ ਮੰਤਰੀ ਤੋਂ ਤੁਰੰਤ ਬੁੱਤ ਨੂੰ ਗੁਰਦੁਆਰੇ ਦੇ ਬਾਹਰ ਫੁੱਟ ਪਾਥ ਤੇ ਲਗਵਾਕੇ ਰਸਮ ਕਰਵਾ ਲਈ। ਬੁੱਤ ਤੇ ਮਾਸਟਰ ਜੀ ਦਾ ਨਾਂ ਤਾਂ ਲਿਖਣਾ ਹੀ ਸੀ ਪਰ ਆਪਣੇ ਨਾਂਵਾਂ ਨਾਲ ਪੂਰੀ ਥਾਂ ਭਰ ਲਈ। ਕਿਧਰੇ ਵੀ ਅਜ ਤਕ ਕਿਸੇ ਹੋਰ ਬੁੱਤ ਤੇ ਏਦਾਂ ਨਹੀਂ ਲਿਖਿਆ ਗਿਆ। ਮਾਸਟਰ ਤਾਰਾ ਸਿੰਘ ਟਰੱਸਟ ਜਿਸਨੇ ਇਹ ਬੁੱਤ ਬਣਾਵਾਇਆ, ਖਰਚਾ ਕੀਤਾ ਉਹਨਾਂ ਨੂੰ ਬੁਲਾਇਆ ਵੀ ਨਹੀਂ ਗਿਆ। ਅਫਸੋਸ ਇਹ ਹੈ ਕਿ ਮਾਸਟਰ ਜੀ ਦੇ ਬੁੱਤ ਨੂੰ ਢੁਕਵੀਂ ਥਾਂ ਨਾ ਮਿਲੀ ਤਾਂ ਜੋ ਸਾਰੇ ਦੇਸ਼ ਵਾਸੀ ਉਸਨੂੰ ਰੋਜ਼ ਵੇਖਕੇ ਉਹਨਾਂ ਦੀ ਯਾਦ ਨੂੰ ਨਮਸਕਾਰ ਕਰ ਸਕਣ।

ਮੇਰਾ ਵਿਚਾਰ ਹੈ ਮਾਸਟਰ ਤਾਰਾ ਸਿੰਘ ਦਾ ਬੁੱਤ ਅੰਮ੍ਰਿਤਸਰ ਉਸ ਚੌਂਕ ਵਿਚ ਲਗੇ ਜਿਥੇ ਮਲਕਾ ਵਿਕਟੋਰੀਆ ਦਾ ਬੁੱਤ ਸੀ। ਉਹ ਥਾਂ ਖਾਲੀ ਪਈ ਹੈ। ਮੈਂ ਕਈ ਸਾਲ ਪਹਿਲਾਂ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਨੂੰ ਇਸ ਬਾਰੇ ਲਿਖਿਆ ਵੀ ਹੈ। ਮਾਸਟਰ ਤਾਰਾ ਸਿੰਘ ਦਾ ਘਰ ਓਦਾਂ ਹੀ ਰੱਖਿਆ ਜਾਵੇ ਜਿਵੇਂ ਮਾਸਟਰ ਤਾਰਾ ਸਿੰਘ ਜੀ ਰਹਿੰਦੇ ਸਨ। ਉਹਨਾਂ ਦੀ ਹਰ ਚੀਜ਼ ਸੰਭਾਲੀ ਜਾਵੇ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਲੀਡਰ ਬਾਰੇ ਜਾਣ ਸਕਣ। ਸੱਚੇ ਦਿਲੋਂ ਸਾਨੂੰ ਆਪਣੇ ਸਿਆਸੀ ਝਗੜਿਆਂ ਤੋਂ ਜਾਂ ਜ਼ਾਤੀ ਲਾਭ ਤੋਂ ਉੱਪਰ ਉੱਠ ਕੇ ਇਹ ਸੇਵਾ ਕਰਨੀ ਚਾਹੀਦੀ ਹੈ। ਇਸ ਬਾਰੇ ਮੈਂ ਰੋਟਰੀ ਕਲੱਬ ਅੰਮ੍ਰਿਤਸਰ ਅਤੇ ਚੀਫ਼ ਖਾਲਸਾ ਦੀਵਾਨ ਨਾਲ ਗਲ ਕੀਤੀ ਹੈ। ਉਹ ਇਸ ਤੇ ਰਾਜ਼ੀ ਹਨ। ਸਰਕਾਰ ਦੀ ਮਦਦ ਦੀ ਲੋੜ ਹੈ। ਉਸ ਘਰ ਵਿਚ ਮਾਸਟਰ ਜੀ ਦੀ ਲੜਕੀ ਦਾ ਟੱਬਰ ਰਹਿੰਦਾ ਹੈ। ਉਹਨਾਂ ਨੂੰ ਕੋਈ ਹੋਰ ਘਰ ਜਾਂ ਪਲਾਟ ਦੇਣਾ ਜ਼ਰੂਰੀ ਹੈ। ਇਸ ਬਾਰੇ ਤੁਰੰਤ ਕਾਰਵਾਈ ਦੀ ਲੋੜ ਹੈ। ਮਾਸਟਰ ਜੀ ਦੀ ਜੀਵਨੀ ਤੇ ਅੰਗਰੇਜ਼ੀ ਵਿਚ ਪੁਸਤਕ ਵੀ ਛਪਣੀ ਚਾਹੀਦੀ ਹੈ। 1947 ਦੀ ਵੰਡ ਸਮੇਂ ਦਾ ਇਤਿਹਾਸ ਖੋਜਣ ਦੀ ਲੋੜ ਹੈ। ਸਿੱਖਾਂ ਬਾਰੇ ਕਈ ਭੁਲੇਖੇ ਹਨ। ਅੰਗਰੇਜ਼ ਸਰਕਾਰ ਦੇ ਰਿਕਾਰਡ ਵਿਚ ਬੜਾ ਕੁਝ ਪਿਆ ਹੈ।

(ਦਸੰਬਰ 1996)

# ਗਿਆਨੀ ਕਰਤਾਰ ਸਿੰਘ ਕਿਹੋ ਜਿਹੇ ਸਨ ?

ਕਦੇ ਵੇਲਾ ਸੀ ਕਿ ਜਦੋਂ ਵੀ ਸਿੱਖਾਂ ਦੀ ਕੋਈ ਗੱਲ ਹੋਵੇ, ਕੋਈ ਸਮੱਸਿਆ ਹੋਵੇ ਅਤੇ ਜਾਂ ਕੋਈ ਹੋਰ ਕਾਰਵਾਈ ਹੋਵੇ ਕੇਵਲ ਇਕੋ ਨਾਂ ਸਾਹਮਣੇ ਆਉਂਦਾ ਸੀ, ਉਹ ਸੀ ਗਿਆਨੀ ਕਰਤਾਰ ਸਿੰਘ ਜੀ ਦਾ। ਆਮ ਕਰਕੇ ਇਹ ਕਿਹਾ ਜਾਂਦਾ ਸੀ ਕਿ ਗਿਆਨੀ ਕਰਤਾਰ ਸਿੰਘ ਸਿੱਖ ਕੌਮ ਦਾ ਦਿਮਾਗ ਹਨ। ਇਤਨੀ ਸਿਆਣਪ ਤੇ ਸੂਝ-ਬੂਝ ਸ਼ਾਇਦ ਹੀ ਕਿਸੇ ਹੋਰ ਕੋਲ ਨਜ਼ਰ ਆਉਂਦੀ ਹੋਵੇ। ਗਿਆਨੀ ਕਰਤਾਰ ਸਿੰਘ ਨੇ ਰਾਜ ਤਾਂ ਨਹੀਂ ਕੀਤਾ ਪਰ ਰਾਜ ਭਾਗ ਤੋਂ ਵੀ ਵੱਧ ਆਪਣੇ ਨਾਂ ਦਾ ਸਿੱਕਾ ਲੋਕਾਂ ਦੇ ਮਨਾਂ ਤੇ ਚਲਾਇਆ। ਗਿਆਨੀ ਕਰਤਾਰ ਸਿੰਘ ਜੀ ਦਾ ਜਨਮ 1902 ਵਿਚ ਚੱਕ ਨੰ. 40 ਲਾਇਲਪੁਰ ਜ਼ਿਲੇ ਵਿਚ ਹੋਇਆ। ਕਿਆ ਕਮਾਲ ਹੈ ਕਿ ਗਿਆਨੀ ਕਰਤਾਰ ਸਿੰਘ ਜੋ 12ਵੀਂ ਜਮਾਤ ਤੋਂ ਵੱਧ ਵਿੱਦਿਆ ਪ੍ਰਾਪਤ ਨ ਕਰ ਸਕੇ ਪਰ ਉਹ ਰਾਜਸੀ ਦਾਅ ਪੇਚ ਦੇ ਸਾਰੇ ਭਾਰਤ ਵਿਚ ਮਾਹਿਰ ਮੰਨੇ ਜਾਣ ਲੱਗੇ।

ਅੱਜ ਉਨ੍ਹਾਂ ਦਾ 100ਵਾਂ ਜਨਮ ਦਿਵਸ ਹੈ ਤੇ ਮੈਂ ਕੇਵਲ ਸਿੱਖਾਂ ਤੇ ਪੰਜਾਬੀਆਂ ਦੀ ਸੁਰਤ ਸ਼ਕਤੀ ਨੂੰ ਟੁੰਬ ਰਿਹਾ ਹਾਂ ਜੋ ਅੱਜ ਇਹੋ ਜਿਹੇ ਲੀਡਰ ਨੂੰ ਭੁਲ ਚੁੱਕੇ ਹਨ। ਇਨਸਾਨ ਦੀ ਯਾਦ ਸ਼ਕਤੀ ਕੇਵਲ ਆਪਣੇ ਘਰ ਤੇ ਕਬੀਲੇ ਤੱਕ ਹੀ ਸੀਮਤ ਰਹਿੰਦੀ ਹੈ। ਉਹ ਕਦੇ ਚੇਤਾ ਨਹੀਂ ਕਰਦੇ ਕਿ ਉਨ੍ਹਾਂ ਦੇ ਸਮੁੱਚੇ ਸਮਾਜ ਲਈ ਤੇ ਕੌਮ ਲਈ ਕੋਈ ਕਰ ਗੁਜਰਿਆ ਹੈ। ਅਸੀਂ ਸਾਰੇ ਕਿਸੇ ਨ ਕਿਸੇ ਪੱਖੋਂ ਲਾਭ ਤਾਂ ਉਠਾਉਂਦੇ ਰਹੇ ਪਰ ਇਹ ਸੋਚਣ ਤੋਂ ਭੁਲ ਗਏ ਹਾਂ ਕਿ ਇਹੋ ਜਿਹੇ ਪੁਰਸ਼ ਦੀ ਯਾਦ ਵੀ ਮਨਾਉਣੀ ਚਾਹੀਦੀ ਹੈ। ਕੁਝ ਮਹੀਨੇ ਪਹਿਲਾਂ ਮੈਂ ਪੰਜਾਬ ਦੇ ਮੁੱਖ ਮੰਤਰੀ ਅਤੇ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗਿਆਨੀ ਕਰਤਾਰ ਸਿੰਘ ਜੀ ਦੀ ਜਨਮ ਸ਼ਤਾਬਦੀ ਮਨਾਉਣ ਦਾ ਵਿਚਾਰ ਭੇਜਿਆ ਸੀ। ਪਰ ਬੜਾ ਅਫਸੋਸ ਹੈ ਕਿ ਕਿਸੇ ਨੇ ਵੀ ਇਧਰ ਧਿਆਨ ਨਹੀਂ ਦਿੱਤਾ। ਗਿਆਨੀ ਕਰਤਾਰ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸਾਰੂਆਂ ਵਿਚੋਂ ਇਕ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟ ਵਿਚ ਬੜੀਆਂ ਤਰਮੀਮਾਂ ਕਰਵਾ ਕੇ ਇਸ ਦੇ ਅਖਤਿਆਰ ਵਧਾਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੀ ਰਹੇ ਅਤੇ ਅੰਤਰਿੰਗ ਕਮੇਟੀ ਦੇ ਮੈਂਬਰ ਵੀ ਰਹੇ। ਪੰਜਾਬ ਵਿਧਾਨ ਸਭਾ ਦੇ ਪਹਿਲੀ ਵਾਰ 1937 ਵਿਚ ਸਮੁੰਦਰੀ ਹਲਕੇ ਤੋਂ ਮੈਂਬਰ ਚੁਣੇ ਗਏ, ਕਈ ਵਾਰ ਮੰਤਰੀ ਰਹੇ ਪਰ ਅੱਜ ਕਿਧਰੇ ਵੀ ਉਨ੍ਹਾਂ ਨੂੰ ਯਾਦ ਨਹੀਂ ਕੀਤਾ ਜਾਂਦਾ।

ਗਿਆਨੀ ਕਰਤਾਰ ਸਿੰਘ ਜੀ 10 ਜੂਨ 1974 ਕਈ ਮਹੀਨੇ ਪਟਿਆਲਾ ਹਸਪਤਾਲ ਵਿਚ ਬੀਮਾਰ ਰਹਿਣ ਪਿੱਛੋਂ ਸੁਰਗਵਾਸ ਹੋਏ ਤਾਂ ਇਨਾਂ ਦਾ ਸਸਕਾਰ ਟਾਂਡੇ ਵਿਚ ਕੀਤਾ ਗਿਆ। ਮੈਨੂੰ ਯਾਦ ਹੈ ਕਿ ਗਿਆਨੀ ਜ਼ੈਲ ਸਿੰਘ ਜੀ ਉਸ ਵੇਲੇ ਮੁੱਖ ਮੰਤਰੀ ਸਨ। ਉਨਾਂ ਦੀ ਗਿਆਨੀ ਕਰਤਾਰ ਸਿੰਘ ਨਾਲ ਖਿਆਲਾਂ ਦੀ ਸਾਂਝ ਨਹੀਂ ਸੀ ਬਣਦੀ, ਇਕ ਦੂਸਰੇ ਦੇ ਉਹ ਵਿਰੋਧੀ ਰਹੇ ਸਨ। ਗਿਆਨੀ ਜੀ ਨੇ ਹਸਪਤਾਲ ਦਾ ਸਾਰਾ ਖਰਚਾ ਪੰਜਾਬ ਸਰਕਾਰ ਤੋਂ ਦਿੱਤਾ। ਮੈਂ ਗਿਆਨੀ ਜ਼ੈਲ ਸਿੰਘ ਜੀ ਨਾਲ ਭੋਗ ਤੇ, ਜੋ 17 ਜੂਨ 1974 ਨੂੰ ਟਾਂਡਾ ਕਾਲਜ ਦੀ ਗਰਾਊਂਡ ਵਿਚ ਪਿਆ ਗਿਆ ਸੀ। ਰਸਤੇ ਵਿਚ ਜੋ ਸਲਾਹ ਕੀਤੀ ਉਹ ਮੁੱਖ ਮੰਤਰੀ ਜੀ ਨੇ ਸਿਰੇ ਲਾਈ। ਸਰਕਾਰੀ ਕਾਲਜ ਟਾਂਡਾ ਦਾ ਨਾਂ ਗਿਆਨੀ ਕਰਤਾਰ ਸਿੰਘ ਕਾਲਜ ਰੱਖ

ਦਿੱਤਾ ਗਿਆ। ਇਹ ਕਮਾਲ ਗਿਆਨੀ ਜ਼ੈਲ ਸਿੰਘ ਹੀ ਕਰ ਸਕਦੇ ਸਨ। ਅੱਜ ਸਾਰੇ ਪੰਜਾਬ ਵਿਚ ਕੇਵਲ ਇਹੋ ਹੀ ਇਕੋ ਗਿਆਨੀ ਕਰਤਾਰ ਸਿੰਘ ਦੀ ਸਦੀਵੀ ਯਾਦਗਾਰ ਹੈ। ਗਿਆਨੀ ਜੀ ਦੀ ਕੋਈ ਸੰਤਾਨ ਨਹੀਂ ਸੀ।

ਫਿਰੋਜ਼ਪੁਰ ਜ਼ਿਲੇ ਦੇ ਲੋਕਾਂ ਨੂੰ ਤਾਂ ਗਿਆਨੀ ਕਰਤਾਰ ਸਿੰਘ ਜੀ ਦੀ ਫੋਟੋ ਘਰ ਘਰ ਲਾਉਣੀ ਚਾਹੀਦੀ ਹੈ ਕਿਉਂ ਜੋ ਰੈਡਕਲਿਫ ਕਮਿਸ਼ਨ ਨੇ ਪੰਜਾਬ ਦੀ ਵੰਡ ਸਮੇਂ ਜ਼ੀਰਾ ਤੇ ਫੀਰੋਜ਼ਪੁਰ ਨੂੰ ਪਾਕਿਸਤਾਨ ਵਿਚ ਸ਼ਾਮਲ ਕੀਤਾ ਸੀ। ਜਦੋਂ ਇਸ ਦੀ ਭਿਣਕ ਮਾਸਟਰ ਤਾਰਾ ਸਿੰਘ ਤੇ ਗਿਆਨੀ ਕਰਤਾਰ ਸਿੰਘ ਨੂੰ ਪਈ ਤਾਂ ਉਹ ਤੁਰੰਤ ਦਿੱਲੀ ਪੁੱਜੇ। ਉਨਾਂ ਨੇ ਮੇਜਰ ਸਕਾਰਟ ਜੋ ਅੰਗਰੇਜ਼ਾਂ ਵੱਲੋਂ ਸਿੱਖਾਂ ਨਾਲ ਲਾਇਜ਼ਨ ਅਫਸਰ ਲਾਇਆ ਗਿਆ ਸੀ, ਉਸ ਰਾਹੀਂ ਉਸ ਵੇਲੇ ਦੇ ਵਾਇਸਰਾਏ, ਲਾਰਡ ਮਾਊਂਟਬੈਟਨ ਤੱਕ ਪਹੁੰਚ ਕੀਤੀ ਅਤੇ ਵਾਇਸਰਾਏ ਦੀ ਸਿਫਾਰਸ਼ ਤੇ ਕਮਿਸ਼ਨ ਨੇ ਆਖਰੀ ਸਮੇਂ ਜ਼ੀਰਾ ਤੇ ਫਿਰੋਜ਼ਪੁਰ ਭਾਰਤ ਵਿਚ ਪਾ ਦਿੱਤਾ। ਇਸ ਤਰ੍ਹਾਂ ਹੀ ਗੁਰਦਾਸਪੁਰ ਜ਼ਿਲੇ ਬਾਰੇ ਵੀ ਬੜਾ ਵਿਵਾਦ ਸੀ। ਇਸ ਨੂੰ ਭਾਰਤ ਵਿਚ ਰੱਖਣ ਦੀ ਗਿਆਨੀ ਜੀ ਦੀ ਵੱਡੀ ਕਾਮਯਾਬੀ ਹੈ।

ਭਾਰਤ ਦੀ ਵੰਡ ਸਿੱਖਾਂ ਲਈ ਇਕ ਔਖੀ ਘੜੀ ਸੀ। ਕੋਈ ਬਾਂਹ ਨਹੀਂ ਸੀ ਫੜ ਰਿਹਾ। ਮੁਸਲਿਮ ਲੀਗ ਵਾਲੇ ਪਾਕਿਸਤਾਨ ਬਣਾ ਕੇ ਸਾਰੇ ਪੰਜਾਬ ਨੂੰ ਹੱੜਪ ਕਰਨਾ ਚਾਹੁੰਦੇ ਸਨ। ਕਾਂਗਰਸ ਛੇਤੀ ਰਾਜ ਕਰਨ ਦੀ ਲਾਲਸਾ ਵਿਚ ਅੰਨ੍ਹੀ ਹੋ ਕੇ ਮੁਲਕ ਦੀ ਵੰਡ ਨੂੰ ਮੰਨ ਚੁੱਕੀ ਸੀ। ਉਸ ਵੇਲੇ ਕਰਿਪਸ ਮਿਸ਼ਨ ਤੋਂ ਲੈ ਕੇ ਜੋ ਜੋ ਘਟਨਾਵਾਂ ਹੋਈਆਂ ਉਹਨਾਂ ਸਾਰੀਆਂ ਵਿਚ ਸਭ ਤੋਂ ਵੱਧ ਰੋਲ ਗਿਆਨੀ ਕਰਤਾਰ ਸਿੰਘ ਜੀ ਦਾ ਸੀ।

ਹਰ ਨਵੀਂ ਸਕੀਮ ਚਾਹੇ ਉਹ ਆਜ਼ਾਦ ਪੰਜਾਬ ਜਾਂ ਸਿੱਖ ਸਟੇਟ ਦੀ ਹੋਵੇ ਉਸ ਦੀ ਸਾਰੀ ਵਿਉਂਤ ਉਹ ਹੀ ਕਰਦੇ ਸਨ। ਉਸ ਵੇਲੇ ਸਿੱਖਾਂ ਦਾ ਹਿੰਦੁਸਤਾਨ ਨਾਲ ਜਾਣ ਦਾ ਫੈਸਲਾ ਕਰਨ ਵਿਚ, ਸਮੁੱਚੀ ਸਿੱਖ ਲੀਡਰਸ਼ਿਪ ਨੂੰ ਇਕੱਠਾ ਕਰਨਾ ਗਿਆਨੀ ਜੀ ਦਾ ਹੀ ਕੰਮ ਸੀ।

1946 ਵਿਚ ਜਦੋਂ ਸ੍ਰ. ਬਲਦੇਵ ਸਿੰਘ ਨੂੰ ਪੰਜਾਬ ਦੇ ਮੰਤਰੀ ਤੋਂ ਉਠਾ ਕੇ ਭਾਰਤ ਦੇ ਪਹਿਲੇ ਰੱਖਿਆ ਮੰਤਰੀ ਬਣਾਇਆ ਤਾਂ ਉਸ ਦੀ ਥਾਂ ਇਕ ਅਕਾਲੀ ਵਜ਼ੀਰ ਬਣਾਉਣਾ ਸੀ। ਸਾਰੀ ਪਾਰਟੀ ਨੇ ਗਿਆਨੀ ਕਰਤਾਰ ਸਿੰਘ ਦਾ ਨਾਂ ਪਾਸ ਕੀਤਾ। ਪਰ ਗਿਆਨੀ ਜੀ ਨੇ ਫਕੀਰ ਬਾਦਸ਼ਾਹ ਬਣਕੇ ਦਿਖਾਇਆ ਅਤੇ ਆਪਣੀ ਥਾਂ ਸ੍ਰ. ਸਵਰਨ ਸਿੰਘ ਨੂੰ ਵਜ਼ੀਰ ਬਣਵਾ ਦਿੱਤਾ। ਅੱਜ ਕੋਈ ਇਹੋ ਜਿਹੀ ਕੁਰਬਾਨੀ ਕਰਨ ਵਾਲਾ ਨਜ਼ਰ ਨਹੀਂ ਆਉਂਦਾ।

ਵੰਡ ਸਮੇਂ ਗਿਆਨੀ ਜੀ ਆਪ ਜਥਿਆਂ ਨੂੰ ਨਾਲ ਲੈ ਕੇ ਆਏ। ਲੱਖਾਂ ਸਿੱਖਾਂ ਨੂੰ ਲਿਆ ਕੇ ਮੁੜ ਭਾਰਤ ਵਿਚ ਵਸਾਉਣ ਲਈ ਸਭ ਤੋਂ ਵੱਧ ਹਿੱਸਾ ਪਾਇਆ। ਸ਼ਿਮਲਾ ਉਸ ਵੇਲੇ ਪੰਜਾਬ ਦੀ ਰਾਜਧਾਨੀ ਸੀ। ਗਿਆਨੀ ਕਰਤਾਰ ਸਿੰਘ ਜੀ ਦੀ ਕੋਠੀ ਅਕਾਲੀਆਂ ਦਾ ਮਹਿਮਾਨ ਘਰ ਬਣਿਆ ਅਤੇ ਨੀਲੀਆਂ ਪੱਗਾਂ ਮਾਲ ਰੋਡ ਤੇ ਚਮਕਣ ਲੱਗੀਆਂ। ਗਿਆਨੀ ਜੀ ਬਾਰੇ ਉਨ੍ਹਾਂ ਦਿਨਾਂ ਵਿਚ ਚੁਟਕਲੇ ਕਹੇ ਗਏ। ਗਿਆਨੀ ਜੀ ਕਮੀਜ਼ ਪਜਾਮੇ ਵਿਚ ਹੀ ਰਹਿੰਦੇ ਸਨ। ਕਈ ਵਾਰੀ ਕੇਵਲ ਕਮੀਜ਼ ਕਛਹਿਰੇ ਵਿਚ ਵੀ ਵਿਧਾਨ ਸਭਾ ਵਿਚ ਆ ਜਾਂਦੇ ਸਨ। ਇਕ ਵਾਰੀ ਸ਼ਨੋ ਦੇਵੀ, ਵਿਧਾਇਕ ਨੇ ਇਤਰਾਜ਼ ਕੀਤਾ ਕਿ ਉਨਾਂ ਦੀ ਪੁਸ਼ਾਕ ਠੀਕ ਨਹੀਂ। ਉਨਾਂ ਉਤਰ ਦਿੱਤਾ ਕਿ ਬੀਬੀ ਜੀ ਨੇ ਇਹ ਨਹੀਂ ਦੇਖਿਆ ਕਿ ਮੈਂ ਸਿੱਖਾਂ ਵਾਲੀ ਪੁਸ਼ਾਕ ਵਿਚ ਹਾਂ। ਸਿੱਖਾਂ ਦੀ ਪੂਰੀ ਪੁਸ਼ਾਕ ਲੰਮਾ ਕਛਹਿਰਾ ਤੇ ਕਮੀਜ਼ ਹੀ ਹੈ।

ਗਿਆਨੀ ਜੀ ਦਾ ਕੰਮ ਕਰਵਾਉਣ ਦਾ ਢੰਗ ਆਪਣਾ ਹੀ ਸੀ। ਮੰਤਰੀ ਹੁੰਦੇ ਹੋਏ ਉਹ ਕਿਸੇ ਦਾ ਕੰਮ ਕਰਵਾਉਣ ਲਈ ਅਫਸਰਾਂ ਦੇ ਘਰ ਵੀ ਚਲੇ ਜਾਂਦੇ ਸਨ।

ਗਿਆਨੀ ਜੀ ਨੇ ਦੇਸ਼ ਦੀ ਵੰਡ ਤੋਂ ਪਿੱਛੋਂ ਗਿਆਨੀ-ਸੱਚਰ ਫਾਰਮੂਲਾ ਲਿਆਂਦਾ ਜਿਸ ਰਾਹੀਂ ਪੰਜਾਬੀ ਤੇ ਹਿੰਦੀ ਰੀਜ਼ਨ ਮਿਥੇ ਗਏ ਅਤੇ ਇਸੇ ਆਧਾਰ ਤੇ ਪੰਜਾਬੀ ਸੂਬੇ ਦੀ ਨੀਂਹ ਰੱਖੀ ਗਈ। ਗਿਆਨੀ ਜੀ ਹਮੇਸ਼ਾ ਸਿੱਖਾਂ ਲਈ ਸੋਚਦੇ ਸਨ। ਉਹ ਆਪਣਾ ਸਭ ਕੁਝ ਵਾਰ ਕੇ ਪੰਥ ਦੀ ਬੇਹਤਰੀ ਲਈ ਵਚਨਬੱਧ ਸਨ। ਪਾਰਟੀਆਂ ਬਦਲੀਆਂ, ਲੀਡਰ ਬਦਲੇ ਪਰ ਹਮੇਸ਼ਾ ਸਿੱਖ ਪੰਥ ਦੇ ਭਲੇ ਲਈ।

ਗਿਆਨੀ ਕਰਤਾਰ ਸਿੰਘ ਨੇ ਆਲ ਇੰਡੀਆਂ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਬੁਨਿਆਦ ਰੱਖੀ। ਬੜੇ ਨੌਜਵਾਨਾਂ ਨੂੰ ਅਕਾਲੀ ਪਾਰਟੀ ਵਿਚ ਲਿਆਂਦਾ। ਕਈ ਲੀਡਰ ਪੈਦਾ ਕੀਤੇ। ਸ੍. ਪ੍ਰਕਾਸ਼ ਸਿੰਘ ਬਾਦਲ, ਸ੍. ਬਲਦੇਵ ਸਿੰਘ, ਸ੍. ਉਮਰਾਓ ਸਿੰਘ, ਸ੍. ਸਰੂਪ ਸਿੰਘ, ਸ੍. ਅਮਰ ਸਿੰਘ ਅੰਬਾਲਵੀ, ਸ੍. ਭਾਨ ਸਿੰਘ ਆਦਿ ਉਹਨਾਂ ਦੀ ਪ੍ਰੇਰਨਾ ਨਾਲ ਹੀ ਅੱਗੇ ਆਏ।

ਰੋਜ਼ਾਨਾ ਅਜੀਤ ਅਖ਼ਬਾਰ ਉਰਦੂ ਵਿਚ ਲਾਹੌਰ ਤੋਂ ਸ਼ੁਰੂ ਕਰਵਾਣ ਦਾ ਸੇਹਰਾ ਵੀ ਗਿਆਨੀ ਜੀ ਨੂੰ ਜਾਂਦਾ ਹੈ।

ਅੱਜ ਕੌਮ ਨੂੰ ਇਹੋ ਜਿਹੇ ਰੋਸ਼ਨ ਦਿਮਾਗ ਤੇ ਸੱਚੇ ਪੰਥ ਸੇਵਕ ਦੀ ਲੋੜ ਹੈ।

(11-09-02)

# 400 ਸਾਲਾ ਪ੍ਰਕਾਸ਼ ਪੁਰਬ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮਨਾਮਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਉਤਸਵ ਨੂੰ ਗੁਰੂ ਨਾਨਕ ਨਾਮ ਲੇਵਾ ਲੋਕਾਂ ਨੇ ਵਿਸ਼ਵ ਭਰ ਵਿਚ ਬੜੀ ਸੱਜ-ਧੱਜ ਨਾਲ ਮਨਾਇਆ ਹੈ। ਮੈਂ ਪਹਿਲੀ ਵਾਰ ਇਤਨਾ ਵੱਡਾ ਸ਼ਰਧਾਲੂਆਂ ਦਾ ਇਕੱਠ ਆਪਣੀ ਅੱਖੀਂ ਵੇਖਿਆ ਹੈ ਤੇ ਇਹ ਮਹਿਸੂਸ ਕੀਤਾ ਕਿ ਕਿਵੇਂ ਲੋਕਾਂ ਵਿਚ ਅੱਜ ਵੀ ਗੁਰੂਆਂ ਪ੍ਰਤੀ ਉਤਸ਼ਾਹ ਕਾਇਮ ਹੈ। ਪਰ ਜੋ ਅਨੋਖੀ ਘਟਨਾ ਦਾ ਮੈਂ ਵਰਨਣ ਕਰਨ ਲੱਗਾ ਹਾਂ, ਉਹ ਹੈ ਗੁਰੂ ਦਾ ਉਸ ਦਿਨ ਸਾਰੇ ਵਿਸ਼ਵ ਨੂੰ ਆਪਣਾ ਹੁਕਮ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਸਵੇਰੇ ਜਦ ਪ੍ਰਕਾਸ਼ ਹੁੰਦਾ ਹੈ ਤਾਂ ਜਿਹੜਾ ਸ਼ਬਦ ਸੱਜੇ ਪਾਸੇ ਸਭ ਤੋਂ ਹੇਠਾਂ ਆਉਂਦਾ ਹੈ, ਉਹ ਉਸ ਦਿਨ ਦਾ ਹੁਕਮ ਹੁੰਦਾ ਹੈ। ਅੱਜ ਤਕ ਅਸੀਂ ਯਾਦ ਕਰਦੇ ਹਾਂ 400 ਸਾਲ ਪਹਿਲਾਂ ਜਦ ਗੁਰੂ ਗ੍ਰੰਥ ਸਾਹਿਬ ਦਾ ਪਹਿਲੀ ਵਾਰ ਪ੍ਰਕਾਸ਼ ਹੋਇਆ ਸੀ ਕਿਹੜਾ ਹੁਕਮ ਆਇਆ ? ਫਿਰ ਜਦ 1708 ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਸੌਂਪੀ ਤਾਂ ਕਿਹੜਾ ਹੁਕਮ ਆਇਆ ? ਪਹਿਲੀ ਸਤੰਬਰ ਨੂੰ ਟੀ.ਵੀ. ਤੇ ਈ.ਟੀ.ਸੀ. ਪੰਜਾਬੀ ਚੈਨਲ ਰਾਹੀਂ ਹਰ ਸ਼ਰਧਾਲੂ ਇਹ ਹੁਕਮਨਾਮਾ ਸੁਣਨ ਨੂੰ ਉਤਾਵਲਾ ਸੀ, ਉਸ ਵਕਤ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜਥੇਦਾਰ ਸ੍ਰੀ ਅਕਾਲ ਤਖਤ ਨੇ ਹੇਠਾਂ ਲਿਖਿਆ ਹੁਕਮਨਾਮਾ ਜੋ ਪੰਨਾ 693 ਤੇ ਅੰਕਿਤ ਸੀ, ਪੜ੍ਹਕੇ ਸੁਣਾਇਆ, ਇਹ ਇਤਿਹਾਸਕ ਹੁਕਮ ਇਸ ਪ੍ਰਕਾਰ ਹੈ:-

## ਧਨਾਸਰੀ ਬਾਣੀ ਭਗਤ ਨਾਮਦੇਵ ਜੀ ਕੀ

ਮਾਰਵਾੜਿ ਜੈਸੇ ਨੀਰੁ ਬਾਲਹਾ, ਬੇਲਿ ਬਾਲਹਾ ਕਰਹਲਾ॥ ਜਿਉ ਕੁਰੰਕ ਨਿਸਿ ਨਾਦੁ ਬਾਲਹਾ, ਤਿਉ ਮੇਰੈ ਮਨਿ ਰਾਮਈਆ ॥੧॥ ਤੇਰਾ ਨਾਮੁ ਰੂੜੋ, ਰੂਪੁ ਰੂੜੋ, ਅਤਿ ਰੰਗ ਰੂੜੋ ਮੇਰੋ ਰਾਮਈਆ ॥੧॥ ਰਹਾਉ ॥ ਜਿਉ ਧਰਣੀ ਕਉ ਇੰਦ੍ਰੁ ਬਾਲਹਾ, ਕੁਸਮ ਬਾਸੁ ਜੈਸੇ ਭਵਰਲਾ॥ ਜਿਉ ਕੋਕਿਲ ਕਉ ਅੰਬੁ ਬਾਲਹਾ, ਤਿਉ ਮੇਰੈ ਮਨਿ ਰਾਮਈਆ ॥੨॥ ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨ ਸਰੋਵਰ ਹੰਸੁਲਾ॥ ਜਿਉ ਤਰੁਣੀ ਕਉ ਕੰਤੁ ਬਾਲਹਾ, ਤਿਉ ਮੇਰੈ ਮਨਿ ਰਾਮਈਆ ॥੩॥ ਬਾਰਿਕ ਕਉ ਜੈਸੇ ਖੀਰੁ ਬਾਲਹਾ, ਚਾਤ੍ਰਿਕ ਮੁਖ ਜੈਸੇ ਜਲਧਰਾ॥ ਮਛੁਲੀ ਕਉ ਜੈਸੇ ਨੀਰੁ ਬਾਲਹਾ, ਤਿਉ ਮੇਰੈ ਮਨਿ ਰਾਮਈਆ ॥੪॥ ਸਾਧਿਕ ਸਿਧ ਸਗਲ ਮੁਨਿ ਚਾਹਹਿ, ਬਿਰਲੇ ਕਾਹੂ ਡੀਠੁਲਾ॥ ਸਗਲ ਭਵਣ ਤੇਰੋ ਨਾਮੁ ਬਾਲਹਾ ਤਿਉ ਨਾਮੇ ਮਨਿ ਬੀਠੁਲਾ॥੫॥੩॥

ਮੇਰੀ ਰਾਏ ਵਿਚ ਇਸ ਹੁਕਮਨਾਮੇ ਰਾਹੀਂ ਸਤਿਗੁਰੂ ਜੀ ਦਾ ਜੋ ਸੰਦੇਸ਼ ਦਿੱਤਾ ਗਿਆ ਹੈ, ਉਸ ਦੇ ਬੜੇ ਹੀ ਮਹੱਤਵਪੂਰਨ ਪਹਿਲੂ ਹਨ। ਅਸੀਂ ਸਾਰੇ ਮੰਨਦੇ ਹਾਂ ਕਿ ਸਮੇਂ ਅਨੁਸਾਰ ਲੋੜ ਪੈਣ ਤੇ ਪ੍ਰਤੱਖ ਗੁਰੂ ਆਪਣੇ ਬਚਨਾਂ ਰਾਹੀਂ ਸਾਨੂੰ ਸੰਦੇਸ਼ ਦਿੰਦੇ ਹਨ। ਇਸ ਹੁਕਮ ਵਿਚ

ਜੋ ਸਭ ਤੋਂ ਵੱਡਾ ਨੁਕਤਾ ਹੈ, ਉਹ ਹੈ, ਭਗਤਾਂ ਦੀ ਬਾਣੀ ਨੂੰ ਗੁਰੂਆਂ ਦੀ ਬਾਣੀ ਦੇ ਨਾਲ ਬਰਾਬਰਤਾ। ਭਗਤ ਨਾਮਦੇਵ ਜੀ ਦਾ ਇਹ ਸ਼ਬਦ ਗੁਰੂ ਦਾ ਆਪਣਾ ਹੁਕਮ ਹੈ। ਦੂਜਾ ਇਸ ਸ਼ਬਦ ਮਰਾਠੀ ਬੋਲੀ ਵਿਚ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਈ ਬੋਲੀਆਂ ਹਨ ਅਤੇ ਸਾਨੂੰ ਇਹਨਾਂ ਬੋਲੀਆਂ ਵਿਚ ਹੀ ਹੁਕਮ ਮਿਲਦਾ ਹੈ। ਤੀਸਰਾ ਅਸੀਂ ਜਾਤ-ਪਾਤ ਨੂੰ ਨਾ ਮੰਨੀਏ, ਕੋਈ ਜਾਤ ਨਹੀਂ ਤੇ ਨਾ ਹੀ ਕੋਈ ਨੀਵਾਂ। ਭਗਤ ਨਾਮਦੇਵ ਜੀ ਉੱਚ ਕੁਲ੍ਹ ਦੇ ਨਹੀਂ ਸਨ ਪਰ ਉਹਨਾਂ ਦਾ ਸਤਿਕਾਰ ਕਿਸੇ ਤੋਂ ਘੱਟ ਨਹੀਂ ਹੈ।

ਸਾਡੇ ਲਈ ਸਾਰੇ ਪੀਰ-ਪੈਗੰਬਰ ਸਤਿਕਾਰਯੋਗ ਹਨ। ਭਗਤ ਨਾਮ ਦੇਵ ਜੀ ਰਾਮ ਨੂੰ ਹਰ ਲਾਈਨ ਵਿਚ ਰਮਈਆ ਕਹਿ ਕੇ ਯਾਦ ਕਰਦੇ ਹਨ ਅਤੇ ਇਸ ਸਾਰੇ ਸ਼ਬਦ ਵਿਚ ਉਹ ਅਨੇਕ ਵੰਨਗੀਆਂ ਰਾਹੀ ਆਪਣੇ ਪਿਆਰੇ ਰਾਮ ਨੂੰ ਮਿਲਣ ਦੀ ਲਾਲਸਾ ਰੱਖਦੇ ਹਨ। ਇਸ ਹੁਕਮ ਨੇ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਨੂੰ ਫਿਰ ਪੱਕਾ ਕੀਤਾ ਹੈ ਕਿ ਸਾਰੀ ਮਾਨਵਤਾ ਇਕ ਰੱਬ ਨੂੰ ਮੰਨੇ ਤੇ ਹਰ ਧਰਮ ਦਾ ਸਤਿਕਾਰ ਕਰੇ ਅਤੇ ਕਿਸੇ ਨਾਲ ਵੈਰ ਨਾ ਪਾਵੇ। ਸਾਰੀਆਂ ਜ਼ੁਬਾਨਾਂ ਵਿਚ ਰੱਬ ਦਾ ਨਾਂ ਲਿਆ ਜਾ ਸਕਦਾ ਹੈ। ਹਰ ਕੋਈ ਆਪਣੀ ਜ਼ੁਬਾਨ ਵਿਚ ਰੱਬ ਦੀ ਉਸਤਤ ਕਰ ਸਕਦਾ ਹੈ। ਸ਼ਬਦ ਜੋ ਮਰਾਠੀ ਵਿਚ ਹੈ, ਮੈਂ ਇਸ ਦਾ ਤਰਜ਼ਮਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਕੋਲੋਂ ਮੰਗਵਾਇਆ ਹੈ ਅਤੇ ਉਸ ਦੀ ਪੰਜਾਬੀ ਵਿਆਖਿਆ ਇਸ ਪ੍ਰਕਾਰ ਹੈ:-

ਧਨਾਸਰੀ ਬਾਣੀ ਭਗਤ ਨਾਮਦੇਵ ਜੀ ਕੀ

ਜਿਵੇਂ ਮਾਰਵਾੜ (ਦੇਸ਼) ਵਿਚ ਪਾਣੀ ਪਿਆਰਾ ਲੱਗਦਾ ਹੈ, ਜਿਵੇਂ ਊਠ ਨੂੰ ਵੇਲ ਪਿਆਰੀ ਲੱਗਦੀ ਹੈ, ਤਿਵੇਂ ਹਰਨ ਨੂੰ ਰਾਤ ਵੇਲੇ (ਘੰਡੇਹੇੜੇ ਦੀ) ਅਵਾਜ਼ ਪਿਆਰੀ ਲੱਗਦੀ ਹੈ। ਜਿਵੇਂ ਮੇਰੇ ਮਨ ਨੂੰ ਸੋਹਣਾ ਰਾਮ ਲੱਗਦਾ ਹੈ ।੧। ਹੇ ਮੇਰੇ ਸੋਹਣੇ ਰਾਮ! ਤੇਰਾ ਨਾਮ ਸੋਹਣਾ ਹੈ, ਤੇਰਾ ਰੂਪ ਸੋਹਣਾ ਹੈ ਅਤੇ ਤੇਰਾ ਰੰਗ ਬਹੁਤ ਸੁਹਣਾ ਹੈ ।੧। ਰਹਾਉ। ਜਿਵੇਂ ਧਰਤੀ ਨੂੰ ਮੀਂਹ ਪਿਆਰਾ ਲੱਗਦਾ ਹੈ, ਜਿਵੇਂ ਭੌਰੇ ਨੂੰ ਫੁੱਲ ਦੀ ਸੁਗੰਧੀ ਪਿਆਰੀ ਲੱਗਦੀ ਹੈ, ਜਿਵੇਂ ਕੋਇਲ ਨੂੰ ਅੰਬ ਪਿਆਰਾ ਲੱਗਦਾ ਹੈ, ਤਿਵੇਂ ਮੇਰੇ ਮਨ ਵਿਚ ਸੋਹਣਾ ਰਾਮ ਪਿਆਰਾ ਲੱਗਦਾ ਹੈ ।੨। ਜਿਵੇਂ ਚਕਵੀ ਨੂੰ ਸੂਰਜ ਪਿਆਰਾ ਲੱਗਦਾ ਹੈ, ਜਿਵੇਂ ਹੰਸ ਨੂੰ ਮਾਨਸਰੋਵਰ ਪਿਆਰਾ ਲੱਗਦਾ ਹੈ; ਜਿਵੇਂ ਜੁਆਨ ਇਸਤ੍ਰੀ ਨੂੰ (ਆਪਣਾ) ਖਸਮ ਪਿਆਰਾ ਲੱਗਦਾ ਹੈ, ਜਿਵੇਂ ਮੇਰੇ ਮਨ ਨੂੰ ਸੋਹਣਾ ਰਾਮ ਪਿਆਰਾ ਲੱਗਦਾ ।੩। ਜਿਵੇਂ ਬਾਲਕ ਨੂੰ ਦੁੱਧ ਪਿਆਰਾ ਲੱਗਦਾ ਹੈ, ਜਿਵੇਂ ਪਪੀਹੇ ਦੇ ਮੂੰਹ ਨੂੰ ਬੱਦਲ ਪਿਆਰਾ ਲੱਗਦਾ ਹੈ, ਮੱਛੀ ਨੂੰ ਜਿਵੇਂ ਪਾਣੀ ਪਿਆਰਾ ਲੱਗਦਾ ਹੈ, ਤਿਵੇਂ ਮੇਰੇ ਮਨ ਨੂੰ ਸੋਹਣਾ ਰਾਮ ਪਿਆਰਾ ਲੱਗਦਾ ਹੈ ।੪। (ਜੋਗ) ਸਾਧਨਾਂ ਕਰਨ ਵਾਲੇ ਪੁੱਗੇ ਹੋਏ ਜੋਗੀ ਤੇ ਸਾਰੇ ਮੁਨੀ (ਸੁਹਣੇ ਰਾਮ ਦਾ ਦਰਸ਼ਨ ਕਰਨਾ) ਚਾਹੁੰਦੇ ਹਨ, ਪਰ ਕਿਸੇ ਵਿਰਲੇ ਨੂੰ ਦੀਦਾਰ ਹੁੰਦਾ ਹੈ; (ਹੇ ਮੇਰੇ ਸੋਹਣੇ ਰਾਮ! ਜਿਵੇਂ) ਸਾਰੇ ਭਵਨਾਂ (ਦੇ ਜੀਵਾਂ) ਨੂੰ ਤੇਰਾ ਨਾਮ ਪਿਆਰਾ ਹੈ, ਤਿਵੇਂ ਹੀ ਮੈਂ ਨਾਮੇ ਦੇ ਮਨ ਵਿਚ ਭੀ ਤੂੰ ਬੀਠੁਲ ਪਿਆਰਾ ਹੈ ।੫।੩।

ਇਸ ਸ਼ਤਾਬਦੀ ਦੇ ਪ੍ਰੋਗਰਾਮ ਦਾ ਸਿੱਖ ਧਰਮ ਨੂੰ ਇਕ ਬਹੁਤ ਚੰਗਾ ਹੁੰਗਾਰਾ ਮਿਲਿਆ ਹੈ। ਪਹਿਲੀ ਵਾਰ ਸਿੱਖ ਲੀਡਰਾਂ ਨੂੰ ਇਹ ਗਿਆਨ ਪ੍ਰਾਪਤ ਹੋਇਆ ਹੈ ਕਿ ਅੱਜ ਦੇ ਯੁਗ ਵਿਚ ਮੀਡੀਆ ਭਾਵ ਟੈਲੀਵਿਜ਼ਨ ਅਤੇ ਪ੍ਰੈੱਸ ਦਾ ਕੀ ਰੋਲ ਹੈ। ਈ.ਟੀ.ਸੀ. ਪੰਜਾਬੀ ਰੋਜ਼ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਪ੍ਰੋਗਰਾਮ ਦਿਖਾਉਂਦਾ ਹੈ। ਇਸ ਕਾਰਨ ਹਰ ਸਿੱਖ ਨੂੰ ਇਸ ਸ਼ਤਾਬਦੀ ਬਾਰੇ ਜਾਣਕਾਰੀ ਮਿਲੀ। ਬਹੁਤ ਸਾਰੇ ਭਾਰਤੀ ਟੀ. ਵੀ ਚੈਨਲਾਂ ਜਿਵੇਂ ਈ. ਟੀ. ਸੀ. ਪੰਜਾਬੀ, ਐਨ. ਡੀ. ਟੀ. ਵੀ, ਰਾਸ਼ਟਰੀ ਸਹਾਰਾ, ਜ਼ੀ. ਟੀ. ਵੀ., ਸਟਾਰ ਨਿਊਜ਼,

ਦੂਰਦਰਸ਼ਨ ਆਦਿ, ਨੇ ਸ਼ਤਾਬਦੀ ਸਬੰਧੀ ਵੱਧ ਤੋਂ ਵੱਧ ਟਾਈਮ ਦਿੱਤਾ ਅਤੇ ਕਈ ਦਿਨ ਪ੍ਰੋਗਰਾਮ ਦਿਖਾਉਂਦੇ ਰਹੇ। ਸਾਰੇ ਵੱਡੇ ਅਖਬਾਰਾਂ ਨੇ ਸ਼ਤਾਬਦੀ ਦੀ ਕਾਰਵਾਈ ਛਾਪੀ। ਘੱਟ ਤੋਂ ਘੱਟ ਭਾਰਤ ਵਿਚ ਹਰ ਵਿਅਕਤੀ ਨੂੰ ਗੁਰੂ ਗ੍ਰੰਥ ਸਾਹਿਬ ਬਾਰੇ ਪਹਿਲੀ ਵਾਰ ਪਤਾ ਲੱਗਾ ਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂ ਅਤੇ ਇਸਲਾਮ ਦੇ ਧਰਮਾਂ ਪ੍ਰਤੀ ਵੀ ਇਤਨਾ ਆਦਰ ਹੈ।

ਹਿੰਦੂ ਅਤੇ ਮੁਸਲਮਾਨ ਸੰਤਾਂ ਦਾ ਗੁਰੂ ਗ੍ਰੰਥ ਸਾਹਿਬ ਵਿਚ ਹੋਣਾ ਪਹਿਲੀ ਵਾਰ ਲੋਕਾਂ ਨੂੰ ਪਤਾ ਲੱਗਾ ਹੈ। ਮੈਂ ਆਪਣੇ ਪੱਧਰ ਤੇ ਹਿੰਦੁਸਤਾਨ ਦੇ ਉਹਨਾਂ ਮੁੱਖ ਮੰਤਰੀਆਂ ਨੂੰ ਜਿੱਥੋਂ ਦੇ ਸੰਤ ਫਕੀਰਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਨੂੰ ਇਹ ਲਿਖਿਆ ਹੈ ਕਿ ਉਹ ਆਪਣੇ ਸੂਬੇ ਵਿਚ ਇਹਨਾਂ ਸੰਤਾਂ ਫਕੀਰਾਂ ਬਾਰੇ ਸਮਾਗਮ ਕਰਨ। ਮੈਂ ਕਲਕੱਤੇ ਗਿਆ ਸੀ ਉਥੇ ਸਿੱਖਾਂ ਤੋਂ ਇਹ ਫੈਸਲਾ ਕਰਵਾਇਆ ਕਿ ਭਗਤ ਜੈ ਦੇਵ ਜੀ ਜੋ ਬੰਗਾਲੀ ਸਨ ਉਹਨਾਂ ਦੇ ਮੱਠ ਜੋ ਵੀਰ ਭੂਮੀ ਜ਼ਿਲ੍ਹੇ ਵਿਚ ਹੈ ਉਥੇ ਨਵੰਬਰ ਵਿਚ ਇਹਨਾਂ ਦੇ ਜਨਮ ਦਿਨ ਤੇ ਆਪ ਜਾ ਕੇ ਸਮਾਗਮ ਕਰਨ। ਮੈਨੂੰ ਇਸ ਦਾ ਚੰਗਾ ਹੁੰਗਾਰਾ ਮਿਲਿਆ ਹੈ, ਇਸ ਨਾਲ ਇਹ ਪ੍ਰੋਗਰਾਮ ਚਲਦਾ ਰਹੇਗਾ। ਸ਼ਤਾਬਦੀ ਆਰੰਭ ਹੋਈ ਹੈ ਤੇ ਇਹ ਸਾਰਾ ਸਾਲ ਚਲਾਈ ਜਾਵੇ ਅਤੇ ਗੁਰੂਦੁਆਰਾ ਪ੍ਰਬੰਧਕ ਕਮੇਟੀ ਆਪਣੇ ਆਪਣੇ ਆਪਣੇ ਯਤਨਾਂ ਨਾਲ ਇਹਨਾਂ ਭਗਤਾਂ ਦੇ ਸਥਾਨਾਂ ਤੇ ਪ੍ਰੋਗਰਾਮ ਕਰਵਾਏ। ਇਸ ਨਾਲ ਜਿਥੇ ਗੁਰੂ ਦੀ ਉਸਤਤ ਹੋਵੇਗੀ ਅਤੇ ਸਾਡੇ ਆਪਸੀ ਭਾਈਚਾਰੇ ਦੇ ਸਬੰਧ ਵਧਣਗੇ।

ਇਤਨੇ ਵੱਡੇ ਇਕੱਠ ਹੋਣ ਦੇ ਬਾਵਜੂਦ ਇਹ ਸ਼ਤਾਬਦੀ ਦਾ ਪ੍ਰੋਗਰਾਮ ਨਿਰਵਿਘਨ ਕਾਮਯਾਬ ਹੋਣਾ ਆਪਣੇ ਆਪ ਵਿਚ ਇਕ ਕ੍ਰਿਸ਼ਮਾ ਹੈ। ਮੱਕਾ ਵਿਚ ਜਦ ਹੱਜ ਹੁੰਦਾ ਹੈ 10 ਲੱਖ ਮੁਸਲਮਾਨ ਇਕੋ ਵਕਤ ਨਿਮਾਜ਼ ਕਾਬੇ ਵਿਚ ਪੜ੍ਹਦੇ ਹਨ। ਅਖਬਾਰਾਂ ਨੇ ਲਿਖਿਆ ਹੈ ਕਿ ਤਕਰੀਕਨ 20 ਲੱਖ ਸ਼ਰਧਾਲੂ ਅੰਮ੍ਰਿਤਸਰ ਪੁੱਜੇ। ਦਲਾਈ ਲਾਮਾ ਦਾ ਸ਼ਾਮਲ ਹੋਣਾ ਮਾਣ ਵਾਲੀ ਗੱਲ ਹੈ। ਸ੍ਰੀ ਸ੍ਰੀ ਸ਼ਿਵ ਸ਼ੰਕਰ ਜੀ, ਜੋ ਆਰਟ ਆਫ ਲਿਵਿੰਗ ਦੇ ਮੁਖੀ ਹਨ ਦਾ ਪੁੱਜਣਾ, ਨਿਜ਼ਾਮੂਦੀਨ ਦੀ ਦਰਗਾਹ ਦੇ ਮੁੱਖੀ ਅਤੇ ਬਾਬਾ ਫਰੀਦ ਜੀ ਦੀ ਅੰਸ਼ 'ਚੋਂ ਉਹਨਾਂ ਦੇ ਮਜ਼ਾਰ ਦੇ ਮੁਖੀ ਦਾ ਆਉਣਾ ਸਾਡੇ ਲਈ ਫ਼ਖਰ ਵਾਲੀ ਗੱਲ ਹੈ। ਰਾਸ਼ਟਰਪਤੀ ਏ.ਪੀ.ਜੇ. ਅਬਦੁੱਲ ਕਲਾਮ, ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਸਾਬਕਾ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਤੇ ਕਈ ਗਰਵਨਰ ਸ਼ਾਮਲ ਹੋਏ।

ਲੋਕਾਂ ਨੇ ਸਭ ਤੋਂ ਵੱਧ ਚੌਧਰੀ ਓਮ ਪ੍ਰਕਾਸ਼ ਚੌਟਾਲਾ ਮੁੱਖ ਮੰਤਰੀ ਹਰਿਆਣਾ ਦੇ ਪੰਜਾਬੀ ਵਿਚ ਦਿੱਤੇ ਭਾਸ਼ਨ ਨੂੰ ਬਹੁਤ ਸਰਾਹਿਆ। ਚੌਟਾਲਾ ਜੀ ਨੇ ਆਪਣੇ ਆਪ ਨੂੰ ਗੁਰੂਆਂ ਦੀ ਬਖਸ਼ਿਸ਼ ਦਾ ਸਦਕਾ ਦੱਸਿਆ ਅਤੇ ਹਰਿਆਣਾ ਤੇ ਪੰਜਾਬ ਦੇ ਲੋਕਾਂ ਵਿਚ ਇਕ ਪਰਿਵਾਰ ਵਾਂਗੂੰ ਰਹਿਣ ਦੀ ਅਪੀਲ ਕੀਤੀ। ਉਹਨਾਂ ਭਾਈ ਘਨੱਈਆ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਜ਼ਖਮੀਆਂ ਨੂੰ ਪਾਣੀ ਪਿਲਾਉਂਦੇ ਸੀ, ਦੀ 300 ਸਾਲਾ ਯਾਦ ਹਰਿਆਣਾ ਸਰਕਾਰ ਵੱਲੋਂ ਮਨਾਉਣ ਦਾ ਐਲਾਨ ਕੀਤਾ।

(16-09-04)

# ਸਾਹਿਬਜ਼ਾਦਿਆਂ ਦੀ ਸ਼ਹੀਦੀ ਤੇ ਸਾਡਾ ਕਰਤੱਵ

ਇਸ ਸਾਲ ਦਸੰਬਰ ਦੇ ਮਹੀਨੇ ਚਾਰੇ ਸਾਹਿਬਜ਼ਾਦਿਆਂ ਦੇ 300 ਸਾਲਾ ਸ਼ਹੀਦੀ ਦਿਵਸ ਆ ਰਹੇ ਹਨ। 21 ਦਸੰਬਰ 1704 ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਪੁੱਤਰ ਸਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਦੂਜੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਚਮਕੌਰ ਦੀ ਜੰਗ ਵਿਚ ਮੁਗਲ ਫੌਜਾਂ ਵਿਰੁੱਧ ਲੜਦੇ ਜੰਗ ਦੇ ਮੈਦਾਨ ਵਿਚ ਸ਼ਹੀਦੀ ਪ੍ਰਾਪਤ ਕਰ ਗਏ ਸਨ। 27 ਦਸੰਬਰ 1704 ਨੂੰ ਵਿਸ਼ਵ ਦੇ ਇਤਿਹਾਸ ਵਿਚ ਸਭ ਤੋਂ ਵੱਧ ਜ਼ੁਲਮ ਦੀ ਘਟਨਾ ਸਰਹੰਦ ਵਿਚ ਵਾਪਰੀ ਜਦ ਮੁਗਲ ਨਵਾਬ ਸਰਹੰਦ ਦੇ ਹੁਕਮ ਨਾਲ ਦਸਵੇਂ ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਹਿ ਸਿੰਘ ਜੀ ਜਿਉਂਦੇ ਨੀਹਾਂ ਵਿਚ ਚਿਣਕੇ ਸ਼ਹੀਦ ਕੀਤੇ ਗਏ ਸਨ।

ਅਸੀਂ ਹੁਣੇ ਹੀ ਗੁਰੂ ਗ੍ਰੰਥ ਸਾਹਿਬ ਜੀ ਦਾ 400 ਸਾਲਾ ਪ੍ਰਕਾਸ਼ ਉਤਸਵ ਬੜੀ ਸ਼ਾਨ ਨਾਲ ਮਨਾਇਆ ਹੈ। ਵਿਸ਼ਵ ਭਰ ਵਿਚ ਵਸੇ ਸਿੱਖਾਂ ਨੇ ਆਪਣੀ ਹੋਂਦ ਨੂੰ ਉਜਾਗਰ ਕੀਤਾ ਤੇ ਆਮ ਲੋਕਾਂ ਤਕ ਪ੍ਰਤੱਖ ਗੁਰੂ ਦੀ ਜਾਣਕਾਰੀ ਦਿੱਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਿੰਦੂ ਤੇ ਮੁਸਲਮਾਨ ਸੰਤਾਂ ਤੇ ਸੂਫੀਆਂ ਦੀ ਹੋਂਦ ਨੂੰ ਠੀਕ ਢੰਗ ਨਾਲ ਦਰਸਾਇਆ ਹੈ। ਪਹਿਲੀ ਵਾਰ ਅਸੀਂ ਮੀਡੀਆ ਭਾਵ ਟੀ.ਵੀ. ਚੈਨਲ ਅਤੇ ਅਖਬਾਰਾਂ ਦਾ ਸਾਰੇ ਉੱਚ ਵਿਅਕਤੀ ਸ਼ਾਮਲ ਹੋਏ। ਵਿਦੇਸ਼ਾਂ ਵਿਚ ਬੜਾ ਉਤਸ਼ਾਹ ਵੇਖਣ ਨੂੰ ਮਿਲਿਆ।

ਮੇਰੀ ਰਾਏ ਵਿਚ ਅਸੀਂ ਆਮ ਕਰਕੇ ਵੱਡਾ ਪ੍ਰੋਗਰਾਮ ਕੇਵਲ ਵੱਡਾ ਜਲੂਸ, ਵੱਡਾ ਇਕੱਠ, ਵੱਡਾ ਲੰਗਰ, ਖੂਬ ਸਜਾਵਟ ਤਕ ਹੀ ਮਹਿਸੂਸ ਸਮਝਦੇ ਹਾਂ। ਅਸਲ ਮਕਸਦ ਨੂੰ ਅੱਗੇ ਲਿਜਾਣ ਵਿਚ ਅਵੇਸਲੇ ਰਹਿੰਦੇ ਹਾਂ। ਗੈਰ-ਸਿੱਖਾਂ ਤਕ ਗੁਰੂ ਨਾਨਕ ਜੀ ਦਾ ਸੰਦੇਸ਼ ਸਮਝਾਉਣ ਦੀ ਖੇਚਲ ਨਹੀਂ ਕਰਦੇ। ਗੈਰ-ਸਿੱਖਾਂ ਦੀ ਗਿਣਤੀ ਸਾਡੇ ਪ੍ਰੋਗਰਾਮਾਂ ਵਿਚ ਨਾ ਮਾਤਰ ਹੀ ਹੁੰਦੀ ਹੈ। ਅੰਗਰੇਜ਼ੀ ਤੇ ਦੂਜੀਆਂ ਜ਼ਬਾਨਾਂ ਵਿਚ ਸਿੱਖੀ ਸਿਧਾਂਤ ਤੇ ਇਤਿਹਾਸ ਨੂੰ ਛਾਪਣ ਵਿਚ ਘੱਟ ਹੀ ਸੰਸਥਾਵਾਂ ਅੱਗੇ ਆਉਂਦੀਆਂ ਹਨ। ਚੌਧਰੀ ਓਮ ਪ੍ਰਕਾਸ਼ ਚੌਟਾਲਾ ਮੁੱਖ ਮੰਤਰੀ ਹਰਿਆਣਾ ਨੇ ਜਿਵੇਂ ਭਾਈ ਘਨੱਈਆ ਦੀ ਯਾਤਰਾ ਕੱਢਕੇ ਸਿੱਖੀ ਦਾ ਪ੍ਰਚਾਰ ਪਕਿਸਤਾਨ ਵਿਚ ਕੀਤਾ ਹੈ। ਸਾਨੂੰ ਇਸ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਇਹੋ ਜਿਹੇ ਪ੍ਰੋਗਰਾਮ ਬੜੇ ਲਾਭਦਾਇਕ ਹੁੰਦੇ ਹਨ।

ਸਾਹਿਬਜ਼ਾਦਿਆਂ ਦੀਆਂ ਸ਼ਤਾਬਦੀਆਂ ਅਦੁੱਤੀਆਂ ਘਟਨਾਵਾਂ ਹਨ। ਸਾਡਾ ਮੰਤਵ ਕੀ ਹੈ ? ਇਕ ਤਾਂ ਇਹਨਾਂ ਨੂੰ ਸ਼ਰਧਾ ਭੇਟ ਕਰੀਏ, ਦੂਜਾ ਸਾਰੇ ਵਿਸ਼ਵ ਦੇ ਲੋਕਾਂ ਨੂੰ ਅਜਿਹੀਆਂ ਸ਼ਹਾਦਤਾਂ ਬਾਰੇ ਜਾਣਕਾਰੀ ਦੇਈਏ। ਵਕਤ ਬੜਾ ਘੱਟ ਹੈ, ਦਿਨ ਰਾਤ ਲਗਾਕੇ ਪ੍ਰੋਗਰਾਮ ਉਲੀਕੋ। ਵਿਉਂਤ-ਬੰਦੀ ਲਾਜ਼ਮੀ ਹੈ। ਹਰ ਥਾਂ ਇਸ ਲਈ ਕਮੇਟੀਆਂ ਬਣਾਓ। ਪਬਲੀਸਿਟੀ ਤੇ ਮਾਡਰਨ ਤਰੀਕੇ ਅਪਣਾਓ, ਤਜ਼ਰਬੇਕਾਰ ਫਰਮਾਂ ਨੂੰ ਆਪ ਪੈਸੇ ਦੇ ਕੇ ਉਹਨਾਂ ਤੋਂ ਫਿਲਮਾਂ, ਲਿਟਰੇਚਰ, ਹਰ ਜ਼ੁਬਾਨ ਵਿਚ ਤਿਆਰ ਕਰਵਾਓ।

ਚਮਕੌਰ ਸਾਹਿਬ ਵਿਚ 14 ਦਸੰਬਰ ਤੋਂ 20 ਦਸੰਬਰ ਤਕ ਵਿਦਿਆਰਥੀ ਕੈਂਪ ਲਗਾਵੋ,

ਕੇਵਲ ਕਾਲਜ ਤੇ ਯੂਨੀਵਰਸਿਟੀ ਦੇ ਵਿਦਿਆਰਥੀ ਇਸ ਵਿਚ ਸ਼ਾਮਲ ਹੋਣ। ਇਕ ਲੱਖ ਨੌਜਵਾਨ ਪੰਜਾਬ ਤੇ ਭਾਰਤ ਦੇ ਇਸ ਵਿਚ ਆਉਣ। ਵਿਦੇਸ਼ਾਂ ਤੋਂ ਹੁਣ ਤੋਂ ਹੀ ਇਤਲਾਹ ਕਰਕੇ ਉਥੋਂ ਸਿੱਖ ਵਿਦਿਆਰਥੀਆਂ ਦੇ ਗਰੁੱਪ ਸ਼ਾਮਲ ਕਰਵਾਓ। ਹਰ ਵਿਦਿਆਰਥੀ ਦੀ ਦਾਖਲਾ ਫੀਸ ਰੱਖੋ। ਐਡਵਾਂਸ ਬੁਕਿੰਗ ਕਰਵਾਉਣ। ਹਰ ਸਿੱਖ ਕਾਲਜ ਆਸਾਨੀ ਨਾਲ ਇਹ ਕਰ ਸਕਦਾ ਹੈ। ਟੈਂਟਾਂ ਦਾ ਵੱਡਾ ਕੈਂਪ ਲਗਾਓ, ਉਸ ਵਿਚ ਐਨ.ਸੀ.ਸੀ. ਜਾਂ ਸਕਾਊਟਿੰਗ ਵਾਂਗੂ ਪ੍ਰਬੰਧ ਹੋਣ। ਸਾਬਕਾ ਫੌਜੀਆਂ ਨੂੰ ਇਹ ਕੰਮ ਸੰਭਾਲੋ। ਇਸ ਇਕ ਹਫਤੇ ਦੇ ਕੈਂਪ ਵਿਚ ਸਿੱਖੀ ਸਿਧਾਂਤ, ਫਲਸਫਾ ਤੇ ਇਤਿਹਾਸ ਦੀ ਜਾਣਕਾਰੀ, ਖੇਡਾਂ ਦੇ ਮੁਕਾਬਲੇ, ਕਲਚਰਲ ਪ੍ਰੋਗਰਾਮ, ਸਿੱਖ ਰੀਤੀ ਅਨੁਸਾਰ ਭਾਸ਼ਣ ਮੁਕਾਬਲੇ, ਲੇਖ ਮੁਕਾਬਲੇ, ਸ਼ਬਦ ਉਚਾਰਨ ਆਦਿ ਪ੍ਰੋਗਰਾਮ ਹੋਣ। ਸਿੱਖੀ ਦਾ ਇਹ ਵਿਸ਼ਾਲ ਇਕੱਠ ਪ੍ਰਭਾਵਸ਼ਾਲੀ ਹੋਵੇਗਾ। ਸਾਰੇ ਪਾਸੇ ਮੀਡੀਆ ਵਾਲੇ ਇਸ ਨੂੰ ਪ੍ਰਚਾਰਣਗੇ। ਅਜ ਤਕ ਕਦੇ ਵੀ ਅਸੀਂ ਇਹੋ ਜਿਹਾ ਇਕੱਠ ਪਹਿਲੇ ਨਹੀਂ ਕੀਤਾ। ਇਕੱਠੇ ਰਹਿਣ ਵਿਚ ਹੀ ਭਾਈਚਾਰਾ ਵਧੇਗਾ। ਪਤਿਤਪੁਣੇ ਦੀ ਭਾਵਨਾ ਨੂੰ ਠੱਲ੍ਹ ਪਵੇਗੀ। ਨੌਜਵਾਨਾਂ ਨੂੰ ਸਿੱਖੀ ਸਰੂਪ ਤੇ ਮਾਣ ਵਧੇਗਾ। ਉੱਚ ਕੋਟੀ ਦੇ ਲੈਕਚਰ ਕਰਵਾਏ ਜਾਣ। ਇਹ ਕੰਮ ਔਖਾ ਹੈ। ਬੜੀ ਵਿਉਂਤ ਦੀ ਲੋੜ ਹੈ। ਹੁਣ ਤੋਂ ਹੀ ਕਮੇਟੀਆਂ ਬਣਾਉਣੀਆਂ ਪੈਣਗੀਆਂ। ਜੇ ਇਕ ਲੱਖ ਨੌਜਵਾਨ ਇਕੱਤਰ ਨਹੀਂ ਹੋ ਸਕਦੇ ਤਾਂ ਗਿਣਤੀ ਘੱਟ ਕਰ ਲਵੋ। ਇਸ ਅਸਲ ਲਾਹੇਵੰਦ ਕੰਮ ਲਈ ਹੰਭਲਾ ਜ਼ਰੂਰੀ ਹੈ। ਸ਼੍ਰੋਮਣੀ ਕਮੇਟੀ ਇਸ ਨੂੰ ਅਪਣਾਏ। 21 ਦਸੰਬਰ ਸ਼ਹੀਦੀ ਦਿਨ ਸਾਰੇ ਨੌਜਵਾਨ, ਰੈਲੀ ਕਰਨ, ਪਗੜੀਆਂ ਦਾ ਰੰਗ ਇਕ ਹੋਵੇ। ਵੇਖੋ ਕੀ ਨਜ਼ਾਰਾ ਬਣਦਾ ਹੈ।

ਲਾਈਟ ਐਂਡ ਸਾਊਂਡ ਪ੍ਰੋਗਰਾਮ ਤਿਆਰ ਕਰਵਾਓ, ਜਿਵੇਂ 1969 ਵਿਚ ਗੁਰੂ ਨਾਨਕ ਜੀ ਦੇ 500 ਸਾਲਾ ਪ੍ਰਕਾਸ਼ ਉਤਸਵ ਤੇ ਰਾਮ ਬਾਗ ਅੰਮ੍ਰਿਤਸਰ ਵਿਚ ਕੀਤਾ ਗਿਆ ਸੀ।

ਚਮਕੌਰ ਦੀ ਜੰਗ ਦਾ ਸਾਰਾ ਵਰਣਨ ਇਕ ਸਦੀਵੀ ਯਾਦਗਾਰ ਵਜੋਂ ਸਿਰਜਿਆ ਜਾਵੇ। ਇਕ ਵੱਖਰੀ ਪੇਂਟਿੰਗ ਗੈਲਰੀ ਵੀ ਬਣਵਾਈ ਜਾਵੇ। ਘੋੜਿਆਂ ਦੀਆਂ ਖੇਡਾਂ ਹੋਣ। ਚਮਕੌਰ ਸਾਹਿਬ ਵਿਚ ਖਾਲੀ ਥਾਂ ਘੱਟ ਹੈ। ਕਣਕ ਦੀ ਫਸਲ ਹਰ ਥਾਂ ਹੋਵੇਗੀ। ਪਹਿਲਾਂ ਹੀ ਇਸ ਬਾਰੇ ਪ੍ਰਬੰਧ ਕਰੋ। ਬੱਸਾਂ ਤੇ ਕਾਰਾਂ ਦੀ ਪਾਰਕਿੰਗ ਕਦੇ ਵੀ ਕਾਮਯਾਬ ਨਹੀਂ ਹੁੰਦੀ। ਇਸ ਲਈ ਹੁਣ ਤੋਂ ਸੋਚੋ। ਸਰਕਾਰ ਦੀ ਮਦਦ ਬਹੁਤ ਜ਼ਰੂਰੀ ਹੈ। ਸਿਆਸਤ ਤੋਂ ਉਪਰ ਉਠਕੇ ਹੀ ਇਹੋ ਜਿਹਾ ਪ੍ਰੋਗਰਾਮ ਕਾਮਯਾਬ ਹੋ ਸਕਦਾ ਹੈ।

ਸਰਹੰਦ ਸਾਕਾ ਤਾਂ ਦਿਲ ਹਿਲਾ ਦੇਂਦਾ ਹੈ। 22 ਦਸੰਬਰ ਤੋਂ 26 ਦਸੰਬਰ ਤਕ ਸਕੂਲ ਦੇ ਵਿਦਿਆਰਥੀਆਂ ਦਾ ਕੈਂਪ ਲਗਵਾਓ, ਬੱਚਿਆਂ ਨੂੰ ਮਹਿਸੂਸ ਹੋਵੇ ਕਿ 7 ਤੇ 9 ਸਾਲ ਦੀ ਉਮਰ ਵਾਲੇ ਦੋ ਬੱਚੇ ਕਿਵੇਂ ਨਿਡੱਰਤਾ ਨਾਲ ਆਪਣੇ ਧਰਮ ਵਿਚ ਪੱਕੇ ਰਹੇ ਤੇ ਇਤਨਾ ਕਸ਼ਟ ਸਹਾਰ ਕੇ ਸ਼ਹੀਦੀ ਪਾ ਗਏ। ਸਕੂਲ ਵਿਦਿਆਥੀਆਂ ਨੂੰ ਲਿਆਓ, ਹਰ ਸਾਲ ਲਗਦੇ ਮੇਲੇ ਨੂੰ ਸਿੱਖੀ ਸਰੂਪ ਵਿਚ ਬਦਲੋ। ਇਸ ਵਾਰ ਉਪਰਾਲਾ ਕਰਕੇ ਦੱਸ ਦੇਵੋ ਕਿ ਸ਼ਹੀਦੀ ਜੋੜ ਮੇਲਾ ਕੀ ਹੁੰਦਾ ਹੈ। ਦੁਨੀਆਂ ਭਰ ਦੇ ਬੱਚਿਆਂ ਨੂੰ ਸੱਦਾ ਭੇਜੋ ਤੇ ਉਹ ਆ ਕੇ ਵੇਖਣ ਕਿ ਜ਼ਾਲਮ ਧਰਮ ਦੇ ਨਾਂ ਤੇ ਕਿਸ ਹੱਦ ਤਕ ਜਾ ਸਕਦਾ ਹੈ ਤੇ ਮਨ ਦੀ ਦ੍ਰਿੜਤਾ ਕਿਵੇਂ ਨੰਨੇ ਦਿਲਾਂ ਨੂੰ ਅਡੋਲ ਖੜਾ ਰੱਖਦੀ ਹੈ। ਜੇ ਅੱਜ ਇਹ ਸੁਨੇਹਾ ਭੇਜੋ ਤਾਂ ਸਾਰੇ ਵਿਸ਼ਵ ਤੋਂ ਸਕੂਲੀ ਬੱਚੇ ਆਪਣਾ ਨਾਂ ਇਸ ਕੈਂਪ ਲਈ ਭੇਜ ਸਕਦੇ ਹਨ। ਫਿਲਮਾਂ, ਲਿਟਰੇਚਰ, ਲਾਈਟ ਐਂਡ ਸਾਊਂਡ ਆਦਿ ਦੀ ਇਸ ਵਿਚ ਵੀ ਲੋੜ ਹੈ। 27 ਦਸੰਬਰ ਦਾ ਸ਼ਹੀਦੀ ਮਾਰਚ ਇਸ ਵਾਰ ਬੱਚੇ ਹੀ ਕੱਢਣ, ਵੇਖੋ ਕੀ ਨਜ਼ਾਰਾ ਬਣਦਾ ਹੈ। ਸਿੱਖ ਬੱਚਿਆਂ ਵਿਚ ਉਤਸ਼ਾਹ ਆਵੇਗਾ,

ਕੌਮ ਦੀ ਪਨੀਰੀ ਬਚ ਜਾਵੇਗੀ। ਅੱਜ ਜੋ ਪੰਜਾਬ ਦੇ ਸਕੂਲਾਂ ਵਿਚ ਹਾਲ ਹੈ ਉਹ ਸ਼ਾਇਦ ਸੁਧਰ ਜਾਵੇ ਪਰ ਉਪਰਾਲਾ ਕੌਣ ਕਰੇ। ਮੈਂ ਤਾਂ ਲੀਡਰਾਂ ਨੂੰ ਰਾਏ ਦੇ ਸਕਦਾ ਹਾਂ। ਸਾਰੇ ਲੀਡਰ ਇਸ ਪ੍ਰੋਗਰਾਮ ਦੇ ਮਕਸਦ ਨੂੰ ਸਮਝਣ। ਅਦੁੱਤਾ ਕੰਮ ਕਰਨ ਨਾਲ ਅਸੀਂ ਵਿਸ਼ਵ ਨੂੰ ਦੱਸ ਸਕਾਂਗੇ ਕਿ ਧਰਮ ਵਿਚ ਹਜ਼ਰਤ ਅਲੀ ਦੀ ਕੁਰਬਾਨੀ ਨੂੰ ਕਰੋੜਾਂ ਮੁਸਲਮਾਨ ਜੁੱਸੇ ਪਿਟਕੇ, ਮੁਹਰਮ ਵਾਲੇ ਦਿਨ ਸਾਰੀ ਦੁਨੀਆਂ ਵਿਚ ਆਪਣਾ ਇਤਿਹਾਸ ਯਾਦ ਕਰਾਉਂਦੇ ਹਨ। ਸਾਡੇ ਬਾਰੇ ਤਾਂ ਕਿਸੇ ਨੂੰ ਪਤਾ ਹੀ ਨਹੀਂ। ਇਹ ਸ਼ਤਾਬਦੀ ਇਕ ਬਹਾਨਾ ਹੈ, ਸਾਡੇ ਲਈ ਆਪਣੇ ਗੌਰਵਮਈ ਇਤਿਹਾਸ ਨੂੰ ਉਜਾਗਰ ਕਰਨ ਦਾ।

ਮਾਤਾ ਗੁਜਰੀ ਦੀ ਸ਼ਹਾਦਤ ਵੀ ਇਕ ਦਿਨ ਪਿੱਛੋਂ ਹੈ। ਮੇਰੀ ਰਾਏ ਵਿਚ 28 ਦਸੰਬਰ ਤੋਂ 5 ਦਿਨ ਦਾ ਇਸਤਰੀਆਂ ਦੇ ਕੈਂਪ ਫਤਹਿਗੜ੍ਹ ਵਿਚ ਲਗਾਇਆ ਜਾਵੇ। ਸਿੱਖੀ ਜੀਵਨ ਨੂੰ ਸਭ ਤੋਂ ਵੱਧ ਮਾਂ ਹੀ ਬੱਚੇ ਨੂੰ ਦੱਸ ਸਕਦੀ ਹੈ। ਦਾਦੀਆਂ, ਨਾਨੀਆਂ ਨੇ ਸਿੱਖੀ ਦੀ ਪਰੰਪਰਾ ਨੂੰ ਕਾਇਮ ਰੱਖਿਆ ਹੈ। ਉਹ ਫਿਰ ਆਪਣਾ ਰੋਲ ਪਛਾਣਨ। ਮਾਤਾ ਗੁਜਰੀ ਜੀ ਦੀ ਸ਼ਤਾਬਦੀ ਨੂੰ ਇਸਤਰੀਆਂ ਆਪ ਮਨਾਉਣ। ਸਾਰੀ ਵਿਉਂਤ ਵੀ ਉਹਨਾਂ ਹੱਥ ਹੋਵੇ। ਬੀਬੀ ਜਗੀਰ ਕੌਰ, ਡਾ. ਇੰਦਰਜੀਤ ਕੌਰ ਪਿੰਗਲਵਾੜਾ, ਸਾਰੀਆਂ ਸਿੱਖ ਬੀਬੀਆਂ ਜੋ ਐਮ.ਪੀ., ਐਮ.ਐਲ.ਏ., ਮੈਂਬਰ ਗੁਰਦੁਆਰਾ ਕਮੇਟੀ, ਕਾਲਜ ਦੇ ਪ੍ਰਿੰਸੀਪਲ ਹਨ, ਉਹਨਾਂ ਦੀ ਮੀਟਿੰਗ ਬੁਲਾਕੇ ਇਸ ਦੀ ਰੂਪ ਰੇਖਾ ਤਿਆਰ ਕੀਤੀ ਜਾਵੇ।

ਨੌਜਵਾਨ ਪੀੜੀ ਅਤੇ ਮਾਤਾਵਾਂ ਅੱਗੇ ਆਉਣ। ਵੇਖੋ ਕਿਵੇਂ ਨਿਸ਼ਾਨੇ ਤੇ ਪੁੱਜਣ ਲਈ ਕਾਮਯਾਬ ਹੋ ਸਕਦੇ ਹਾਂ।

ਬਾਹਰਲੇ ਦੇਸ਼ਾਂ ਵਿਚ ਅਤੇ ਭਾਰਤ ਵਿਚ ਵੀ ਸਾਰੇ ਗੁਰਦੁਆਰੇ ਅਤੇ ਸੰਸਥਾਵਾਂ ਥਾਂ-ਥਾਂ ਯੂਥ ਕੈਂਪ ਤੇ ਇਸਤਰੀ ਸੰਮੇਲਨ ਦਾ ਪ੍ਰਬੰਧ ਕਰਨ। ਉਪਰ ਲਿਖੇ ਏਜੰਡੇ ਨੂੰ ਅਪਣਾਕੇ ਉਸ ਵਿਚ ਇਲਾਹੀ ਰੰਗ ਭਰਕੇ ਉੱਦਮ ਆਰੰਭ ਕਰੋ। ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਜੀ ਅਤੇ ਸਪੁੱਤਰਾਂ ਦੀ ਯਾਦ ਮਨਾਕੇ ਆਪਣੇ ਰਿਣ ਨੂੰ ਚੁਕਾਓ। ਗੁਰੂ ਦੀ ਬਖਸ਼ਿਸ਼ ਦੇ ਹੱਕਦਾਰ ਬਣੋ।

(6-10-04)

# ਸ਼ਤਾਬਦੀਆਂ ਦੀਆਂ ਰੌਣਕਾਂ : ਮਸਲੇ ਉਥੇ ਦੇ ਉਥੇ ਹੀ

ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੇ ਨਵੇਂ ਬਣੇ ਵਾਤਾਅਨੁਕੂਲ ਆਡੀਟੋਰੀਅਮ ਵਿਖੇ 18 ਅਗਸਤ, 1998 ਨੂੰ ਇਕ ਸੈਮੀਨਾਰ ਆਯੋਜਿਤ ਕੀਤਾ ਗਿਆ ਜਿਸ ਦਾ ਮੁੱਦਾ ਸੀ ਕਿ 'ਆਉਂਦੀਆਂ ਸ਼ਤਾਬਦੀਆਂ ਸਿੱਖ ਕਿਵੇਂ ਮਨਾਉਣ'? ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ ਨੇ ਇਸ ਵਿਚ ਆਰੰਭਕ ਭਾਸ਼ਣ ਦਿੱਤਾ ਅਤੇ ਕੌਮ ਦੇ ਸਾਹਮਣੇ ਆ ਰਹੀਆਂ ਸ਼ਤਾਬਦੀਆਂ ਦਾ ਵਰਨਣ ਕੀਤਾ। ਗੁਰੂ ਅੰਗਦ ਦੇਵ ਜੀ ਦੀ 500 ਸਾਲਾ ਸ਼ਤਾਬਦੀ, ਗੁਰੂ ਅਰਜਨ ਦੇਵ ਜੀ ਦਾ 400 ਸਾਲਾ ਸ਼ਹੀਦੀ ਗੁਰਪੁਰਬ, ਗੁਰੂ ਗੋਬਿੰਦ ਸਿੰਘ ਜੀ ਦਾ 300 ਸਾਲਾ ਜੋਤੀ ਜੋਤਿ ਸਮਾਉਣ ਦਾ ਪੁਰਬ, ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਚਾਰੋਂ ਸਾਹਿਬਜਾਦਿਆਂ ਦੀ 300 ਸਾਲਾ ਸ਼ਹੀਦੀ ਸ਼ਤਾਬਦੀ, ਸ੍ਰੀ ਅਕਾਲ ਤਖ਼ਤ ਸਾਹਿਬ ਦਾ 400 ਸਾਲਾ ਸਥਾਪਨਾ ਦਿਵਸ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਸ਼ਤਾਬਦੀ। ਇਹਨਾਂ ਨੂੰ ਕਿਸ ਢੰਗ ਨਾਲ ਮਨਾਇਆ ਜਾਵੇ, ਕਿਵੇਂ ਪਿਛਲੀਆਂ ਸ਼ਤਾਬਦੀਆਂ ਦੌਰਨ ਰਹੀਆਂ ਘਾਟਾਂ ਨੂੰ ਦੂਰ ਕੀਤਾ ਜਾਵੇ ਅਤੇ ਇਸ ਲਈ ਕਿਵੇਂ ਸਾਰੀ ਕੌਮ ਨੂੰ ਜਥੇਬੰਦ ਕੀਤਾ ਜਾਵੇ ਦੇ ਸੁਝਾਅ ਦਿੱਤੇ। ਉਹਨਾਂ ਨੇ ਵਿਸ਼ਵ ਭਰ ਵਿਚ ਸ਼ਤਾਬਦੀਆਂ ਨੂੰ ਮਨਾਉਣ ਬਾਰੇ ਅਪੀਲ ਕੀਤੀ। ਉਹਨਾਂ ਤੋਂ ਪਹਿਲਾਂ ਡਾ. ਕੇਹਰ ਸਿੰਘ ਚੇਅਰਮੈਨ, ਪੰਜਾਬ ਸਕੂਲ ਐਜੂਕੇਸ਼ਨ ਬੋਰਡ ਨੇ 'ਜੀ ਆਇਆ ਕਿਹਾ' ਅਤੇ ਆਪਣੇ ਸੁਝਾਅ ਵੀ ਰੱਖੇ। ਡਾ. ਜਗੀਰ ਸਿੰਘ, ਚੰਡੀਗੜ੍ਹ ਦੇ ਪ੍ਰਸਿੱਧ ਕੀਰਤਨੀਏ, ਸਟੇਜ ਦੇ ਸੰਚਾਲਕ ਸਨ। ਭਾਈ ਹਰਸਿਮਰਨ ਸਿੰਘ, ਡਾਇਰੈਕਟਰ, ਗਿਆਨ ਆਸ਼ਰਮ, ਆਨੰਦਪੁਰ ਸਾਹਿਬ, ਪ੍ਰੋ. ਬਲਵਿੰਦਰ ਪਾਲ ਸਿੰਘ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਅਤੇ ਸ੍. ਕਰਮਜੀਤ ਸਿੰਘ, ਅਸਿਸਟੈਂਟ ਐਡੀਟਰ, ਪੰਜਾਬੀ ਟ੍ਰਿਬਿਊਨ ਨੇ ਪਰਚੇ ਪੜ੍ਹੇ। ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ, ਜਥੇਦਾਰ ਸ੍ਰੀ ਦਮਦਮਾ ਸਾਹਿਬ ਵੀ ਸ਼ਾਮਲ ਸਨ ਤੇ ਉਹਨਾਂ ਨੇ ਵੀ ਆਪਣੇ ਵਿਚਾਰ ਰੱਖੇ।

ਇਸ ਸੈਮੀਨਾਰ ਵਿਚ ਜਿਨ੍ਹਾਂ ਨੇ ਵਿਚਾਰ ਪੇਸ਼ ਕੀਤੇ ਉਹਨਾਂ ਵਿਚ ਉੱਚ ਕੋਟੀ ਦੇ ਵਿਦਵਾਨ ਹਨ: ਡਾ. ਹਰਨਾਮ ਸਿੰਘ ਸ਼ਾਨ, ਸ੍.ਗੁਰਤੇਜ ਸਿੰਘ, ਪ੍ਰੋਫੈਸਰ ਆਫ਼ ਸਿਖਇਜ਼ਮ, ਡਾ. ਖੜਕ ਸਿੰਘ , ਡਾ. ਮਾਨ ਸਿੰਘ ਨਿਰੰਕਾਰੀ ਆਦਿ ਸ਼ਾਮਿਲ ਸਨ। ਸਿੰਘ ਸਾਹਿਬ ਦੇ ਕਹਿਣ ਤੇ ਮੈਂ ਇਸ ਸੈਮੀਨਾਰ ਦੀ ਪ੍ਰਧਾਨਗੀ ਕੀਤੀ ਅਤੇ ਇਸ ਵਿਚ ਖੁੱਲ੍ਹ ਕੇ ਆਪਣੇ ਵਿਚਾਰ ਰੱਖੇ ਜੋ ਅੱਜ ਮੈਂ ਪਾਠਕਾਂ ਨਾਲ ਸਾਂਝੇ ਕਰਨਾ ਚਹੁੰਦਾ ਹਾਂ।

ਸ਼ਤਾਬਤੀ ਸ਼ਬਦ ਵਿਦੇਸ਼ਾਂ ਤੋਂ ਲਿਆ ਗਿਆ ਹੈ ਅਤੇ ਸ਼ਤਾਬਦੀਆਂ ਮਨਾਉਣ ਦੀ ਪਿਰਤ ਵੀ ਅਸੀਂ ਬਾਹਰੋਂ ਲਈ ਹੈ। ਸਭ ਤੋਂ ਪਹਿਲਾਂ 1966 ਵਿਚ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਤੀਜੀ ਜਨਮ ਸ਼ਤਾਬਦੀ ਮਨਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ। ਉਸ ਵਕਤ ਸ੍. ਉਜਲ ਸਿੰਘ ਪੰਜਾਬ ਦੇ ਗਵਰਨਰ ਸਨ ਅਤੇ ਉਹਨਾਂ ਦੀ ਸਿਆਣਪ ਦਾ ਸਦਕਾ ਗੁਰੂ ਗੋਬਿੰਦ ਸਿੰਘ ਫਾਉਂਡਰੇਸ਼ਨ ਅਤੇ ਗੁਰੂ ਨਾਨਕ ਦੇਵ ਫਾਊਂਡੇਸ਼ਨ ਕਾਇਮ ਕੀਤੀਆਂ ਗਈਆਂ ਅਤੇ ਇਹਨਾਂ ਵਿਚ ਪੰਜਾਬ ਸਰਕਾਰ ਦੀ ਵੱਡੀ ਰਕਮ ਗਰਾਂਟ ਵਜੋਂ ਦਿੱਤੀ ਗਈ। ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲਾ ਇਸਦੇ ਚੇਅਰਮੈਨ ਅਤੇ ਗਿਆਨੀ ਜ਼ੈਲ ਸਿੰਘ

ਇਸਦੇ ਜਨਰਲ ਸਕੱਤਰ ਬਣਾਏ ਗਏ। 1969 ਵਿਚ ਗੁਰੂ ਨਾਨਕ ਦੇਵ ਜੀ ਦੀ 500 ਸਾਲਾ ਜਨਮ ਸ਼ਤਾਬਦੀ ਮਨਾਈ ਗਈ ਤੋਂ ਉਦੋਂ ਪੰਜਾਬ ਦੇ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਸਨ। ਕਿਉਂ ਜੋ ਇਹ ਪਹਿਲਾ ਅਵਸਰ ਸੀ ਜਦੋਂ ਸ਼ਤਾਬਦੀਆਂ ਦਾ ਲੋਕਾਂ ਨੂੰ ਗਿਆਨ ਹੋਇਆ ਤੇ ਇਸ ਲਈ ਮੀਟਿੰਗਾਂ ਵੀ ਸਰਕਾਰੀ ਪੱਧਰ ਤੇ ਹੋਈਆਂ ਤੇ ਮੈਨੂੰ ਵੀ ਇਹ ਅਵਸਰ ਮਿਲਿਆ ਕਿ ਇਹਨਾਂ ਵਿਚ ਮੈਂ ਸ਼ਾਮਲ ਹੋਵਾਂ ਕਿਉਂ ਕਿ ਮੈਂ ਪੰਜਾਬ ਪਬਲਿਕ ਰਿਲੇਸ਼ਨ ਦਾ ਇਕ ਅਧਿਕਾਰੀ ਸਾਂ। ਕੋਈ ਖਾਸ ਪ੍ਰਭਾਵਸ਼ਾਲੀ ਪ੍ਰੋਗਰਾਮ ਨਾ ਹੋ ਸਕਿਆ। ਇਕ ਵੱਡੀ ਪ੍ਰਾਪਤੀ ਉਸ ਸਮੇਂ ਹੋਈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਥਾਪਨਾ ਅੰਮ੍ਰਿਤਸਰ ਵਿਚ ਹੋਈ। ਪਟਿਆਲਾ ਵਿਚ ਸ੍ਰ. ਕ੍ਰਿਪਾਲ ਸਿੰਘ ਨਾਰੰਗ, ਵਾਈਸ ਚਾਂਸਲਰ ਦੀ ਹਿੰਮਤ ਨਾਲ ਯੂਨੀਵਰਸਿਟੀ ਵਿਚ ਗੁਰੂ ਗੋਬਿੰਦ ਸਿੰਘ ਭਵਨ ਦੀ ਸਥਾਪਨਾ ਕੀਤੀ ਗਈ। ਇਹਨਾਂ ਸ਼ਤਾਬਦੀਆਂ ਨੇ ਨਾ ਤਾਂ ਕਿਸੇ ਗੈਰ ਸਿੱਖ ਨੂੰ ਉਤਸਾਹਿਤ ਕੀਤਾ ਤੇ ਨਾ ਹੀ ਕਿਸੇ ਨੂੰ ਕਿਹਾ ਕਿ ਆ ਕੇ ਸਮਾਗਮਾਂ ਵਿਚ ਬੈਠੋ ਤੇ ਨਾ ਹੀ ਕਿਧਰੇ ਵੀ ਅਖਬਾਰਾਂ, ਮੈਗਜ਼ੀਨਾਂ ਵਿਚ ਵੀ ਇਨ੍ਹਾਂ ਨੂੰ ਕੋਈ ਮਹੱਤਤਾ ਮਿਲੀ। ਫਿਲਮਾਂ ਵਿਚ ਵੀ ਕਿਧਰੇ ਇਸ ਨੂੰ ਥਾਂ ਨਹੀਂ ਮਿਲੀ। ਇਸ ਤੋਂ ਅੱਗੇ ਚਲ ਕੇ ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਦਾ 400 ਸਾਲਾ ਦਿਵਸ 1978 ਵਿਚ ਮਨਾਇਆ ਗਿਆ। ਉਦੋਂ ਸ੍ਰ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ। ਕੰਪਨੀ ਬਾਗ ਵਿਚ ਵੱਡਾ ਪੰਡਾਲ ਲਗਾ ਕੇ ਸਮਾਗਮ ਹੋਇਆ। ਇਥੇ ਕਈ ਪ੍ਰੋਗਰਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕੀਤੇ ਗਏ। ਸਰਕਾਰ ਦੀ ਹਿੰਮਤ ਨਾਲ ਇਹ ਸ਼ਤਾਬਦੀ ਪਹਿਲੀਆਂ ਨਾਲ ਉਚੇ ਪੱਧਰ ਤੇ ਮਨਾਈ ਗਈ। ਇਹ ਸਾਰੀ ਪ੍ਰਿੰਸੀਪਲ ਸਤਬੀਰ ਸਿੰਘ ਦੀ ਹਿੰਮਤ ਸੀ ਜਿਨ੍ਹਾਂ ਨੇ ਕਈ ਵਿਉਂਤਾਂ ਇਸ ਲਈ ਬਣਾਈਆਂ। ਗੁਰੂ ਅਮਰ ਦਾਸ ਜੀ ਦੀ 500 ਸਾਲਾ ਜਨਮ ਸ਼ਤਾਬਦੀ ਮਨਾਈ ਗਈ ਪਰ ਕੋਈ ਖਾਸ ਪ੍ਰੋਗਰਾਮ ਨਾ ਹੋ ਸਕੇ। ਬਾਵਾ ਪਰਮਜੀਤ ਸਿੰਘ ਜਲੰਧਰ ਵਾਲਿਆਂ ਨੇ ਆਪਣੀ ਹਿੰਮਤ ਨਾਲ ਗੋਇੰਦਵਾਲ ਸਾਹਿਬ ਵਿਖੇ ਕੁਝ ਪ੍ਰੋਗਰਾਮ ਉਲੀਕੇ।

ਖਾਲਸੇ ਦੇ ਜਨਮ ਦੀ ਤੀਜੀ ਸ਼ਤਾਬਦੀ 1999 ਵਿਚ ਇਸ ਲਈ ਕਾਮਯਾਬ ਹੋਈ ਕਿਉਂ ਕਿ ਸ੍ਰੀ ਅਟਲ ਬਿਹਾਰੀ ਵਾਜਪਈ, ਪ੍ਰਧਾਨ ਮੰਤਰੀ ਜੀ ਨੇ ਇਸ ਨੂੰ ਸਰਕਾਰੀ ਪੱਧਰ ਤੇ ਮਨਾਉਣ ਦਾ ਫੈਸਲਾ ਕੀਤਾ। ਬਾਕੀ ਧਰਮਾਂ ਅਤੇ ਪਾਰਟੀ ਦੇ ਲੀਡਰਾਂ ਨੂੰ ਵੀ ਇਸ ਵਿਚ ਸ਼ਾਮਲ ਕੀਤਾ। ਆਨੰਦਪੁਰ ਸਾਹਿਬ ਵਿਚ ਸਮਾਗਮ ਬੜੇ ਪ੍ਰਭਾਵਸ਼ਾਲੀ ਰਹੇ ਪਰ ਸਿੱਖਾਂ ਦੀ ਆਪਣੀ ਫੁੱਟ ਕਾਰਨ ਵੱਖਰੀਆਂ ਸਟੇਜਾਂ ਵੀ ਲੱਗੀਆਂ। ਗੈਰ ਸਿੱਖਾਂ ਦੀ ਹਾਜ਼ਰੀ ਨਾ ਮਾਤਰ ਰਹੀ। ਸਿੰਘ ਸਾਹਿਬ ਯੋਗੀ ਹਰਭਜਨ ਸਿੰਘ ਖਾਲਸਾ ਦੀ ਹਿੰਮਤ ਨਾਲ 500 ਨਵੇਂ ਸਜੇ ਅਮਰੀਕਨ ਸਿੱਖ ਇਥੇ ਸ਼ਾਮਲ ਹੋਏ ਅਤੇ ਉਹਨਾਂ ਨੂੰ ਵੇਖਣ ਦਾ ਲੋਕਾਂ ਨੂੰ ਬੜਾ ਚਾਅ ਸੀ। ਬਾਦਲ ਸਾਹਿਬ ਨੇ Sikh Heritage Complex ਬਨਾਉਣ ਦਾ ਜੋ ਬੀੜਾ ਚੁੱਕਿਆ ਹੈ ਉਹ ਇਕ ਵੱਡੀ ਪ੍ਰਾਪਤੀ ਕਹੀ ਜਾ ਸਕਦੀ ਹੈ। ਭਾਵੇਂ ਇਸ ਦੀ ਪੂਰਤੀ ਲਈ ਪ੍ਰਸ਼ਨ ਚਿੰਨ, ਲੱਗੇ ਹੋਣ। ਬਹੁਤ ਵੱਡੇ ਖਰਚ ਵਾਲਾ ਪ੍ਰੋਜੈਕਟ ਹੈ।

ਮੈਂ ਆਪਣੇ ਵਿਚਾਰ ਇਸ ਸੈਮੀਨਾਰ ਵਿਚ ਰਖਦੇ ਹੋਏ ਇਹ ਕਿਹਾ ਕਿ ਸਿੱਖ ਕੌਮ ਨੂੰ ਇਸ ਵਕਤ ਜੋ ਢਾਅ ਲੱਗ ਰਹੀ ਹੈ ਉਹ ਹੈ ਪਤਿੱਤ ਹੋਣਾ ਜਿਸ ਪਾਸੇ ਕੋਈ ਧਿਆਨ ਨਹੀਂ ਦੇ ਰਿਹਾ। ਮੈਂ ਇਹ ਵੀ ਕਿਹਾ ਕਿ ਕੋਈ ਸਿੱਖ ਲੀਡਰ ਰਾਜਸੀ ਜਾਂ ਧਾਰਮਿਕ ਇਹ ਦੱਸੇ ਕਿ ਆਪਣੀ ਹਿੰਮਤ ਅਤੇ ਰਸੂਖ ਨਾਲ ਕਿਤਨੇ ਪਤਿਤ ਬੰਦਿਆਂ ਨੂੰ ਮੁੜ ਸਿੰਘ ਸਜਾਇਆ ਹੈ। ਸਾਡੇ ਆਗੂ ਕਿਸੇ ਨੂੰ ਇਹ ਕਹਿਣ ਨੂੰ ਤਿਆਰ ਹੀ ਨਹੀਂ ਕਿ ਤੇਰਾ ਬੱਚਾ ਕਿਉਂ ਪਤਿਤ ਹੈ।

ਪਤਿਤ ਬੱਚਿਆਂ ਦੀਆਂ ਸ਼ਾਦੀਆਂ ਤੇ ਸਾਰੇ ਲੀਡਰ ਹਾਰ ਪਾ ਕੇ ਫੋਟੋ ਖਿਚਾਉਂਦੇ ਹਨ। ਇਥੋਂ ਤਕ ਵੇਖਣ ਵਿਚ ਆਇਆ ਹੈ ਕਿ ਜਦੋਂ ਦੇ ਦੋਸਤਾਂ ਦੇ ਪਤਿਤ ਬੱਚੇ ਉਹਨਾਂ ਸਾਹਮਣੇ ਆ ਕੇ ਬੈਠਦੇ ਹਨ ਤੇ ਸਾਡੇ ਲੀਡਰ ਉਹਨਾਂ ਬੱਚਿਆਂ ਨੂੰ ਆਸ਼ੀਰਵਾਦ ਦੇਂਦੇ ਹਨ। ਇਸ ਨਾਲ ਸਿੱਖੀ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਜੇ ਅਸੀਂ ਸਾਰੇ, ਜੋ ਇਸ ਸੈਮੀਨਾਰ ਵਿਚ ਬੈਠੇ ਹਾਂ ਇਹ ਹੀ ਫੈਸਲਾ ਕਰੀਏ ਕਿ ਹਰ ਕੋਈ ਸਾਡੇ ਵਿਚ ਹਰ ਸਾਲ ਘੱਟ ਤੋਂ ਘੱਟ ਪੰਜ ਪਤਿੱਤ ਸਿੱਖਾਂ ਨੂੰ ਵਾਪਸ ਕੇਸਧਾਰੀ ਬਣਾ ਦੇਵੇ ਤਾਂ ਇਸੇ ਨੂੰ ਸ਼ਤਾਬਦੀ ਮਨਾਉਣ ਦੇ ਬਰਾਬਰ ਸਮਝਿਆ ਜਾਵੇ। ਮੈਨੂੰ ਯਾਦ ਹੈ 1999 ਵਿਚ ਖਾਲਸਾ ਜਨਮ ਤ੍ਰੈ-ਸ਼ਤਾਬਦੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਜੀ ਨੇ ਇਹ ਐਲਾਨ ਕੀਤਾ ਕਿ ਉਸ ਸਾਲ ਸਾਰੇ ਸਿੱਖ ਅੰਮ੍ਰਿਤਧਾਰੀ ਹੋ ਜਾਣਗੇ। ਅਸੀਂ ਕਦੇ ਪੜਚੋਲ ਨਹੀਂ ਕੀਤੀ ਕਿ ਉਸ ਸਾਲ ਅਸੀਂ ਕਿਤਨਿਆਂ ਨੂੰ ਵਾਪਸ ਸਿੱਖੀ ਵਿਚ ਲਿਆਏ ਤੇ ਅੰਮ੍ਰਿਤਧਾਰੀ ਬਣਨਾ ਤਾਂ ਬਹੁਤ ਅੱਗੇ ਦੀ ਗੱਲ ਹੈ। ਮੈਂ ਵਿਦੇਸ਼ਾਂ ਵਿਚ ਜਾਂਦਾ ਹਾਂ ਤੇ ਮੈਂ ਵੇਖਿਆ ਹੈ ਕਿ ਅੰਦਾਜ਼ੇ ਅਨੁਸਾਰ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਵਿਚ 80% ਸਿੱਖ ਸਿਰ ਦੇ ਵਾਲ ਕਟਾ ਚੁੱਕੇ ਹਨ। ਪਿਛੇ ਜਿਹੇ ਜ਼ਿਲ੍ਹਾ ਸੰਗਰੂਰ ਵਿਚ ਬਰਨਾਲੇ ਦੇ ਇਲਾਕੇ ਵਿਚ ਇਕ ਸਰਵੇਖਣ ਹੋਇਆ ਤੇ ਉਸ ਅਨੁਸਾਰ 60 ਫੀਸਦੀ ਸਿੱਖ ਬੱਚੇ ਸਕੂਲਾਂ ਵਿਚ ਪਤਿੱਤ ਪਾਏ ਗਏ। ਮਾਲਵੇ ਵਿਚ ਇਹ ਹਾਲ ਹੈ ਤੇ ਬਾਕੀ ਸਾਰੇ ਪੰਜਾਬ ਵਿਚ ਜੋ ਸਿੱਖਾਂ ਨਾਲ ਵਾਪਰ ਰਿਹਾ ਹੈ ਉਹ ਅਸੀਂ ਵੇਖ ਰਹੇ ਹਾਂ। ਪੰਜਾਬੀ ਬੋਲੀ ਤਾਂ ਵਿਦੇਸ਼ਾਂ ਵਿਚ 90% ਲੋਕਾਂ ਨੂੰ ਨਹੀਂ ਆਉਂਦੀ। ਜਿਹੜੀ ਅਗਲੀ ਪੀੜੀ ਉਥੇ ਅਗੇ ਆ ਚੁੱਕੀ ਹੈ ਉਹ ਪੰਜਾਬੀ ਬੋਲੀ ਤੋਂ ਕੋਈ ਵਾਕਫ ਨਹੀਂ। ਦਿੱਲੀ ਵਿਚ ਹੀ ਦੇਖ ਲਓ ਵੱਡੀ ਗਿਣਤੀ ਵਿਚ ਸਿੱਖ ਬੱਚੇ ਪੰਜਾਬੀ ਨਹੀਂ ਜਾਣਦੇ। ਹੋਰ ਤੇ ਹੋਰ ਜਿਤਨੇ ਸਿੱਖ ਸਕੂਲ ਦਿੱਲੀ ਵਿਚ ਹਨ ਉਹਨਾਂ ਵਿਚ ਵੀ ਅਮੀਰ ਸਿੱਖਾਂ ਦੇ ਬੱਚੇ ਪੜਨਾ ਨਹੀਂ ਚਾਹੁੰਦੇ, ਕਿਉਂ ਜੋ ਸਾਡੇ ਸਕੂਲ ਦਾ ਮਿਯਾਰ ਨਿੱਘਰ ਚੁੱਕਾ ਹੈ। ਖਾਲਸਾ ਕਾਲਜ ਦਿੱਲੀ ਵਿਚ ਹਨ ਉਹਨਾਂ ਵਿਚ ਵੀ ਅਮੀਰ ਸਿੱਖਾਂ ਦੇ ਬੱਚੇ ਪੜਨਾ ਨਹੀਂ ਚਾਹੁੰਦੇ, ਕਿਉਂ ਕਿ ਮਿਯਾਰ ਨਿੱਘਰ ਚੁੱਕਾ ਹੈ। ਖਾਲਸਾ ਕਾਲਜ ਅਤੇ ਸਕੂਲਾਂ ਵਿਚ ਹੁਣ ਤਾਂ ਪਤਿਤ ਪ੍ਰੋਫੈਸਰ ਵੀ ਨੌਕਰੀਆਂ ਕਰ ਰਹੇ ਹਨ। ਜਿਤਨੇ ਇੰਜਨੀਅਰਿੰਗ, ਮੈਡੀਕਲ, ਡੈਂਟਲ ਕਾਲਜ ਬਣਾਏ ਹਨ ਉਹਨਾਂ ਵਿਚ ਪਗੜੀ ਵਾਲਾ ਸਿੱਖ ਨਜ਼ਰ ਹੀ ਨਹੀਂ ਆਉਂਦਾ। ਮੈਨੂੰ ਇਕ ਗੱਲ ਦੱਸਕੇ ਅਤੇ ਲਿਖਕੇ ਖੁਸ਼ੀ ਹੁੰਦੀ ਹੈ ਕਿ ਪਿੱਛੇ ਜਿਹੇ ਸ਼ਿਵਾਲਿਕ ਸਕੂਲ, ਚੰਡੀਗੜ੍ਹ ਦੇ ਪ੍ਰਿੰਸੀਪਲ ਸਰਦਾਰ ਡੀ.ਐਸ.ਬੇਦੀ ਜੀ ਨੇ ਆਪਣੀ ਹਿੰਮਤ ਨਾਲ ਇਕ ਪਤਿਤ ਬੱਚੇ ਬਾਰੇ ਜੋ ਫੈਸਲਾ ਲਿਆ ਉਸਦੀ ਸਾਰੀ ਕੌਮ ਨੂੰ ਪ੍ਰਸੰਸਾ ਕਰਨੀ ਚਾਹੀਦੀ ਹੈ। ਇਹ ਜ਼ਾਬਤਾ ਹਰੇਕ ਸਕੂਲ ਨੂੰ ਲਾਗੂ ਕਰਨਾ ਚਾਹੀਦਾ ਹੈ। ਜੋ ਸਿੱਖ ਸਕੂਲ ਤੇ ਕਾਲਜ ਸਿੱਖਾਂ ਦੀ ਕਮਾਈ ਨਾਲ ਬਣੇ ਹਨ ਤਾਂ ਘੱਟ ਤੋਂ ਘੱਟ ਇਹ ਡਿਸਪਲਿਨ ਤਾਂ ਹੋਵੇ ਕਿ ਪਤਿੱਤ ਸਿੱਖ ਨੂੰ ਦਾਖਲਾ ਨਹੀਂ ਮਿਲੇਗਾ। ਭਾਰਤ ਦਾ ਸੰਵਿਧਾਨ ਇਸ ਬਾਰੇ ਹਰ ਘੱਟ ਗਿਣਤੀ ਕੌਮ ਨੂੰ ਹੱਕ ਦੇਂਦਾ ਹੈ ਕਿ ਉਹ ਆਪਣੇ ਕਲਚਰ ਦੀ ਰਾਖੀ ਕਰ ਸਕਣ।

ਜਿਹੜੀ ਸ਼ਤਾਬਦੀਆਂ ਮਨਾਉਣ ਬਾਰੇ ਕਿਹਾ ਹੈ ਮੇਰੇ ਵਿਚਾਰ ਵਿਚ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਗੁਰਗੱਦੀ ਦਿਵਸ ਮਨਾਉਣ ਦੀ 300 ਸਾਲਾ ਸ਼ਤਾਬਦੀ ਜੋ ਅਕਤੂਬਰ 2008 ਵਿਚ ਆਉਣੀ ਹੈ ਉਹ ਵਿਸ਼ਵ ਭਰ ਵਿਚ ਮਨਾਈ ਜਾ ਸਕਦੀ ਹੈ ਅਤੇ ਇਸ ਬਾਰੇ ਬੇਨਤੀ ਕੀਤੀ ਜਾਵੇ ਕਿ ਉਹ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਕ ਅੰਤਰ ਵਿਸ਼ਵਾਸ ਧਾਰਮਿਕ ਗ੍ਰੰਥ ਵਾਂਗੂੰ ਅਪਨਾਉਣ ਅਤੇ ਦੁਨੀਆਂ ਭਰ ਵਿਚ ਧਾਰਮਿਕ ਏਕਤਾ ਲਈ ਇਸ ਨੂੰ ਪਰਚਾਰਣ। ਮੈਂ ਮਹਾਰਾਸ਼ਟਰ ਦੇ ਗਵਰਨਰ ਤੇ ਮੁੱਖ ਮੰਤਰੀ ਨੂੰ ਬੇਨਤੀ ਕੀਤੀ ਹੈ ਕਿ ਨੰਦੇੜ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਗੱਦੀ ਮਿਲੀ ਸੀ ਉਥੇ ਸਰਕਾਰ ਸਮਾਗਮ ਕਰਵਾਏ ਅਤੇ ਇਸ ਨੂੰ ਸਾਰੇ ਮਹਾਰਾਸ਼ਟਰ

ਦੇ ਲੋਕ ਸਾਂਝੇ ਤੌਰ ਤੇ ਮਨਾਉਣ। ਇਸਦੇ ਨਾਲ ਹੀ ਮੇਰਾ ਇਹ ਸੁਝਾਅ ਹੈ ਕਿ ਜਿਨਾਂ ਸੰਤਾਂ ਅਤੇ ਮਹਾਪੁਰਸ਼ਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਹੈ ਉਹਨਾਂ ਦੇ ਜਨਮ ਅਸਥਾਨਾਂ ਤੇ ਸ੍ਰੀ ਗੁਰੂ ਸਾਹਿਬ ਦਾ ਪ੍ਰਕਾਸ਼ ਕਰਕੇ ਉਹਨਾਂ ਦੀਆਂ ਸੰਗਤਾਂ ਨੂੰ ਸ਼ਾਮਲ ਕੀਤਾ ਜਾਵੇ। ਭਗਤ ਨਾਮਦੇਵ ਜੀ ਦੇ ਪਿੰਡ ਪਾਂਡਰਪੁਰ ਜੋ ਪੂਨੇ ਦੇ ਨੇੜੇ ਹੈ, ਉਥੇ ਸਮਾਗਮ ਹੋਵੇ। ਕਬੀਰ ਜੀ ਅਤੇ ਰਵਿਦਾਸ ਜੀ ਦੇ ਬਨਾਰਸ ਦੇ ਨੇੜੇ ਉਸ ਪਿੰਡ ਵਿਚ ਜਿਥੇ ਜਨਮ ਹੋਇਆ ਉਥੇ ਸਮਾਗਮ ਹੋਵੇ। ਇਹ ਇਕ ਐਸਾ ਅਵਸਰ ਸਾਨੂੰ ਮਿਲੇਗਾ ਜਿਸ ਰਾਹੀਂ ਅਸੀਂ ਅਸਲ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਨੂੰ ਆਪਣੇ ਘੇਰੇ ਤੋਂ ਬਾਹਰ ਪਹੁੰਚਾ ਸਕਾਂਗੇ। ਸਦਾ ਆਪਸ ਵਿਚ ਘਰ ਅੰਦਰ ਬੈਠਕੇ ਆਪਣੀਆਂ ਉਸਤਤਾਂ ਕਰਨੀਆਂ ਅਤੇ ਆਪਣੇ ਮੂੰਹੋ ਆਪਣੀ ਉਸਤਤ ਸੁਨਣ ਦੀ ਆਦਤ ਛੱਡਣੀ ਪਏਗੀ। ਦੁਨੀਆਂ ਵਿਚ ਸਭ ਤੋਂ ਪ੍ਰਭਾਵਿਤ ਕਰਨ ਵਾਲਾ ਵਿਗਿਆਨਕ ਅਤੇ ਅੱਜ ਦੀ ਲੋੜ ਨੂੰ ਪੂਰਾ ਕਰਨ ਵਾਲਾ ਉਪਦੇਸ਼ ਕੇਵਲ ਗੁਰੂ ਗ੍ਰੰਥ ਸਾਹਿਬ ਵਿਚ ਹੈ। ਅਸੀਂ ਇਸ ਦਾ ਪ੍ਰਚਾਰ ਕਰਨ ਲਈ ਫੇਲ੍ਹ ਹੋਏ ਹਾਂ। ਦੁਨੀਆਂ ਦੀ ਹਰ ਜ਼ੁਬਾਨ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਚੋਣਵੇਂ ਹਿੱਸੇ ਲੋਕਾਂ ਤਕ ਪੁੱਜਣ। ਪਿੱਛੇ ਜਿਹੇ ਡਾ. ਨਿਕੀ ਗੁਰਿੰਦਰ (ਸਪੁੱਤਰੀ ਪ੍ਰੋ. ਹਰਬੰਸ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਨੇ ਅਮਰੀਕਨਾਂ ਦੀ ਸਮਝ ਆਉਣ ਵਾਲੀ ਅੰਗਰੇਜ਼ੀ ਵਿਚ ਚੋਣਵੀਂ ਬਾਣੀ ਦਾ ਤਰਜਮਾ ਕਰਕੇ ਕਿਤਾਬ ਛਾਪੀ ਹੈ, ਜਿਸਦੀ ਹਰ ਗੈਰ ਸਿੱਖ ਉਸਤਤ ਕਰ ਰਿਹਾ ਹੈ। ਯੋਗੀ ਹਰਭਜਨ ਸਿੰਘ ਖਾਲਸਾ ਜੀ ਨੇ ਅਮਰੀਕਾ ਵਿਚ ਆਪਣੇ ਅਮਰੀਕਨ ਸਿੱਖਾਂ ਲਈ ਕਈ ਵਿਚ ਜ਼ੁਬਾਨਾਂ ਵਿੱਚ ਸਿੱਖ ਬਾਣੀ ਛਾਪੀ ਹੈ। ਇਹੋ ਜਿਹੇ ਉਪਰਾਲੇ ਕਰਨ ਦੀ ਲੋੜ ਹੈ। ਅਸੀਂ ਅੰਗਰੇਜ਼ੀ ਜ਼ੁਬਾਨ ਦੇ ਮਾਹਿਰ ਸਿੱਖ ਪਰਚਾਰਕ ਅਜੇ ਤਕ ਬਣਾ ਨਹੀਂ ਸਕੇ।

ਅਖੀਰ ਵਿਚ ਮੇਰਾ ਇਹ ਸੁਝਾਅ ਹੈ ਕਿ ਸ਼ਤਾਬਦੀਆਂ ਰੱਜ-ਰੱਜ ਮਨਾਉ। ਇਹ ਖੁਸ਼ੀ ਦੇ ਮੌਕੇ ਹਨ। ਜ਼ਿਆਦਾ ਸਮਾਂ ਅਤੇ ਵਸੀਲੇ ਸਿੱਖਾਂ ਦੀ ਸਹੀ ਉਨਤੀ ਲਈ ਖਰਚ ਹੋਣ ਅਤੇ ਗੁਰੂ ਗ੍ਰੰਥ ਸਾਹਿਬ ਦੇ ਵਿਸ਼ਵ ਪ੍ਰਚਾਰ ਲਈ ਲਗਾਏ ਜਾਣ। ਕੇਵਲ ਦੀਵਾਨ ਕਰਨਾ ਤੇ ਸਜਾਵਟਾਂ ਤੇ ਮਾਇਆ ਖਰਚ ਕਰਨ ਨਾਲੋਂ ਵਿਉਂਤਬੱਧ ਤਰੀਕੇ ਨਾਲ ਬਾਣੀ ਨੂੰ ਸਮਝਾਣ ਵਿਚ ਵਕਤ ਲਗਾਓ।

# ਲਾਸਾਨੀ ਜਰਨੈਲ ਜਗਜੀਤ ਸਿੰਘ ਅਰੋੜਾ

ਮੈਂ ਇਤਿਹਾਸ ਪੜ੍ਹਨ ਦਾ ਸ਼ੌਕੀਨ ਹਾਂ।ਹਰ ਥਾਂ ਇਹੋ ਪੜ੍ਹਿਆ ਹੈ ਕਿ ਭਾਰਤ ਨੂੰ ਤਾਂ ਬਾਹਰੋਂ ਆਏ ਧਾੜਵੀਆਂ ਨੇ ਹਰਾਇਆ ਹੈ। ਕੋਈ ਆਵੇ ਤੇ ਇਥੇ ਕਬਜ਼ਾ ਕਰੇ ਤੇ ਲੁੱਟ ਮਾਰ ਕਰੇ। ਜਦ ਤਕ ਜੀਅ ਕਰੇ ਇਥੇ ਠਹਿਰੇ। ਸੈਂਕੜੇ ਸਾਲ ਰਾਜ ਕਰੇ। ਤੁਰਕਿਸਤਾਨ, ਅਫ਼ਗਾਨਿਸਤਾਨ ਦੀਆਂ ਉੱਚੀਆਂ ਪਹਾੜੀਆਂ ਤੋਂ ਕੁਝ ਕੁ ਹਮਲਾਵਾਰ ਬਿਨਾਂ ਕਿਸੇ ਰੋਕ ਦੇ ਆਉਂਦੇ ਤੇ ਸਾਨੂੰ ਲੁਟਦੇ। ਕਦੇ ਅਬਦਾਲੀ, ਕਦੇ ਨਾਦਰਸ਼ਾਹ, ਕਦੇ ਬਾਬਰ ਤੇ ਉਹਨਾਂ ਦੀ ਮਰਜ਼ੀ ਕਦ ਆਉਣ ਤੇ ਕਿਵੇਂ ਰਾਜ ਕਰਨ। ਯੂਰਪ ਤੋਂ ਬਾਦਬਾਨੀ ਸਮੁੰਦਰੀ ਜਹਾਜ਼ਾਂ ਵਿੱਚ ਆ ਕੇ ਅੰਗਰੇਜ਼, ਪੁਰਤਗਾਲੀ ਅਤੇ ਡੱਚ ਇਥੇ ਸਾਨੂੰ ਗੁਲਾਮ ਬਣਾਕੇ ਬੈਠ ਗਏ। ਭਾਰਤ ਦੇ ਇਤਿਹਾਸ ਵਿੱਚ ਕੇਵਲ ਦੋ ਹੀ ਮਿਸਾਲਾਂ ਹਨ ਕਿ ਜਦ ਕਿ ਕਿਸੇ ਭਾਰਤੀ ਨੇ ਵੀ ਹੱਦ ਤੋਂ ਬਾਹਰ ਜਾ ਕੇ ਜਿੱਤ ਪ੍ਰਾਪਤ ਕੀਤੀ ਹੋਵੇ। ਪਹਿਲਾ ਸਰਦਾਰ ਹਰੀ ਸਿੰਘ ਨਲਵਾ ਸੀ ਜਿਸ ਨੇ 1820 ਵਿੱਚ ਸਿੰਧ ਪਾਰ ਕਰਕੇ ਪੇਸ਼ਾਵਰ ਜਿੱਤਿਆ ਤੇ ਖਾਲਸਾ ਰਾਜ ਸਥਾਪਤ ਕੀਤਾ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਹੀ ਸਿਆਚਨ ਵੈਲੀ ਤਿੱਬਤ ਤੋਂ ਖੋਹ ਕੇ ਭਾਰਤ ਵਿੱਚ ਪਾਈ ਗਈ ਅਤੇ ਇਕ ਦਿਨ ਐਸਾ ਵੀ ਆਇਆ ਜਦ ਖਾਲਸਈ ਫੌਜਾਂ ਨੇ ਕਾਬਲ ਵਿੱਚ ਝੰਡਾ ਗੱਡਿਆ ਤੇ ਇਤਨੀ ਵੱਡੀ ਜਿੱਤ ਪ੍ਰਾਪਤ ਕੀਤੀ। ਭਾਰਤ ਦੇ ਭੂਗੋਲ ਨੂੰ ਬਦਲਣ ਦਾ ਸਿਹਰਾ ਸਿੱਖਾਂ ਨੂੰ ਜਾਂਦਾ ਹੈ। ਦੂਜਾ ਜਨਰਲ ਜਗਜੀਤ ਸਿੰਘ ਅਰੋੜਾ ਜਿਸਨੇ 1971 ਵਿੱਚ ਬੰਗਲਾਦੇਸ਼ ਵਿੱਚ ਪਾਕਿਸਤਾਨੀ ਫੌਜ ਨੂੰ ਹਰਾ ਕੇ ਉਹਨਾਂ ਦੇ ਜਰਨੈਲ ਨਿਆਜ਼ੀ ਨੂੰ ਹਥਿਆਰ ਸੁੱਟਣ ਲਈ ਮਜ਼ਬੂਰ ਕੀਤਾ। ਕਿਸੇ ਨੂੰ ਵੀ ਉਹ ਫੋਟੋ ਨਹੀਂ ਭੁੱਲੇਗੀ ਜਿਸ ਵਿੱਚ ਜਨਰਲ ਅਰੋੜਾ ਸਾਹਮਣੇ ਜਨਰਲ ਨਿਆਜ਼ੀ ਆਪਣੀ ਹਾਰ ਮੰਨਣ ਦੇ ਦਸਤਖ਼ਤ ਕਰ ਰਿਹਾ ਹੈ।

ਐਸੇ ਬਹਾਦਰ ਜਰਨੈਲ ਦਾ ਅਕਾਲ ਚਲਾਣਾ ਤਿੰਨ ਮਈ ਨੂੰ ਦਿੱਲੀ ਵਿੱਚ ਹੋਇਆ। ਉਹਨਾਂ ਦੀ ਕਹਾਣੀ ਉਨ੍ਹਾਂ ਨਾਲ ਰਹੇ ਫੌਜੀ ਅਫਸਰਾਂ ਖ਼ਾਸ ਕਰਕੇ ਪੰਜਾਬ ਦੇ ਸਾਬਕਾ ਗਵਰਨਰ ਜਨਰਲ ਜੈਕਬ ਜੋ ਉਸ ਜੰਗ ਵਿੱਚ ਅਰੋੜਾ ਜੀ ਦੇ ਡਿਪਟੀ ਸਨ ਨੇ ਵਰਨਣ ਕੀਤਾ ਹੈ। ਉਨ੍ਹਾਂ ਦੇ ਉਸ ਵਕਤ ਦੇ ਏ.ਡੀ.ਸੀ ਤੇ ਹੁਣ ਐਡੂਜੈਂਟ ਜਨਰਲ, ਲੈਫਟੀਨੈਂਟ ਜਨਰਲ ਮਹਿੰਦਰ ਸਿੰਘ ਨੇ ਉਹਨਾਂ ਦੀ ਵਿਉਂਤਬੰਦੀ ਬਾਰੇ ਲਿਖਿਆ ਹੈ। ਪਾਕਿਸਤਾਨ ਦੇ ਉਸ ਵਕਤ ਹੁਕਮਰਾਨ ਜਨਰਲ ਯਾਹੀਆ ਖਾਨ ਸਨ। ਅਮਰੀਕਾ ਦੀ ਪੂਰੀ ਮਦਦ ਸੀ। ਰਾਸ਼ਟਰਪਤੀ ਨਿਕਸਨ ਅੱਗ ਬਗੋਲਾ ਸੀ। ਸਾਰੇ ਪਾਸੇ ਇਸਲਾਮ ਦੇ ਨਾਂ ਤੇ ਵੀ ਪ੍ਰਚਾਰ ਸੀ। ਪਰ ਜਿਸ ਖ਼ੂਬੀ ਨਾਲ ਇਹ ਜੰਗ ਜਿੱਤੀ ਗਈ ਉਸਦੀ ਸਾਰੇ ਵਿਸ਼ਵ ਵਿੱਚ ਭਾਰਤ ਦੀ ਧਾਂਕ ਬੈਠ ਗਈ। ਇਕ ਲੱਖ ਪਾਕਿਸਤਾਨੀ ਜੰਗੀ ਕੈਦੀ ਬਣੇ ਤੇ ਜੋ ਕਈ ਚਿਰ ਪਿਛੋਂ ਲੇਲੜੀਆਂ ਕਢਾ ਕੇ ਪਾਕਿਸਤਾਨ ਨੂੰ ਵਾਪਸ ਨੂੰ ਭੇਜੇ ਗਏ।

ਪਰ ਕਮਾਲ ਹੈ ਭਾਰਤ ਸਰਕਾਰ ਦਾ। ਜਿਸ ਜਿੱਤ ਕਾਰਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਦੁਰਗਾ ਦੀ ਉਪਾਧੀ ਮਿਲੀ, ਜਨਰਲ ਮਾਣਕ ਸ਼ਾਹ ਨੂੰ ਫੀਲਡ ਮਾਰਸ਼ਲ ਬਣਾਇਆ ਗਿਆ, ਉਥੇ ਉਸ ਜੰਗ ਨੂੰ ਜਿੱਤਣ ਵਾਲੇ ਜਰਨੈਲ ਜਗਜੀਤ ਸਿੰਘ ਅਰੋੜਾ ਨੂੰ ਕੋਈ ਉਚੇਚਾ ਸਨਮਾਨ ਨਾ ਦਿੱਤਾ ਗਿਆ। ਉਹ ਰਿਟਾਇਰ ਹੋ ਕੇ ਘਰ ਆ ਕੇ ਬੈਠ ਗਏ। ਇਸ ਤੋਂ

ਪਹਿਲਾਂ 1965 ਦੀ ਜੰਗ ਦੇ ਹੀਰੋ ਜਨਰਲ ਹਰਬਖ਼ਸ਼ ਸਿੰਘ ਨੂੰ ਵੀ ਏਦਾਂ ਹੀ ਰਿਟਾਇਰ ਕਰ ਦਿੱਤਾ ਗਿਆ ਸੀ। ਭਾਰਤ ਸਰਕਾਰ ਆਮ ਕਰਕੇ ਵੱਡੇ ਜਰਨੈਲਾਂ ਨੂੰ ਗਵਰਨਰ ਜਾਂ ਰਾਜਦੂਤ ਬਣਾਕੇ ਉਹਨਾਂ ਦਾ ਸਨਮਾਨ ਕਰਦੀ ਹੈ, ਪਰ ਦੋਵੇਂ ਜਰਨੈਲ ਇਸ ਸਨਮਾਨ ਤੋਂ ਵੀ ਵਾਂਝੇ ਰਹੇ। ਗਿਆਨੀ ਜ਼ੈਲ ਸਿੰਘ ਜੀ ਜਦ 1980 ਵਿੱਚ ਭਾਰਤ ਦੇ ਗ੍ਰਹਿ ਮੰਤਰੀ ਬਣੇ ਤੇ ਉਹਨਾਂ ਨੇ ਦੋ ਵਾਰੀ ਜਨਰਲ ਅਰੋੜਾ ਦਾ ਨਾਂ ਗਵਰਨਰ ਬਣਾਉਣ ਲਈ ਭੇਜਿਆ ਪਰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਜੀ ਨੇ ਨਾਂਹ ਕਰ ਦਿੱਤੀ।

1984 ਵਿਚ ਦਿੱਲੀ ਵਿੱਚ ਸਿੱਖਾਂ ਦੇ ਕਤਲੇਆਮ ਸਮੇਂ ਜਨਰਲ ਅਰੋੜਾ ਤੇ ਏਅਰ ਚੀਫ਼ ਮਾਰਸ਼ਲ ਅਰਜਨ ਸਿੰਘ ਨੇ ਬੜੀ ਦਲੇਰੀ ਨਾਲ ਸਿੱਖਾਂ ਦੀ ਮਦਦ ਕੀਤੀ। ਹਰ ਥਾਂ ਪਹੁੰਚੇ। ਸਿੱਖ ਫੋਰਮ ਨਾਂ ਦੀ ਇੱਕ ਸੰਸਥਾ ਬਣਾਈ ਜਿਸ ਰਾਹੀਂ ਸਿੱਖ ਪਰਿਵਾਰਾਂ ਦੀ ਸੇਵਾ ਕੀਤੀ। ਹਰ ਸਾਲ 1 ਅਕਤੂਬਰ ਨੂੰ ਰੋਸ ਦਿਨ ਮਨਾਇਆ ਜਾਂਦਾ ਹੈ। ਸ਼ੁਕਰ ਹੈ ਅਕਾਲੀ ਦਲ ਨੇ ਇਹਨਾਂ ਨੂੰ 1986 ਨੂੰ ਰਾਜ ਸਭਾ ਦਾ ਮੈਂਬਰ ਬਣਾ ਦਿੱਤਾ। ਵੈਸੇ ਇਹੋ ਜਿਹੀ ਸਿਆਣਪ ਇਹ ਪਾਰਟੀ ਘੱਟ ਹੀ ਕਰਦੀ ਹੈ। ਅੱਜ ਜਨਰਲ ਅਰੋੜਾ ਨੂੰ ਸ਼ਰਧਾਂਜਲੀ ਦਿੰਦਾ ਹੋਇਆ ਇਹ ਆਸ ਕਰਦਾ ਹਾਂ ਕਿ ਉਹਨਾਂ ਦੇ ਜੀਵਨ ਦੀ ਗਾਥਾ ਸਕੂਲਾਂ ਦੀਆਂ ਕਿਤਾਬਾਂ ਵਿੱਚ ਸ਼ਾਮਲ ਕੀਤੀ ਜਾਵੇ। ਯੂਨੀਵਰਸਿਟੀਆਂ ਵਿੱਚ ਉਹਨਾਂ ਦੇ ਨਾਂ ਤੇ ਯਾਦਗਾਰੀ ਚਿੰਨ੍ਹ ਬਣਨ। ਉਹਨਾਂ ਨੂੰ "ਨਿਸ਼ਾਨ-ਏ-ਖਾਲਸਾ" ਸਨਮਾਨ 1999 ਵਿੱਚ ਆਨੰਦਪੁਰ ਸਾਹਿਬ ਵਿਖੇ ਦਿੱਤਾ ਗਿਆ ਸੀ। ਕੌਮ ਉਹਨਾਂ ਬਾਰੇ ਕੋਈ ਸਦੀਵੀ ਯਾਦਗਾਰ ਬਣਾਉਣ ਦੀ ਯੋਜਨਾ ਬਣਾਵੇ।

(8-5-2005)

# ਸੋਧਰਾ ਯਾਤਰਾ-ਪਾਕਿਸਤਾਨ

ਸ਼੍ਰੀ ਓਮ ਪ੍ਰਕਾਸ਼ ਚੌਟਾਲਾ ਮੁੱਖ ਮੰਤਰੀ, ਹਰਿਆਣਾ ਵਲੋਂ ਕੀਤੀ ਭਾਈ ਘਨੱਈਆ ਦੇ ਜਨਮ ਅਸਥਾਨ ਪਿੰਡ ਸੋਧਰਾ, ਜ਼ਿਲ੍ਹਾ ਗੁਜ਼ਰਾਂਵਲਾ (ਪਾਕਿਸਤਾਨ) ਦੀ ਯਾਤਰਾ ਬਾਰੇ ਬੜੇ ਚਰਚੇ ਹੋ ਰਹੇ ਹਨ। ਅਖਬਾਰਾਂ ਵਿਚ ਬਿਆਨ ਛਪ ਰਹੇ ਹਨ। ਹਰ ਕੋਈ ਇਸ ਦੀ ਤਾਰੀਫ਼ ਕਰ ਰਿਹਾ ਹੈ ਕਿ ਚੌਟਾਲਾ ਸਾਹਿਬ ਨੇ ਭਾਈ ਘਨੱਈਆ ਦੇ ਪਿੰਡੋਂ ਪਾਣੀ ਲਿਆ ਕੇ ਅਤੇ ਉਸਨੂੰ ਪੰਜਾਬ ਅਤੇ ਹਰਿਆਣਾ ਦੇ ਪ੍ਰਮੁੱਖ ਸ਼ਹਿਰਾਂ ਵਿਚ ਘੁੰਮਾ ਕੇ ਭਾਈ ਘਨੱਈਆ ਦਾ ਨਾਂ ਘਰ-ਘਰ ਪਹੁੰਚਾ ਦਿੱਤਾ ਹੈ, ਅਤੇ ਸਿੱਖ ਧਰਮ ਦਾ ਬੜਾ ਪ੍ਰਚਾਰ ਕੀਤਾ ਹੈ। ਪਰ ਕਈਆਂ ਨੂੰ ਚੌਟਾਲਾ ਸਾਹਿਬ ਦੀ ਇਹ ਸੇਵਾ ਰਾਸ ਨਹੀਂ ਆਈ। ਉਹ ਇਸ ਨੂੰ ਚੌਟਾਲਾ ਸਾਹਿਬ ਦਾ ਰਾਜਸੀ ਮੰਤਵ ਸਮਝਦੇ ਹਨ। ਕੋਈ ਕਹਿੰਦਾ ਹੈ ਕਿ ਸ: ਸੁਖਬੀਰ ਸਿੰਘ ਬਾਦਲ ਦੇ ਡੈਲੀਗੇਸ਼ਨ ਵਿਚ ਸ਼ਾਮਲ ਹੋਣ ਨਾਲ ਪੰਜਾਬ ਦੇ ਪਾਣੀ ਦਾ ਕੇਸ ਕਮਜ਼ੋਰ ਹੋਇਆ ਹੈ। ਕਿਸੇ ਦਾ ਕਹਿਣਾ ਹੈ ਕਿ ਇਸ ਯਾਤਰਾ ਦੇ ਰਾਹੀਂ ਚੌਟਾਲਾ ਸਾਹਿਬ ਪੰਜਾਬ ਕੋਲੋਂ ਪਾਣੀ ਲੈਣਾ ਚਾਹੁੰਦੇ ਹਨ ਅਤੇ ਉਹਨਾਂ ਨੇ ਆਪਣਾ ਕੇਸ ਮਜਬੂਤ ਬਣਾਉਣ ਲਈ ਇਹ ਰਾਹ ਲੱਭਿਆ ਹੈ।

ਮੈਂ ਇਸ ਲੇਖ ਰਾਹੀਂ ਇਸ ਵਿਵਾਦ ਬਾਰੇ ਅਤੇ ਚੌਟਾਲਾ ਜੀ ਦੇ ਸਿੱਖਾਂ ਪ੍ਰਤੀ ਕੀਤੇ ਕੰਮਾਂ ਦਾ ਲੇਖਾ-ਜੋਖਾ ਕਰ ਰਿਹਾ ਹਾਂ।

ਚੌਟਾਲਾ ਜੀ ਦੇ ਪਿਤਾ ਚੌਧਰੀ ਦੇਵੀ ਲਾਲ ਨਾਲ ਮੇਰੀ ਨੇੜਤਾ 1957 ਤੋਂ ਹੋਈ ਜਦ ਮੈਂ ਪੰਜਾਬ ਲੋਕ ਸੰਪਰਕ ਵਿਭਾਗ ਵਿਚ ਡੀ.ਪੀ ਆਰ.ਓ ਲੱਗਿਆ। ਓਦੋਂ ਚੌਧਰੀ ਸਾਹਿਬ ਸ੍ਰ. ਪ੍ਰਤਾਪ ਸਿੰਘ ਕੈਰੋਂ ਦੀ ਸੱਜੀ ਬਾਂਹ ਸਨ ਤੇ ਚੀਫ਼ ਪਾਰਲੀਮੈਂਟਰੀ ਸੈਕਟਰੀ ਵੀ ਰਹੇ। ਮੇਰੇ ਸਹੁਰਾ ਸਾਹਿਬ ਅਕਾਲੀ ਬਲਵੰਤ ਸਿੰਘ ਆਨੰਦ ਅਤੇ ਚੌਧਰੀ ਦੇਵੀ ਲਾਲ ਆਜ਼ਾਦੀ ਸੰਗਰਾਮ ਦੌਰਾਨ ਇਕੱਠੇ ਲਾਹੌਰ ਜੇਲ੍ਹ 'ਚ ਰਹੇ ਸਨ। ਇਸ ਕਰਕੇ ਮੇਰਾ ਉਹਨਾਂ ਨਾਲ ਜ਼ਾਤੀ ਸਬੰਧ ਕਾਇਮ ਹੋ ਗਿਆ। ਗਿਆਨੀ ਜ਼ੈਲ ਸਿੰਘ ਜੀ ਚੌਧਰੀ ਦੇਵੀ ਲਾਲ ਦੇ ਭਰਾਵਾਂ ਵਰਗੇ ਦੋਸਤ ਸਨ, ਇਸ ਲਈ ਮੇਰੀ ਨੇੜਤਾ ਇਸ ਪਰਿਵਾਰ ਨਾਲ ਬਹੁਤ ਰਹੀ। ਚੌਟਾਲਾ ਜੀ ਨੂੰ ਮੈਂ ਆਰੰਭ ਤੋਂ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਵਨ ਵਜੋਂ ਵੇਖਿਆ ਹੈ। ਉਹਨਾਂ ਦੇ ਮਨ ਵਿਚ ਇਹ ਗੱਲ ਪੱਕੀ ਬੈਠੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਉੱਦਮ ਕਰਕੇ ਹੀ ਸਾਰੇ ਉਤਰੀ ਭਾਰਤ ਵਿਚ ਲੋਕ ਆਪਣਾ ਧਰਮ ਬਚਾ ਸਕੇ ਸਨ। ਇਸੇ ਕਰਕੇ ਉਹ ਹਰ ਸਮੇਂ ਗੁਰੂ ਜੀ ਪ੍ਰਤੀ ਆਪਣੀ ਸ਼ਰਧਾ ਪ੍ਰਗਟ ਕਰਨ ਲਈ ਉਤਾਵਲੇ ਰਹਿੰਦੇ ਹਨ। ਖਾਲਸੇ ਦੇ 300 ਸਾਲਾ ਜਨਮ ਦਿਨ ਤੇ ਉਹ ਮੁੱਖ ਮੰਤਰੀ ਨਾ ਹੁੰਦਿਆਂ ਹੋਇਆਂ ਵੀ 300 ਬੱਸਾਂ ਦਾ ਕਾਫਲਾ ਲੈ ਕੇ ਅਨੰਦਪੁਰ ਸਾਹਿਬ ਪੁੱਜੇ ਸਨ ਅਤੇ ਲੱਖਾਂ ਲੋਕਾਂ ਦੇ ਸਾਹਮਣੇ ਉਹਨਾਂ ਨੇ ਆਪਣੇ ਵਿਚਾਰ ਰੱਖੇ ਸਨ ਜਿਸ ਦੀ ਸਿੱਖਾਂ ਨੇ ਭਰਵੀਂ ਪ੍ਰਸੰਸਾ ਕੀਤੀ ਸੀ। ਮੁੱਖ ਮੰਤਰੀ ਬਣਦਿਆਂ ਹੀ ਉਹਨਾਂ ਨੇ ਸਾਰੇ ਹਰਿਆਣੇ ਵਿਚ ਖਾਲਸਾ ਮਾਰਚ ਦਾ ਸਰਕਾਰੀ ਪੱਧਰ ਤੇ ਪ੍ਰਬੰਧ ਕੀਤਾ ਸੀ। ਉਦੋਂ ਮੈਂ ਆਪ ਵੇਖਿਆ ਸੀ ਕਿ ਪਹਿਲੀ ਵਾਰੀ ਹਰਿਆਣਾ ਦੇ ਸਿੱਖਾਂ ਵਿਚ ਖੁਸ਼ੀ ਦੀ ਲਹਿਰ ਪੈਦਾ ਹੋਈ ਸੀ ਤੇ ਉਹਨਾਂ ਨੂੰ ਉਤਸ਼ਾਹ ਮਿਲਿਆ ਸੀ। ਹਰ ਸ਼ਹਿਰ ਤੇ ਪਿੰਡ ਵਿਚ ਝੂਲਦੇ ਨਿਸ਼ਾਨ ਸਾਹਿਬ,ਵੱਜਦੇ ਨਗਾਰੇ, ਸ਼ਬਦ ਗਾਉਂਦੇ ਹਜ਼ਾਰਾਂ ਸਿੱਖਾਂ ਦਾ ਚਲਦਾ ਕਾਫਲਾ ਅਤੇ ਸੜਕਾਂ

ਦੇ ਦੋਵੇਂ ਪਾਸੇ ਹਰਿਆਣਾ ਦੇ ਲੋਕਾਂ ਵੱਲੋਂ ਸਵਾਗਤ ਇਕ ਅਦੁੱਤੀ ਦ੍ਰਿਸ਼ ਸੀ। ਸਿੱਖਾਂ ਵਿਚੋਂ ਉਹ ਭਾਵਨਾ ਜੋ 1982-84 ਵਿਚ ਉਹਨਾਂ ਦੀ ਹੋਈ ਬੇਇੱਜ਼ਤੀ ਕਾਰਨ ਆਈ ਸੀ, ਨੂੰ ਇਸ ਮਾਰਚ ਨੇ ਦੂਰ ਕੀਤਾ। ਤਿੰਨ ਸਾਲ ਪਹਿਲਾਂ ਚੌਧਰੀ ਓਮ ਪ੍ਰਕਾਸ਼ ਚੌਟਾਲਾ ਨੇ ਕਪਾਲ ਮੋਚਨ (ਨੇੜੇ ਜਗਾਧਾਰੀ) ਜੋ ਕਿ ਬਹੁਤ ਵੱਡਾ ਹਿੰਦੂਆਂ ਤੇ ਸਿੱਖਾਂ ਦਾ ਤੀਰਥ ਸਥਾਨ ਹੈ, ਵਿਖੇ "ਗੁਰੂ ਗੋਬਿੰਦ ਸਿੰਘ ਮਾਰਸ਼ਲ ਆਰਟ" ਮਿਊਜ਼ੀਅਮ ਬਣਾਇਆ ਹੈ, ਜੋ ਕਿ ਆਪਣੀ ਕਿਸਮ ਦਾ ਪਹਿਲਾਂ ਮਿਊਜ਼ੀਅਮ ਹੈ। ਭੰਗਾਣੀ ਦਾ ਯੁੱਧ ਏਸੇ ਸਥਾਨ ਦੇ ਨੇੜੇ ਹੋਇਆ ਸੀ। ਉਦੋਂ ਦਸਵੇਂ ਪਾਤਸ਼ਾਹ ਦਾ ਪਾਉਂਟਾ ਸਾਹਿਬ ਮੁਕਾਮ ਸੀ।

ਹੁਣ ਗੱਲ ਲਈਏ ਭਾਈ ਘਨੱਈਆ ਜੀ ਦੀ ਯਾਤਰਾ ਦੀ ਅਤੇ ਸ੍ਰੀ ਚੌਟਾਲਾ ਜੀ ਦੇ ਰੋਲ ਦੀ। ਮੈਂ ਇਹ ਮੰਨਦਾ ਹਾਂ ਕਿ ਹਰ ਰਾਜਸੀ ਵਿਅਕਤੀ ਨੂੰ ਆਪਣੇ ਕਿਸੇ ਨਾ ਕਿਸੇ ਯਾਤਰਾ ਨੇ ਬਹੁਤ ਲਾਭ ਦਿੱਤਾ ਹੈ ਤਾਂ ਇਸ ਵਿਚ ਬਾਕੀਆਂ ਨੂੰ ਸਾੜਾ ਕਿਉਂ ਹੈ ? ਹਰ ਪਾਰਟੀ ਦਾ ਆਗੂ ਇਹੋ ਜਿਹੇ ਪ੍ਰੋਗਰਾਮ ਚਲਾ ਸਕਦਾ ਹੈ ਅਤੇ ਉਸ ਨੂੰ ਕਿਸੇ ਤੋਂ ਆਗਿਆ ਲੈਣ ਦੀ ਲੋੜ ਨਹੀਂ ਹੁੰਦੀ। ਅਸੀਂ ਤਾਂ ਕੇਵਲ ਇਹ ਵੇਖਣਾ ਹੈ ਕਿ ਇਸ ਸਾਰੀ ਯਾਤਰਾ ਨੇ ਸਿੱਖੀ ਸਿਧਾਂਤ ਨੂੰ ਕੀ ਲਾਭ ਦਿੱਤਾ ਹੈ। ਮੈਂ ਇਸ ਯਾਤਰਾ ਵਿਚ ਆਪ ਸ਼ਾਮਲ ਸਾਂ। ਪਾਕਿਸਤਾਨ ਬਣਨ ਤੋਂ ਪਿੱਛੋਂ ਪਹਿਲੀ ਵਾਰ ਚਾਰ ਦਿਨ ਹਰ ਟੀ.ਵੀ. ਚੈਨਲ, ਰੇਡੀਓ, ਹਰ ਅਖ਼ਬਾਰ ਵਿਚ ਭਾਈ ਘਨੱਈਆਂ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਰਚਾ ਰਹੀ। ਪਾਕਿਸਤਾਨ ਵੱਸਦੇ ਮੁਸਲਮਾਨਾਂ ਨੂੰ ਇਹ ਗਿਆਨ ਪ੍ਰਾਪਤ ਹੋਇਆ ਕਿ ਸਿੱਖ ਧਰਮ ਦੇ ਕੀ ਅਸੂਲ ਹਨ ਅਤੇ ਕਿਵੇਂ ਮੈਦਾਨ-ਏ-ਜੰਗ ਵਿਚ ਜ਼ਖਮੀਆਂ ਨੂੰ ਚਾਹੇ ਉਹ ਕਿਸੇ ਧਰਮ ਦੇ ਹੋਣ ਸਿੱਖਾਂ ਵੱਲੋਂ ਮਦਦ ਮਿਲਦੀ ਰਹੀ ਹੈ। ਅਸੀਂ ਕੇਵਲ ਨਨਕਾਣਾ ਸਾਹਿਬ, ਪੰਜਾ ਸਾਹਿਬ, ਡੇਰਾ ਸਾਹਿਬ, ਦੀ ਯਾਤਰਾ ਸਮੇਂ ਉਥੇ ਜਾਂਦੇ ਹਾਂ, ਪਰ ਇਸ ਵਾਰੀ ਚੌਟਾਲਾ ਜੀ ਨੇ 15 ਵੱਡੇ ਜਲਸੇ, ਵੱਡੇ-ਵੱਡੇ ਇਕੱਠ ਅਤੇ ਚੋਣਵੇਂ ਪੱਤਰਕਾਰ, ਲੇਖਕ ਅਤੇ ਰਾਜਸੀ ਲੀਡਰਾਂ ਦੀਆਂ ਮੀਟਿੰਗਾਂ ਕਰਕੇ ਸਿੱਖੀ ਪ੍ਰਤੀ ਜਾਣਕਾਰੀ ਪਹੁੰਚਾਈ। ਇਹ ਇਕ ਮਿਸਾਲ ਬਣ ਕੇ ਰਹੇਗੀ।

ਭਾਈ ਘਨੱਈਆ ਦੇ ਪਿੰਡ ਦੀ ਯਾਤਰਾ ਕਰਕੇ ਹਰਿਆਣਾ ਦੇ ਮੁੱਖ ਮੰਤਰੀ ਚੌਧਰੀ ਓਮ ਪ੍ਰਕਾਸ਼ ਚੌਟਾਲਾ ਨੇ ਸਿੱਖ ਧਰਮ ਬਾਰੇ ਜਿਹੜੀ ਜਾਣਕਾਰੀ ਗੈਰ ਸਿੱਖਾਂ ਨੂੰ ਮਿਲੀ ਹੈ, ਉਹ ਪਹਿਲਾਂ ਨਹੀਂ ਸੀ। ਪਾਕਿਸਤਾਨ ਵਿਚ ਵੀ ਇਸ ਦੀ ਬੜੀ ਚਰਚਾ ਹੋਈ ਹੈ।

ਇਸ ਨੂੰ ਲੋਕ-ਪ੍ਰਿਯ ਬਣਾਉਣ ਵਿਚ ਪਾਕਿਸਤਾਨ ਦੇ ਲੋਕਾਂ ਦਾ ਵੀ ਹੱਥ ਸੀ ਜਿਨ੍ਹਾਂ ਨੇ ਸਾਰੇ ਗਰੁੱਪ ਦੇ ਮੈਂਬਰਾਂ ਨੂੰ ਹੱਥੀਂ ਛਾਵਾਂ ਕੀਤੀਆਂ ਅਤੇ ਉਹ ਪਿਆਰ ਅਤੇ ਸਨਮਾਨ ਦਿੱਤਾ ਕਿ ਸਾਰਿਆਂ ਦੇ ਦਿਲਾਂ ਵਿਚ ਹਮੇਸ਼ਾ ਹਮੇਸ਼ਾ ਲਈ ਅਮਿੱਟ ਛਾਪ ਛਡ ਗਿਆ। ਜਦੋਂ ਅਸੀਂ ਪਿੰਡ ਸੋਧਰਾ ਪੁੱਜੇ ਤਾਂ ਕਰੀਬ 20 ਹਜ਼ਾਰ ਲੋਕੀਂ ਆਸ-ਪਾਸ ਦੇ ਪਿੰਡਾਂ ਦੇ ਓਥੇ ਇਕੱਠੇ ਹੋਏ ਸਨ। ਉਹਨਾਂ ਨੂੰ ਪਹਿਲੀ ਵਾਰੀ ਪਤਾ ਲੱਗਾ ਕਿ ਕਿਸੇ ਮਹਾਨ ਵਿਅਕਤੀ ਦਾ ਜਨਮ ਉਹਨਾਂ ਦੇ ਪਿੰਡ ਹੋਇਆ ਹੈ ਜਿਸ ਦਾ ਨਾਂ ਭਾਈ ਘਨੱਈਆ ਹੈ ਅਤੇ ਭਾਰਤ ਤੋਂ ਇਕ ਵਿਸ਼ੇਸ਼ ਡੈਲੀਗੇਸ਼ਨ ਉਹਨਾਂ ਦੇ ਪਿੰਡ ਪਾਣੀ ਲੈਣ ਆਇਆ ਹੈ। ਸ੍ਰੀ ਚੌਟਾਲਾ ਜੀ ਨੇ ਪਿੰਡ ਸੋਧਰਾ ਵਿਚ, ਭਾਈ ਘਨੱਈਆਂ ਜੀ ਦੇ ਨਾਂ ਤੇ 'ਕਮਿਊਨਟੀ ਸੈਂਟਰ' ਬਣਾਉਣ ਦਾ ਐਲਾਨ ਕੀਤਾ ਜਿਸ ਦਾ ਸਾਰਾ ਖਰਚ ਉਹ ਦੇਣਗੇ। ਸ਼ਾਇਦ ਪਹਿਲੀ ਵਾਰ ਉਸ ਪੰਜਾਬ ਵਿਚ ਇਹੋ ਜਿਹਾ ਕੰਮ ਸਾਡੇ ਵੱਲੋਂ ਕੀਤਾ ਜਾਏਗਾ। ਇਸ ਨਾਲ ਉਸ ਪਿੰਡ ਦੇ ਲੋਕਾਂ ਦਾ ਉਤਸ਼ਾਹ ਵੀ ਵੇਖਿਆਂ ਹੀ ਬਣਦਾ ਸੀ। ਉਹ ਵੀ ਆਪਣੇ ਆਪ ਨੂੰ ਸਨਮਾਨਿਤ ਹੋਇਆ ਮਹਿਸੂਸ ਕਰ ਰਹੇ ਸਨ। ਚੌਧਰੀ ਓਮ ਪ੍ਰਕਾਸ਼ ਚੌਟਾਲਾ ਜੀ ਨੇ 5 ਜ਼ਿਲਿਆਂ ਦੇ ਦੂਰ-ਦੁਰਾਡੇ ਪਿੰਡਾਂ ਦਾ ਵੀ ਦੌਰਾ ਕੀਤਾ, ਉਹਨਾਂ ਨਾਲ ਗੱਲਾਂ ਕੀਤੀਆਂ।

ਇਸ ਯਾਤਰਾ ਦੌਰਾਨ ਅਸੀਂ ਲਾਹੌਰ ਸ਼ਹਿਰ ਵਿਚ ਵੀ ਘੁੰਮੇ। ਗਵਰਨਰ ਹਾਊਸ ਵਿਚ ਚਾਹ ਪੀਤੀ ਤੇ ਪੰਜਾਬ ਦੇ ਮੁੱਖ ਮੰਤਰੀ ਜਨਾਬ ਪ੍ਰਵੇਸ਼ ਇਲਾਹੀ ਦੇ ਘਰ ਖਾਣਾ ਖਾਧਾ। ਉਥੋਂ ਦੇ ਅਦਬੀ ਸੈਂਟਰ ਵੇਖੇ। ਵਿਸ਼ਵ ਪੰਜਾਬੀ ਕਾਨਫਰੰਸ ਦੇ ਪ੍ਰਧਾਨ ਜਨਾਬ ਫਖਰ ਜ਼ਮਾਨ ਦੇ ਘਰ ਗਏ। ਉਥੋਂ ਦੇ ਅਫਸਰਾਂ, ਸਿਆਸੀ ਨੇਤਾਵਾਂ ਅਤੇ ਪੱਤਰਕਾਰਾਂ ਨਾਲ ਵਿਚਾਰ ਵਟਾਂਦਰਾ ਹੋਇਆ।

ਯਾਤਰਾ ਦਾ ਦੂਜਾ ਪਹਿਲੂ ਇਹ ਹੈ ਕਿ ਹਰਿਆਣਾ ਦੇ ਸਿੱਖਾਂ ਨੂੰ ਜਦੋਂ ਪੰਜਾਬ ਤੋਂ ਵੱਖਰਾ ਕਰ ਦਿੱਤਾ ਗਿਆ ਸੀ, ਉਹ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਨ ਲੱਗ ਪਏ ਸਨ। ਉਹਨਾਂ ਵਿਚ ਦੂਜੇ ਦਰਜੇ ਦੇ ਸ਼ਹਿਰੀਆਂ ਵਾਲੀ ਭਾਵਨਾ ਪੈਦਾ ਹੋਣੀ ਸ਼ੁਰੂ ਹੋ ਗਈ ਸੀ। ਪੰਜਾਬ ਅਤੇ ਹਰਿਆਣਾ ਦੇ ਝਗੜੇ ਨਾਲ ਹਰਿਆਣਾ ਦੇ ਸਿੱਖਾਂ ਨੂੰ ਨੁਕਸਾਨ ਪਹੁੰਚਦਾ ਹੈ। ਉਹਨਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾਣ ਲੱਗ ਪਿਆ ਸੀ। ਸਿੱਖਾਂ ਵਿਚ ਇਸ ਭਾਵਨਾ ਨੇ ਬੜਾ ਮਾੜਾ ਪ੍ਰਭਾਵ ਪਾਇਆ ਸੀ। ਹਰਿਆਣੇ ਵਿਚ ਪੰਜ ਦਿਨ ਦੀ ਇਸ ਯਾਤਰਾ ਨੇ ਉਹਨਾਂ ਵਿਚ ਫਿਰ ਸਵੈ-ਮਾਣ ਅਤੇ ਆਤਮ-ਸਨਮਾਨ ਪੈਦਾ ਕਰ ਦਿੱਤਾ ਹੈ। ਯਾਤਰਾ ਵਿਚ ਅੱਗੇ ਨਿਸ਼ਾਨ ਸਾਹਿਬ, ਫੇਰ ਪੰਜ ਪਿਆਰੇ ਆਪਣੇ ਰਵਾਇਤੀ ਬਾਣੇ ਵਿਚ ਅਤੇ ਉਸ ਤੋਂ ਪਿੱਛੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਤੇ ਉਸ ਤੋਂ ਪਿੱਛੇ ਪਾਉਂਟਾ ਸਾਹਿਬ ਤੋਂ ਲਿਆਂਦੇ ਗੁਰੂ ਗੋਬਿੰਦ ਸਿੰਘ ਜੀ ਦੀ ਸਸ਼ਤਰਾਂ ਵਾਲੀ ਕਾਰ ਅਤੇ ਪਿੰਡ ਸੋਧਰਾ ਤੋਂ ਸੰਗਤਾਂ ਦਾ ਠਾਠਾਂ ਮਾਰਦਾ ਸਮੁੰਦਰ। ਸੜਕਾਂ ਦੇ ਦੋਹੀਂ ਪਾਸੀਂ ਵੱਡੀ ਗਿਣਤੀ ਵਿਚ ਲੋਕੀਂ ਲਾਈਨਾਂ ਲਗਾ ਕੇ ਖੜੇ ਹਨ।

ਇਸ ਤੋਂ ਇਲਾਵਾ ਹਰਿਆਣੇ ਦੇ ਪੰਜ ਸ਼ਹਿਰਾਂ ਵਿਚ ਭਾਈ ਘਨੱਈਆ ਜੀ ਦੇ ਬੁੱਤ ਲਗਾਏ ਗਏ ਹਨ ਜਿਥੇ ਭਾਈ ਘਨੱਈਆ ਜੀ ਨੂੰ ਮਸ਼ਕ ਨਾਲ ਜ਼ਖਮੀਆਂ ਨੂੰ ਪਾਣੀ ਪਿਆਉਂਦੇ ਵਿਖਾਇਆ ਗਿਆ ਹੈ। 1966 ਵਿਚ ਹਰਿਆਣਾ ਬਣਿਆ ਸੀ। ਇਹ ਪਹਿਲੀ ਵਾਰੀ ਹੈ ਕਿ ਹਰਿਆਣੇ ਵਿਚ ਕਿਸੇ ਸਿੱਖ ਦਾ ਬੁੱਤ ਲਾਇਆ ਗਿਆ ਹੋਵੇ। ਹਰਿਆਣਾ ਦੇ ਮੁੱਖ ਮੰਤਰੀ ਚੌਧਰੀ ਓਮ ਪ੍ਰਕਾਸ਼ ਨੇ ਸਰਸਾ ਯੂਨੀਵਰਸਿਟੀ ਵਿਚ ਭਾਈ ਘਨੱਈਆ ਚੇਅਰ ਕਾਇਮ ਕਰਨ ਦਾ ਵੀ ਐਲਾਨ ਕੀਤਾ ਹੈ। ਸਕੂਲਾਂ ਦੀਆਂ ਕਿਤਾਬਾਂ ਦੇ ਸਿਲੇਬਸਾਂ ਵਿਚ ਭਾਈ ਘਨੱਈਆ ਜੀ ਬਾਰੇ ਜਾਣਕਾਰੀ ਸ਼ਾਮਲ ਕੀਤੀ ਜਾਵੇਗੀ ਤਾਂ ਜੋ ਬੱਚੇ ਇਸ ਮਹਾਨ ਸ਼ਖਸ਼ੀਅਤ ਤੋਂ ਪ੍ਰੇਰਨਾ ਲੈ ਸਕਣ। ਇਸ ਨਾਲ ਵੀ ਸਿੱਖ ਧਰਮ ਦਾ ਪ੍ਰਚਾਰ ਹੋਵੇਗਾ।

ਇਸ ਤੋਂ ਪਹਿਲਾਂ ਇਹ ਗੱਲ ਦੱਸਣੀ ਵੀ ਜ਼ਰੂਰੀ ਮਹਿਸੂਸ ਹੁੰਦੀ ਹੈ ਕਿ ਇਸ ਵਾਰੀ ਪਹਿਲੀ ਸਤੰਬਰ 2004 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 400 ਸਾਲਾ ਪ੍ਰਕਾਸ਼ ਦਿਵਸ ਮਨਾਇਆ ਗਿਆ ਜਿਸ ਦਾ ਮੁੱਖ ਸਮਾਗਮ ਅੰਮ੍ਰਿਤਸਰ ਵਿਚ ਹੋਇਆ। ਕਹਿੰਦੇ ਹਨ ਕਿ ਇਹ ਅੱਜ ਤਕ ਹੋਏ ਧਾਰਮਿਕ ਸਮਾਗਮਾਂ ਵਿਚੋਂ ਸਭ ਤੋਂ ਵੱਡਾ ਸਮਾਗਮ ਸੀ ਜਿਸ ਵਿਚ ਕੋਈ 15-20 ਲੱਖ ਸ਼ਰਧਾਲੂ ਸ਼ਾਮਲ ਹੋਏ ਸਨ। ਪੂਰੇ ਅੰਮ੍ਰਿਤਸਰ ਸ਼ਹਿਰ ਤੇ ਇਸ ਦੇ ਆਲੇ-ਦੁਆਲੇ ਮੀਲਾਂ ਤਕ ਪੈਰ ਰੱਖਣ ਦੀ ਵੀ ਜਗ੍ਹਾ ਨਹੀਂ ਸੀ। ਹਰਿਆਣਾ ਦੇ ਮੁੱਖ ਮੰਤਰੀ ਚੌਧਰੀ ਓਮ ਪ੍ਰਕਾਸ਼ ਚੌਟਾਲਾ ਵੀ ਹਮੇਸ਼ਾਂ ਵਾਂਗੂੰ ਹਰੇ ਰੰਗ ਦੀ ਪਗੜੀ ਬੰਨ੍ਹ ਕੇ ਸ਼ਾਮਲ ਹੋਏ। ਉਹਨਾਂ ਨੇ ਠੇਠ ਪੰਜਾਬੀ ਵਿਚ ਅਜਿਹਾ ਜ਼ੋਰਦਾਰ ਭਾਸ਼ਣ ਦਿੱਤਾ ਕਿ ਸਭ ਤੋਂ ਵੱਧ ਜੈਕਾਰੇ ਉਹਨਾਂ ਦੇ ਭਾਸ਼ਣ ਉੱਤੇ ਬੁਲਾਏ ਗਏ। ਸਾਰਾ ਪੰਡਾਲ ਜੈਕਾਰਿਆਂ ਨਾਲ ਗੂੰਜ ਰਿਹਾ ਸੀ ਜੋ ਦਰਸਾਉਂਦਾ ਸੀ। ਕਿ ਚੌਧਰੀ ਓਮ ਪ੍ਰਕਾਸ਼ ਚੌਟਾਲਾ ਦਾ ਭਾਸ਼ਣ ਸਭ ਤੋਂ ਵੱਧੀਆ ਰਿਹਾ। ਉਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ, ਉਸ ਦੀ ਮਨੁੱਖਤਾ ਨੂੰ ਦੇਣ ਅਤੇ ਗੁਰੂ ਗ੍ਰੰਥ

ਸਾਹਿਬ ਦੇ ਉਪਦੇਸ਼ਾਂ ਦੀ ਅੱਜ ਦੇ ਸਮੇਂ ਵਿਚ ਪਰਾਸੰਗਕਤਾ ਉੱਤੇ ਜ਼ੋਰ ਦਿੱਤਾ ਜਿਸ ਨੂੰ ਸਾਰੀ ਸੰਗਤ ਨੇ ਪਸੰਦ ਕੀਤਾ ਅਤੇ ਸਲਾਹਿਆ।

ਸਾਡਾ ਸੁਭਾਅ ਅਜਿਹਾ ਬਣ ਗਿਆ ਹੈ ਕਿ ਅਸੀਂ ਜ਼ਸ਼ਨ ਤਾਂ ਬਹੁਤ ਮਨਾਉਂਦੇ ਹਾਂ ਪਰ ਫਿਰ ਚੁੱਪ ਕਰਕੇ ਬੈਠ ਜਾਂਦੇ ਹਾਂ। ਬਾਅਦ ਵਿਚ ਫਾਲੋ-ਅਪ ਐਕਸ਼ਨ ਨਹੀਂ। ਗੁਰੂ ਉਪਦੇਸ਼ ਨੂੰ ਅੱਗੇ ਲਿਜਾਣ ਲਈ ਕੁਝ ਨਹੀਂ ਕਰਦੇ। ਇਸ ਵਾਰੀ ਚੌਧਰੀ ਓਮ ਪ੍ਰਕਾਸ਼ ਚੌਟਾਲਾ ਨੇ ਇਸ ਕੰਮ ਵਿਚ ਪਹਿਲ ਕੀਤੀ ਹੈ।

ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਨੇ ਮੁੱਖ ਮੰਤਰੀ ਸ੍ਰੀ ਚੌਟਾਲਾ ਦੀ ਇਸ ਪਾਕਿਸਤਾਨ ਯਾਤਰਾ ਨੂੰ ਸਰਕਾਰੀ ਪ੍ਰਵਾਨਗੀ ਦੇਣ ਤੋਂ ਨਾਂਹ ਕਰ ਦਿੱਤੀ ਅਤੇ ਇਸਨੂੰ ਨਿੱਜੀ ਯਾਤਰਾ ਕਰਾਰ ਦੇ ਦਿੱਤਾ, ਸ਼ਾਇਦ ਇਹ ਸੋਚਕੇ ਕਿ ਚੌਟਾਲਾ ਜੀ ਇਸ ਪ੍ਰੋਗਰਾਮ ਨੂੰ ਰੱਦ ਕਰ ਦੇਣਗੇ। ਕਮਾਲ ਹੈ ਚੌਟਾਲਾ ਦੀ ਸ਼ਰਧਾ ਅਤੇ ਦ੍ਰਿੜਤਾ ਦੇ ਕਿ ਉਸਨੇ ਸਾਰਾ ਖਰਚਾ ਆਪ ਕੀਤਾ ਤੇ 35 ਵਿਅਕਤੀਆਂ ਦਾ ਡੈਲੀਗੇਸ਼ਨ ਲੈ ਕੇ ਗਿਆ।

ਚੌਟਾਲਾ ਜੀ ਦੇ ਇਸ ਉਦਮ ਨਾਲ ਭਾਈ ਘਨੱਈਆ ਜੀ ਦਾ ਨਾਂ ਪੰਜਾਬ, ਹਰਿਆਣਾ ਜਾਂ ਪਾਕਿਸਤਾਨ ਵਿਚ ਹੀ ਨਹੀਂ ਸਗੋਂ ਪੂਰੀ ਦੁਨੀਆਂ ਵਿਚ ਪ੍ਰਸਿੱਧ ਹੋ ਗਿਆ। ਇਸ ਨਾਲ ਸਿੱਖ ਧਰਮ ਅਤੇ ਸਿੱਖੀ ਦਾ ਪ੍ਰਚਾਰ ਪੂਰੇ ਵਿਸ਼ਵ ਭਰ ਵਿਚ ਹੋਇਆ ਹੈ। ਸਾਰਿਆਂ ਚੈਨਲਾਂ ਨੇ ਇਸ ਯਾਤਰਾ ਦਾ ਪ੍ਰਸਾਰਨ ਕੀਤਾ। ਇਕ ਗੈਰ-ਸਿੱਖ ਵਲੋਂ ਸਿੱਖੀ ਦੀ ਏਡੀ ਵੱਡੀ ਸੇਵਾ ਬੜੀ ਪ੍ਰਸੰਸਾ ਯੋਗ ਹੈ। ਉਸ ਨੇ ਸਿੱਖਾਂ ਦਾ ਮਨ ਜਿੱਤ ਲਿਆ ਹੈ। ਚੌਟਾਲਾ ਸਾਹਿਬ ਵਧਾਈ ਦੇ ਹੱਕਦਾਰ ਹਨ ਜਿਨ੍ਹਾਂ ਨੇ ਸਾਨੂੰ ਇਕ ਨਵੀਂ ਸੇਧ ਦਿੱਤੀ ਹੈ। ਇਸ ਨਾਲ ਗੁਰੂ ਜੀ ਦਾ ਸੰਦੇਸ਼ ਘਰ-ਘਰ ਪਹੁੰਚਿਆ ਹੈ। ਸਿੱਖ ਲੀਡਰਾਂ ਨੂੰ ਵੀ ਇਹ ਸਿੱਖਣਾ ਚਾਹੀਦਾ ਹੈ ਅਤੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਇਹੋ ਜਿਹੇ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਗੁਰੂ ਸਾਹਿਬ ਦੇ ਉਪਦੇਸ਼ ਹਰ ਵਿਅਕਤੀ ਤੱਕ ਪਹੁੰਚਣ।

ਸਾਡੇ ਵਿਚ ਇਕ ਨੁਕਸ ਹੈ ਕਿ ਅਸੀਂ ਕਿਸੇ ਦੀ ਸੇਵਾ ਕਬੂਲਣ ਅਤੇ ਚੰਗੇ ਕੰਮ ਲਈ ਉਸਤਤ ਕਰਨ ਦੀ ਬਜਾਏ ਉਸ ਵਿਚ ਨੁਕਸ ਲੱਭਣ ਲੱਗ ਜਾਂਦੇ ਹਾਂ, ਬਹਾਨੇ ਲੱਭਦੇ ਹਾਂ ਕਿ ਕਿਵੇਂ ਕਿਸੇ ਦਾ ਵਿਰੋਧ ਕੀਤਾ ਜਾਵੇ। ਗੁਰਬਾਣੀ ਵਿਚ ਵੀ ਆਇਆ ਹੈ:-

"ਆਪਿ ਨ ਦੇਹਿ ਚੁਰੂ ਭਰਿ ਪਾਨੀ॥
ਤਿਹ ਨਿੰਦਹਿ ਜਿਹ ਗੰਗਾ ਆਨੀ॥"

ਸਾਡੀ ਇਹੋ ਆਦਤ ਸਿੱਖੀ ਦੇ ਰਾਹ ਵਿਚ ਰੁਕਾਵਟ ਰਹੀ ਹੈ। 1973 ਵਿਚ ਗਿਆਨੀ ਜ਼ੈਲ ਸਿੰਘ ਜੀ ਨੇ ਜਦ ਗੁਰੂ ਗੋਬਿੰਦ ਸਿੰਘ ਮਾਰਗ ਬਣਵਾਇਆ ਤਾਂ ਉਦੋਂ ਵੀ ਮੁਖ਼ਾਲਫਤ ਦੀਆਂ ਆਵਾਜ਼ਾਂ ਉਠੀਆਂ ਸਨ। ਸਾਨੂੰ ਉਹਨਾਂ ਸਾਰਿਆਂ ਦਾ ਆਦਰ ਕਰਨਾ ਚਾਹੀਦਾ ਹੈ ਚਾਹੇ ਉਹ ਗੈਰ-ਸਿੱਖ ਹੋਣ ਜਾਂ ਕਿਸੇ ਵੀ ਰਾਜਸੀ ਪਾਰਟੀ ਦਾ ਸਿੱਖ ਹੋਵੇ, ਜੋ ਸਿੱਖ ਧਰਮ ਪ੍ਰਤੀ ਸ਼ਰਧਾ ਰੱਖਦਾ ਹੋਵੇ ਅਤੇ ਸਿੱਖ ਧਰਮ ਦੀ ਸੇਵਾ ਕਰਨੀ ਚਾਹੁੰਦੇ ਹਨ। ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਸਾਰੀ ਮਾਨਵਤਾ ਲਈ ਹੈ।

(13-10-04)

# ਸ੍ਰ: ਬਲਦੇਵ ਸਿੰਘ-ਪਹਿਲਾ ਰੱਖਿਆ ਮੰਤਰੀ

ਚੰਡੀਗੜ੍ਹ ਦੇ ਵਸਨੀਕ ਇਹ ਨਹੀਂ ਜਾਣਦੇ ਹਨ ਕਿ ਇਹ ਖ਼ੂਬਸੂਰਤ ਸ਼ਹਿਰ ਹੋਂਦ ਵਿੱਚ ਕਿਵੇਂ ਆਇਆ। ਸੰਨ 1937 ਵਿੱਚ ਸ. ਬਲਦੇਵ ਸਿੰਘ (ਸਵਰਗੀ) ਨੇ ਪੰਜਾਬ ਵਿਧਾਨ ਸਭਾ ਇਲਾਕੇ ਦੀ ਪ੍ਰਤੀਨਿਧਤਾ ਕੀਤੀ ਸੀ। ਉਸ ਸਮੇਂ ਉਹ ਪਹਿਲੀ ਵਾਰ ਵਿਧਾਇਕ ਬਣੇ ਸਨ। ਇਹ ਇਲਾਕਾ ਅੰਬਾਲਾ ਜ਼ਿਲ੍ਹੇ ਦਾ ਹਿੱਸਾ ਹੁੰਦਾ ਸੀ। ਪਹਾੜੀਆਂ ਤੇ ਚੋਆਂ-ਨਾਲਿਆਂ ਕਾਰਨ ਇਹ ਬਹੁਤ ਪਛੜਿਆ ਹੋਇਆ ਸੀ। ਪੰਜਾਬ ਦੀ ਵੰਡ ਤੋਂ ਬਾਅਦ ਨਵੇਂ ਪੰਜਾਬ ਦੀ ਰਾਜਧਾਨੀ ਆਰਜ਼ੀ ਤੌਰ 'ਤੇ ਸ਼ਿਮਲਾ ਬਣਾਈ ਗਈ। ਇਹ ਸ. ਬਲਦੇਵ ਸਿੰਘ ਦਾ ਪੰਡਤ ਜਵਾਹਰ ਲਾਲ ਨਹਿਰੂ (ਪ੍ਰਧਾਨ ਮੰਤਰੀ) ਉਪਰ ਪ੍ਰਭਾਵ ਹੀ ਸੀ ਕਿ ਉਨ੍ਹਾਂ ਨੇ ਚੰਡੀਗੜ੍ਹ ਵਿੱਚ ਰਾਜਧਾਨੀ ਬਣਾਉਣ ਦਾ ਫੈਸਲਾ ਕੀਤਾ।

ਸਨਅਤਕਾਰ, ਸਿਆਸਤਦਾਨ ਤੇ ਆਜ਼ਾਦੀ ਮੌਕੇ ਦੇ ਭਾਰਤ ਦੇ ਪਹਿਲੇ ਰੱਖਿਆ ਮੰਤਰੀ ਸ. ਬਲਦੇਵ ਸਿੰਘ ਦਾ ਜਨਮ ਮੋਰਿੰਡਾ ਨੇੜਲੇ ਪਿੰਡ ਦੁੰਮਣਾ ਵਿਖੇ 1902 ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਸਰ ਇੰਦਰ ਸਿੰਘ ਇੱਕ ਨਾਮੀ ਠੇਕੇਦਾਰ ਸਨ ਜੋ ਬਿਹਾਰ ਦੇ ਜਮਸ਼ੇਦਪੁਰ ਸ਼ਹਿਰ ਵਿੱਚ ਉੱਘੇ ਸਟੀਲ ਨਿਰਮਾਤਾ ਵਜੋਂ ਉਭਰੇ। ਇਸ ਪਰਿਵਾਰ ਨੂੰ ਜ਼ਿਲ੍ਹੇ ਵਿੱਚ ਪਰਉਪਕਾਰੀ ਕੰਮ, ਖ਼ਾਸ ਕਰਕੇ ਸਿੱਖਿਆ ਦੇ ਖੇਤਰ ਵਿੱਚ, ਕਰਨ ਵਾਲਿਆਂ ਵਜੋਂ ਜਾਣਿਆ ਜਾਂਦਾ ਹੈ। ਇਸ ਪਰਿਵਾਰ ਵੱਲੋਂ ਕਾਇਮ ਕੀਤੇ ਗਏ 'ਸਰ ਇੰਦਰ ਸਿੰਘ ਟਰਸਟ' ਵੱਲੋਂ ਅੱਜ ਵੀ ਅੰਬਾਲਾ, ਕੁਰਾਲੀ, ਚਮਕੌਰ ਸਾਹਿਬ, ਮੋਰਿੰਡਾ ਅਤੇ ਰੋਪੜ ਖਾਲਸਾ ਸਕੂਲ ਚਲਾਏ ਜਾ ਰਹੇ ਹਨ।

ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਗ੍ਰੈਜੂਏਸ਼ਨ ਕਰਨ ਵਾਲੇ ਸ. ਬਲਦੇਵ ਸਿੰਘ ਨੇ ਛੋਟੇ ਹੁੰਦਿਆਂ ਹੀ ਸਿਆਸਤ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਮਾਸਟਰ ਤਾਰਾ ਸਿੰਘ ਨੂੰ ਆਪਣਾ ਸਿਆਸੀ ਰਹਿਨੁਮਾ ਮੰਨ ਕੇ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਭਾਰਤ ਸਰਕਾਰ ਐਕਟ 1935 ਤਹਿਤ 1937 ਵਿੱਚ ਹੋਈਆਂ ਭਾਰਤ ਵਿੱਚ ਪਹਿਲੀਆਂ ਵਿਧਾਨ ਸਭਾ ਚੋਣਾਂ ਵਿੱਚ ਏਨਾਂ ਨੇ ਆਪਣੇ ਜਨਮ ਭੂਮੀ ਖੇਤਰ ਤੋਂ ਚੋਣ ਲੜੀ ਤੇ ਜਿੱਤ ਪ੍ਰਾਪਤ ਕੀਤੀ। ਉਹ ਸਿੱਖਾਂ ਦੇ ਸਾਰੇ ਵਰਗਾਂ ਵਿੱਚ ਹਰਮਨ ਪਿਆਰੇ ਹੋ ਗਏ। ਮਹੱਤਵਪੂਰਨ ਫੈਸਲੇ ਲੈਣ ਵਾਲੀਆਂ ਸਾਰੀਆਂ ਮੀਟਿੰਗਾਂ ਵਿੱਚ ਉਹ ਸਰਗਰਮ ਹਿੱਸਾ ਲੈਂਦੇ ਸਨ। ਲਾਹੌਰ ਵਿਖੇ ਨੈਸ਼ਨਲ ਕਾਲਜ ਲਾਹੌਰ ਦੀ ਸਥਾਪਨਾ ਵਿੱਚ ਅਹਿਮ ਭੂਮਿਕਾ ਨਿਭਾਈ। ਕਾਂਗਰਸ ਪਾਰਟੀ ਦੇ ਵਿਰੋਧ ਦੇ ਬਾਵਜੂਦ ਉਨ੍ਹਾਂ ਨੇ ਦੂਜੀ ਵਿਸ਼ਵ ਜੰਗ ਦੌਰਾਨ ਸਿੱਖਾਂ ਦੀ ਵੱਧ ਭਰਤੀ ਦੇ ਵਿਚਾਰ ਦੀ ਹਮਾਇਤ ਕੀਤੀ।

ਦੇਸ਼ ਦਾ ਸਿਆਸੀ ਭਵਿੱਖ ਤੈਅ ਕਰਨ ਲਈ 1942 ਦੌਰਾਨ ਬਰਤਾਨਵੀ ਜੰਗੀ ਕੈਬਨਿਟ ਨੇ ਕਰਿਪਸ ਮਿਸ਼ਨ ਨੂੰ ਭਾਰਤ ਭੇਜਿਆ। ਇਸ ਮਿਸ਼ਨ ਸਾਹਮਣੇ ਸਿੱਖ ਭਾਈਚਾਰੇ ਦਾ ਪੱਖ ਪੇਸ਼ ਕਰਨ ਵਾਲੇ ਸਿੱਖ ਵਫ਼ਦ ਵਿੱਚ ਸ. ਬਲਦੇਵ ਸਿੰਘ ਵੀ ਸਨ। ਵਫ਼ਦ ਵਿੱਚ ਮਾਸਟਰ ਤਾਰਾ ਸਿੰਘ, ਸਰ ਜੋਗੇਂਦਰ ਸਿੰਘ ਤੇ ਸ. ਉੱਜਲ ਸਿੰਘ ਵਰਗੀਆਂ ਹਸਤੀਆਂ ਸਨ।

ਕਿਸੇ ਵੀ ਸਿਆਸੀ ਪਾਰਟੀ ਦੀ ਕਿਸੇ ਵੀ ਤਜ਼ਵੀਜ਼ ਉਪਰ ਸਹਿਮਤ ਨਾ ਹੋਣ ਕਾਰਨ ਇਹ ਮਿਸ਼ਨ ਸਫਲ ਨਹੀਂ ਹੋਇਆ।

ਜੂਨ 1942 ਵਿੱਚ ਸਰ ਸਿਕੰਦਰ ਹਯਾਤ ਖਾਨ ਨੇ ਪੰਜਾਬ ਦੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ। ਅਕਾਲੀ ਉਨ੍ਹਾਂ ਨਾਲ ਇਕ ਸਹਿਮਤੀ 'ਤੇ ਪਹੁੰਚ ਗਏ ਤੇ ਉਨ੍ਹਾਂ ਨੇ ਇਨ੍ਹਾਂ ਨੂੰ ਆਪਣੀ ਅਗਵਾਈ ਵਾਲੀ ਸਾਂਝੀ ਸਰਕਾਰ ਵਿੱਚ ਸ਼ਾਮਲ ਹੋਣ ਦੀ ਪੇਸ਼ਕਸ ਕੀਤੀ। ਇਸ ਨੂੰ 'ਸਿਕੰਦਰ-ਬਲਦੇਵ ਪੈਕਟ' ਕਿਹਾ ਗਿਆ। ਸ. ਬਲਦੇਵ ਸਿੰਘ ਅਕਾਲੀ ਆਗੂਆਂ ਅਤੇ ਯੂਨੀਅਨਿਸਟ ਪਾਰਟੀ ਵਿੱਚ ਲੰਬੇ ਸਮੇਂ ਤੋਂ ਚੱਲੇ ਆ ਰਹੇ ਖਰਾਬ ਸਬੰਧਾਂ ਨੂੰ ਸੁਧਾਰਨ ਦੇ ਯੋਗ ਸਨ। ਉਨ੍ਹਾਂ ਨੇ 26 ਜੂਨ 1942 ਨੂੰ ਵਿਕਾਸ ਮੰਤਰੀ ਵਜੋਂ ਸਹੁੰ ਚੁੱਕੀ। ਉਹ ਦਸੰਬਰ 1942 ਵਿੱਚ ਸਰ ਸਿਕੰਦਰ ਹਯਾਤ ਖਾਨ ਦੀ ਮੌਤ ਪਿੱਛੋਂ ਮਲਿਕ ਖਿਜ਼ਰ ਹਯਾਤ ਖਾਨ ਟਿਵਾਣਾ ਦੀ ਅਗਵਾਈ ਹੇਠ ਨਵੇਂ ਬਣੇ ਮੰਤਰੀ ਮੰਡਲ ਵਿੱਚ ਵੀ ਆਪਣੀ ਪੁਜ਼ੀਸ਼ਨ ਤੇ ਕਾਇਮ ਰਹੇ। ਉਹ 1946 ਤੱਕ ਮੰਤਰੀ ਬਣੇ ਰਹੇ ਅਤੇ 2 ਦਸੰਬਰ 1946 ਦੀ ਪਹਿਲੀ ਕੌਮੀ ਸਰਕਾਰ ਵਿੱਚ ਰੱਖਿਆ ਮੰਤਰੀ ਵਜੋਂ ਲੈ ਲਿਆ ਗਿਆ। ਪੰਡਿਤ ਜਵਾਹਰ ਲਾਲ ਨਹਿਰੂ ਇਸ ਦੇ ਪ੍ਰਧਾਨ ਮੰਤਰੀ ਸਨ।

ਬਰਤਾਨਵੀ ਕੈਬਨਿਟ ਮਿਸ਼ਨ ਦੇਸ਼ ਦੇ ਅਗਲੇ ਸੰਵਿਧਾਨ ਨੂੰ ਤੈਅ ਕਰਨ ਲਈ 1946 ਵਿੱਚ ਭਾਰਤ ਆਇਆ। ਸਿੱਖਾਂ ਦੇ ਪੱਖ ਨੂੰ ਇਸ ਸਾਹਮਣੇ ਪੇਸ਼ ਕਰਨ ਵਾਲੇ ਵਫ਼ਦ ਦੇ ਮੈਂਬਰ ਸ. ਬਲਦੇਵ ਸਿੰਘ ਵੀ ਸਨ। ਉਨ੍ਹਾਂ ਨੇ ਮਿਸ਼ਨ ਨੂੰ ਵੱਖਰੇ ਤੌਰ 'ਤੇ ਮਿਲ ਕੇ ਸਿੱਖਾਂ ਵਾਸਤੇ ਵਿਸ਼ੇਸ਼ ਸੁਰੱਖਿਆ ਦੀ ਮੰਗ ਕੀਤੀ।

ਮਈ 1946 ਵਿੱਚ ਕੈਬਨਿਟ ਮਿਸ਼ਨ ਵੱਲੋਂ ਮੁਸਲਮਾਨਾਂ ਦੀ ਅੰਸ਼ਕ ਖ਼ੁਦਮੁਖਤਿਆਰੀ ਵਾਲੀ ਤਜ਼ਵੀਜ਼ ਮੰਨ ਲੈਣ ਦਾ ਸਿੱਖ ਭਾਈਚਾਰੇ ਨੇ ਡਟ ਕੇ ਵਿਰੋਧ ਕਰਦਿਆਂ ਇਸ ਸਮੁੱਚੀ ਮੁਹਿੰਮ ਦਾ ਬਾਈਕਾਟ ਕਰ ਦਿੱਤਾ। ਪੰਡਤ ਨਹਿਰੂ ਦੀ ਅਪੀਲ ਤੇ ਪੰਥਕ ਪ੍ਰਤੀਨਿਧੀ ਬੋਰਡ ਨੇ 14 ਅਗਸਤ 1946 ਵਾਲੀ ਆਪਣੀ ਮੀਟਿੰਗ ਵਿੱਚ ਕੈਬਨਿਟ ਮਿਸ਼ਨ ਸਕੀਮ ਨੂੰ ਸਿੱਖਾਂ ਨਾਲ ਅਨਿਆਂ ਮੰਨਦਿਆਂ ਹੋਇਆਂ ਵੀ ਆਪਣਾ ਬਾਈਕਾਟ ਵਾਪਸ ਲੈ ਲਿਆ। ਪੰਡਤ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਾਲੀ ਕੈਬਨਿਟ ਵਿੱਚ ਸ. ਬਲਦੇਵ ਸਿੰਘ 2 ਸਤੰਬਰ 1946 ਨੂੰ ਸਿੱਖਾਂ ਦੇ ਨੁਮਾਇੰਦੇ ਵਜੋਂ ਸ਼ਾਮਲ ਹੋ ਗਏ। ਉਨ੍ਹਾਂ ਨੇ ਰੱਖਿਆ ਵਿਭਾਗ ਸੰਭਾਲਿਆ ਜੋ ਬਰਤਾਨਵੀ ਸ਼ਾਸ਼ਨ ਦੌਰਾਨ ਉਨ੍ਹਾਂ ਕੋਲ ਹੀ ਰਿਹਾ।

ਲੇਬਰ ਪਾਰਟੀ ਦੀ ਸ੍ਰੀ ਐਟਲੇ ਦੀ ਅਗਵਾਈ ਵਾਲੀ ਬਰਤਾਨਵੀ ਸਰਕਾਰ ਨੇ ਸਾਰੀਆਂ ਸਿਆਸੀ ਪਾਰਟੀਆਂ ਨਾਲ ਲੰਬਾ ਵਿਚਾਰ-ਵਿਟਾਂਦਰਾ ਕਰਨ ਬਾਅਦ ਆਖਰ ਭਾਰਤ ਛੱਡਣ ਅਤੇ ਦੇਸ਼ ਨੂੰ ਵੰਡਣ ਦਾ ਫੈਸਲਾ ਕਰ ਲਿਆ। ਬਰਤਾਨਵੀ ਸਰਕਾਰ ਨੇ ਅੰਤਮ ਫੈਸਲੇ ਵਾਸਤੇ ਕਾਂਗਰਸ ਪਾਰਟੀ, ਮੁਸਲਿਮ ਲੀਗ ਤੇ ਸਿੱਖ ਭਾਈਚਾਰੇ ਦੇ ਇੱਕ-ਇੱਕ ਪ੍ਰਤੀਨਿਧ ਨੂੰ ਲੰਡਨ ਬੁਲਾਇਆ। ਇਸ ਵਫ਼ਦ ਵਿੱਚ ਪੰਡਤ ਜਵਾਹਰ ਲਾਲ ਨਹਿਰੂ, ਮੁਹੰਮਦ ਅਲੀ ਜਿਨਾਹ ਤੇ ਸ. ਬਲਦੇਵ ਸਿੰਘ ਸ਼ਾਮਲ ਹੋਏ। ਕੁਝ ਬਰਤਾਨਵੀ ਆਗੂਆਂ ਨੇ ਪੂਰੀ ਵਾਹ ਲਾਈ ਕਿ ਅਜਿਹਾ ਫਾਰਮੂਲਾ ਤਿਆਰ ਕਰ ਲਿਆ ਜਾਵੇ ਜਿਸ ਤਹਿਤ ਸਿੱਖ ਪਾਕਿਸਤਾਨ ਨਾਲ ਰਹਿਣ ਲਈ ਸਹਿਮਤ ਹੋ ਜਾਣ। ਉਸ ਚਾਹੁੰਦੇ ਸਨ ਕਿ ਸ. ਬਲਦੇਵ ਸਿੰਘ ਸ੍ਰੀ ਜਿਨਾਹ ਨਾਲ ਮਿਲਕੇ ਸਾਂਝਾ ਪ੍ਰੋਗਰਾਮ ਬਣਾਉਣ। ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ ਸਿੱਖ ਭਾਈਚਾਰੇ ਦਾ ਇਹ ਇਕ ਇਤਿਹਾਸਿਕ ਫੈਸਲਾ ਸੀ ਕਿ ਮੁਸਲਿਮ ਲੀਗ ਵੱਲੋਂ ਦਿਖਾਏ ਗਏ ਸਬਜ਼ਬਾਗਾਂ ਨੂੰ ਰੱਦ ਕਰਦਿਆਂ ਸਿੱਖ ਭਾਈਚਾਰੇ ਨੇ ਖੁੱਲ੍ਹੇਆਮ

ਭਾਰਤ ਨਾਲ ਰਹਿਣ ਦਾ ਨਿਰਨਾ ਲਿਆ।

ਇਹ ਅਕਾਲੀ ਪਾਰਟੀ ਦੇ ਯਤਨਾਂ ਦਾ ਸਿੱਟਾ ਸੀ ਕਿ ਪੰਜਾਬ ਦੀ ਵੰਡ ਹੋਈ। ਇਕ ਬਾਊਂਡਰੀ ਕਮਿਸ਼ਨ ਬਣਾਇਆ ਗਿਆ ਜਿਸ ਨੇ 15 ਅਗਸਤ 1947 ਨੂੰ ਆਪਣਾ ਨਿਰਣਾ ਦਿੱਤਾ। ਇਸ ਨਿਰਣੇ ਨੇ ਸਿੱਖਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ। ਇਹ ਗੱਲ ਜ਼ਰੂਰ ਚੇਤੇ ਰੱਖਣੀ ਚਾਹੀਦੀ ਹੈ ਕਿ ਬਹੁਤ ਮਾੜੀਆਂ ਹਾਲਤਾਂ ਵਿਚ ਵੀ ਸਿੱਖ ਭਾਈਚਾਰੇ ਲਈ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਤੇ ਸ. ਬਲਦੇਵ ਸਿੰਘ ਦੀ ਅਗਵਾਈ ਹੇਠ ਵਧੀਆ ਪ੍ਰਾਪਤੀ ਹੋਈ ਸੀ।

ਸ. ਬਲਦੇਵ ਸਿੰਘ ਨੇ ਰੱਖਿਆ ਸੇਵਾਵਾਂ ਵਿਚ ਲੋੜੀਂਦੀ ਤਬਦੀਲੀਆਂ ਕੀਤੀਆਂ। ਪਹਿਲਾਂ ਇਹ ਸੇਵਾਵਾਂ ਭਾਰਤੀ ਹਾਲਾਤ ਮੁਤਾਬਕ ਬਰਤਾਨਵੀਂ ਅਧਿਕਾਰੀਆਂ ਦੀ ਲੋੜ ਅਨੁਸਾਰ ਸਨ। ਉਨ੍ਹਾਂ ਨੇ ਸੱਚੇ ਅਰਥਾਂ ਵਿਚ ਭਾਰਤੀ ਫੌਜ ਦਾ ਮੁੜ ਗਠਨ ਕੀਤਾ ਜੋ ਭਾਰਤ ਦਾ ਮਾਣ ਬਣੀ। ਉਨ੍ਹਾਂ ਰੱਖਿਆ ਸੇਵਾਵਾਂ ਦਾ ਮੁਕੰਮਲ ਭਾਰਤੀਕਰਣ ਕੀਤਾ।

ਜਦੋਂ ਤਕ ਸ੍ਰੀ ਬਲਦੇਵ ਸਿੰਘ ਸਿੱਖ ਭਾਈਚਾਰੇ ਦੀ ਪ੍ਰਤੀਨਿਧਤਾ ਕਰਦੇ ਰਹੇ, ਉਹ ਬਹੁਤ ਜ਼ਿਆਦਾ ਨਿਰਾਸ਼ ਰਹੇ ਕਿਉਂਕਿ ਉਹ ਕਾਂਗਰਸ ਪਾਰਟੀ ਵਲੋਂ ਸਿੱਖ ਭਾਈਚਾਰੇ ਨੂੰ ਸੰਵਿਧਾਨ ਵਿਚ ਘੱਟ ਗਿਣਤੀ ਵਜੋਂ ਸੁਰੱਖਿਆ ਦੇਣ ਦੇ ਕੀਤੇ ਵਾਅਦੇ ਨੂੰ ਪੂਰਾ ਨਹੀਂ ਸਨ ਕਰਵਾ ਸਕੇ। ਉਨ੍ਹਾਂ ਨੇ ਪੰਡਤ ਨਹਿਰੂ ਅਤੇ ਹੋਰ ਨੇਤਾਵਾਂ ਨੂੰ ਆਜ਼ਾਦੀ ਦੇ ਸੰਘਰਸ਼ ਦੌਰਾਨ ਕੀਤੇ ਵਾਅਦੇ ਪੂਰੇ ਕਰਨ ਦੀਆਂ ਬੇਨਤੀਆਂ ਵੀ ਕੀਤੀਆਂ। ਉਹ 1952 ਵਿਚ ਸੰਸਦ ਮੈਂਬਰ ਚੁਣੇ ਗਏ ਪਰ ਉਨ੍ਹਾਂ ਨੂੰ ਇਸ ਕਰਕੇ ਮੰਤਰੀ ਮੰਡਲ ਵਿਚ ਨਹੀਂ ਸ਼ਾਮਲ ਕੀਤਾ ਗਿਆ ਕਿਉਂਕਿ ਉਹ ਮਾਸਟਰ ਤਾਰਾ ਸਿੰਘ ਤੇ ਅਕਾਲੀ ਪਾਰਟੀ ਨਾਲ ਬਹੁਤ ਜੁੜੇ ਹੋਏ ਸਨ। ਉਹ 1957 ਵਿਚ ਮੁੜ ਸੰਸਦ ਮੈਂਬਰ ਚੁਣੇ ਗਏ। ਉਨ੍ਹਾਂ ਦੀ ਸਿਹਤ ਖਰਾਬ ਰਹਿਣ ਲੱਗੀ।

ਲੰਬੀ ਬਿਮਾਰੀ ਬਾਅਦ ਉਹ 29 ਜੂਨ 1961 ਨੂੰ ਦਿੱਲੀ ਵਿਖੇ ਸਦਾ ਲਈ ਵਿਛੋੜਾ ਦੇ ਗਏ। ਉਨ੍ਹਾਂ ਦੀ ਮ੍ਰਿਤਕ ਦੇਹ ਉਹਨਾਂ ਦੇ ਜੱਦੀ ਪਿੰਡ ਦੁੰਮਣਾ ਲਿਆਂਦੀ ਗਈ ਜਿਥੇ ਪੂਰੇ ਫੌਜੀ ਸਨਮਾਨਾਂ ਨਾਲ ਉਨ੍ਹਾਂ ਦਾ ਸਸਕਾਰ ਕੀਤਾ ਗਿਆ।

# ਸ੍ਰੀ ਗੁਰੂ ਨਾਨਕ ਦੇਵ ਜੀ ਲੱਦਾਖ ਵਿਚ

ਭਾਰਤ ਸਰਕਾਰ ਵੱਲੋਂ ਦਰਿਆ ਸਿੰਧ ਦੇ ਕਿਨਾਰੇ ਸਾਲਾਨਾ ਸਿੰਧੂ ਉਤਸਵ ਮਨਾਉਣ ਦੇ ਸਬੰਧ ਵਿਚ ਮੈਨੂੰ ਲਦਾਖ ਦੀ ਰਾਜਧਾਨੀ ਲੇਹ ਜਾਣ ਦਾ ਪਿਛਲੀ ਦਿਨੀਂ ਅਵਸਰ ਮਿਲਿਆ। ਦਿੱਲੀ ਤੋਂ ਇਕ ਘੰਟਾ 10 ਮਿੰਟ ਵਿਚ ਜਹਾਜ਼ ਲੇਹ ਪਹੁੰਚਾ ਦਿੰਦਾ ਹੈ। ਦਿੱਲੀ ਤੋਂ ਸਵੇਰੇ ਚੱਲੇ ਤਾਂ ਤਾਪਮਾਨ 40°ਸੀ ਤੇ ਜਦੋਂ ਲੇਹ ਉਤਰੇ ਤੇ ਉਥੇ 5°ਸੀ। 13000 ਫੁੱਟ ਦੀ ਉਚਾਈ ਤੇ ਵਸਿਆ ਇਹ ਰਮਣੀਕ ਸ਼ਹਿਰ ਸਦੀਆਂ ਪੁਰਾਣਾ ਹੈ ਤੇ ਪਹਾੜੀ ਇਲਾਕੇ ਦਾ ਕੇਂਦਰ ਹੈ। ਕਦੇ ਇਥੇ ਇਕ ਰਾਜੇ ਦਾ ਰਾਜ ਸੀ ਜੋ ਬੋਧੀ ਧਰਮ ਦਾ ਪੈਰੋਕਾਰ ਸੀ। ਰਾਜੇ ਦਾ ਮਹੱਲ ਸਭ ਤੋਂ ਉਚੀ ਥਾਂ ਤੇ ਹੁਣ ਵੀ ਬਣਿਆ ਹੋਇਆ ਹੈ ਜੋ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹੈ। ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਨੂੰ ਆਪਣੇ ਵੱਸ ਵਿਚ ਕਰ ਲਿਆ ਤੇ ਉਦੋਂ ਸਿੱਖ ਫੌਜਾਂ ਜਿਨ੍ਹਾਂ ਦੇ ਕਮਾਂਡਰ ਜਨਰਲ ਜੋਰਾਵਰ ਸਿੰਘ ਸਨ, ਜੋ ਜੰਮੂ ਦੇ ਡੋਗਰਾ ਪਰਿਵਾਰ ਵਿਚੋਂ ਸਨ, ਉਹਨਾਂ ਨੇ ਇਹ ਇਲਾਕਾ ਫ਼ਤਹਿ ਕੀਤਾ ਸੀ। ਇਸ ਤੋਂ ਵੀ ਅੱਗੇ ਜਾ ਕੇ ਗਿਲਗਿੱਤ, ਸਕਰਦੂ ਅਤੇ ਸਾਇਚਨ ਵਾਦੀ ਨੂੰ ਵੀ ਸਿੱਖ ਰਾਜ ਵਿਚ ਸ਼ਾਮਲ ਕੀਤਾ। ਇਹ ਸਾਰਾ ਇਲਾਕਾ ਪਹਿਲਾਂ ਤਿੱਬਤ ਵਿਚ ਹੁੰਦਾ ਸੀ। ਪਾਠਕਾਂ ਦੀ ਜਾਣਕਾਰੀ ਲਈ ਇਹ ਦੱਸ ਦੇਵਾਂ ਕਿ ਇਹ ਸਾਇਚਨ ਵਾਦੀ ਹੁਣ ਭਾਰਤ ਪਾਕਿਸਤਾਨ ਵਿਚ ਝਗੜੇ ਦੀ ਥਾਂ ਹੈ। ਹਮੇਸ਼ਾਂ ਇਥੇ ਬਰਫ ਰਹਿੰਦੀ ਹੈ। ਗਿਲਗਿੱਤ ਤੇ ਸਕਰਦੂ ਹੁਣ ਪਾਕਿਸਤਾਨ ਵਾਲੇ ਕਸ਼ਮੀਰ ਦਾ ਹਿੱਸਾ ਹਨ।

ਲੇਹ ਵਿਚ ਜਾ ਕੇ ਕਈ ਇਤਿਹਾਸਕ ਜਾਣਕਾਰੀਆਂ ਮਿਲੀਆਂ ਹਨ ਅਤੇ ਆਪਣੇ ਆਪ ਵਿਚ ਇਹ ਇਕ ਮਾਣ ਵਾਲੀ ਗੱਲ ਵੀ ਲੱਗੀ ਹੈ ਕਿ ਇਤਨੀ ਦੂਰ ਪਹਾੜਾਂ ਵਿਚ ਬਰਫ਼ ਨਾਲ ਢੱਕੇ ਇਲਾਕੇ ਜਿਥੇ ਅੱਜ ਵੀ ਸੜਕ ਰਾਹੀ ਜਾਣ ਲਈ ਮੁਸ਼ਕਲਾਂ ਆਉਂਦੀਆਂ ਹਨ, ਸਿਰਫ ਕੁਝ ਮਹੀਨੇ ਹੀ ਰਸਤੇ ਖੁਲ੍ਹਦੇ ਹਨ, ਉਥੇ ਅੱਜ ਤੋਂ 500 ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਆਪ ਯਾਤਰਾ ਕਰਦੇ ਹੋਏ ਪੁੱਜੇ ਸੀ। ਇਥੇ ਹੀ ਬੱਸ ਨਹੀਂ ਇਸ ਤੋਂ ਹੋਰ ਉਚੀਆਂ ਥਾਵਾਂ 'ਤੇ ਜਿਥੇ ਬੋਧੀਆਂ ਦੇ ਮੰਦਰ ਭਾਵ ਮੱਠ ਬਣਾਏ ਹਨ ਉਥੇ ਵੀ ਉਹ ਪੁੱਜੇ ਅਤੇ ਇਥੋਂ ਹੋਰ ਅੱਗੇ ਕੈਲਾਸ਼ ਪਰਬਤ ਲੰਘ ਕੇ ਮਾਨਸਰੋਵਰ ਝੀਲ ਤੇ ਗਏ ਜਿਥੋਂ ਦਰਿਆ ਸਿੰਧ ਨਿਕਲਦਾ ਹੈ। ਮਾਨਸਰੋਵਰ ਝੀਲ ਚੀਨ ਵਿਚ ਹੈ ਅਤੇ ਇਥੇ ਹਰ ਸਾਲ ਭਾਰਤ ਵੱਲੋਂ ਯਾਤਰੂ ਜਾਂਦੇ ਹਨ ਤੇ ਇਸ ਯਾਤਰਾ ਲਈ ਉਹਨਾਂ ਨੂੰ 27 ਦਿਨ ਲਗਦੇ ਹਨ। ਲੇਹ ਵਿਚ ਗੁਰੂ ਨਾਨਕ ਦੇਵ ਜੀ ਦਾ ਇਕ ਛੋਟਾ ਜਿਹਾ ਗੁਰਦੁਆਰਾ ਹੈ ਪਰ ਕਿਉਂ ਜੋ ਉਥੇ ਪਹਿਲਾਂ ਸਿੱਖ ਨਹੀਂ ਰਹਿੰਦੇ ਸਨ ਇਸ ਕਰਕੇ ਉਸ ਥਾਂ ਤੇ ਗੁਰਦੁਆਰੇ ਦੇ ਨਾਲ ਕਿਸੇ ਨੇ ਦੁਕਾਨਾਂ ਬਣਾ ਦਿੱਤੀਆਂ ਹਨ ਤੇ ਆਪਣਾ ਕਬਜ਼ਾ ਜਮਾਣ ਲਈ ਇਕ ਮੰਦਿਰ ਵੀ ਬਣਾ ਲਿਆ ਹੈ। ਹੁਣ ਉਥੇ ਕੁਲ ਸਿੱਖ ਦੀ ਗਿਣਤੀ 150 ਤੋਂ ਵੱਧ ਨਹੀਂ। ਇਹ ਗੁਰਦੁਆਰੇ ਦੀ ਬਿਲਡਿੰਗ ਬਹੁਤ ਖਸਤਾ ਹਾਲਤ ਵਿਚ ਹੈ ਤੇ ਮਿਉਂਸਪਲ ਕੌਂਸਿਲ ਵਲੋਂ ਇਸ ਨੂੰ ਢਾਹੁਣ ਦਾ ਫੈਸਲਾ ਹੋ ਚੁੱਕਿਆ ਹੈ। ਸਿੱਖਾਂ ਨੇ ਕਚਹਿਰੀ ਵਿਚ ਇਹ ਕੇਸ ਪਾ ਰੱਖਿਆ ਹੈ ਕਿ ਇਹ ਸਾਰੀ ਜਗ੍ਹਾ ਉਹਨਾਂ ਨੂੰ ਮਿਲੇ ਪਰ ਕਈ ਸਾਲਾਂ ਤੋਂ ਇਹ ਕੰਮ ਲਟਕ ਰਿਹਾ ਹੈ। ਮੈਂ ਇਸ ਫੇਰੀ ਸਮੇਂ ਲਦਾਖ

ਹਿੱਲ ਕੌਂਸਿਲ ਦੇ ਚੇਅਰਮੈਨ ਅਤੇ ਬੋਧੀ ਲੀਡਰਾਂ ਨੂੰ ਮਿਲਿਆ ਹਾਂ ਤੇ ਉਹਨਾਂ ਨੂੰ ਕਿਹਾ ਹੈ ਕਿ ਉਹ ਗੁਰਦੁਆਰੇ ਬਾਰੇ ਫੈਸਲਾ ਕਰਵਾਉਣ ਤਾਂ ਜੋ ਸਿੱਖ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਨਵਾਂ ਗੁਰਦੁਆਰਾ ਉਸਾਰ ਸਕਣ। ਲੇਹ ਦੇ ਸ਼ਹਿਰ ਦੇ ਦਰਮਿਆਨ ਵਿਚ ਇਕ ਦਰਖਤ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਸਾਰਾ ਇਲਾਕਾ ਵੀਰਾਨ ਸੀ ਜਦ ਗੁਰੂ ਨਾਨਕ ਦੇਵ ਜੀ ਨੇ ਇਥੇ ਦਾਤਨ ਗੱਡਿਆ ਉਹ ਦਰੱਖ਼ਤ ਬਣ ਗਿਆ। ਪੁਰਾਣਾ ਦਰੱਖ਼ਤ ਡਿਗ ਗਿਆ ਤੇ ਉਸਦੀ ਥਾਂ ਇਕ ਹੁਣ ਨਵਾਂ ਖੜ੍ਹਾ ਹੈ। ਮੈਂ ਉਥੇ ਜਾ ਕੇ ਹੈਰਾਨ ਹੋਇਆ ਕਿ ਪੁਰਾਣੇ ਦਰਖ਼ਤ ਦਾ ਇਕ ਵੱਡਾ ਟਾਹਣ ਇਕ ਬੋਧੀ ਦੇ ਘਰ ਤੇ ਡਿੱਗਿਆ ਪਿਆ ਹੈ ਪਰ ਉਸ ਨੇ ਇਸਨੂੰ ਹਟਾਇਆ ਨਹੀਂ ਤੇ ਇਸਨੂੰ ਸ਼ੁਭ ਸਗਨ ਮੰਨਿਆ ਹੈ, ਤੇ ਉਸਦੇ ਹੇਠਾਂ ਸ਼ਤੀਰ ਲਗਾਕੇ ਉਸਨੂੰ ਖੜ੍ਹਾ ਕਰ ਰਖਿਆ ਹੈ। ਇਸ ਦਰੱਖ਼ਤ ਦੀ ਸਾਰੇ ਪੂਜਾ ਕਰਦੇ ਹਨ ਅਤੇ ਕੋਈ ਵੀ ਉਸ ਦਰੱਖ਼ਤ ਤੋਂ ਲੱਕੜ ਨਹੀਂ ਕਟਦਾ। ਸਿੱਖਾਂ ਨੇ ਦਰਖ਼ਤ ਉਪਰ ਨਿਸ਼ਾਨ ਸਾਹਿਬ ਲਗਾ ਰਖਿਆ ਹੈ ਤੇ ਆਸ ਪਾਸ ਇਕ ਜੰਗਲਾ ਲੱਗਾ ਹੋਇਆ ਹੈ।

ਸਭ ਤੋਂ ਵੱਧ ਪ੍ਰਭਾਵਸ਼ਾਲੀ ਸਿੱਖ ਇਤਿਹਾਸਕ ਸਥਾਨ ਹੈ ਗੁਰਦੁਆਰਾ ਪੱਥਰ ਸਾਹਿਬ। ਲੇਹ ਤੋਂ 24 ਕਿਲੋਮੀਟਰ ਬਾਹਰ ਇਹ ਆਲੀਸ਼ਾਨ ਗੁਰਦੁਆਰਾ ਭਾਰਤੀ ਫੌਜੀਆਂ ਨੇ ਬਣਾਇਆ ਹੈ। ਇਹ ਗੁਰਦੁਆਰਾ ਲੇਹ-ਮਨਾਲੀ ਸੜਕ ਤੇ ਹੈ। ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਇਸ ਥਾਂ ਤੇ ਬੈਠੇ ਹੋਏ ਸਨ ਜਦੋਂ ਪਹਾੜ ਦੇ ਉਪਰੋਂ ਇਕ ਰਾਖਸ਼ਸ ਨੇ ਇਕ 15×13 ਫੁੱਟ ਦਾ ਭਾਰੀ ਪੱਥਰ ਸੁੱਟਿਆ ਤੇ ਜਦੋਂ ਪੱਥਰ ਗੁਰੂ ਨਾਨਕ ਦੇਵ ਜੀ ਦੀ ਪਿੱਠ ਤੇ ਆ ਕੇ ਲੱਗਾ ਤਾਂ ਇਹ ਉਥੇ ਹੀ ਸ਼ਾਂਤ ਹੋ ਗਿਆ ਅਤੇ ਗੁਰੂ ਨਾਨਕ ਦੇਵ ਜੀ ਦੀ ਪਿੱਠ ਦਾ ਪੂਰਾ ਨਿਸ਼ਾਨ ਪੱਥਰ ਵਿਚ ਦੋ ਇੰਚ ਅੰਦਰ ਤਕ ਅੰਕਿਤ ਹੋ ਗਿਆ ਜਿਹੜਾ ਹੁਣ ਵੀ ਕਾਇਮ ਹੈ। ਇਹ ਪੱਥਰ ਜਿਸ ਥਾਂ ਤੇ ਪਿਆ ਸੀ ਉਥੇ ਵੱਡੀ ਸੜਕ ਬਣ ਰਹੀ ਸੀ ਅਤੇ ਇਸ ਪੱਥਰ ਨੂੰ ਹਟਾਉਣਾ ਉਹਨਾਂ ਲਈ ਜਰੂਰੀ ਸੀ। ਉਹਨਾਂ ਨੇ ਬੜੇ ਬੁਲਡੋਜ਼ਰ ਲਗਾਕੇ ਪੱਥਰ ਨੂੰ ਧੱਕਿਆ ਅਤੇ ਹੋਰ ਸਾਰੇ ਹੀਲੇ ਵਰਤੇ ਪਰ ਪੱਥਰ ਇਕ ਇੰਚ ਵੀ ਨਾ ਹਿੱਲਿਆ। ਉਹਨਾਂ ਨੂੰ ਬੜੀ ਹੈਰਾਨਗੀ ਹੋਈ ਕਿ ਇਤਨੀ ਇੰਜੀਨਿਅਰਿੰਗ ਤਾਕਤ ਸਾਹਮਣੇ ਪਹਾੜ ਵੀ ਟੁੱਟ ਜਾਂਦੇ ਹਨ ਤੇ ਇਹ ਇਕ ਪੱਥਰ ਆਪਣੀ ਥਾਂ ਤੋਂ ਅੱਗੇ ਪਿਛੇ ਹਿੱਲ ਵੀ ਨਹੀਂ ਸਕਿਆ। ਉਸ ਵਕਤ ਕਿਸੇ ਪੁਰਾਣੇ ਬੋਧੀ ਸੰਤ ਨੇ ਉਹਨਾਂ ਨੂੰ ਇਸ ਪੱਥਰ ਦੀ ਇਤਿਹਾਸਕ ਮਹਾਨਤਾ ਬਾਰੇ ਦੱਸਿਆ। ਫਿਰ ਕੀ ਸੀ ਫੌਜ ਵਾਲਿਆਂ ਨੇ ਸੜਕ ਉਥੋਂ ਬਦਲਕੇ ਇਕ ਵਿੰਗ ਪਾ ਕੇ ਬਣਾ ਲਈ ਤੇ ਪੱਥਰ ਉਥੇ ਹੀ ਛੱਡ ਦਿੱਤਾ। ਸਿੱਖ ਫੌਜੀ ਜੋ ਵੱਡੀ ਗਿਣਤੀ ਵਿਚ ਇਸ ਇਲਾਕੇ ਵਿਚ ਲਗਾਏ ਗਏ ਹਨ, ਉਹਨਾਂ ਨੇ ਉਸ ਵਕਤ ਆਪ ਕਾਰ ਸੇਵਾ ਕਰਕੇ ਪਹਿਲਾਂ ਪੱਥਰ ਉਪਰ ਇਕ ਕਮਰਾ ਬਣਾਇਆ ਤੇ ਪੱਥਰ ਤੇ ਬੜਾ ਕੀਮਤੀ ਰੁਮਾਲਾ ਪਾਇਆ। ਉਸ ਕਮਰੇ ਦੇ ਅੱਗੇ ਇਕ ਵੱਡਾ ਹਾਲ ਕਮਰਾ ਗੁਰਦੁਆਰੇ ਲਈ ਬਣਾਇਆ ਜਿਸ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ ਤੇ ਉਸਦੇ ਅੱਗੇ ਬਹੁਤ ਲੰਬੇ ਥੜੇ ਉਪਰ ਸ਼ੈੱਡ ਵੀ ਬਣਾ ਦਿੱਤਾ ਗਿਆ। ਫੌਜੀਆਂ ਨੇ ਆਪਣੀ ਹਿੰਮਤ ਨਾਲ ਮਾਇਆ ਇਕੱਠੀ ਕਰਕੇ ਗੁਰਦੁਆਰੇ ਤੋਂ 20 ਫੁੱਟ ਉੱਚੀ ਪਹਾੜੀ ਤੇ ਲੰਗਰ, ਸਟੋਰ ਤੇ ਰਿਹਾਇਸ਼ੀ ਕਮਰੇ ਬਣਾ ਰੱਖੇ ਹਨ। ਗੁਰਦੁਆਰੇ ਦੇ ਸਾਹਮਣੇ ਸੜਕ ਤੋਂ ਉਪਰ 150 ਫੁੱਟ ਉਚੀ ਪਹਾਡੀ ਜਿਥੇ ਕਿ ਇਹ ਪੱਥਰ ਰਾਖ਼ਸ਼ਸ ਨੇ ਸੁੱਟਿਆ ਸੀ, ਉਥੇ ਨਿਸ਼ਾਨ ਸਾਹਿਬ ਲਗਾਇਆ ਗਿਆ ਹੈ ਤੇ ਉਥੇ ਜਾਣ ਲਈ ਪੌੜੀਆਂ ਲਗਾ ਦਿੱਤੀਆਂ ਗਈ ਹਨ। ਅੱਜ ਇਸ ਗੁਰਦੁਆਰੇ ਵਿਚ ਹਰ ਆਏ-ਗਏ ਨੂੰ ਚਾਹ ਪਿਲਾਈ ਜਾਂਦੀ ਹੈ। ਹਰ ਐਤਵਾਰ ਦੀਵਾਨ ਲਗਦਾ ਹੈ ਜਿਸ ਵਿਚ ਘੱਟ ਤੋਂ ਘੱਟ 500 ਤੋਂ ਵੱਧ ਸੰਗਤ ਆਉਂਦੀ ਹੈ ਤੇ ਲੰਗਰ ਛਕਾਇਆ ਜਾਂਦਾ ਹੈ। ਤਕਰੀਬਨ 20 ਸਾਲ ਤੋਂ ਜਿਹੜੀ ਵੀ ਸਿੱਖ ਫੌਜ ਇਥੇ ਡਿਊਟੀ ਤੇ ਹੁੰਦੀ ਹੈ ਉਹ

ਆਪਣੇ ਕੁਝ ਫੌਜੀ ਜਵਾਨ ਇਥੇ ਡਿਊਟੀ ਤੇ ਲਗਾ ਦਿੰਦੇ ਹਨ। ਗ੍ਰੰਥੀ ਵੀ ਫੌਜ ਦਾ ਆਪਣਾ ਹੁੰਦਾ ਹੈ। ਮੈਂ ਲੇਹ ਵਸਦੇ ਸਿੱਖਾਂ ਨੂੰ ਕਿਹਾ ਹੈ ਕਿ ਉਹ ਹੁਣ ਗੁਰਦੁਆਰੇ ਤੇ ਕਬਜ਼ਾ ਕਰਨ ਦੀ ਇੱਛਾ ਪ੍ਰਗਟ ਨਾ ਕਰਨ। ਇਹ ਗੁਰਦੁਆਰਾ ਫੌਜ ਰਾਹੀਂ ਹੀ ਚਲਣਾ ਚਾਹੀਦਾ ਹੈ, ਕੋਈ ਹੋਰ ਇਥੇ ਆ ਕੇ ਦਖਲ ਨਹੀਂ ਦੇਵੇ ਅਤੇ ਸਾਨੂੰ ਸਾਰਿਆਂ ਨੂੰ ਸਿੱਖ ਫੌਜੀਆਂ ਦੀ ਪ੍ਰਸੰਸਾ ਕਰਨੀ ਚਾਹੀਦੀ ਹੈ।

ਇਕ ਸੜਕ ਕੁਲੂ-ਮਨਾਲੀ ਦੇ ਰਸਤੇ ਲੇਹ ਜਾਂਦੀ ਹੈ ਤੇ ਇਹ ਸੜਕ ਕਸ਼ਮੀਰ ਵਾਦੀ ਤੋਂ ਬਾਹਰ ਹੈ ਅਤੇ ਇਥੇ ਕੋਈ ਖਤਰਾ ਵੀ ਨਹੀਂ ਹੈ। ਜੁਲਾਈ, ਅਗਸਤ ਅਤੇ ਸਤੰਬਰ ਵਿਚ ਇਥੇ ਬਰਫ ਨਹੀਂ ਪੈਂਦੀ। ਬੜੇ ਆਰਾਮ ਨਾਲ ਸਿੱਖ ਯਾਤਰੂ ਇਸ ਰਸਤੇ ਇਥੇ ਜਾ ਸਕਦੇ ਹਨ। ਇਹ ਯਾਤਰਾ ਦੇ ਨਾਲ ਸੁਹਾਵਣਾ ਦ੍ਰਿਸ਼ ਵੇਖਣ ਦਾ ਵੀ ਅਵਸਰ ਮਿਲੇਗਾ।

ਲੇਹ ਵਿਚ ਜਦੋਂ ਤੁਸੀਂ ਹਵਾਈ ਜਹਾਜ਼ ਦੇ ਰਸਤੇ ਜਾਵੋਂ ਤੇ ਤੁਹਾਨੂੰ ਉਥੇ ਜਾ ਕੇ ਇਕ ਦਿਨ ਪੂਰਾ ਆਰਾਮ ਕਰਨਾ ਪੈਂਦਾ ਹੈ ਇਹ ਇਸ ਲਈ ਕਿ ਤੁਸੀਂ ਯਕਲਖਤ ਮੈਦਾਨ ਤੋਂ 13000 ਫੁੱਟ ਉਚੇ ਪੁੱਜ ਜਾਂਦੇ ਹੋ। ਉਥੇ ਆਕਸੀਜਨ ਘੱਟ ਹੁੰਦੀ ਹੈ ਜਿਸ ਲਈ ਤੁਹਾਨੂੰ 24 ਘੰਟੇ acclimatize ਹੋਣਾ ਪੈਂਦਾ ਹੈ। ਦਿਲ ਦੀ ਬਿਮਾਰੀ ਵਾਲੇ ਵਿਅਕਤੀਆਂ ਨੂੰ ਉਥੇ ਔਖਿਆਈ ਹੁੰਦੀ ਹੈ। ਸਰਦੀਆਂ ਵਿਚ ਉਥੇ ਰਹਿਣਾ ਬੜਾ ਕਠਿਨ ਹੁੰਦਾ ਹੈ। ਚੋਹਾਂ ਪਾਸੇ ਬਰਫਾਂ ਨਾਲ ਪਹਾੜ ਢੱਕ ਜਾਂਦੇ ਹਨ। ਸ਼ਹਿਰ ਵਿਚ ਵੀ ਕਦੇ-ਕਦੇ ਬਰਫ ਪੈਂਦੀ ਹੈ। ਤਾਪਮਾਨ $-30^0$ ਤਕ ਚਲਾ ਜਾਂਦਾ ਹੈ। ਸੜਕਾਂ ਦੀ ਆਵਾਜਾਈ ਬੰਦ ਰਹਿੰਦੀ ਹੈ। ਲੋਕ ਖਾਣ-ਪੀਣ ਦਾ ਸਮਾਨ ਸਟੋਰ ਕਰਕੇ ਰਖਦੇ ਹਨ ਜੋ ਕਦੇ ਖਰਾਬ ਨਹੀਂ ਹੁੰਦਾ। ਲੇਹ ਜ਼ਿਲੇ ਵਿਚ ਸਰਕਾਰ ਨੇ ਇਕ ਕੌਂਸਿਲ ਬਣਾ ਦਿੱਤੀ ਹੈ ਜੋ ਸਾਰੇ ਕੰਮ ਦੀ ਜ਼ਿੰਮੇਵਾਰ ਹੈ। ਇਸ ਕੌਂਸਿਲ ਵਿਚ ਸਿੱਖ ਤੇ ਈਸਾਈ ਮੈਂਬਰ ਨਹੀਂ ਹਨ ਜਿਸ ਲਈ ਮੈਂ ਸਰਕਾਰ ਨੂੰ ਲਿਖ ਰਿਹਾ ਹਾਂ। ਬੁੱਧ ਧਰਮ ਦੇ ਕਈ ਪੁਰਾਤਨ ਮੱਠ ਲਦਾਖ ਜਿਲ੍ਹੇ ਵਿਚ ਹਨ ਤੇ ਉਸਦੇ ਆਸ-ਪਾਸ ਦੇ ਇਲਾਕੇ ਵਿਚ ਕਲੋਨੀਆਂ ਬਣੀਆਂ ਹੋਈਆਂ ਹਨ। ਹਰ ਬੋਧੀ ਦੇ ਘਰ ਵਿਚ ਛੋਟਾ ਜਿਹਾ ਮੰਦਿਰ ਵੀ ਹੁੰਦਾ ਹੈ। ਇਹ ਸਾਰੇ ਦਲਾਈ ਲਾਮਾ ਨੂੰ ਆਪਣਾ ਗੁਰੂ ਮੰਨਦੇ ਹਨ। ਇਨ੍ਹਾਂ ਦੀ ਬੋਲੀ ਬੋਧੀ ਹੈ ਪਰ ਹਿੰਦੀ ਸਾਰੇ ਸਮਝਦੇ ਹਨ। ਲਦਾਖ ਦਾ ਦੂਜਾ ਜ਼ਿਲ੍ਹਾ ਕਾਰਗਿਲ ਹੈ ਜਿਥੇ 4 ਸਾਲ ਪਹਿਲਾਂ ਪਾਕਿਸਤਾਨ ਨੇ ਹਮਲਾ ਕੀਤਾ ਸੀ। ਉਸ ਜ਼ਿਲੇ ਵਿਚ ਮੁਸਲਮਾਨ ਜ਼ਿਆਦਾ ਹਨ। ਕਾਰਗਿਲ ਵਿਚ ਵੀ ਇਕ ਗੁਰਦੁਆਰਾ ਗੁਰੂ ਨਾਨਕ ਦੇਵ ਜੀ ਦਾ ਚਰਨਕੰਵਲ ਹੈ। ਸਿਰੀ ਨਗਰ ਤੋਂ ਕਾਰਗਿਲ ਤੇ ਲੇਹ ਦੀ ਸੜਕ ਬਣੀ ਹੋਈ ਹੈ ਜਿਸ ਰਾਹੀਂ ਸਾਰੀ ਆਵਾਜਾਈ ਹੁੰਦੀ ਹੈ। ਲਦਾਖ ਵਸਦੇ ਬੋਧੀਆਂ ਨੂੰ ਇਹ ਡਰ ਹੈ ਕਿ ਉਹਨਾਂ ਦੀ ਆਬਾਦੀ ਘਟ ਰਹੀ ਹੈ ਤੇ ਮੁਸਲਮਾਨਾਂ ਦੀ ਆਬਾਦੀ ਵੱਧ ਰਹੀ ਹੈ। ਜਿਵੇਂ ਕਾਰਗਿਲ ਜ਼ਿਲ੍ਹੇ ਵਿਚ ਹੋ ਚੁੱਕਿਆ ਹੈ। ਬਹੁਤੇ ਬੋਧੀ ਭਿਖਸ਼ੂ ਬਣ ਜਾਂਦੇ ਹਨ ਤੇ ਵਿਆਹ ਨਹੀਂ ਕਰਾਉਂਦੇ । ਜੇ ਏਦਾਂ ਹੁੰਦਾ ਰਿਹਾ ਤਾਂ ਲਦਾਖ ਜਿਸਨੂੰ ਅਸੀਂ ਬੋਧੀਆਂ ਦੀ ਧਰਤੀ ਕਹਿੰਦੇ ਹਾਂ ਉਹ ਸ਼ਾਇਦ ਓਦਾਂ ਦੀ ਨਾ ਰਹੇ। ਭਾਰਤ ਸਰਕਾਰ ਨੇ ਸੁਰੱਖਿਆ ਲਈ ਬਹੁਤ ਵੱਡੀ ਗਿਣਤੀ ਵਿਚ ਲੇਹ ਦੇ ਆਸ ਪਾਸ ਫੌਜੀ ਕੈਂਪ ਬਣਾਏ ਹੋਏ ਹਨ। ਇੰਡੋ-ਤਿੱਬਤੀਅਨ ਬਾਰਡਰ ਫੋਰਸ ਵੀ ਵੱਡੀ ਗਿਣਤੀ ਵਿਚ ਹੈ। ਮੀਲਾਂ ਤਕ ਫੌਜੀ ਕੈਂਪ ਨਜ਼ਰ ਆਉਂਦੇ ਹਨ। ਲੇਹ ਦੇ ਸਾਰੇ ਪਹਾੜ ਖੁਸ਼ਕ ਹਨ। ਸ਼ਹਿਰ ਵਿਚ ਪਾਣੀ ਮਿਲਣ ਕਰਕੇ ਹੁਣ ਹਰਿਆਵਲ ਹੋ ਰਹੀ ਹੈ। ਜਿਸਦੇ ਨਾਲ ਸ਼ਹਿਰ ਸੁਹਾਵਣਾ ਲਗਦਾ ਹੈ। ਇਥੇ ਬਾਰਿਸ਼ ਨਹੀਂ ਹੁੰਦੀ। ਕੇਵਲ ਬਰਫ ਪੈਂਦੀ ਹੈ ਅਤੇ ਉਹ ਗਰਮੀਆਂ ਵਿਚ ਪਿਘਲਕੇ ਪਾਣੀ ਬਣਦੀ ਹੈ। ਬੋਧੀਆਂ ਦਾ ਤਿਬਤੀਆਂ ਨਾਲ ਕਲਚਰ ਮਿਲਦਾ ਹੈ। ਇਕੋ ਜਿਹੀਆਂ ਹੀ ਸ਼ਕਲਾਂ ਹਨ ਤੇ ਕਪੜੇ ਵੀ ਇਕੋ ਜਿਹੇ ਪਾਂਦੇ ਹਨ। ਕਹਿੰਦੇ ਹਨ ਕਿ ਪਹਿਲਾਂ ਪੰਜਾਬ ਤੋਂ ਜੋ

ਤਜਾਰਤ ਤਿੱਬਤ ਨਾਲ ਹੁੰਦੀ ਸੀ ਉਹ ਇਸੀ ਰਸਤੇ ਹੁੰਦੀ ਸੀ। ਇਥੋਂ ਮਾਨਸਰੋਵਰ ਯਾਤਰਾ ਦੇ ਜਾਣ ਲਈ ਪੂਰੀ ਸੜਕ ਹੁੰਦੀ ਸੀ ਪਰ ਅਖੀਰਲਾ 20 ਮੀਲ ਦਾ ਇਲਾਕਾ ਚੀਨ ਵਿਚ ਹੈ। ਜੇ ਦੋਨੋਂ ਸਰਕਾਰਾਂ ਮਿਲਕੇ ਇਹ ਰਸਤਾ ਖੋਲ੍ਹ ਦੇਣ ਤਾਂ ਬਹੁਤ ਯਾਤਰੂ ਆ ਸਕਦੇ ਹਨ ਤੇ ਇਸ ਇਲਾਕੇ ਨੂੰ ਵੀ ਬੜਾ ਲਾਭ ਮਿਲੇਗਾ।

ਲਦਾਖ਼ ਦੇ ਸਿੱਖਾਂ ਵੱਲੋਂ ਮੇਰੇ ਲਈ ਇਕ ਇਕੱਠ ਕੀਤਾ ਗਿਆ ਜਿਸ ਵਿਚ ਤਕਰੀਬਨ 100 ਸਿੱਖ ਸ਼ਾਮਲ ਹੋਏ। ਉਹਨਾਂ ਦੀ ਮੰਗ ਸੀ ਕਿ ਕਸ਼ਮੀਰ ਵਿਚ ਸਿੱਖਾਂ ਨਾਲ ਬੜੀ ਜ਼ਿਆਦਤੀ ਹੋ ਰਹੀ ਹੈ, ਸੁਰੱਖਿਆ ਵੀ ਨਹੀਂ ਹੈ ਅਤੇ ਪੰਜਾਬੀ ਬੋਲੀ ਪੜ੍ਹਾਉਣ ਦਾ ਪ੍ਰਬੰਧ ਵੀ ਨਹੀਂ ਹੈ। ਮੈਂ ਉਹਨਾਂ ਨੂੰ ਭਰੋਸਾ ਦਿੱਤਾ ਕਿ ਉਥੇ ਜੋ ਨਵੇਂ ਮੈਂਬਰ ਪਾਰਲੀਮੈਂਟ ਬਣੇ ਹਨ ਅਤੇ ਉਥੋਂ ਦੇ ਇਕ ਸਿੱਖ ਐਮ.ਐਲ.ਏ. ਨਾਲ ਮਿਲਕੇ ਮੁੱਖ ਮੰਤਰੀ ਨੂੰ ਮਿਲਾਂਗੇ ਤੇ ਇਨ੍ਹਾਂ ਸਾਰਿਆਂ ਮੰਗਾਂ ਬਾਰੇ ਫੈਸਲਾ ਕਰਵਾਵਾਂਗੇ। ਮੈਂ ਉਹਨਾਂ ਨੂੰ ਅਪੀਲ ਕੀਤੀ ਕਿ ਗੁਰੂ ਨਾਨਕ ਦੇਵ ਜੀ ਦੀ ਲਦਾਖ ਯਾਤਰਾ ਬਾਰੇ ਇਕ ਵੱਡਾ ਬੋਰਡ ਬਾਜ਼ਾਰ ਵਿਚ ਕਿਸੀ ਉਚਿਤ ਥਾਂ ਤੇ ਲਗਾਉਣ ਤਾਂ ਜੋ ਯਾਤਰੂ ਇਸਨੂੰ ਪੜ੍ਹ ਸਕਣ। ਲੇਹ ਵਿਚ ਜਨਰਲ ਜੋਰਾਵਰ ਸਿੰਘ ਦੇ ਕਿਲੇ ਬਾਰੇ ਅਤੇ ਇਸ ਨਾਲ ਜੁੜੇ ਸਿੱਖ ਇਤਿਹਾਸ ਬਾਰੇ ਵੀ ਦੱਸਣ ਕਿਵੇਂ ਸਿੱਖ ਫੌਜ ਦੇ ਇਸ ਜਰਨੈਲ ਨੇ ਇਹ ਇਲਾਕਾ ਭਾਰਤ ਨਾਲ ਜੋੜਿਆ ਸੀ।

ਸਿੰਧੂ ਸਮਾਗਮ ਵਿਚ ਉਪ ਪ੍ਰਧਾਨ ਮੰਤਰੀ ਸ੍ਰੀ ਐਲ.ਕੇ. ਅਡਵਾਨੀ ਜੀ, ਕਈ ਕੇਂਦਰੀ ਮੰਤਰੀ, ਕਾਂਸ਼ੀ ਦੇ ਸ਼ੰਕਰਾਚਾਰਿਆ ਜੀ ਅਤੇ ਸਾਰੇ ਧਰਮਾਂ ਦੇ ਵਿਦਵਾਨ ਸ਼ਾਮਲ ਹੋਏ। ਉਸ ਸਮਾਗਮ ਵਿਚ ਮੈਂ ਆਪਣੇ ਭਾਸ਼ਣ ਵਿਚ ਗੁਰੂ ਨਾਨਕ ਦੇਵ ਜੀ ਦੀ ਲਦਾਖ ਫੇਰੀ ਤੇ ਉਹਨਾਂ ਦੇ ਸਰਬ-ਸਾਂਝੇ ਮਿਸ਼ਨ ਬਾਰੇ ਦੱਸਿਆ ਜੋ ਕਈਆਂ ਲਈ ਬੜਾ ਅਚੰਭਾ ਸੀ। ਮੈਂ ਲਦਾਖ ਦੇ ਬੁਧਿਸ਼ਟ ਕਲਚਰ ਸੈਂਟਰ ਦੇ ਸਮਾਗਮ ਵਿਚ ਵੀ ਬੋਲਿਆ ਤੇ ਉਥੇ ਜਾ ਕੇ ਬਹੁਤ ਵੱਡੇ ਲਿਟਰੇਚਰ ਦੇ ਖ਼ਜ਼ਾਨੇ ਨੂੰ ਵੇਖਿਆ ਜੋ ਉਹਨਾਂ ਨੇ ਬੜਾ ਸੰਭਾਲ ਕੇ ਰੱਖਿਆ ਹੋਇਆ ਹੈ।

(14-07-03)

# ਮਹਾਰਾਜਾ ਰਣਜੀਤ ਸਿੰਘ ਦਾ 200 ਸਾਲਾ ਰਾਜ ਗੱਦੀ ਦਿਵਸ

ਭਾਰਤ ਦੇ ਇਤਿਹਾਸ ਨੂੰ ਬੜਾ ਟੇਡੇ ਢੰਗ ਨਾਲ ਲਿਖਿਆ ਗਿਆ ਹੈ ਅਤੇ ਇਤਿਹਾਸਕਾਰਾਂ ਨੇ ਆਪਣੇ ਮੰਤਵ ਨੂੰ ਮੁੱਖ ਰੱਖਕੇ ਸੱਚਾਈ ਦੇ ਤੱਥ ਨੂੰ ਵਿਗਾੜ ਕੇ ਰੱਖਿਆ ਹੈ। ਇਤਿਹਾਸ ਦੇ ਵਿਦਿਆਰਥੀਆਂ ਨੂੰ ਸਦਾ ਇਹ ਪੜ੍ਹਾਇਆ ਗਿਆ ਹੈ ਕਿ ਭਾਰਤ ਦਾ ਅਖੀਰਲਾ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਹੋਇਆ ਹੈ, ਜਿਸਨੂੰ ਅੰਗਰੇਜ਼ਾਂ ਨੇ 1857 ਵਿਚ ਪਕੜ ਕੇ ਜਲਾਵਤਨ ਕਰਕੇ ਰੰਗੂਨ ਭੇਜ ਦਿੱਤਾ ਸੀ। ਕਿਧਰੇ ਵੀ ਕਿਸੇ ਇਤਿਹਾਸਕਾਰ ਨੇ ਇਹ ਨਹੀਂ ਲਿਖਿਆ ਤੇ ਨਾ ਹੀ ਭਾਰਤ ਦੀ ਕਿਸੇ ਸਕੂਲ ਜਾਂ ਕਾਲਜ ਵਿਚ ਪੜ੍ਹਾਈ ਜਾਣ ਵਾਲੀ ਕਿਤਾਬ ਵਿਚ ਇਹ ਦਰਜ ਹੈ ਕਿ ਭਾਰਤ ਦਾ ਅਖੀਰਲਾ ਬਾਦਸ਼ਾਹ ਮਹਾਰਾਜਾ ਰਣਜੀਤ ਸਿੰਘ ਸੀ। ਕਿਤਨੀ ਵੱਡੀ ਇਤਿਹਾਸਕ ਘਟਨਾ ਨੂੰ ਕਿਉਂ ਜੋ ਇਹ ਸਿੱਖ ਕੌਮ ਨਾਲ ਸਬੰਧਿਤ ਚੜ੍ਹਤ ਦਾ ਪੱਖ ਹੈ, ਤਰੋੜ ਮਰੋੜ ਕੇ ਰੱਖਿਆ ਹੈ। ਅੰਗਰੇਜ਼ਾਂ ਨੇ ਸਾਰੇ ਭਾਰਤ ਤੇ ਕਬਜ਼ਾ ਕਰ ਲਿਆ ਸੀ ਅਤੇ ਇਹ ਉਹਨਾਂ ਦੀ ਪਾਲਿਸੀ ਸੀ ਕਿ ਉਹ ਸਥਾਨਕ ਰਾਜਿਆਂ-ਨਵਾਬਾਂ ਨੂੰ ਹਰਾਉਣ ਤੋਂ ਪਿੱਛੋਂ ਮੁੜ ਉਥੇ ਆਪਣਾ ਨੁਮਾਇੰਦਾ ਬਣਾ ਕੇ ਕਾਇਮ ਰਖਦੇ ਸਨ ਤੇ ਉਹਨਾਂ ਦੇ ਰਾਹੀਂ ਅੰਗਰੇਜ਼ ਭਾਰਤ ਵਿਚ ਰਾਜ ਕਰਦਾ ਸੀ। ਇਸੇ ਸਕੀਮ ਤਹਿਤ ਬਹਾਦਰ ਸ਼ਾਹ ਜ਼ਫਰ ਦਿੱਲੀ ਦਾ ਨਵਾਬ ਸੀ ਅਤੇ ਪਟਿਆਲਾ, ਨਾਭਾ, ਜੀਂਦ, ਫਰੀਦਕੋਟ ਰਾਜੇ ਅੰਗਰੇਜ਼ਾਂ ਦੇ ਅਧੀਨ ਸਨ। ਮੈਂ ਪਿਛਲੇ ਇਕ ਸਾਲ ਤੋਂ ਸਾਰੇ ਸਰਕਾਰੀ ਅਦਾਰਿਆਂ ਅਤੇ 'ਐਨ.ਸੀ.ਈ.ਆਰ.ਟੀ' ਅਤੇ ਐਜੂਕੇਸ਼ਨ ਵਿੱਦਿਅਕ ਬੋਰਡਾਂ ਨੂੰ ਇਸ ਬਾਰੇ ਲਿਖਿਆ ਹੈ ਕਿ ਉਹ ਇਤਿਹਾਸ ਨੂੰ ਠੀਕ ਕਰਨ ਕਿਉਂ ਜੋ ਅੰਗਰੇਜ਼ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਇਕ ਅਹਿਦਨਾਮਾ (ਐਗਰੀਮੈਂਟ) ਕੀਤਾ ਸੀ ਜਿਸ ਅਨੁਸਾਰ ਸਤਲੁਜ ਤੋਂ ਪਾਰ ਦਾ ਇਲਾਕਾ ਸਾਰਾ ਸਿੱਖ ਰਾਜ ਅਤੇ ਸਤਲੁਜ ਤੋਂ ਇਧਰ ਅੰਗਰੇਜ਼ਾਂ ਦਾ ਰਾਜ ਸੀ।

ਮਹਾਰਾਜਾ ਰਣਜੀਤ ਸਿੰਘ ਨਵੰਬਰ 1799 ਨੂੰ ਲਾਹੌਰ ਤੇ ਕਾਬਜ਼ ਹੋਏ ਸਨ ਅਤੇ ਉਸ ਵਕਤ ਉਹਨਾਂ ਦੀ ਉਮਰ ਕੇਵਲ 19 ਸਾਲ ਦੀ ਸੀ। ਸ਼ੁਕਰਚਕੀਆ ਮਿਸਲ ਦੇ ਉਹ ਮੁੱਖੀ ਸਨ ਕਿਉਂਕਿ ਉਹਨਾਂ ਦੇ ਪਿਤਾ ਸ. ਮਹਾਂ ਸਿੰਘ 4 ਸਾਲ ਪਹਿਲਾਂ ਮੁਗਲਾਂ ਨਾਲ ਲੜਦੇ ਹੋਏ ਸ਼ਹੀਦ ਹੋ ਗਏ ਸਨ। ਇਹ ਵੀ ਇਤਿਹਾਸ ਦੀ ਇਕ ਸੁਨਹਿਰੀ ਮਿਸਾਲ ਹੈ ਜੋ ਇਤਨੀ ਛੋਟੀ ਉਮਰ ਵਿਚ ਹੋ ਕੇ ਲਾਹੌਰ ਤੇ ਬੈਠਿਆ। ਇਕ ਸਾਲ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਬਾਕੀ ਮਿਸਲਾਂ ਨਾਲ ਮਾਮਲੇ ਨਜਿੱਠੇ ਤੇ ਇਕ ਵੱਡੇ ਸਿੱਖ ਰਾਜ ਦੀ ਕਲਪਨਾ ਸਾਕਾਰ ਕੀਤੀ।

1801 ਦੀ ਵਿਸਾਖੀ ਨੂੰ ਲਾਹੌਰ ਦੇ ਕਿਲ੍ਹੇ ਦੇ ਅੰਦਰ ਇਕ ਦਰਬਾਰ ਲੱਗਾ ਤੇ ਉਸ ਵਿਚ ਬਾਬਾ ਸਾਹਿਬ ਸਿੰਘ ਜੀ ਨੇ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਕੇਸਰੀ ਤਿਲਕ ਲਗਾ ਕੇ ਸਾਰੇ ਪੰਜਾਬ ਦਾ ਮਹਾਰਾਜਾ ਘੋਸ਼ਿਤ ਕੀਤਾ। ਸਾਰੇ ਹਿੰਦੁਸਤਾਨ ਦੇ ਰਾਜੇ, ਸੁਲਤਾਨ ਤੇ ਬਾਦਸ਼ਾਹ ਹਮੇਸ਼ਾ ਸਿਰ ਤੇ ਤਾਜ ਜਾਂ ਕਲਗੀ ਸਜਾਉਂਦੇ ਸੀ ਤੇ ਇਕ ਬਹੁਤ ਕੀਮਤੀ ਜਾਂ ਸੋਨੇ

ਅਤੇ ਹੀਰਿਆਂ ਦਾ ਜੜਿਆ ਹੋਇਆ ਤਖਤ ਪਹਿਨਦੇ ਸਨ। ਪਰ ਮਹਾਰਾਜਾ ਰਣਜੀਤ ਸਿੰਘ ਨੇ ਨਾ ਹੀ ਕੋਈ ਤਾਜ ਪਹਿਨਿਆ ਤੇ ਨਾ ਹੀ ਕੋਈ ਤਖਤ ਬਣਾਇਆ। ਕਿਉਂ ਜੋ 13 ਅਪ੍ਰੈਲ 1801 ਨੂੰ ਉਨ੍ਹਾਂ ਦੀ ਮਹਾਰਾਜਾ ਪੰਜਾਬ ਦੀ ਰਸਮੀ ਕਾਰਵਾਈ ਕੀਤੀ ਗਈ ਇਸ ਲਈ ਇਸ ਨੂੰ ਅੱਜ ਦੇ ਯੁਗ ਦੀ ਟੈਕਨਾਲੋਜੀ ਅਨੁਸਾਰ ਸਾਨੂੰ ਅੰਗ੍ਰੇਜ਼ੀ ਨਾਲ ਸ਼ਬਦ ਜੋ ਸਾਰੀ ਦੁਨੀਆਂ ਵਿਚ ਪ੍ਰਚਲਿਤ ਹੈ Coronation ਦਿਵਸ ਆਖਣਾ ਪਏਗਾ। ਅਸੀਂ ਇਹ ਦਿਨ ਕਿਉਂ ਮਨਾਉਂਦੇ ਹਾਂ ਕੇਵਲ ਇਸ ਲਈ ਕਿ ਬੀਤੇ ਯੁਗ ਵਿਚ ਹੋਈਆਂ ਘਟਨਾਵਾਂ ਅਤੇ ਸਾਰੇ ਯੋਧਿਆਂ ਦੀਆਂ ਮਾਰੀਆਂ ਮੱਲਾਂ ਇਸ ਪੀੜ੍ਹੀ ਦੇ ਲੋਕਾਂ ਨੂੰ ਖਾਸ ਕਰਕੇ ਯੁਵਕਾਂ ਨੂੰ ਦੱਸ ਸਕੀਏ। ਸਿੱਖ ਕੌਮ ਦੀ ਇਕ ਬਹੁਤ ਵੱਡੀ ਬਦਕਿਸਮਤੀ ਹੈ ਕਿ ਅਸੀਂ ਆਪਣੇ ਕੀਤੇ ਕੰਮਾਂ ਅਤੇ ਆਪਣੀ ਚੜ੍ਹਤ ਨੂੰ ਕਿਸੇ ਪੱਖੋਂ ਗੈਰ ਸਿੱਖਾਂ ਵਿਚ ਦਰਸਾ ਨਹੀਂ ਸਕੇ। ਪਿਛਲੇ ਸਾਲ ਮੈਂ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਜੀ ਨੂੰ ਇਕ ਚਿੱਠੀ ਲਿਖੀ ਤੇ ਉਸ ਵਿਚ ਇਹ ਵਰਣਨ ਕੀਤਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਸ਼ਖਸੀਅਤ ਅਤੇ ਉਸ ਦੇ ਗੁਣਾਂ ਨੂੰ ਭਾਰਤ ਅਤੇ ਵਿਦੇਸ਼ਾਂ ਵਿਚ ਦਰਸਾਇਆ ਜਾਵੇ। ਮੇਰਾ ਮੰਤਵ ਕੇਵਲ ਸਿੱਖ ਰਾਜ ਦੇ ਸੁਨਹਿਰੀ ਕਾਲ ਨੂੰ ਵੱਧ ਤੋਂ ਵੱਧ ਪ੍ਰਚਾਰਨ ਦਾ ਸੀ। ਮੈਂ ਜਦੋਂ ਪ੍ਰਧਾਨ ਮੰਤਰੀ ਜੀ ਨੂੰ ਇਹ ਲਿਖਿਆ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਭਾਰਤ ਦਾ ਆਖਰੀ ਬਾਦਸ਼ਾਹ ਦੀ ਮਾਨਤਾ ਵਜੋਂ ਸਾਰੀ ਇਤਿਹਾਸਕ ਕਿਤਾਬਾਂ ਵਿਚ ਲਿਖਿਆ ਜਾਵੇ ਤੇ ਮੇਰੇ ਇਕ ਸਿੱਖ ਵੀਰ ਜੋ ਕਿਸੇ ਲੰਡਨ ਦੀ ਪਾਰਟੀ ਦੇ ਮੁਖੀ ਹਨ, ਉਨ੍ਹਾਂ ਮੇਰੇ ਵਿਰੁੱਧ ਬਿਆਨ ਦਿੱਤਾ ਕਿ ਤਰਲੋਚਨ ਸਿੰਘ ਬਜਾਏ ਸਿੱਖ ਬਾਦਸ਼ਾਹ ਹੋਣ ਦੇ ਭਾਰਤ ਦਾ ਬਾਦਸ਼ਾਹ ਬਣਾ ਕੇ ਪੰਥਕ ਹਿੱਤ ਦੇ ਉਲਟ ਗੱਲ ਕਰ ਰਿਹਾ ਹੈ। ਇਹੋ ਜਿਹੇ ਵਿਚਾਰ ਧਾਰਨਾ ਵਾਲੇ ਸਿੰਘ ਹਮੇਸ਼ਾ ਚੰਗੇ ਵਿਚਾਰ ਸਮਝਣ ਦੀ ਬਜਾਏ ਆਪਣੀ ਸੌੜੀ ਨੀਤੀ ਨੂੰ ਮੁੱਖ ਰੱਖ ਕੇ ਸਿੱਖੀ ਦਾ ਘਾਣ ਕਰਨ ਤੇ ਤੁਲੇ ਰਹਿੰਦੇ ਹਨ। ਉਸ ਵਕਤ ਮੈਂ ਪ੍ਰਧਾਨ ਮੰਤਰੀ ਜੀ ਨੂੰ ਜੋ ਸ਼ਬਦ ਲਿਖੇ ਉਸ ਵਿਚ ਮੈਨੂੰ ਇਹ ਲਿਖਣਾ ਪਿਆ ਕਿ ਮਹਾਰਾਜਾ ਰਣਜੀਤ ਸਿੰਘ ਦੀ 200 ਸਾਲਾ ਤਾਜਪੋਸ਼ੀ ਦਾ ਦਿਨ ਭਾਰਤ ਸਰਕਾਰ ਵੱਲੋਂ ਅਪ੍ਰੈਲ 2001 ਤੋਂ ਮਨਾਇਆ ਜਾਵੇ। ਮੈਨੂੰ ਪਤਾ ਹੈ ਕਿ ਇਸ ਵਿਚ ਰਾਜ ਦਾ ਲਫ਼ਜ਼ ਕੇਵਲ ਆਪਣਾ ਵਿਚਾਰ ਆਮ ਲੋਕਾਂ ਨੂੰ ਸਮਝਾਉਣ ਸਬੰਧੀ ਹੈ ਕਿਸੇ ਨੇ ਮੈਨੂੰ ਇਹ ਕਿਹਾ ਕਿ ਇਸ ਨੂੰ ਰਾਜ ਗੱਦੀ ਦਿਵਸ ਲਿਖਿਆ ਜਾਵੇ ਪਰ ਗੱਦੀ ਤਾਂ ਹੈ ਹੀ ਨਹੀਂ ਸੀ। ਮਹਾਰਾਜਾ ਰਣਜੀਤ ਸਿੰਘ ਨੇ ਤਾਂ ਗੱਦੀ ਆਪ ਬਣਾਈ। ਮੁਗਲਾਂ ਤੋਂ ਲਾਹੌਰ ਜਿੱਤਿਆ ਤੇ ਸਿੱਖ ਰਾਜ ਦੀ ਸਥਾਪਨਾ ਕੀਤੀ।

ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਨੂੰ ਕੇਵਲ ਇਕ ਪੰਜਾਬੀ ਅਤੇ ਸਿੱਖ ਅਸੂਲਾਂ ਤੇ ਢਾਲਿਆ ਅਤੇ ਭਾਰਤ ਨੂੰ ਇਕ ਤਾਕਤਵਰ ਦੇਸ਼ ਬਣਾਇਆ ਅਤੇ ਇਸ ਦੀਆਂ ਹੱਦਾਂ ਦਰਿਆ ਸਿੰਧ ਤੋਂ ਪਾਰ ਲੰਘ ਕੇ ਪਿਸ਼ਾਵਰ ਵਿਚ ਤੇ ਫਿਰ ਕਾਬਲ ਜਾ ਝੰਡਾ ਗੱਡਿਆ। ਇਤਨਾ ਸ਼ਕਤੀਸ਼ਾਲੀ ਦੇਸ਼ ਆਪਣੇ ਵਕਤ ਘੜਿਆ ਜਿਸ ਨਾਲ ਅੰਗ੍ਰੇਜ਼ ਸਰਕਾਰ ਨੇ ਦੋਸਤੀ ਪਾਈ ਅਤੇ ਰੂਸ ਅਤੇ ਫਰਾਂਸ ਨੇ ਪੂਰਾ ਮਾਣ ਸਤਿਕਾਰ ਦਿੱਤਾ।

1839 ਵਿਚ ਮਹਾਰਾਜਾ ਰਣਜੀਤ ਸਿੰਘ ਜੀ ਪਰਲੋਕ ਸਿਧਾਰੇ ਤੇ ਉਹਨਾਂ ਦੇ ਜਿਉਂਦਿਆਂ ਕਿਸੀ ਦੀ ਜੁਰਅਤ ਨਾ ਹੋਈ ਕਿ ਉਹ ਪੰਜਾਬ ਵੱਲ ਕੌੜੀ ਅੱਖ ਨਾਲ ਵੇਖ ਸਕੇ।

ਮਹਾਰਾਜਾ ਰਣਜੀਤ ਸਿੰਘ ਦੀ ਯਾਦ ਨੂੰ ਅਤੇ ਉਸਦੇ ਰਾਜ ਨੂੰ ਸਭ ਲੋਕਾਂ ਨਾਲ ਪ੍ਰਚਾਰਨ ਲਈ ਪੰਜਾਬ ਸਰਕਾਰ ਨੇ ਉੱਚ ਪੱਧਰੀ ਕਮੇਟੀ ਬਣਾ ਦਿੱਤੀ ਹੈ। ਜਿਸਦੇ ਪ੍ਰਧਾਨ ਸ.

ਪ੍ਰਕਾਸ਼ ਸਿੰਘ ਬਾਦਲ ਆਪ ਹਨ। ਸਾਰੀਆਂ ਰਾਜਸੀਆਂ ਪਾਰਟੀਆਂ ਦੇ ਮੁਖੀ ਇਸ ਵਿਚ ਸ਼ਾਮਿਲ ਸਨ। ਉੱਘੇ ਮੈਂਬਰ ਪਾਰਲੀਮੈਂਟ, ਇਤਿਹਾਸਕਾਰ ਅਤੇ ਹੋਰ ਕਈ ਵਿਅਕਤੀ ਇਸਦੇ ਮੈਂਬਰ ਹਨ। ਸ. ਬਾਦਲ ਨੇ ਬੜੀ ਖੁਲ੍ਹ-ਦਿੱਲੀ ਨਾਲ ਮਹਾਰਾਜਾ ਨੂੰ ਸ਼ਰਧਾਂਜਲੀ ਦੇਣ ਲਈ ਸਾਰੀ ਲੋੜੀਂਦੀ ਰਕਮ ਕਮੇਟੀ ਨੂੰ ਦੇਣ ਦਾ ਐਲਾਨ ਕੀਤਾ ਹੈ। ਹਰ ਨਵੇਂ ਖਿਆਲ ਨੂੰ ਉਹਨਾਂ ਨੇ ਪ੍ਰਵਾਨਗੀ ਦਿੱਤੀ ਹੈ। ਸ਼ਾਇਦ ਪਹਿਲੀ ਵਾਰ ਪੰਜਾਬ ਦੇ ਇਤਿਹਾਸ ਵਿਚ ਸ਼ੇਰੇ-ਪੰਜਾਬ ਲਈ ਪੰਜਾਬੀ ਕੁਝ ਕਰਨ ਜਾ ਰਹੇ ਹਨ। ਜਦੋਂ ਕਮੇਟੀ ਦੀ ਮੀਟਿੰਗ ਬਾਦਲ ਸਾਹਿਬ ਨੇ 27 ਮਾਰਚ ਨੂੰ ਦਿੱਲੀ ਵਿਚ ਕੀਤੀ ਤੇ ਮੈਂ ਉਸ ਵਿਚ ਸ਼ਾਮਲ ਸੀ। ਮੈਨੂੰ ਖੁਸ਼ੀ ਹੈ ਕਿ ਬਾਦਲ ਸਾਹਿਬ ਨੇ ਉਥੇ ਮੇਰੇ ਸੁਝਾਅ ਤੇ ਇਕ ਬਹੁਤ ਵੱਡਾ ਪੁਰਸਕਾਰ ਜਿਸਦਾ ਨਾਂ ਮਹਾਰਾਜਾ ਰਣਜੀਤ ਸਿੰਘ ਐਵਾਰਡ ਰੱਖਿਆ ਗਿਆ ਹੈ, ਪ੍ਰਵਾਨ ਕੀਤਾ ਹੈ। ਇਹ ਅੇਵਾਰਡ ਹਰ ਸਾਲ 13 ਨਵੰਬਰ ਨੂੰ ਜਿਹੜਾ ਕਿ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਦਿਨ ਹੈ, ਵਿਸ਼ਵ ਦੇ ਕਿਸੇ ਇਕ ਵਿਅਕਤੀ ਨੂੰ ਮਿਲੇਗਾ ਜੋ ਹਰ ਪੱਖੋਂ ਆਪਣੇ ਕੰਮਾਂ ਅਨੁਸਾਰ ਇਸਦੇ ਯੋਗ ਹੋਵੇਗਾ। ਇਸਦੀ ਫਲਰਾਸ਼ੀ 25 ਲੱਖ ਰੁਪਏ ਹੋਵੇਗੀ। ਇਹ ਪੰਜਾਬ ਦਾ ਵਡਮੁੱਲਾ ਐਵਾਰਡ ਪੰਜਾਬੀਆਂ ਦੀ ਮਹਾਰਾਜਾ ਪ੍ਰਤੀ ਸਦੀਵੀ ਸ਼ਰਧਾ ਦਾ ਪ੍ਰਤੀਕ ਹੋਵੇਗਾ। ਦੂਸਰਾ ਮੈਂ ਬਾਦਲ ਸਾਹਿਬ ਤੋਂ ਭਾਰਤ ਸਰਕਾਰ ਨੂੰ ਇਕ ਅਪੀਲ ਕਰਵਾਈ ਹੈ ਕਿ ਜਿਵੇਂ ਮਹਾਭਾਰਤ ਨੂੰ ਦਰਸਾਉਣ ਲਈ ਇਕ Panorama ਕੁਰੂਕਸ਼ਤਰ ਵਿਚ ਬਣਿਆ ਗਿਆ ਹੈ, ਉਸੇ ਤਰ੍ਹਾਂ ਦਾ ਹੀ ਇਕ Panorama ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਤੇ ਰਾਮ ਬਾਗ, ਅੰਮ੍ਰਿਤਸਰ ਵਿਖੇ ਬਣਾਇਆ ਜਾਵੇ। ਮਹਾਰਾਜਾ ਰਣਜੀਤ ਸਿੰਘ ਦੇ ਫਰਾਂਸ ਨਾਲ ਸਬੰਧਾਂ ਉੱਤੇ ਜੋ ਕਿਤਾਬ ਛਪੀ ਹੈ ਉਸਦੇ ਲੇਖਕ ਸ੍ਰੀ ਜੇ. ਐਮ. ਲਫੌਂਟ ਵੀ ਇਸ ਮੀਟਿੰਗ ਵਿਚ ਹਾਜਰ ਸਨ। ਇਸ ਵਿਚ ਇਹ ਫੈਸਲਾ ਕੀਤਾ ਗਿਆ ਹੈ ਕਿ ਪੰਜਾਬ ਕਲਚਰਲ ਵਿਭਾਗ ਉਹਨਾਂ ਨਾਲ ਮਿਲਕੇ ਪੰਜਾਬ ਅਤੇ ਫਰਾਂਸ ਦੇ ਸਬੰਧਾਂ ਦੇ ਆਧਾਰ ਤੇ ਇਕ ਨੁਮਾਇਸ਼ ਤਿਆਰ ਕਰੇ ਜੋ ਸਾਰੇ ਪੰਜਾਬ, ਦਿੱਲੀ ਅਤੇ ਪੈਰਿਸ ਵਿਚ ਵੀ ਦਿਖਾਈ ਜਾਵੇ।

ਇਸ ਸਾਰੇ ਵਰ੍ਹੇ ਨੂੰ ਮਨਾਉਣ ਲਈ ਉਲੀਕੇ ਪ੍ਰੋਗਰਾਮ ਅਨੁਸਾਰ ਪਹਿਲੇ ਪ੍ਰੋਗਰਾਮ ਦਾ ਸਿਹਰਾ ਪਟਿਆਲੇ ਨੂੰ ਦਿੱਤਾ ਗਿਆ ਹੈ ਜੋ ਡਾ. ਜਸਬੀਰ ਸਿੰਘ ਆਹਲੂਵਾਲੀਆ, ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਇਕ ਆਲੀਸ਼ਾਨ ਸਮਾਗਮ 13 ਅਪ੍ਰੈਲ ਵਿਸਾਖੀ ਵਾਲੇ ਦਿਨ ਯੂਨੀਵਰਸਿਟੀ ਵਿਚ ਕੀਤਾ ਤੇ ਉਸ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨਗੀ ਕੀਤੀ। ਡਾ. ਆਹਲੂਵਾਲੀਆ ਨੇ ਆਪਣੇ ਅੰਤਰਰਾਸ਼ਟਰੀ ਗਿਆਨ ਅਨੁਸਾਰ ਵਧੀਆ ਕਿਤਾਬਾਂ, ਪਿਕਟੋਰੀਅਲ ਐਲਬਮ ਅਤੇ ਕਈ ਸੈਮੀਨਾਰ ਕਰਨ ਦਾ ਕੰਮ ਉਲੀਕਿਆ ਹੈ। ਏਸੇ ਤਰ੍ਹਾਂ ਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਸ. ਹਰਭਜਨ ਸਿੰਘ ਸੋਚ ਨੇ ਮੀਟਿੰਗ ਵਿਚ ਇਹ ਆਖਿਆ ਕਿ ਜੂਨ ਜਾਂ ਜੁਲਾਈ ਵਿਚ ਯੂਨੀਵਰਸਿਟੀ ਵਿਚ ਨਵਾਂ ਬਣਿਆ ਬਲਾਕ ਮਹਾਰਾਜਾ ਰਣਜੀਤ ਸਿੰਘ ਦੇ ਨਾਂ ਤੇ ਰਖਿਆ ਜਾਏ। ਯੂਨੀਵਰਸਿਟੀ ਵੱਲੋਂ ਅੰਤਰ ਯੂਨੀਵਰਸਿਟੀ ਡਰਾਮਾ ਮੁਕਾਬਲੇ ਕਰਵਾਏ ਜਾਣਗੇ ਅਤੇ ਇਕ ਚੇਅਰ ਮਹਾਰਾਜਾ ਰਣਜੀਤ ਸਿੰਘ ਦੇ ਨਾਂ ਤੇ ਯੂਨੀਵਰਸਿਟੀ ਵਿਚ ਕਾਇਮ ਕੀਤੀ ਜਾਵੇਗੀ। ਪੰਜਾਬ ਸਰਕਾਰ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੇ ਤਿੰਨ ਬੁੱਤ ਤਿਆਰ ਬਣਵਾਏ ਜਾਣਗੇ। ਇਕ ਬੁੱਤ ਪਾਰਲੀਮੈਂਟ, ਦਿੱਲੀ ਦੇ ਪਰਾਂਗਣ ਵਿਚ, ਇਕ ਨਵੇਂ ਬਣੇ ਥੀਂ ਡੈਮ ਦੇ ਉਪਰ ਤੇ ਤੀਜਾ ਰੋਪੜ ਵਿਖੇ ਜਿਥੇ ਮਹਾਰਾਜਾ ਰਣਜੀਤ ਸਿੰਘ ਜੀ ਨੇ ਅੰਗਰੇਜ਼ ਗਵਰਨਰ ਜਨਰਲ ਨਾਲ ਮੁਲਾਕਾਤ ਕੀਤੀ ਸੀ ਲਅਇਆ ਜਾਏਗਾ। ਮਹਾਰਾਜਾ ਰਣਜੀਤ ਸਿੰਘ ਬਾਰੇ ਇਕ ਸੀਰੀਅਲ ਤਾਰਾ ਟੀ.ਵੀ.ਵੱਲੋਂ ਤਿਆਰ ਕਰਵਾਉਣ ਦਾ ਵਿਚਾਰ ਹੈ ਅਤੇ 10

ਮਿੰਟ ਦੀ ਇਕ ਫਿਲਮ ਬਣਾਈ ਗਈ। ਜੋ ਵਿਗਿਆਨ ਭਵਨ ਵਿਚ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਹੇਠ ਹੋਏ ਸਮਾਗਮ ਵਿਚ ਦਿਖਾਈ ਗਈ। ਇਹ ਸਮਾਗਮ 21 ਅਪ੍ਰੈਲ ਨੂੰ ਵਿਗਿਆਨ ਭਵਨ ਵਿਚ ਮਹਾਰਾਜਾ ਰਣਜੀਤ ਸਿੰਘ ਟਰਸਟ ਵੱਲੋਂ ਬਣਾਈ ਗਈ ਕਮੇਟੀ ਜਿਸਦੇ ਸ. ਸੁਖਦੇਵ ਸਿੰਘ ਢੀਂਡਸਾ ਪ੍ਰਧਾਨ ਹਨ, ਕਰਵਾਇਆ ਗਿਆ। ਇਸੇ ਤਰ੍ਹਾਂ ਹੀ ਹੋਰ ਬੜੇ ਪ੍ਰੋਗਰਾਮ ਉਲੀਕੇ ਗਏ ਤੇ ਪੰਜਾਬ ਸਰਕਾਰ ਪੰਜਾਬ ਵਿਚ ਸਮਾਗਮ ਕਰਵਾਏਗੀ। ਦਿੱਲੀ ਦੇ ਸਮਾਗਮ ਨੂੰ ਦੂਰਦਰਸ਼ਨ ਨੇ ਸਾਰੇ ਭਾਰਤ ਵਿਚ ਨਾਲੋਂ ਨਾਲ ਦਿਖਾਇਆ ਕੀਤਾ।

ਅੱਜ ਲੋੜ ਹੈ ਸਾਨੂੰ ਕਿ ਇਸ ਦੂਸਰੀ ਸ਼ਤਾਬਦੀ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੀ ਤਸਵੀਰ ਭਾਰਤ ਦੇ ਲੋਕਾਂ ਨੂੰ ਪਹੁੰਚਾਈ ਜਾਵੇ, ਜਿਥੇ ਵੀ ਸਿੱਖ ਲੰਡਨ, ਅਮਰੀਕਾ ਅਤੇ ਕੈਨੇਡਾ ਵਿਚ ਵਸਦੇ ਹਨ, ਉਥੇ ਵੀ ਪਹੁੰਚਾਇਆ ਜਾਵੇ। ਅੱਜ ਨਵਾਂ ਯੁਗ, ਨਵੀਂ ਮੀਡੀਆ ਟੈਕਨਾਲੋਜੀ ਦਾ ਹੈ ਅਤੇ ਸਾਨੂੰ ਪ੍ਰਚਾਰ ਮਾਧਿਅਮ ਇਸ ਪ੍ਰਕਾਰ ਹੀ ਕਰਨਾ ਚਾਹੀਦਾ ਹੈ। ਅੱਜ ਸੈਕੂਲਰਜ਼ਿਮ ਦੇ ਨਾਂ ਤੇ ਹਰ ਥਾਂ ਜ਼ੋਰ ਹੈ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਇਕੋ ਹੀ ਐਸਾ ਰਾਜ ਸੀ ਜੋ ਸੈਕੂਲਰਜ਼ਿਮ ਦਾ ਸਹੀ ਰੂਪ ਸੀ। ਮਹਾਰਾਜਾ ਰਣਜੀਤ ਸਿੰਘ ਨੇ ਜਿਤਨਾ ਸੋਨਾ ਦਰਬਾਰ ਸਾਹਿਬ ਤੇ ਲਾਇਆ ਉਤਨਾ ਹੀ ਬੈਜਨਾਥ ਮੰਦਿਰ ਅਤੇ ਕਾਸ਼ੀ ਦੇ ਵਿਸ਼ਵਨਾਥ ਮੰਦਿਰ ਨੂੰ ਭੇਜਿਆ ਸੀ। ਲਾਹੌਰ ਕਿਲੇ ਦੇ ਸਾਹਮਣੇ ਸ਼ਾਹੀ ਮਸਜਿਦ ਦੀ ਮੁਰੰਮਤ ਆਪ ਕਾਰਵਾਈ। ਆਪਣੇ ਰਾਜ ਵਿਚ ਕਿਸੇ ਨੂੰ ਫਾਂਸੀ ਨਹੀਂ ਲਗਾਈ। ਪੰਜਾਬ ਨੂੰ ਹਰ ਪੱਖੋਂ ਸੁਖੀ ਵਸਦਾ ਸੁਤੰਤਰ ਦੇਸ਼ ਬਣਾਇਆ। ਜਿਤਨਾ ਵੀ ਅਸੀਂ ਇਸ ਰਾਜ ਦਾ ਪ੍ਰਚਾਰ ਕਰਾਂਗੇ। ਉਤਨਾ ਹੀ ਸਿੱਖਾਂ ਨੂੰ ਇਸਦਾ ਲਾਭ ਹੋਵੇਗਾ। ਵਿਦੇਸ਼ਾਂ ਵਿਚ ਇਸ ਦੇ ਸਮਾਗਮ ਕੀਤੇ ਜਾਣ ਤਾਂ ਜੋ ਉਥੋਂ ਦੇ ਲੋਕ ਵੀ ਇਹ ਜਾਣ ਸਕਣ ਕਿ ਸਿੱਖਾਂ ਦੇ ਰਾਜ ਵਿਚ ਕਿਹੋ ਜਿਹਾ ਵਾਤਾਵਰਣ ਹੁੰਦਾ ਸੀ। ਇਕ ਸਮਾਗਮ ਲੰਡਨ ਵਿਚ 20 ਸਤੰਬਰ ਨੂੰ ਆਯੋਜਿਤ ਹੋਵੇਗਾ ਅਤੇ ਲਾਹੌਰ ਕਿਲੇ ਵਿਚ 20 ਅਕਤੂਬਰ ਨੂੰ ਸਮਾਗਮ ਕਰਨ ਦੀ ਵਿਉਂਤ ਬਣੀ ਹੈ। ਜਿਸ ਵਿਚ ਭਾਰਤ ਸਰਕਾਰ ਤੇ ਪਾਕਿਸਤਾਨ ਸਰਕਾਰ ਦੇ ਸਹਿਯੋਗ ਦੀ ਲੋੜ ਹੈ। ਸੋ ਇਹ ਸਾਰਾ ਕੁਝ ਮੈਂ ਇਸ ਲਈ ਲਿਖ ਰਿਹਾ ਹਾਂ ਤਾਂ ਜੋ ਸਾਰੀਆਂ ਸਿੱਖ ਸੰਸਥਾਵਾਂ ਇਸ ਨੂੰ ਵੇਖਦੇ ਹੋਏ ਇਸ ਜਸ਼ਨ ਨੂੰ ਵਧੇਰੇ ਸੁਚੱਜੇ ਢੰਗ ਨਾਲ ਮਨਾਉਣ ਲਈ ਉਪਰਾਲਾ ਕਰਨ। ਸ. ਸੁਖਦੇਵ ਸਿੰਘ ਢੀਂਡਸਾ ਨੇ ਭਾਰਤ ਸਰਕਾਰ ਤੋਂ ਸਾਰੀ ਮਦਦ ਦਿਵਾਕੇ ਵੱਡਮੁੱਲੀ ਸੇਵਾ ਕੀਤੀ ਹੈ। ਪਹਿਲੀ ਵਾਰ 50 ਸਾਲ ਵਿਚ ਵਿਗਿਆਨ ਭਵਨ ਵਿਚ ਕੋਈ ਸਿੱਖ ਸਮਾਗਮ ਹੋਇਆ ਹੈ। ਸ. ਪ੍ਰਕਾਸ਼ ਸਿੰਘ ਬਾਦਲ ਨੇ ਸਾਲ ਭਰ ਵਿਚ ਪੰਜਾਬ ਸਰਕਾਰ ਤੋਂ ਵੱਧ ਤੋਂ ਵੱਧ ਖਾਲਸਈ ਸ਼ਾਨ ਦਾ ਪ੍ਰਚਾਰ ਕਰਵਾਉਣ ਦਾ ਪ੍ਰਣ ਲਿਆ ਹੈ। ਜਿਤਨਾ ਵੀ ਉਹ ਕਰਨਗੇ ਵਿਸ਼ਵ ਭਰ ਵਿਚ ਉਤਨੀ ਹੀ ਸਿੱਖਾਂ ਦੀ ਪਹਿਚਾਣ ਵਧੇਗੀ। 12 ਅਤੇ 13 ਨਵੰਬਰ ਨੂੰ ਅੰਮ੍ਰਿਤਸਰ ਵਿਚ ਵਿਸ਼ਾਲ ਸਮਾਗਮ ਕੀਤਾ ਜਾਵੇਗਾ। ਲੱਖਾਂ ਪੰਜਾਬੀ ਇਕੱਠੇ ਹੋਣਗੇ। ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਜੀ ਨੂੰ ਪ੍ਰਧਾਨਗੀ ਕਰਨ ਲਈ ਬੇਨਤੀ ਕੀਤੀ ਗਈ ਹੈ।

# ਵਿੱਦਿਆ ਅਤੇ ਖੇਡਾਂ ਦਾ ਚਾਨਣ
# ਮੁਨਾਰਾ-ਪ੍ਰੋ: ਗੁਰਸੇਵਕ ਸਿੰਘ

ਵਿੱਦਿਆ ਤੇ ਖੇਡਾਂ ਦੇ ਖੇਤਰ ਵਿਚ ਪਿਛਲੇ 50 ਸਾਲਾਂ ਤੋਂ ਚਮਕਦੇ ਸਿਤਾਰੇ ਪ੍ਰੋਫੈਸਰ ਗੁਰਸੇਵਕ ਸਿੰਘ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਨਿੱਕੇ ਹੁੰਦੇ ਇਹ ਸੁਣਦੇ ਸਾਂ ਕਿ ਜੋ ਇਸ ਧਰਤੀ ਤੇ ਚਮਕਦੇ ਹਨ ਓਹੋ ਹੀ ਅਸਮਾਨ ਵਿਚ ਤਾਰੇ ਬਣ ਜਾਂਦੇ ਹਨ। ਪ੍ਰੋਫੈਸਰ ਸਾਹਿਬ ਦੀ ਇਥੇ ਇਸ ਜਨਮ ਦੀ ਕਮਾਈ ਉਹਨਾਂ ਨੂੰ ਜ਼ਰੂਰ ਉਥੇ ਵੀ ਉਹਨਾਂ ਦੀ ਲਿਸ਼ਕ ਨੂੰ ਵਧਾਏਗੀ।

ਮੈਂ 1949 ਵਿਚ ਮਹਿੰਦਰਾ ਕਾਲਜ, ਪਟਿਆਲਾ ਵਿਚ ਦਾਖਲ ਹੋਇਆ, ਉਦੋਂ ਉਹ ਉਥੇ ਅੰਗਰੇਜ਼ੀ ਦੇ ਲੈਕਚਰਾਰ ਸਨ। ਉਦੋਂ ਹੀ ਉਹ ਇਕ ਵਿਦਿਆਰਥੀ ਦੋਸਤ ਹੋਣ ਦਾ ਪ੍ਰਭਾਵ ਰੱਖਦੇ ਸਨ। ਸਾਰੇ ਵਿਦਿਆਰਥੀ ਉਹਨਾਂ ਨੂੰ ਆਪਣਾ ਹਮਦਰਦ ਤੇ ਗਾਈਡ ਸਮਝਦੇ ਸਨ। ਉਹ ਹਰ ਸ਼ਾਮ ਗਰਾਊਂਡ ਵਿਚ ਜਾ ਕੇ ਹਾਕੀ ਟੀਮ ਨਾਲ ਹਾਕੀ ਖੇਡਦੇ। ਸ੍ਰ: ਹਰਬੇਲ ਸਿੰਘ ਉਦੋਂ ਹੋਸਟਲ ਮੈਨੇਜਰ ਅਤੇ ਖੇਡਾਂ ਦੇ ਮੁਖੀ ਸਨ। ਉਦੋਂ ਪਤਾ ਲੱਗਾ ਕਿ ਪ੍ਰੋਫੈਸਰ ਗੁਰਸੇਵਕ ਸਿੰਘ ਜਦ ਲਾਹੌਰ ਪੜ੍ਹਦੇ ਸਨ ਤਾਂ ਹਾਕੀ ਦੇ ਨਾਮੀ ਖਿਡਾਰੀ ਹੋਣ ਕਰਕੇ ਭਾਰਤ ਦੀ ਟੀਮ ਜੋ ਅਫਗਾਨਿਸਤਾਨ ਗਈ ਸੀ, ਉਸ ਦੇ ਮੈਂਬਰ ਸਨ। ਇਹ ਰੁਚੀ ਅਤੇ ਹਾਕੀ ਨਾਲ ਪਿਆਰ ਉਹਨਾਂ ਨੇ ਉਮਰ ਭਰ ਕਾਇਮ ਰੱਖਿਆ। ਉਹ ਦੁਨੀਆ ਦੀ ਹਾਕੀ ਫੈਡਰੇਸ਼ਨ ਦੇ ਮੈਂਬਰ ਰਹੇ। ਓਲੰਪਿਕ ਖੇਡਾਂ ਵਿਚ ਹਾਕੀ ਦੇ ਰੈਫਰੀ ਅਤੇ ਟੈਕਨੀਕਲ ਮੈਂਬਰ ਰਹੇ। ਸ਼ਾਇਦ ਇਹ ਇਕੋ ਇਕ ਭਾਰਤੀ ਸਨ ਜੋ 1956 ਵਿਚ ਹੋਈਆਂ ਮੈਲਬੋਰਨ ਓਲੰਪਿਕ ਖੇਡਾਂ ਵਿਚ ਸ਼ਾਮਲ ਹੋਣ ਤੋਂ ਲੈ ਕੇ ਅੱਜ ਤਕ ਜਿਤਨੀਆਂ ਓਲੰਪਿਕਸ ਹੋਈਆਂ, ਉਹਨਾਂ ਵਿਚ ਇਕ ਅਧਿਕਾਰੀ ਵਜੋਂ ਹਿੱਸਾ ਲੈਂਦੇ ਰਹੇ। ਅੱਜ ਕੱਲ ਉਹ ਸਥਾਨਕ ਖੇਡਾਂ ਨੂੰ ਫਰੋਗ਼ ਦੇਣ ਵਾਲੀ ਇੰਟਰਨੈਸ਼ਨਲ ਓਲੰਪਿਕ ਕਮੇਟੀ ਦੀ ਸਬ ਕਮੇਟੀ ਦੇ ਮੈਂਬਰ ਸਨ। 1982 ਵਿਚ ਦਿੱਲੀ 'ਚ ਹੋਈਆਂ ਏਸ਼ੀਆਈ ਖੇਡਾਂ ਵਿਚ ਭਾਰਤੀ ਟੀਮ ਦੇ ਮੁਖੀ ਹੋਣ ਦਾ ਮਾਣ ਇਹਨਾਂ ਨੂੰ ਪ੍ਰਾਪਤ ਸੀ। ਇੰਡੀਅਨ ਓਲੰਪਿਕ ਐਸੋਸੀਏਸ਼ਨ ਨਾਲ 50 ਸਾਲ ਐਗਜ਼ੇਕਟਿਵ ਕਮੇਟੀ ਮੈਂਬਰ ਵਜੋਂ ਜੁੜੇ ਰਹੇ। ਉਹ ਪੈਪਸੂ ਹਾਕੀ ਐਸੋਸੀਏਸ਼ਨ ਦੇ ਪ੍ਰਧਾਨ ਸਨ। ਉਹ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਵਾਲੇ ਸਿਰਮੌਰ ਵਿਅਕਤੀ ਸਨ। ਰਾਜਾ ਭਾਲਿੰਦਰ ਸਿੰਘ ਜੀ ਨਾਲ ਉਹਨਾਂ ਦਾ ਖਾਸ ਸਨੇਹ ਸੀ। ਜਦ ਉਹ ਪਟਿਆਲਾ ਰਿਆਸਤ ਵਿਚ ਲੈਕਚਰਾਰ ਲੱਗੇ ਤਾਂ ਰਾਜਾ ਸਾਹਿਬ ਉਦੋਂ ਇਸ ਮਹਿਕਮੇ ਦੇ ਵਜ਼ੀਰ ਸਨ। ਐਸਾ ਸਬੱਬ ਜੁੜਿਆ ਕਿ ਉਹ ਉਹਨਾਂ ਦੇ ਸਭ ਤੋਂ ਨੇੜੇ ਦੇ ਦੋਸਤ ਰਹੇ। ਰਾਜਾ ਰਣਧੀਰ ਸਿੰਘ ਤਾਂ ਪ੍ਰੋਫੈਸਰ ਸਾਹਿਬ ਦਾ ਇਕ ਸੂਝਵਾਨ ਵਾਂਗੂੰ ਵੱਡੇ ਸਤਿਕਾਰ ਕਰਦੇ ਰਹੇ।

ਸ੍ਰ: ਗੁਰਸੇਵਕ ਸਿੰਘ ਨੂੰ ਕਾਲਜ ਪੜ੍ਹਦਿਆਂ ਹੀ ਸਿੱਖ ਸਿਆਸਤ ਨਾਲ ਰੁਚੀ ਹੋ ਗਈ। ਸਿੱਖ ਸਟੂਡੈਂਟਸ ਫੈਡਰੇਸ਼ਨ ਜਦੋਂ ਲਾਹੌਰ ਬਣੀ ਤਾਂ ਇਹ ਉਸਦੇ ਮੋਢੀਆਂ ਵਿਚੋਂ ਸਨ। ਉਦੋਂ ਹੀ ਸਿੱਖ ਲੀਡਰਾਂ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਜਥੇਦਾਰ ਪ੍ਰੀਤਮ

ਸਿੰਘ ਗੁਜਰਾਂ ਨਾਲ ਨੇੜਤਾ ਹੋਈ। ਮਹਾਰਾਜਾ ਯਾਦਵਿੰਦਰ ਸਿੰਘ ਉਹਨਾਂ ਦੇ ਹਮੇਸ਼ਾ ਪ੍ਰਸੰਸਕ ਰਹੇ ਤੇ ਉਹਨਾਂ ਨਾਲ ਬੜੇ ਨੇੜੇ ਦੇ ਸੰਬੰਧ ਰੱਖੇ। ਸ: ਗਿਆਨ ਸਿੰਘ ਰਾੜੇਵਾਲਾ ਤਾਂ ਇਹਨਾਂ ਦੇ ਵੱਡੇ ਕਦਰਦਾਨ ਸਨ। ਪੈਪਸੂ ਦੇ ਲੀਡਰ ਸ: ਦਾਰਾ ਸਿੰਘ, ਸ: ਅਛਰਾ ਸਿੰਘ ਐਡਵੋਕੇਟ, ਸ: ਕਰਤਾਰ ਸਿੰਘ ਐਡਵੋਕੇਟ ਤੇ ਸ: ਕਰਤਾਰ ਸਿੰਘ ਦੀਵਾਨਾ ਇਹਨਾਂ ਤੋਂ ਸਲਾਹ ਲੈਂਦੇ ਸਨ। ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਤਾਂ ਪ੍ਰੋਫੈਸਰ ਸਾਹਿਬ ਨੂੰ ਆਪਣੇ ਨਿੱਜੀ ਸਲਾਹਕਾਰ ਵਜੋਂ ਮੰਨਿਆ ਹੋਇਆ ਸੀ। ਇਹ ਰਿਸ਼ਤਾ ਉਹਨਾਂ ਅਖੀਰ ਤਕ ਕਾਇਮ ਰੱਖਿਆ।

ਇਹ ਸਭ ਕੁਝ ਹੁੰਦਿਆਂ ਉਹ ਕਦੇ ਵੀ ਸਿਆਸਤ ਵਿਚ ਨਾ ਆਏ। ਸਾਰੀ ਨੌਕਰੀ ਵਿਚ ਇਕ ਸੱਚੇ ਸੁੱਚੇ ਦਿਆਨਤਦਾਰ ਅਫਸਰ ਵਜੋਂ ਆਪਣੀ ਹਰ ਪਦਵੀ ਤੇ ਰਹੇ। ਪ੍ਰੋਫੈਸਰ ਤੋਂ ਪ੍ਰਿੰਸੀਪਲ ਬਣੇ ਅਤੇ ਗੌਰਮਿੰਟ ਕਾਲਜ, ਬਠਿੰਡਾ, ਰੋਪੜ, ਸੰਗਰੂਰ ਅਤੇ ਮਹਿੰਦਰਾ ਕਾਲਜ, ਪਟਿਆਲਾ ਵਿਖੇ ਰਹਿਕੇ ਬੜਾ ਨਾਂ ਕਮਾਇਆ। 1978 ਵਿਚ ਡੀ.ਪੀ.ਆਈ ਕਾਲਜ ਪੰਜਾਬ ਸਰਕਾਰ ਬਣੇ। ਫਿਰ ਪੰਜਾਬੀ ਯੂਨੀਵਰਸਿਟੀ ਪਟਿਆਲੇ ਦੇ ਵਾਈਸ ਚਾਂਸਲਰ ਬਣੇ ਪਰ ਕੀ ਮਜਾਲ ਕਿਸੇ ਪਦਵੀ ਤੇ ਉਹਨਾਂ ਧਾਰਮਿਕ ਪੱਖ-ਪਾਤ ਜਾਂ ਜ਼ਾਤ ਦੇ ਨਾਂ ਤੇ ਜਾਂ ਆਪਣੇ ਜ਼ਾਤੀ ਰਾਜਸੀ ਖਿਆਲਾਂ ਨੂੰ ਮੁੱਖ ਰੱਖਕੇ ਕੋਈ ਫੈਸਲਾ ਕੀਤਾ ਹੋਵੇ। ਇਕ ਚਾਨਣ ਮੁਨਾਰੇ ਵਾਂਗੂ ਹਰ ਥਾਂ ਕੰਮ ਕੀਤਾ।

ਜੀਵਨ ਵਿਚ ਕਈ ਘਟਨਾਵਾਂ ਐਸੀਆਂ ਆਉਂਦੀਆਂ ਹਨ ਕਿ ਇਨਸਾਨ ਸੋਚ ਵੀ ਨਹੀਂ ਸਕਦਾ ਕਿ ਇਹ ਕਿਉਂ ਵਾਪਰਿਆ? 1954 ਦੀ 26 ਦਸੰਬਰ ਨੂੰ ਪੰਡਤ ਜਵਾਹਰ ਲਾਲ ਨਹਿਰੂ ਜੀ ਫਤਹਿਗੜ੍ਹ ਸਾਹਿਬ ਦੇ ਜੋੜ ਮੇਲੇ ਤੇ ਕਾਂਗਰਸ ਲੀਡਰਾਂ ਦੇ ਹੱਕ ਵਿਚ ਭਾਸ਼ਣ ਦੇਣ ਲਈ ਉਥੇ ਪੁੱਜੇ। ਮਾਸਟਰ ਤਾਰਾ ਸਿੰਘ ਜੀ ਨੇ ਉਹਨਾਂ ਨੂੰ ਉਥੇ ਨਾ ਬੋਲਣ ਦੇਣ ਦਾ ਐਲਾਨ ਕਰ ਦਿੱਤਾ। ਬੜਾ ਝਗੜਾ ਹੋਇਆ। ਸਿੱਖ ਨੌਜਵਾਨਾਂ ਨੇ ਬਾਵਜੂਦ ਪੁਲਿਸ ਤਸ਼ੱਦਦ ਦੇ ਪੰਡਤ ਜੀ ਨੂੰ ਬਿਨਾਂ ਬੋਲੇ ਉਥੋਂ ਵਾਪਸ ਕਰ ਦਿੱਤਾ। ਸਰਕਾਰ ਦੀ ਬੜੀ ਹੇਠੀ ਹੋਈ। ਸਾਰੇ ਦੇਸ਼ ਵਿਚ ਅਖਬਾਰਾਂ ਦੀਆਂ ਸੁਰਖੀਆਂ ਛਪ ਗਈਆਂ। ਸਰਕਾਰ ਨੇ ਤੁਰੰਤ ਇਕ ਫਤਹਿਗੜ੍ਹ ਸਾਜਸ਼ ਕੇਸ ਦਰਜ ਕਰਕੇ 9 ਵਿਅਕਤੀ ਗ੍ਰਿਫਤਾਰ ਕਰ ਲਏ। ਅਚੰਭਾ ਇਹ ਕਿ ਉਹਨਾਂ ਵਿਚ ਪ੍ਰੋਫੈਸਰ ਗੁਰਸੇਵਕ ਸਿੰਘ ਵੀ ਧਰ ਲਏ ਗਏ। ਬਾਕੀ ਸਨ, ਸ: ਆਤਮਾ ਸਿੰਘ ਐਮ. ਐਲ. ਏ, ਸ: ਗੁਰਦਿਆਲ ਸਿੰਘ ਐਮ.ਐਲ.ਏ, ਬੱਸੀ, ਜਥੇਦਾਰ ਬਚਿੱਤਰ ਸਿੰਘ ਦੋਰਾਹਾ, ਗਿਆਨੀ ਮੋਹਰ ਸਿੰਘ ਰੰਗ, ਸ: ਗੁਰਬਖ਼ਸ਼ ਸਿੰਘ ਬੇਦੀ, ਸ: ਅਮਰਜੀਤ ਸਿੰਘ (ਕੋਆਪਰੇਟਿਵ ਵਾਲੇ) ਸ: ਜਗਦੀਪ ਸਿੰਘ ਕੰਗ ਅਤੇ ਸ. ਤਰਲੋਚਨ ਸਿੰਘ ਮੈਨੂੰ ਇਸ ਗੱਲ ਦੀ ਬੜੀ ਹੈਰਾਨੀ ਹੈ ਕਿ ਪ੍ਰੋਫੈਸਰ ਸਾਹਿਬ ਤੇ ਸ: ਅਮਰਜੀਤ ਸਿੰਘ ਤਾਂ ਕਿਧਰੇ ਨੇੜੇ ਤੇੜੇ ਵੀ ਨਹੀਂ ਸਨ। ਇਹਨਾਂ ਤੇ ਝੂਠਾ ਕੇਸ ਪਾਇਆ ਕਿਉਂ ਗਿਆ? ਸਾਨੂੰ 36 ਦਿਨ ਬੱਸੀ ਪਠਾਣਾਂ ਦੀ ਟੁੱਟੀ ਪੁਰਾਣੀ ਜੇਲ ਵਿਚ ਬੇੜੀਆਂ ਪਾ ਕੇ ਰੱਖਿਆ ਗਿਆ। ਉਸ ਵਕਤ ਮੈਨੂੰ ਇਹਨਾਂ ਦੀ ਦ੍ਰਿੜਤਾ, ਗੁਰੂ ਦਾ ਵਿਸ਼ਵਾਸ਼ ਤੇ ਗੁਰਬਾਣੀ ਦੇ ਅਧਿਐਨ ਬਾਰੇ ਚਾਨਣਾ ਹੋਇਆ। ਇਹ ਰੋਜ਼ ਸਾਨੂੰ ਲੈਕਚਰ ਕਰਦੇ। ਸਾਰਾ ਸਿੱਖ ਇਤਿਹਾਸ ਸਮਝਾਉਂਦੇ ਅਤੇ ਗੁਰਬਾਣੀ ਦੀ ਕਥਾ ਸੁਣਾਉਂਦੇ। ਇਕ ਵਾਰੀ ਨਾ ਆਪ ਡੋਲੇ ਤੇ ਸਾਨੂੰ ਵੀ ਚੜ੍ਹਦੀਕਲਾ ਵਿਚ ਰੱਖਿਆ। ਲੰਮੇ ਮੁਕੱਦਮੇ ਪਿਛੋਂ ਸਜ਼ਾ ਵੀ ਹੋ ਗਈ। ਮੁਕਦਮੇ ਦੇ ਦਿਨਾਂ ਵਿਚ ਅਨਾਰਦਾਨਾ ਚੌਂਕ ਦੇ ਨੇੜੇ ਇਕ ਕੋਚਿੰਗ ਸਕੂਲ ਖੋਲ੍ਹ ਲਿਆ। ਵਿਦਿਆਰਥੀਆਂ ਦੀ ਗਿਣਤੀ ਬਹੁਤ ਹੋ ਗਈ। ਇਹਨਾਂ ਨਾਲ ਪ੍ਰੋਫੈਸਰ ਜੋਗਿੰਦਰ ਕੌਸ਼ਲ ਵੀ ਸਨ। ਆਪਣਾ ਗੁਜ਼ਾਰਾ ਕਰਦੇ। ਜੇਲ੍ਹ ਜਾਣ ਤੋਂ ਥੋੜ੍ਹਾ ਚਿਰ ਪਹਿਲਾਂ ਹੀ ਇਹਨਾਂ ਦਾ ਵਿਆਹ ਆਪਣੀ ਮਨਪਸੰਦ ਸਰਦਾਰਨੀ ਹਰਬੰਸ ਕੌਰ ਜੀ ਨਾਲ

ਹੋਇਆ ਜੋ ਉਹਨਾਂ ਦੇ ਮੁਹੱਲੇ ਵਿਚ ਹੀ ਰਹਿੰਦੇ ਸਨ। ਗਿਆਨੀ ਕਰਤਾਰ ਸਿੰਘ ਤੇ ਸ: ਰਾੜੇਵਾਲਾ ਦੀ ਹਿੰਮਤ ਨਾਲ ਪੈਪਸੂ ਟੁੱਟਣ ਸਮੇਂ ਫਤਹਿਗੜ੍ਹ ਕੇਸ ਦੇ ਮੁਲਜ਼ਮਾਂ ਦੀ ਸਜ਼ਾ ਮੁਆਫ਼ ਹੋਈ ਤੇ ਪ੍ਰੋਫੈਸਰ ਸਾਹਿਬ ਨੂੰ ਦੁਬਾਰਾ ਕਾਲਜ ਵਿਚ ਲੱਗਣ ਦਾ ਮੌਕਾ ਮਿਲ ਗਿਆ।

ਮੈਨੂੰ ਕਈ ਵਾਰੀ ਇਹਨਾਂ ਨਾਲ ਵਿਦੇਸ਼ਾਂ ਵਿਚ ਖੇਡਾਂ ਕਰਕੇ ਜਾਣ ਦਾ ਅਵਸਰ ਮਿਲਿਆ ਹੈ। ਇਹ ਜਿਥੇ ਜਾਂਦੇ ਇਹਨਾਂ ਦਾ ਕੋਈ ਨਾ ਕੋਈ ਵਿਦਿਆਰਥੀ ਆ ਮਿਲਦਾ। ਵਿਸ਼ਵ ਭਰ ਵਿਚ ਇਹਨਾਂ ਦੇ ਨਾਂ ਦੀ ਧਾਂਕ ਮੈਂ ਆਪ ਵੇਖੀ ਹੈ। ਹਰ ਪਾਸੇ ਇਹ ਸਤਿਕਾਰੇ ਜਾਂਦੇ ਸਨ। ਗੁਰਦੁਆਰੇ ਜ਼ਰੂਰ ਜਾਣਾ ਤੇ ਉਥੇ ਗੁਰਬਾਣੀ ਬਾਰੇ ਬੋਲਣਾ, ਇਹਨਾਂ ਦੇ ਪ੍ਰੋਗਰਾਮ ਵਿਚ ਸ਼ਾਮਲ ਹੁੰਦੇ। ਆਪਣੇ ਇਕੋ ਇਕ ਪੁੱਤਰ ਡਾ. ਮਨਮੋਹਨ ਸਿੰਘ ਨੂੰ ਨਾ ਸਿਰਫ ਇਕ ਪੂਰਾ ਡਾਕਟਰ ਹੀ ਨਹੀਂ ਸਗੋਂ ਇਕ ਚੰਗਾ ਸਿੱਖ ਵੀ ਬਣਾਇਆ। ਉਸ ਨੂੰ ਖੇਡਾਂ ਵਿਚ ਵੀ ਉਤਸ਼ਾਹਿਤ ਕੀਤਾ ਅੱਜ ਉਹ ਭਾਰਤ ਦੀ ਖੇਡ ਸੰਸਥਾ ਦੀ ਮੈਡੀਕਲ ਕਮੇਟੀ ਦਾ ਮੁਖੀ ਹੈ।

ਸਾਰੀ ਉਮਰ ਬਿਮਾਰੀ ਰਹਿਤ ਤੇ ਖੁਰਾਕ ਨੂੰ ਮਾਪ ਤੋਲ ਕੇ ਖਾਣ ਵਾਲੇ ਪ੍ਰੋਫੈਸਰ ਸਾਹਿਬ ਨੂੰ ਅਖੀਰ ਦਿਲ ਦੀ ਬਿਮਾਰੀ ਨੇ ਇਥੋਂ ਲਿਜਾਣ ਦਾ ਬਹਾਨਾ ਲੱਭ ਲਿਆ। ਪੁੱਤਰ ਆਪ ਦਿਲ ਦਾ ਉਚ ਕੋਟੀ ਦਾ ਡਾਕਟਰ ਹੋਵੇ ਪਰ ਰੱਬ ਦੇ ਹੁਕਮ ਅੱਗੇ ਕੋਈ ਵਾਹ ਨਾ ਚੱਲੀ ਤੇ ਇਹ "ਸਾਜਣ ਮੈਂਡੇ ਰੰਗਲੇ" 10 ਫਰਵਰੀ ਦੀ ਸਵੇਰ ਨੂੰ ਇਹ ਸਰੀਰ ਛੱਡ ਗਏ। " ਗੁਰਮੁਖ ਜਨਮ ਸਵਾਰ ਦਰਗਾਹਿ ਚਲਿਆ" ਮੈਨੂੰ ਯਕੀਨ ਹੈ ਕਿ ਉਥੇ ਉਹ "ਸਚਾ ਪਿੜ ਮਲਿਆ" ਦੇ ਵਾਕ ਅਨੁਸਾਰ ਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ ਹਨ।

ਅੱਜ ਮੈਂ ਉਹਨਾਂ ਦਾ ਇਕ ਵਿਦਿਆਰਥੀ ਅਤੇ ਸ਼ਰਧਾਵਾਨ ਉਹਨਾਂ ਦੇ ਸਾਰੇ ਪ੍ਰਸੰਸਕਾਂ ਵੱਲੋਂ ਉਹਨਾਂ ਨੂੰ ਦਿਲੋਂ ਸ਼ਰਧਾਂਜ਼ਲੀ ਦਿੰਦਾ ਹੋਇਆ ਉਮੀਦ ਕਰਦਾ ਹਾਂ ਕਿ ਉਹਨਾਂ ਦੇ ਸਿਖਲਾਏ ਹੋਏ ਸ਼ਬਦ ਸਾਨੂੰ ਹਮੇਸ਼ਾ ਠੀਕ ਸੇਧ ਦਿੰਦੇ ਰਹਿਣਗੇ।

(6-3-05)

# ਸਾਰਾਗੜ੍ਹੀ ਦੀ ਵੀਰਗਾਥਾ

ਕੌਮਾਂ ਸਦਾ ਆਪਣੇ ਵਿਰਸੇ ਨੂੰ ਯਾਦ ਕਰਕੇ ਹੀ ਜਿਉਂਦੀਆਂ ਹਨ। ਮਾਵਾਂ ਜੰਮਦੇ ਬੱਚਿਆਂ ਨੂੰ ਆਪਣੇ ਸੂਰਬੀਰਾਂ ਦੀਆਂ ਗਾਥਾਵਾਂ ਸੁਣਾਉਂਦੀਆਂ ਹਨ। ਲੋਕ-ਗੀਤਾਂ ਵਿਚ ਸੂਰਮਿਆਂ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ। ਜਦ ਇਤਿਹਾਸ ਲਿਖਣ ਦਾ ਰਿਵਾਜ ਜਾਂ ਸਾਧਨ ਨਹੀਂ ਸੀ, ਇਹੋ ਲੋਕ-ਗਥਾਵਾਂ ਹੀ ਯਾਦ ਰੱਖ ਕੇ ਪੀੜ੍ਹੀ ਦਰ-ਪੀੜ੍ਹੀ ਅੱਗੇ ਪਹੁੰਚਾਈਆਂ ਜਾਂਦੀਆਂ ਸਨ। ਵੈਸੇ ਤਾਂ ਸਿੱਖ ਆਪ ਇਤਿਹਾਸ ਲਿਖਣ ਬਾਰੇ ਘੱਟ ਹੀ ਤਰਦੱਦ ਕਰਦੇ ਹਨ ਭਾਵੇਂ ਇਤਿਹਾਸ ਰਚਨ ਵਿਚ ਵਧੇਰੇ ਹਿੱਸਾ ਜ਼ਰੂਰ ਪਾਉਂਦੇ ਹਨ। ਆਓ ਅੱਜ ਸਾਰੀ ਕੌਮ ਨੂੰ ਇਕ ਐਸੀ ਘਟਨਾ ਦੀ ਯਾਦ ਕਰਵਾ ਦੇਈਏ ਕਿ ਤੁਹਾਡੇ ਯੋਧਿਆਂ ਨੇ ਕੀ ਮੱਲਾਂ ਮਾਰੀਆਂ ਹਨ।

ਅੱਜ ਤੋਂ ਠੀਕ 100 ਸਾਲ ਪਹਿਲਾਂ ਇਕ ਐਸੀ ਲੜਾਈ ਹੋਈ ਸੀ ਜੋ ਅੱਜ ਵੀ ਬੇਮਿਸਾਲ ਹੈ। ਇਹ ਲੜਾਈ 36 ਸਿੱਖ ਰੈਜਮੈਂਟ ਨੇ ਦੂਰ ਕਬਾਇਲੀ ਇਲਾਕੇ ਵਿਚ ਸਾਰਾਗੜ੍ਹੀ ਦੀ ਪਹਾੜੀ 'ਤੇ ਲੜੀ ਸੀ ਜੋ 12 ਸਤੰਬਰ, 1897 ਨੂੰ ਮੁੱਠੀ ਭਰ ਸਿੱਖ ਫੌਜੀਆਂ ਅਤੇ ਹਜ਼ਾਰਾਂ ਕਬਾਇਲੀਆਂ ਵਿਚਕਾਰ ਹੋਈ ਸੀ।

1957 ਵਿਚ ਪਹਿਲੀ ਨੌਕਰੀ ਲੱਗਣ ਤੇ ਫਿਰੋਜ਼ਪੁਰ ਵਿਚ ਮੇਰੀ ਨਿਯੁਕਤੀ ਹੋਈ। ਉਥੇ ਮੇਰੀ ਕੋਠੀ ਦੇ ਨੇੜੇ ਇਕ ਗੁਰਦੁਆਰਾ ਝੋਕ ਰੋਡ 'ਤੇ ਬਣਿਆ ਹੋਇਆ ਸੀ। ਉਸ ਦੇ ਬਾਹਰ ਬੋਰਡ ਲੱਗਾ ਹੋਇਆ ਹੈ ਕਿ ਇਹ ਸਾਰਾਗੜ੍ਹੀ ਦੇ ਬਹਾਦਰ ਸ਼ਹੀਦ ਫੌਜੀਆਂ ਦੀ ਯਾਦ ਵਿਚ ਬਣਾਇਆ ਗਿਆ ਹੈ। ਕੁਝ ਮਹੀਨੇ ਪਿਛੋਂ ਉਥੇ ਇਕ ਬੜਾ ਵੱਡਾ ਸਮਾਗਮ ਹੋਇਆ ਸੀ। ਜਨਰਲ ਕੁਲਵੰਤ ਸਿੰਘ ਨੇ ਪ੍ਰਧਾਨਗੀ ਕੀਤੀ ਸੀ। ਫੌਜ ਦੀ ਸਲਾਮੀ ਪਿਛੋਂ ਜਨਰਲ ਕੁਲਵੰਤ ਸਿੰਘ ਨੇ ਸਾਰਾਗੜ੍ਹੀ ਬਾਰੇ ਬੜੇ ਵਧੀਆਂ ਸ਼ਬਦਾਂ ਵਿਚ ਦੱਸਦਿਆਂ ਸਿੱਖ ਫੌਜੀਆਂ ਦੀ ਬਹਾਦਰੀ ਦਾ ਵਰਨਣ ਕੀਤਾ ਸੀ। ਉਹਨਾਂ ਕਿਹਾ ਸੀ ਕਿ ਫੌਜੀ ਦੀ ਪਛਾਣ ਆਪਣੇ ਕਰਤੱਵ ਰਾਹੀਂ ਹੁੰਦੀ ਹੈ, ਦੂਜਾ ਲੜਾਈ ਦੀ ਮਹੱਤਤਾ ਜਵਾਨਾਂ ਦੀ ਬਹਾਦਰੀ ਨਾਲ ਨਾਪੀ ਜਾਂਦੀ ਹੈ। ਮੈਨੂੰ ਉਹ ਸਾਰਾ ਬਿਆਨ ਅੱਜ ਵੀ ਯਾਦ ਹੈ।

1849 ਵਿਚ ਅੰਗਰੇਜ਼ਾਂ ਦਾ ਪੰਜਾਬ ਵਿਚ ਰਾਜ ਹੋ ਗਿਆ। ਥੋੜ੍ਹੇ ਚਿਰ ਪਿੱਛੋਂ ਸਿੱਖ ਫੌਜੀਆਂ ਨੂੰ ਦੁਬਾਰਾ ਭਰਤੀ ਕਰ ਲਿਆ ਗਿਆ। ਅੰਗਰੇਜ਼ ਬੜਾ ਸਿਆਣਾ ਸੀ। ਉਸ ਨੂੰ ਸਿੱਖਾਂ ਦੀ ਬਹਾਦਰੀ ਦਾ ਪਤਾ ਲੱਗ ਚੁੱਕਾ ਸੀ।

ਅੰਗਰੇਜ਼ ਨੇ ਆਪਣੇ ਅਫਗਾਨਿਸਤਾਨ ਨਾਲ ਲੱਗਦੇ ਇਲਾਕੇ ਵਿਚ ਸੁਰੱਖਿਆ ਚੌਕੀਆਂ ਬਣਾ ਲਈਆਂ, ਫਰੰਟੀਅਰ ਦੇ ਇਲਾਕੇ ਵਿਚ ਬੜੇ ਕਬੀਲੇ ਸਨ ਜੋ ਕਦੇ ਵੀ ਕਿਸੇ ਦੇ ਅਧੀਨ ਨਹੀਂ ਰਹੇ ਸਨ। ਇਹ ਪਹਾੜੀ ਇਲਾਕਾ ਸੀ ਤੇ ਕਠਿਨ ਵੀ। ਖਾਸ ਪਹਾੜੀਆਂ 'ਤੇ ਨਿੱਕੇ-ਨਿੱਕੇ ਕਿਲ੍ਹੇ ਜਾਂ ਗੜ੍ਹੀਆਂ ਬਣਾਈਆਂ ਗਈਆਂ। ਉਨ੍ਹਾਂ ਵਿਚ ਹੀ ਸਾਰਾਗੜ੍ਹੀ ਦੀ ਚੌਕੀ ਸੀ। ਇਸ ਵਿਚ ਕੇਵਲ 20 ਫੌਜੀ ਸਨ ਜੋ ਸਾਰੇ ਸਿੱਖ ਸਨ।

ਉਨ੍ਹਾਂ ਦਿਨਾਂ ਵਿਚ ਟੈਲੀਫੋਨ ਜਾਂ ਹੋਰ ਐਸੀ ਸਹੂਲਤ ਨਹੀਂ ਸੀ। ਫੌਜੀ ਸੁਨੇਹੇ ਦੇਣ

ਲਈ ਇਕ ਵੱਖਰਾ ਸਿਗਨਲ ਯੂਨਿਟ ਹੁੰਦਾ ਸੀ। ਉਹਨਾਂ ਕੋਲ ਹੱਥ ਵਿਚ ਝੰਡੀਆਂ ਹੁੰਦੀਆਂ ਸਨ। ਉਹਨਾਂ ਨੂੰ ਹਿਲਾ ਕੇ ਅੰਗਰੇਜ਼ੀ ਦੇ ਲਫਜ਼ ਬਣਾਉਂਦੇ ਸਨ। ਇਨਾਂ ਰਾਹੀਂ ਇਕ ਗੜ੍ਹੀ ਤੱਕ ਫੌਜੀ ਸੁਨੇਹੇ ਭੇਜੇ ਜਾਂਦੇ ਸਨ। ਫੌਜੀ ਇਹ ਕੰਮ ਬੜੀ ਹੀ ਤੇਜ਼ੀ ਨਾਲ ਕਰਦੇ ਸਨ। ਸਾਰਾਗੜ੍ਹੀ ਦੀ ਯੂਨਿਟ ਵਿਚ ਇਕ ਸਿਗਨਲਰ ਸ੍ਰ: ਗੁਰਮੁਖ ਸਿੰਘ ਸੀ। ਸਿਗਨਲ ਭੇਜਣ ਵਾਲੇ ਜੰਤਰ ਨੂੰ ਹੈਲੀਓਗ੍ਰਾਫ ਆਖਦੇ ਸਨ।

ਸਾਰਾਗੜ੍ਹੀ ਦੇ ਨੇੜੇ ਇਕ ਵੱਡੀ ਫੌਜੀ ਯੂਨਿਟ ਲਾਕਹਰਟ ਸੀ ਜਿਸ ਨਾਲ ਇਹ ਜੁੜੀ ਹੋਈ ਸੀ। ਇਹ ਗੜ੍ਹੀ ਇਕ ਛੋਟੀ ਪਹਾੜੀ 'ਤੇ ਸੀ ਤੇ ਇਸ ਤੋਂ ਚਾਰੇ ਪਾਸੇ ਇਲਾਕਾ ਸਾਫ ਨਜ਼ਰ ਆਉਂਦਾ ਸੀ।

27 ਅਗਸਤ ਤੋਂ 8 ਸਤੰਬਰ, 1897 ਨੂੰ ਵਿਚਕਾਰ ਓਰਾਕਜਾਈ ਕਬੀਲੇ ਦੇ ਲੋਕਾਂ ਨੇ ਗੁਲਿਸਤਾਨ ਕਿਲ੍ਹੇ 'ਤੇ ਹਮਲਾ ਕੀਤਾ। ਇਥੇ ਵੀ 36 ਸਿੱਖ (ਹੁਣ 4 ਸਿੱਖ) ਰਜਮੈਂਟ ਸੀ। ਇਥੇ ਹਮਲਾ ਕਾਮਯਾਬ ਨਾ ਹੋਇਆ। ਥੋੜੇ ਦਿਨਾਂ ਵਿਚ ਅਫਰੀਦੀ ਕਬੀਲੇ ਨਾਲ ਮਿਲ ਕੇ ਸਮਾਨਾ ਚੌਂਕੀ 'ਤੇ ਹਮਲਾ ਕੀਤਾ ਗਿਆ। ਸਿੱਖ ਫੌਜੀਆਂ ਨੇ ਚਾਰ ਹਮਲੇ ਪਛਾੜ ਦਿੱਤੇ। ਫਿਰ ਲੋਕਹਾਰਟ ਕਿਲ੍ਹਾ ਜੋ ਇਸ ਇਲਾਕੇ ਦਾ ਮੁੱਖ ਸੈਂਟਰ ਸੀ। ਉਥੇ ਵੀ ਹੱਲਾ ਹੋਇਆ ਪਰ ਨਾਕਾਮ ਰਿਹਾ। ਇਸ ਤੋਂ ਬਾਅਦ ਸਾਰੇ ਕਬੀਲੇ ਇਕੱਠੇ ਹੋ ਗਏ। ਦੋ ਦਿਨਾਂ ਤੱਕ ਉਨ੍ਹਾਂ ਸਾਰੇ ਇਲਾਕੇ ਵਿਚੋਂ ਮੁੜ-ਧਾੜ ਇਕੱਠੀ ਕੀਤੀ। ਉਨ੍ਹਾਂ ਨੇ ਇਕਮੁੱਠ ਹੋ ਕੇ ਸਾਰਾਗੜ੍ਹੀ ਦੀ ਚੌਂਕੀ 'ਤੇ ਹਮਲਾ ਕਰ ਦਿੱਤਾ।

ਇਹ ਹਮਲਾ ਸਵੇਰੇ 12 ਸਤੰਬਰ, 1897 ਨੂੰ ਕੀਤਾ ਗਿਆ। ਗੜ੍ਹੀ ਚਾਰੇ ਪਾਸੇ ਤੋਂ ਘੇਰ ਲਈ ਗਈ। ਉਸ ਵਕਤ ਗੜ੍ਹੀ ਵਿਚ 36 ਸਿੱਖ ਰੈਜਮੈਂਟ ਦੇ ਕੇਵਲ 21 ਜਵਾਨ ਸਨ। ਉਨ੍ਹਾਂ ਨੇ ਆਪਣੇ ਸਿਗਨਲਰ ਸ੍ਰ: ਗੁਰਮੁਖ ਸਿੰਘ ਰਾਹੀਂ ਫੌਜ ਦੇ ਕਮਾਂਡਰ ਜੋ ਲੋਕਹਾਰਟ ਕਿਲ੍ਹੇ ਵਿਚ ਸੀ, ਨੂੰ ਸਾਰੀ ਰਿਪੋਰਟ ਦੇ ਦਿੱਤੀ। ਸਾਰੇ ਬਹਾਦਰ ਸਿੰਘਾਂ ਨੇ ਆਪਣੇ ਆਪ ਨੂੰ 20000 ਤੋਂ ਵੱਧ ਕਬਾਇਲੀਆਂ ਵਿਚ ਘਿਰੇ ਵੇਖ ਕੇ ਕੋਈ ਘਬਰਾਹਟ ਨਹੀਂ ਵਿਖਾਈ। ਅਰਦਾਸਾ ਸੋਧ ਕੇ ਆਪਣੇ ਗੁਰੂ ਤੋਂ ਆਪਣੀ ਡਿਊਟੀ ਨਿਭਾਉਂਦਿਆਂ ਦੁਸ਼ਮਣ ਨਾਲ ਮੁਕਾਬਲਾ ਕਰਨ ਦੀ ਆਗਿਆ ਲਈ। ਜੈਕਾਰੇ ਗੂੰਜਾਏ ਗਏ। ਫਿਰ ਉਨ੍ਹਾਂ ਗੜ੍ਹੀ 'ਚੋਂ ਬੰਦੂਕਾਂ ਰਾਹੀਂ ਆਪਣੇ ਦੁਸ਼ਮਣ 'ਤੇ ਜਵਾਬੀ ਹਮਲਾ ਕੀਤਾ। ਗੜ੍ਹੀ ਨੂੰ ਬਾਹਰੋਂ ਕੋਈ ਮਦਦ ਨਹੀਂ ਸੀ ਆ ਸਕਦੀ। ਕਬਾਇਲੀਆਂ ਨੇ ਚਾਰੇ ਪਾਸੇ ਤੋਂ ਅੱਗਾਂ ਲਾ ਕੇ ਧੂੰਆਂ ਕਰ ਦਿੱਤਾ। ਸੈਂਕੜੇ ਕਬਾਇਲੀਆਂ ਨੂੰ ਸਿੱਖ ਫੌਜੀਆਂ ਨੇ ਮਾਰ ਮੁਕਾਇਆ। ਅਗਲੀਆਂ ਕਤਾਰਾਂ ਦੀਆਂ ਲੋਥਾਂ ਵਿਛਾ ਦਿੱਤੀਆਂ। ਦੁਪਹਿਰ ਤੱਕ 21 ਵਿਚੋਂ 15 ਸਿੱਖ ਲੜਦੇ ਜਾਨਾਂ ਵਾਰ ਚੁੱਕੇ ਸਨ। ਦੁਪਹਿਰ ਪਿੱਛੋਂ 2 ਕਬਾਇਲੀ ਗੜ੍ਹੀ ਦੀ ਦੀਵਾਰ ਤੋੜ ਕੇ ਅੰਦਰ ਵੜ ਗਏ। ਉਨ੍ਹਾਂ ਨਾਲ ਹੋਰ ਕਈ ਵੀ ਪਿੱਛੇ-ਪਿੱਛੇ ਆ ਰਹੇ ਸਨ। ਸਿੰਘਾਂ ਨੇ ਬੰਦੂਕਾਂ ਦੀਆਂ ਸੰਗੀਨਾਂ ਨਾਲ ਮੁਕਾਬਲਾ ਕੀਤਾ। ਦਰਜਨਾਂ ਕਬਾਇਲੀਆਂ ਨੂੰ ਮਾਰ ਕੇ ਉਹ ਲੜਦੇ ਹੋਏ ਸ਼ਹੀਦ ਹੋ ਗਏ।

ਅਖੀਰ ਵਿਚ ਕੇਵਲ 2 ਸਿੱਖ ਫੌਜੀ ਰਹਿ ਗਏ। ਮੁਖੀ ਈਸ਼ਰ ਸਿੰਘ ਅਤੇ ਸਿਗਨਲਰ ਗੁਰਮੁਖ ਸਿੰਘ ਜੋ ਲਗਾਤਾਰ ਹੁਣ ਤੱਕ ਸਾਰੀ ਰਿਪੋਰਟ ਭੇਜ ਰਹੇ ਸਨ। ਸ੍ਰ: ਈਸ਼ਰ ਸਿੰਘ ਨੇ ਜੈਕਾਰਾ ਬੋਲ ਕੇ ਗਾਰਡ ਰੂਮ 'ਚੋਂ ਨਿਕਲ ਕੇ ਮੁਕਾਬਲਾ ਕੀਤਾ। ਇਕੱਲੇ ਨੇ ਇਕ ਦਰਜਨ ਕਬਾਇਲੀ ਮਾਰੇ। ਪ੍ਰਾਣ ਤਿਆਗਣ ਤੋਂ ਪਹਿਲਾਂ ਅਖੀਰਲਾ ਸਿੰਘ ਸੀ ਸ੍ਰ: ਗੁਰਮੁੱਖ ਸਿੰਘ। ਉਸ ਨੇ ਅਖੀਰਲੀ ਝੰਡੀ ਹਿਲਾ ਕੇ ਸੁਨੇਹਾ ਦਿੱਤਾ ਕਿ ਸਾਰੇ ਆਪਣੀ ਡਿਊਟੀ ਨਿਭਾਉਂਦੇ ਮਰ ਗਏ ਹਨ ਤੇ ਹੁਣ ਉਹ ਆਪਣੀ ਝੰਡੀ ਰੱਖ ਰਿਹਾ ਹੈ ਤੇ ਬੰਦੂਕ ਉਠਾ ਕੇ ਲੜਨ ਜਾ ਰਿਹਾ

ਹੈ। ਇਕੱਲਾ ਜੈਕਾਰਾ ਗਜਾਉਂਦਾ ਹੋਇਆ ਦੁਸ਼ਮਣਾਂ 'ਤੇ ਟੁੱਟ ਪਿਆ। ਕਈਆਂ ਨੂੰ ਮਾਰਦਾ ਆਪ ਪਰਲੋਕ ਸਿਧਾਰ ਗਿਆ। ਕਬਾਇਲੀ ਅੰਦਰ ਆ ਗਏ ਤੇ ਗੁੱਸੇ ਵਿਚ ਭਰੇ ਹੋਏ ਆਪਣੇ ਨੁਕਸਾਨ ਨੂੰ ਵੇਖਦੇ ਸਾਰੀ ਗੜ੍ਹੀ ਨੂੰ ਅੱਗ ਲਾ ਕੇ ਸਾੜ ਦਿੱਤਾ। ਇਸ ਤਰ੍ਹਾਂ ਇਨ੍ਹਾਂ ਸਿੰਘਾਂ ਦਾ ਸਸਕਾਰ ਵੀ ਹੋ ਗਿਆ। ਕਬਾਇਲੀਆਂ ਨੇ ਪਿਛੋਂ ਆਪ ਮੰਨਿਆ ਕਿ ਅਖੀਰਲੇ ਸਿੰਘ ਨੇ 21 ਕਬਾਇਲੀ ਮਾਰੇ ਸਨ।

ਅੰਗਰੇਜ਼ ਕਮਾਂਡਰ ਨੇ ਸਾਰੀ ਲੜਾਈ ਦੀ ਰਿਪੋਰਟ ਦਿੱਲੀ ਤੇ ਲੰਡਨ ਭੇਜੀ। ਇਤਿਹਾਸ ਵਿਚ ਸ਼ਾਇਦ ਪਹਿਲੀ ਵਾਰ ਹੋਇਆ ਹੈ ਕਿ ਬਰਤਾਨੀਆ ਸਰਕਾਰ ਦੀ ਪਾਰਲੀਮੈਂਟ ਦੇ ਦੋਵੇਂ ਸਦਨਾਂ; ਹਾਊਸ ਆਫ ਕਾਮਨਜ਼ ਤੇ ਹਾਊਸ ਆਫ ਲਾਡਰਜ਼ ਨੇ ਖੜ੍ਹੇ ਹੋ ਕੇ ਸਿੱਖ ਫੌਜੀਆਂ ਦੀ ਬਹਾਦਰੀ ਨੂੰ ਸਨਮਾਨ ਦਿੱਤਾ। ਸਾਰੇ 21 ਫੌਜੀਆਂ ਨੂੰ Indian Order of Merit (ਇੰਡੀਅਨ ਆਰਡਰ ਆਫ ਮੈਰਿਟ) ਨਾਲ ਸਨਮਾਨਿਤ ਕੀਤਾ ਗਿਆ। ਇਹ ਬਹਾਦਰੀ ਦਾ ਮੈਡਲ ਵਿਕਟੋਰੀਆ ਕਰਾਸ ਦੇ ਬਰਾਬਰ ਦਾ ਸੀ। (ਵਿਕਟੋਰੀਆ ਕਰਾਸ ਭਾਰਤੀਆਂ ਨੂੰ 1911 ਪਿਛੋਂ ਦੇਣ ਦਾ ਫੈਸਲਾ ਹੋਇਆ) ਦੁਨੀਆਂ ਦੇ ਇਤਿਹਾਸ ਵਿਚ ਪਹਿਲਾਂ ਅਵਸਰ ਹੈ ਕਿ ਸਾਰੀ ਫੌਜ ਦੀ ਟੁਕੜੀ ਨੂੰ ਏਨਾ ਵੱਡਾ ਇਨਾਮ ਮਿਲਿਆ ਹੋਵੇ। ਵਰਨਾ ਕੇਵਲ ਇਕ ਜਾਂ ਦੋ ਨੂੰ ਮਿਲਦਾ ਹੈ।

ਯੂਨੈਸਕੋ ਨੇ ਇਕ ਕਿਤਾਬ ਛਾਪੀ ਹੈ ਜਿਸ ਵਿਚ ਵਿਸ਼ਵ ਇਤਿਹਾਸ ਵਿਚ 6 ਉੱਚ-ਕੋਟੀ ਦੀਆਂ ਬਹਾਦਰੀ ਦਿਖਾਉਣ ਵਾਲੀਆਂ ਲੜਾਈਆਂ ਦਾ ਵਰਨਣ ਹੈ ਜਿਵੇਂ ਕਿ ਮਿਸਰ, ਯੂਨਾਨ ਤੇ ਪਰਸ਼ੀਆ ਦੀ ਥਰਮਾਪਲੀ ਦੀ ਲੜਾਈ ਆਦਿ। ਇਨ੍ਹਾਂ 6 ਲੜਾਈਆਂ ਵਿਚ ਸਾਰਾਗੜ੍ਹੀ ਦੀ ਲੜਾਈ ਦਰਜ ਹੈ। ਫਰਾਂਸ ਵਿਚ ਇਹ ਸਕੂਲਾਂ ਦੇ ਕੋਰਸ ਵਿਚ ਪੜ੍ਹਾਈ ਜਾਂਦੀ ਹੈ। ਜੰਗ ਬਾਰੇ ਜੋ ਵੀ ਕਿਤਾਬ ਛਪੀ ਹੈ ਉਸ ਵਿਚ ਇਸ ਦਾ ਵਰਨਣ ਕੀਤਾ ਜਾਂਦਾ ਹੈ। ਸਾਰਾਗੜ੍ਹੀ ਦੇ ਸੂਰਬੀਰ ਸਿੱਖ ਫੌਜੀਆਂ ਨੇ ਆਪਣੇ ਖ਼ੂਨ ਨਾਲ ਇਤਿਹਾਸ ਲਿਖ ਕੇ ਆਪਣੇ ਵਿਰਸੇ ਨੂੰ ਮੁੜ ਉਜਾਗਰ ਕੀਤਾ। ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਛਕਾਉਣ ਸਮੇਂ ਦੇ ਸੰਦੇਸ਼ "ਸਵਾ ਲਾਖ ਸੇ ਏਕ ਲੜਾਊ" ਨੂੰ ਸੱਚ ਕੀਤਾ। ਉਹ ਸਾਰੇ ਸੰਸਾਰ ਵਿਚ ਆਪਣਾ ਤੇ ਆਪਣੀ ਕੌਮ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖ ਗਏ।

ਘੱਟੋ-ਘੱਟ ਪੰਜਾਬ ਸਰਕਾਰ ਤਾਂ ਆਪਣੇ ਸਕੂਲਾਂ ਵਿਚ ਪੜ੍ਹਾਈਆਂ ਜਾਣ ਵਾਲੀਆਂ ਕਿਤਾਬਾਂ ਵਿਚ ਇਸ ਲੜਾਈ ਨੂੰ ਪਾਏ।

ਇੰਗਲੈਂਡ ਵਸਦੇ ਸਿੱਖਾਂ ਨੂੰ ਇਸ ਇਤਿਹਾਸਕ ਲੜਾਈ ਬਾਰੇ ਸਾਰੇ ਲੰਡਨ ਵਿਚ ਕੋਈ ਯਾਦਗਾਰ ਬਨਾਉਣ ਦਾ ਉਪਰਾਲਾ ਕਰਨਾ ਚਾਹੀਦਾ ਹੈ। ਇਹ ਉਹਨਾਂ ਸੂਰਬੀਰਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

(12-09-1992)

# ਇਹੋ ਜਿਹੇ ਸਨ ਸ੍ਰ. ਦਲਬੀਰ ਸਿੰਘ ਜੀ

ਮੈਨੂੰ ਕੱਲ ਵਾਂਗੂ ਯਾਦ ਹੈ 1951 ਵਿਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਕੈਂਪ ਪਾਉਂਟਾ ਸਾਹਿਬ ਵਿਖੇ ਲਗਾਇਆ ਗਿਆ ਤੇ ਉਸਦੇ ਵਿਚ ਮੈਂ ਮਹਿੰਦਰਾ ਕਾਲਜ ਪਟਿਆਲਾ ਦੇ ਗਰੁੱਪ ਵਿਚ ਸ਼ਾਮਲ ਹੋ ਕੇ ਟਰੇਨਿੰਗ ਪ੍ਰਾਪਤ ਕੀਤੀ ਸੀ। ਪਹਿਲੀ ਵਾਰ ਉਥੇ ਸ੍ਰ. ਦਲਬੀਰ ਸਿੰਘ ਜੋ ਉਸ ਵਕਤ ਦੇਹਰਾਦੂਨ ਬਰਾਂਚ ਦੇ ਪ੍ਰਧਾਨ ਸਨ, ਨਾਲ ਮੁਲਾਕਾਤ ਹੋਈ। ਇਹ ਦੇਹਰਾਦੂਨ ਤੋਂ ਆਪਣੀ ਇਕ ਵੱਡੀ ਕਾਰ ਵਿਚ ਆਉਂਦੇ ਤੇ ਦਰਿਆ ਜਮਨਾ ਦੇ ਪਰਲੇ ਪਾਸੇ ਤੋਂ ਇਕ ਬੇੜੀ ਵਿਚ ਬੈਠ ਕੇ ਗੁਰਦੁਆਰੇ ਵਾਲੇ ਪਾਸੇ ਕੈਂਪ ਵਿਚ ਆਉਂਦੇ। ਹੰਸੂ-ਹੰਸੂ ਕਰਦਾ ਚਿਹਰਾ, ਹਰੇਕ ਨਾਲ ਮਿੱਠਾ ਬੋਲਣਾ, ਹਰੇਕ ਨੂੰ ਦੋਸਤ ਬਣਾ ਲੈਣਾ ਤੇ ਹਰੇਕ ਨੂੰ ਦੇਹਰਾਦੂਨ ਆਉਣ ਦਾ ਨਿਮੰਤਰਣ ਦੇਣਾ, ਇਹ ਇਹਨਾਂ ਦਾ ਵਿਵਹਾਰ ਸੀ। ਸ੍ਰ. ਸਰੂਪ ਸਿੰਘ ਤੇ ਉਹਨਾਂ ਦੀ ਪਤਨੀ ਇਨ੍ਹਾਂ ਕੋਲ ਹੀ ਦੇਹਰਾਦੂਨ ਰਹਿੰਦੇ ਸਨ। 1951 ਤੋਂ ਇਨ੍ਹਾਂ ਨਾਲ ਮੇਰੀ ਬੜੀ ਨੇੜਤਾ ਹਰ ਸਾਲ ਵਧਦੀ ਰਹੀ ਤੇ ਜਦੋਂ ਇਹ ਦੇਹਰਾਦੂਨ ਛੱਡ ਕੇ ਅੰਮ੍ਰਿਤਸਰ ਆ ਵਸੇ ਤੇ ਸੁੱਕੇ ਮੇਵਿਆਂ ਦਾ ਥੋਕ ਵਿਉਪਾਰ ਆਰੰਭ ਕੀਤਾ ਤਾਂ ਇਹ ਹੌਲੀ-ਹੌਲੀ ਸਾਰੇ ਪੰਜਾਬ ਦੀ ਇਕ ਹਰਮਨ ਪਿਆਰੀ ਸ਼ਖਸੀਅਤ ਵਜੋਂ ਉਭਰ ਕੇ ਸਾਡੇ ਸਾਹਮਣੇ ਆਏ। ਕੁਝ ਸਾਲਾਂ ਵਿਚ ਹੀ ਸ੍ਰ. ਦਲਬੀਰ ਸਿੰਘ ਚੀਫ ਖਾਲਸਾ ਦੀਵਾਨ ਨਾਲ ਐਸੇ ਜੁੜੇ ਕਿ ਇਸ ਨਾਂ ਨਾਲ ਹੀ ਇਹਨਾਂ ਦੀ ਪਹਿਚਾਣ ਹੋਣ ਲੱਗੀ। ਸਾਲਾਂ ਬੱਧੀ ਇਨ੍ਹਾਂ ਨੇ ਆਪਣੀ ਅਣਥੱਕ ਮਿਹਨਤ ਨਾਲ ਸਿੱਖ ਵਿਦਿਅਕ ਖੇਤਰ ਵਿਚ ਮਹਾਨ ਕੰਮ ਕੀਤੇ। ਹਰ ਸਾਲ ਸਿੱਖ ਐਜੂਕੇਸ਼ਨ ਕਾਨਫਰੰਸ ਕਰਵਾਉਣੀ। ਸਾਰੇ ਭਾਰਤ ਦੇ ਸਿੱਖ ਵਿੱਦਿਅਕ ਅਦਾਰਿਆਂ ਨੂੰ ਇਕੱਠੇ ਕਰਨਾ, ਇਹਨਾਂ ਦੇ ਯਤਨਾਂ ਵਿਚ ਸ਼ਾਮਲ ਸੀ। ਮੈਨੂੰ ਯਾਦ ਹੈ ਇਕ ਕਾਨਫਰੰਸ ਇਨ੍ਹਾਂ ਨੇ 1975 ਵਿਚ ਅੰਮ੍ਰਿਤਸਰ, ਰਾਮ ਬਾਗ ਵਿਚ ਕਰਵਾਈ ਸੀ। ਉਹ ਇਕ ਸ਼ਹਾਨਾ ਇਕੱਠ ਸੀ ਜਿਸਦੀ ਚਰਚਾ ਅੱਜ ਵੀ ਸਾਰੇ ਸਿੱਖ ਜਗਤ ਵਿਚ ਹੁੰਦੀ ਹੈ। ਇਤਨੀ ਵੱਡੀ ਨੁਮਾਇਸ਼, ਇਤਨਾ ਵੱਡਾ ਕੀਰਤਨ ਦਰਬਾਰ ਅਤੇ ਇਕ ਦਿਲ ਖਿੱਚਵਾਂ ਜਲੂਸ ਉਸ ਕਾਨਫੰਰਸ ਦੇ ਹਿੱਸੇ ਸਨ।

ਸ੍ਰ. ਦਲਬੀਰ ਸਿੰਘ 1972 ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟ ਦੇ ਮੈਂਬਰ ਤੇ ਫਿਰ ਸਿੰਡੀਕੇਟ ਦੇ ਮੈਂਬਰ ਆਪਣੇ ਜੀਵਨ ਦੇ ਅੰਤ ਤਕ ਬਣੇ ਰਹੇ। ਇਹਨਾਂ ਨੇ ਖਾਲਸਾ ਕਾਲਜ ਅੰਮ੍ਰਿਤਸਰ ਪ੍ਰਬੰਧਕ ਕਮੇਟੀ ਵਿਚ ਸ੍ਰ. ਸੁਰਜੀਤ ਸਿੰਘ ਮਜੀਠੇ ਨਾਲ ਮਿਲ ਕੇ ਬੜੀ ਸੇਵਾ ਕੀਤੀ। ਸ੍ਰ. ਕ੍ਰਿਪਾਲ ਸਿੰਘ ਤੇ ਸ੍ਰ. ਭਾਗ ਸਿੰਘ ਅਣਖੀ ਨਾਲ ਰਹਿ ਕੇ ਇਨ੍ਹਾਂ ਨੇ ਹਮੇਸ਼ਾ ਸਿੱਖੀ ਸ਼ਾਨ ਨੂੰ ਉੱਚਾ ਕਰਨ ਲਈ ਉਪਰਾਲੇ ਕੀਤੇ। ਨਿੱਕੇ-ਮੋਟੇ ਮਤਭੇਦ ਇਨਸਾਨੀ ਫਿਤਰਤ ਵਿਚ ਆਉਂਦੇ ਹਨ ਪਰ ਕਮਾਲ ਹੈ ਕਿ ਸ੍ਰ. ਦਲਬੀਰ ਸਿੰਘ ਦੀ ਕਿ ਉਹਨਾਂ ਇਕ ਐਸਾ ਨਿਸ਼ਾਨਾ ਮਿੱਥਿਆ ਕਿ ਉਹ ਸਿਆਸਤ ਦੇ ਨੇੜੇ ਹੁੰਦਿਆਂ ਵੀ ਇਸਦੇ ਵਿਚ ਫਸੇ ਨਹੀਂ। ਹਰ ਪੰਜਾਬ ਦਾ ਮੁੱਖ ਮੰਤਰੀ ਇਨ੍ਹਾਂ ਦਾ ਪ੍ਰਸ਼ੰਸਕ ਸੀ। ਗਿਆਨੀ ਜ਼ੈਲ ਸਿੰਘ ਨਾਲ ਤਾਂ ਇਕ ਅਨੋਖੀ ਨੇੜਤਾ ਸੀ। ਬੜੇ ਘੱਟ ਐਸੇ ਖੁਸ਼ਨਸੀਬ ਹੋਣਗੇ ਜਿਨ੍ਹਾਂ ਦੇ ਲੜਕੇ ਜਾਂ ਲੜਕੀ

ਦੇ ਵਿਆਹ ਦੀ ਖੁਸ਼ੀ ਵਿਚ Wedding Reception ਰਾਸ਼ਟਰਪਤੀ ਭਵਨ ਵਿਚ ਹੋਈ ਹੋਵੇ। ਇਹ ਮਾਣ ਸ੍ਰ. ਦਲਬੀਰ ਸਿੰਘ ਨੂੰ ਹੀ ਮਿਲਿਆ ਹੈ। ਜਦ ਉਹਨਾਂ ਦੇ ਲੜਕੇ ਸ੍ਰ. ਗੁਣਬੀਰ ਸਿੰਘ ਦੀ ਸ਼ਾਦੀ ਸ੍ਰ. ਅਵਤਾਰ ਸਿੰਘ ਆਟੋਪਿਨ ਦੀ ਸਪੁੱਤਰੀ ਕਿਰਨਦੀਪ ਕੌਰ ਨਾਲ ਦਿੱਲੀ ਵਿਚ ਹੋਈ।

ਸਾਰੇ ਦਿੱਲੀ ਦੇ ਅਖਬਾਰਾਂ ਦੇ ਐਡੀਟਰ ਤੇ ਪੱਤਰਕਾਰ ਇਹ ਸਮੁੱਚੀ ਰਾਏ ਰੱਖਦੇ ਹਨ ਕਿ ਉਹਨਾਂ ਦਾ ਸਦੀਵੀ ਮਹਿਮਾਨ ਨਵਾਜ਼ ਸ੍ਰ. ਦਲਬੀਰ ਸਿੰਘ ਹੁਣ ਨਹੀਂ ਰਿਹਾ। ਜੋ ਵੀ ਪੱਤਰਕਾਰ ਚਾਹੇ ਭਾਰਤ ਤੋਂ ਚਾਹੇ ਵਿਦੇਸ਼ ਤੋਂ ਅੰਮ੍ਰਿਤਸਰ ਆਉਂਦਾ ਸੀ ਉਸਦਾ ਅੰਮ੍ਰਿਤਸਰ ਫੇਰੀ ਦਾ ਪ੍ਰਬੰਧ ਸ੍ਰ. ਦਲਬੀਰ ਸਿੰਘ ਦੇ ਜ਼ਿੰਮੇ ਪਾ ਦਿੱਤਾ ਜਾਂਦਾ। ਪਿਛਲੇ ਮਹੀਨੇ ਸ੍ਰੀ ਸ਼ੇਖਰ ਗੁਪਤਾ, ਚੀਫ ਐਡੀਟਰ, ਇੰਡੀਅਨ ਐਕਸਪ੍ਰੈਸ ਨੇ ਆਪਣੇ ਇਕ ਲੇਖ ਵਿਚ ਇਹ ਸ਼ਬਦ ਲਿਖੇ ਕਿ "ਸ੍ਰ. ਦਲਬੀਰ ਸਿੰਘ ਸਮੁੱਚੇ ਅੰਮ੍ਰਿਤਸਰ ਦੇ ਬਾਹਰਲੀ ਦੁਨੀਆਂ ਵਿਚ ਐਮਬੈਸਡਰ ਸਨ। ਉਹ ਹਮੇਸ਼ਾ ਅੰਮ੍ਰਿਤਸਰ ਦੇ ਵਿਕਾਸ ਤੇ ਇਸਦੀ ਚੜ੍ਹਤ ਬਾਰੇ ਉਪਰਾਲਾ ਕਰਦੇ ਰਹਿੰਦੇ ਸਨ।" 1984 ਵਿਚ ਵੀ ਦੁਖਦਾਈ ਘਟਨਾ ਸਮੇਂ ਜਦ ਦਰਬਾਰ ਸਾਹਿਬ ਤੇ ਫੌਜ ਦਾ ਹਮਲਾ ਹੋਇਆ ਤੇ ਸ੍ਰ. ਦਲਬੀਰ ਸਿੰਘ ਵੀ ਤੜਪਿਆ ਤੇ ਇਸ ਨੇ ਆਪਣੀ ਪੂਰੀ ਵਾਹ ਲਾ ਕੇ ਦੁਨੀਆ ਭਰ ਵਿਚ ਇਸ ਅਨਿਆ ਦੇ ਖ਼ਿਲਾਫ ਆਵਾਜ਼ ਉਠਾਈ।

ਸ੍ਰ. ਦਲਬੀਰ ਸਿੰਘ ਇਕ ਕਾਮਯਾਬ ਉਦਯੋਗਪਤੀ ਸੀ ਅਤੇ ਉਹਨਾਂ ਨੇ ਗਰਮ ਕਪੜਾ ਬਨਾਉਣ ਦੇ ਵਿਚ ਵੀ ਬੜੀ ਕਾਮਯਾਬੀ ਪ੍ਰਾਪਤ ਕੀਤੀ। ਸ੍ਰ. ਦਲਬੀਰ ਸਿੰਘ ਦੀ ਹਿੰਮਤ ਦਾ ਸਦਕਾ ਅੰਮ੍ਰਿਤਸਰ ਦੇ ਵੱਡੇ-ਵੱਡੇ ਕਾਰਖਾਨੇਦਾਰਾਂ ਨੂੰ ਪੰਜਾਬ ਸਰਕਾਰ ਤੋਂ ਸਹੂਲਤਾਂ ਦਿਵਾਈਆਂ ਅਤੇ ਇੰਡਸਟਰੀ ਨੂੰ ਅੰਮ੍ਰਿਤਸਰ ਵਿਚ ਕਾਇਮ ਰੱਖਣ ਦੇ ਪੂਰੇ ਯਤਨ ਕੀਤੇ।

ਸ੍ਰ. ਦਲਬੀਰ ਸਿੰਘ ਨੂੰ ਇਹ ਮਾਣ ਹੈ ਕਿ ਜਦ ਪਿਸ਼ਾਵਰ (ਪਾਕਿਸਤਾਨ) ਵਿਚ ਸਕੂਲ ਪੜ੍ਹਦੇ ਸਨ ਤੇ ਡਾ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਅਤੇ ਉਹਨਾਂ ਦੇ ਜਮਾਤੀ ਸਨ। ਪਰ ਕਦੇ ਵੀ ਸ੍ਰ. ਦਲਬੀਰ ਸਿੰਘ ਨੇ ਇਸ ਨੇੜਤਾ ਦਾ ਕੋਈ ਨਿੱਜੀ ਲਾਭ ਨਹੀਂ ਉਠਾਇਆ।

ਅੰਮ੍ਰਿਤਸਰ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਸੰਤ ਸਿੰਘ, ਸੁਖਾ ਸਿੰਘ ਹਾਇਰ ਸੈਕੰਡਰੀ ਸਕੂਲ ਦੇ ਪ੍ਰਧਾਨ ਵਜੋਂ ਸ੍ਰ. ਦਲਬੀਰ ਸਿੰਘ ਨੇ ਬੜੀ ਸੇਵਾ ਕੀਤੀ। ਸਕੂਲ ਦੀ ਨਵੀਂ ਬਿਲਡਿੰਗ ਦੀ ਉਸਾਰੀ, ਲੜਕੀਆਂ ਲਈ ਨਵਾਂ ਕਾਲਜ, ਅੱਜ ਉਹਨਾਂ ਦੇ ਕੀਤੇ ਕੰਮਾਂ ਦੀਆਂ ਤਸਵੀਰਾਂ ਹਨ। ਪ੍ਰਿੰਸੀਪਲ ਸ੍ਰ. ਜਗਦੀਸ਼ ਸਿੰਘ ਜੋ ਅੱਜ ਇਸ ਸੰਸਥਾ ਦੇ ਡਾਇਰੈਕਟਰ ਹਨ, ਸ੍ਰ. ਦਲਬੀਰ ਸਿੰਘ ਦੇ ਮੋਢੇ ਨਾਲ ਮੋਢਾ ਲਾ ਕੇ ਸੰਸਥਾ ਦੀ ਸੇਵਾ ਵਿਚ ਲੱਗੇ ਸਨ। ਸ੍ਰ. ਦਲਬੀਰ ਸਿੰਘ ਦੀ ਇਕ ਹੋਰ ਬੜੀ ਵੱਡੀ ਸੇਵਾ ਜੋ ਇਤਿਹਾਸਕ ਹੈ ਉਸਨੂੰ ਵੀ ਮੈਂ ਯਾਦ ਕਰਦਾ ਹਾਂ, ਉਹ ਹੈ ਸਿੰਘ ਸਾਹਿਬ ਯੋਗੀ ਹਰਭਜਨ ਸਿੰਘ ਜੀ ਵੱਲੋਂ ਛੇਹਰਟਾ ਸਾਹਿਬ ਦੇ ਵਿਖੇ ਮੀਰੀ-ਪੀਰੀ ਅਕੈਡਮੀ ਦੀ ਸਥਾਪਨਾ। ਯੋਗੀ ਜੀ ਨੇ ਅਮਰੀਕਨ ਬੱਚਿਆਂ ਨੂੰ ਭਾਰਤੀ ਵਿਦਿਆ ਦੇਣ ਲਈ ਤੇ ਸਿੱਖੀ ਵਿਚ ਪ੍ਰਪੱਕ ਕਰਨ ਲਈ ਇਹ ਅਕੈਡਮੀ 5 ਸਾਲ ਪਹਿਲਾਂ ਆਰੰਭ ਕੀਤੀ। ਸ੍ਰ. ਦਲਬੀਰ ਸਿੰਘ ਨੂੰ ਇਸ ਅਕੈਡਮੀ ਦੇ ਟਰਸਟ ਦਾ ਪ੍ਰਧਾਨ ਬਣਾਇਆ। ਪਹਿਲੇ ਸਾਰੇ ਅਮਰੀਕਨ ਬੱਚੇ ਐਸ.ਐਸ.ਐਸ.ਐਸ. ਹਾਈ ਸਕੂਲ ਵਿਚ ਰਹੇ ਅਤੇ ਪਿੱਛੋਂ ਇਹ ਅਕੈਡਮੀ ਵਿਚ ਪੁੱਜੇ। ਸ੍ਰ. ਦਲਬੀਰ ਸਿੰਘ, ਯੋਗੀ ਜੀ ਦੀ ਫੇਰੀ ਸਮੇਂ ਵੱਧ ਤੋਂ ਵੱਧ ਉਤਸਾਹ ਨਾਲ ਪ੍ਰੋਗਰਾਮ ਉਲੀਕਦੇ ਤੇ ਯੋਗੀ ਜੀ ਦੇ ਕੀਤੇ ਕੰਮਾਂ ਨੂੰ ਦਰਸਾਉਂਦੇ। ਯੋਗੀ ਜੀ ਨੇ ਸ੍ਰ.

ਦਲਬੀਰ ਸਿੰਘ ਦੇ ਨਾਂ ਤੇ ਕੁਝ ਮਹੀਨੇ ਪਹਿਲਾਂ ਇਕ ਅਦੁੱਤੀ ਸਮਾਗਮ ਸਕੂਲ ਵਿਚ ਕਰਵਾਇਆ। ਗੱਲਾਂ ਲਿਖਣ ਨੂੰ ਤਾਂ ਹੋਰ ਅਨੇਕਾਂ ਹਨ। ਮੇਰੇ ਨਾਲ ਇਤਨੇ ਨਿਜੀ ਸਬੰਧ ਰਹੇ ਹਨ ਕਿ ਇਸ ਵਿਸ਼ੇ ਤੇ ਬੜਾ ਕੁਝ ਕਿਹਾ ਜਾ ਸਕਦਾ ਹੈ। 4 ਸਾਲ ਪਹਿਲਾਂ ਸ੍. ਦਲਬੀਰ ਸਿੰਘ ਤੇ ਉਹਨਾਂ ਦੀ ਪਤਨੀ ਕਿਸ਼ੀ ਤੇ ਸ੍. ਹਰਭਜਨ ਸਿੰਘ ਸੋਚ, ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਸਾਡੇ ਨਾਲ ਪਾਕਿਸਤਾਨ ਗਏ ਤੇ ਉਥੇ ਇਹਨਾਂ ਨੇ ਪੰਜਾਬ ਯੂਨੀਵਰਸਿਟੀ ਲਾਹੌਰ ਤੇ ਇਸਲਾਮਬਾਦ ਯੂਨੀਵਰਸਿਟੀ ਨਾਲ ਕਈ ਮੀਟਿੰਗਾਂ ਕੀਤੀਆਂ। ਮੈਂ ਤਾਂ ਅੱਜ ਉਹਨਾਂ ਦੀ ਪਹਿਲੀ ਬਰਸੀ ਤੇ ਆਪਣੇ ਦੋਸਤ ਨੂੰ ਪ੍ਣਾਮ ਕਰਦਾ ਹੈ। ਵਾਹਿਗੁਰੂ ਉਹਨਾਂ ਨੂੰ ਆਪਣੇ ਚਰਨਾਂ ਵਿਚ ਰੱਖਕੇ ਉਹਨਾਂ ਦੇ ਪਰਿਵਾਰ ਤੇ ਆਪਣੀ ਪੂਰੀ ਕਿਰਪਾ ਰੱਖੇ।

# ਭੁਲੇਖਿਆਂ ਵਿਚ ਘਿਰਿਆ ਸ੍ਰ: ਬੂਟਾ ਸਿੰਘ

ਮੈਨੂੰ ਬਹੁਤ ਸਾਰੇ ਉੱਘੇ ਵਿਅਕਤੀਆਂ ਨੂੰ ਬੜੇ ਨੇੜਿਓਂ ਜਾਨਣ ਦਾ ਅਵਸਰ ਮਿਲਦਾ ਰਿਹਾ ਹੈ। ਪਿਛਲੇ 50 ਸਾਲਾਂ ਦੇ ਪੰਜਾਬੀ, ਖਾਸ ਕਰਕੇ ਸਿੱਖ ਚਿਹਰੇ ਮੇਰੀ ਇਸ ਲਿਸਟ ਵਿਚ ਹਨ। ਅੱਜ ਮੈਂ ਇਕ ਐਸੇ ਵਿਅਕਤੀ ਬਾਰੇ ਲਿਖ ਰਿਹਾ ਹਾਂ ਜੋ ਇਸ ਸਮੇਂ ਦਾ ਹਾਣੀ ਹੈ ਪਰ ਹਰ ਮੋੜ ਤੇ ਭੁਲੇਖਿਆਂ ਦਾ ਸ਼ਿਕਾਰ ਰਿਹਾ ਹੈ। ਸ੍ਰ: ਬੂਟਾ ਸਿੰਘ ਜੀ ਤੇ ਗੁਰੂ ਦੀ ਕ੍ਰਿਪਾ ਐਸੀ ਰਹੀ ਕਿ ਉਹ ਮਿਟ ਮਿਟ ਕੇ ਉਭਰਦਾ ਰਿਹਾ ਹੈ। ਹਰ ਪਦਵੀ ਤੇ ਬੈਠਦਾ ਰਿਹਾ ਹੈ। ਸਮੇਂ ਦੀ ਹਨੇਰੀ ਉਸ ਨੂੰ ਉਖਾੜ ਕੇ ਹੇਠਾਂ ਸਿਟਦੀ ਰਹੀ ਪਰ ਫਿਰ ਉਸਨੂੰ ਸਿਖਰ ਤੇ ਵੀ ਆ ਬਿਠਾਉਂਦੀ ਰਹੀ। ਪਰ ਇਕ ਖਾਸ ਗੱਲ ਮੈਂ ਵੇਖੀ ਹੈ ਕਿ ਆਮ ਜਨਤਾ ਜਾਂ ਇੰਝ ਕਹੋ ਕਿ ਰਾਜਸੀ ਦਾਇਰੇ ਵਿਚ ਸ੍ਰ. ਬੂਟਾ ਸਿੰਘ ਬਾਰੇ ਬੜੇ ਭੁਲੇਖੇ ਉਠਦੇ ਰਹੇ ਹਨ ਜਾਂ ਹੁਣ ਵੀ ਹਨ। ਇਹ ਵੀ ਕਮਾਲ ਹੈ ਕਿ ਸ੍ਰ. ਬੂਟਾ ਸਿੰਘ ਨੇ ਕਦੇ ਆਪਣਾ ਸਪਸ਼ਟੀਕਰਨ ਜਾਂ ਪੱਖ ਪੇਸ਼ ਹੀ ਨਹੀਂ ਕੀਤਾ। ਮਾਸਟਰ ਤਾਰਾ ਸਿੰਘ ਦੀ ਦੂਰ-ਦ੍ਰਿਸ਼ਟ ਅੱਖ ਨੇ ਇਹਨਾਂ ਨੂੰ ਬੰਬਈ ਤੋਂ ਲੱਭ ਕੇ 1962 ਵਿਚ ਅਕਾਲੀ ਟਿਕਟ ਤੇ ਮੈਂਬਰ ਪਾਰਲੀਮੈਂਟ ਬਣਾ ਦਿੱਤਾ। ਪਤਲਾ ਪਤੰਗ, ਐਮ.ਏ. ਪਾਸ, ਮਜ੍ਹਬੀ ਘਰ ਵਿਚ ਜੰਮਿਆ ਨੌਜਵਾਨ ਪਹਿਲੀ ਵਾਰ ਪੰਜਾਬ ਦੇ ਨਕਸ਼ੇ ਤੇ ਆਇਆ। ਇਸ ਕੋਲ ਬੰਬਈ ਤੋਂ ਅੰਮ੍ਰਿਤਸਰ ਆਉਣ ਲਈ ਕਿਰਾਇਆ ਵੀ ਨਹੀਂ ਸੀ ਤੇ ਫਿਰ ਆਪਣੇ ਫਾਰਮ ਭਰਨ ਲਈ ਇਸ ਨੂੰ ਬੱਸ ਤੇ ਚੜ੍ਹਕੇ ਮੁਸ਼ਕਲ ਨਾਲ ਡੀ.ਸੀ. ਸਾਹਮਣੇ ਜਾਣ ਲਈ ਚਾਰਾ ਕਰਨਾ ਪਿਆ। ਸ੍ਰ. ਬੂਟਾ ਸਿੰਘ ਜਲੰਧਰ ਜ਼ਿਲ੍ਹੇ ਦੇ ਇਕ ਪਿੰਡ ਦਾ ਜੰਮ-ਪਲ ਹੈ। ਪਿਤਾ ਪੱਕਾ ਗੁਰ ਸਿੱਖ ਜਿਸਦੀ ਗੁੜ੍ਹਤੀ ਤੇ ਸਿਖਿਆ ਨੇ ਇਸਦਾ ਵਿਸ਼ਵਾਸ ਸਿੱਖੀ ਵਿਚ ਸਦੀਵੀ ਬਣਾਈ ਰੱਖਿਆ ਹੈ। ਗਰੀਬੀ ਨਾਲ ਮੁੱਢ ਤੋਂ ਹੀ ਘੋਲ, ਹੋਸ਼ ਸੰਭਾਲਣ ਤੇ ਅਖੰਡ ਪਾਠਾਂ ਦੀ ਡਿਊਟੀ ਕਰਨ ਨਾਲ ਗੁਜ਼ਾਰਾ, ਫਿਰ ਜਲੰਧਰ ਆ ਕੇ ਸ੍ਰ. ਹੀਰਾ ਸਿੰਘ ਦਰਦ ਐਡੀਟਰ "ਫੁਲਵਾੜੀ" ਦੀ ਸ਼ਰਣ ਲਈ, ਪੱਤਰਕਾਰੀ ਸਿੱਖੀ, ਲਾਇਲਪੁਰ ਖਾਲਸਾ ਕਾਲਜ, ਜਲੰਧਰ ਦੇ ਪ੍ਰਿੰਸੀਪਲ ਸ੍ਰ. ਗੁਰਬਚਨ ਸਿੰਘ ਤਾਲਬ ਨਾਲ ਮੇਲ ਹੋ ਜਾਣਾ ਤੇ ਕਾਲਜ ਵਿਚ ਦਾਖਲਾ ਮਿਲਣਾ। ਤਾਲਬ ਦਾ ਬੰਬਈ ਖਾਲਸਾ ਕਾਲਜ ਵਿਚ ਤਬਾਦਲਾ ਹੋ ਜਾਣ ਤੇ ਉਸਦੇ ਨਾਲ ਹੀ ਜਾ ਬੰਬਈ ਵਸਣਾ। ਉੱਥੇ "ਰਣਜੀਤ" ਅਖਬਾਰ ਵਿਚ ਨੌਕਰੀ ਰਾਹੀਂ ਗੁਜ਼ਾਰਾ ਕਰਕੇ ਐਮ.ਏ ਪਾਸ ਕਰ ਲੈਣੀ ਤੇ ਫਿਰ ਮਾਸਟਰ ਜੀ ਦੀ ਕ੍ਰਿਪਾ ਨਾਲ ਪਾਰਲੀਮੈਂਟ ਵਿਚ ਪੁੱਜ ਜਾਣਾ। ਇਹ ਮੁੱਢਲਾ ਜੀਵਨ ਹੈ।

ਪੰਜਾਬੀ ਸੂਬਾ 1966 ਵਿਚ ਬਣਨ ਪਿੱਛੋਂ ਗਿਆਨੀ ਗੁਰਮੁਖ ਸਿੰਘ ਮੁਸਾਫਰ ਦੇ ਅਸਰ ਵਿਚ ਕਾਂਗਰਸ ਵਿਚ ਸ਼ਾਮਲ ਹੋ ਕੇ ਦੁਬਾਰਾ ਸਰਹੰਦ ਰਿਜ਼ਰਵ ਹਲਕੇ ਤੋਂ ਐਮ.ਪੀ ਬਣ ਗਏ। ਲਗਾਤਾਰ ਇਹ ਮੈਂਬਰੀ ਬਣੀ ਰਹੀ। ਡਿਪਟੀ ਮੰਤਰੀ ਵੀ ਬਣੇ, ਕਈ ਵਿਭਾਗਾਂ ਵਿਚ ਸੇਵਾ ਕੀਤੀ। ਜਦ ਇਹਨਾਂ ਕੋਲ ਰੇਲਵੇ ਵਿਭਾਗ ਸੀ, ਪਟਨਾ ਸਟੇਸ਼ਨ ਦਾ ਨਾਂ ਪਟਨਾ ਸਾਹਿਬ ਰਖਵਾਇਆ। ਦਿੱਲੀ ਵਿਚ ਜਥੇਦਾਰ ਸੰਤੋਖ ਸਿੰਘ ਨਾਲ ਨੇੜਤਾ ਬਣੀ। ਪਰ ਪੰਜਾਬ ਕਾਂਗਰਸ ਵਿਚ ਕਿੱਧਰੇ ਵੀ ਮਾਣ ਸਤਿਕਾਰ ਨਾ ਮਿਲਿਆ। ਨਾ ਹੀ ਪੰਜਾਬ ਦੇ ਸਰਦਾਰਾਂ ਨੇ ਅਕਾਲੀ ਹੋਣ ਸਮੇਂ ਜਾਂ ਕਾਂਗਰਸ ਵਿਚ ਕਦੇ ਇਹਨਾਂ ਦੀ ਪਦਵੀ ਅਤੇ ਕੀਤੇ ਕੰਮਾਂ ਦਾ ਮੁੱਲ

ਪਾਇਆ। 1977 ਵਿਚ ਕਾਂਗਰਸ ਦੀ ਹਾਰ ਨਾਲ ਇਹ ਵੀ ਚੋਣ ਹਾਰ ਗਏ। ਇਸ ਸੰਕਟ ਵਿਚ ਸ੍ਰ: ਬੂਟਾ ਸਿੰਘ ਨੇ ਇਕ ਆਦਰਸ਼ਕ ਸਿੱਖ ਵਾਂਗੂੰ ਜੂਝਣ ਦਾ ਮਨ ਬਣਾਇਆ। ਕੁਰਸੀ ਹੇਠਾਂ ਲੱਥੀ ਇੰਦਰਾ ਗਾਂਧੀ ਦਾ ਪੂਰਾ ਸਾਥ ਦਿੱਤਾ। ਜਦ ਸਾਰੇ ਉਸਨੂੰ ਛੱਡ ਗਏ, ਇਹ ਜਾ ਉਥੇ ਦਫਤਰ ਸਾਂਭ ਕੇ ਡਟ ਗਏ। ਇੰਦਰਾ ਜੀ ਨੇ ਇਹਨਾਂ ਨੂੰ ਪਾਰਟੀ ਦਾ ਜਨਰਲ ਸਕੱਤਰ ਬਣਾ ਦਿੱਤਾ। ਸਭ ਤੋਂ ਔਖਾ ਕੰਮ ਇਹਨਾਂ ਨਿਭਾ ਕੇ ਆਪਣੀ ਧਾਂਕ ਬਿਠਾ ਦਿੱਤੀ। ਪਰ ਦੁਸ਼ਮਣਾਂ ਨੇ ਸੰਜੇ ਗਾਂਧੀ ਦੇ ਮਨ ਵਿਚ ਸ਼ੰਕੇ ਖੜੇ ਕਰ ਦਿੱਤੇ। ਸਾਰੇ ਪੰਜਾਬ ਦੇ ਕਾਂਗਰਸੀ ਮਹਾਂਰਥੀ ਕਿਵੇਂ ਬਰਦਾਸ਼ਤ ਕਰਦੇ ਕਿ ਇਕ ਪਛੜੀ ਸ਼੍ਰੇਣੀ ਵਾਲਾ ਪਹਿਲੇ ਨੰਬਰ ਤੇ ਪੁੱਜ ਜਾਏ। 1980 ਵਿਚ ਇੰਦਰਾ ਗਾਂਧੀ ਹਨੇਰੀ ਵਾਂਗੂੰ ਜਿੱਤ ਕੇ ਆਈ। ਸਭ ਪਾਸੇ ਇਹ ਸੀ ਕਿ ਸ੍ਰ. ਬੂਟਾ ਸਿੰਘ ਮੰਤਰੀ ਬਣੇਗਾ ਪਰ ਨਾਂ ਲਿਸਟ ਵਿਚੋਂ ਗਾਇਬ। ਬਾਜ਼ੀ ਗਿਆਨੀ ਜ਼ੈਲ ਸਿੰਘ ਮਾਰ ਗਏ। ਬੜਾ ਚਿਰ ਲਟਕਾ ਕੇ ਇਹਨਾਂ ਨੂੰ ਰਾਜ ਮੰਤਰੀ ਬਣਾਇਆ। ਦੋ ਵੱਡੇ ਲੀਡਰ ਗਿਆਨੀ ਜ਼ੈਲ ਸਿੰਘ ਹੋਮ ਮਨਿਸਟਰ ਤੇ ਸ੍ਰ. ਦਰਬਾਰਾ ਸਿੰਘ ਮੁੱਖ ਮੰਤਰੀ ਦੇ ਹੁੰਦਿਆਂ ਵਿਚਾਰੇ ਸ੍ਰ: ਬੂਟਾ ਸਿੰਘ ਦੀ ਕੀ ਮਜਾਲ ਉਹ ਪੰਜਾਬ ਵਿਚ ਪੈਰ ਰੱਖ ਸਕੇ। ਪਰ ਇਹ ਵੀ ਕਿਸਮਤ ਦਾ ਧਨੀ ਸੀ। ਸ੍ਰੀ ਵੀ.ਸੀ ਸ਼ੁਕਲਾ ਦੀ ਇੰਦਰਾ ਜੀ ਨਾਲ ਅਣ-ਬਣ ਹੋਣ ਕਰਕੇ ਉਹ 1982 ਵਿਚ ਹੋਣ ਵਾਲੀਆਂ ਏਸ਼ੀਆਈ ਖੇਡਾਂ ਦੀ ਕਮੇਟੀ ਤੋਂ ਅਸਤੀਫਾ ਦੇ ਗਏ। ਸ੍ਰ. ਬੂਟਾ ਸਿੰਘ ਨੂੰ ਇਸ ਕਮੇਟੀ ਦਾ ਚੇਅਰਮੈਨ ਲਗਾਉਣ ਨਾਲ ਗੱਡੀ ਲੀਹ ਤੇ ਪੈ ਗਈ। ਖੇਡਾਂ ਕੀ ਕਾਮਯਾਬ ਹੋਈਆਂ ਸ੍ਰ: ਬੂਟਾ ਸਿੰਘ ਦਾ ਸਿਤਾਰਾ ਚਮਕਿਆ। ਇਹ ਪੂਰੇ ਮੰਤਰੀ ਬਣੇ। ਹਰ ਪਾਸੇ ਸਲਾਮਾਂ। ਅਸ਼ੋਕਾ ਰੋਡ ਵਾਲੀ ਕੋਠੀ ਵਿਚ ਹਰ ਪਾਸੇ ਰੌਣਕਾਂ।

ਸ੍ਰ. ਬੂਟਾ ਸਿੰਘ ਦੇ ਨਾਂ ਦੀਆਂ ਘੁੰਮਣ ਘੇਰੀਆਂ 1984 ਤੋਂ ਆਰੰਭ ਹੋਈਆਂ। ਬਿਨਾਂ ਕੁਝ ਕੀਤੇ ਉਹ ਦੋਸ਼ੀ ਬਣੇ। ਅਜੀਬ ਦਾਸਤਾਂ ਹੈ। ਜਿਸ ਚੰਡਾਲ ਚੌਂਕੜੀ ਨੇ ਪ੍ਰਧਾਨ ਮੰਤਰੀ ਤੋਂ ਗਲਤ ਫੈਸਲਾ ਕਰਵਾਇਆ ਤੇ ਦਰਬਾਰ ਸਾਹਿਬ ਤੇ ਹਮਲਾ ਕਰਵਾ ਦਿੱਤਾ, ਉਸ ਵਿੱਚ ਸ੍ਰ: ਬੂਟਾ ਸਿੰਘ ਨੇੜੇ-ਤੇੜੇ ਵੀ ਨਹੀਂ ਸੀ। ਇਹ ਤਾਂ ਅਖ਼ਬਾਰਾਂ ਤੋਂ ਖ਼ਬਰ ਪੜ੍ਹਦਾ ਸੀ। ਮੈਂ ਉਸ ਵਕਤ ਰਾਸ਼ਟਰਪਤੀ ਜੀ ਦੇ ਦਫ਼ਤਰ ਵਿੱਚ ਕੰਮ ਕਰਦਾ ਸਾਂ। ਸਾਰਾ ਕੁਝ ਨੇੜਿਓਂ ਵੇਖਿਆ। ਨਾ ਗਿਆਨੀ ਜ਼ੈਲ ਸਿੰਘ, ਨਾ ਬੂਟਾ ਸਿੰਘ, ਇਹਨਾਂ ਨੂੰ ਤਾਂ ਬਲਿਊ ਸਟਾਰ ਦੀ ਭਿਣਕ ਵੀ ਨਾ ਪੈਣ ਦਿੱਤੀ ਗਈ। ਸ੍ਰ: ਦਰਬਾਰਾ ਸਿੰਘ ਦਾ ਸੁਭਾਅ ਸਿਖਰ ਦਾ ਐਂਟੀ ਅਕਾਲੀ ਸੀ, ਟਕਰਾਉ ਦੀ ਨੀਤੀ ਉਸ ਨੇ ਹੀ ਅਰੰਭੀ ਸੀ। ਜਦ ਘਿਰਣਾ ਯੋਗ ਸਾਕਾ ਵਾਪਰ ਗਿਆ, ਹਰ ਪਾਸੇ ਹਾ ਹਾ ਕਾਰ ਮਚ ਗਈ। ਹਰ ਸਿੱਖ ਤੇ ਸ਼ਰਧਾਲੂ ਦਾ ਸੀਨਾ ਵਿੰਨਿਆ ਗਿਆ। ਫਿਰ ਇੰਦਰਾ ਗਾਂਧੀ ਨੂੰ ਸ੍ਰ: ਬੂਟਾ ਸਿੰਘ ਦੀ ਯਾਦ ਆਈ ਤੇ ਸਲਾਹ ਲਈ ਬੁਲਾਇਆ। ਹੈਲੀਕਾਪਟਰ ਦੇ ਕੇ ਪੰਜਾਬ ਭੇਜਿਆ। ਕਰੜੇ ਕਰਫਿਊ ਵਿਚ ਉਹ ਹਰ ਥਾਂ ਜਾ ਕੇ ਜਥੇਦਾਰ ਅਕਾਲ ਤਖ਼ਤ ਗਿਆਨੀ ਕ੍ਰਿਪਾਲ ਸਿੰਘ, ਹੈੱਡ ਗ੍ਰੰਥੀ ਗਿ: ਸਾਹਿਬ ਸਿੰਘ, ਸੰਤ ਬਾਬਾ ਖੜਕ ਸਿੰਘ, ਸ੍ਰ: ਆਤਮਾ ਸਿੰਘ, ਸ੍ਰ: ਸਾਧੂ ਸਿੰਘ ਹਮਦਰਦ, ਸ੍ਰ: ਰਵੇਲ ਸਿੰਘ, ਜਥੇਦਾਰ ਅਜਨੋਹਾ ਅਤੇ ਬਾਬਾ ਹਰੀਆਂ ਵੇਲਾਂ ਵਾਲਿਆਂ ਤੋਂ ਸਲਾਹ ਕਰਕੇ ਇੰਦਰਾ ਗਾਂਧੀ ਨੂੰ ਮਿਲਿਆ। ਉਸ ਕੋਲ ਇਕ ਹੱਥ ਲਿਖਤ, ਦੋ ਸਫ਼ਿਆਂ ਦੀ ਪੰਜੇ ਸਿੰਘ ਸਾਹਿਬ ਦੇ ਫੈਸਲੇ ਦੀ ਕਾਪੀ ਸੀ। ਤਿੰਨ ਦਿਨ ਉੱਚ ਪੱਧਰੀ ਵਿਚਾਰ ਪਿੱਛੋਂ ਪ੍ਰਧਾਨ ਮੰਤਰੀ ਨੇ ਸ੍ਰ: ਬੂਟਾ ਸਿੰਘ ਨੂੰ ਮੁੜ ਅੰਮ੍ਰਿਤਸਰ ਜਾ ਕੇ ਸਰਕਾਰ ਵੱਲੋਂ ਐਲਾਨ ਕਰਨ ਲਈ ਆਪ ਭੇਜਿਆ। ਸਾਰੀਆਂ ਮੰਗਾਂ (ਦੋ ਨੂੰ ਛੱਡਕੇ) ਮੰਨ ਲਈਆਂ ਗਈਆਂ। ਫੌਜ ਦਰਬਾਰ ਸਾਹਿਬ ਤੋਂ ਬਾਹਰ ਜਾਣ ਦਾ ਐਲਾਨ, ਸ੍ਰੀ ਅਕਾਲ ਤਖ਼ਤ ਦੀ ਕਾਰ ਸੇਵਾ ਬਾਬਾ ਹਰਬੰਸ ਸਿੰਘ ਤੋਂ ਕਰਵਾਉਣ ਦਾ ਫੈਸਲਾ, ਜੇਲ੍ਹ ਵਿਚ ਬੰਦ ਸਿੰਘਾਂ ਦੀ ਰਿਹਾਈ ਆਦਿ ਫੈਸਲੇ ਪੱਤਰਕਾਰਾਂ ਨੂੰ ਦੱਸੇ ਗਏ। ਹਰ ਪਾਸੇ ਖੁਸ਼ੀ ਦਾ

ਮਾਹੌਲ ਸੀ ਕਿ ਸਰਕਾਰ ਨੂੰ ਪਛਤਾਵਾ ਹੋ ਰਿਹਾ ਹੈ। ਇੰਦਰਾ ਗਾਂਧੀ ਨੇ ਦਰਬਾਰ ਸਾਹਿਬ ਆਪ ਜਾ ਕੇ ਅਰਦਾਸ ਕਰਨ ਦਾ ਮਨ ਬਣਾਇਆ ਸੀ। ਇਹ ਸਭ ਸ: ਬੂਟਾ ਸਿੰਘ ਨੂੰ ਮਾਣ ਮਿਲ ਰਿਹਾ ਸੀ ਕਿ ਕਿਤਨੀ ਛੇਤੀ ਉਸਨੇ ਵਿਚ ਪੈ ਕੇ ਸਰਕਾਰ ਨੂੰ ਸਿੱਧੇ ਰਾਹ ਪਾਉਣ ਦਾ ਯਤਨ ਕੀਤਾ ਹੈ। ਪਰ ਕਮਾਲ ਹੈ ਸਿਆਸਤ ਦੀ। ਉਧਰ ਦਿੱਲੀ ਦਰਬਾਰ ਦੀ ਉਹ ਚੰਡਾਲ ਚੌਕੜੀ ਫਿਰ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਗਈ। ਉਹਨਾਂ ਪ੍ਰਧਾਨ ਮੰਤਰੀ ਦਾ ਫੈਸਲਾ ਰੱਦ ਕਰਵਾ ਲਿਆ। ਸਰਕਾਰੀ ਐਲਾਨ ਹੋ ਗਿਆ ਕਿ ਸ: ਬੂਟਾ ਸਿੰਘ ਨੇ ਜੋ ਕਿਹਾ ਹੈ ਉਸਦਾ ਜ਼ਾਤੀ ਐਲਾਨ ਹੈ। ਸਰਕਾਰ ਨੇ ਇਸ ਬਾਰੇ ਕੋਈ ਪ੍ਰਵਾਨਗੀ ਨਹੀਂ ਦਿੱਤੀ। ਸ਼ਾਮ ਨੂੰ ਬੂਟਾ ਸਿੰਘ ਦੀ ਕਾਮਯਾਬੀ ਤੇ ਸਿੱਖਾਂ ਵਿਚ ਆਈ ਕੁਝ ਪਲ ਦੀ ਪ੍ਰਸੰਨਤਾ ਮਿੱਟੀ ਵਿਚ ਮਿਲਾ ਦਿੱਤੀ ਗਈ। ਸ: ਬੂਟਾ ਸਿੰਘ ਦੀ ਪੇਸ਼ੀ ਹੋਈ ਤੇ ਮਾੜੇ ਸ਼ਬਦ ਸੁਣਨੇ ਪਏ। ਦੋਹਾਂ ਪਾਸਿਆਂ ਤੋਂ ਤਾਅਨੇ। ਸਿੱਖ ਲੀਡਰ ਕਹਿਣ ਕਿ ਸਾਨੂੰ ਆ ਕੇ ਝੂਠ ਬੋਲ ਗਿਆ ਕਾਂਗਰਸ ਵਾਲੇ ਵੀ ਦੁਸ਼ਮਣ ਕਿ ਇਸਨੇ ਉਹਨਾਂ ਤੋਂ ਪੁੱਛੇ ਬਿਨਾਂ ਸਿੱਧਾ ਇੰਦਰਾ ਗਾਂਧੀ ਤੇ ਰਾਜੀਵ ਗਾਂਧੀ ਤੋਂ ਕਿਵੇਂ ਸਭ ਕੁਝ ਮੰਨਵਾ ਲਿਆ। ਮੈਂ ਇਕ ਗਲ ਪੱਕੀ ਤੌਰ ਤੇ ਕਹਿ ਸਕਦਾ ਹਾਂ ਕਿ ਜੇ ਇਹ ਸਮਝੌਤਾ ਸਿਰੇ ਚੜ੍ਹ ਜਾਂਦਾ ਤਾ 1984 ਤੋਂ ਪਿੱਛੋਂ ਜੋ ਖ਼ੂਨੀ ਦੁਖਾਂਤ ਵਾਪਰਿਆ ਸ਼ਾਇਦ ਉਹ ਕੁਝ ਹੱਦ ਤਕ ਟਲ ਜਾਂਦਾ।

ਫਿਰ ਲੋੜ ਪਈ ਸ: ਬੂਟਾ ਸਿੰਘ ਦੀ ਜਦ ਸ੍ਰੀ ਅਕਾਲ ਤਖ਼ਤ ਦੀ ਕਾਰ ਸੇਵਾ ਕਰਵਾਉਣ ਦਾ ਹਾਈ ਕਮਾਂਡ ਨੇ ਫੈਸਲਾ ਕਰ ਲਿਆ। ਸ੍ਰੀ ਅਕਾਲ ਤਖ਼ਤ ਢਾਹ ਕੇ ਨਵੀਂ ਉਸਾਰੀ ਕੀਤੇ ਜਾਣ ਦਾ ਐਲਾਨ ਹੋਇਆ। ਕਿਉਂਕਿ ਭਾਰਤ ਸਰਕਾਰ ਵਿਚ ਪੀ. ਡਬਲਿਊ .ਡੀ. ਦਾ ਮਹਿਕਮਾ ਸ: ਬੂਟਾ ਸਿੰਘ ਕੋਲ ਸੀ, ਉਹਨਾਂ ਨੂੰ ਇਹ ਕੰਮ ਆਪਣੇ ਅਫਸਰਾਂ ਦੀ ਦੇਖ ਰੇਖ ਵਿਚ ਕਰਵਾਉਣ ਲਈ ਆਦੇਸ਼ ਦਿੱਤੇ ਗਏ। ਇਕ ਸਰਬਤ ਖਾਲਸਾ ਸੰਮੇਲਨ ਸ੍ਰੀ ਅਕਾਲ ਤਖ਼ਤ ਦੇ ਬਾਹਰ ਰਚਿਆ ਗਿਆ। ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਮਾਨ ਸਿੰਘ ਨੂੰ ਇਸ ਵਿਚ ਲਿਆਂਦਾ ਗਿਆ। ਸਾਰੇ ਕਾਂਗਰਸ ਲੀਡਰ ਸ: ਗੁਰਦਿਆਲ ਸਿੰਘ ਢਿੱਲੋਂ, ਸ: ਦਰਬਾਰਾ ਸਿੰਘ, ਸ: ਐਸ.ਐਸ. ਆਹਲੂਵਾਲੀਆ ਤੇ ਸਾਰੇ ਕਾਂਗਰਸ ਦੇ ਐਮ.ਪੀ., ਤੇ ਵਰਕਰ ਸ਼ਾਮਲ ਹੋਏ। ਗਿਆਨੀ ਜ਼ੈਲ ਸਿੰਘ ਜੀ ਨੇ ਇਸ ਸੰਮੇਲਨ ਦੀ ਵਿਰੋਧਤਾ ਕੀਤੀ। ਸੰਮੇਲਨ ਵਿਚ ਫੈਸਲਾ ਹੋਇਆ ਕਿ ਬਾਬਾ ਸੰਤਾ ਸਿੰਘ ਇਸ ਦੀ ਸੇਵਾ ਸੰਭਾਲਣਗੇ। ਕੰਮ ਸਾਰਾ ਸਰਕਾਰੀ ਅਫਸਰਾਂ ਨੇ ਕਰਨਾ ਸੀ ਪਰ ਨਾਂ ਨਿਹੰਗ ਸਿੰਘ ਦਾ ਲਿਆ ਗਿਆ। ਸਾਰਾ ਖਰਚਾ ਇੰਦਰਾ ਗਾਂਧੀ ਨੇ ਆਪਣੇ ਫੰਡ ਵਿਚੋਂ ਦਿੱਤਾ। ਦਿੱਲੀ ਦੇ ਇਕ ਠੇਕੇਦਾਰ ਦੇ ਨਾਂ ਤੇ ਚੈੱਕ ਕੱਟੇ ਗਏ। ਸਿੱਖਾਂ ਨੇ ਇਸਦਾ ਵਿਰੋਧ ਕੀਤਾ। ਪੰਜਾਬੀ ਵਿਚ ਇਕ ਮਿਸਾਲ ਹੈ ਕਿ ਸਭ ਤੋਂ ਕਮਜ਼ੋਰ ਨੂੰ ਮੁਜਰਮ ਬਣਾਓ ਤੇ ਫਾਹੇ ਲਾਓ। ਅਕਾਲ ਤਖ਼ਤ ਤੋਂ ਜਦ ਹੁਕਮਨਾਮਾ ਨਿਕਲਿਆ ਤਾਂ ਗਿਆਨੀ ਜ਼ੈਲ ਸਿੰਘ ਤੇ ਸ: ਬੂਟਾ ਸਿੰਘ ਤੇ ਬਾਬਾ ਸੰਤਾ ਸਿੰਘ ਨੂੰ ਦੋਸ਼ੀ ਕਰਾਰ ਦਿੱਤਾ ਗਿਆ। ਹੋਰ ਕਾਂਗਰਸੀ ਲੀਡਰਾਂ ਨੂੰ ਛੱਡ ਦਿੱਤਾ ਗਿਆ। ਹਰ ਕੋਈ ਇਹਨਾਂ ਤਿੰਨਾਂ ਨੂੰ ਨਿੰਦਣ ਲੱਗ ਪਿਆ। ਗਿਆਨੀ ਜੀ ਨੇ ਤਾਂ ਤਨਖਾਹ ਆਪਣੇ ਗਲੋਂ ਆਰਾਮ ਨਾਲ ਉਤਰਵਾ ਲਈ ਪਰ ਸ: ਬੂਟਾ ਸਿੰਘ ਨੂੰ ਕਈ ਸਾਲਾਂ ਪਿੱਛੋਂ ਕਰੜੀ ਮੁਸ਼ਕਤ ਨਾਲ ਭੁਗਤਣੀ ਪਈ। ਕਈ ਮੈਨੂੰ ਆਖਦੇ ਹਨ ਕਿ ਸਿੱਖ ਤਾਂ ਜਾਤ ਪਾਤ ਵਿਚ ਵਿਸ਼ਵਾਸ ਨਹੀਂ ਰੱਖਦੇ ਫਿਰ ਹੁਕਮਨਾਮੇ ਵਿਚ ਵੱਡੀ ਜ਼ਾਤ ਵਾਲੇ ਸਾਰੇ ਕਿਉਂ ਮੁਆਫ ਹੋਏ। ਤੁਹਮਤਾਂ ਨੂੰ ਅਣਗੌਲਦੇ ਹੋਏ ਸ: ਬੂਟਾ ਸਿੰਘ ਨੇ ਸਿੱਖੀ ਸ਼ਰਧਾ ਦਾ ਜੋ ਪ੍ਰਗਟਾਵਾ ਉਸ ਵਕਤ ਕੀਤਾ ਉਹ ਸਾਡੇ ਇਤਿਹਾਸ ਦਾ ਇਕ ਸਦੀਵੀ ਹਿੱਸਾ ਬਣ ਚੁੱਕਾ ਹੈ। ਅਕਾਲ ਤਖ਼ਤ ਦੀ ਮੁੜ ਉਸਾਰੀ ਹੋਈ। ਸਾਰੇ ਸ਼ਸ਼ਤਰ ਉਸੇ ਤਰ੍ਹਾਂ ਉੱਚ ਕੋਟੀ ਦੇ ਕਾਰੀਗਰ ਬੁਲਾਕੇ ਠੀਕ ਕਰਵਾਏ। ਸ੍ਰੀ

ਅਕਾਲ ਤਖ਼ਤ ਸਾਹਿਬ ਦੇ ਪਿੱਛੇ ਮਕਾਨ ਢਾਹ ਕੇ ਪੂਰੀ ਪ੍ਰਕਰਮਾ ਵਿਚ ਸ਼ਾਮਲ ਕੀਤੇ। ਕਿਵੇਂ ਸਾਰੇ ਲੋਕ ਜਿਨ੍ਹਾਂ ਦੇ ਮਕਾਨ, ਦੁਕਾਨਾਂ ਸਨ, ਉਥੋਂ ਹਟਾਏ। ਅੱਜ ਕੋਈ ਸੋਚ ਵੀ ਨਹੀਂ ਸਕਦਾ, ਸ੍ਰੀ ਦਰਬਾਰ ਸਾਹਿਬ ਦੇ ਆਸ ਪਾਸ ਗਲਿਆਰਾ ਬਣਵਾਉਣ ਦੀ ਸਕੀਮ ਸ੍ਰ: ਬੂਟਾ ਸਿੰਘ ਦੀ ਕਾਢ ਸੀ। ਉਸ ਵਕਤ ਇਸ ਦੀ ਮੁਖਾਲਫ਼ਤ ਸਿੱਖ ਲੀਡਰਾਂ ਨੇ ਵੀ ਕੀਤੀ, ਸ਼ਹਿਰੀ ਤਾਂ ਸ੍ਰ: ਬੂਟਾ ਸਿੰਘ ਨੂੰ ਗਾਲ੍ਹਾਂ ਕੱਢਦੇ ਸਨ। ਸਿੱਖ ਆਖਦੇ ਦਰਬਾਰ ਸਾਹਿਬ ਨੂੰ ਘੇਰੇ ਵਿਚ ਲੈਣ ਲਈ ਫੌਜ ਚੌਗਿਰਦੀ ਸੜਕ ਬਣਾ ਰਹੀ ਹੈ। ਸ਼ਹਿਰੀ ਆਪਣੀਆਂ ਸਦੀਵੀ ਜਾਇਦਾਦਾਂ ਕਿਵੇਂ ਛੱਡਣ ? ਕੀ ਕ੍ਰਿਸ਼ਮਾ ਹੋਇਆ ? ਅੱਜ ਸਾਰੇ ਪਾਸੇ ਗਲਿਆਰੇ ਦੀਆਂ ਤਾਰੀਫਾਂ ਹੋ ਰਹੀਆਂ ਹਨ। ਵਿਚਾਰੇ ਸ੍ਰ: ਬੂਟਾ ਸਿੰਘ ਦਾ ਨਾਂ ਵੀ ਨਹੀਂ ਕੋਈ ਲੈਂਦਾ। ਬ੍ਰਹਮ ਬੂਟੇ ਅੱਗੇ ਵੱਡੀ ਦੀਵਾਰ ਬਣਵਾਈ, ਪ੍ਰਕਰਮਾ ਚੌੜੀ ਕੀਤੀ, ਸੰਤ ਬਾਬਾ ਖੜਕ ਸਿੰਘ ਦੀ ਸਾਰੀ ਸਮੱਗਰੀ ਵਾਪਸ ਕਰਵਾਈ।

ਜਦ ਸ੍ਰੀ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣੇ ਤਾਂ ਕੇਵਲ ਤਿੰਨ ਮੰਤਰੀ ਉਹਨਾਂ ਲਏ। ਗਿਆਨੀ ਜੀ ਨੇ ਬਿਨਾਂ ਕਿਸੇ ਸਰਕਾਰੀ ਗਜ਼ਟ ਦੇ ਸ੍ਰ: ਬੂਟਾ ਸਿੰਘ ਨੂੰ ਵੀ ਵਜ਼ੀਰ ਦੀ ਸਹੁੰ ਚੁਕਵਾ ਦਿੱਤੀ। ਕੁਝ ਚਿਰ ਪਿੱਛੋਂ ਸ੍ਰ: ਬੂਟਾ ਸਿੰਘ ਹੋਮ ਮਨਿਸਟਰ ਬਣ ਗਏ। ਉਹਨਾਂ ਦਾ ਉਹ ਸਮਾਂ ਫਿਰ ਭੁਲੇਖਿਆਂ ਦੇ ਘੇਰੇ ਵਿਚ ਆ ਗਿਆ ਜੋ ਪੰਜਾਬ ਵਿਚ ਵਾਪਰਿਆ, ਕਿਸੇ ਵੀ ਕੁਝ ਕੀਤਾ, ਨਾਂ ਬੂਟਾ ਸਿੰਘ ਦਾ। ਪੁਲਸ ਅਫਸਰ ਇਨਾਮ ਲੈਂਦੇ ਰਹੇ, ਵੱਡੇ ਅਹਿਲਕਾਰ ਤਰੱਕੀਆਂ, ਉਹ ਸਭ ਮੁਆਫ। ਗਵਰਨਰ, ਪੁਲਿਸ ਮੁੱਖੀ, (ਸ੍ਰੀ. ਰੈਬੋਰੋ, ਸਰਦਾਰ ਕੇ.ਪੀ. ਐਸ.ਗਿੱਲ) ਸਿੱਧੇ ਪ੍ਰਧਾਨ ਮੰਤਰੀ ਨਾਲ ਸੰਪਰਕ ਰੱਖਦੇ ਸਨ। ਕੇਂਦਰ ਦੀਆਂ ਏਜੰਸੀਆਂ ਆਪ ਸਭ ਕੁਝ ਕਰਦੀਆਂ ਪਰ ਹਰ ਇਕ ਦੀ ਜ਼ੁਬਾਨ ਤੇ ਇਕੋ ਨਾਂ ਕਿ ਇਹ ਸਭ ਕੁਝ ਹੋਮ ਮਨਿਸਟਰ ਦੇ ਹੁਕਮ ਨਾਲ ਹੋ ਰਿਹਾ ਹੈ।

1989 ਵਿਚ ਅਯੁਧਿਆ ਵਿਚ ਰਾਮ ਮੰਦਰ ਬਨਾਉਣ ਲਈ ਕਾਂਗਰਸ ਉਤਾਵਲੀ ਸੀ। ਸ੍ਰੀ ਰਾਜੀਵ ਗਾਂਧੀ ਨੇ ਯੂ.ਪੀ. ਦੇ ਮੁੱਖ ਮੰਤਰੀ ਸ੍ਰੀ ਨਾਰਾਇਣ ਦੱਤ ਤਿਵਾੜੀ ਦੀ ਸਲਾਹ ਨਾਲ ਨੀਂਹ ਰੱਖਣ ਦੀ ਵਿਉਂਤ ਬਣਾਈ। ਸ੍ਰ: ਬੂਟਾ ਨੂੰ ਵੀ ਉਥੇ ਭੇਜ ਦਿੱਤਾ। ਸਕੀਮ ਫੇਲ੍ਹ ਹੋ ਗਈ। ਸਾਰਾ ਇਲਜ਼ਾਮ ਸ੍ਰ: ਬੂਟਾ ਸਿੰਘ ਦੇ ਗਲੇ ਮੜ੍ਹ ਦਿੱਤਾ ਗਿਆ। ਜਦ ਕਚਹਿਰੀ ਤੋਂ ਸਟੇਅ ਆ ਗਿਆ। ਹਿੰਦੂਆਂ ਵਿਚ ਚਰਚਾ ਕਿ ਸ੍ਰ: ਬੂਟਾ ਸਿੰਘ ਨੇ ਮੰਦਰ ਬਣਨ ਨਹੀਂ ਦਿੱਤਾ। ਮੁਸਲਮਾਨ ਲੀਡਰ ਤੇ ਕਈ ਵੱਡੇ ਕਾਂਗਰਸ ਲੀਡਰ ਉਲਟਾ ਕਹਿਣ ਕਿ ਸ੍ਰ: ਬੂਟਾ ਸਿੰਘ ਮੰਦਰ ਬਣਾਉਣਾ ਚਾਹੁੰਦਾ ਸੀ। ਇਸਦਾ ਫਲ 1990 ਦੀ ਚੋਣ ਵਿਚ ਸ੍ਰ: ਬੂਟਾ ਸਿੰਘ ਹਾਰ ਗਿਆ। ਰਾਜੀਵ ਗਾਂਧੀ ਦੇ ਕੰਨ ਵੀ ਜ਼ੋਰ ਨਾਲ ਇਹਨਾਂ ਵਿਰੁਧ ਭਰੇ ਗਏ। ਅਗਲੀ ਵਾਰੀ ਫਿਰ ਇਹ ਜਿਤਕੇ ਆਏ। ਸ੍ਰੀ ਨਰਸਿੰਮਾ ਰਾਓ ਪ੍ਰਧਾਨ ਮੰਤਰੀ ਬਣੇ। ਬੜੀ ਮੁਸ਼ਕਲ ਨਾਲ ਕੁਝ ਚਿਰ ਲਈ ਵਜ਼ੀਰ ਬਣੇ। ਦੁਸ਼ਮਣ ਸਰਗਰਮ ਰਹੇ। ਇਹਨਾਂ ਦਾ ਪੱਖ ਪੂਰਨ ਵਾਲੇ ਘੱਟ ਸਨ। ਕਿਆ ਖੇਡ ਬਣੀ ਝਾਰਖੰਡ ਦੇ 6 ਐਮ.ਪੀ.ਵੋਟ ਦੇਣ ਲਈ ਕਰੋੜਾਂ ਰੁਪਏ ਲੈ ਗਏ। ਦੇਣ ਵਾਲਾ ਹੋਰ, ਲੈਣ ਵਾਲੇ ਝਾਰਖੰਡੀ, ਦੋਸ਼ੀ ਸ੍ਰ: ਬੂਟਾ ਸਿੰਘ। ਵਜ਼ਾਰਤ ਗਈ, ਕਾਂਗਰਸ ਨੇ ਟਿਕਟ ਨਾ ਦਿੱਤਾ। ਆਜ਼ਾਦ ਉਮੀਦਵਾਰ ਵਜੋਂ ਜਿੱਤ ਗਏ। ਸ੍ਰੀ ਅਟਲ ਬਿਹਾਰੀ ਵਾਜਪਈ ਜੀ ਨੇ ਇਹਨਾਂ ਦੀ ਕਦਰ ਪਾਈ ਵਜ਼ੀਰ ਲੈ ਲਿਆ। ਜੈ ਲਲਿਤਾ ਆ ਟੱਕਰੀ ਉਸਨੇ ਉਹੋ ਕੇਸ ਦਾ ਬਹਾਨਾ ਬਣਾਕੇ ਇਹਨਾਂ ਨੂੰ ਕਢਵਾ ਦਿੱਤਾ। ਫਿਰ ਚੋਣ ਹੋਈ, ਇਹ ਕਾਂਗਰਸ ਟਿਕਟ ਤੇ ਜਿੱਤ ਗਏ। ਪੂਰੀ ਸੇਵਾ ਕੀਤੀ। ਸੋਨੀਆ ਗਾਂਧੀ ਨੇ ਇਹਨਾਂ ਦੀ ਲਿਆਕਤ ਤੇ ਕੀਤੇ ਕੰਮਾਂ ਦਾ ਆਪ ਅੰਦਾਜ਼ਾ ਲਗਾਇਆ ਤੇ ਨੇੜੇ ਲਿਆਂਦਾ। ਇਸ ਵਾਰੀ

ਦੀ ਚੋਣ ਵਿਚ ਕਾਰ ਦੁਰਘਟਨਾ ਕਰਕੇ ਗਰਦਨ ਦੀ ਪਿਛਲੀ ਹੱਡੀ ਤੁੜਵਾ ਬੈਠੇ ਤੇ ਚੋਣ ਵਿਚ ਜਾ ਨਹੀਂ ਸਕੇ ਤੇ ਹਾਰ ਗਏ। ਪਰ ਗੁਰੂ ਫਿਰ ਬਖਸ਼ਿਸ਼ ਕਰਦਾ ਹੈ। ਬਿਹਾਰ ਦੇ ਗਵਰਨਰ ਬਣ ਗਏ। ਵੇਖੋ ਕਿਸਮਤ, ਪ੍ਰਧਾਨ ਰਾਜ ਹੋ ਗਿਆ। ਅੱਜ ਰੋਜ਼ ਰੰਗਦਾਰ ਪੱਗੜੀ ਟੀ.ਵੀ. ਤੇ ਚਮਕ ਰਹੀ ਹੈ। ਹਰ ਪਾਸੇ ਉਸਤਤ ਹੈ। ਉਮੀਦ ਬੱਝੀ ਹੈ, ਬਿਹਾਰ ਦੇ ਲੋਕਾਂ ਦੀ ਕਿ ਉਹਨਾਂ ਨੂੰ ਰਾਹਤ ਮਿਲੇਗੀ। ਪਟਨਾ ਸਾਹਿਬ ਦੀ ਧਰਤੀ ਤੇ ਪਹਿਲੀ ਵਾਰ ਸਰਕਾਰੀ ਗੱਦੀ ਗੁਰੂ ਦੇ ਸਿੱਖ ਨੂੰ ਮਿਲੀ ਹੈ। ਜਨਮ ਸਥਾਨ ਦੇ ਦਰਸ਼ਨ ਕਰਨ ਦਾ ਅਵਸਰ ਮਿਲ ਰਿਹਾ ਹੈ। ਮੈਂ ਤਾਂ ਇਕ ਮੰਗ ਰੱਖੀ ਹੈ। ਜਿਵੇਂ ਦਰਬਾਰ ਸਾਹਿਬ ਦਾ ਗਲਿਆਰਾ ਬਣਾਇਆ ਹੈ। ਤਖ਼ਤ ਸ੍ਰੀ ਪਟਨਾ ਸਾਹਿਬ ਤਕ ਕੋਈ ਸਿੱਧੀ ਸੜਕ ਦਾ ਉਪਰਾਲਾ ਕਰੋ, ਯਾਤਰੂ ਦੁਆਵਾਂ ਦੇਣਗੇ। ਇਹ ਅਤਿ ਜ਼ਰੂਰੀ ਲੋੜ ਹੈ। ਸੁਪਰ ਰੋਡ ਬਣ ਸਕਦੀ ਹੈ। ਨੰਦੇੜ ਵਿਚ 2008 ਵਿਚ 300 ਸਾਲਾ ਗੁਰੂ ਗ੍ਰੰਥ ਤਾਜਪੋਸ਼ੀ ਸਮਾਗਮ ਲਈ ਹੁਣ ਤੋਂ ਉਪਰਾਲਾ ਆਰੰਭ ਕਰੋ। ਸ਼ਹਿਰ ਨੂੰ ਸੰਵਾਰੋ।

ਸ: ਬੂਟਾ ਸਿੰਘ ਗੁਰੂ ਘਰ ਦਾ ਪ੍ਰੇਮੀ ਹੈ। ਹਰ ਮਹੀਨੇ ਇਕ ਸਾਧਾਰਨ ਪਾਠ ਦਾ ਭੋਗ ਪਾਉਂਦਾ ਹੈ। ਹਰ ਦਿਨ ਆਪ ਤਾਬਿਆ ਵਿਚ ਬੈਠਦਾ ਹੈ। ਸਾਰੇ ਸੰਤਾਂ ਮਹਾਤਮਾਵਾਂ ਦੀ ਸੇਵਾ ਕਰਦਾ ਹੈ। ਹੱਥ ਜੋੜਕੇ ਖੜਾ ਨਜ਼ਰ ਆਉਂਦਾ ਹੈ। ਗੁਰਬਾਣੀ ਦਾ ਵਿਖਿਆਨ ਪੂਰਾ ਕਰਦਾ ਹੈ। ਚੰਗਾ ਲਿਖਾਰੀ ਹੈ। ਸਭ ਕੁਝ ਹੋ ਕੇ ਵੀ ਇਹ ਕਿਉਂ ਭੁਲੇਖਿਆਂ ਦੇ ਘੇਰੇ ਵਿਚ ਰਹਿੰਦਾ ਹੈ ?

(26-04-05)

# ਆਓ ਕਾਬਲੀ ਸਿੱਖਾਂ ਤੋਂ ਕੁਝ ਸਿੱਖੀਏ !

ਮੈਨੂੰ ਸਿੱਖ ਫਾਊਂਡੇਸ਼ਨ ਲੰਡਨ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਤੇ ਲੈਕਚਰ ਕਰਨ ਲਈ ਉਚੇਚਾ ਬੁਲਾਇਆ ਗਿਆ। ਹਾਲਾਂਕਿ ਪਾਰਲੀਮੈਂਟ ਦਾ ਸਰਦ ਰੁੱਤ ਦਾ ਇਜਲਾਸ 23 ਨਵੰਬਰ ਤੋਂ ਆਰੰਭ ਹੋਣਾ ਸੀ ਮੈਂ ਫਿਰ ਵੀ 19 ਨਵੰਬਰ ਨੂੰ ਲੰਡਨ ਪੁੱਜਾ ਗਿਆ। ਜਦ ਹੀਥਰੋ ਹਵਾਈ ਅੱਡੇ ਤੇ ਉਤਰਿਆ ਤਾਂ ਸਰਦੀ ਦਾ ਤਾਪਮਾਨ 6 ਡਿਗਰੀ ਸੈਲਸੀਅਸ ਸੁਣਕੇ ਅਚੰਭਾ ਹੋਇਆ। ਇਤਨੀ ਠੰਡ ਦਾ ਅੰਦਾਜ਼ਾ ਨਹੀਂ ਸੀ। ਬਾਹਰ ਆ ਕੇ ਵੇਖਿਆ ਤਾਂ ਪੰਜ ਕਾਲੀਆਂ ਪਗੜੀਆਂ ਵਾਲੇ ਕਾਬਲੀ ਸਰਦਾਰ ਫੁੱਲਾਂ ਦੇ ਹਾਰ ਲਈ ਖੜੇ ਹਨ। ਉਹਨਾਂ ਮੇਰਾ ਨਾਂ ਪੁਛਕੇ ਛੇਤੀ-ਛੇਤੀ ਹਾਰ ਗਲ ਵਿਚ ਪਾ ਦਿੱਤੇ ਤੇ ਫਤਹਿ ਬੁਲਾਈ। ਸਰਦੀ ਭੁੱਲ ਗਈ ਤੇ ਖੁਸ਼ੀ ਵੀ ਹੋਈ ਕਿ ਉਹ ਮੇਰਾ ਸਵਾਗਤ ਕਰਨ ਲਈ ਆਏ ਹਨ। ਉਹਨਾਂ ਮੈਨੂੰ ਪੱਕਾ ਕੀਤਾ ਕਿ ਮੈਂ ਐਤਵਾਰ ਉਹਨਾਂ ਵੱਲੋਂ ਸਥਾਪਤ ਗੁਰਦੁਆਰਾ "ਗੁਰੂ ਨਾਨਕ ਦਰਬਾਰ", ਸਾਊਥ ਹਾਲ ਜ਼ਰੂਰ ਆਵਾਂ। ਉਹਨਾਂ ਦਾ ਪਿਆਰ ਵੇਖਕੇ ਮੈਂ ਹਾਂ ਕਰ ਦਿੱਤੀ।

ਪਾਠਕਾਂ ਦੇ ਗਿਆਤ ਲਈ ਲਿਖ ਦੇਵਾਂ ਕਿ ਅਫ਼ਗਾਨਿਸਤਾਨ ਵਿਚ ਸਦੀਆਂ ਤੋਂ ਹਿੰਦੂ-ਸਿੱਖ ਰਹਿ ਰਹੇ ਸਨ। ਗੁਰੂ ਨਾਨਕ ਦੇਵ ਜੀ ਮੱਕਾ ਤੋਂ ਵਾਪਸ ਆਉਂਦੇ ਹੋਏ ਅਫ਼ਗਾਨਿਸਤਾਨ ਆਏ ਸਨ। ਉਹਨਾਂ ਦੀ ਯਾਦ ਵਿਚ ਕਾਬਲ, ਕੰਧਾਰ, ਜਲਾਲਾਬਾਦ ਤੇ ਸੁਲਤਾਨਪੁਰ ਵਿਚ ਇਤਿਹਾਸਕ ਗੁਰਦੁਆਰੇ ਕਾਇਮ ਹਨ। ਖਾਸ ਕਰਕੇ ਸ੍ਰੀ ਚਸ਼ਮਾ ਸਾਹਿਬ ਗੁਰਦੁਆਰਾ ਬੜਾ ਪ੍ਰਸਿੱਧ ਹੈ ਅਤੇ ਕਾਬਲ ਸ਼ਹਿਰ ਵਿਚ 7 ਇਤਿਹਾਸਕ ਗੁਰਦੁਆਰੇ ਮੌਜੂਦ ਹਨ ਜਿਨ੍ਹਾਂ ਵਿਚੋਂ ਕੁਝ ਦੀਆਂ ਇਮਾਰਤਾਂ ਵੇਖਣਯੋਗ ਹਨ ਅਤੇ ਅਫਗਾਨ ਜੰਗ ਸਮੇਂ ਬਹੁਤ ਸਾਰੇ ਗੁਰਦੁਆਰਿਆਂ ਦੀਆਂ ਇਮਾਰਤਾਂ ਨੂੰ ਨੁਕਸਾਨ ਪੁੱਜਾ ਸੀ। ਮੈਂ ਇਹਨਾਂ ਗੁਰਦੁਆਰਿਆਂ ਬਾਰੇ ਇਕ ਕਿਤਾਬ ਜੋ ਸ੍ਰ: ਖਜਿੰਦਰ ਸਿੰਘ ਖੁਰਾਣਾ ਨੇ ਲਿਖੀ ਹੈ, ਪੜ੍ਹੀ ਹੈ। ਇਸਦਾ ਵੇਰਵਾ ਲੜੀਵਾਰ 'ਅਜੀਤ' ਅਖਬਾਰ ਨੇ ਵੀ ਛਾਪਿਆ ਸੀ। ਬਾਦਸ਼ਾਹ ਜਾਹਿਰ ਸ਼ਾਹ ਦੇ ਰਾਜ ਕਾਲ ਤਕ ਅਫਗਾਨਿਸਤਾਨ ਵਿਚ ਸਿੱਖ-ਹਿੰਦੂ ਹਰ ਇਕ ਸ਼ਹਿਰ ਕਸਬੇ ਵਿਚ ਸਤਿਕਾਰ ਸਹਿਤ ਧਾਰਮਿਕ ਆਜ਼ਾਦੀ ਨਾਲ ਰਹਿ ਰਹੇ ਸਨ। ਦਸ ਸਾਲ ਕਮਿਊਨਿਸਟਾਂ ਦੇ ਰਾਜ ਸਮੇਂ ਵੀ ਉਸਨੂੰ ਹੋਰ ਧਾਰਮਿਕ ਆਜ਼ਾਦੀ ਮਿਲੀ ਅਤੇ ਬੜੇ ਵੱਡੇ ਆਲੀਸ਼ਾਨ ਗੁਰਦੁਆਰੇ ਭਾਰਤ ਦੀ ਤਰ੍ਹਾਂ ਬਣਾਏ ਗਏ। ਜਦੋਂ ਡਾ. ਨਜੀਬੁਲਾ ਦਾ ਰਾਜ ਗਿਆ ਤਾਂ ਫਿਰਕਾ-ਪ੍ਰਸਤ ਰਾਜ ਆ ਗਿਆ। ਅਖੀਰ ਪਾਕਿਸਤਾਨ ਦੀ ਮਦਦ ਨਾਲ ਤਾਲੇਬਾਨ ਦਾ ਕਬਜ਼ਾ ਹੋ ਗਿਆ। ਉਹਨਾਂ ਸਾਰੇ ਗੈਰ- ਮੁਸਲਮਾਨਾਂ ਨੂੰ ਬੇਹੱਦ ਤੰਗ ਕੀਤਾ। ਹੌਲੀ-ਹੌਲੀ ਸਾਰੇ ਸਿੱਖ ਤੇ ਹਿੰਦੂ ਜੋ ਆਮ ਕਰਕੇ ਦੁਕਾਨਦਾਰ ਸਨ, ਉਥੋਂ ਕੱਢ ਦਿੱਤੇ ਗਏ, ਘਰ ਲੁੱਟ ਲਏ ਗਏ, ਗੁਰਦੁਆਰੇ ਸਾੜ ਦਿੱਤੇ ਗਏ। ਇਹ ਵਿਚਾਰੇ ਰਫਿਊਜੀ ਹੋ ਕੇ ਉਥੋਂ ਨਿਕਲਣ ਤੇ ਮਜ਼ਬੂਰ ਹੋਏ। ਤਕਰੀਬਨ 20 ਹਜ਼ਾਰ ਦਿੱਲੀ ਆ ਗਏ, ਕੋਈ 10 ਹਜ਼ਾਰ ਲੰਡਨ ਚਲੇ ਗਏ, ਕਈ ਯੂਰਪ ਗਏ, ਇਹ ਹੁਣ 10 ਸਾਲ ਤੋਂ ਬਾਹਰ ਬੈਠੇ ਹਨ।

ਜੋ ਭਾਰਤ ਆਏ ਉਹਨਾਂ ਦੀ ਸਰਕਾਰ ਨੇ ਕੋਈ ਖਾਸ ਮਦਦ ਨਾ ਕੀਤੀ। ਇਹ ਬਿਨਾ ਪਾਸਪੋਰਟ ਤੇ ਵੀਜ਼ੇ ਦੇ ਰਹਿ ਰਹੇ ਹਨ। ਤਿਲਕ ਨਗਰ ਅਤੇ ਗ੍ਰੇਟਰ ਕੈਲਾਸ਼-ਟੂ ਵਿਚ ਇਹਨਾਂ ਦਾ ਦਿੱਲੀ ਵਿਚ ਵਾਸਾ ਹੈ। ਬੜੇ ਲੀਡਰਾਂ ਕੋਲ ਗਏ ਪਰ ਕੋਈ ਵਾਹ ਨਾ ਚੱਲੀ। ਪੁਲਿਸ ਤੰਗ ਕਰਦੀ ਸੀ ਅਤੇ ਪੈਸੇ ਖਾਂਦੀ ਸੀ। ਇਕ ਵਾਰ ਮੇਰੇ ਕੋਲ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਦਫ਼ਤਰ ਵਿਚ ਆਏ ਤੇ ਸਾਰੀ ਵਾਰਤਾ ਸੁਣਾਈ। ਮੈਂ ਕਮਿਸ਼ਨ ਵੱਲੋਂ ਇਹਨਾਂ ਦਾ ਕੇਸ ਲਿਆ ਤੇ ਕਈ ਮੀਟਿੰਗਾਂ ਸਰਕਾਰ ਨਾਲ ਕੀਤੀਆਂ। ਅਖੀਰ ਸ੍ਰੀ ਐਲ.ਕੇ ਅਡਵਾਨੀ, ਗ੍ਰਹਿ ਮੰਤਰੀ ਨੂੰ ਮਿਲੇ। ਮੈਂ ਪਾਰਲੀਮੈਂਟ ਵਿਚ ਦੋ ਵਾਰੀ ਇਨ੍ਹਾਂ ਦਾ ਮਸਲਾ ਉਠਾਇਆ। ਸਰਕਾਰ ਇਨ੍ਹਾਂ ਨੂੰ ਵਾਪਸ ਕਾਬਲ ਭੇਜਣਾ ਚਾਹੁੰਦੀ ਹੈ। 2 ਕਰੋੜ ਬੰਗਲਾਦੇਸ਼ੀ ਭਾਰਤ ਵਸ ਸਕਦੇ ਹਨ ਪਰ 20 ਹਜ਼ਾਰ ਅਫ਼ਗਾਨੀ ਸਿੱਖ-ਹਿੰਦੂ ਨਹੀਂ! ਇਹ ਸਰਕਾਰ ਦੀ ਪਾਲਿਸੀ ਹੈ?

ਮੈਂ ਲੰਡਨ ਦੇ ਗੁਰਦੁਆਰਾ ਗਿਆਨ ਪ੍ਰਕਾਸ਼, ਸਾਊਥ ਹਾਲ ਆਪਣੀ ਲੜਕੀ ਡਾਕਟਰ ਜੋਤਿਕਾ ਤੇ ਜਵਾਈ ਡਾ. ਮਨਦੀਪ ਸਿੰਘ ਦੇ ਨਾਲ ਜੋ ਲੰਡਨ ਵਿਚ ਰਹਿੰਦੇ ਹਨ, ਪੁੱਜ ਗਿਆ। ਪਹਿਲਾਂ ਸਭ ਤੋਂ ਮਹਿੰਗੇ ਗੁਰਦੁਆਰੇ ਸਾਊਥ ਹਾਲ ਗਿਆ। ਇਹ ਬੜਾ ਹੀ ਵੱਡਾ ਤੇ ਖੂਬਸੂਰਤ ਗੁਰਦੁਆਰਾ ਹੈ। ਵੱਡੀ ਗਿਣਤੀ ਵਿਚ ਯਾਤਰੀ ਇਸਨੂੰ ਵੇਖਣ ਲਈ ਆਉਂਦੇ ਹਨ। ਕਾਬਲੀ ਸਿੱਖਾਂ ਨੇ ਸਾਊਥ ਹਾਲ ਵਿਚ ਇਕ ਹਾਲ ਖਰੀਦ ਕੇ ਪਹਿਲੀ ਮੰਜ਼ਿਲ ਤੇ ਗੁਰਦੁਆਰਾ ਬਣਾਇਆ ਹੈ। ਜਦ ਮੈਂ ਉੱਥੇ ਪਹੁੰਚਿਆ ਤਾਂ ਸ੍ਰ: ਨਾਨਕ ਸਿੰਘ ਪਰਦੇਸੀ ਦਾ ਜਥਾ ਰੱਬੀ ਕੀਰਤਨ ਲੋ ਵਿਚ ਕਰ ਰਿਹਾ ਸੀ, ਬੜਾ ਆਨੰਦ ਆਇਆ। ਸਾਰੇ ਕਾਬਲੀ ਪੂਰੇ ਗੁਰ-ਸਿੱਖ ਹੈ। ਕੋਈ ਪਤਿਤ ਨਹੀਂ। ਕਾਲੀ ਪਗੜੀ ਬੰਨਦੇ ਹਨ। ਅਥਾਹ ਸ਼ਰਧਾ ਹੈ। ਪੰਜਾਬੀ ਸਿੱਖਾਂ ਵੱਲ ਵੇਖੀਏ ਤਾਂ ਸ਼ਰਮ ਆਉਂਦੀ ਹਨ। ਪਤਿਤਪੁਣਾ ਜੋਬਨ ਤੇ ਹੈ। ਟਾਂਵਾਂ-ਟਾਂਵਾਂ ਪਗੜੀ ਵਾਲਾ ਨਜ਼ਰ ਆਉਂਦਾ ਹੈ, ਉਹ ਵੀ ਬਜ਼ੁਰਗ। ਨੌਜਵਾਨ ਤਾਂ ਸ਼ਾਇਦ ਹੀ ਕੋਈ ਹੋਵੇ, ਜੇ ਹੈ ਤਾਂ ਕੇਵਲ ਦੁਕਾਨਦਾਰ ਸਿੱਖ ਤਬਕੇ ਤੋਂ। ਕਾਬਲੀਆਂ ਨੇ ਪੰਜ ਸਾਲਾਂ ਵਿਚ ਇਕ ਹੋਰ ਮੱਲ ਮਾਰੀ ਹੈ। ਸਾਰਾ ਸਾਊਥ ਹਾਲ ਦਾ ਵੱਡਾ ਬਾਜ਼ਾਰ ਜਿਸਨੂੰ ਬਰਾਡਵੇ ਆਖਦੇ ਹਨ, ਉਹਨਾਂ ਲੈ ਕੇ ਉਸਨੂੰ ਸਿੱਖ ਬਾਜ਼ਾਰ ਬਣਾ ਦਿੱਤਾ ਹੈ। ਹਰ ਦੁਕਾਨ ਜੋ ਪਹਿਲਾਂ ਮੁਸਲਮਾਨ ਕੋਲ ਸੀ, ਹੁਣ ਪਗੜੀ ਵਾਲੇ ਸਰਦਾਰ ਦੀ ਹੈ। ਸਾਊਥ ਹਾਲ ਸਹੀ ਰੂਪ ਵਿਚ ਇਹਨਾਂ ਸਿੱਖ ਇਲਾਕਾ ਬਣਾ ਕੇ ਵਿਖਾ ਦਿੱਤਾ ਹੈ। ਸ੍ਰ: ਗੁਰਦੀਪ ਸਿੰਘ ਸੰਧੂ, ਐਡੀਟਰ, 'ਪੰਜਾਬ ਮੇਲ' ਨੇ ਮੈਨੂੰ ਜਾ ਕੇ ਵਿਖਾਇਆ ਕਿ ਫੋਰੈਸਟ ਗੇਟ ਦੇ ਬਾਜ਼ਾਰ ਵਿਚ ਵੀ ਅਫਗਾਨੀ ਸਿੱਖਾਂ ਨੇ ਬੜੀਆਂ ਦੁਕਾਨਾਂ ਖੋਲ੍ਹ ਲਈਆਂ ਹਨ। ਕਿਤਨੀ ਹਿੰਮਤ ਹੈ ਤੇ ਆਪਸੀ ਏਕਤਾ ਹੈ ਕਿ ਰਫਿਊਜੀ ਹੋ ਕੇ ਇਹ ਕ੍ਰਿਸ਼ਮਾ ਕੀਤਾ ਹੈ। ਵਲੈਤ ਵਿਚ ਇਕ ਮਾੜੀ ਬੀਮਾਰੀ ਸੀ ਕਿ ਮੁਸਲਮਾਨ ਲੜਕੇ ਮਿਥਕੇ ਸਿੱਖ ਕੁੜੀਆਂ ਨਾਲ ਸ਼ਾਦੀ ਕਰਵਾਉਂਦੇ ਸਨ। ਸ੍ਰ: ਰਣਧੀਰ ਸਿੰਘ ਸਿੱਧੂ ਬਰਮਿੰਘਮ ਵਾਲੇ ਅਤੇ ਠੇਕੇਦਾਰ ਸ੍ਰ: ਜਸਵੰਤ ਸਿੰਘ ਨੇ ਦਸਿਆ ਕਿ ਕਾਬਲੀ ਸਿੱਖਾਂ ਨੇ ਦੁਕਾਨਾਂ ਸੰਭਾਲਕੇ ਇਹ ਗੰਦੀ ਖੇਡ ਬੰਦ ਕਰਵਾਉਣ ਵਿਚ ਵੱਡਾ ਹਿੱਸਾ ਪਾਇਆ ਹੈ।

ਮੈਨੂੰ ਇਹ ਜਾਣਕੇ ਬੜੀ ਖੁਸ਼ੀ ਹੋਈ ਹੈ ਕਿ ਅਫਗਾਨੀ ਸਿੱਖ ਜਿਥੇ ਵੀ ਗਏ ਹਨ ਉਹਨਾਂ ਨੇ ਪਹਿਲਾਂ ਗੁਰ ਅਸਥਾਨ ਸਥਾਪਤ ਕੀਤੇ ਹਨ ਅਤੇ ਨਾਲ ਹੀ ਮੈਨੂੰ ਇਹ ਵੀ ਜਾਣਕੇ ਖੁਸ਼ੀ ਹੋਈ ਹੈ ਕਿ ਉਹਨਾਂ ਵੱਲੋਂ ਇਕ ਗੁਰਦੁਆਰਾ ਮਾਸਕੋ (ਰੂਸ) ਵਿਚ ਸਥਾਪਤ ਕੀਤਾ ਗਿਆ ਹੈ, ਜਿਸ ਦਾ ਇਸ ਸਾਲ ਸਤੰਬਰ ਦੇ ਮਹੀਨੇ ਵਿਚ ਗੁਰੂ ਗ੍ਰੰਥ ਸਾਹਿਬ ਦੇ 401ਵੇਂ ਪ੍ਰਕਾਸ਼ ਦਿਵਸ ਦੇ ਦਿਵਸ ਦੇ ਮੌਕੇ ਤੇ ਉਦਘਾਟਨ ਕੀਤਾ ਗਿਆ ਜੋ ਆਪਣੇ ਆਪ

ਵਿਚ ਸਿੱਖਾਂ ਲਈ ਬਹੁਤ ਵੱਡੀ ਉਪਲਬਧੀ ਹੈ ਜੋ ਪੂਰੇ ਪੂਰਬੀ ਯੂਰਪ ਮੌਜੂਦਾ ਰੂਸ ਤੇ ਸੋਵੀਅਤ ਤੋਂ ਅਲੱਗ ਹੋਏ ਦੇਸ਼ਾਂ ਵਿਚ ਇਹ ਪਹਿਲਾ ਗੁਰੂ ਅਸਥਾਨ ਹੈ। ਇਹ ਬੜੇ ਚਿਰ ਤੋਂ ਘਾਟ ਮਹਿਸੂਸ ਹੁੰਦੀ ਸੀ ਜੋ ਅਫਗਾਨੀ ਸਿੱਖਾਂ ਦੀ ਬਦੌਲਤ ਪੂਰੀ ਹੋਈ ਹੈ।

ਸ: ਗਜਿੰਦਰ ਸਿੰਘ ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਜੋ ਅਫਗਾਨਿਸਤਾਨ ਦੇ ਮੈਂਬਰ ਪਾਰਲੀਮੈਂਟ ਹੁੰਦੇ ਸਨ ਨੇ ਗੁਰਦੁਆਰੇ ਵਿਚ ਮੇਰੀ ਅਫਗਾਨਿਸਤਾਨ ਦੇ ਸਿੱਖਾਂ ਲਈ ਕੀਤੀ ਸੇਵਾ ਦਾ ਜ਼ਿਕਰ ਕੀਤਾ, ਉਹਨਾਂ ਨੇ ਦਸਿਆ ਕਿ ਮੇਰੀ ਹਿੰਮਤ ਨਾਲ ਹੁਣ ਕਾਬਲੀ ਸਿਖਾਂ ਨੂੰ ਭਾਰਤ ਜਾਣ ਲਈ ਵੀਜ਼ਾ ਮਿਲ ਰਿਹਾ ਹੈ ਤੇ ਭਾਰਤ ਤੋਂ ਵੀ ਇਹ ਸਿੱਖ ਲੰਡਨ ਆ ਸਕਦੇ ਹਨ। ਆਪਣੇ ਹਾਲਾਤ ਦੱਸੇ ਕਿ ਉਹਨਾਂ ਨੂੰ ਵੀ ਬ੍ਰਿਟਿਸ਼ ਸਰਕਾਰ ਦੀ ਮਦਦ ਦੀ ਲੋੜ ਹੈ। 5 ਹਜ਼ਾਰ ਅਫਗਾਨੀਆਂ ਨੂੰ ਇੰਗਲੈਂਡ ਦੇ ਪੱਕੇ ਸ਼ਹਿਰੀ ਹੋਣ ਦਾ ਹੱਕ ਮਿਲ ਗਿਆ ਹੈ, ਕੇਵਲ 2 ਹਜ਼ਾਰ ਕੇਸ ਵਿਚਾਰ ਅਧੀਨ ਹਨ। ਉਹਨਾਂ ਨੇ ਸਾਰੇ ਪ੍ਰੋਗਰਾਮ ਬਾਰੇ ਮੈਨੂੰ ਦੱਸਿਆ। ਮੇਰੇ ਲਈ ਸਾਧ ਸੰਗਤ ਨੇ ਅਰਦਾਸ ਕੀਤੀ, ਮੈਂ ਬੜਾ ਹੀ ਕਿਰਤਾਰਥ ਮਹਿਸੂਸ ਕੀਤਾ ਕਿ ਕਿਵੇਂ ਇਹ ਮੇਰੇ ਵਲੋਂ ਕੀਤੇ ਕੰਮ ਦੀ ਕਦਰ ਕਰ ਰਹੇ ਹਨ। ਮੈਂ ਆਪਣੇ ਭਾਸ਼ਨ ਵਿਚ ਉਹਨਾਂ ਨੂੰ ਯਕੀਨ ਦਵਾਇਆ ਕਿ ਮੈਂ ਉਹਨਾਂ ਦੀ ਪੂਰੀ ਮਦਦ ਕਰਦਾ ਰਹਾਂਗਾ। ਇਹ ਵੀ ਕਿਹਾ ਕਿ ਕਾਬਲੀ ਸਿੱਖਾਂ ਤੋਂ ਲੰਡਨ ਵਸਦੇ ਪੰਜਾਬੀ ਸਿੱਖ ਵੀ ਸਿੱਖਿਆ ਲੈਣ ਤੇ ਸਿੱਖੀ ਸਰੂਪ ਵਿਚ ਵਾਪਸ ਆਉਣ। ਮੈਂ ਉਹਨਾਂ ਦੇ ਗੁਰੂ ਤੇ ਵਿਸ਼ਵਾਸ਼ ਦੀ ਸਰਾਹਨਾ ਕੀਤੀ। ਉਹ ਉਜੜਕੇ ਵੀ ਗੁਰੂ ਨਾਨਕ ਦੀ ਬਖਸ਼ਿਸ਼ ਦੇ ਆਭਾਰੀ ਹਨ। ਅਫਗਾਨ ਸਿੱਖ ਯੂਰਪ, ਲੰਡਨ, ਅਮਰੀਕਾ ਆਦਿ ਜਿਥੇ ਵੀ ਗਏ, ਹਰ ਤਰ੍ਹਾਂ ਦੀਆਂ ਮੁਸ਼ਕਲਾਂ ਦੇ ਬਾਵਜੂਦ ਉਹਨਾਂ ਨੇ ਆਪਣੇ ਆਪ ਨੂੰ ਸਣੇ ਪਰਿਵਾਰ ਸਾਬਤ-ਸੂਰਤ ਰੱਖਿਆ। ਕਾਸ਼! ਆਮ ਸਿੱਖ ਵੀ ਕੁਝ ਸਮਝ ਸਕੇ ਅਤੇ ਸਿੱਖੀ ਦੇ ਰਾਹ ਵੱਲ ਮੁੜ ਆਵੇ। ਵਾਹਿਗੁਰੂ ਭਲਾ ਕਰੇ।

# ਵਿੱਦਿਆ ਤੇ ਸਿੱਖ- ਕੀ ਕੀਤਾ ਜਾਵੇ ?

ਸਿੱਖ ਸਕੂਲ ਅਤੇ ਕਾਲਜਾਂ ਦੀ ਹੋਂਦ 1890 ਤੋਂ ਆਰੰਭ ਹੋਈ। ਉਸ ਵਕਤ ਕੁਝ ਸਿੱਖ ਵਿਦਵਾਨਾਂ ਜੋ ਕਿ ਰੱਜਦੇ-ਪੁੱਜਦੇ ਘਰਾਂ ਵਿਚੋਂ ਸਨ, ਨੇ ਇਸ ਲਹਿਰ ਲਈ ਉੱਦਮ ਕੀਤਾ। ਬੜੀ ਹੈਰਾਨਗੀ ਹੈ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਦੀ ਕਾਂਸ਼ੀ ਸਥਾਪਿਤ ਕੀਤੀ, ਸਿੱਖਾਂ ਨੂੰ ਬਨਾਰਸ ਭੇਜ ਕੇ ਵਿਦਿਆਰਥੀਆਂ ਵਾਂਗੂੰ ਗਿਆਨ ਪ੍ਰਾਪਤ ਕਰਵਾਇਆ ਪਰ ਉਨ੍ਹਾਂ ਤੋਂ ਪਿੱਛੇ ਹਾਲਾਤ ਐਸੇ ਰਹੇ ਜੋ ਉਸ ਸਾਰੀ ਸਦੀ ਵਿਚ ਵਿੱਦਿਆ ਬਾਰੇ ਕੁਝ ਨਾ ਹੋ ਸਕਿਆ। ਕਿਤਨੇ ਦੁੱਖ ਦੀ ਗੱਲ ਹੈ ਜੋ 1799 ਵਿਚ ਸਿੱਖ ਰਾਜ ਲਾਹੌਰ ਵਿਚ ਸਥਾਪਿਤ ਹੋਇਆ ਤੇ 50 ਸਾਲ ਚਲਿਆ। ਉਸ ਵਿਚ ਕਿਧਰੇ ਵੀ ਇਤਿਹਾਸਕਾਰਾਂ ਨੇ ਕਿਸੀ ਵਿਦਿਅਕ ਸੰਸਥਾ ਨੂੰ ਸਥਾਪਿਤ ਕਰਨ ਜਾਂ ਵਿੱਦਿਆ ਬਾਰੇ ਕੋਈ ਉਪਰਾਲਾ ਕਰਨ ਦਾ ਵਰਣਨ ਨਹੀਂ ਕੀਤਾ। ਇਸ ਅਨੁਸਾਰ ਇੰਝ ਲੱਗਦਾ ਹੈ ਕਿ ਸਿੱਖ ਇਤਿਹਾਸ ਦੇ ਸੁਨਹਿਰੀ ਸਮੇਂ ਸਿੱਖ ਰਾਜਿਆਂ ਨੇ ਵਿੱਦਿਆ ਨੂੰ ਕੋਈ ਮਹੱਤਤਾ ਨਹੀਂ ਦਿੱਤੀ। 1800 ਤੋਂ ਲੈ ਕੇ 1890 ਤੱਕ, 90 ਸਾਲ ਫਿਰ ਸਾਡੇ ਆਪਣੀ ਅਣਗਹਿਲੀ ਦੇ ਗਿਣੇ ਜਾਣੇ ਰਹੇ । 1900 ਤੋਂ ਲੈ ਕੇ 1947 ਤਕ ਜਦੋਂ ਭਾਰਤ ਆਜ਼ਾਦ ਹੋਇਆ, ਵਿੱਦਿਆ ਲਈ ਬੜੇ ਸਿੱਖ ਅਦਾਰੇ ਸਾਹਮਣੇ ਆਏ ਅਤੇ ਪੰਜਾਬ ਤੋਂ ਬਾਹਰ ਵੀ ਜਿੱਥੇ ਸਿੱਖ ਵਸੋਂ ਸੀ ਉੱਥੇ ਸੰਗਤਾਂ ਨੇ ਇਹ ਸਥਾਪਿਤ ਕੀਤੇ, ਸਿੱਖ ਲੜਕੀਆਂ ਦੀ ਵਿੱਦਿਆ ਲਈ ਫਿਰੋਜ਼ਪੁਰ, ਕੈਰੋਂ ਅਤੇ ਜਗਰਾਵਾਂ ਦੇ ਨੇੜੇ ਸਿਧਵਾਂ ਵਿਖੇ ਕਾਲਜ ਸਥਾਪਿਤ ਕੀਤੇ ਗਏ ਜਿਨ੍ਹਾਂ ਦਾ ਮਿਆਰ ਵੀ ਬੜਾ ਉੱਚਾ ਸੀ। 1935 ਵਿਚ ਬੰਬਈ ਖਾਲਸਾ ਕਾਲਜ, ਸ੍ਰੀ ਨਨਕਾਣਾ ਸਾਹਿਬ ਗੁਰਦਆਰਾ ਦੀ ਸਹਾਇਤਾ ਨਾਲ ਖੋਲ੍ਹਿਆ ਗਿਆ।

ਆਜ਼ਾਦੀ ਮਿਲਣ ਪਿੱਛੋਂ ਸਿੱਖਾਂ ਦੀ ਬਹੁਤ ਵੱਡੀ ਗਿਣਤੀ ਪਾਕਿਸਤਾਨ ਤੋਂ ਆ ਕੇ ਸਾਰੇ ਦੇਸ਼ ਵਿਚ ਵਸ ਗਈ। 10-15 ਸਾਲਾਂ ਵਿਚ ਸਿੱਖਾਂ ਨੇ ਆਪਣੀ ਆਰਥਿਕ ਸਥਿਤੀ ਮਜ਼ਬੂਤ ਕੀਤੀ ਅਤੇ ਉਨ੍ਹਾਂ ਵਿੱਦਿਆ ਦੇ ਪ੍ਰਸਾਰ ਲਈ ਪੂਰਾ ਯਤਨ ਕੀਤਾ। ਅੱਜ ਕੋਈ ਵੀ ਐਸੀ ਥਾਂ ਭਾਰਤ ਵਿਚ ਨਹੀਂ ਜਿੱਥੇ ਸਿੱਖ ਰਹਿੰਦੇ ਹੋਣ ਤੇ ਉੱਥੇ ਖਾਲਸਾ ਸਕੂਲ ਨਾ ਹੋਣ। ਮਦਰਾਸ ਵਿਚ ਗੁਰੂ ਨਾਨਕ ਦੇਵ ਕਾਲਜ 1970 ਵਿਚ ਸ੍ਰ.ਉਜਲ ਸਿੰਘ, ਗਵਰਨਰ, ਤਾਮਿਲਨਾਡੂ ਦੀ ਹਿੰਮਤ ਨਾਲ ਚਾਲੂ ਹੋਇਆ। ਸਿੱਖਾਂ ਨੂੰ ਰੱਬ ਨੇ ਇਹ ਸ਼ਕਤੀ ਦਿੱਤੀ ਹੈ ਕਿ ਜਿੱਥੇ ਉਹ ਵਧੀਆ ਗੁਰਦਆਰਾ ਬਣਾਉਂਦੇ ਹਨ ਉੱਥੇ ਨਾਲ ਹੀ ਸਕੂਲ ਚਲਾ ਦਿੰਦੇ ਹਨ। ਪੰਜਾਬ ਵਿਚ ਜਿਤਨੇ ਸਕੂਲ ਹਨ ਉੱਥੇ ਕਾਲਜ ਬਣ ਗਏ ਅਤੇ ਅੱਜ ਪੰਜਾਬ 'ਚ ਕਿਧਰੇ ਵੀ ਜਾਓ, ਹਰ ਇਲਾਕੇ ਵਿਚ ਡਿਗਰੀ ਕਾਲਜ ਬਣੇ ਹੋਏ ਹਨ। ਇਹ ਕਾਲਜ ਇਕ ਦੂਜੇ ਤੋਂ 25-30 ਮੀਲ ਦੀ ਦੂਰੀ 'ਤੇ ਮਿਲ ਜਾਂਦੇ ਹਨ।

ਇਹ ਸਾਡੇ ਵੇਖਣ ਵਿਚ ਆਇਆ ਹੈ ਅਤੇ ਇਸ ਗੱਲ ਦੀ ਚਰਚਾ ਹੈ ਕਿ ਸਿੱਖ ਵਿੱਦਿਅਕ ਸੰਸਥਾਵਾਂ ਦੀ ਗਿਣਤੀ ਭਾਵੇਂ ਜ਼ਿਆਦਾ ਹੈ ਪਰ ਇਨ੍ਹਾਂ ਰਾਹੀਂ ਸਿੱਖੀ ਦਾ ਫੈਲਾਓ ਜਾਂ ਸਿੱਖ ਰਹਿਤ ਮਰਿਆਦਾ ਦੀ ਸੰਭਾਲ ਬਹੁਤ ਘੱਟ ਹੈ। ਕਾਲਜਾਂ ਵਿਚ ਸਟਾਫ ਆਮ ਤੌਰ ਤੇ ਕਈ ਭਾਵਨਾਵਾਂ ਕਰਕੇ ਸਿੱਖੀ ਤੋਂ ਦੂਰ ਭੱਜਦਾ ਹੈ। ਪਤਿਤ ਸਿੱਖਾਂ ਦੀ ਗਿਣਤੀ ਵਧ ਰਹੀ

ਹੈ। ਇਨ੍ਹਾਂ ਵਿੱਦਿਅਕ ਸੰਸਥਾਵਾਂ ਦੇ ਸਟਾਫ ਵਲੋਂ ਵਚਨ-ਬੱਧਤਾ ਬੜੀ ਘੱਟ ਹੈ। ਅਸੀਂ ਈਸਾਈਆਂ ਦੇ ਪਬਲਿਕ ਸਕੂਲਾਂ ਦੀ ਚੜ੍ਹਤ ਵੇਖ ਦੇ ਹਰ ਥਾਂ ਪਬਲਿਕ ਸਕੂਲ ਵੀ ਖੋਲ੍ਹ ਦਿੱਤੇ ਹਨ। ਪਰ ਉਨ੍ਹਾਂ ਦਾ ਮਿਆਰ ਬਹੁਤ ਘੱਟ ਹੈ। ਸਿੱਖ ਸਕੂਲ ਤੇ ਕਾਲਜ ਆਪਣੇ ਰਾਹੀਂ ਸਿਵਲ ਸੇਵਾਵਾਂ ਵਿਚ ਸਿੱਖ ਉਮੀਦਵਾਰਾਂ ਨੂੰ ਕਾਮਯਾਬ ਕਰਨ ਲਈ ਅਸਮਰੱਥ ਰਹੇ ਹਨ। ਹਰ ਸਾਲ ਜੋ I.A.S, I.F.S ਜਾਂ ਹੋਰ ਸਿਵਲ ਸੇਵਾਵਾਂ ਦੀ ਲਿਸਟ ਨਿਕਲਦੀ ਹੈ ਉਸ ਤੋਂ ਅੰਦਾਜ਼ਾ ਲਗਾਓ ਕਿ ਕਿਤਨੇ ਸਿੱਖ ਪਾਸ ਹੁੰਦੇ ਹਨ! ਇੰਝ ਹੀ ਇੰਜੀਨੀਅਰ, ਡਾਕਟਰ, ਟੈਕਨੋਕਰੈਟ ਬਣਾਉਣ ਵਿਚ ਸਾਡੇ ਸਕੂਲ ਕਿਤਨਾ ਹਿੱਸਾ ਪਾ ਰਹੇ ਹਨ। ਸਕੂਲ ਬਣਾ ਲੈਣ, ਸਟਾਫ ਭਰਤੀ ਕਰ ਲੈਣਾ ਅਤੇ ਇਹ ਕਹਿ ਦੇਣਾ ਕਿ ਸਕੂਲ ਚਲਾ ਦਿੱਤਾ ਹੈ, ਇਸ ਨੂੰ ਕਾਮਯਾਬੀ ਨਾ ਸਮਝਿਆ ਜਾਵੇ! ਸਕੂਲ ਸਟਾਫ ਤੇ ਕਮੇਟੀ ਕਿਵੇਂ ਕੰਟਰੋਲ ਕਰ ਰਹੀ ਹੈ ਅਤੇ ਕੀ ਉਹ ਪੜ੍ਹਾਉਣ ਵਿਚ ਵੀ ਕਾਮਯਾਬ ਹਨ ਜਾਂ ਉਨ੍ਹਾਂ ਦੇ ਵਿਦਿਆਰਥੀ ਕਿਤਨਾ ਵਧੀਆਂ ਨਤੀਜਾ ਕੱਢਦੇ ਹਨ!

ਵੱਡੀ ਗਿਣਤੀ ਵਿਚ ਖਾਲਸਾ ਸਕੂਲ ਤੇ ਕਾਲਜ ਸਰਕਾਰੀ ਗਰਾਂਟਾਂ ਦੇ ਆਧਾਰ 'ਤੇ ਚੱਲ ਰਹੇ ਹਨ। ਜੇ ਗਰਾਂਟ ਨਾ ਮਿਲੇ ਤਾਂ ਸਕੂਲ ਬੰਦ ਹੋਣ ਦਾ ਡਰ ਰਹਿੰਦਾ ਹੈ। ਹਰ ਕਮੇਟੀ ਇਸੇ ਧਿਆਨ ਵਿਚ ਹੈ ਕਿ ਕਿਵੇਂ ਇਹ ਸਕੂਲ ਸਰਕਾਰੀ ਗਰਾਂਟ ਲਈ ਮਨਜ਼ੂਰ ਹੋ ਜਾਵੇ! ਬਹੁਤੇ ਸਕੂਲਾਂ ਵਿਚ ਤਾਂ ਧਾਰਮਿਕ ਵਿੱਦਿਆ ਦਾ ਕੋਈ ਪ੍ਰਬੰਧ ਹੀ ਨਹੀਂ ਹੈ ਜਿਹੜਾ ਕਿ ਇਕ ਮੁੱਖ ਉਦੇਸ਼ ਹੈ ਸਾਰੀ ਕੌਮ ਦੇ ਸਾਹਮਣੇ। ਧਾਰਮਿਕ ਵਿੱਦਿਆ ਵੱਲ ਬਿਲਕੁਲ ਹੀ ਅਣਗਹਿਲੀ ਵਰਤੀ ਜਾ ਰਹੀ ਹੈ। ਕਾਲਜਾਂ ਵਿਚ ਤਾਂ ਇਹ ਬਿਲਕੁਲ ਖਤਮ ਹੀ ਹੈ। ਲੱਖਾਂ ਰੁਪਏ ਲੈ ਕੇ ਸਕੂਲ ਬਣਾਉਣੇ ਤੇ ਫਿਰ ਉਸ ਵਿਚ ਸਿੱਖੀ ਦਾ ਪ੍ਰਚਾਰ ਨਾ ਹੋਵੇ, ਇਹ ਕੀ ਕਮਾਈ ਹੈ? ਸਾਰੇ ਈਸਾਈ ਸਕੂਲਾਂ ਵਿਚ ਹਰ ਵਿਦਿਆਰਥੀ ਨੂੰ ਈਸਾ ਬਾਰੇ ਪੂਰਾ ਯਕੀਨ ਹੋ ਜਾਂਦਾ ਹੈ ਅਤੇ ਈਸਾਈ ਮੱਤ ਦੀ ਪੂਰੀ ਜਾਣਕਾਰੀ ਹੁੰਦੀ ਹੈ। ਕੀ ਸਾਡੇ ਸਕੂਲ ਏਦਾਂ ਕਰਦੇ ਹਨ? ਜਿਹੜੇ ਸਿੱਖ ਸਕੂਲ ਪੰਜਾਬ ਤੋਂ ਬਾਹਰ ਹਨ ਉਨ੍ਹਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਕਰਕੇ ਗ਼ੈਰ-ਸਿੱਖਾਂ ਦੀ ਹੈ। ਮੈਂ ਮਦਰਾਸ ਖਾਲਸਾ ਕਾਲਜ ਵਿਚ ਵੇਖਿਆ ਹੈ ਕਿ ਸਾਰੇ ਸਟਾਫ ਵਿਚ ਮਸਾਂ ਹੀ ਕੋਈ ਸਿੱਖ ਪ੍ਰੋਫੈਸਰ ਹੈ ਅਤੇ ਵਿਦਿਆਰਥੀਆਂ ਵਿਚ ਵੀ ਸਿੱਖ ਗਿਣੇ-ਚੁਣੇ ਹਨ। ਕਿਤਨੀ ਸ਼ਾਨਦਾਰ ਬਿਲਡਿੰਗ ਥੋੜੀ ਜਿਹੀ ਸਿੱਖ ਆਬਾਦੀ ਦੇ ਉੱਦਮ ਨਾਲ ਉੱਥੇ ਬਣਾਈ ਹੈ! ਜੇ ਇਸ ਕਾਲਜ ਵਿਚ ਸਾਰੇ ਤਾਮਿਲ ਵਿਦਿਆਰਥੀਆਂ ਨੂੰ ਸਿੱਖੀ ਬਾਰੇ ਕੋਈ ਜਾਣਕਾਰੀ ਹੀ ਨਹੀਂ ਤੇ ਇਹ ਰੁਪਿਆ ਸਿੱਖਾਂ ਨੇ ਕਿਸ ਕੰਮ ਲਾਇਆ? ਇੰਝ ਹੀ ਮੁੰਬਈ ਦੇ ਖਾਲਸਾ ਕਾਲਜ ਵਿਚ ਨਜ਼ਰ ਆਉਂਦਾ ਹੈ। ਡੀ.ਏ.ਵੀ. ਕਾਲਜਾਂ ਅਤੇ ਸਕੂਲਾਂ ਦੀ ਇਕੋ ਇਕ ਸੰਸਥਾ ਹੈ ਜੋ ਸਾਰੇ ਭਾਰਤ ਦੇ ਸਕੂਲ ਕਾਲਜਾਂ ਨੂੰ ਕੰਟਰੋਲ ਕਰਦੀ ਹੈ। ਇਸ ਦੀ ਕਮੇਟੀ ਦੇ ਮੈਂਬਰ ਸੁਪਰੀਮ ਕੋਰਟ ਦੇ ਰਿਟਾਇਰਡ ਚੀਫ ਜਸਟਿਸ ਵੀ ਰਹੇ ਹਨ। ਉੱਚ ਕੋਟੀ ਦੇ ਵਿੱਦਿਅਕ ਵਿਦਵਾਨ ਇਸ ਕਮੇਟੀ ਵਿਚ ਹੁੰਦੇ ਹਨ। ਇਸ ਕਮੇਟੀ ਵਿਚ ਕਿਸੇ ਦਾ ਦਖਲ ਨਹੀਂ ਹੁੰਦਾ ਤੇ ਕੋਈ ਰਾਜਸੀ ਪੱਖ ਨਹੀਂ ਪੂਰਿਆ ਜਾਂਦਾ। ਇਹ ਇਕ ਐਸੀ ਕਾਮਯਾਬ ਸੰਸਥਾ ਹੈ ਜਿਸ ਨੇ ਆਪਣੀ ਧਾਂਕ ਸਾਰੇ ਦੇਸ਼ ਵਿਚ ਪਾਈ ਹੈ। ਈਸਾਈ ਮੱਤ ਦੇ ਸਕੂਲਾਂ ਦੀਆਂ ਵੀ ਕੇਂਦਰੀ ਤੇ ਖੇਤਰੀ ਸੰਸਥਾਵਾਂ ਹਨ, ਜੋ ਉਨ੍ਹਾਂ ਦੇ ਚਰਚ ਦੇ ਬਿਸ਼ਪ ਚੁਣਦੇ ਹਨ ਅਤੇ ਉਹ ਖਾਸ ਕਰਕੇ ਅਧਿਆਪਕ ਵੀ ਪਾਦਰੀਆਂ ਵਿਚੋਂ ਲੈਂਦੇ ਹਨ ਤੇ ਉਹ ਪਾਦਰੀਆਂ ਵਾਂਗੂੰ ਹੀ ਰਹਿੰਦੇ ਹਨ ਤੇ ਉਹੋ ਜਿਹੇ ਕੱਪੜੇ ਵੀ ਪਾਉਂਦੇ ਹਨ। ਇਸ ਦੇ ਨਾਲ ਵਿਦਿਆਰਥੀਆਂ ਤੇ ਕਾਫੀ ਪ੍ਰਭਾਵ ਰਹਿੰਦਾ ਹੈ। ਸਾਡੇ ਸਿੱਖਾਂ 'ਚ ਵੀ ਜਦੋਂ ਚੀਫ਼ ਖਾਲਸਾ ਦੀਵਾਨ ਅੱਜ ਤੋਂ ੧੦੦ ਸਾਲ ਪਹਿਲਾਂ ਹੋਂਦ ਵਿਚ ਆਇਆ ਤੇ ਉਨ੍ਹਾਂ ਵਿੱਦਿਆ ਦੇ ਖੇਤਰ ਵਿਚ ਬੜਾ ਯੋਗਦਾਨ ਪਇਆ,

ਹਰ ਸਾਲ ਉਹ ਸਿੱਖ ਵਿਦਿਅਕ ਕਾਨਫਰੰਸ ਕਰਾਉਂਦੇ ਰਹੇ ਜਿਸ ਨਾਲ ਲੋਕਾਂ ਵਿਚ ਜਾਗਰਤੀ ਆਈ। ਸ੍. ਕ੍ਰਿਪਾਲ ਸਿੰਘ ਬੜੇ ਚਿਰ ਤੋਂ ਇਸ ਸੰਸਥਾ ਤੇ ਮੁਖੀ ਸਨ ਤੇ ਉਨ੍ਹਾਂ ਨੇ ਬੜੇ ਨਵੇਂ ਸਕੂਲ ਵੀ ਖੁਲਵਾਏ ਹਨ। ਸਵਰਗੀ ਸ੍. ਸੰਤ ਸਿੰਘ ਤੇ ਸਵਰਗਵਾਸੀ ਸ੍. ਦਲਬੀਰ ਸਿੰਘ ਦਾ ਇਸ ਕੰਮ ਵਿਚ ਵੱਡਾ ਯੋਗਦਾਨ ਰਿਹਾ। ਸ. ਮਹਿਤਾਬ ਸਿੰਘ ਨੇ ਮਸੂਰੀ ਵਿਚ ਪਹਿਲਾ ਸਿਖ ਪਬਲਕ 1970 ਵਿਚ ਖੁਲਵਾਇਆ। Sikh Education Society ਚੰਡੀਗੜ੍ਹ ਦੀ ਸਥਾਪਨਾ ਬੜੀ ਚੰਗੀ ਭਾਵਨਾ ਨਾਲ ਕੀਤੀ ਗਈ। ਪਰ ਅੱਜ ਕੱਲ ਇਹ ਰਾਜਸੀ ਅਖਾੜਾ ਬਣ ਚੁੱਕੀ ਹੈ ਤੇ ਰਾਜਸੀ ਲੀਡਰਾਂ ਦੇ ਕਬਜ਼ੇ ਵਿਚ ਆ ਚੁੱਕੀ ਹੈ। ਦਿੱਲੀ ਗੁਰਦਆਰਾ ਕਮੇਟੀ ਨੇ ਬੜੇ ਸਕੂਲ ਅਤੇ ਕਾਲਜ ਖੋਲ੍ਹੇ ਹਨ, ਸ਼ਾਨਦਾਰ ਇਮਾਰਤਾਂ ਹਨ ਪਰ ਵਿੱਦਿਆ ਦਾ ਮਿਆਰ ਬਾਕੀ ਪਬਲਿਕ ਸਕੂਲਾਂ ਦੇ ਮੁਕਾਬਲੇ ਬਹੁਤ ਪਿੱਛੇ ਰਹਿ ਗਿਆ ਹੈ ਕਿਉਂ ਜੋ ਚੋਣ ਰਾਹੀਂ ਇਹ ਕਮੇਟੀ ਚੁਣੀ ਹੈ ਤੇ ਹਰ ਪ੍ਰਧਾਨ ਨੇ ਵੋਟਾਂ ਲੈਣ ਲਈ ਮੈਂਬਰਾਂ ਨੂੰ ਖੁਸ਼ ਕਰਨਾ ਹੁੰਦਾ ਹੈ। ਉਨ੍ਹਾਂ ਨੂੰ ਇਵਜ਼ਾਨੇ ਵੱਜੋਂ ਸਕੂਲ ਅਲਾਟ ਕਰ ਦਿੱਤੇ ਜਾਂਦੇ ਹਨ। ਇਥੋਂ ਹੀ ਅੰਦਾਜ਼ਾ ਲਗਾ ਲਵੋ ਕਿ ਕਿਹੋ ਜਿਹਾ ਵਾਤਾਵਰਣ ਉੱਥੇ ਹੋਵੇਗਾ।

ਜਿਉਂ ਜਿਉਂ ਸਿੱਖ ਵਿਦੇਸ਼ਾਂ ਵਿਚ ਫੈਲਿਆ ਹੈ, ਉੱਥੇ ਸਕੂਲ ਅਤੇ ਕਾਲਜ ਖੁੱਲ ਰਹੇ ਹਨ। ਸਭ ਤੋਂ ਪੁਰਾਣਾ ਸਕੂਲ ਤਹਿਰਾਨ (ਇਰਾਨ) ਵਿਚ ਚੱਲ ਰਿਹਾ ਹੈ। ਬੈਂਕਾਕ ਵਿਚ ਸਵਰਗਵਾਸੀ ਸ੍. ਨਿਰੰਜਨ ਸਿੰਘ ਦੇ ਉੱਦਮ ਨਾਲ ਤੇ ਪ੍ਰਿੰਸੀਪਲ ਜੈਦੇਵ ਸਿੰਘ ਦੀ ਹਿੰਮਤ ਨਾਲ ਖਾਲਸਾ ਪਬਲਿਕ ਸਕੂਲ ਖੋਲ੍ਹਿਆ ਗਿਆ। ਨਾਮਧਾਰੀ ਸੰਗਤ ਨੇ ਵੀ ਇੰਟਰਨੈਸ਼ਨਲ ਸਕੂਲ ਉੱਥੇ ਖੋਲ੍ਹਿਆ ਹੈ। ਸੰਤ ਅਮਰ ਸਿੰਘ ਨੇ ਲੰਡਨ ਵਿਚ ਤੇ ਅਮਰੀਕਾ ਵਿਚ ਤਿੰਨ ਸਕੂਲ ਚਲਾ ਦਿੱਤੇ ਹਨ। ਲੰਡਨ ਵਿਚ ਪਹਿਲਾ ਸਿੱਖ ਕਾਲਜ ਜਿਸ ਦਾ ਨਾਂ ਹੁਣ ਸਿੱਖ ਯੂਨੀਵਰਸਿਟੀ ਰੱਖਿਆ ਹੈ, ਅੱਗੇ ਵਧਣ ਦੇ ਯਤਨਾਂ ਵਿਚ ਹੈ। ਵੈਨਕੂਵਰ ਵਿਚ ਸਰੀ ਦੇ ਗੁਰੂਦਆਰੇ ਦੇ ਨਾਲ ਸ. ਰੁਪਦਮਨ ਸਿੰਘ ਮਲਕ ਨੇ ਸਕੂਲ ਖੋਲਿਆ ਹੈ ਜਿੱਥੇ ਸਿੰਘ ਸਾਹਿਬ ਯੋਗੀ ਹਰਭਜਨ ਸਿੰਘ ਨੇ ਅਮਰੀਕਨ ਸਟਾਫ ਦੇ ਕੇ ਇਹ ਕਾਮਯਾਬ ਕੀਤਾ। ਇਨ੍ਹਾਂ ਵਿਦੇਸ਼ੀ ਸਕੂਲਾਂ ਨੂੰ ਚੰਗਾ ਸਟਾਫ ਮਿਲ ਰਿਹਾ ਹੈ ਕਿਉ ਜੋ ਇਹ ਤਨਖਾਹ ਵੀ ਚੰਗੀ ਦਿੰਦੇ ਹਨ ਤੇ ਵਿਦੇਸ਼ ਜਾਣ ਦਾ ਲਾਲਚ ਵੀ ਹਰੇਕ ਨੂੰ ਹੈ। ਇਹਨਾਂ ਵਿਦੇਸ਼ੀ ਸਕੂਲਾਂ ਵਿਚ ਪੜਾਈ ਦਾ ਮਿਆਰ ਅੱਛਾ ਹੈ ਅਤੇ ਸਿੱਖ ਧਰਮ ਦੀ ਜਾਣਕਾਰੀ ਅਤੇ ਪੰਜਾਬੀ ਦੀ ਪੜਾਈ ਦਾ ਪੂਰਾ ਧਿਆਨ ਦਿੱਤਾ ਜਾਂਦਾ ਹੈ। ਇਸ ਪੱਖੋਂ ਇਹ ਸਕੂਲ ਭਾਰਤ ਵਿਚਲੇ ਸਕੂਲਾਂ ਨਾਲੋਂ ਅੱਗੇ ਹਨ।

ਇਹ ਸਾਰੇ ਪੱਖ ਵੇਖਦੇ ਹੋਏ ਹੁਣ ਇਹ ਲੋੜ ਹੈ ਕਿ ਸਕੂਲਾਂ ਦੇ ਚੱਲਣ ਵਿਚ ਕਿਵੇਂ ਚੰਗੀ ਵਿੱਦਿਆ, ਸਿੱਖੀ ਦੀ ਜਾਣਕਾਰੀ ਤੇ ਚੰਗੇ ਨਤੀਜੇ ਕੱਢੇ ਜਾਣ! ਹਰੇਕ ਦਾ ਸੁਝਾਅ ਇਹ ਹੈ ਕਿ ਸੈਂਟਰਲ ਕੰਟਰੋਲਿੰਗ ਲਈ ਕੋਈ ਸੰਸਥਾ ਬਣਾਈ ਜਾਵੇ ਪਰ ਉਹ ਬਹੁਤ ਔਖੀ ਲੱਗਦੀ ਹੈ। ਕੋਈ ਕਮੇਟੀ ਆਪਣਾ ਕੰਟਰੋਲ ਛੱਡਣ ਨੂੰ ਤਿਆਰ ਨਹੀਂ ਹੋਵੇਗੀ। ਇਕ ਗੱਲ ਜ਼ਰੂਰ ਹੋਵੇ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਿਹੜੇ ਸਕੂਲ ਕਾਲਜ ਹਨ, ਉਨ੍ਹਾਂ ਦੇ ਕੰਟਰੋਲ ਲਈ ਇਕ ਵਿੱਦਿਅਕ ਬੋਰਡ ਬਣਾਇਆ ਜਾਵੇ ਜਿਵੇਂ ਕਿ ਦਿੱਲੀ ਸਿੱਖ ਗੁਰਦਆਰਾ ਪ੍ਰਬੰਧਕ ਕਮੇਟੀ ਵਿਚ ਉਪਰਾਲਾ ਹੋ ਰਿਹਾ ਹੈ। ਇਹ ਬੋਰਡ ਪੂਰੇ ਅਖਤਿਆਰਾਂ ਵਾਲਾ ਹੋਵੇ ਤੇ ਬੋਰਡ ਦੇ ਮੈਂਬਰ ਕੇਵਲ ਵਿੱਦਿਅਕ ਮਾਹਿਰ ਹੀ ਲਗਾਏ ਜਾਣ ਅਤੇ ਰਾਜਸੀ ਪੱਖ ਨਾ ਪੂਰਿਆ ਜਾਵੇ। ਹਰ ਸਟੇਟ ਵਿਚ ਇਕ ਐਡਵਾਈਜ਼ਰੀ ਕਮੇਟੀ ਬਣਾਈ ਜਾਵੇ ਜੋ ਉਸ ਸਟੇਟ ਦੇ ਸਾਰੇ ਸਕੂਲਾਂ/ਕਾਲਜਾਂ ਲਈ ਕੋਈ ਉਦੇਸ਼ ਦੇ ਸਕੇ। ਉਹ ਕਮੇਟੀ ਹਰ ਸਕੂਲ/ਕਾਲਜ ਲਈ ਨਿਯਮ ਤਿਆਰ ਕਰੇ, ਧਾਰਮਿਕ ਸਿਲੇਬਸ ਬਣਾਵੇ, ਕਿਤਾਬਾਂ ਨਿਸ਼ਚਿਤ ਕਰੇ ਤੇ ਸਾਰਿਆਂ

ਸਕੂਲਾਂ ਨੂੰ ਆ ਰਹੀਆਂ ਔਕੜਾਂ ਨੂੰ ਦੂਰ ਕਰਾਵੇ। ਭਾਰਤ ਵਿਚ ਘੱਟ ਗਿਣਤੀ ਕੌਮਾਂ ਦੇ ਸਕੂਲਾਂ/ਕਾਲਜਾਂ ਵਿਚ ਘਟਗਿਣਤੀ ਦਰਜਾ ਮਿਲਦਾ ਹੈ। ਇਹ ਹਰ ਸਟੇਟ ਦਾ ਵਿੱਦਿਅਕ ਵਿਭਾਗ ਦਿੰਦਾ ਹੈ। ਹਰ ਸਟੇਟ ਦੀ ਕਮੇਟੀ ਪਹਿਲਾਂ ਉਪਰਾਲਾ ਇਹੀ ਕਰੇ ਕਿ ਇਹ ਸਟੇੱਟਸ ਹਰੇਕ ਨੂੰ ਮਿਲੇ। ਇਹ ਸਾਡਾ ਕਾਨੂੰਨੀ ਹੱਕ ਹੈ। ਇਹ ਕਮੇਟੀ ਆਪਣੀ ਸਟੇਟ ਦੇ ਸਾਰੇ ਸਿੱਖ ਸਕੂਲਾਂ ਦੇ ਹਰ ਸਾਲ ਆਪਸੀ ਮੁਕਾਬਲੇ ਕਰਾਵੇ-ਵਿੱਦਿਅਕ ਵੀ ਅਤੇ ਖੇਡਾਂ ਦੇ ਵੀ। ਇਸ ਨਾਲ ਸੰਪਰਕ ਵੀ ਵਧੇਗਾ ਅਤੇ ਵਿੱਦਿਅਕ ਮਿਆਰ ਵੀ ਉੱਚਾ ਹੋਵੇਗਾ। ਇਹ ਕਮੇਟੀਆਂ ਦਾ ਗਠਨ ਬਿਨ੍ਹਾਂ ਰਾਜਸੀ ਵਿਚਾਰ ਤੋਂ ਕੀਤਾ ਜਾਵੇ ਅਤੇ ਉਥੋਂ ਦੇ ਸਕੂਲਾਂ ਦੀਆਂ ਪ੍ਰਬੰਧਕ ਕਮੇਟੀਆਂ ਇਹਦੀ ਬਣਤਰ ਆਪ ਬਣਾ ਲੈਣ ਅਤੇ ਇਨ੍ਹਾਂ ਦਾ ਦਫਤਰ ਸਟੇਟ ਦੀ ਰਾਜਧਾਨੀ ਵਿਚ ਹੋਵੇ। ਭਾਰਤ ਪੱਧਰ 'ਤੇ ਫਿਰ ਇਕ ਸਲਾਹਕਾਰ ਬੋਰਡ ਦਾ ਗਠਨ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਕਰੇ ਤਾਂ ਜੋ ਸਾਰੀਆਂ ਸਟੇਟ ਕਮੇਟੀਆਂ ਦੀ ਮਦਦ ਹੋ ਸਕੇ ਅਤੇ ਆਪਸ ਵਿਚ ਭਾਈਚਾਰਾ ਵਧੇ।

ਬੜੇ ਚਿਰ ਤੋਂ ਮੈਂ ਇਹ ਵਿਚਾਰ ਕਈ ਵਿੱਦਿਅਕ ਮਾਹਿਰਾਂ ਨਾਲ ਸਾਂਝੇ ਕੀਤੇ ਅਤੇ ਪ੍ਰਿੰਸੀਪਲ ਜੈਦੇਵ ਸਿੰਘ ਜਿਨ੍ਹਾਂ ਨੇ ਸਿੱਖ ਪਬਲਿਕ ਸਕੂਲ ਕਾਮਯਾਬ ਕਰਨ ਵਿਚ ਸਭ ਤੋਂ ਵੱਧ ਹਿੱਸਾ ਪਾਇਆ, ਉਨ੍ਹਾਂ ਨੇ ਇਕ ਨੋਟ ਬਣਾ ਕੇ ਅਤੇ ਨਕਸ਼ਾ ਵੀ ਮੈਨੂੰ ਦਿੱਤਾ ਕਿ ਇਕ ਸਿੱਖ ਅਧਿਆਪਕ ਸਿਖਲਾਈ ਸੰਸਥਾ ਦੀ ਸਥਾਪਨਾ ਕੀਤੀ ਜਾਵੇ। ਜਿਸ ਵਿਚ ਹਰ ਸਾਲ ਸਾਰੇ ਸਿੱਖ ਕਾਲਜਾਂ/ਸਕੂਲਾਂ ਦੇ ਅਧਿਆਪਕ ਇਕ ਵਾਰੀ ਹਫ਼ਤੇ ਜਾਂ ਦੋ ਹਫ਼ਤੇ ਲਈ ਆ ਕੇ ਰਹਿਣ ਅਤੇ ਉਨ੍ਹਾਂ ਨੂੰ Refresher Course ਕਰਵਾਇਆ ਜਾਵੇ ਅਤੇ ਉਨ੍ਹਾਂ ਅਧਿਆਪਕਾਂ ਨੂੰ ਸਿੱਖ ਧਰਮ ਦੀ ਜਾਣਕਾਰੀ ਹੋਵੇ, ਅਤੇ ਇਹ ਸਿਖਾਇਆ ਜਾਵੇ ਕਿ ਉਹ ਜਦ ਆਪਣੇ ਸਕੂਲ ਵਿਚ ਆਪਣੇ ਮਜ਼ਮੂਨ ਨੂੰ ਪੜ੍ਹਾਉਣ ਤੇ ਕਿਵੇਂ ਸਿੱਖ ਸਿਧਾਂਤ ਦੀ ਜਾਣਕਾਰੀ ਦਿੰਦੇ ਰਹਿਣ। ਇਸ ਵਿਚ ਰਿਹਾਇਸ਼ ਦਾ ਪੂਰਾ ਪ੍ਰਬੰਧ ਹੋਵੇ। ਵਧੀਆ ਲਾਇਬਰੇਰੀ ਅਤੇ ਅੱਜ ਦੇ ਨਵੇਂ ਵਿੱਦਿਅਕ ਤਰੀਕੇ ਉੱਥੇ ਸਮਝਾਏ ਜਾਣ। ਇਹ ਸਾਰੀ ਸੰਸਥਾ ਨੂੰ ਬਣਾਉਣ ਦਾ ਖਰਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇਵੇ ਪਰ ਜਿਹੜੇ ਟੀਚਰ ਆਉਣ ਉਨ੍ਹਾਂ ਦਾ ਸਾਰਾ ਖਰਚ ਉਨ੍ਹਾਂ ਦੇ ਸਕੂਲ ਤੇ ਕਾਲਜ ਦੇ ਜ਼ਿੰਮੇ ਹੋਵੇ। ਪਰ ਸਕੂਲ ਅਤੇ ਕਾਲਜ ਦੀ ਕਮੇਟੀ ਇਹ ਪਾਬੰਦੀ ਲਾਵੇ ਅਤੇ ਹਰ ਅਧਿਆਪਕ ਨੂੰ ਨੌਕਰੀ ਦੇਣ ਲੱਗੇ ਇਹ ਲਿਖ ਕੇ ਦਿੱਤਾ ਜਾਵੇ ਕਿ ਉਹ ਹਰ ਸਾਲ Institute ਵਿਚ ਟਰੇਨਿੰਗ ਲਈ ਜਾਵੇਗਾ। ਭਾਰਤ ਦੀ Defence Ministry ਹਰ ਫੌਜੀ ਅਫਸਰ ਨੂੰ ਹਰ ਸਾਲ ਆਪਣੇ Training Institute ਵਿਚ ਭੇਜਦੀ ਹੈ। ਸਾਰੇ I.A.S. ਅਫਸਰ ਟਰੇਨਿੰਗ ਲਈ ਜਾਂਦੇ ਹਨ। ਇਸ ਲਈ ਜੇ ਅਸੀਂ ਆਪਣੀਆਂ ਵਿਦਿਅਕ ਸੰਸਥਾਵਾਂ ਰਾਹੀਂ ਸਹੀ ਤੌਰ 'ਤੇ ਸਿੱਖਾਂ ਦੇ ਵਿਰਸੇ ਨੂੰ ਕਾਇਮ ਰੱਖਣਾ ਹੈ ਅਤੇ ਵਿੱਦਿਆ ਨੂੰ ਸਹੀ ਰੂਪ ਵਿਚ ਫੈਲਾਉਣਾ ਚਾਹੁੰਦੇ ਹਾਂ ਤਾਂ ਪਹਿਲਾਂ ਆਪਣੇ ਅਧਿਆਪਕਾਂ ਨੂੰ ਇਸ ਯੋਗ ਬਣਾਉਣਾ ਪਵੇਗਾ ਕਿ ਉਹ ਹਰ ਪੱਖੋਂ ਇਸ ਕੰਮ ਲਈ ਤਤਪਰ ਹੋਣ। ਲਿਹਾਜ਼ ਕਾਰਨ ਭਰਤੀ ਕੀਤੀ ਜਾਂਦੀ ਹੈ ਪਰ ਇਹ ਧਿਆਨ ਰੱਖਿਆ ਜਾਵੇ ਜੋ ਹਰ ਭਰਤੀ ਹੋਣ ਤੋਂ ਬਾਅਦ ਉਹ ਪੂਰੀ ਲਗਨ ਨਾਲ ਕੰਮ ਵੀ ਕਰਨ। ਜਿਤਨੀ ਛੇਤੀ ਇਹ ਸੰਸਥਾ ਹੋਂਦ ਵਿਚ ਆਵੇਗੀ ਉਨ੍ਹਾਂ ਹੀ ਚੰਗਾ ਹੈ। ਇਸ ਨਾਲ ਸਿੱਖ ਕੌਮ ਨੂੰ ਬਹੁਤ ਲਾਭ ਪੁੱਜੇਗਾ ਅਤੇ ਆਉਣ ਵਾਲੀ ਪਨੀਰੀ ਦੀ ਸਦੀਆਂ ਤਕ ਸਹੀ ਸੰਭਾਲ ਹੋ ਸਕੇਗੀ। ਇਸ Institute ਵਿਚ ਵਿਦੇਸ਼ਾਂ ਤੋਂ ਵੀ ਸਿੱਖ ਟਰੇਨਿੰਗ ਲਈ ਆ ਸਕਦੇ ਹਨ।

# ਖਾਲਸੇ ਦੇ ਜਨਮ ਦੀ ਤੀਜੀ ਸ਼ਤਾਬਦੀ

ਅੱਜ ਹਰ ਪਾਸੇ ਖਾਲਸੇ ਦੀ ਤੀਜੀ ਜਨਮ ਸ਼ਤਾਬਦੀ ਦੀ ਕਾਮਯਾਬੀ ਦਾ ਚਰਚਾ ਹੈ। ਇਹ ਪਹਿਲੀ ਵਾਰ ਹੈ ਕਿ ਵਿਸ਼ਵ ਭਰ ਵਿਚ ਖਾਲਸੇ ਨੂੰ ਇਤਨਾ ਮਾਣ ਪ੍ਰਾਪਤ ਹੋਇਆ ਹੈ। ਭਾਰਤ ਵਿਚ ਤਾਂ ਏਦਾਂ ਲੱਗਾ ਜਿਵੇਂ ਇਹ ਦੇਸ਼ ਹੀ ਸਿੱਖਾਂ ਦਾ ਹੈ ਤੇ ਇਹਨਾਂ ਦੀ ਉਸਤਤ ਵਿਚ ਸੋਹਲੇ ਗਾਏ ਜਾ ਰਹੇ ਹਨ। ਹਰ ਪਾਰਟੀ, ਹਰ ਮੁੱਖ ਮੰਤਰੀ, ਹਰ ਅਖਬਾਰ ਸਿੱਖਾਂ ਪ੍ਰਤੀ ਕੁਝ ਨਾ ਕੁਝ ਇਤਿਹਾਸਕ ਪੱਖ ਦੱਸ ਰਿਹਾ ਸੀ। ਅਨੰਦਪੁਰ ਸਾਹਿਬ ਦੀ ਧਰਤੀ ਤੇ ਤਾਂ ਮਾਨੋਂ ਮਨੁੱਖਤਾ ਦਾ ਹੜ੍ਹ ਆ ਗਿਆ। ਇਤਨਾ ਇਕੱਠ ਅੱਜ ਤੱਕ ਕਿਧਰੇ ਨਹੀਂ ਹੋਇਆ। ਹਰ ਕੋਈ ਆਪਣੀ ਵਿੱਤ ਅਨੁਸਾਰ ਇਸ ਵਿਚ ਹਿੱਸਾ ਪਾ ਰਿਹਾ ਸੀ। ਮੈਂ ਭਾਰਤ ਸਰਕਾਰ ਦੀ ਨੈਸ਼ਨਲ ਕਮੇਟੀ ਦਾ ਮੈਂਬਰ ਹੋਣ ਕਰਕੇ ਅਤੇ ਪੰਜਾਬ ਸਰਕਾਰ ਦੀ ਬਣਾਈ ਅਨੰਦਪੁਰ ਫਾਊਂਡੇਸ਼ਨ ਦਾ ਐਗਜ਼ੈਕਟਿਵ ਦਾ ਮੈਂਬਰ ਹੋਣ ਦਾ ਅਵਸਰ ਮਿਲਣ ਤੇ ਇਹ ਸਾਰੇ ਪ੍ਰੋਗ੍ਰਾਮ ਬੜੇ ਨੇੜਿਓਂ ਤਕੇ ਹਨ। ਆਮ ਸਿੱਖ ਵੀ ਹੈਰਾਨ ਹੈ ਕਿ ਕਿਵੇਂ ਸਾਰੇ ਪਾਸੇ ਗੁਰੂ ਜੀ ਦੇ ਨਾਂ ਦੇ ਡੰਕੇ ਵੱਜ ਰਹੇ ਹਨ।

ਮੈਂ ਪਹਿਲਾਂ ਲਿਖ ਚੁੱਕਾ ਹਾਂ ਕਿ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਕੋਈ ਵੀ ਪ੍ਰੋਗ੍ਰਾਮ ਉਲੀਕਣ ਵਿਚ ਫੇਲ੍ਹ ਰਹੀ। ਨਵੀਂ ਕਮੇਟੀ ਤਾਂ ਕੁਝ ਦਿਨ ਪਹਿਲੇ ਹੀ ਅੱਗੇ ਆਈ। ਬੀਬੀ ਜਗੀਰ ਕੌਰ ਨੇ ਪ੍ਰਧਾਨ ਐਸ.ਜੀ.ਪੀ.ਸੀ. ਬਣਕੇ ਸਭ ਤੋਂ ਚੰਗਾ ਉਦਮ ਇਹ ਕੀਤਾ ਕਿ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਨੂੰ ਪੂਰਾ ਸਹਿਯੋਗ ਦਿੱਤਾ ਅਤੇ ਵਿਸਾਖੀ ਵਾਲੇ ਦਿਨ ਬੜਾ ਹੀ ਪ੍ਰਭਾਵਸ਼ਾਲੀ ਪ੍ਰੋਗ੍ਰਾਮ ਤਖਤ ਕੇਸਗੜ੍ਹ ਸਾਹਿਬ ਤੇ ਕੀਤਾ। ਬੀਬੀ ਜਗੀਰ ਕੌਰ ਵਿਚ ਇਹ ਸਿਫਤ ਵੇਖੀ ਹੈ ਕਿ ਉਹ ਕੁਝ ਕਰਨਾ ਚਾਹੁੰਦੀ ਹੈ। ਉਤਸ਼ਾਹਿਤ ਹੈ। ਉਸਨੇ ਬੜੀਆਂ ਮੀਟਿੰਗਾਂ ਯੋਗੀ ਹਰਿਭਜਨ ਸਿੰਘ ਤੇ ਹੋਰ ਅਮਰੀਕਨਾਂ ਨਾਲ ਕੀਤੀਆਂ ਹਨ। ਉਹ ਵਿਸ਼ਵ ਪੱਧਰ ਤੇ ਸਿੱਖਾਂ ਵਿਚ ਐਸ. ਜੀ. ਪੀ. ਸੀ ਨੂੰ ਉਭਾਰਨਾ ਚਾਹੁੰਦੀ ਹਨ। ਪਰ ਇਕ ਦੁਬਿਧਾ ਜੋ ਅਕਾਲ ਤੱਖਤ ਦੇ ਜਥੇਦਾਰ ਦੇ ਬਦਲਣ ਕਰਕੇ ਬਣੀ ਹੋਈ ਹੈ, ਉਹ ਬਹੁਤਾ ਧਿਆਨ ਖਿਚਦੀ ਰਹੇਗੀ।

ਹਰ ਸਿੱਖ ਜਦ ਲੈਕਚਰ ਕਰਦਾ ਹੈ ਤਾਂ ਕਹਿੰਦਾ ਹੈ ਕਿ ਪਹਿਲੀ ਜਨਮ ਸ਼ਤਾਬਦੀ 1799 ਵੇਲੇ ਮੁਗਲ ਰਾਜ ਸੀ। ਦੂਜੀ ਸ਼ਤਾਬਦੀ 1899 ਵਿਚ ਅੰਗਰੇਜ਼ ਰਾਜ ਵਿਚ ਆਈ। ਤੀਜੀ ਸ਼ਤਾਰਦੀ ਮਨ੍ਹਾ ਰਹੇ ਹਾਂ। ਜਦੋਂ ਪੰਜਾਬ ਵਿਚ ਅਕਾਲੀ ਰਾਜ ਹੈ। ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਹੈ। ਦੂਜਾ ਭਾਰਤ ਵਿਚ ਅਕਾਲੀ ਰਾਜ ਦੇ ਹਿੱਸੇਦਾਰ ਹਨ-ਸ੍ਰੀ ਅਟਲ ਬਿਹਾਰੀ ਵਾਜਪਾਈ ਜੀ ਪ੍ਰਧਾਨ ਮੰਤਰੀ ਹਨ।

ਪ੍ਰਧਾਨ ਮੰਤਰੀ ਨੇ ਜੋ ਸੇਵਾ ਇਸ ਸ਼ਤਾਬਦੀ ਲਈ ਕੀਤੀ ਹੈ ਉਹ ਸੁਨਹਿਰੀ ਅੱਖਰਾਂ ਵਿਚ ਲਿਖੀ ਜਾਵੇਗੀ। ਇਹ ਸਾਰਾ ਸ਼੍ਰੇਅ ਉਹਨਾਂ ਨੂੰ ਜਾਂਦਾ ਹੈ ਕਿ ਸਾਰਾ ਭਾਰਤ ਉਹਨਾਂ ਉਤਸ਼ਾਹਿਤ ਕੀਤਾ। ਪਹਿਲੀ ਵਾਰ ਕਿਸੇ ਧਰਮ ਲਈ ਭਾਰਤ ਸਰਕਾਰ ਵੱਲੋਂ ਇਕ ਉਚ

ਪੱਧਰੀ ਕਮੇਟੀ ਬਣਾਈ ਗਈ। ਵਾਜਪਾਈ ਜੀ ਆਪ ਪ੍ਰਧਾਨ ਬਣੇ। 100 ਕਰੋੜ ਰੁਪਿਆ ਭਾਰਤ ਸਰਕਾਰ ਵੱਲੋਂ ਇਸ ਦੇ ਪ੍ਰੋਗਰਾਮਾਂ ਲਈ ਦਿਤਾ ਗਿਆ। ਖੁਦ ਪ੍ਰਧਾਨ ਮੰਤਰੀ 8 ਅਪ੍ਰੈਲ ਨੂੰ ਅਨੰਦਪੁਰ ਸਾਹਿਬ ਮੱਥਾ ਟੇਕ ਕੇ ਸਾਰੇ ਪ੍ਰੋਗ੍ਰਾਮ ਦਾ ਅਰੰਭ ਕਰਨ ਗਏ। ਵਿਸਾਖੀ ਵਾਲੇ ਦਿਨ ਆਪਣੇ ਸਿਰ ਤੇ ਖੰਡੇ ਵਾਲਾ ਰੁਮਾਲ ਬੰਨਕੇ ਗੁਰਦਆਰਾ ਰਕਾਬ ਗੰਜ ਗਏ। ਪੰਜਾਬ ਸਰਕਾਰ ਵੱਲੋਂ ਪੰਜ ਪਿਆਰਿਆਂ ਦੀਆਂ ਜੋ ਯਾਤਰਾਵਾਂ ਉਹਨਾਂ ਦੇ ਜਨਮ ਸਥਾਨਾਂ ਤੋਂ ਕੱਢੀਆਂ ਗਈਆਂ ਉਹਨਾਂ ਨੇ ਸਾਰਾ ਭਾਰਤ ਹਿਲਾਕੇ ਰੱਖ ਦਿਤਾ। ਪੰਜਾਬ ਦੇ ਮੰਤਰੀ ਸਾਰੇ ਟੂਰ ਵਿਚ ਨਾਲ ਰਹੇ। ਲਾਹੌਰ ਤੋਂ ਵੀ ਯਾਤਰਾ ਆਈ ਜਿਸਦੇ ਮੁਖੀ ਸ. ਸੁਖਦੇਵ ਸਿੰਘ ਢੀਂਡਸਾ ਸਨ।

ਆਨੰਦਪੁਰ ਸਾਹਿਬ ਦੇ ਸਮਾਗਮ ਵਿਚ ਯੋਗੀ ਭਜਨ 500 ਅਮ੍ਰੀਕਨ ਤੇ ਯੂਰੋਪੀਅਨ ਸਿੱਖ ਲੈ ਕੇ ਆਏ। ਉਹਨਾਂ ਦਾ ਹਰ ਥਾਂ ਸਵਾਗਤ ਹੋਇਆ। ਯੋਗੀ ਜੀ ਨੂੰ ਤਖਤ ਕੇਸਗੜ੍ਹ ਸਾਹਿਬ ਤੋਂ ਪੰਥ ਰਤਨ ਦੀ ਉਪਾਧੀ ਮਿਲੀ ਤੇ ਵਿਸਾਖੀ ਵਾਲੇ ਦਿਨ ਸਭ ਸਿੰਘ ਸਾਹਿਬਾਨ ਨੇ ਇਕ ਸ਼ੀਲਡ ਸ਼ਲਾਘਾ ਵਜੋਂ ਦਿੱਤੀ। ਅਮ੍ਰੀਕਨ ਸਿੱਖਾਂ ਨੇ 60 ਲੱਖ ਰੁਪਏ ਦੀ ਇਕ ਸਿਰੀ ਸਾਹਿਬ ਭੇਂਟ ਕੀਤੀ, ਜਿਸ ਤੇ ਹੀਰੇ ਲਗੇ ਹੋਏ ਸਨ ਤੇ ਜਾਪ ਸਾਹਿਬ ਦਾ ਪਾਠ ਉਕਰਿਆ ਹੋਇਆ ਸੀ।

ਪਾਕਿਸਤਾਨ ਤੋਂ ਰਾਏ ਬੁਲਾਰ ਦਾ ਪਰਿਵਾਰ ਤੇ ਰਾਏ ਕਲਾ ਦਾ ਪਰਿਵਾਰ ਵੀ ਆਇਆ। ਇਕ ਹੋਰ ਡੈਲੀਗੇਸ਼ਨ 40 ਮੁਸਲਮਾਨ ਆਗੂਆਂ ਦਾ ਵਰਲਡ ਪੰਜਾਬੀ ਸੰਸਥਾ ਦਾ ਸ. ਵਿਕਰਮਜੀਤ ਸਿੰਘ ਸਾਹਨੀ ਲੈ ਕੇ ਆਏ।

ਆਨੰਦਪੁਰ ਸਾਹਿਬ ਤੇ ਲੱਗੀ ਨੁਮਾਇਸ਼ ਦਾ ਉਦਘਾਟਨ ਪ੍ਰਧਾਨ ਮੰਤਰੀ ਜੀ ਨੇ ਕੀਤਾ। ਇਸ ਵਿਚ ਗੁਰੂ ਜੀ ਦੇ ਪਾਵਨ ਸ਼ਸਤਰ ਬਸਤਰ ਤੇ ਪੁਰਾਣੀਆਂ ਪੇਟਿੰਗਜ਼ ਸਨ। ਲੱਖਾਂ ਲੋਕਾ ਨੇ ਦਰਸ਼ਨ ਕੀਤੇ। ਖੇਡਾਂ ਦਾ ਸਟੇਡੀਅਮ ਤਾਂ ਹਰ ਰੋਜ਼ ਭਰਿਆ ਰਿਹਾ। ਕਬੱਡੀ, ਕੁਸ਼ਤੀ, ਰੱਸਾਕਸ਼ੀ ਤੇ ਘੋੜਿਆਂ ਦੀਆਂ ਖੇਡਾਂ ਹੋਈਆਂ। ਅਮ੍ਰੀਕਾ, ਕਨੇਡਾ, ਇੰਗਲੈਂਡ ਤੇ ਪਾਕਿਸਤਾਨ ਤੋਂ ਟੀਮਾਂ ਆਈਆਂ। ਲੱਖਾਂ ਰੁਪਏ ਦੇ ਇਨਾਮ ਦਿਤੇ ਗਏ। ਜਿਤਨੇ ਸਿੱਖਾਂ ਨੇ ਹੁਣ ਤੱਕ ਖੇਡਾਂ ਵਿਚ ਨਾਮਣਾ ਖਟਿਆ ਉਹ ਉੱਥੇ ਸਨਮਾਨੇ ਗਏ।

ਪਹਿਲੀ ਵਾਰ ਸਿੱਖਾਂ ਨੇ ਆਪਣੇ ਚੋਣਵੇਂ ਸਿੱਖਾਂ ਦਾ ਸਨਮਾਨ ਕੀਤਾ ਵਰਨਾ ਅਸੀਂ ਤਾਂ ਹਮੇਸ਼ਾ ਨਿੰਦਿਆ ਹੀ ਕਰਦੇ ਰਹੇ ਹਾਂ। 13 ਅਪ੍ਰੈਲ ਨੂੰ 'ਆਰਡਰ ਆੱਫ ਖਾਲਸਾ' ਨਾਂ ਦਾ ਐਵਾਰਡ ਤੇ ਤਕਰੀਬਨ 40 ਸਿੱਖਾਂ ਨੂੰ ਮੁੱਖ ਮੰਤਰੀ ਸ. ਬਾਦਲ ਨੇ ਦਿੱਤਾ। ਇਸ ਵਿਚ ਬਹੁਤੇ ਉਹ ਵੀ ਸਨ ਜੋ ਪਰਲੋਕ ਸਿਧਾਰ ਚੁੱਕੇ ਹਨ। ਹਰ ਫੀਲਡ ਦੇ ਉਘੇ ਸਿੱਖਾਂ ਨੂੰ ਸਨਮਾਨ ਮਿਲੇ। ਵੱਡੇ ਵੱਡੇ ਜਰਨੈਲ ਵੀ ਆਏ, ਰੀਟਾਇਰਡ ਚੀਫ ਜਸਟਿਸ ਵੀ ਆਏ, ਲਿਖਾਰੀ, ਲੀਡਰ, ਫਰੀਡਮ ਫਾਈਟਰਜ਼, ਉਦਮੀ, ਉਦਯੋਗਪਤੀ, ਬਾਗਬਾਨ ਆਦਿ ਸਭ ਨੂੰ ਸਤਿਕਾਰ ਦਿੱਤਾ ਗਿਆ। ਦੂਜੇ ਦਿਨ ਸਾਰੇ ਸੰਤ ਮਹਾਤਮਾ ਵੀ ਸਨਮਾਨੇ ਗਏ ਜਿਹਨਾਂ ਸਿੱਖੀ ਦਾ ਪ੍ਰਚਾਰ ਕੀਤਾ।

ਅਮ੍ਰੀਕਾ ਵਿਚ ਰਾਸ਼ਟਰਪਤੀ ਕਲਿੰਟਨ ਨੇ ਸਿੱਖਾਂ ਲਈ ਵਧਾਈ ਦਾ ਸੰਦੇਸ਼ ਦਿੱਤਾ। ਕੈਨੇਡਾ ਵਿਚ ਡਾਕ ਟਿਕਟ ਜਾਰੀ ਹੋਇਆ ਜਿਸ ਤੇ ਖੰਡੇ ਦਾ ਨਿਸ਼ਾਨ ਸੀ। ਲੰਡਨ ਵਿਚ ਸ਼ਹਿਜ਼ਾਦਾ ਚਾਲਰਸ ਨੇ ਸਿੱਖ ਨੁਮਾਇਸ਼ ਦਾ ਉਦਘਾਟਨ ਕੀਤਾ, ਬਰਮਿੰਘਮ ਵਿਚ ਪ੍ਰਧਾਨ

ਮੰਤਰੀ ਨੇ ਆ ਕੇ ਇੱਕ ਸਮਾਗਮ ਦੀ ਪ੍ਰਧਾਨਗੀ ਕੀਤੀ। ਨੇਪਾਲ ਦੇ ਬਾਦਸ਼ਾਹ ਨੇ ਕਾਠਮਾਂਡੂ ਵਿਚ ਸਮਾਗਮ ਦੀ ਪ੍ਰਧਾਨਗੀ ਕੀਤੀ। ਏਦਾਂ ਹੀ ਹਰ ਮੁਲਕ ਵਿਚ ਸਰਕਾਰਾਂ ਨੇ ਬੜੀ ਮਦਦ ਕੀਤੀ ਤੇ ਸਿੱਖਾਂ ਨਾਲ ਸਾਂਝ ਪ੍ਰਗਟਾਈ।

ਇਸ ਸ਼ਤਾਬਦੀ ਦੀ ਇਕ ਮਹੱਤਵਪੂਰਨ ਉਪਲਬਧੀ ਹੈ ਕਿ ਸ਼ਾਇਦ ਇਤਿਹਾਸ ਵਿਚ ਪਹਿਲੀ ਵਾਰ ਨਾਮਧਾਰੀ ਸੰਗਤ ਦਾ ਖਾਲਸੇ ਨਾਲ ਪ੍ਰੇਮ ਪਿਆਰ ਦਾ ਖੁੱਲ੍ਹਾ ਪ੍ਰਗਟਾਵਾ ਕੀਤਾ ਗਿਆ। ਸਾਡੇ ਲੀਡਰ ਤਾਂ ਹਰ ਇਕ ਨੂੰ ਛੇਕਣ ਵਿਚ ਹੀ ਲੱਗੇ ਰਹਿੰਦੇ ਹਨ। ਬਜਾਏ ਸਿੱਖੀ ਨੂੰ ਵਧਾਣ ਵਿਚ ਇਹਨੂੰ ਹੋਰ ਸੀਮਤ ਕਰਨ ਵਿਚ ਹੀ ਸ਼ਾਨ ਸਮਝਦੇ ਰਹੇ ਹਨ। ਪਰ ਇਸ ਵਾਰ ਨਾਮਧਾਰੀ ਸੰਗਤ ਨੇ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਸ਼ਰਧਾ ਦਾ ਜੋ ਪ੍ਰਗਟਾਵਾ ਕੀਤਾ ਉਹ ਸਲਾਹੁਣ ਯੋਗ ਹੈ। ਸਾਰੇ ਭਾਰਤ ਵਿਚ ਅਖਬਾਰਾਂ ਨੇ 28 ਮਾਰਚ ਦੇ ਨਾਮਧਾਰੀ ਮਾਰਚ ਨੂੰ ਬੜਾ ਪ੍ਰਕਾਸ਼ਤ ਕੀਤਾ। ਉਸ ਦਿਨ ਭੈਣੀ ਸਾਹਿਬ ਤੋਂ 5000 ਨਾਮਧਾਰੀ ਅਰਦਾਸ ਕਰਕੇ ਬੱਸਾਂ,ਟਰੱਕਾਂ, ਕਾਰਾਂ, ਮੋਟਰ ਸਾਈਕਲਾਂ ਤੇ ਇਕ ਮੀਲਾਂ ਲੰਬੇ ਕਾਫਲੇ ਵਿਚ ਸ਼ਾਮਲ ਹੋਏ ਸਨ। ਸਾਰੇ ਪਾਸੇ ਸਫੈਦ ਝੰਡੇ ਤੇ ਨਾਲ ਹੀ ਸੰਗਤਾਂ ਸ਼ਬਦ ਉਚਾਰਨ ਕਰ ਰਹੀਆਂ ਸਨ। ਇਤਨਾ ਲੰਬਾ ਜਲੂਸ ਕਿ ਟਰੈਫਿਕ ਦਾ ਕੰਟਰੋਲ ਕਰਨਾ ਮੁਸ਼ਕਲ ਹੋ ਗਿਆ। ਰਸਤੇ ਵਿਚ ਲੰਗਰ ਲੱਗੇ ਹੋਏ ਸਨ। ਇਹ ਜਲੂਸ ਤਿੰਨ ਵਜੇ ਦੁਪਹਿਰ ਕੀਰਤਪੁਰ ਸਾਹਿਬ ਪੁੱਜ ਗਿਆ। ਉਥੇ ਸ. ਪ੍ਰਕਾਸ਼ ਸਿੰਘ ਬਾਦਲ ਨੇ ਇਹਨਾਂ ਦੇ ਸਵਾਗਤ ਕੀਤਾ। ਉਥੇ ਸਾਰੇ ਇਕੱਠੇ ਅਨੰਦਪੁਰ ਸਾਹਿਬ ਪੁੱਜੇ। ਤਖਤ ਤੇ ਜਾ ਕੇ ਸਭ ਨੇ ਗੁਰੂ ਜੀ ਨੂੰ ਮੱਥਾ ਟੇਕਕੇ ਅਰਦਾਸ ਕੀਤੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਇਕ ਕੀਮਤੀ ਰੁਮਾਲ ਭੇਂਟ ਕੀਤਾ ਤੇ ਪ੍ਰਸ਼ਾਦ ਚੜ੍ਹਾਇਆ। ਤਖਤ ਵੱਲੋਂ ਉਹਨਾਂ ਨੂੰ ਸਿਰੋਪਾ ਦਿੱਤਾ ਗਿਆ ਤੇ ਨਾਲ ਆਏ ਸ. ਸੁਰਿੰਦਰ ਸਿੰਘ ਮਨਚੰਦਾ ਬੈਂਕਾਕ ਵਾਲੇ, ਦਾ ਸਨਮਾਨ ਕੀਤਾ। ਉਥੇ ਨਾਮਧਾਰੀ ਦਰਬਾਰ ਵੱਲੋਂ ਸ. ਬਾਦਲ ਅਤੇ ਮੁੱਖ ਗ੍ਰੰਥੀ ਜੀ ਦਾ ਸਨਮਾਨ ਕੀਤਾ ਗਿਆ। ਫਿਰ ਸਾਰੇ ਲੰਗਰ ਵਿਚ ਗਏ। ਬੜਾ ਹੀ ਅਦੁਤੀ ਨਜ਼ਾਰਾ ਸੀ। ਸਫੈਦ ਸ਼ਹਿਰ ਤੇ ਸਫੈਦ ਕੱਪੜਿਆਂ ਵਿਚ ਹਜ਼ਾਰਾਂ ਨਾਮਧਾਰੀ। ਦੂਜਾ ਜਦ 22 ਦਸੰਬਰ ਨੂੰ ਸਿੱਖ ਹੈਰੀਟੇਜ ਕੰਪਲੈਕਸ ਦਾ ਨੀਂਹ ਪੱਥਰ ਪੰਜ ਪਿਆਰਿਆਂ ਨੇ ਰੱਖਿਆ ਤਾਂ ਵੀ ਵੱਡੀ ਗਿਣਤੀ ਵਿਚ ਨਾਮਧਾਰੀ ਸੰਗਤ ਸ਼ਾਮਲ ਹੋਈ।

ਜਦ 13 ਅਪ੍ਰੈਲ ਨੂੰ ਸਨਮਾਨ ਸਮਾਰੋਹ ਅਨੰਦਪੁਰ ਸਾਹਿਬ ਹੋਇਆ ਤਾਂ ਪਹਿਲਾ ਐਵਾਰਡ ਸਤਿਗੁਰੂ ਬਾਬਾ ਰਾਮ ਸਿੰਘ ਜੀ ਨੂੰ ਸਿੱਖ ਕੌਮ ਵੱਲੋਂ ਉਹਨਾਂ ਦੀਆਂ ਕੁਰਬਾਨੀਆਂ ਕਰਕੇ ਦਿੱਤਾ ਗਿਆ। ਜੈਕਾਰਿਆਂ ਦੀ ਗੂੰਜ ਵਿਚ ਇਹ ਐਵਾਡ ਨਾਮਧਾਰੀ ਸੰਗਤ ਵੱਲੋਂ ਸ. ਸੁਰਿੰਦਰ ਸਿੰਘ ਮਨਚੰਦਾ ਨੇ ਲਿਆ। ਇਸ ਕਾਰਵਾਈ ਨਾਲ ਸਾਰੇ ਨਾਮਧਾਰੀ ਜਗਤ ਵਿਚ ਇਕ ਖੁਸ਼ੀ ਦੀ ਲਹਿਰ ਦੌੜ ਗਈ। ਸਰਦਾਰ ਮਨਚੰਦਾ ਨੂੰ ਇਕ ਵੱਡੇ ਉਦਯੋਗਪਤੀ ਦਾ 'ਆਰਡਰ ਆਫ ਖਾਲਸਾ' ਦਿੱਤਾ ਗਿਆ।

ਮੈਂ ਸਮਝਦਾ ਹਾਂ ਕਿ ਇਸ ਕਾਰਵਾਈ ਨਾਲ ਸਿੱਖਾਂ ਨੂੰ ਖੁਸ਼ ਹੋਣਾ ਚਾਹੀਦਾ ਹੈ ਕਿ ਸਾਡਾ ਮੇਲ ਮਿਲਾਪ ਵਧਿਆ ਹੈ। ਲੱਖਾਂ ਨਾਮਧਾਰੀ ਹਮੇਸ਼ਾ ਕੀਰਤਨ ਵਿਚ ਜੁੜੇ ਰਹਿੰਦੇ ਹਨ। ਉਥੇ ਕੇਵਲ ਗੁਰਬਾਣੀ ਦਾ ਹੀ ਗਾਇਨ ਹੁੰਦਾ ਹੈ। ਉਹਨਾਂ ਦਾ ਵਿਸਾਖੀ ਤੇ ਇਹ ਪ੍ਰਗਟਾਵਾ ਹੁਣ ਜ਼ਰੂਰ ਹੋਰ ਚੰਗੇ ਪ੍ਰਭਾਵ ਪਾਏਗਾ। ਮਲੇਰਕੋਟਲਾ ਵਿਚ ਸ਼ਹੀਦੀ ਯਾਦਗਾਰ ਤੇ ਉਚਾ ਖੰਡਾ ਉਹਨਾਂ ਲਾ ਰੱਖਿਆ ਹੈ। ਬਾਦਲ ਸਾਹਿਬ ਨੇ ਉਹਨਾਂ ਨਾਲ ਸੰਪਰਕ ਵਧਾਕੇ

ਵੱਡੀ ਸੇਵਾ ਕੀਤੀ ਹੈ। ਨਾਮਧਾਰੀ ਦਰਬਾਰ ਵੱਲੋਂ ਇਕ ਅੰਤਰ ਰਾਸ਼ਟਰੀ ਪੱਧਰ ਦਾ ਸੰਗੀਤ ਦਰਬਾਰ ਕਰਨ ਦਾ ਫੈਸਲਾ ਕੀਤਾ ਗਿਆ। ਸਤਿਗੁਰੂ ਜਗਜੀਤ ਸਿੰਘ ਜੀ ਆਪ ਸਾਰੇ ਪ੍ਰੋਗਰਾਮ ਦੀ ਅਗਵਾਈ ਕਰ ਰਹੇ ਹਨ। ਉਹਨਾਂ ਯੋਗੀ ਜੀ ਨਾਲ ਵੀ ਸਲਾਹ ਕੀਤੀ ਹੈ। ਯੋਗੀ ਜੀ ਤੇ ਸਾਰੇ ਅਮ੍ਰੀਕਨ ਸਿੰਘ ਭੈਣੀ ਸਾਹਿਬ ਜਾਂਦੇ ਹਨ। ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਅਮਰੀਕਾ ਵਿਚ ਯੋਗੀ ਜੀ ਦੇ ਕੈਂਪਾਂ ਵਿਚ ਜਾਕੇ ਉਪਦੇਸ਼ ਕਰਦੇ ਹਨ। ਨਾਮਧਾਰੀ ਸੰਗੀਤਕਾਰ ਨਾਲ ਜਾਂਦੇ ਹਨ।

ਕਲਗੀਧਰ ਪਾਤਸ਼ਾਹ ਦੀ ਸਾਰੇ ਵਿਸ਼ਵ ਵਿਚ ਹੋਈ ਉਸਤਤ ਦਾ ਸੇਹਰਾ ਕਿਸੇ ਇਕ ਦੇ ਸਿਰ ਨਹੀਂ। "ਕਰਣ ਕਰਾਵਣ ਆਪੇ ਆਪ, ਮਾਨੁਖ ਕੇ ਕਿਛੁ ਨਾਹੀ ਹਾਥ।" ਗੁਰੂ ਦੀ ਬਖਸ਼ਿਸ਼ ਹੋਈ ਖਾਲਸੇ ਤੇ। ਸਾਰੇ ਸਾਲ ਮਨਾਣਾ ਹੈ ਇਹ ਪੁਰਬ-ਪ੍ਰੋਗਰਾਮ ਜਾਰੀ ਰੱਖੋ।

# ਵਾਜਪਾਈ ਦੀ ਲਾਹੌਰ ਬੱਸ ਯਾਤਰਾ

ਸ੍ਰੀ ਅਟਲ ਬਿਹਾਰੀ ਵਾਜਪਾਈ ਜੀ ਨੂੰ ਇਹ ਸ਼੍ਰੇਅ ਜਾਂਦਾ ਹੈ ਕਿ ਉਹਨਾਂ ਨੇ 1998 ਵਿਚ ਪ੍ਰਧਾਨ ਮੰਤਰੀ ਬਣਦੇ ਸਾਰ ਪਾਕਿਸਤਾਨ ਨਾਲ ਦੋਸਤੀ ਕਰਨ ਦਾ ਫੈਸਲਾ ਲਿਆ ਅਤੇ ਇਕ ਐਸੀ ਵਿਉਂਤ ਬਣਾਈ ਜੋ ਇਤਿਹਾਸ ਬਣ ਗਈ। ਵਾਜਪਾਈ ਜੀ ਨੇ ਐਲਾਨ ਕੀਤਾ ਕਿ ਉਹ ਇਕ ਬੱਸ ਰਾਹੀਂ ਅੰਮ੍ਰਿਤਸਰ ਤੋਂ ਲਾਹੌਰ ਜਾਣਗੇ। ਸਾਰੀ ਦੁਨੀਆਂ ਵਿਚ ਇਸ ਦਾ ਸਵਾਗਤ ਹੋਇਆ ਅਤੇ ਹਰ ਇਕ ਨੇ ਵਾਜਪਾਈ ਜੀ ਦੀ ਇਸ ਪਹਿਲ-ਕਦਮੀ ਦੀ ਪ੍ਰਸੰਸਾ ਕੀਤੀ।

ਕਈ ਵਾਰ ਜੀਵਨ ਵਿਚ ਮੌਕੇ ਆਉਂਦੇ ਹਨ ਜੋ ਅਭੁੱਲ ਯਾਦਾਂ ਬਣ ਜਾਂਦੇ ਹਨ। ਇਸ ਵਾਰ 19 ਫਰਵਰੀ, 1999 ਸ਼ੁੱਕਰਵਾਰ ਨੂੰ ਪ੍ਰਧਾਨ ਮੰਤਰੀ ਦੇ ਦਫਤਰ ਵੱਲੋਂ ਫੋਨ ਆਇਆ ਕਿ ਮੇਰਾ ਨਾਂ ਉਨਾਂ ਬੰਦਿਆਂ ਦੀ ਲਿਸਟ ਵਿਚ ਹੈ ਜੋ ਪ੍ਰਧਾਨ ਮੰਤਰੀ ਨਾਲ ਬੱਸ ਰਾਹੀਂ ਲਾਹੌਰ ਜਾ ਰਹੇ ਹਨ। ਵਾਹਿਗੁਰੂ ਦੀ ਅਪਾਰ ਕ੍ਰਿਪਾ ਕਿ ਯਾਤਰਾ ਲਈ ਸਾਰੇ ਭਾਰਤ ਵਿਚੋਂ ਕੇਵਲ 20 ਵਿਅਕਤੀ ਚੁਣੇ ਗਏ ਸਨ ਅਤੇ ਉਨ੍ਹਾਂ ਵਿਚ ਮੈਂ ਵੀ ਇਕ ਸਾਂ।

ਵੈਸੇ ਤਾਂ ਸਾਲ ਵਿਚ ਕਈ ਵਾਰ ਪ੍ਰਧਾਨ ਮੰਤਰੀ ਵਿਦੇਸ਼ ਜਾਂਦੇ ਹਨ ਪਰ ਪਾਕਿਸਤਾਨ ਜਾਣਾ ਇਕ ਅਚੰਭਾ ਹੀ ਨਹੀਂ ਇਕ ਇਤਿਹਾਸਕ ਘਟਨਾ ਬਣ ਗਈ। ਪਿਛਲੇ 50 ਸਾਲਾਂ ਵਿਚ ਜਦੋਂ ਤੋਂ ਪਾਕਿਸਤਾਨ ਬਣਿਆ ਹੈ, ਕੇਵਲ ਇਕ ਵਾਰ ਪਹਿਲਾਂ ਭਾਰਤ ਦੇ ਪ੍ਰਧਾਨ ਮੰਤਰੀ ਪਾਕਿਸਤਾਨ ਗਏ ਹਨ। 1986 ਵਿਚ ਸ੍ਰੀ ਰਾਜੀਵ ਗਾਂਧੀ ਸਾਰਕ ਮੀਟਿੰਗ ਲਈ ਇਸਲਾਮਾਬਾਦ ਦੋ ਦਿਨ ਲਈ ਗਏ ਸਨ। ਉਸ ਵਕਤ ਉਸ ਯਾਤਰਾ ਨੂੰ ਇਕ ਆਮ ਸਾਧਾਰਨ ਰੂਪ ਦਿੱਤਾ ਗਿਆ ਸੀ। ਇਸ ਵਾਰ ਦੀ ਸ੍ਰੀ ਵਾਜਪਾਈ ਜੀ ਦੀ ਪਾਕਿਸਤਾਨ ਫੇਰੀ ਅਸਲ ਵਿਚ ਪਹਿਲੀ ਸ਼ਾਨਦਾਰ ਫੇਰੀ ਮੰਨੀ ਜਾ ਰਹੀ ਹੈ। ਪੰਡਿਤ ਨਹਿਰੂ, ਇੰਦਰਾ ਗਾਂਧੀ ਕਦੇ ਵੀ ਪਾਕਿਸਤਾਨ ਨਹੀਂ ਗਏ। ਹੋਰ ਪ੍ਰਧਾਨ ਮੰਤਰੀ ਵੀ ਨਾ ਜਾ ਸਕੇ। ਸ੍ਰੀ ਇੰਦਰ ਕੁਮਾਰ ਗੁਜਰਾਲ ਜੋ ਸਾਰੇ ਵਿਸ਼ਵ ਵਿਚ ਪਾਕਿਸਤਾਨ ਨਾਲ ਦੋਸਤੀ ਲਈ ਚਰਚਾ ਦਾ ਵਿਸ਼ਾ ਬਣੇ, ਆਪ ਉਥੇ ਨਾ ਜਾ ਸਕੇ।

ਸ੍ਰੀ ਅਟਲ ਬਿਹਾਰੀ ਵਾਜਪਾਈ ਨੂੰ ਇਹ ਮਾਣ ਪ੍ਰਾਪਤ ਹੈ ਕਿ ਉਨ੍ਹਾਂ ਨੇ ਥੋੜੇ ਸਮੇਂ ਵਿਚ ਹੀ ਹਿੰਦ-ਪਾਕਿ ਦੋਸਤੀ ਨੂੰ ਮਜ਼ਬੂਤ ਕਰਨ ਲਈ ਵੱਡਾ ਹੌਸਲਾ ਕੀਤਾ। 1977 ਵਿਚ ਜਦ ਸ੍ਰੀ ਵਾਜਪਾਈ ਵਿਦੇਸ਼ ਮੰਤਰੀ ਸਨ, ਉਦੋਂ ਵੀ ਇਨ੍ਹਾਂ ਇਸਲਾਮਾਬਾਦ ਜਾ ਕੇ ਵੀਜ਼ਾ ਖੋਲ੍ਹਣ ਦਾ ਐਲਾਨ ਕੀਤਾ ਸੀ। ਚੀਨ ਨਾਲ ਵੀ ਜੰਗ ਪਿੱਛੋਂ ਨਾਤਾ ਜੋੜਨ ਦਾ ਕੰਮ ਸ੍ਰੀ ਵਾਜਪਾਈ ਦੇ ਹੱਥੋਂ ਹੀ ਹੋਇਆ ਸੀ।

ਸਾਰੀ ਦੁਨੀਆਂ ਵਿਚ ਕੁਝ ਫੈਸਲੇ ਇਤਿਹਾਸਕ ਹੁੰਦੇ ਹਨ ਜੋ ਸਦੀਵੀ ਯਾਦ ਰਹਿੰਦੇ ਹਨ। ਮਿਸਰ ਦੇ ਪ੍ਰਧਾਨ ਸਦਾਮ ਹੁਸੈਨ ਦੀ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨਾਲ ਕੀਤੀ ਮੁਲਾਕਾਤ ਇਕ ਇਤਿਹਾਸ ਬਣ ਗਈ ਸੀ। ਅਮਰੀਕੀ ਪ੍ਰਧਾਨ ਨਿਕਸਨ ਦੀ ਚੀਨ ਯਾਤਰਾ ਇਤਿਹਾਸ 'ਤੇ ਇਕ ਅਮਿੱਟ ਛਾਪ ਛੱਡ ਗਈ ਸੀ। ਜਰਮਨੀ ਦੇ ਪ੍ਰਧਾਨ ਹੈਲਮਟ ਕੋਹਲ ਦਾ ਬਰਲਨ ਦੀਵਾਰ ਤੇ ਖਲੋ ਕੇ ਦੋਵੇਂ ਜਰਮਨੀਆਂ ਨੂੰ ਜੋੜਨ ਦਾ ਐਲਾਨ ਇਕ

ਇਤਿਹਾਸ ਹੈ। ਇਵੇਂ ਹੀ ਭਾਰਤ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਦਾ ਵਾਹਗਾ ਸਰੱਹਦ 'ਤੇ ਖਲੋ ਕੇ ਹੱਥ ਮਿਲਾਉਣਾ ਇਕ ਸਦੀਵੀ ਖੁਸ਼ਗਵਾਰ ਕਾਰਨਾਮਾ ਬਣ ਗਿਆ ਹੈ। ਇਹ ਇਕ ਅਦੁੱਤੀ ਇਤਿਹਾਸਕ ਘਟਨਾ ਹੈ। ਜਦ ਭਾਰਤ ਤੇ ਪਾਕਿਸਤਾਨ ਦਾ ਇਤਿਹਾਸ ਫਰੋਲਿਆ ਜਾਵੇਗਾ, ਇਹ ਨਜ਼ਾਰਾ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ।

ਸਨਿੱਚਰਵਾਰ 20 ਫਰਵਰੀ ਨੂੰ ਦੁਪਹਿਰ ਦੇ ਤਿੰਨ ਵਜੇ ਅੰਮ੍ਰਿਤਸਰ ਦੇ ਹਵਾਈ ਅੱਡੇ ਤੋਂ ਸ੍ਰੀ ਵਾਜਪਾਈ 34 ਸੀਟਾਂ ਵਾਲੀ ਬੱਸ ਦੀ ਮੂਹਰਲੀ ਸੀਟ ਤੇ ਬੈਠੇ। ਉਨ੍ਹਾਂ ਨਾਲ ਸ੍ਰ: ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ, ਸ੍ਰੀ ਜਸਵੰਤ ਸਿੰਘ, ਵਿਦੇਸ਼ ਮੰਤਰੀ ਭਾਰਤ ਸਰਕਾਰ ਅਤੇ ਭਾਰਤ ਤੋਂ ਚੁਣੇ 20 ਵਿਸ਼ੇਸ਼ ਵਿਅਕਤੀ ਬੈਠੇ ਸਨ। ਸਾਰਾ ਰਸਤਾ ਸਜਿਆ ਹੋਇਆ ਸੀ। ਅਟਾਰੀ ਚੌਂਕੀ 'ਤੇ ਕੁਝ ਪਲ ਲਈ ਰੁਕੇ ਤੇ ਬੀ.ਐਸ.ਐਫ. ਜਵਾਨਾਂ ਤੋਂ ਸਲਾਮੀ ਲਈ। ਫਿਰ ਬੱਸ ਵਿਚ ਬੈਠ ਗਏ। ਗੇਟ ਖੁੱਲ੍ਹਿਆ, ਸਰਹੱਦ ਪਾਰ ਹੋਈ, 50 ਸਾਲ ਦੀ ਦੂਰੀ ਸਕਿੰਟਾਂ ਵਿਚ ਪੂਰੀ ਹੋਈ। ਸਾਹਮਣੇ ਪਾਕਿਸਤਾਨ ਦਾ ਗੇਟ ਵੀ ਖੁੱਲ੍ਹ ਗਿਆ। ਸ੍ਰੀ ਵਾਜਪਾਈ ਉਤਰੇ ਅਤੇ 21 ਤੋਪਾਂ ਦੀ ਸਲਾਮੀ ਹੋਈ। ਜਨਾਬ ਨਵਾਜ਼ ਸ਼ਰੀਫ ਪ੍ਰਧਾਨ ਮੰਤਰੀ ਪਾਕਿਸਤਾਨ ਅੱਗੇ ਹੋ ਕੇ ਉਨ੍ਹਾਂ ਨੂੰ ਜੱਫੀ ਪਾ ਕੇ ਮਿਲੇ। ਕੀ ਨਜ਼ਾਰਾ ਸੀ! ਦੋਵੇਂ ਪਾਸੇ ਹਜ਼ਾਰਾਂ ਲੋਕ ਖੜ੍ਹੇ ਸਨ। ਗਿੱਧਾ, ਭੰਗੜਾ ਤੇ ਢੋਲ ਵੱਜ ਰਹੇ ਸਨ। ਕਿਸੇ ਬਰਾਤ ਤੋਂ ਵੱਧ ਸਜਾਵਟ, ਫੁੱਲਾਂ ਦੀ ਖੁਸ਼ਬੋ। ਲਗਭਗ 300 ਪੱਤਰਕਾਰ ਤੇ ਫੋਟੋਗ੍ਰਾਫਰ ਇਕ ਮੰਚ 'ਤੇ ਖੜ੍ਹੇ ਸਨ। ਸਾਰੇ ਵਿਸ਼ਵ ਤੋਂ ਟੀ.ਵੀ. ਟੀਮਾਂ ਆਈਆਂ ਹੋਈਆਂ ਸਨ।

ਪ੍ਰਧਾਨ ਮੰਤਰੀ ਨਾਲ ਜੋ ਵਿਸ਼ੇਸ਼ ਵਿਅਕਤੀ ਗਏ ਸਨ, ਉਨ੍ਹਾਂ ਵਿਚ ਸ੍ਰੀ ਕੁਲਦੀਪ ਨਈਅਰ, ਸ੍ਰੀ ਅਰੁਨ ਸ਼ੋਰੀ, ਸ੍ਰੀ ਵਿਜੇ ਕੁਮਾਰ ਮਲਹੋਤਰਾ, ਸ੍ਰੀ ਦੇਵ ਆਨੰਦ, ਸ੍ਰੀ ਸ਼ਤਰੂਘਨ ਸਿਨਹਾ, ਸ੍ਰੀ ਜਾਵੇਦ ਅਖਤਰ, ਸ੍ਰੀ ਕਪਿਲ ਦੇਵ, ਸ੍ਰ: ਪ੍ਰਗਟ ਸਿੰਘ, ਸ੍ਰੀ ਜ਼ਫਰ ਇਕਬਾਲ, ਸ੍ਰੀ ਖੁਸਰੋ ਸਾਬਕਾ ਵਾਈਸ ਚਾਂਸਲਰ ਅਲੀਗੜ੍ਹ ਯੂਨੀਵਰਸਿਟੀ ਅਤੇ ਹੋਰ ਬਹੁਤ ਸਾਰੇ ਸੱਜਣ ਸ਼ਾਮਿਲ ਸਨ। ਮੈਂ ਵੀ ਆਪਣੇ ਆਪ ਨੂੰ ਉਹਨਾਂ ਨਾਲ ਸ਼ਾਮਲ ਹੋਣ ਦੀ ਖੁਸ਼ੀ ਲੈ ਰਿਹਾ ਸਾਂ।

ਸਰਕਾਰੀ ਪ੍ਰੋਗਰਾਮ ਅਨੁਸਾਰ ਪ੍ਰਧਾਨ ਮੰਤਰੀ ਜੀ ਨੇ ਸ਼ਾਮ ਨੂੰ 8 ਵਜੇ ਸ਼ਾਹੀ ਕਿਲ੍ਹੇ ਵਿਚ ਖਾਣਾ ਖਾਣ ਜਾਣਾ ਸੀ ਪਰ ਉਸ ਦੇ ਰਸਤੇ ਵਿਚ ਕੱਟੜਪੰਥੀ ਮੁਸਲਮਾਨ ਸੰਸਥਾਵਾਂ ਨੇ ਮੁਜ਼ਾਹਰਾ ਕੀਤਾ ਤੇ ਰਸਤਾ ਰੋਕ ਲਿਆ। ਪ੍ਰਧਾਨ ਮੰਤਰੀ ਜੀ ਗਵਰਨਰ ਹਾਊਸ ਵਿਚ ਠਹਿਰੇ ਹੋਏ ਸਨ। ਮੈਂ ਪ੍ਰਧਾਨ ਮੰਤਰੀ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਅਸਥਾਨ ਇਥੇ ਨੇੜੇ ਹੀ ਹੈ ਅਤੇ ਨਾਲ ਹੀ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਹੈ ਤੇ ਉਹਨਾਂ ਨੂੰ ਉਥੇ ਜਾ ਕੇ ਹਾਜ਼ਰੀ ਭਰਨੀ ਚਾਹੀਦੀ ਹੈ। ਵਾਜਪਾਈ ਜੀ ਤੁਰੰਤ ਮੰਨ ਗਏ ਤੇ ਮਿੰਟਾਂ ਵਿਚ ਹੀ ਉਹ ਉਥੇ ਲਈ ਚੱਲ ਪਏ। ਉੱਥੇ ਪੁੱਜ ਕੇ ਉਹਨਾਂ ਨੇ ਡੇਰਾ ਸਾਹਿਬ ਮੱਥਾ ਟੇਕਿਆ ਤੇ ਫਿਰ ਡਾਕਟਰਾਂ ਦੇ ਮਨ੍ਹਾਂ ਕਰਨ ਦੇ ਬਾਵਜੂਦ ਸਮਾਧ ਦੀਆਂ ਉੱਚੀਆਂ ਪੌੜੀਆਂ ਚੜ੍ਹ ਗਏ। ਮਹਾਰਾਜਾ ਰਣਜੀਤ ਸਿੰਘ ਜੀ ਨੂੰ ਜਾ ਕੇ ਸ਼ਰਧਾਂਜ਼ਲੀ ਭੇਟ ਕੀਤੀ। ਉਹ ਬੜੇ ਹੀ ਭਾਵੁਕ ਰੂਪ ਵਿਚ ਇਕ ਸ਼ਰਧਾਲੂ ਵਜੋਂ ਉਥੇ ਗਏ ਤੇ ਇਸ ਯਾਤਰਾ ਤੋਂ ਬੜੇ ਖੁਸ਼ ਹੋਏ।

ਲਾਹੌਰ ਵਿਚ ਸ਼ਾਹੀ ਕਿਲ੍ਹਾ ਬਹੁਤ ਪੁਰਾਣਾ ਹੈ। ਜਹਾਂਗੀਰ ਬਾਦਸ਼ਾਹ ਵੀ ਇਥੇ ਆ ਕੇ ਰੁਕਿਆ ਸੀ। ਮਹਾਰਾਜਾ ਰਣਜੀਤ ਸਿੰਘ ਨੇ 1799 ਵਿਚ ਇਸ ਉੱਤੇ ਕਬਜ਼ਾ ਕੀਤਾ ਤੇ 50 ਸਾਲ ਇਹ ਸਿੱਖ ਰਾਜ ਦਾ ਮਹੱਲ ਰਿਹਾ। ਸਾਰੇ ਸਿੱਖ ਰਾਜ ਦਾ ਇਤਿਹਾਸ ਅਤੇ ਇਸ ਦਾ ਅੰਤ ਤੁਹਾਡੀਆਂ ਅੱਖਾਂ ਸਾਹਮਣੇ ਆ ਜਾਂਦਾ ਹੈ। ਸ਼ਾਹੀ ਦਰਵਾਜ਼ਾ ਜਿਥੇ ਕੰਵਰ ਨੌਨਿਹਾਲ ਸਿੰਘ ਨੂੰ ਮਾਰਿਆ ਗਿਆ ਸੀ, ਉਸੇ ਤਰ੍ਹਾਂ ਹੀ ਖੜ੍ਹਾ ਹੈ। ਬਾਰਾਂਦਰੀ ਜਿਥੇ ਮਹਾਰਾਜਾ ਸ਼ਾਹੀ

ਜਸ਼ਨ ਕਰਦਾ ਸੀ, ਉਥੇ ਹੀ ਸ੍ਰੀ ਵਾਜਪਾਈ ਜੀ ਲਈ ਖਾਣੇ ਦੀ ਦਾਅਵਤ ਸੀ। ਸਾਰਾ ਕਿਲ੍ਹਾ ਸਜਾਇਆ ਗਿਆ। ਇਕ 6 ਘੋੜਿਆਂ ਵਾਲੀ ਬੱਘੀ ਵਿਚ ਪ੍ਰਧਾਨ ਮੰਤਰੀ ਬੈਠ ਕੇ ਗਏ। 1000 ਦੇ ਕਰੀਬ ਮਹਿਮਾਨ ਮੇਜ਼ਾਂ 'ਤੇ ਬੈਠੇ ਸਨ। ਭਾਸ਼ਨ ਹੋਏ, ਬੜਾ ਵਧੀਆ ਮਾਹੌਲ ਸੀ। ਮੇਰੇ ਮੇਜ਼ 'ਤੇ ਪਾਕਿਸਤਾਨ ਦੇ ਲੋਕ ਨਿਰਮਾਣ ਮੰਤਰੀ ਅਤੇ ਹੋਰ ਵੱਡੇ ਅਫਸਰ, ਚਾਰ ਉਦਯੋਗਪਤੀ ਅਤੇ ਮਹਿੰਦਰ ਕਪੂਰ ਗਾਇਕ ਬੈਠੇ ਸਨ। ਹਰ ਕੋਈ ਦੋਸਤੀ ਦੀ ਗੱਲ ਕਰਦਾ ਸੀ। ਤਲਖ਼ੀ ਖਤਮ ਲਗਦੀ ਸੀ।

ਦੂਜੇ ਦਿਨ ਸਵੇਰੇ ਦੋਵੇਂ ਪੰਜਾਬਾਂ ਦੇ ਮੁੱਖ ਮੰਤਰੀਆਂ ਦੀ ਗੱਲਬਾਤ ਹੋਈ। ਪੱਛਮੀ ਪੰਜਾਬ ਦੇ ਮੁੱਖ ਮੰਤਰੀ ਸ਼ਹਿਬਾਜ਼ ਸ਼ਰੀਫ, ਨਵਾਜ਼ ਸ਼ਰੀਫ ਦੇ ਛੋਟੇ ਭਰਾ ਹਨ। ਉਨ੍ਹਾਂ ਆਪਣੇ ਘਰ ਸਵੇਰ ਦੇ ਨਾਸ਼ਤੇ 'ਤੇ ਮੀਟਿੰਗ ਰੱਖੀ। ਸ੍ਰੀ ਕੁਲਦੀਪ ਨਈਅਰ, ਸ੍ਰ: ਆਦੇਸ਼ ਪ੍ਰਤਾਪ ਸਿੰਘ ਕੈਰੋਂ ਅਤੇ ਮੈਂ ਨਾਲ ਸਾਂ। ਬੜੇ ਵਧੀਆ ਮਾਹੌਲ ਵਿਚ ਖੁੱਲ੍ਹ ਕੇ ਪੰਜਾਬੀ ਵਿਚ ਹੀ ਗੱਲਾਂ ਹੋਈਆਂ। ਇਕ-ਦੂਜੇ ਨੂੰ ਤੋਹਫੇ ਦਿੱਤੇ ਗਏ। ਖਾਲਸੇ ਦੀ ਤਿੰਨ ਸੌ ਸਾਲਾ ਜਨਮ ਸ਼ਤਾਬਦੀ ਸਬੰਧੀ ਪਾਕਿਸਤਾਨ ਦੇ ਅਜਾਇਬ ਘਰ ਵਿਚ ਪਈਆਂ ਧਾਰਮਿਕ ਵਸਤੂਆਂ ਕੁਝ ਦਿਨ ਲਈ ਆਨੰਦਪੁਰ ਸਾਹਿਬ ਲਿਜਾਣ ਦੀ ਗੱਲ ਹੋਈ। ਭਾਈ ਧਰਮ ਸਿੰਘ (ਪੰਜ ਪਿਆਰਿਆਂ ਵਿਚੋਂ ਇਕ) ਜੋ ਲਾਹੌਰ ਦੇ ਸਨ, ਉਨ੍ਹਾਂ ਦੀ ਯਾਦਗਾਰ ਬਣਾਉਣ, ਲਾਹੌਰ ਤੋਂ ਸਿੱਖ ਨਗਰ ਕੀਰਤਨ ਵਾਹਗੇ ਰਸਤੇ ਕੱਢਣ ਲਈ ਪਾਕਿਸਤਾਨ ਤੋਂ ਪ੍ਰਵਾਨਗੀ ਦੀ ਗੱਲ ਵੀ ਹੋਈ।

ਦੋਵੇਂ ਪ੍ਰਧਾਨ ਮੰਤਰੀਆਂ ਨੇ ਸਿੱਖ ਗੁਰਦੁਆਰਿਆਂ ਬਾਰੇ ਵੀ ਵਿਚਾਰ ਕੀਤੀ। ਫੈਸਲਾ ਹੋਇਆ ਕਿ ਜਨਾਬ ਮੁਸ਼ਾਹਿਦ ਹੁਸੈਨ, ਪਾਕਿਸਤਾਨ ਦੇ ਸੂਚਨਾ ਤੇ ਸੈਰ-ਸਪਾਟਾ ਮੰਤਰੀ ਇਸ ਬਾਰੇ ਵਿਚਾਰ ਕਰਕੇ ਛੇਤੀ ਇਕ ਕਮੇਟੀ ਬਣਾਉਣਗੇ। ਇਸ ਵਿਚ ਭਾਰਤੀ ਪੰਜਾਬ ਦਾ ਵੀ ਨੁਮਾਇੰਦਾ ਹੋਵੇਗਾ। ਇਹ ਬੜਾ ਮਹੱਤਵਪੂਰਨ ਮਸਲਾ ਹੈ, ਇਸ ਬਾਰੇ ਕੀਤਾ ਕੰਮ ਸ਼ਲਾਘਾਯੋਗ ਹੋਵੇਗਾ। ਸਿੱਖਾਂ ਲਈ ਹਮੇਸ਼ਾ ਹੀ ਇਹ ਦੁਖਦਾਈ ਗੱਲ ਰਹੀ ਹੈ ਕਿ ਪਵਿੱਤਰ ਗੁਰਦੁਆਰਿਆਂ ਦੀ ਸੇਵਾ ਸੰਭਾਲ ਦੀ ਅਰਦਾਸ ਤਾਂ ਇਹ ਰੋਜ਼ ਕਰਦੇ ਹਨ ਪਰ ਇਸ ਦੀ ਪ੍ਰਾਪਤੀ ਨਹੀਂ ਹੁੰਦੀ। ਮੁਸ਼ਾਹਿਦ ਹੁਸੈਨ ਬੜੇ ਨਿਸ਼ਠਾਵਾਨ ਤੇ ਖੁੱਲ੍ਹ ਦਿਲੇ ਇਨਸਾਨ ਹਨ। ਉਮੀਦ ਹੈ ਉਹ ਇਹ ਸੇਵਾ ਜ਼ਰੂਰ ਕਰਨਗੇ ਤੇ ਇਸ ਦਾ ਸਿੱਟਾ ਛੇਤੀ ਨਿਕਲੇਗਾ।

ਇਤਿਹਾਸ ਇਕ ਦਿਨ ਵਿਚ ਨਹੀਂ ਬਣਦਾ। ਕੋਈ ਠੋਸ ਨਤੀਜਾ ਵੀ ਇਕ ਮੀਟਿੰਗ ਵਿਚ ਨਹੀਂ ਨਿਕਲਦਾ, ਪਰ ਜੋ ਇਸ ਲਾਹੌਰ ਫੇਰੀ ਦੌਰਾਨ ਮਹਿਸੂਸ ਹੋਇਆ ਹੈ, ਉਹ ਇਹ ਹੈ ਕਿ ਪਿਛਲੇ 50 ਸਾਲਾਂ ਵਿਚ ਪਹਿਲੀ ਵਾਰ ਵਾਤਾਵਰਨ ਠੀਕ ਹੋਇਆ ਹੈ। ਇਕ-ਦੂਜੇ ਪ੍ਰਤੀ ਨਫਰਤ ਘਟੀ ਹੈ। ਲੋਕੀਂ ਦੋਵੇਂ ਪਾਸੇ ਦੋਸਤੀ ਦੇ ਚਾਹਵਾਨ ਹਨ। ਲੀਡਰ ਆਪ ਹੀ ਮਜ਼ਬੂਤ ਹੋ ਜਾਣਗੇ। ਸ੍ਰੀ ਵਾਜਪਾਈ ਸਬੰਧੀ ਪਾਕਿਸਤਾਨੀ ਲੋਕਾਂ ਦਾ ਸਤਿਕਾਰ ਹਰ ਪਾਸੇ ਤਾੜੀਆਂ ਦੀ ਗੂੰਜ ਹੀ ਸੁਣਦੀ ਸੀ। ਇਹ ਲੋਕ ਕਹਿੰਦੇ ਸਨ ਕਿ ਉਹ ਦਿਲੋਂ ਸੱਚੇ ਆਦਮੀ ਨੂੰ ਸੁਣ ਰਹੇ ਹਨ। ਵਾਜਪਾਈ ਦੀ ਭਾਸ਼ਨ ਕਲਾ ਨੇ ਕ੍ਰਿਸ਼ਮਾ ਕਰ ਵਿਖਾਇਆ। ਲੋਕ ਇਹ ਵੀ ਜਾਣਦੇ ਹਨ ਕਿ ਉਨ੍ਹਾਂ ਦੀ ਸਰਕਾਰ ਸਥਿਰ ਨਹੀਂ, ਗਠਜੋੜ ਕਮਜ਼ੋਰ ਹੈ, ਪਰ ਉਹ ਇਸ ਗੱਲ ਤੋਂ ਖੁਸ਼ ਸਨ ਕਿ ਇਕ ਪ੍ਰਧਾਨ ਮੰਤਰੀ ਇਤਿਹਾਸ ਦੀ ਸਿਰਜਣਾ ਕਰ ਗਏ। ਹੁਣ ਕੋਈ ਹੋਰ ਪਿੱਛੇ ਕਦਮ ਨਹੀਂ ਮੋੜ ਸਕੇਗਾ।

ਦੋਵੇਂ ਪੰਜਾਬਾਂ ਦੇ ਮੁੱਖ ਮੰਤਰੀਆਂ ਦੀ ਰਸਮੀ ਬੈਠਕ ਵੀ ਪਹਿਲੀ ਇਤਿਹਾਸਕ ਮਿਲਣੀ ਹੈ। ਇਕ ਵਾਰੀ ਸ੍ਰੀ ਭੀਮ ਸੈਨ ਸੱਚਰ ਲਾਹੌਰ ਗਏ ਸਨ। 1975 ਵਿਚ ਗਿਆਨੀ ਜ਼ੈਲ ਸਿੰਘ ਨਨਕਾਣਾ ਸਾਹਿਬ ਦੀ ਯਾਤਰਾ ਲਈ ਗਏ ਸਨ। ਇਹ ਪਹਿਲੀ ਵਾਰ ਹੈ ਕਿ ਸਰਕਾਰੀ ਤੌਰ ਤੇ ਦੋਵੇਂ ਮੁੱਖ ਮੰਤਰੀ ਵੀ ਮੀਟਿੰਗ ਕਰਕੇ ਇਤਿਹਾਸ ਦਾ ਹਿੱਸਾ ਬਣ ਗਏ।

(07-03-1999)

# ਯਾਦ ਕਰੋ ਸ੍ਰ: ਪ੍ਰਤਾਪ ਸਿੰਘ ਕੈਰੋਂ ਨੂੰ

ਇਹ ਅਕਤੂਬਰ 1962 ਦੀ ਗੱਲ ਹੈ, ਜਦ ਭਾਰਤ ਦੀਆਂ ਫੌਜਾਂ ਚੀਨ ਵੱਲੋਂ ਕੀਤੇ ਹਮਲੇ ਕਰਕੇ ਬਹੁਤ ਵੱਡਾ ਪਹਾੜੀ ਇਲਾਕਾ ਚੀਨ ਨੂੰ ਦੇ ਕੇ ਪਿੱਛੇ ਹਟ ਆਈਆਂ। ਸਾਰਾ ਦੇਸ਼ ਹਾਰ ਦੀ ਨਮੋਸ਼ੀ ਨਾਲ ਸੁੰਨ ਹੋਇਆ ਪਿਆ ਸੀ। ਭਾਰਤ ਦੀ ਬਹਾਦਰ ਫੌਜ ਵੀ (ਸਰਬੋਤਮ ਲੜਾਕੂ ਮਸ਼ੀਨਰੀ ਵਾਲੇ ਅੱਠਵੀਂ ਡਵੀਜ਼ਨ ਸਮੇਤ) ਮਜ਼ਾਕ ਦਾ ਨਿਸ਼ਾਨਾ ਬਣ ਗਈ ਹੈ। ਦੇਸ਼ ਦੇ ਪ੍ਰਮੁੱਖ ਨੇਤਾ ਪੰਡਤ ਜਵਾਹਰ ਲਾਲ ਨਹਿਰੂ ਇਸ ਗੱਲੋਂ ਉਦਾਸ ਸਨ ਕਿ ਇਕ ਮਿੱਤਰ ਨੇ ਉਨ੍ਹਾਂ ਦੀ ਪਿੱਠ ਵਿਚ ਛੁਰਾ ਮਾਰਿਆ ਹੈ। ਸਾਰੀਆਂ ਵਿਰੋਧੀ ਪਾਰਟੀਆਂ ਉਹਨਾਂ ਨੂੰ ਕੋਸ ਰਹੀਆਂ ਸਨ।

ਅਜਿਹੇ ਸੰਕਟਮਈ ਸਮੇਂ ਵਿਚ ਉਦਾਸੀ ਦੀ ਧੁੰਦ ਵਿਚੋਂ ਇਕ ਆਦਮੀ ਉਭਰਦਾ ਹੈ ਅਤੇ ਜਿਵੇਂ ਜਾਦੂ ਦੇ ਡੰਡੇ ਨਾਲ ਇਸ ਸਾਰੇ ਨਿਰਾਸ਼ਮਈ ਮਾਹੌਲ ਨੂੰ ਬਦਲ ਕੇ ਰੱਖ ਦਿੰਦਾ ਹੈ। ਇਹ ਆਦਮੀ ਸਿਵਾਏ ਸ੍ਰ: ਪ੍ਰਤਾਪ ਸਿੰਘ ਕੈਰੋਂ ਦੇ ਹੋਰ ਕੋਈ ਨਹੀਂ ਸੀ। ਉਸ ਦੀ ਉਮਰ ਬੇਸ਼ੱਕ 70 ਸਾਲ ਦੇ ਨੇੜੇ ਹੈ, ਪਰ ਉਹ ਸਮੁੱਚੇ ਦੇਸ਼ ਵਿਚ ਉਮੀਦ ਅਤੇ ਉਤਸ਼ਾਹ ਦੀ ਰੂਹ ਫੂਕਣ ਲਈ ਇਕ ਫੌਜ ਕਮਾਂਡਰ ਦੀ ਵਰਦੀ ਪਹਿਨ ਲੈਂਦਾ ਹੈ। ਉਹ ਭਾਰਤ ਦੀ ਖੜਗ-ਭੁਜਾ ਪੰਜਾਬ ਨੂੰ ਜਿਵੇਂ ਬਿਜਲੀ ਦੀ ਛੂਹ ਨਾਲ ਜਗਾ ਦਿੰਦਾ ਹੈ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਅੰਮ੍ਰਿਤਸਰ ਆਉਣ ਦਾ ਸੱਦਾ ਦਿੰਦਾ ਹੈ। ਪੰਡਤ ਨਹਿਰੂ ਅੰਮ੍ਰਿਤਸਰ ਆ ਕੇ ਵੇਖਦੇ ਹਨ ਕਿ ਲਾਲ ਪਗੜੀ-ਧਾਰੀ ਪੰਜ ਲੱਖ ਪੰਜਾਬੀ ਉਹਨਾਂ ਦੇ ਸਾਹਮਣੇ ਖੜ੍ਹੇ ਹਨ, ਜਿਨ੍ਹਾਂ ਵਿਚ ਬਹੁਗਿਣਤੀ ਸਾਬਕਾ ਫੌਜੀਆਂ ਦੀ ਹੈ। ਇਹ ਸਾਰੇ ਪੰਜਾਬੀ ਦੇਸ਼ ਲਈ ਕੁਝ ਕਰਨ ਜਾਂ ਮਰਨ ਲਈ ਤਿਆਰ ਹਨ। ਉੱਚੀ ਸਟੇਜ ਉੱਤੇ ਖਲੋਤੇ ਨਹਿਰੂ, ਚੜ੍ਹਦੀ ਕਲਾ ਦੇ ਇਸ ਦ੍ਰਿਸ਼ ਨੂੰ ਘੰਟਿਆਂ ਬੱਧੀ ਦੇਖਦੇ ਰਹਿੰਦੇ ਹਨ। ਉਹਨਾਂ ਦੇ ਸਰੀਰ ਵਿਚ ਇਕ ਨਵੀਂ ਜਾਨ ਧੜਕਣ ਲੱਗ ਪੈਂਦੀ ਹੈ। ਉਨ੍ਹਾਂ ਦੀਆਂ ਅੱਖਾਂ ਆਸ ਦੀ ਕਿਰਨਾਂ ਨਾਲ ਚਮਕ ਉਠਦੀਆਂ ਹਨ। ਇਥੇ ਹੀ ਬੱਸ ਨਹੀਂ, ਸਰਦਾਰ ਕੈਰੋਂ ਬਹਾਦਰ ਪੰਜਾਬਣਾਂ ਪਾਸੋਂ ਦਾਨ ਦੇ ਰੂਪ ਵਿਚ ਸੋਨਾ ਇਕੱਠਾ ਕਰਦੇ ਹਨ ਅਤੇ ਦਿੱਲੀ ਲਿਆ ਕੇ ਸਰਕਾਰ ਨੂੰ ਭੇਟ ਕਰ ਦਿੰਦੇ ਹਨ ਤਾਂ ਜੋ ਦੇਸ਼ ਦੀ ਸੁਰੱਖਿਆ ਲਈ ਹਥਿਆਰ ਖਰੀਦੇ ਜਾ ਸਕਣ। ਸ੍ਰ: ਕੈਰੋਂ ਦੀ ਇਹ ਕਾਰਵਾਈ ਇਕ ਮਿਸਾਲ ਬਣ ਜਾਂਦੀ ਹੈ ਅਤੇ ਸਾਰਾ ਦੇਸ਼ ਇਕ-ਮੁੱਠ ਹੋ ਜਾਂਦਾ ਹੈ। ਮੈਨੂੰ ਇਨ੍ਹਾਂ ਸਾਰੀਆਂ ਗੱਲਾਂ ਦਾ ਜ਼ਾਤੀ ਤੌਰ 'ਤੇ ਪਤਾ ਹੈ ਕਿਉਂਕਿ ਮੈਂ ਉਸ ਸਮੇਂ ਪੰਜਾਬ ਸਰਕਾਰ ਦੇ ਉਨ੍ਹਾਂ ਅਧਿਕਾਰੀਆਂ ਵਿਚ ਸ਼ਾਮਿਲ ਸਾਂ, ਜਿਹੜੇ ਇਸ ਕੰਮ ਵਿਚ ਜੁਟੇ ਹੋਏ ਸਨ।

ਪੁਰਾਤਨ ਕਹਾਣੀਆਂ ਦੇ ਨਾਇਕਾਂ ਵਰਗੀ ਸ਼ਖਸੀਅਤ ਸੀ ਸਰਦਾਰ ਕੈਰੋਂ ਦੀ। ਉਨ੍ਹਾਂ ਨੇ 1956 ਤੋਂ 1964 ਤੱਕ ਪੰਜਾਬ ਉੱਤੇ ਬੜੇ ਪੱਕੇ ਹੱਥੀਂ ਅਤੇ ਦਬਦਬੇ ਨਾਲ ਰਾਜ ਕੀਤਾ ਅਤੇ ਆਪਣੇ ਪਿੱਛੇ ਕਈ ਕਹਾਣੀਆਂ ਛੱਡ ਗਏ, ਜਿਨ੍ਹਾਂ ਨੂੰ ਲੋਕ ਅਕਸਰ ਦੁਹਰਾਉਂਦੇ ਰਹਿਣਗੇ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਕਹਾਣੀਆਂ ਅਜਿਹੀਆਂ ਹਨ, ਜੋ ਆਉਣ ਵਾਲੀ ਨੌਜਵਾਨ ਪੀੜ੍ਹੀ ਨੂੰ ਪ੍ਰੇਰਨਾ ਦੇਣ ਵਾਲੀਆਂ ਹਨ ਪਰ ਕੁਝ ਕਹਾਣੀਆਂ ਅਜਿਹੀਆਂ ਵੀ ਹਨ, ਜਿਹੜੀਆਂ ਤੁਹਾਨੂੰ ਬਿਲਕੁਲ ਚੰਗੀਆਂ ਨਹੀਂ ਲੱਗਣਗੀਆਂ। ਸਾਰੇ ਧੜੱਲੇਦਾਰ

ਵਿਅਕਤੀਆਂ ਵਾਂਗ ਸ੍ਰ: ਕੈਰੋਂ ਸਿਰੇ ਦੀਆਂ ਪਸੰਦਾਂ ਤੇ ਨਾ-ਪਸੰਦਾਂ ਦੇ ਮਾਲਕ ਸਨ। ਇਸ ਛੋਟੇ ਜਿਹੇ ਲੇਖ ਵਿਚ ਮੈਂ ਕੁਝ ਘਟਨਾਵਾਂ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ।

ਸ੍ਰ: ਪ੍ਰਤਾਪ ਸਿੰਘ ਕੈਰੋਂ ਨੇ ਅਮਰੀਕਾ ਦੀ ਇਕ ਪ੍ਰਸਿੱਧ ਯੂਨੀਵਰਸਿਟੀ ਤੋਂ ਰਾਜਨੀਤੀ ਸ਼ਾਸ਼ਤਰ ਦੀ ਐਮ.ਏ. ਪਾਸ ਕੀਤੀ ।ਪੰਜਾਬ ਵਿਚ ਵਾਪਸ ਆ ਕੇ ਉਹ ਅਕਾਲੀ ਪਾਰਟੀ ਦੇ ਮੈਂਬਰ ਬਣ ਗਏ ਅਤੇ ਕਈ ਸਾਲ ਮਾਸਟਰ ਤਾਰਾ ਸਿੰਘ ਦੇ ਵਫਾਦਾਰ ਨਿੱਜੀ ਸਹਾਇਕਾਂ ਵਿਚ ਸ਼ਾਮਿਲ ਰਹੇ, ਜਿਨ੍ਹਾਂ ਦੇ ਆਦਰਸ਼ਵਾਦ ਨੇ ਕਦੀ ਸਿੱਖ ਨੌਜਵਾਨਾਂ ਦੀ ਸਮੁੱਚੀ ਪੀੜ੍ਹੀ ਨੂੰ ਪ੍ਰਭਾਵਿਤ ਕੀਤਾ ਸੀ। ਸ੍ਰ: ਕੈਰੋਂ ਦੀ ਰਾਜਨੀਤਕ ਚੜ੍ਹਤ 1938 ਵਿਚ ਸ਼ੁਰੂ ਹੋਈ ਜਦੋਂ ਉਨ੍ਹਾਂ ਨੇ ਮਹਾਨ ਇਨਕਲਾਬੀ ਅਤੇ ਕਾਮਾ ਗਾਟਾ ਮਾਰੂ ਦੀ ਪ੍ਰਸਿੱਧੀ ਦੇ ਮਾਲਕ, ਕਾਂਗਰਸੀ ਉਮੀਦਵਾਰ ਨੂੰ ਚੋਣਾਂ ਵਿਚ ਹਾਰ ਦਿੱਤੀ। ਪਰ ਛੇਤੀ ਹੀ ਉਨ੍ਹਾਂ ਨੂੰ ਅਕਾਲੀ ਪਾਰਟੀ ਨੂੰ ਛੱਡ ਕੇ ਕਾਂਗਰਸ ਵਿਚ ਜਾਣਾ ਪਿਆ। ਮਾਸਟਰ ਤਾਰਾ ਸਿੰਘ ਨਾਲੋਂ ਵੱਖਰਾ ਰਾਹ ਅਖਤਿਆਰ ਕਰਨ ਦਾ ਕਾਰਨ ਦੂਜੀ ਸੰਸਾਰ ਜੰਗ ਲਈ ਭਰਤੀ ਦਾ ਮਾਮਲਾ ਸੀ।

ਸ੍ਰ: ਕੈਰੋਂ ਦੀ ਜ਼ਿੰਦਗੀ ਵਿਚ ਇਕ ਮਹਾਨ ਮੌਕਾ 1952 ਵਿਚ ਆਇਆ, ਜਦੋਂ ਉਹ ਭੀਮ ਸੈਨ ਸੱਚਰ ਦੀ ਵਜ਼ਾਰਤ ਵਿਚ ਪੰਜਾਬ ਦੇ ਵਿਕਾਸ ਮੰਤਰੀ ਬਣ ਗਏ। ਪਰ ਉਹ ਕੁਝ ਸਮਾਂ ਆਪਣੇ ਹੀ ਆਗੂ ਮੁੱਖ ਮੰਤਰੀ ਪੰਜਾਬ ਸ੍ਰੀ ਸੱਚਰ ਵਿਰੁੱਧ ਬਗਾਵਤ ਕਰਨ ਲਈ ਮੌਕਾ ਤਾੜਦੇ ਰਹੇ। ਸ੍ਰੀ ਸੱਚਰ ਇਕ ਨੇਕ ਅਤੇ ਰੱਬ ਤੋਂ ਡਰਨ ਵਾਲੇ ਇਨਸਾਨ ਸਨ। ਸ੍ਰ: ਕੈਰੋਂ ਦਾ ਖਿਆਲ ਸੀ ਕਿ ਪੰਜਾਬ ਦੀ ਤੂਫਾਨੀ ਸਿਆਸਤ ਲਈ ਸ੍ਰੀ ਸੱਚਰ ਇਕ ਕਮਜ਼ੋਰ ਆਗੂ ਹਨ। ਉਸ ਸਮੇਂ ਪੰਜਾਬ ਵਿਚ ਹਿੰਦੀ-ਪੰਜਾਬੀ ਦੇ ਕੌੜੇ ਵਿਵਾਦ ਨੇ ਅਜੇ ਸਿਰ ਚੁੱਕਣਾ ਹੀ ਸ਼ੁਰੂ ਕੀਤਾ ਸੀ ਅਤੇ ਤਿੰਨ-ਭਾਸ਼ੀ ਫਾਰਮੂਲੇ ਨੂੰ ਅਜੇ ਤਾਜ਼ਾ ਹੀ ਮਨਜ਼ੂਰੀ ਮਿਲੀ ਸੀ। ਅਕਾਲੀਆਂ ਦੇ ਵੱਧ ਰਹੇ ਦਬਾਅ ਦਾ ਮੁਕਾਬਲਾ ਕਰਨ ਲਈ ਕਾਂਗਰਸ ਨੂੰ ਇਕ ਮਜ਼ਬੂਤ ਨੇਤਾ ਦੀ ਜ਼ਰੂਰਤ ਸੀ। ਕਾਂਗਰਸ ਪਾਰਟੀ ਦਾ ਵਿਚਾਰ ਸੀ ਕਿ ਇਸ ਸਮੇਂ ਸ੍ਰ: ਕੈਰੋਂ ਸਮੇਂ ਦੇ ਹਾਣੀ ਸਿੱਧ ਹੋ ਸਕਦੇ ਹਨ। ਸ੍ਰ: ਕੈਰੋਂ ਨੇ ਵੀ ਪਾਰਟੀ ਦੀਆਂ ਮਸਲਹਤਾਂ ਨੂੰ ਮੁੱਖ ਰੱਖ ਕੇ ਪਿੱਛੇ ਮੁੜ ਕ ਨਹੀਂ ਵੇਖਿਆ।

ਹੁਣ ਮੈਂ ਸ੍ਰ: ਕੈਰੋਂ ਦੀਆਂ ਕੁਝ ਸ਼ਕਤੀਆਂ ਅਤੇ ਕਮਜ਼ੋਰੀਆਂ ਦੱਸਣਾ ਚਾਹਾਂਗਾ, ਜਿਨ੍ਹਾਂ ਤੋਂ ਪਾਠਕ ਇਹ ਅੰਦਾਜ਼ਾ ਲਾ ਸਕਣਗੇ ਕਿ ਭਵਿੱਖ ਵਿਚ ਲੋਕਾਂ ਨਾਲ ਉਨ੍ਹਾਂ ਦਾ ਕਿਵੇਂ ਪਿਆਰ ਤੇ ਨਫਰਤ ਦਾ ਰਿਸ਼ਤਾ ਬਣਿਆ ਰਹੇਗਾ। ਸਭ ਤੋਂ ਪਹਿਲੀ ਗੱਲ ਇਹ ਕਿ ਲੋਕ ਸੱਚ-ਮੁੱਚ ਹੀ ਉਨ੍ਹਾਂ ਨੂੰ ਆਧੁਨਿਕ ਪੰਜਾਬ ਦੇ ਉਸਰਈਏ ਵਜੋਂ ਯਾਦ ਕਰਦੇ ਰਹਿਣਗੇ, ਕਿਉਂਕਿ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਸ੍ਰ: ਕੈਰੋਂ ਨੇ ਦੇਸ਼ ਭਰ ਵਿਚ ਪੰਜਾਬ ਨੂੰ ਨੰਬਰ ਇਕ ਸੂਬਾ ਬਣਾਉਣ ਲਈ ਅਣਥੱਕ ਮਿਹਨਤ ਕੀਤੀ।

ਸ੍ਰ: ਪ੍ਰਤਾਪ ਸਿੰਘ ਕੈਰੋਂ ਇਕ ਕਿਸਾਨ ਪਰਿਵਾਰ ਦੇ ਜੰਮ-ਪਲ ਸਨ। ਇਸ ਲਈ ਉਹ ਇਸ ਗੱਲ ਨੂੰ ਸਮਝਦੇ ਸਨ ਕਿ ਪੰਜਾਬੀ ਕਿਸਾਨਾਂ ਅਤੇ ਸੂਬੇ ਦੇ ਵਿਕਾਸ ਵਿਚਾਲੇ ਕਿਹੜੀ ਚੀਜ਼ ਰੁਕਾਵਟ ਬਣੀ ਹੋਈ ਹੈ। ਇਸ ਲਈ 1954 ਵਿਚ ਉਨ੍ਹਾਂ ਨੇ ਸੂਬੇ ਵਿਚ ਮੁਰੱਬੇਬੰਦੀ ਦਾ ਪ੍ਰੋਗਰਾਮ ਸ਼ੁਰੂ ਕੀਤਾ। ਇਹ ਇਕ ਔਖਾ ਪਰ ਇਲਕਲਾਬੀ ਕੰਮ ਸੀ। ਭਾਰਤ ਵਿਚ ਹੋਰ ਵੀ ਕਈ ਸੂਬਿਆਂ ਨੇ ਇਹ ਕੰਮ ਸ਼ੁਰੂ ਕੀਤਾ ਹੋਇਆ ਸੀ, ਪਰ ਉਹ ਇਸ ਨੂੰ ਕਦੀ ਵੀ ਮੁਕੰਮਲ ਨਾ ਕਰ ਸਕੇ। ਸ੍ਰ: ਪ੍ਰਤਾਪ ਸਿੰਘ ਕੈਰੋਂ ਇਸ ਪ੍ਰੋਗਰਾਮ ਨੂੰ ਸਿਰੇ ਚਾੜ੍ਹਨ ਲਈ ਬੜੀ ਦ੍ਰਿੜਤਾ ਨਾਲ ਇਕ ਮਨ-ਚਿਤ ਹੋ ਕੇ ਦਿਨ-ਰਾਤ ਜੁਟੇ ਰਹੇ। ਉਨ੍ਹਾਂ ਦਾ ਇਹ ਕਾਰਨਾਮਾ ਸਹੀ ਅਰਥਾਂ ਵਿਚ ਉਸ ਇਨਕਲਾਬ ਦੀ ਨੀਂਹ ਬਣਿਆ ਜਿਸ ਨੂੰ ਹਰਾ ਇਨਬਲਾਬ ਕਹਿੰਦੇ ਹਨ।

ਇਸ ਤਰ੍ਹਾਂ ਅਨਾਜ ਦੇ ਖੇਤਰ ਵਿਚ ਸਵੈ-ਨਿਰਭਰਤਾ ਪ੍ਰਾਪਤ ਕਰਨ ਦੀ ਮੁਹਿੰਮ ਵਿਚ ਪੰਜਾਬ ਨੇ ਸਾਰੇ ਦੇਸ਼ ਦੀ ਅਗਵਾਈ ਕੀਤੀ। ਪਰ ਵਿਕਾਸ ਦੀ ਇਹ ਤਸਵੀਰ ਅਧੂਰੀ ਰਹੇਗੀ, ਜੇ ਅਸੀਂ ਬਹੁ-ਪੱਖੀ ਭਾਖੜਾ ਡੈਮ ਅਤੇ ਕੁਝ ਚਿਰ ਪਿੱਛੋਂ ਬਣੀ ਲੁਧਿਆਣਾ ਵਿਖੇ ਖੇਤੀਬਾੜੀ ਯੂਨੀਵਰਸਿਟੀ ਦੀ ਉਸਾਰੀ ਦਾ ਜ਼ਿਕਰ ਨਹੀਂ ਕਰਾਂਗੇ। ਵਧੇਰੇ ਪਾਣੀ ਅਤੇ ਸਿੰਜਾਈ ਪ੍ਰਬੰਧ, ਵਧੇਰੇ ਬਿਜਲੀ ਤੇ ਮਸ਼ੀਨੀਕਰਨ, ਬੀਜਾਂ ਅਤੇ ਕੀੜੇਮਾਰ ਦਵਾਈਆਂ ਦੀ ਖੋਜ ਅਤੇ ਖੇਤੀਬਾੜੀ ਦੇ ਨਵੇਂ ਤਰੀਕਿਆਂ ਨੇ ਪੰਜਾਬ ਨੂੰ ਇਕ ਵਾਰ ਫੇਰ ਸਾਰੇ ਭਾਰਤ ਦਾ ਅੰਨ-ਭੰਡਾਰ ਬਣਾ ਦਿੱਤਾ। ਅਮਰੀਕਾ ਵਿਚ ਕੁਝ ਸਮਾਂ ਰਹਿਣ ਕਰਕੇ ਉਨ੍ਹਾਂ ਨੂੰ ਖੇਤੀਬਾੜੀ ਦੇ ਵਿਕਾਸ ਬਾਰੇ ਇਕ ਨਵਾਂ ਦ੍ਰਿਸ਼ਟੀਕੋਣ ਪ੍ਰਾਪਤ ਹੋ ਗਿਆ ਸੀ, ਇਕ ਅਜਿਹਾ ਸਪਸ਼ਟ ਦ੍ਰਿਸ਼ਟੀਕੋਣ, ਜਿਸ ਨਾਲ ਉਚਿਤ ਖਰਚ ਅਤੇ ਮਿਹਨਤ ਨਾਲ ਲੋੜੀਂਦੀ ਉਪਜ ਹਾਸਲ ਕੀਤੀ ਜਾ ਸਕੇ।

ਨਿਰਸੰਦੇਹ ਸ: ਪ੍ਰਤਾਪ ਸਿੰਘ ਕੈਰੋਂ ਇਕ ਮਹਾਨ ਉਸਰੱਈਏ ਸਨ। ਇਹ ਠੀਕ ਹੈ ਕਿ ਚੰਡੀਗੜ੍ਹ ਅਤੇ ਭਾਖੜਾ-ਨੰਗਲ ਯੋਜਨਾ ਦਾ ਸੰਕਲਪ, ਜਿਨ੍ਹਾਂ ਨੂੰ ਪੰਡਿਤ ਨਹਿਰੂ 'ਭਾਰਤ ਦੇ ਆਧੁਨਿਕ ਮੰਦਰ' ਕਹਿੰਦੇ ਸਨ, ਉਦੋਂ ਧਾਰਿਆ ਗਿਆ ਸੀ, ਜਦੋਂ ਅਜੇ ਸ: ਕੈਰੋਂ ਨੇ ਪੰਜਾਬ ਦੀ ਵਾਗ-ਡੋਰ ਨਹੀਂ ਸੰਭਾਲੀ ਸੀ। ਪਰ ਇਨ੍ਹਾਂ ਯੋਜਨਾਵਾਂ ਨੂੰ ਨੇਪਰੇ ਦਾ ਸਿਹਰਾ ਸ: ਕੈਰੋਂ ਅਤੇ ਕੇਵਲ ਸ: ਕੈਰੋਂ ਦੇ ਸਿਰ ਹੀ ਬੱਝਦਾ ਹੈ। ਇਹ ਬੜੀ ਹੈਰਾਨੀ ਦੀ ਗੱਲ ਸੀ ਕਿ ਇਸ ਤਰ੍ਹਾਂ ਦੇ ਵੱਡੇ-ਵੱਡੇ ਕੰਮ ਸਰਕਾਰੀ ਮਹਿਕਮਿਆਂ ਦੁਆਰਾ ਸਿਰੇ ਚਾੜ੍ਹੇ ਜਾ ਰਹੇ ਸਨ। ਭਾਖੜਾ-ਨੰਗਲ ਯੋਜਨਾ ਪੂਰਨ ਰੂਪ ਵਿਚ ਇਕ ਸਰਕਾਰੀ ਯੋਜਨਾ ਸੀ ਅਤੇ ਇਸ ਨੂੰ ਮੁਕੰਮਲ ਕਰਨ ਦੀ ਜ਼ਿੰਮੇਵਾਰੀ ਵੀ ਸਰਕਾਰੀ ਅਮਲੇ ਦੇ ਹੱਥ ਵਿਚ ਸੀ। ਇਸ ਤਰ੍ਹਾਂ ਚੰਡੀਗੜ੍ਹ ਵਿਚ ਜਦੋਂ ਠੇਕੇਦਾਰ ਸਕੱਤਰੇਤ, ਹਾਈ ਕੋਰਟ ਅਤੇ ਅਸੰਬਲੀ ਭਵਨ ਦੀ ਉਸਾਰੀ ਅੱਧ-ਵਿਚਲੇ ਛੱਡ ਗਏ, ਤਾਂ ਸ: ਕੈਰੋਂ ਨੇ ਇਨ੍ਹਾਂ ਇਮਾਰਤਾਂ ਦੀ ਸਰਕਾਰੀ ਵਿਭਾਗਾਂ ਦੁਆਰਾ ਉਸਾਰੀ ਕਰਨ ਦੀ ਪੱਕੀ ਧਾਰ ਲਈ। ਉਨ੍ਹਾਂ ਦਾ ਨਾਅਰਾ ਸੀ: 'ਜੇ ਸਹੀ ਅਗਵਾਈ ਦਿੱਤੀ ਜਾਏ, ਤਾਂ ਇਹੋ ਜਿਹਾ ਕੋਈ ਕੰਮ ਨਹੀਂ ਜੋ ਨੇਪਰੇ ਨਾ ਚਾੜ੍ਹਿਆ ਜਾ ਸਕੇ।'

ਇਹ ਸ: ਕੈਰੋਂ ਹੀ ਸਨ, ਜਿਨਾਂ ਨੇ ਦਿੱਲੀ ਦੇ ਆਲੇ-ਦੁਆਲੇ ਇਕ ਸਨਅਤੀ ਪੱਟੀ ਦੀ ਉਸਾਰੀ ਕੀਤੀ। ਇਸ ਸਬੰਧ ਵਿਚ ਫਰੀਦਾਬਾਦ ਦੀ ਉਦਾਹਰਣ ਦਿੱਤੀ ਜਾ ਸਕਦੀ ਹੈ। ਦੇਸ਼ ਦੇ ਸਾਰੇ ਸਨਅਤੀ ਘਰਾਣੇ ਇਸ ਟਾਊਨਸ਼ਿਪ ਵੱਲ ਖਿੱਚੇ ਗਏ। ਇਥੇ ਆਪਣੇ-ਆਪਣੇ ਕਾਰੋਬਾਰ ਸ਼ੁਰੂ ਕਰਨ ਲਈ ਉਹ ਪੰਜਾਬ ਦੇ ਆਮ ਕਰਕੇ ਅਤੇ ਸ: ਪ੍ਰਤਾਪ ਸਿੰਘ ਕੈਰੋਂ ਦੇ ਖਾਸ ਕਰਕੇ ਰਿਣੀ ਸਨ। ਅੱਜ ਇਹ ਗੱਲ ਕਹੀ ਜਾ ਸਕਦੀ ਹੈ ਕਿ ਹਰਿਆਣੇ ਦੀ ਲੀਡਰਸ਼ਿਪ ਅੱਜ ਕੱਲ੍ਹ ਜਿਹੜੀ ਫਸਲ ਵੱਢ ਰਹੀ ਹੈ, ਉਹ ਕਈ ਸਾਲ ਪਹਿਲਾਂ ਸ: ਕੈਰੋਂ ਨੇ ਹੀ ਬੀਜੀ ਸੀ।

ਸ: ਕੈਰੋਂ ਦਾ ਸਭ ਤੋਂ ਦੂਰ-ਅੰਦੇਸ਼ ਉਪਰਾਲਾ ਚੰਡੀਗੜ੍ਹ ਵਿਚ ਡਾਕਟਰੀ ਸਿੱਖਿਆ ਦਾ ਪੋਸਟ ਗ੍ਰੈਜੂਏਟ ਇੰਸਟੀਚਿਊਟ ਸਥਾਪਤ ਕਰਨਾ ਸੀ। ਇਸੇ ਤਰ੍ਹਾਂ ਪਟਿਆਲੇ ਵਿਚ ਪੰਜਾਬੀ ਯੂਨੀਵਰਸਿਟੀ ਅਤੇ ਕੁਰੂਕਸ਼ੇਤਰ ਵਿਚ ਇਕ ਹੋਰ ਯੂਨੀਵਰਸਿਟੀ ਦੀ ਸਥਾਪਤੀ ਸ: ਕੈਰੋਂ ਦੀਆਂ ਕੋਸ਼ਿਸ਼ਾਂ ਦਾ ਹੀ ਨਤੀਜਾ ਸਨ।

ਸ: ਪ੍ਰਤਾਪ ਸਿੰਘ ਕੈਰੋਂ ਲੋਕਾਂ ਵਿਚ ਕਿੰਨੇ ਹਰਮਨ-ਪਿਆਰੇ ਸਨ, ਇਹ ਗੱਲ ਲੋਕਾਂ ਨਾਲ ਉਨ੍ਹਾਂ ਦੇ ਵਿਵਹਾਰ ਤੋਂ ਦੇਖੀ ਜਾ ਸਕਦੀ ਹੈ। ਉਨ੍ਹਾਂ ਨੇ ਆਪਣੇ ਅਤੇ ਲੋਕਾਂ ਵਿਚਕਾਰ ਕਦੀ ਕੋਈ ਵਿੱਥ ਨਹੀਂ ਸੀ ਆਉਣ ਦਿੱਤੀ। ਉਹ ਲੋਕਾਂ ਵਿਚਾਲੇ ਇਕ ਸਾਧਾਰਨ ਮੰਜੀ ਜਾਂ

ਗੱਡੇ ਉੱਤੇ ਵੀ ਬੈਠ ਜਾਂਦੇ ਸਨ ਤਾਂ ਜੋ ਲੋਕ ਉਨ੍ਹਾਂ ਨੂੰ ਨਿਰਸੰਕੋਚ ਆਪਣੇ ਦਿਲ ਦੀਆਂ ਗੱਲਾਂ ਦੱਸ ਸਕਣ। ਇਸੇ ਤਰ੍ਹਾਂ ਲੋਕਾਂ ਨਾਲ ਸੰਪਰਕ ਪੈਦਾ ਕਰਨ ਲਈ ਉਹ ਬੜੇ ਮਾਹਰ ਸਨ। ਦੇਸ਼ ਦੀਆਂ ਮਹਾਨਤਮ ਹਸਤੀਆਂ ਨਾਲ ਮੇਰਾ ਕਈ ਸਾਲ ਵਾਹ ਰਿਹਾ ਹੈ। ਇਸ ਸਾਰੇ ਸਮੇਂ ਵਿਚ ਲੋਕਾਂ ਨਾਲ ਘੁਲ-ਮਿਲ ਜਾਣ ਦਾ ਇਹ ਗੁਣ ਮੈਂ ਕਿਸੇ ਹੋਰ ਲੀਡਰ ਵਿਚ ਇਸ ਹੱਦ ਤੱਕ ਨਹੀਂ ਵੇਖਿਆ। ਜਿਥੋਂ ਤੱਕ ਆਪਣੇ ਸਮੇਂ ਤੋਂ ਅਗਾਂਹ ਸੋਚਣ ਅਤੇ ਉਨ੍ਹਾਂ ਦੇ ਉੱਨਤੀਸ਼ੀਲ ਵਿਚਾਰਾਂ ਦਾ ਸਵਾਲ ਹੈ, ਇਸ ਬਾਰੇ ਮੈਂ ਚਾਰ ਮਿਸਾਲਾਂ ਦੇ ਸਕਦਾ ਹਾਂ। ਉਨ੍ਹਾਂ ਨੇ ਸਾਰੇ ਪੰਜਾਬ ਵਿਚ ਸਫੈਦੇ ਦੇ ਦਰੱਖਤ ਲਗਵਾਏ, ਚੰਡੀਗੜ੍ਹ ਦੇ ਆਲੇ-ਦੁਆਲੇ ਕਈ ਮੁਰਗੀ ਫਾਰਮ ਬਣਾਏ, ਕੁੱਲੂ ਤੇ ਸ਼ਿਮਲੇ ਦੇ ਇਲਾਕਿਆਂ ਵਿਚ ਸੇਬਾਂ ਦੇ ਬਾਗ ਲਗਵਾਏ ਅਤੇ ਅਬੋਹਰ-ਫਾਜ਼ਿਲਕਾ ਦੀ ਪੱਟੀ ਵਿਚ ਸੰਗਤਰੇ, ਮਾਲਟੇ ਅਤੇ ਅੰਗੂਰਾਂ ਦੀ ਖੇਤੀ ਸ਼ੁਰੂ ਕਰਵਾਈ। ਪੰਜਾਬ ਵਿਚੋਂ ਲੰਘਣ ਵਾਲਾ ਕੋਈ ਵੀ ਵਿਅਕਤੀ ਦੇਖ ਸਕਦਾ ਹੈ ਕਿ ਰਾਜਪੁਰੇ ਤੋਂ ਲੈ ਕੇ ਫਗਵਾੜੇ ਤੱਕ ਸੜਕ ਦੇ ਦੋਹੀਂ ਪਾਸੀਂ ਛੋਟੇ-ਛੋਟੇ ਪਰ ਵੱਧ-ਫੁੱਲ ਰਹੇ ਇੰਜੀਨੀਅਰਿੰਗ ਅਦਾਰਿਆਂ ਦੀ ਇਕ ਲੰਮੀ ਲੜੀ ਸਥਾਪਤ ਹੈ। ਇਹ ਸਾਰੇ ਕਾਰੋਬਾਰ ਵੀ ਸ: ਕੈਰੋਂ ਦੀ ਮਿਹਰਬਾਨੀ ਦਾ ਹੀ ਨਤੀਜਾ ਹਨ।

ਸ: ਪ੍ਰਤਾਪ ਸਿੰਘ ਕੈਰੋਂ ਉਸ ਸਮੇਂ ਆਪਣੀ ਕਿਸਮ ਦੇ ਸ਼ਾਇਦ ਪਹਿਲੇ ਸੁਚੇਤ ਸਿਆਸਤਦਾਨ ਸਨ ਜੋ ਭਾਰਤ ਦੇ ਇਕ ਸੂਬੇ ਦੇ ਮੁੱਖ ਮੰਤਰੀ ਬਣੇ। ਉਨ੍ਹਾਂ ਦੇ ਬਹੁਤੇ ਸਮਕਾਲੀ ਜਿਵੇਂ ਪੰ: ਰਵੀ ਸ਼ੰਕਰ ਸ਼ੁਕਲਾ, ਸ੍ਰੀ ਕਾਮਰਾਜ ਨਾਡਰ, ਡਾ.ਬੀ.ਸੀ.ਰਾਏ ਅਤੇ ਪੰ: ਗੋਬਿੰਦ ਵਲਭ ਪੰਤ, ਸਾਰੇ ਆਜ਼ਾਦੀ ਸੰਗਰਾਮ ਦੇ ਪ੍ਰਮੁੱਖ ਨੇਤਾ ਸਨ। ਆਜ਼ਾਦੀ ਲਈ ਉਨ੍ਹਾਂ ਦੀਆਂ ਕੁਰਬਾਨੀਆਂ ਕਾਰਨ ਉਨ੍ਹਾਂ ਦੀ ਪੁਜ਼ੀਸ਼ਨ ਹਮੇਸ਼ਾ ਸੁਰੱਖਿਅਤ ਰਹਿੰਦੀ ਸੀ। ਪਰ ਸ: ਕੈਰੋਂ ਨੂੰ ਆਪਣੀ ਪੁਜ਼ੀਸ਼ਨ ਕਾਇਮ ਰੱਖਣ ਲਈ ਪੈਰ-ਪੈਰ 'ਤੇ ਸੰਘਰਸ਼ ਕਰਨਾ ਪੈਂਦਾ ਸੀ। ਪਰ ਸ: ਕੈਰੋਂ ਦਾ ਨਾਂ ਸ: ਸਵਰਨ ਸਿੰਘ, ਸ: ਗਿਆਨ ਸਿੰਘ ਰਾੜੇਵਾਲਾ, ਗਿਆਨੀ ਗੁਰਮੁਖ ਸਿੰਘ ਮੁਸਾਫਿਰ, ਗਿ: ਕਰਤਾਰ ਸਿੰਘ, ਪੰ: ਸਿਰੀ ਰਾਮ ਸ਼ਰਮਾ, ਗਿ: ਜ਼ੈਲ ਸਿੰਘ ਅਤੇ ਸ੍ਰੀ ਬ੍ਰਿਸ਼ ਭਾਨ ਜਿਹੇ ਨੇਤਾਵਾਂ ਦੀ ਸੂਚੀ ਤੋਂ ਬਾਹਰ ਕਿਵੇਂ ਰਹਿ ਗਿਆ, ਇਹ 'ਅਸਲ ਸਿਆਸਤ' ਦਾ ਇਕ ਸਿੱਖਣ ਵਾਲਾ ਸਬਕ ਹੈ।

ਉਨ੍ਹਾਂ ਨੇ ਪੰਜਾਬ ਦੀ ਸਿਆਸਤ ਵਿਚ ਅਕਾਲੀ-ਪੱਤਾ ਬੜੀ ਹੁਸ਼ਿਆਰੀ ਨਾਲ ਖੇਡਿਆ। ਉਨ੍ਹਾਂ ਨੇ ਇਹ ਸਪਸ਼ਟ ਰੂਪ ਵਿਚ ਮਹਿਸੂਸ ਕਰ ਲਿਆ ਸੀ ਕਿ ਪੰਜਾਬ ਵਿਚ ਕਾਂਗਰਸ ਨੂੰ ਅਸਲ ਖਤਰਾ ਅਕਾਲੀਆਂ ਤੋਂ ਹੀ ਹੈ। ਇਸ ਲਈ ਉਨ੍ਹਾਂ ਨੇ ਅਕਾਲੀਆਂ ਦੀ ਲੋਕਰਾਜੀ ਭੂਮਿਕਾ ਨਿਭਾਉਣ ਦੀ ਹਰ ਕੋਸ਼ਿਸ਼ ਨੂੰ ਨਾਕਾਮ ਬਣਾ ਦਿੱਤਾ। ਕੈਰੋਂ ਦੀ ਇਸ ਨੀਤੀ ਨੇ ਅਕਾਲੀਆਂ ਨੂੰ ਇਸ ਹੱਦ ਤੱਕ ਉਲਝਣ ਵਿਚ ਪਾ ਦਿੱਤਾ ਕਿ ਹਰ ਮਾਮਲੇ ਵਿਚ ਉਹ ਆਪਣੇ ਸਿੰਙ ਕੇਂਦਰ ਨਾਲ ਫਸੇ ਹੋਏ ਦੇਖਦੇ। ਇਸ ਸਮੁੱਚੀ ਸਥਿਤੀ ਨੂੰ ਵੇਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਸ: ਕੈਰੋਂ ਉਨ੍ਹਾਂ ਲੋਕਾਂ ਵਿਚੋਂ ਇਕ ਸਨ ਜਿਨ੍ਹਾਂ ਨੇ ਪੰਜਾਬ ਵਿਚ ਹਿੰਦੂ-ਸਿੱਖ ਦੁਫੇੜ ਨੂੰ ਹਵਾ ਦਿੱਤੀ। ਇਸ ਸਿਲਸਿਲੇ ਵਿਚ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਸ: ਕੈਰੋਂ ਨੇ ਪ੍ਰੈੱਸ ਦੇ ਇਕ ਹਿੱਸੇ ਦੀ ਮਦਦ ਨਾਲ ਅਕਾਲੀਆਂ ਨੂੰ ਮੂਲਵਾਦੀਆਂ ਅਤੇ ਵੱਖਵਾਦੀਆਂ ਵਜੋਂ ਇਸ ਹੱਦ ਤੱਕ ਬਦਨਾਮ ਕਰ ਦਿੱਤਾ ਕਿ ਕੇਂਦਰ ਉਨ੍ਹਾਂ ਦੀਆਂ ਜਾਇਜ਼ ਮੰਗਾਂ ਮੰਨਣ ਨੂੰ ਵੀ ਤਿਆਰ ਨਹੀਂ ਸੀ। ਦੇਸ਼ ਦੇ ਸਾਰੇ ਸੰਬੰਧਿਤ ਸੂਬਿਆਂ ਦੀ ਬੋਲੀ ਦੇ ਆਧਾਰ 'ਤੇ ਦੁਬਾਰਾ ਹੱਦਬੰਦੀ 1956 ਵਿਚ ਕਰ ਦਿੱਤੀ ਪਰ ਪੰਜਾਬ ਨੂੰ ਇਹ ਅਸੂਲ ਅਮਲ ਵਿਚ ਲਿਆਉਣ ਲਈ ਦਸ ਸਾਲ ਉਡੀਕ ਕਰਨੀ ਪਈ ਅਤੇ ਇਸ ਦੌਰਾਨ ਕਈ ਕਿਸਮ ਦੀਆਂ ਦੁਸ਼ਵਾਰ

ਘਾਟੀਆਂ ਵਿਚੋਂ ਗੁਜ਼ਰਨਾ ਪਿਆ। ਇਨ੍ਹਾਂ ਦਸਾਂ ਸਾਲਾਂ ਵਿਚ ਪੰਜਾਬ ਦਾ ਫਿਰਕੂ ਮਾਹੌਲ ਕਾਫੀ ਹੱਦ ਤੱਕ ਵਿਗੜ ਗਿਆ।

ਇਹ ਗੱਲ ਵਰਨਣਯੋਗ ਹੈ ਕਿ ਸ: ਕੈਰੋਂ ਨੇ ਅਫਸਰਸ਼ਾਹੀ ਨੂੰ ਬੇਸ਼ੱਕ ਆਪਣੀਆਂ ਯੋਜਨਾਵਾਂ ਨੂੰ ਅਮਲ ਲਿਆਉਣ ਲਈ ਅਸਰਦਾਰ ਤਰੀਕੇ ਨਾਲ ਵਰਤਿਆ ਪਰ ਉਹ ਕਈ ਵਾਰ ਆਪਣੇ ਸੀਨੀਅਰ ਅਫਸਰਾਂ ਦੀ ਵੀ ਇਸ ਲਈ ਲਾਹ-ਪਾਹ ਕਰ ਦਿੰਦੇ ਸਨ ਤਾਂ ਕਿ ਉਨ੍ਹਾਂ ਨੂੰ ਇਹ ਅਹਿਸਾਸ ਕਰਾਇਆ ਜਾ ਸਕੇ ਕਿ ਦੇਸ਼ ਦੇ ਅਸਲ ਮਾਲਕ ਲੋਕਾਂ ਦੇ ਨੁਮਾਇੰਦੇ ਜਾਂ ਸਿਆਸਤਦਾਨ ਹਨ ਨਾ ਕਿ ਅਫਸਰ ਲੋਕ। ਉਹ ਉਨ੍ਹਾਂ ਅਫਸਰਾਂ ਨਾਲ ਖਾਸ ਤੌਰ ਤੇ ਸਖਤੀ ਵਰਤਦੇ ਸਨ, ਜਿਨ੍ਹਾਂ ਦੀ ਵਫਾਦਾਰੀ ਉੱਤੇ ਉਨ੍ਹਾਂ ਨੂੰ ਸ਼ੱਕ ਹੋ ਜਾਂਦਾ ਸੀ।

ਇਸ ਤਰ੍ਹਾਂ ਸ: ਕੈਰੋਂ ਦੀ ਸ਼ਖਸੀਅਤ ਇਕ ਦੋ-ਅਮਲੀ ਸ਼ਖਸੀਅਤ ਸੀ, ਜਿਸ ਦਾ ਇਕ ਪੱਖ ਸੂਬੇ ਦੀ ਬਿਹਤਰੀ ਲਈ ਕੰਮ ਕਰਨਾ ਸੀ ਅਤੇ ਦੂਜਾ ਪੱਖ ਸੀ ਆਪਦੇ ਪੈਰਾਂ ਉੱਤੇ ਆਪ ਕੁਹਾੜਾ ਮਾਰਨਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸ: ਕੈਰੋਂ ਵਿਵਾਦਾਂ ਅਤੇ ਸੰਕਟਾਂ ਵਿਚੋਂ ਵਧੇਰੇ ਮਜ਼ਬੂਤ ਹੋ ਕੇ ਨਿਕਲਦੇ ਸਨ, ਪਰ ਉਨ੍ਹਾਂ ਦੇ ਸ਼ਾਸ਼ਨ-ਕਾਲ ਦੇ ਅੰਤਲੇ ਸਾਲਾਂ ਵਿਚ ਕਾਂਗਰਸ ਪਾਰਟੀ ਅੰਦਰ ਕਾਫੀ ਵਿਰੋਧੀ ਤੱਤ ਪੈਦਾ ਹੋ ਗਏ ਸਨ। ਇਹ ਨਰਾਜ਼ ਨੇਤਾ ਵਿਰੋਧੀ ਪਾਰਟੀਆਂ ਨਾਲ ਮਿਲ ਗਏ ਅਤੇ ਉਨ੍ਹਾਂ ਨੇ ਕੈਰੋਂ ਪਰਿਵਾਰ ਦੇ ਕੁਝ ਮੈਂਬਰਾਂ ਦੇ ਭ੍ਰਿਸ਼ਟਾਚਾਰ ਦਾ ਮਾਮਲਾ ਚੁੱਕ ਲਿਆ। ਭ੍ਰਿਸ਼ਟਾਚਾਰ ਦੇ ਇਨ੍ਹਾਂ ਦੋਸ਼ਾਂ ਦੀ ਪੜਤਾਲ ਕਰਨ ਲਈ 1963 ਵਿਚ ਦਾਸ ਕਮਿਸ਼ਨ ਨਿਯੁਕਤ ਕੀਤਾ ਗਿਆ। ਇਥੇ ਇਹ ਗੱਲ ਕਹਿਣੀ ਜ਼ਰੂਰੀ ਹੈ ਕਿ ਸ: ਕੈਰੋਂ ਆਪ ਭ੍ਰਿਸ਼ਟ ਨਹੀਂ ਸਨ। ਪੂਰੀ ਜਾਂਚ-ਪੜਤਾਲ ਤੋਂ ਬਾਅਦ ਵੀ ਦਾਸ ਕਮਿਸ਼ਨ ਉਨ੍ਹਾਂ ਉੱਤੇ ਭ੍ਰਿਸ਼ਟਾਚਾਰ ਦਾ ਕੋਈ ਨਿਗਰ ਦੋਸ਼ ਨਹੀਂ ਲਾ ਸਕਿਆ। ਉਨ੍ਹਾਂ ਵਿਰੁੱਧ ਵੱਧ ਤੋਂ ਵੱਧ ਇਹ ਟਿੱਪਣੀ ਹੀ ਕੀਤੀ ਜਾ ਸਕਦੀ ਹੈ ਕਿ 'ਇਕ ਮੁੱਖ ਮੰਤਰੀ ਹੋਣ ਦੇ ਨਾਤੇ ਉਹ ਆਪਣੇ ਪਰਿਵਾਰ ਦੀਆਂ ਭੁੱਲਾਂ-ਚੁੱਕਾਂ ਲਈ ਜ਼ਿੰਮੇਵਾਰ ਹਨ।' ਇਸ ਫੈਸਲੇ ਤੋਂ ਬਾਅਦ ਸ; ਕੈਰੋਂ ਰਾਜ-ਸੱਤਾ ਦੀ ਕੁਰਸੀ ਨੂੰ ਚਿੰਬੜੇ ਨਹੀਂ ਰਹੇ। ਜੁਲਾਈ 1964 ਵਿਚ ਉਨ੍ਹਾਂ ਨੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ।

6 ਫਰਵਰੀ, 1965 ਨੂੰ ਜਦੋਂ ਉਹ ਦਿੱਲੀ ਤੋਂ ਚੰਡੀਗੜ੍ਹ ਆ ਰਹੇ ਸਨ ਤਾਂ ਰਾਹ ਵਿਚ ਉਨ੍ਹਾਂ ਨੂੰ ਕਤਲ ਕਰ ਦਿੱਤਾ ਗਿਆ। ਉਹ ਅਜਿਹੀ ਮੌਤ ਦੇ ਭਾਗੀ ਨਹੀਂ ਸਨ। ਮੇਰਾ ਮਤਲਬ ਹੈ ਕਿ ਰਾਜ-ਸੱਤਾ ਦੇ ਮੋਹ ਵਿਚ ਕਈ ਕਿਸਮ ਦੀਆਂ ਕਮਜ਼ੋਰੀਆਂ ਦੇ ਬਾਵਜੂਦ ਉਹ ਸਾਡੇ ਨਾਇਕ ਸਨ ਜਿਨ੍ਹਾਂ ਉੱਤੇ ਪੰਜਾਬ ਖਾਸ ਤੌਰ ਤੇ ਫ਼ਖਰ ਮਹਿਸੂਸ ਕਰਦਾ ਹੈ।

ਇਹੀ ਕਾਰਨ ਹੈ ਕਿ ਅਜ ਉਹ ਲੋਕ ਵੀ ਉਨ੍ਹਾਂ ਨੂੰ ਬੜੇ ਸ਼ੌਂਕ ਨਾਲ ਯਾਦ ਕਰਦੇ ਹਨ ਜਿਹੜੇ ਉਨ੍ਹਾਂ ਦੇ ਜਿਉਂਦੇ-ਜੀ ਉਨ੍ਹਾਂ ਦੀਆਂ ਨੀਤੀਆਂ ਨਾਲ ਸਹਿਮਤ ਨਹੀਂ ਸਨ। ਉਨ੍ਹਾਂ ਨੂੰ ਹਮੇਸ਼ਾ ਆਧੁਨਿਕ ਪੰਜਾਬ ਦੇ ਉਸਰੱਈਏ ਵਜੋਂ ਯਾਦ ਕੀਤਾ ਜਾਂਦਾ ਰਹੇਗਾ।

(03-02-1996)

# ਯੋਗੀ ਭਜਨ ਦੀ ਧਰਮ ਪਤਨੀ ਬੀਬੀ ਇੰਦਰਜੀਤ ਕੌਰ: ਅਦੁੱਤੀਆਂ ਪ੍ਰਾਪਤੀਆਂ

ਜਦ ਤੋਂ ਅਮਰੀਕਾ ਵਿਚ ਨਵੇਂ ਸਜੇ ਸਿੰਘਾਂ ਦੇ ਜਥੇ ਭਾਰਤ ਦਰਬਾਰ ਸਾਹਿਬ ਦੀ ਯਾਤਰਾ ਲਈ ਆਉਣੇ ਆਰੰਭ ਹੋਏ ਹਨ ਆਮ ਲੋਕਾਂ ਲਈ ਇਹ ਬੜੇ ਅਚੰਭੇ ਦਾ ਵਿਸ਼ਾ ਬਣੇ ਰਹੇ-ਪਿਛਲੇ 25 ਸਾਲਾਂ ਤੋਂ ਇਨਾਂ ਦੀ ਭਾਰਤ ਫੇਰੀ ਹੋ ਰਹੀ ਹੈ ਅਤੇ ਗਿਣਤੀ ਵਧਦੀ ਜਾ ਰਹੀ ਹੈ। ਇਹ ਸਾਰਾ ਕਰਿਸ਼ਮਾ ਯੋਗੀ ਹਰਭਜਨ ਸਿੰਘ ਖਾਲਸਾ ਦਾ ਹੈ ਜਿਸਨੇ 1969 ਵਿਚ ਇਸ ਸਾਬਤ ਕੀਤਾ ਕਿ ਜੇ ਕੋਈ ਤਰੀਕੇ ਅਨੁਸਾਰ ਸਿੱਖ ਸਿਧਾਂਤ ਦੀ ਵਿਆਖਿਆ ਕਰੇ ਤਾਂ ਇਸਨੂੰ ਵਿਸ਼ਵ ਵਿਚ ਪ੍ਰਚਲਤ ਕਰ ਸਕਦਾ ਹੈ। ਬਿਨਾਂ ਕਿਸੇ ਸੰਸਥਾ ਜਾਂ ਵਿਅਕਤੀ ਦੀ ਮਦਦ ਦੇ ਸਾਰੇ ਅਮਰੀਕਾ ਤੇ ਕੈਨੇਡਾ ਵਿਚ ਅਮਰੀਕਨਾਂ ਨੂੰ ਸਿੱਖੀ ਬਾਣਾ ਪਵਾਕੇ ਹਰ ਪਾਸੇ ਨਿਸ਼ਾਨ ਸਾਹਿਬ ਝੁਲਾ ਦਿੱਤੇ।

ਯੋਗੀ ਭਜਨ ਸਿੰਘ ਦੀ ਪਤਨੀ ਬੀਬੀ ਇੰਦਰਜੀਤ ਕੌਰ ਦਾ ਵੀ ਇਸ ਵਿਚ ਬੜਾ ਯੋਗਦਾਨ ਹੈ।

ਪੰਜਾਬ ਦੇ ਲੋਕ ਬੜੇ ਚਿਰ ਤੋਂ ਬੀਬੀ ਜੀ ਨੂੰ ਅਮਰੀਕਨ ਸਿੱਖ ਜਥਿਆ ਨਾਲ ਸਿਰ ਤੇ ਚਿੱਟੀ ਦਸਤਾਰ ਸਜਾਈ ਵੇਖ ਰਹੇ ਹਨ। ਗੁਜ਼ਰਾਂਵਾਲਾ (ਪਾਕਿਸਤਾਨ) ਵਿਚ ਜੰਮੀਂ ਇੰਦਰਜੀਤ ਕੌਰ 1953 ਵਿਚ ਯੋਗੀ ਭਜਨ ਸਿੰਘ ਨਾਲ ਵਿਆਹੀ ਗਈ ਜਦ ਯੋਗੀ ਜੀ ਭਾਰਤ ਸਰਕਾਰ ਦੇ ਕਸਟਮ ਵਿਭਾਗ ਦੇ ਅਫਸਰ ਸਨ। ਉਹ ਦਿੱਲੀ ਤੇ ਅੰਮ੍ਰਿਤਸਰ ਵਿਖੇ ਰਹੇ। ਆਪਣੇ ਤਿੰਨ ਬੱਚਿਆਂ ਦੀ ਮਾਂ ਦੀ ਡਿਊਟੀ ਨਿਭਾਉਂਦੇ ਇੰਦਰਜੀਤ ਕੌਰ ਇਕ ਉਸਾਰੂ ਘਰੇਲੂ ਇਸਤਰੀ ਵਾਂਗੂ ਇਨਾਂ ਦਾ ਹੱਥ ਵਟਾਉਂਦੀ ਰਹੀ।

ਯੋਗੀ ਭਜਨ ਦੇ ਜੀਵਨ ਵਿਚ ਜਵਾਹਰ ਭਾਟੇ ਵਾਂਗੂ ਕਾਇਆ ਕਲਪ ਹੋਣ ਦਾ ਸਮਾਂ 1969 ਵਿਚ ਆਇਆ ਜਦ ਉਹ ਭਾਰਤ ਛੱਡਕੇ ਇਕੱਲਾ ਕੈਨੇਡਾ ਵਿਚ ਯੋਗਾ ਪੜ੍ਹਾਨ ਚਲਾ ਗਿਆ। ਉਥੋਂ ਟਰਾਂਟੋ ਤੋਂ ਛੇਤੀ ਇਹ ਲਾਸ ਏਂਜੇਲਸ ਪੁੱਜ ਗਿਆ ਸ਼ਾਇਦ ਕਿਸਮਤ ਉਸਨੂੰ ਉਡੀਕ ਰਹੀ ਸੀ, ਮਹੀਨਿਆਂ ਵਿਚ ਉਹ ਇਕ ਉਘੇ ਯੋਗਾ ਮਾਸਟਰ ਵਜੋਂ ਪ੍ਰਸਿੱਧ ਹੋ ਗਿਆ, ਸੈਂਕੜੇ ਅਮਰੀਕਨ ਇਸਦੇ ਵਿਦਿਆਰਥੀ ਬਣ ਗਏ। ਉਨਾਂ ਨੂੰ ਵਾਹਿਗੁਰੂ ਸਤਿਨਾਮ ਦਾ ਜਾਪ ਕਰਵਾਉਂਦਿਆਂ ਉਹ ਉਨਾਂ ਨੂੰ ਸਿੱਖ ਬਨਾਉਣ ਵਿਚ ਕਾਮਯਾਬ ਹੋਇਆ, ਤਿੰਨ ਸਾਲ ਪਿਛੋਂ ਉਸਦੀ ਵਹੁਟੀ ਤੇ ਬੱਚੇ ਅਮਰੀਕਾ ਉਸਦੇ ਕੋਲ ਪੁੱਜੇ। ਇੰਦਰਜੀਤ ਕੌਰ ਦੀ ਇਕ ਅਦੁੱਤੀ ਕੁਰਬਾਨੀ ਦਾ ਆਰੰਭ ਸੀ ਕਿ ਉਸਨੇ ਆਪਣਾ ਮੋਹ ਪਿਆਰ ਤਿਆਗ ਕੇ ਪਤੀ ਨੂੰ ਸਿੱਖੀ ਦੀ ਸੇਵਾ ਵਿਚ ਰਹਿਣ ਲਈ ਸਹਿਯੋਗ ਦਿੱਤਾ। ਅਮਰੀਕਾ ਪੁਜਕੇ ਇੰਦਰਜੀਤ ਕੌਰ ਨੂੰ ਬੀਬੀ ਜੀ ਦਾ ਨਾਂ ਅਮਰੀਕਨਾਂ ਨੇ ਦਿੱਤਾ ਜੋ ਛੋਟੀ ਉਮਰ ਵਿਚ ਹੀ ਉਨ੍ਹਾਂ ਦਾ ਅੱਲ ਵਾਂਗੂ ਪੱਕ ਗਿਆ-ਬੱਚਿਆਂ ਨੂੰ ਮਸੂਰੀ ਗੁਰੂ ਨਾਨਕ ਸਕੂਲ ਵਿਚ ਭੇਜਕੇ ਬੀਬੀ ਆਪ ਯੂਨੀਵਰਸਿਟੀ ਵਿਚ ਦਾਖਲ ਹੋ ਗਈ। ਉਥੇ ਉਸਨੇ ਮਨੋਵਿਗਿਆਨ ਦੀ ਪੀ.ਐਚ.ਡੀ. ਦੀ ਡਿਗਰੀ ਪਾਸ

ਕੀਤੀ ਪਰ ਆਪਣੇ ਨਾਂ ਨਾਲ ਡਾਕਟਰ ਦੀ ਉਪਾਧੀ ਨਾ ਲਾਈ। ਬੀਬੀ ਜੀ ਨਾਂ ਪ੍ਰਚਲਤ ਹੋਇਆ।

ਯੋਗੀ ਭਜਨ ਨੂੰ ਗੁਰੂ ਵਲੋਂ ਕਈ ਐਸੇ ਵਰ ਪ੍ਰਦਾਨ ਕੀਤੇ ਹੋਣੇ ਕਿ ਇਕ ਦੋ ਸਾਲ ਵਿਚ ਇਸਨੇ ਹਰ ਸ਼ਹਿਰ ਵਿਚ ਆਪਣਾ ਸਥਾਨ ਬਣਾ ਲਿਆ ਅਤੇ ਗੁਰੂਦੁਆਰੇ ਬਣਾਏ ਜਿਨ੍ਹਾਂ ਦਾ ਨਾਂ ਗੁਰੂ ਰਾਮਦਾਸ ਆਸ਼ਰਮ ਰੱਖਿਆ-ਬੀਬੀ ਇੰਦਰਜੀਤ ਕੌਰ ਨੇ ਸਭ ਤੋਂ ਪਹਿਲਾਂ ਸੇਵਾ ਲਈ ਪੰਜਾਬੀ ਪੜ੍ਹਾਉਣ ਦੀ, ਹਰ ਰੋਜ਼ ਵੱਖਰੀਆਂ ਜਮਾਤਾਂ ਲਾਈਆਂ ਬੜੇ ਤਰੱਦਦ ਨਾਲ ਨਵੇਂ ਸਜੇ ਸਿੰਘਾਂ ਸਿੰਘਣੀਆਂ ਨੂੰ ਪੰਜਾਬੀ ਦਾ ਗਿਆਨ ਦਿੱਤਾ। ਪਾਠ ਕਰਨਾ ਸਿਖਾਇਆ। ਯੋਗੀ ਜੀ ਦੇ ਪਿਤਾ ਵੀ ਉਨਾਂ ਦੀ ਮਦਦ ਕਰਦੇ ਸਨ। ਫਿਰ ਯੋਗੀ ਜੀ ਨੇ ਬੀਬੀ ਜੀ ਨੂੰ ਸਾਰੇ ਅਮਰੀਕਾ ਵਿਚ ਆਸ਼ਰਮਾਂ ਦੀ ਦੇਖਭਾਲ ਲਈ ਭੇਜਿਆ। ਹਰ ਸ਼ਹਿਰ ਵਿਚ ਇਨਾਂ ਆਸ਼ਰਮਾਂ ਨੂੰ ਸਹੀ ਸਿੱਖੀ ਸਰੂਪ ਪ੍ਰਦਾਨ ਕਰਨ ਵਿਚ ਸਹਾਇਤਾ ਕੀਤੀ। ਹਰ ਆਸ਼ਰਮ ਵਿਚ ਪੰਜਾਬੀ ਦੀਆ ਜਮਾਤਾਂ ਲਗਾਈਆਂ ਇਸ ਨਾਲ ਮਿਸ਼ਨ ਦੀ ਪ੍ਰਫੁੱਲਤਾ ਵਿਚ ਮਦਦ ਮਿਲੀ।

ਜਦ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਯੋਗੀ ਜੀ ਨੂੰ ਭਾਈ ਸਾਹਿਬ ਦੀ ਪਦਵੀ ਪ੍ਰਦਾਨ ਹੋਈ ਅਤੇ ਅਮਰੀਕਨ ਬੀਬੀਆਂ ਨੇ ਅੰਮ੍ਰਿਤ ਪਾਨ ਕੀਤਾ ਉਦੋਂ ਤੋਂ ਹੀ ਅਮਰੀਕਾ ਵਿਚ ਸਜੀਆਂ ਸਿੰਘਣੀਆਂ ਸਿਰ ਤੇ ਦਸਤਾਰ ਸਜਾਉਣ ਲੱਗ ਗਈਆਂ ਬੀਬੀ ਇੰਦਰਜੀਤ ਨੇ ਵੀ ਤਦ ਤੋਂ ਹੀ ਸਿਰ ਤੇ ਦਸਤਾਰ ਸਜਾ ਰੱਖੀ ਹੈ ਅੱਜ ਹਰ ਅਮਰੀਕਨ ਸਿੱਖ ਟੱਬਰ ਵਿਚ ਹਰ ਪੁਰਸ਼ ਤੇ ਇਸਤਰੀ, ਲੜਕਾ ਤੇ ਲੜਕੀ ਦਸਤਾਰ ਸਜਉਂਦਾ ਹੈ। ਨਿੱਕੇ-ਨਿੱਕੇ ਬੱਚੇ ਵੀ ਸਿਰ ਤੇ ਸੁੰਦਰ ਦਸਤਾਰ ਰੱਖਦੇ ਹਨ ਚਿੱਟਾ ਰੰਗ ਇਨਾਂ ਅਪਣਾ ਲਿਆ ਹੈ ਅਤੇ ਹਰ ਵਕਤ ਘਰ ਵਿਚ ਵੀ ਚਿੱਟੇ ਕਪੜੇ ਉਹ ਵੀ ਪੁਰਾਤਨ ਸਿੰਘਾਂ ਵਾਂਗੂੰ ਪਹਿਨਦੇ ਹਨ।

ਯੋਗੀ ਭਜਨ ਨੇ ਆਪਣੇ ਸਾਰੇ ਸਜੇ ਖਾਲਸਾ ਨੂੰ ਲੋਕ ਰਾਜੀ ਢੰਗ ਨਾਲ ਰੱਖਿਆ ਹੈ। ਹਰ ਇਕ ਸ਼ਹਿਰ ਅਤੇ ਪ੍ਰਾਂਤ ਵਿਚ ਕੌਂਸਲਾਂ ਹਨ, ਹਰ ਇਕ ਦਾ ਮੁੱਖੀਆ ਹੈ ਜੋ ਹੈੱਡ ਹੈ ਉਹ ਮੁਖੀਆ ਸਿੰਘ ਸਾਹਿਬ ਹੈ ਫਿਰ ਸਾਰੇ ਮਿਸ਼ਨ ਦੀ ਕੌਂਸਲ ਹੈ ਉਸਦੇ ਮੈਂਬਰ ਹਰ ਪ੍ਰਾਂਤ ਵਿਚ ਹਨ-ਬੀਬੀ ਇੰਦਰਜੀਤ ਕੌਰ ਇਸ ਸਾਰੇ ਢਾਂਚੇ ਵਿਚ ਭਾਈ ਭਾਈ ਸਾਹਿਬ ਦੀ ਪਦਵੀਂ ਨਾਲ ਸ਼ਸ਼ੋਭਿਤ ਹਨ- ਇਹ ਇਕ ਇਸਤਰੀ ਲਈ ਸਭ ਤੋਂ ਉੱਚੀ ਪੋਸਟ ਹੈ। ਇਹ ਹਰ ਇਕ ਕਮੇਟੀ ਦੇ ਮੈਂਬਰ ਹਨ। ਪਿਛਲੇ ਕਈ ਸਾਲਾਂ ਤੋਂ ਯੋਗੀ ਭਜਨ ਦੇ ਮਿਸ਼ਨ ਦਾ ਮੁੱਖ ਕੇਂਦਰ ਐਸਪਨੋਲਾ ਹੈ ਜੋ ਨਿਊ ਮੈਕਸੀਕੋ ਪ੍ਰਾਂਤ ਵਿਚ ਹੈ। ਬੀਬੀ ਜੀ ਦਾ ਹੈੱਡ ਕੁਆਟਰ ਉਥੋਂ 100 ਮੀਲ ਦੂਰ ਅਲਬੂਕਰਕੀ ਸ਼ਹਿਰ ਵਿਚ ਹੈ। ਇਥੇ ਬੀਬੀ ਜੀ ਨੇ ਆਪਣੀ ਹਿੰਮਤ ਨਾਲ ਆਪਣੀ ਥਾਂ ਪ੍ਰਾਂਤਕ ਸਰਕਾਰ ਵਿਚ ਬਣਾ ਲਈ ਹੈ- ਗਵਰਨਰ ਵੱਲੋਂ ਇਨਾਂ ਨੂੰ ਰਾਜ ਸਰਕਾਰ ਦੀ ਕਮੇਟੀ ਵਿਚ ਲਿਆ ਗਿਆ ਹੈ ਇਸਤਰੀਆਂ ਅਤੇ ਬੱਚਿਆਂ ਦੀ ਕਮੇਟੀ ਦੇ ਸਲਾਹਕਾਰ ਵਜੋਂ ਇਹ ਬੜੇ ਹੀ ਮਾਣ ਵਾਲੀ ਪ੍ਰਗਤੀ ਹੈ। ਹੋਰ ਕੋਈ ਭਾਰਤੀ ਨੂੰ ਇਹ ਪ੍ਰਾਪਤੀ ਨਹੀਂ ਹੋਈ। ਵਿਸ਼ਵ ਭਰ ਦੀਆਂ ਇਸਤਰੀਆਂ ਦੀ ਕਾਇਰੋ (ਮਿਸਰ) ਵਿਚ ਹੋਈ ਕਾਨਫਰੰਸ ਵਿਚ ਬੀਬੀ ਜੀ ਆਪਣੇ ਸਿੱਖ ਧਰਮ ਦੇ ਜਥੇ ਨਾਲ ਸ਼ਾਮਲ ਹੋਏ, ਉਥੇ ਜੋ ਸੇਵਾ ਪ੍ਰਚਾਰ ਸਿੱਖੀ ਦਾ ਇਨਾਂ ਕੀਤਾ ਉਹ ਸ਼ਲਾਘਾਯੋਗ ਹੈ। ਗੁਰੂ ਨਾਨਕ ਦੇਵ ਜੀ ਨੇ ਜੋ ਇਸਤਰੀ ਜਾਤ ਨੂੰ ਮਾਣ ਤੇ ਸਤਿਕਾਰ ਦਿੱਤਾ ਉਸਦੀ ਉਲੇਖਣਾ ਬੀਬੀ ਜੀ ਨੇ ਕੀਤੀ। ਇਕ ਵੱਖਰਾ ਸਟਾਲ ਲਗਾ ਕੇ ਪ੍ਰਚਾਰ ਕੀਤਾ। ਪੰਜਾਬ ਵਿਚ ਕੋਈ ਸਿੱਖ ਇਸਤਰੀ ਇਸ ਸੰਮੇਲਨ ਵਿਚ ਨਹੀਂ ਗਈ, ਨਾ ਹੀ ਕਦੇ ਕਿਸੇ ਸਿੱਖ ਸੰਸਥਾ ਨੂੰ ਸੁਝਿਆ ਹੈ ਕਿ ਵਿਸ਼ਵ ਵਿਚ ਕਿਵੇਂ ਵਿਚਰੀਏ। ਕਈਆਂ ਨੂੰ ਤਾਂ

ਇਹੋ ਜਿਹੇ ਸਮੇਲਨਾਂ ਦੀ ਜਾਣਕਾਰੀ ਹੀ ਨਹੀਂ ਹੁੰਦੀ। ਪਿਛਲੇ ਸਾਲ ਵਿਸ਼ਵ ਦਾ ਦੂਜਾ ਇਸਤਰੀ ਸਮੇਲਨ ਬੀਜਿੰਗ (ਚੀਨ) ਵਿਚ ਹੋਇਆ ਜਿਸ ਵਿਚ ਅਮਰੀਕਨ ਸਿੰਘਣੀਆਂ ਦਸਤਾਰਾਂ ਸਜਾਈ ਬੀਬੀ ਜੀ ਦੀ ਅਗਵਾਈ ਵਿਚ ਸ਼ਾਮਲ ਸਨ । ਇਸਤਰੀ ਕਮੇਟੀ ਵਿਚ ਬੀਬੀ ਜੀ ਨੂੰ ਮੈਂਬਰ ਲਿਆ ਗਿਆ ਹੈ। ਅਮਰੀਕਨ ਰਾਸ਼ਟਰਪਤੀ ਦੀ ਵਹੁਟੀ ਹਾਲੈਰੀ ਇਸਦੀ ਪ੍ਰਧਾਨ ਹੈ। ਰਾਸ਼ਟਰਪਤੀ ਦੇ ਘਰ ਨੂੰ ਵਾਈਟ ਹਾਊਸ ਆਖਦੇ ਹਨ-ਬੀਬੀ ਜੀ ਹੁਣ ਹਰ ਮਹੀਨੇ ਮੀਟਿੰਗਾਂ ਲਈ ਵਾਈਟ ਹਾਊਸ ਜਾਂਦੇ ਹਨ। ਕਿੱਡੀ ਵੱਡੀ ਪ੍ਰਾਪਤੀ ਹੈ ਇਕ ਭਾਰਤੀ ਨਾਰੀ ਲਈ। ਇਸ ਮੀਟਿੰਗ ਕਰਕੇ ਉੱਥੇ ਸਮਾਗਮਾਂ ਵਿਚ ਇਨ੍ਹਾਂ ਨੂੰ ਬੁਲਾਇਆ ਜਾਂਦਾ ਹੈ ਆਪਣੀ ਹਿੰਮਤ ਨਾਲ ਉੱਥੇ ਆਪਣਾ ਨਾਂ ਕਮਾਇਆ ਹੈ। ਪਿਛਲੇ ਸਾਲ ਅਕਾਲ ਤਖ਼ਤ ਵਲੋਂ ਵਿਸ਼ਵ ਸਿੱਖ ਸੰਮੇਲਨ ਬੁਲਾਇਆ ਗਿਆ। ਉਸ ਵਿਚ ਹੋਏ ਇਸਤਰੀ ਸਮੇਲਨ ਦੇ ਬੀਬੀ ਜੀ ਕਨਵੀਨਰ ਸਨ। ਇਸ ਤੋਂ ਪਹਿਲਾਂ ਅਕਾਲ ਤਖ਼ਤ ਜਥੇਦਾਰ ਵੱਲੋਂ ਚੇਤਨਾ ਮਾਰਚ ਵਿਚ ਬੀਬੀ ਜੀ ਕੀਰਤਨ ਜਥੇ ਸਮੇਤ ਸ਼ਾਮਲ ਹੋਏ। ਯੋਗੀ ਭਜਨ ਵਲੋਂ ਬੀਬੀ ਜੀ ਬੜੇ ਸਮਾਗਮਾਂ ਤੇ ਨੁਮਾਇੰਦਗੀ ਕਰਦੇ ਹਨ। ਗਿਆਨੀ ਜੈਲ ਸਿੰਘ ਜੀ ਦੇ ਅੰਤਮ ਭੋਗ ਤੇ ਸ੍ਰ. ਬੂਟਾ ਸਿੰਘ ਜੀ ਦੀ ਸੁਪਤਨੀ ਦੇ ਭੋਗ ਤੇ ਇਹ ਸ਼ਾਮਲ ਹੋਏ। ਬੀਬੀ ਜੀ ਸਿੱਖ ਧਰਮ ਅਮਰੀਕਾ ਵੱਲੋਂ ਐਸ. ਜੀ. ਪੀ.ਸੀ ਨਾਲ ਸੰਪਰਕ ਕਰਦੇ ਹਨ। ਅਮਰੀਕਨ ਬੱਚੇ ਐਸ.ਐਸ. ਸਕੂਲ ਅੰਮ੍ਰਿਤਸਰ ਪੜ੍ਹ ਰਹੇ ਹਨ। ਸਿੱਖ ਲਿਟਰੇਚਰ, ਗੁਰੂ ਗ੍ਰੰਥ ਸਾਹਿਬ ਦੀਆਂ ਜਿਲਦਾਂ, ਸਿੱਖ ਪੇਟਿੰਗ, ਤਸਵੀਰਾਂ ਆਦਿ ਖਰੀਦਣ ਦਾ ਕੰਮ ਸਾਰੇ ਅਮਰੀਕਨਾਂ: ਲਈ ਕਰਦੇ ਹਨ- ਇਕ ਘਰੇਲੂ ਇਸਤਰੀ ਅੱਜ ਕਿਵੇਂ ਵਿਸ਼ਵ ਪੱਧਰ ਤੇ ਪ੍ਰਸਿੱਧੀ ਪ੍ਰਾਪਤ ਕਰ ਰਹੀ ਹੈ ਇਹ ਉਦੋਂ ਹੋਰ ਪੱਕਾ ਹੋਇਆ ਜਦ ਮੈਂ ਤੇ ਮੇਰੀ ਪਤਨੀ 24 ਜੂਨ ਨੂੰ ਅਲਬੂਕਰਕੀ ਵਿਚ ਡੈਮੋਕਰੇਟਿਕ ਪਾਰਟੀ ਦੇ ਇਕ ਕਨਵੈਨਸ਼ਨ ਨੂੰ ਵੇਖਣ ਗਏ। ਯੋਗੀ ਭਜਨ ਪਿੱਛੋਂ ਬੀਬੀ ਜੀ ਦਾ ਭਾਸ਼ਨ ਹੋਇਆ, ਨਿਊ ਮੈਕਸੀਕੋ ਵਲੋਂ ਬੀਬੀ ਜੀ ਨੂੰ ਡੈਮੋਕਰੇਟਿਕ ਨੈਸ਼ਨਲ ਕਾਨਵੈਨਸ਼ਨ ਲਈ ਡੈਲੀਗੇਟ ਚੁਣਿਆ ਗਿਆ-ਫੰਡ ਇਕੱਠਾ ਕਰਨ ਵਾਲੀ ਕਮੇਟੀ ਦੇ ਇਹ ਇਕ ਕਨਵੀਨਰ ਹਨ-ਬੀਬੀ ਇਕ ਮਨੋ-ਵਿਗਿਆਨਕ ਡਾਕਟਰ ਵੀ ਹਨ। ਉਹ ਇਸਦੀ ਬੜੀ ਕਾਮਯਾਬ ਪਰੈਕਟਿਸ ਕਰਦੇ ਹਨ-ਸਿੱਖ ਸਮਾਗਮਾਂ ਵਿਚ ਭਾਸ਼ਨ ਦਿੰਦੇ ਹਨ-ਯੋਗੀ ਜੀ ਨਾਲ ਰਹਿਕੇ ਹਰ ਸਮਾਗਮ ਵਿਚ ਦੇਸ਼ ਵਿਦੇਸ਼ ਜਾਦੇ ਹਨ।

ਪਿਛਲੇ ਮਹੀਨੇ ਪ੍ਰਸਿੱਧ ਵਿਦਵਾਨ ਅਤੇ ਵਿੱਦਿਆ ਸ਼ਾਸ਼ਤਰੀ ਪ੍ਰਿੰ: ਪ੍ਰਿਥੀਪਾਲ ਸਿੰਘ ਕਪੂਰ ਨੇ ਇਕ ਲੇਖ ਰਾਹੀ ਦਰਬਾਰ ਸਾਹਿਬ ਵਿਚ ਪਹਿਲੀ ਵਾਰੀ ਇਸਤਰੀਆਂ ਨੂੰ ਸੇਵਾ ਕਰਨ ਦਾ ਅਵਸਰ ਪ੍ਰਾਪਤ ਕਰਨ ਦਾ ਵਰਣਨ ਕੀਤਾ। ਉਸ ਵਿਚ ਉਨ੍ਹਾਂ ਲਿਖਿਆ ਕਿ ਇਹ ਬੜੀ ਦੇਰ ਤੋਂ ਅਮਰੀਕਨ ਸਿੰਘਣੀਆਂ ਦੀ ਮੰਗ ਸੀ। ਜਦ ਆਦਮੀ ਇਸਤਰੀ ਸਿੱਖ ਧਰਮ ਵਿਚ ਬਰਾਬਰ ਹਨ ਫਿਰ ਇਸ ਮਰਿਯਾਦਾ ਵਿਚ ਇਸਤਰੀਆਂ ਨੂੰ ਕਿਉਂ ਵਰਜਿਆ ਗਿਆ ਹੈ। ਜਥੇਦਾਰ ਅਕਾਲ ਤਖ਼ਤ ਜੀ ਨੇ ਪਿੱਛੇ ਜਿਹੇ ਇਸ ਮਰਯਾਦਾ ਨੂੰ ਇਸਤਰੀਆਂ ਲਈ ਖੋਲ੍ਹ ਦਿੱਤਾ ਅਤੇ ਪਹਿਲਾ ਇਸਤਰੀ ਸੇਵਾ ਵਾਲਾ ਜੱਥਾ ਅਮਰੀਕਨ ਸਿੰਘਣੀਆਂ ਦਾ ਬੀਬੀ ਇੰਦਰਜੀਤ ਕੌਰ ਦੇ ਨਾਲ ਅੰਦਰ ਗਿਆ। ਇਹ ਇਤਿਹਾਸਕ ਅਵਸਰ ਬੀਬੀ ਜੀ ਨੂੰ ਪ੍ਰਾਪਤ ਹੋਇਆ।

ਬੀਬੀ ਇੰਦਰਜੀਤ ਕੌਰ ਅੱਜ ਇਕ ਕਾਮਯਾਬ ਪਤਨੀ, ਮਾਂ, ਪ੍ਰਚਾਰਕ, ਪ੍ਰਬੰਧਕ, ਸਿਆਸੀ ਆਗੂ, ਡਾਕਟਰ ਅਤੇ ਸਮਾਜ ਸੁਧਾਰਕ ਬਣਕੇ ਉਭਰ ਰਹੀ ਹੈ।

# ਉਤਰਾਂਚਲ ਵਿਚ ਸਿੱਖਾਂ ਦਾ ਭਵਿੱਖ

ਚਾਰ ਸਾਲ ਪਹਿਲਾਂ ਊਧਮ ਸਿੰਘ ਨਗਰ ਨੂੰ ਯੂ. ਪੀ. 'ਚ ਰੱਖਣ ਲਈ ਸਿੱਖਾਂ ਵਲੋਂ ਜ਼ੋਰਦਾਰ ਮੁਹਿੰਮ ਚਲਾਈ ਗਈ ਸੀ। ਇਸ ਜ਼ਿਲ੍ਹੇ ਨੂੰ ਰੋਕਣ ਲਈ ਸ. ਪ੍ਰਕਾਸ਼ ਸਿੰਘ ਬਾਦਲ, ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਨੇ ਵੱਡੀ ਕੁਰਬਾਨੀ ਵੀ ਦਿੱਤੀ। ਰਾਜਸਥਾਨ ਦਾ ਗਵਰਨਰ ਇਕ ਸਿੱਖ ਨੇ ਬਣਨਾ ਸੀ। 6 ਮਹੀਨੇ ਇਹ ਪੋਸਟ ਖਾਲੀ ਰੱਖੀ ਗਈ। ਜਦ ਅਕਾਲੀ ਤਿਆਰ ਨਾ ਹੋਏ ਤਾਂ ਫਿਰ ਕਿਸੇ ਹੋਰ ਨੂੰ ਇਹ ਪੋਸਟ ਦੇ ਦਿੱਤੀ ਗਈ। ਇਕ ਕੈਬਨਿਟ ਮੰਤਰੀ ਕੇਂਦਰ ਸਰਕਾਰ 'ਚ ਬਣਨਾ ਸੀ ਜਿਸ ਲਈ ਸ. ਸੁਖਦੇਵ ਸਿੰਘ ਢੀਂਡਸਾ ਨੂੰ ਨਿਯੁਕਤ ਕੀਤਾ ਗਿਆ ਸੀ ਪਰ ਬਾਦਲ ਸਾਹਿਬ ਦੇ ਕਹਿਣ 'ਤੇ ਉਹਨਾਂ ਨੇ 6 ਮਹੀਨੇ ਅਹੁਦੇ ਦੀ ਸਹੁੰ ਨਹੀਂ ਚੁੱਕੀ। ਇਹ ਇਸ ਲਈ ਕੀਤਾ ਗਿਆ ਤਾਂ ਕਿ ਉਥੋਂ ਦੇ ਸਿੱਖਾਂ ਦੀ ਪੂਰੀ ਤਰ੍ਹਾਂ ਨਾਲ ਮਦਦ ਕੀਤੀ ਜਾ ਸਕੇ। ਮੈਂ ਉਦੋਂ ਬਿਆਨ ਵੀ ਦਿੱਤੇ ਸਨ ਤੇ ਲੇਖ ਵੀ ਲਿਖੇ ਕਿ ਇਹ ਜ਼ਿਲ੍ਹਾ ਨਵੇਂ ਬਣ ਰਹੇ ਉਤਰਾਂਚਲ 'ਚ ਜ਼ਰੂਰ ਜਾਵੇਗਾ। ਇਸ ਲਈ ਲੜਾਈ ਵਧਾਕੇ ਪਹਾੜੀਆਂ ਨਾਲ ਕੁੜੱਤਣ ਪੈਦਾ ਨਾ ਕਰੋ। ਸਾਡੀ ਇਸ ਐਜੀਟੇਸ਼ਨ ਕਾਰਨ ਉਤਰਾਂਚਲ ਇਕ ਸਾਲ ਦੇਰੀ ਨਾਲ ਬਣਿਆ। ਇਸ ਨਵੇਂ ਪ੍ਰਾਂਤ ਬਣੇ ਨੂੰ ਤਿੰਨ ਸਾਲ ਹੋ ਗਏ ਹਨ। ਦੇਹਰਾਦੂਨ ਇਸਦੀ ਰਾਜਧਾਨੀ ਹੈ ਤੇ ਨਵੀਆਂ ਚੋਣਾਂ 'ਚ ਕਾਂਗਰਸ ਦੇ ਸ੍ਰੀ ਨਰਾਇਣ ਦੱਤ ਤਿਵਾੜੀ ਜੀ, ਮੁੱਖ ਮੰਤਰੀ ਹਨ। ਪਹਿਲੇ ਦੋ ਸਾਲ ਭਾਰਤੀ ਜਨਤਾ ਪਾਰਟੀ ਦਾ ਉਥੇ ਰਾਜ ਰਿਹਾ। ਇਹਨਾਂ ਚੋਣਾਂ 'ਚ 71 ਐਮ. ਐਲ. ਏ. ਜਿੱਤੇ ਹਨ ਜਿਨ੍ਹਾਂ 'ਚ ਕੇਵਲ ਇਕ ਸਿੱਖ ਸ. ਹਰਭਜਨ ਸਿੰਘ ਚੀਮਾ, ਬੀ.ਜੇ.ਪੀ. ਦੇ ਟਿਕਟ ਤੋਂ ਜਿੱਤ ਕੇ ਆਏ ਹਨ। ਕਾਂਗਰਸ ਪਾਰਟੀ ਨੇ ਕਿਸੇ ਵੀ ਸਿੱਖ ਨੂੰ ਟਿਕਟ ਹੀ ਨਹੀਂ ਦਿਤਾ ਸੀ। ਮੈਨੂੰ ਪਹਿਲੀ ਵਾਰ ਸਰਕਾਰੀ ਪ੍ਰੋਗਰਾਮ ਲਈ 11 ਮਈ ਨੂੰ ਦੇਹਰਾਦੂਨ ਜਾਣ ਦਾ ਅਵਸਰ ਮਿਲਿਆ ਤੇ ਇਕ ਦਿਨ ਉਥੇ ਵੱਖ ਵੱਖ ਸਰਕਾਰੀ ਅਤੇ ਗ਼ੈਰ ਸਰਕਾਰੀ ਲੀਡਰਾਂ, ਅਫਸਰਾਂ ਤੇ ਲੋਕਾਂ ਨਾਲ ਮਿਲਕੇ, ਵਿਚਾਰ ਵਟਾਂਦਰਾ ਕਰਨ ਨਾਲ ਕਈ ਗੱਲਾਂ ਦਾ ਪਤਾ ਲੱਗਾ। ਪਹਿਲੀ ਹੈਰਾਨੀ ਮੈਨੂੰ ਇਹ ਹੋਈ ਕਿ ਉਥੋਂ ਦੇ ਸਿੱਖ ਕਹਿੰਦੇ ਹਨ ਕਿ ਸਾਡੀ ਆਬਾਦੀ 4 ਲੱਖ ਦੇ ਕਰੀਬ ਹੈ ਅਤੇ ਊਧਮ ਸਿੰਘ ਜ਼ਿਲ੍ਹੇ 'ਚ ਅਸੀਂ ਬੜੇ ਹਾਵੀ ਹਾਂ ਫਿਰ ਸਿੱਖਾਂ ਨੂੰ ਨੁਮਾਇੰਦਗੀ ਕਿਉਂ ਨਾ ਮਿਲੀ। ਮੈਨੂੰ ਘੱਟ ਗਿਣਤੀ ਮਹਿਕਮੇ ਦੇ ਇੰਚਾਰਜ ਅਫਸਰ ਨੇ ਦੱਸਿਆ ਕਿ ਸਿੱਖਾਂ ਦੀ ਆਬਾਦੀ ਉਸ ਰਿਆਸਤ 'ਚ ਕੇਵਲ 1,60,000 ਹੈ। ਦੂਜੀ ਹੈਰਾਨਗੀ ਹੋਈ ਕਿ 7 ਮੁਸਲਮਾਨ ਐਮ.ਐਲ.ਏ ਬਣੇ ਹਨ ਅਤੇ ਮੁਸਲਮਾਨਾਂ ਦੀ ਆਬਾਦੀ ਉਤਰਾਂਚਲ 'ਚ ਦੂਜੇ ਨੰਬਰ 'ਚ ਹੈ। ਹਰਿਦੁਆਰ ਜ਼ਿਲ੍ਹੇ 'ਚ ਮੁਸਲਮਾਨ 35 ਪ੍ਰਤੀਸ਼ਤ ਹਨ। ਦੇਹਰਾਦੂਨ ਦੇ ਸਿੱਖ ਆਪਣੀ ਆਬਾਦੀ 60,000 ਦੱਸਦੇ ਹਨ ਪਰ ਸਰਕਾਰੀ ਅੰਕੜਿਆਂ 'ਚ ਇਹ ਕੇਵਲ 20,000 ਹੈ। ਮੈਂ ਸਾਰੇ ਸਿੱਖ ਲੀਡਰਾਂ ਨੂੰ ਅਤੇ ਸ. ਹਰਭਜਨ ਸਿੰਘ ਚੀਮਾ ਐਮ.ਐਲ.ਏ. ਨੂੰ ਵੀ ਇਹ ਬੇਨਤੀ ਕੀਤੀ ਹੈ ਕਿ ਜਦ ਤਕ ਸਿੱਖਾਂ ਨੂੰ ਕਿਸੇ ਸੂਬੇ ਜਾਂ ਸ਼ਹਿਰ 'ਚ ਆਪਣੀ ਗਿਣਤੀ ਦਾ ਹੀ ਪਤਾ ਨਹੀਂ ਫਿਰ ਅਸੀਂ ਆਪਣੇ ਹੱਕ ਜਿਤਾਉਣ ਦੇ ਵੀ ਆਧਾਰ ਕਿਵੇਂ ਪੇਸ਼ ਕਰਦੇ ਹਾਂ। ਅੱਜ ਕੱਲ੍ਹ ਗਿਣਤੀ-ਮਿਣਤੀ ਦਾ ਜ਼ਮਾਨਾ ਹੈ, ਰਾਜਸੀ ਪਾਰਟੀਆਂ ਗਿਣਤੀ ਨੂੰ ਵੇਖਕੇ ਚੋਣਾਂ 'ਚ ਟਿਕਟ ਦਿੰਦੀਆਂ ਹਨ। ਜਨਗਣਨਾ

ਰਿਪੋਰਟ ਹਰ ਦਸ ਸਾਲ ਪਿਛੋਂ ਆਉਂਦੀ ਹੈ ਤੇ ਅਗਲੇ ਦੋ ਮਹੀਨਿਆਂ 'ਚ ਇਹ ਰਿਪੋਰਟ 2001 ਦੀ ਜਨਗਣਨਾ 'ਤੇ ਪ੍ਰਕਾਸ਼ਤ ਹੋਵੇਗੀ ਤੇ ਜਿਸਨੂੰ ਹਰ ਕਿਸੇ ਨੂੰ ਮੰਨਣਾ ਪਵੇਗਾ। ਪਿਛੇ ਜਿਹੇ ਦਿੱਲੀ 'ਚ ਇਹ ਰੌਲਾ ਪਿਆ ਕਿ ਸਿੱਖ ਆਖਦੇ ਹਨ ਕਿ ਸਾਡੀ ਆਬਾਦੀ ਦਿੱਲੀ 'ਚ 12 ਲੱਖ ਤੋਂ ਵੱਧ ਹੈ ਪਰ ਸਰਕਾਰੀ ਅੰਕੜਿਆਂ 'ਚ ਇਹ ਬਹੁਤ ਘੱਟ ਹੈ।

ਉਤਰਾਂਚਲ 'ਚ ਢਾਈ ਸਾਲ ਤੋਂ ਵੱਧ ਸਮਾਂ ਸ. ਸੁਰਜੀਤ ਸਿੰਘ ਬਰਨਾਲਾ, ਗਵਰਨਰ ਵੀ ਰਹੇ, 2 ਸਾਲ ਬੀ.ਜੇ.ਪੀ. ਦਾ ਰਾਜ ਵੀ ਰਿਹਾ ਜੋ ਅਕਾਲੀ ਦਲ ਦੀ ਸਹਿਯੋਗੀ ਪਾਰਟੀ ਵੀ ਹੈ ਪਰ ਜੋ ਕੁਝ ਮੈਨੂੰ ਦੱਸਿਆ ਗਿਆ ਉਸ ਅਨੁਸਾਰ ਸਿੱਖ ਮੰਗਾਂ ਦਾ ਚਾਰਟਰ ਉਵੇਂ ਹੀ ਖੜਾ ਹੈ ਤੇ ਇਕ ਮੰਗ ਵੀ ਪੂਰੀ ਨਾ ਹੋਈ। ਊਧਮ ਸਿੰਘ ਨਗਰ ਦੀਆਂ ਜ਼ਮੀਨਾਂ ਨੂੰ ਪੱਕਾ ਕਰਨਾ, ਉਹਨਾਂ ਦੇ ਪਟੇ ਬਦਲਕੇ ਮਾਲਕ ਬਣਾਉਣਾ, ਜ਼ਮੀਨਾਂ ਦਾ ਬੰਦੋਬਸਤ ਤੇ ਚੱਕਬੰਦੀ ਨਾ ਹੋਣਾ ਮਸਲੇ ਖੜੇ ਹਨ। ਪੰਜਾਬੀ ਬੋਲੀ ਨੂੰ ਕਿਧਰੇ ਵੀ ਕੋਈ ਸਹੂਲਤ ਨਹੀਂ ਹੈ। ਸਿੱਖ ਸਕੂਲਾਂ ਨੂੰ ਘੱਟ ਗਿਣਤੀ ਦਾ ਦਰਜਾ ਪ੍ਰਦਾਨ ਨਹੀਂ ਕੀਤਾ ਗਿਆ, ਹਰਿਦੁਆਰ 'ਚ ਗੁਰੂ ਨਾਨਕ ਦੇਵ ਜੀ ਦੀ ਯਾਦ 'ਚ ਬਣਨ ਵਾਲੇ ਗੁਰਦੁਆਰੇ ਦੀ ਪ੍ਰਵਾਨਗੀ ਨਹੀਂ ਮਿਲੀ, ਹੇਮਕੁੰਟ ਸਾਹਿਬ ਤੋਂ ਹੋਰ ਸਿੱਖ ਇਤਿਹਾਸਕ ਗੁਰਦੁਆਰਿਆਂ ਲਈ ਸਹੂਲਤਾਂ ਵਧਾਈਆਂ ਨਹੀਂ ਗਈਆਂ ਆਦਿ।

ਮੈਂ ਇਸ ਫੇਰੀ 'ਚ ਮੁੱਖ ਮੰਤਰੀ ਸ੍ਰੀ ਤਿਵਾੜੀ ਜੀ ਨੂੰ ਮਿਲਿਆ ਤਾਂ ਕਿ ਸਾਰੀਆਂ ਮੰਗਾਂ ਬਾਰੇ ਉਹਨਾਂ ਦੀ ਮਦਦ ਲੈ ਸਕਾਂ। ਸ੍ਰੀ ਤਿਵਾੜੀ ਜੀ ਪਿਛਲੇ 50 ਸਾਲਾਂ ਤੋਂ ਸਿੱਖਾਂ ਦੇ ਵੱਡੇ ਸਮਰਥਕ ਹਨ ਤੇ ਹਮੇਸ਼ਾ ਹਰ ਚੋਣ 'ਚ ਸਿੱਖਾਂ ਦੀ ਮਦਦ ਲੈਂਦੇ ਰਹੇ ਹਨ। ਉਹਨਾਂ ਨੇ ਮੈਨੂੰ ਦੱਸਿਆ ਕਿ ਉਹ ਹਰ ਹੀਲਾ ਕਰਨਗੇ ਕਿ ਸਾਰੀਆਂ ਮੰਗਾਂ ਖੁਸ਼ੀ ਨਾਲ ਹੱਲ ਹੋ ਜਾਣ। ਉਹਨਾਂ ਨੇ ਘੱਟ ਗਿਣਤੀ ਕਮਿਸ਼ਨ ਬਣਾਉਣ ਦਾ ਐਲਾਨ ਕੀਤਾ। ਜਿਸ ਦਾ ਚੇਅਰਮੈਨ ਇਕ ਸਿੱਖ ਸ: ਮੋਹਰ ਸਿੰਘ ਨੂੰ ਬਣਾਇਆ ਗਿਆ ਹੈ। ਹਰਿਦੁਆਰ 'ਚ ਗੁਰਦੁਆਰੇ ਬਾਰੇ ਮੇਰੇ ਕਹਿਣ 'ਤੇ ਇਕ ਕਮੇਟੀ ਦਾ ਗਠਨ ਕਰ ਦਿਤਾ ਗਿਆ ਹੈ ਜੋ ਕੌਮੀ ਘੱਟ ਗਿਣਤੀ ਕਮਿਸ਼ਨ ਨਾਲ ਵਿਚਾਰ ਕਰੇਗੀ। ਇਸ ਬਾਰੇ ਕਈ ਮੀਟਿੰਗਾਂ ਪਹਿਲਾਂ ਕੌਮੀ ਘੱਟ ਗਿਣਤੀ ਕਮਿਸ਼ਨ ਵੱਲੋਂ ਕੀਤੀਆਂ ਜਾ ਚੁੱਕੀਆਂ ਹਨ ਅਤੇ ਸਰਕਾਰ ਨੇ ਇਕ ਥਾਂ ਦੀ ਪੇਸ਼ਕਸ਼ ਵੀ ਕੀਤੀ ਹੈ ਜੋ ਸਥਾਨਕ ਸਿੱਖਾਂ ਨੇ ਪ੍ਰਵਾਨ ਨਹੀਂ ਕੀਤੀ। ਪੰਜਾਬੀ ਬੋਲੀ ਬਾਰੇ ਇਹ ਫੈਸਲਾ ਲਿਆ ਗਿਆ ਹੈ ਕਿ ਜਿਥੋਂ ਵੀ 20 ਵਿਦਿਆਰਥੀ ਲਿਖ ਕੇ ਦੇਣਗੇ ਤਾਂ ਪੰਜਾਬੀ ਨੂੰ ਆਪਸ਼ਨਲ ਵਿਸ਼ੇ ਲਈ ਮਿਡਲ 'ਚ ਪੜ੍ਹਾਇਆ ਜਾਵੇਗਾ। ਸ੍ਰੀ ਤਿਵਾੜੀ ਜੀ ਨੇ ਆਪਣੇ ਇਕ ਸਕੱਤਰ ਨੂੰ ਇਸ ਕੰਮ ਲਈ ਨਿਯੁਕਤ ਕੀਤਾ ਹੈ ਕਿ ਉਹ ਸਾਰੀਆਂ ਘੱਟ ਗਿਣਤੀ ਦੀ ਮੰਗਾਂ ਨੂੰ ਨਿਪਟਾਉਣ ਲਈ ਕੰਮ ਕਰੇਗਾ ਅਤੇ ਮੇਰੇ ਦਫਤਰ ਵੱਲੋਂ ਅੱਗੇ ਤੋਂ ਸਾਰਾ ਕੁਝ ਲਿਖ ਕੇ ਉਸਨੂੰ ਭੇਜਿਆ ਜਾਵੇਗਾ।

ਦੇਹਰਾਦੂਨ 'ਚ ਸਿੱਖ ਹਮੇਸ਼ਾ ਹੀ ਬੜਾ ਖੁਸ਼ਹਾਲ ਰਿਹਾ ਹੈ ਤੇ ਉਸਦਾ ਮਾਨ ਸਨਮਾਨ ਕਾਇਮ ਰਿਹਾ ਹੈ। ਆਜ਼ਾਦੀ ਤੋਂ ਪਹਿਲਾਂ ਸਾਰੇ ਸਿੱਖ ਰਾਜੇ-ਮਹਾਰਾਜੇ ਉਥੇ ਰਹਿੰਦੇ ਸਨ। ਭਾਈ ਵੀਰ ਸਿੰਘ ਜੀ ਨੇ ਬੜੀ ਆਲੀਸ਼ਾਨ ਪੰਚਵਟੀ ਬਣਾਈ ਹੋਈ ਸੀ। ਉਹਨਾਂ ਦੇ ਭਰਾ ਸ. ਬਲਬੀਰ ਸਿੰਘ 1975 ਤਕ ਉਥੇ ਰਹੇ। ਪ੍ਰੋਫੈਸਰ ਪੂਰਨ ਸਿੰਘ ਵੀ ਉਥੇ ਰਹੇ। ਉਹਨਾਂ ਦੀ ਬਣਾਈ ਲੈਬੋਰੇਟਰੀ ਅੱਜ ਦੂਨ ਸਕੂਲ ਕੋਲ ਹੈ। ਸੇਂਟ ਨਿਹਾਲ ਸਿੰਘ ਅਤੇ ਰਾਜਾ ਭਲਿੰਦਰ ਸਿੰਘ ਵੀ ਉਥੇ ਹੀ ਰਹੇ। ਸਿੱਖਾਂ ਦੇ ਉਥੇ 15 ਤੋਂ ਵੱਧ ਗੁਰਦੁਆਰੇ ਹਨ, ਕਈ ਸਕੂਲ ਹਨ, ਵਪਾਰ 'ਚ ਸਿੱਖਾਂ ਦਾ ਬੋਲਬਾਲਾ ਹੈ ਪਰ ਆਪਸੀ ਫੁੱਟ ਨੇ ਸਿੱਖ ਸ਼ਕਤੀ ਨੂੰ ਅੱਗੇ ਨਹੀਂ ਵਧਣ ਦਿੱਤਾ। ਆਪਣੀ ਈਰਖਾ ਤੇ ਇਕ ਦੂਜੇ ਨੂੰ ਨੀਚਾ ਦਿਖਾਉਣ ਦੀ ਭਾਵਨਾ ਨੇ ਮਿਊਸਪਲ

ਚੋਣਾਂ 'ਚ ਕਿਸੇ ਸਿੱਖ ਨੂੰ ਮੈਂਬਰ ਨਹੀਂ ਬਣਨ ਦਿੱਤਾ। ਸਿੱਖਾਂ ਨੇ ਸਿੱਖ ਮੈਂਬਰਾਂ ਨੂੰ ਹੀ ਹਰਾਇਆ ਹੈ। ਏਨੀ ਆਬਾਦੀ ਹੋਵੇ ਤੇ ਘੱਟ ਤੋਂ ਘੱਟ ਇਕ ਐਮ.ਐਲ.ਏ. ਤਾਂ ਬਣਦਾ। ਅਸੀਂ ਤਾਂ ਮਿਊਂਸਪਲ ਕਮੇਟੀ ਦੇ ਮੈਂਬਰ ਵੀ ਨਾ ਬਣਾ ਸਕੇ। ਸਭ ਤੋਂ ਪੁਰਾਣਾ ਸਿੱਖ ਸਕੂਲ 9 ਸਾਲ ਤੋਂ ਸਰਕਾਰੀ ਕਬਜ਼ੇ 'ਚ ਹੈ। ਕਚਹਿਰੀ ਨੇ ਰਿਸੀਵਰ ਬਿਠਾ ਰਖਿਆ ਹੈ। ਮੈਨੂੰ ਗੁਰਦੁਆਰਾ ਨਾਨਕਸਰ, ਦੇਹਰਾਦੂਨ 'ਚ ਬੁਲਾਇਆ ਗਿਆ ਅਤੇ ਸਾਰੀਆਂ ਸਿੰਘ ਸਭਾਵਾਂ ਵੱਲੋਂ ਸਨਮਾਨਿਆ ਗਿਆ। ਸਰਦਾਰ ਰਜਿੰਦਰ ਸਿੰਘ ਰਾਜਨ ਸਭ ਤੋਂ ਪੁਰਾਣੇ ਸਿੱਖ ਆਗੂ ਹਨ ਉਹਨਾਂ ਨੇ ਬੜੀ ਹਿੰਮਤ ਕਰਕੇ ਨਵਾਂ ਗੁਰਦੁਆਰਾ ਬਣਵਾਇਆ ਤੇ ਇਕ ਬਹੁਤ ਵੱਡਾ ਪਾਰਕਿੰਗ ਏਰੀਆ ਖਰੀਦਿਆ ਹੈ ਜਿਸਦਾ ਉਦਘਾਟਨ ਉਹਨਾਂ ਨੇ ਮੇਰੇ ਤੋਂ ਕਰਵਾਇਆ। ਮੈਂ ਗੁਰਦੁਆਰੇ 'ਚ ਬੋਲਦਿਆਂ ਸਾਰੇ ਸਿੱਖਾਂ ਨੂੰ ਅਪੀਲ ਕੀਤੀ ਕਿ ਆਪਸ 'ਚ ਏਕਤਾ ਰੱਖੋ। ਜੇ ਇਸ ਰਾਜਧਾਨੀ 'ਚ ਕੁਝ ਸੰਵਾਰਨਾ ਚਾਹੁੰਦੇ ਹੋ ਤਾਂ ਇਕੱਠੇ ਹੋ ਕੇ ਹੀ ਕਰ ਸਕਦੇ ਹੋ। ਮੈਂ ਉਥੇ ਇਹ ਵੀ ਕਿਹਾ ਸੀ ਸਾਰੇ ਉਤਰਾਂਚਲ ਦੇ ਸਿੱਖਾਂ ਨੂੰ ਹੁਣ ਦੇਹਰਾਦੂਨ ਦੇ ਸਿੱਖਾਂ ਦੀ ਮਦਦ ਦੀ ਲੋੜ ਹੈ ਕਿਉਂ ਜੋ ਰਾਜਧਾਨੀ 'ਚ ਬੈਠਣ ਦਾ ਤੁਹਾਨੂੰ ਲਾਭ ਹੈ। ਜੇ ਤੁਸੀਂ ਇਕੱਠੇ ਹੋ ਕੇ ਸਾਰੇ ਗਰੁੱਪਾਂ ਦੀ ਇਕ ਛੋਟੀ ਜਿਹੀ ਕੌਂਸਲ ਬਣਾ ਲਵੋ ਅਤੇ ਸ. ਹਰਭਜਨ ਸਿੰਘ ਚੀਮਾ, ਐਮ.ਐਲ.ਏ. ਸੱਚੇ ਦਿਲੋਂ ਸਾਰੇ ਸਿੱਖਾਂ ਨੂੰ ਇਕੱਠਾ ਕਰਨ ਤਾਂ ਗੱਲ ਅੱਗੇ ਤੁਰ ਪਵੇਗੀ। ਦੂਜਾ ਮੈਂ ਇਹ ਸੁਝਾਅ ਦਿੱਤਾ ਕਿ ਜਦੋਂ ਕੋਈ ਸਰਕਾਰ ਚੁਣੀ ਜਾਵੇ ਤੇ ਉਸਨੂੰ ਸਹਿਯੋਗ ਦਿਓ ਤੇ ਲਵੋ। ਸ੍ਰੀ ਤਿਵਾੜੀ ਜੀ ਬਾਰੇ ਦੱਸਿਆ ਕਿ ਉਹ ਕਿਵੇਂ ਸਿੱਖਾਂ ਦੇ ਹਮਾਇਤੀ ਹਨ ਤੇ ਉਹਨਾਂ ਤੋਂ ਲਾਭ ਉਠਾਵੋ। ਘੱਟ ਗਿਣਤੀਆਂ ਵਾਲਿਆਂ ਨੂੰ ਹਰ ਵਕਤ ਰਾਜਸੀ ਝਗੜਿਆਂ 'ਚ ਪੈਣ ਤੋਂ ਰੋਕਣਾ ਚਾਹੀਦਾ ਹੈ। ਦੂਜਾ ਪੰਜਾਬ ਤੋਂ ਬਾਹਰ ਬੈਠੇ ਹਿੰਦੂ ਪੰਜਾਬੀਆਂ ਦਾ ਵੀ ਸਹਿਯੋਗ ਲੈਣਾ ਚਾਹੀਦਾ ਹੈ। ਪੰਜਾਬੀ ਇਕੱਠੇ ਰਹਿਣ ਇਹ ਬੜੀ ਵੱਡੀ ਉਪਲਬਧੀ ਹੋਵੇਗੀ।

ਉਸ ਦਿਨ ਸ਼ਾਮ ਨੂੰ ਸਾਰੀਆਂ ਸਿੱਖ ਜਥੇਬੰਦੀਆਂ ਵੱਲੋਂ ਸ. ਹਰਭਜਨ ਸਿੰਘ ਆਨੰਦ ਤੇ ਸ. ਜਸਵੰਤ ਸਿੰਘ ਸਾਹਨੀ, ਪ੍ਰਧਾਨ, ਧਨਪੋਠੋਹਾਰ ਨਗਰ ਅਤੇ ਗੁਰਦੁਆਰਾ ਗੋਬਿੰਦਗੜ੍ਹ ਨੇ ਰੇਸ ਕੋਰਸ ਦੇ ਮੈਦਾਨ 'ਚ ਇਕ ਵੱਡੀ ਪੱਧਰ ਦਾ ਮੇਰੇ ਲਈ ਸਨਮਾਨ ਸਮਾਗਮ ਰੱਖਿਆ। ਕਈ ਹਜ਼ਾਰ ਕੁਰਸੀਆਂ 'ਤੇ ਸੁਸ਼ੋਭਿਤ ਲੋਕ ਇਸਦੇ ਵਿਚ ਸ਼ਾਮਲ ਹੋਏ। ਸ. ਨਵਜੋਤ ਸਿੰਘ ਸਿੱਧੂ ਕ੍ਰਿਕਟ ਵਾਲੇ ਵੀ ਉਥੇ ਸਨ। ਮੈਂ ਉਥੇ ਇਸ ਬਾਰੇ ਅਪੀਲ ਕੀਤੀ ਕਿ ਦੇਹਰਾਦੂਨ ਦੀ ਸਿੱਖ ਵਿਰਾਸਤ ਨੂੰ ਸੰਭਾਲੋ। ਜੋ ਲਾਇਬ੍ਰੇਰੀ ਪੰਚਵਟੀ 'ਚ ਭਾਈ ਵੀਰ ਸਿੰਘ ਦੀ ਹੈ ਉਸਦਾ ਸਿੱਖ ਬੜਾ ਲਾਭ ਉਠਾ ਸਕਦੇ ਹਨ। ਦੂਜਾ, ਮੈਂ ਦੱਸਿਆ ਕਿ ਸਿੱਖ ਪਹਿਚਾਣ ਲਈ ਸ. ਨਵਜੋਤ ਸਿੰਘ ਸਿੱਧੂ ਨੇ ਦੁਨੀਆਂ 'ਚ ਸਭ ਤੋਂ ਚੰਗਾ ਕੰਮੇਂਟੇਟਰ ਬਣਕੇ ਜੋ ਕੰਮ ਕੀਤਾ ਹੈ ਉਸਦੀ ਸ਼ਲਾਘਾ ਕਰਨੀ ਬਣਦੀ ਹੈ। ਹੋਰ ਵੀ ਇਹੋ ਜਿਹੇ ਸਿੱਖ ਰੋਲ ਮਾਡਲ ਪੂਰੇ ਸਿੱਖੀ ਸਰੂਪ 'ਚ ਉਜਾਗਰ ਹੋਣੇ ਚਾਹੀਦੇ ਹਨ। ਪੰਜਾਬੀਆਂ ਨੂੰ ਬਾਹਰ ਆਪਣੀ ਹੋਂਦ ਲਈ ਹਿੰਦੂ-ਸਿੱਖ ਏਕਤਾ ਦੀ ਲੋੜ ਹੈ।

ਇਸ ਫੇਰੀ 'ਚ ਸਭ ਤੋਂ ਵੱਡੀ ਜਾਣਕਾਰੀ ਜੋ ਮੈਨੂੰ ਮਿਲੀ ਉਹ ਹੈ ਹਰਿਦੁਆਰ ਵਿਚ ਸਿੱਖ ਸੰਤਾਂ ਦੇ ਡੇਰਿਆਂ ਬਾਰੇ। ਮੈਨੂੰ ਸੰਤ ਭੂਰੀ ਵਾਲੇ ਮਿਲੇ ਜਿਨ੍ਹਾਂ ਦਾ ਡੇਰਾ ਉਥੇ ਹੈ। ਤਕਰੀਬਨ 50 ਸਿੱਖ ਸੰਤ ਉਥੇ ਡੇਰੇ ਚਲਾ ਰਹੇ ਹਨ। ਹਰ ਡੇਰੇ 'ਚ ਗੁਰੂ ਗ੍ਰੰਥ ਸਹਿਬ ਦਾ ਪ੍ਰਕਾਸ਼ ਹੈ। ਡੇਰਿਆਂ 'ਚ ਹਜ਼ਾਰਾਂ ਲੋਕ ਆਉਂਦੇ ਰਹਿੰਦੇ ਹਨ। ਜਦੋਂ ਕੁੰਭ ਆਦਿ ਦੇ ਵੱਡੇ ਮੇਲੇ ਲਗਦੇ ਹਨ ਤੇ ਪੰਜਾਬ ਤੋਂ ਵੱਡੀ ਗਿਣਤੀ 'ਚ ਸਿੱਖ ਉਥੇ ਆਉਂਦੇ ਹਨ। ਮੈਨੂੰ ਦੱਸਿਆ ਗਿਆ ਕਿ ਇਹ ਪਰੰਪਰਾ ਬੜੀ ਪੁਰਾਣੀ ਹੈ ਤੇ ਪੰਜਾਬ ਦੀਆਂ ਕਈ ਮਾਨਯੋਗ ਧਾਰਮਿਕ ਹਸਤੀਆਂ ਹਰਿਦੁਆਰ

ਆ ਕੇ ਕਈ-ਕਈ ਮਹੀਨੇ ਏਕਾਂਤ 'ਚ ਰਹਿੰਦੇ ਰਹੇ ਹਨ ਅਤੇ ਡੇਰੇ ਸਿੱਖ ਧਰਮ ਦਾ ਪ੍ਰਚਾਰ ਕਰਦੇ ਹਨ ਤੇ ਇਹਨਾਂ ਦਾ ਸਾਰਾ ਖਰਚਾ ਪੰਜਾਬ ਦੀਆਂ ਸੰਗਤਾਂ ਤੋਂ ਪੁਜਦਾ ਹੈ। ਹਰ ਡੇਰੇ ਦੀ ਆਪਣੀ ਸੰਗਤ ਹੈ ਤੇ ਉਥੇ ਲੰਗਰ ਹਰ ਵਕਤ ਚਲਦਾ ਰਹਿੰਦਾ ਹੈ। ਹੇਮਕੁੰਟ ਸਾਹਿਬ ਇਸ ਰਿਆਸਤ 'ਚ ਹੈ ਅਤੇ ਹੁਣ ਚਾਰ ਮਹੀਨਿਆਂ ਲਈ ਉਥੇ ਸਿੱਖ ਯਾਤਰੂਆਂ ਦੀ ਵੱਡੀ ਗਿਣਤੀ ਜਾਵੇਗੀ। ਮੈਂ ਮੁੱਖ ਮੰਤਰੀ ਜੀ ਨੂੰ ਸਹੂਲਤਾਂ ਲਈ ਕਿਹਾ ਹੈ ਤੇ ਉਹਨਾਂ ਨੇ ਮੈਨੂੰ ਕਿਹਾ ਕਿ ਸਿੱਖਾਂ ਨੂੰ ਇਹ ਸੁਨੇਹਾ ਦਿਓ ਕਿ ਮੋਟਰ-ਸਾਇਕੀਲਾਂ 'ਤੇ ਨੌਜਵਾਨ ਸਿੱਖ ਵੱਡਾ ਗਰੁੱਪ ਬਣਾ ਕੇ ਉਥੇ ਨਾ ਜਾਵੇ ਇਸਦੇ ਨਾਲ ਹਾਦਸੇ ਬੜੇ ਹੁੰਦੇ ਹਨ। ਦੂਜਾ ਜੋ ਟਰੱਕਾਂ ਤੇ ਦੋ ਮੰਜ਼ਿਲਾਂ ਬਣਾ ਕੇ ਜਾਂਦੇ ਹਨ, ਉਹ ਖਤਰਨਾਕ ਹੈ। ਬੱਸਾਂ 'ਚ ਹੀ ਯਾਤਰੂ ਆਉਣ। ਗੁਰਦੁਆਰਾ ਨਾਨਕ ਮਤਾ ਅਤੇ ਗੁਰਦੁਆਰਾ ਰੀਠਾ ਸਾਹਿਬ ਵੀ ਇਸੇ ਰਿਆਸਤ ਵਿਚ ਹਨ।

(ਜੂਨ, 2003)

# ਇੰਗਲੈਂਡ ਦੇ ਸਿੱਖਾਂ ਲਈ ਏਜੰਡਾ

ਮੈਨੂੰ ਗੁਰੂ ਮਹਾਰਾਜਾ ਦੀ ਕ੍ਰਿਪਾ ਨਾਲ ਇੰਗਲੈਂਡ ਜਾਣ ਦੇ ਬੜੇ ਅਵਸਰ ਮਿਲਦੇ ਰਹੇ ਹਨ। ਪਹਿਲੀ ਵਾਰ 1971 ਵਿਚ ਮੈਂ ਤੇ ਮੇਰੀ ਪਤਨੀ ਉਤਮਜੀਤ ਕੌਰ ਜਰਮਨੀ ਅਤੇ ਦੂਜੇ ਯੂਰਪ ਦੇਸ਼ਾਂ ਦੇ ਦੌਰੇ ਪਿੱਛੋਂ ਲੰਡਨ ਪੁੱਜੇ ਸਾਂ ਉਦੋਂ ਅਸੀਂ ਟੂਰਿਸਟ ਵਾਂਗੂੰ ਸਾਰਾ ਸ਼ਹਿਰ ਵੇਖਿਆ ਅਤੇ ਕੁਝ ਆਲੇ-ਦੁਆਲੇ ਵੀ ਘੁੰਮੇ। ਉਸ ਪਿੱਛੋਂ ਅਨੇਕਾਂ ਵਾਰ ਮੈਂ ਉਥੇ ਜਾਂਦਾ ਰਿਹਾ ਤੇ ਪਿਛਲੇ ਦਸ ਸਾਲਾਂ ਤੋਂ ਜਦ ਤੋਂ ਮੇਰੀ ਲੜਕੀ ਡਾਕਟਰ ਜੋਤਿਕਾ ਤੇ ਉਸਦਾ ਪਤੀ ਮਨਦੀਪ ਸਿੰਘ ਜੋ ਦੋਵੇਂ ਡਾਕਟਰ ਹਨ, ਲੰਡਨ ਜਾ ਵਸੇ ਤਾਂ ਸਾਨੂੰ ਇਹ ਇਕ ਘਰ ਵਾਗੂੰ ਮਹਿਸੂਸ ਹੋਣ ਲਗਾ। ਪਿਛਲੇ ਤਿੰਨ ਮਹੀਨਿਆਂ ਵਿਚ ਮੈਨੂੰ ਚਾਰ ਵਾਰ ਇੰਗਲੈਂਡ ਕਿਸੇ ਨਾ ਕਿਸੇ ਸਮਾਗਮ ਲਈ ਬੁਲਾਇਆ ਗਿਆ ਅਤੇ ਇੰਗਲੈਂਡ ਦੇ ਸਾਰੇ ਸ਼ਹਿਰਾਂ ਤੇ ਇਲਾਕਿਆਂ ਵਿਚ ਪੁੱਜਣ ਦਾ ਅਵਸਰ ਮਿਲਿਆ। ਕਿਤਨੀ ਖੁਸ਼ੀ ਹੁੰਦੀ ਹੈ ਕਿ ਅੱਜ ਇੰਗਲੈਂਡ ਦੀ ਧਰਤੀ ਤੇ ਪੰਜ ਲੱਖ ਤੋਂ ਵੱਧ ਸਿੱਖ ਵਸਦੇ ਹਨ ਅਤੇ ਉਹ ਸਾਰੇ ਆਰਥਿਕਤਾ ਦੀ ਪਹਿਲੀ ਪੌੜੀ ਤੋਂ ਉਚੇ ਉਠ ਕੇ ਬੜੀ ਰਫ਼ਤਾਰ ਨਾਲ ਕਾਮਯਾਬੀ ਦੀਆਂ ਸਿਖਰਾਂ ਤੇ ਪੁਜ ਰਹੇ ਹਨ। ਗੁਰੂ ਦੀ ਕ੍ਰਿਪਾ ਹੈ ਅਤੇ ਖਾਲਸੇ ਦੀ ਹਿੰਮਤ ਹੈ ਕਿ 'ਹਾਊਸ ਆਫ ਲਾਰਡਸ' ਵਿਚ ਸਿੱਖ ਸ਼ਾਮਲ ਹੋ ਚੁੱਕੇ ਹਨ। ਬੜੇ ਸ਼ਹਿਰਾਂ ਵਿਚ ਸਿੱਖ ਮੇਅਰ, ਡਿਪਟੀ ਮੇਅਰ, ਕਾਊਂਸਲਰ ਜਿਤ ਕੇ ਪਦਵੀਆਂ ਪ੍ਰਾਪਤ ਕਰ ਚੁੱਕੇ ਹਨ। ਮਲਿਕਾ ਅਲਿਜ਼ਬੈਥ ਵੱਲੋਂ ਜੋ ਹਰ ਸਾਲ ਪੁਰਸਕਾਰ ਮਿਲਦੇ ਹਨ ਉਹਨਾਂ ਵਿਚ ਸਿੱਖ ਵੀ ਸ਼ਾਮਲ ਹਨ। ਸਰਕਾਰ ਦੇ ਸਾਰੇ ਮਹਿਕਮਿਆਂ ਵਿਚ ਸਿੱਖ ਨੌਕਰੀ ਕਰ ਰਹੇ ਹਨ। ਦੁਨੀਆਂ ਦੀ ਸਭ ਤੋਂ ਮਹਿੰਗੀ ਕਾਰ 'ਰੋਲਸ ਰਾਇਸ' ਅਤੇ 'ਮਰਸਡੀਜ਼' ਸਿੱਖਾਂ ਦੀ ਆਮ ਵਰਤੋਂ ਵਿਚ ਹੈ। ਸਭ ਤੋਂ ਮਹਿੰਗੀਆਂ ਕੋਠੀਆਂ ਸਿੱਖ ਖਰੀਦ ਰਹੇ ਹਨ। ਇਕ ਸਿੱਖ ਨੇ ਸਕਾਟਲੈਂਡ ਵਿਚ ਇਕ ਪੁਰਾਣਾ ਮਹਲ ਖਰੀਦ ਲਿਆ ਹੈ ਤੇ ਉਹ ਉਥੋਂ ਦਾ ਲਾਰਡ ਕਹਾਉਂਦਾ ਹੈ। ਪੰਜ ਸਿਤਾਰਾ ਹੋਟਲਾਂ ਦੇ ਮਾਲਕ ਕਈ ਸਿੱਖ ਹਨ। ਇੰਗਲੈਂਡ ਦੀਆਂ ਖੇਡਾਂ ਦੀਆਂ ਟੀਮਾਂ ਵਿਚ ਵੀ ਹੁਣ ਸਿੱਖ ਨੌਜਵਾਨ ਸ਼ਾਮਲ ਹੋ ਰਹੇ ਹਨ। ਸਿੱਖ ਸਕੂਲ ਵੀ ਖੁੱਲ੍ਹ ਚੁੱਕਾ ਹੈ ਅਤੇ ਇਕ ਸਿੱਖ ਯੂਨੀਵਰਸਿਟੀ ਵੀ ਸਥਾਪਤ ਹੋ ਚੁੱਕੀ ਹੈ। ਗੁਰਦੁਆਰਾ ਬਣਾਉਣ ਵਿਚ ਤੇ ਉਹਨਾਂ ਨੂੰ ਸਜਾਉਣ ਵਿਚ ਸਿੱਖਾਂ ਦਾ ਪਹਿਲਾ ਨੰਬਰ ਹੈ। ਸਭ ਤੋਂ ਮਹਿੰਗਾ ਗੁਰਦੁਆਰਾ ਸਾਊਥ ਹਾਲ ਵਿਚ ਬਣ ਚੁੱਕਾ ਹੈ। ਸਿੱਖਾਂ ਦੇ ਕਈ ਟੀ.ਵੀ. ਤੇ ਰੇਡੀਓ ਚੈਨਲ ਚੱਲ ਰਹੇ ਹਨ। ਪੰਜਾਬੀ ਦੇ ਅਖਬਾਰ ਬੜੇ ਕਾਮਯਾਬ ਹਨ। ਕਬੱਡੀ ਟੂਰਨਾਮੈਂਟ ਵਿਚ ਸਿੱਖ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੁੰਦੇ ਹਨ। ਅੱਜ ਹਰ ਸੋਸਾਇਟੀ ਵਿਚ ਸਿੱਖ ਅੱਗੇ ਹੈ ਅਤੇ ਪੱਬਾਂ ਦਾ ਵੀ ਸ਼ਿੰਗਾਰ ਹੈ।

ਇਹ ਸਭ ਕੁਝ ਹੁੰਦਿਆ ਹੋਇਆ ਮੈਂ ਇਹ ਮਹਿਸੂਸ ਕੀਤਾ ਹੈ ਕਿ ਹੁਣ ਤਕ ਸਿੱਖਾਂ ਦਾ ਕੋਈ ਸਮੂਹਕ ਏਜੰਡਾ ਨਹੀਂ ਬਣ ਸਕਿਆ। ਕੌਮ ਆਪਣਾ ਕੋਈ ਨਿਸ਼ਾਨਾ ਨਹੀਂ ਮਿੱਥ ਸਕੀ। ਇਤਨੀ ਵੱਡੀ ਆਬਾਦੀ ਹੁੰਦਿਆਂ ਅਤੇ ਪੂਰੇ ਤੌਰ ਤੇ ਆਜ਼ਾਦੀ ਮਾਣਦਿਆਂ ਸ਼ਕਤੀਸ਼ਾਲੀ ਹੁੰਦਿਆਂ ਸਿੱਖ ਇਕ ਜ਼ੁਬਾਨ ਨਹੀਂ ਹੋ ਸਕਿਆ। ਕੋਈ ਵੀ ਐਸੀ ਸੰਸਥਾ ਨਹੀਂ ਬਣਾ ਸਕਿਆ, ਜਿਸਨੂੰ ਸਿੱਖਾਂ ਦੀ ਪ੍ਰਮਾਣਤ ਜਥੇਬੰਦੀ ਕਿਹਾ ਜਾ ਸਕੇ। ਹਰ ਸ਼ਹਿਰ ਮੁਹੱਲੇ ਵਿਚ ਕਈ ਨਾਵਾਂ

ਦੀਆ ਜਥੇਬੰਦੀਆਂ ਹਨ। ਇਕ-ਇਕ ਮੁਹੱਲੇ ਵਿਚ ਕਈ ਕਈ ਗੁਰਦੁਆਰੇ ਬਣ ਰਹੇ ਹਨ। ਕੋਈ ਐਸਾ ਵਿਅਕਤੀ ਨਹੀਂ ਜਿਸਦੇ ਨਾਂ ਤੇ ਸਾਰੇ ਬੈਠ ਕੇ ਸਾਂਝ ਕਰ ਸਕਣ। ਹਰ ਸੰਤ ਦੀ ਆਪਣੀ ਸੰਗਤ ਹੈ। ਹਰ ਲੀਡਰ ਦਾ ਆਪਣਾ ਗਰੁੱਪ ਹੈ। ਕਿਧਰੇ ਮੈਨੂੰ ਇਸ ਗੱਲ ਦੀ ਉਮੀਦ ਨਹੀਂ ਬੱਝੀ ਕਿ ਕਦੇ ਇੰਗਲੈਂਡ ਵਿਚ ਸਿੱਖਾਂ ਦੀ ਏਕਤਾ ਦੀ ਕੋਈ ਲਹਿਰ ਚੱਲ ਸਕਦੀ ਹੈ ਜਾਂ ਇਸਤੇ ਕੋਈ ਵਿਚਾਰ ਵੀ ਹੋ ਸਕਦਾ ਹੈ। ਪਿੱਛੇ ਜਿਹੇ ਇਕ ਸਮਾਗਮ ਵਿਚ ਸ੍ਰੀ ਓਮ ਪ੍ਰਕਾਸ਼ ਚੌਟਾਲਾ, ਮੁੱਖ ਮੰਤਰੀ, ਹਰਿਆਣਾ ਨੇ ਮਖੌਲ ਵਿਚ ਕਿਹਾ ਕਿ "ਨੂੰਹੇ ਦੀ ਡਾਰ ਕੋਲੋਂ ਪੁੱਛਿਆ ਕਿ ਤੁਹਾਡਾ ਲੀਡਰ ਕੌਣ ਹੈ" ਜਿਸਨੂੰ ਹੱਥ ਲਾ ਕੇ ਵੇਖ ਲਵੋ ਪਤਾ ਲਗ ਜਾਵੇਗਾ।

ਇਹ ਸਭ ਕੁਝ ਵੇਖਦਿਆਂ ਤੇ ਵਿਚਾਰਦਿਆਂ ਮੈਂ ਇਹ ਸੋਚਿਆ ਕਿ ਇਕ ਏਜੰਡਾ ਸਮੂਹ ਸਿੱਖਾਂ ਲਈ ਤਿਆਰ ਕੀਤਾ ਜਾਵੇ ਤਾਂ ਜੋ ਇਸ ਦੀ ਚਰਚਾ ਸਾਰੇ ਇੰਗਲੈਂਡ ਦੇ ਸਿੱਖਾਂ ਵਿਚ ਹੋਵੇ ਅਤੇ ਜੇ ਗੁਰੂ ਮੇਹਰ ਕਰੇ ਤਾਂ ਉਹ ਇਸ ਨੂੰ ਕਾਮਯਾਬ ਕਰਨ ਲਈ ਕੋਈ ਵਿਉਂਤ ਬਣਾ ਸਕਣ। ਸਾਰੀਆਂ ਸਿੱਖ ਸੰਸਥਾਵਾਂ ਇਸ ਲਈ ਇਕੱਠੇ ਬੈਠ ਕੇ ਸੋਚ ਸਕਦੀਆਂ ਹਨ। ਏਜੰਡੇ ਦੀਆਂ ਮੁੱਖ ਧਾਰਾਵਾਂ ਮੇਰੀ ਸਮਝ ਅਨੁਸਾਰ ਹੇਠ ਲਿਖੀਆ ਹੋਣੀਆਂ ਚਾਹੀਦੀਆਂ ਹਨ:-

1. **ਹਾਲੀ-ਡੇ-ਸੈਂਟਰ:** ਇੰਗਲੈਂਡ ਦੀ ਕਿਸੇ ਸੈਂਟਰਲ ਜਗ੍ਹਾ ਵਿਚ ਕੁਝ ਸੌ ਏਕੜ ਜ਼ਮੀਨ ਖਰੀਦ ਕੇ ਇਕ ਸੈਂਟਰ ਬਨਾਉਣਾ ਚਾਹੀਦਾ ਹੈ। ਇੰਗਲੈਂਡ ਵਿਚ ਸਕੂਲਾਂ ਵਿਚ ਦੋ ਮਹੀਨੇ ਤੋਂ ਵੱਧ ਛੁੱਟੀਆ ਹੁੰਦੀਆਂ ਹਨ। ਆਮ ਕਰਕੇ ਸਕੂਲਾਂ ਦੇ ਵਿਦਿਆਰਥੀ ਗਰੁੱਪਾਂ ਵਿਚ ਬਾਹਰ ਚਲੇ ਜਾਂਦੇ ਹਨ। ਵਧੇਰੇ ਸਿੱਖਾਂ ਦੇ ਬੱਚੇ ਘਰਾਂ ਵਿਚ ਹੀ ਰਹਿੰਦੇ ਹਨ। ਮਾਂ ਤੇ ਪਿਓ ਤੇ ਹੋਰ ਵੱਡੇ ਸਭ ਕੰਮਾਂ ਵਿਚ ਲੱਗੇ ਹਨ। ਉਹ ਬੱਚਿਆਂ ਵੱਲ ਧਿਆਨ ਨਹੀਂ ਦੇ ਸਕਦੇ। ਜੇ ਇਹ ਸੈਂਟਰ ਹੋਵੇ ਤੇ ਉਥੇ ਵੱਡੇ-ਵੱਡੇ ਹਾਲ ਬਣੇ ਹੋਣ ਜਾਂ ਟੈਂਟ ਲੱਗੇ ਹੋਣ ਤਾਂ ਮਾਂ ਪਿਉ ਖੁਸ਼ ਹੋ ਕੇ ਬੱਚਿਆਂ ਨੂੰ ਇਸ ਸੈਂਟਰ ਵਿਚ ਛੱਡ ਆਉਣਗੇ ਤੇ ਨਾਲ ਖਰਚਾ ਵੀ ਦੇਣਗੇ। ਇਸ ਸੈਂਟਰ ਵਿਚ ਬੱਚਿਆਂ ਨੂੰ ਪੂਰੇ ਤੌਰ ਤੇ ਖੁਸ਼ ਰੱਖਣ ਲਈ ਹਰ ਪ੍ਰਬੰਧ ਉਥੇ ਕੀਤਾ ਜਾਵੇ। ਸਾਰੀਆਂ ਖੇਡਾਂ, ਸ਼ਾਮ ਨੂੰ ਬੱਚਿਆਂ ਲਈ ਫਿਲਮਾਂ ਜਾਂ ਥਿਏਟਰ, ਚੰਗੇ ਨਹਾਉਣ ਦੇ ਤਲਾਬ ਬਨਾਏ ਜਾਣ। ਕੈਂਪ ਵਿਚ ਰਹਿੰਦਿਆਂ ਬੱਚਿਆਂ ਨੂੰ ਸਿੱਖ ਧਰਮ ਦੀ ਜਾਣਕਾਰੀ ਦਿੱਤੀ ਜਾਵੇ। ਵਧੀਆ ਗੁਰਦੁਆਰਾ ਹਾਲ ਬਣਾਇਆ ਜਾਵੇ ਤੇ ਬੱਚਿਆਂ ਨੂੰ ਕੀਰਤਨ ਸਿੱਖਣ ਦੀ ਆਦਤ ਪਾਈ ਜਾਵੇ। ਇਸ ਹਾਲੀ ਡੇ ਕੈਂਪ ਵਿਚ ਰਹਿਣ ਵਾਲੇ ਬੱਚਿਆਂ ਨੂੰ 'ਨਾਲੇ ਪੁੰਨ ਨਾਲੇ ਫਲੀਆਂ' ਭਾਵ ਸਿੱਖ ਪ੍ਰਚਾਰ ਵੀ ਤੇ ਬੱਚਿਆਂ ਨੂੰ ਚੰਗੇ ਖਿਡਾਰੀ ਅਤੇ ਘਰਾਂ ਵਿਚ ਵਿਹਲੇ ਰਹਿਣ ਤੋਂ ਬਚਾਇਆ ਜਾਵੇ। ਇਹ ਸੈਂਟਰ ਬਨਾਉਣ ਤੇ ਖਰਚਾ ਇਕੋ ਵਾਰੀ ਆਏਗਾ ਤੇ ਅੱਗੋਂ ਬੱਚਿਆਂ ਦੀ ਫੀਸ ਤੋਂ ਇਹ ਚਲਾਇਆ ਜਾ ਸਕੇਗਾ। ਸਾਰੇ ਗੁਰਦੁਆਰੇ ਇਕੱਠੇ ਹੋ ਕੇ ਇਹ ਸੈਂਟਰ ਬਨਾਉਣ ਦੀ ਕਮੇਟੀ ਬਨਾਉਣ ਅਤੇ ਕੋਈ ਰਿਟਾਇਰਡ ਸਿੱਖ ਜਰਨੈਲ ਨੂੰ ਕੈਂਪ ਕਮਾਂਡੈਂਟ ਚੁਣ ਲੈਣ ਅਤੇ ਲੋੜੀਂਦਾ ਸਟਾਫ ਦੋ ਮਹੀਨਿਆਂ ਲਈ ਰੱਖਣ ਤੇ ਉਹਨਾਂ ਨੂੰ ਚੰਗੇ ਪੈਸੇ ਦੇਣ ਤਾਂ ਜੋ ਉਹ ਦਿਲ ਲਗਾ ਕੇ ਬੱਚਿਆਂ ਨੂੰ ਸਿੱਖਿਆ ਦੇਣ। ਸਿੱਖ ਪਨੀਰੀ ਬਚਾਉਣ ਲਈ ਇਹ ਬਹੁਤ ਵੱਡਾ ਉਪਰਾਲਾ ਹੋਵੇਗਾ। ਜਿਤਨੀ ਛੇਤੀ ਹੋ ਸਕੇ ਇਸ ਤੇ ਅਮਲ ਹੋਵੇ ਤੇ ਜ਼ਮੀਨ ਖਰੀਦੀ ਜਾ ਸਕੇ।
2. **ਸਿੱਖ ਮਿਊਜ਼ਿਅਮ:** ਵਲੈਤ ਵਿਚ ਸਿੱਖਾਂ ਨੇ ਹੁਣ ਸਦੀਵੀ ਰਹਿਣਾ ਹੈ। ਹਰ ਵਕਤ ਇਹ ਸੋਚੋ ਕਿ ਵਲੈਤ ਵਸਦੇ ਲੋਕ ਤੁਹਾਡੇ ਬਾਰੇ ਵੱਧ ਤੋਂ ਵੱਧ ਜਾਨਣ। ਤੁਹਾਡੀ

ਆਬਾਦੀ ਬਹੁਤ ਘੱਟ ਹੈ। ਅੰਗਰੇਜਾਂ ਨੂੰ ਤੁਹਾਡੇ ਬਾਰੇ ਹੁਣ ਬਹੁਤ ਘੱਟ ਪਤਾ ਹੈ। ਇਹ ਨਵੀਂ ਪੀੜੀ ਦੇ ਲੋਕ ਹਨ। ਉਹ ਅੰਗਰੇਜ਼ ਹੁਣ ਗਏ ਜਿਹੜੇ ਭਾਰਤ ਵਿਚ ਰਾਜ ਕਰਦੇ ਸੀ ਜਾਂ ਫੌਜਾਂ ਵਿਚ ਸਿੱਖਾਂ ਨਾਲ ਰਹਿੰਦੇ ਸੀ। ਇਸ ਲਈ ਆਪਣੇ ਕਲਚਰ, ਇਤਿਹਾਸ ਦੀ ਜਾਣਕਾਰੀ ਦੇਣ ਲਈ ਮਿਊਜ਼ਿਅਮ ਬਣਾਵੋ। ਗੁਰਦੁਆਰੇ ਜਿਤਨੇ ਮਰਜੀ ਬਣਾ ਲਵੋ ਉਹਨਾਂ ਵਿਚ ਗੈਰ ਸਿੱਖ ਨਹੀਂ ਆਉਂਦੇ। ਕੇਵਲ ਮਿਊਜ਼ੀਅਮ ਹੀ ਐਸੀ ਥਾਂ ਹੈ ਜਿਥੇ ਲੋਕ ਆਉਣਗੇ। ਲੰਡਨ ਵਿਚ ਕੋਈ ਵੱਡਾ ਹਾਲ ਖਰੀਦੋ ਤੇ ਉਥੇ ਮਿਊਜ਼ੀਅਮ ਸਥਾਪਤ ਕਰੋ। ਸਿੱਖਾਂ ਬਾਰੇ ਬਹੁਤ ਸਮੱਗਰੀ ਇੰਗਲੈਂਡ ਵਿਚ ਪਈ ਹੈ ਕੁਝ ਸਰਕਾਰੀ ਮਿਊਜ਼ਿਅਮ ਵਿਚ ਤੇ ਕੁਝ ਕਈ ਵਿਅਕਤੀਆਂ ਕਲ। ਵਿਉਂਤ ਨਾਲ ਇਹ ਇਕੱਠੀ ਕੀਤੀ ਜਾਵੇ। 1975 ਵਿਚ ਮੈਂ ਵਿਕੋਟਰੀਆ ਐਲਬਰਟ ਵਿਚ ਬੈਠ ਕੇ ਸਿੱਖ ਰੈਲਿਕਸ ਦੀ ਲਿਸਟ ਬਣਾਈ ਸੀ ਅਤੇ 1980 ਵਿਚ ਇਹ ਸਮਾਨ ਇਕ ਮਹੀਨੇ ਲਈ ਅੰਮ੍ਰਿਤਸਰ ਨੁਮਾਇਸ਼ ਵਿਚ ਰੱਖਿਆ ਸੀ। ਮੈਂ ਉਦੋਂ ਪੰਜਾਬ ਕਲਚਰ ਅਤੇ ਮਿਊਜ਼ੀਅਮ ਵਿਭਾਗ ਦਾ ਇੰਚਾਰਜ ਸੀ। ਰਾਮਬਾਗ, ਅੰਮ੍ਰਿਤਸਰ ਵਿਚ ਉਦੋਂ ਹੀ ਮਹਾਰਾਜਾ ਰਣਜੀਤ ਸਿੰਘ ਮਿਊਜ਼ੀਅਮ ਬਣਾਇਆ ਸੀ। ਮਿਊਜ਼ੀਅਮ ਬਨਾਉਣ ਲਈ ਇਕ ਵਖਰੀ ਕਮੇਟੀ ਬਣਾਈ ਜਾਵੇ। ਸਾਰੇ ਗੁਰਦੁਆਰੇ ਇਸਦੇ ਖਰਚੇ ਵਿਚ ਹਿੱਸਾ ਪਾਉਣ। ਇਹ ਮਿਊਜ਼ੀਅਮ ਤੁਹਾਡੀ ਸਦੀਵੀ ਹੋਂਦ ਨੂੰ ਰੋਸ਼ਨ ਕਰੇਗਾ।

3. **ਸਾਰਾਗੜ੍ਹੀ ਮੈਮੋਰੀਅਲ** : ਦੁਨੀਆਂ ਦੇ ਜੰਗਾਂ ਦੇ ਇਤਿਹਾਸ ਵਿਚ ਛੇ ਲੜਾਈਆਂ ਨੂੰ ਇਹ ਮਾਨਤਾ ਮਿਲੀ ਹੈ ਕਿ ਜੋ ਸਭ ਤੋਂ ਵੱਧ ਸਮੂਹਿਕ ਬਹਾਦਰੀ ਦਾ ਪ੍ਰਗਟਾਵਾ ਕਰਦੀਆਂ ਹਨ। ਯੂਨੈਸਕੋ ਨੇ ਇਹਨਾਂ ਛੇ ਲੜਾਈਆਂ ਵਿਚ ਇਕ ਸਾਰਾਗੜ੍ਹੀ ਦੀ ਲੜਾਈ ਨੂੰ ਵੀ ਮੰਨਿਆ ਹੈ ਜੋ 1897 ਵਿਚ ਸਿੱਖ ਪਲਟਨ ਨੇ ਅਫਗਾਨਿਸਤਾਨ ਦੇ ਬਾਰਡਰ ਤੇ ਕਬਾਇਲੀ ਇਲਾਕੇ ਵਿਚ ਲੜੀ ਸੀ। ਫਰਾਂਸ ਦੇ ਸਕੂਲਾਂ ਵਿਚ ਸਾਰਾਗੜ੍ਹੀ ਲੜਾਈ ਬਾਰੇ ਪੜ੍ਹਾਇਆ ਜਾਂਦਾ ਹੈ। ਅੰਗ੍ਰੇਜ਼ਾਂ ਦੇ ਰਾਜ ਵਿਚ ਸਿੱਖਾਂ ਦੀ ਇਸ ਬਹਾਦਰੀ ਦੇ ਕਾਰਨਾਮੇ ਨੂੰ ਅੰਗ੍ਰੇਜ਼ੀ ਪਾਰਲੀਮੈਂਟ ਨੇ ਖੜੇ ਹੋ ਕੇ ਸਨਮਾਨਤ ਕੀਤਾ ਸੀ। ਸਾਰੇ ਸਿੱਖਾਂ ਨੂੰ ਜੋ ਸ਼ਹੀਦ ਹੋ ਗਏ ਸਨ ਉਹਨਾਂ ਨੂੰ ਵਿਕਟੋਰੀਆ ਕਰਾਸ ਕੀਤਾ ਗਿਆ ਸੀ। ਫਿਰੋਜ਼ਪੁਰ ਤੇ ਅੰਮ੍ਰਿਤਸਰ ਵਿਚ ਸਾਰਾਗੜ੍ਹੀ ਦੇ ਮੈਮੋਰੀਅਲ ਗੁਰਦੁਆਰੇ ਦੇ ਰੂਪ ਵਿਚ ਸਥਾਪਤ ਹਨ। ਤੁਹਾਨੂੰ ਲੋੜ ਹੈ ਜੋ ਤੁਸੀਂ ਅੰਗ੍ਰੇਜ਼ਾਂ ਦੇ ਫੌਜੀ ਮਹਿਕਮੇ ਨਾਲ ਮਿਲਕੇ ਸਾਰਾਗੜ੍ਹੀ ਦੀ ਜੰਗ ਨੂੰ ਕਿਸੇ ਰੂਪ ਵਿਚ ਪੱਕੇ ਤੌਰ ਤੇ ਲੰਡਨ ਵਿਚ ਯਾਦਗਾਰ ਬਣਾਓ। ਇਸ ਨਾਲ ਸਿੱਖਾਂ ਦੀ ਬਹਾਦਰੀ ਦੀ ਧਾਂਕ ਪੈ ਜਾਵੇਗੀ। ਸਾਰਾ ਕੁਝ ਅੰਗ੍ਰੇਜ਼ਾਂ ਦੇ ਰਿਕਾਰਡ ਵਿਚ ਮੌਜੂਦ ਹੈ।

4. **ਮਹਾਰਾਜਾ ਦਲੀਪ ਸਿੰਘ:** ਸਿੱਖ ਰਾਜ ਜਾਣ ਪਿਛੋਂ ਮਹਾਰਾਜਾ ਦਲੀਪ ਸਿੰਘ ਛੋਟੀ ਉਮਰ ਵਿਚ ਵਲੈਤ ਗਿਆ ਤੇ ਈਸਾਈ ਬਣ ਗਿਆ ਤੇ ਐਲਵੇਡਨ ਵਿਚ ਰਹਿਣ ਲੱਗਾ ਜੋ ਮਹੱਲ ਹੁਣ ਵੀ ਕਾਇਮ ਹੈ। ਭਾਰਤ ਜਾਂਦਿਆਂ ਲੰਦਨ ਬੰਦਰਗਾਹ ਤੇ ਮੁੜ ਸਿੱਖ ਬਣ ਗਿਆ ਤੇ ਪੈਰਿਸ ਵਿਚ ਰਹਿਣ ਲੱਗਾ। ਮਹਾਰਾਜਾ ਦਲੀਪ ਸਿੰਘ ਦਾ 1893 ਵਿਚ ਸੁਰਗਵਾਸ ਹੋ ਗਿਆ ਅਤੇ ਦੇਹ ਨੂੰ ਐਲਵੇਡਨ ਦੇ ਮਹੱਲ ਦੇ ਬਾਹਰ ਈਸਾਈ ਮੱਤ ਅਨੁਸਾਰ ਕਬਰ ਵਿਚ ਦਬਾ ਦਿੱਤਾ ਗਿਆ। ਮੈਂ ਲੰਡਨ ਵਿਚ ਇਕ ਸਮਾਗਮ ਵਿਚ ਅਪੀਲ ਕੀਤੀ ਕਿ ਮਹਾਰਾਜਾ ਦਲੀਪ ਸਿੰਘ ਦਾ ਘੱਟ ਤੋਂ ਘੱਟ ਸਿੱਖ ਰਸਮ ਅਨੁਸਾਰ ਸਸਕਾਰ ਕੀਤਾ ਜਾਵੇ। ਮੈਂ ਭਾਰਤ ਸਰਕਾਰ ਨੂੰ ਅਤੇ ਬ੍ਰਿਟਿਸ਼ ਹਾਈ

ਕਮਿਸ਼ਨ ਨੂੰ ਇਸ ਬਾਰੇ ਲਿਖ ਕੇ ਭੇਜਿਆ ਹੈ ਕਿ ਕਬਰ ਪੁੱਟਣ ਦੀ ਆਗਿਆ ਦਿੱਤੀ ਜਾਵੇ। ਜਦੋਂ ਆਗਿਆ ਮਿਲ ਗਈ ਤੇ ਉਥੋਂ ਉਸਦੇ ਸਰੀਰ ਦੀ ਮਿੱਟੀ ਦਾ ਸਿੱਖ ਰੀਤ ਅਨੁਸਾਰ ਸਸਕਾਰ ਕੀਤਾ ਜਾਵੇ ਅਤੇ ਉਥੇ ਸਮਾਧ ਬਣਾਈ ਜਾਵੇ ਜਿਵੇਂ ਲਾਹੌਰ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਹੈ। ਉਥੋਂ ਰਾਖ ਲਿਆ ਕੇ ਪੰਜਾਬ ਵਿਚ ਪੂਰੇ ਮਾਣ ਸਤਿਕਾਰ ਨਾਲ ਉਸਦਾ ਜਲ ਪ੍ਰਵਾਹ ਕੀਰਤਪੁਰ ਸਾਹਿਬ ਕੀਤਾ ਜਾਵੇ। ਇਹ ਕੰਮ ਛੇਤੀ ਹੋ ਸਕਦਾ ਹੈ ਇਸ ਲਈ ਸਾਂਝੇ ਤੌਰ ਤੇ ਸੰਗਠਿਤ ਹੋਣ ਦੀ ਲੋੜ ਹੈ।

ਇਸਦੇ ਵਿਚ ਹੀ ਐਲਵੇਡਨ ਦੇ ਮਹੱਲ ਨੂੰ ਹੁਣ ਦੇ ਮਾਲਕ ਤੋਂ ਲੈਣ ਲਈ ਵਿਉਂਤ ਚਲਾਈ ਜਾਵੇ। ਉਹ ਬਹੁਤ ਅਮੀਰ ਹੈ ਤੇ ਉਸ ਨੂੰ ਪੈਸੇ ਦੀ ਲੋੜ ਨਹੀਂ। ਕੁਝ ਚੰਗੇ ਸਿੱਖ ਉਸ ਨਾਲ ਮਿਲਕੇ ਵਿਚਾਰ ਕਰਨ ਤਾਂ ਜੋ ਇਸ ਮਹੱਲ ਨੂੰ ਸਦੀਵੀ ਯਾਦਗਾਰ ਵਜੋਂ ਰੱਖਿਆ ਜਾ ਸਕੇ। ਇਹ World Sikh Centre ਬਣ ਸਕਦਾ ਹੈ।

5. **ਪੰਜਾਬੀ ਬੋਲੀ**: ਇਹ ਗੱਲ ਮੰਨ ਲੈਣੀ ਚਾਹੀਦੀ ਹੈ ਕਿ ਨਵੀਂ ਪਨੀਰੀ ਪੰਜਾਬੀ ਲਿਖਣ ਪੜਨ ਤੋਂ ਵਾਂਝੀ ਰਹਿ ਰਹੀ ਹੈ। ਬੋਲਣ ਵਿਚ ਤਾਂ ਹਾਲੀ ਇਹ ਚਲਦੀ ਰਹੇਗੀ। ਇਕ ਤਾਂ ਯੂ.ਕੇ. ਦੀ ਸਰਕਾਰ ਤੋਂ ਇਹ ਫੈਸਲਾ ਕਰਵਾਇਆ ਜਾਵੇ ਕਿ ਪੰਜਾਬੀ ਪੜ੍ਹਨਾ ਸਕੂਲਾਂ ਵਿਚ ਆਪਸ਼ਨਲ ਵਿਸ਼ੇ ਦੇ ਤੌਰ ਤੇ ਲਾਗੂ ਹੋਵੇ। ਇਹ ਕੰਮ ਸੌਖਾ ਨਹੀਂ ਹੈ ਕਿਉਂ ਜੋ ਹਰ ਸਕੂਲ ਵਿਚ ਸਰਕਾਰ ਨੂੰ ਪੰਜਾਬੀ ਟੀਚਰ ਰੱਖਣਾ ਪਵੇਗਾ। ਜੇ ਕੁਝ ਗੁਰਦੁਆਰੇ ਆਪਣੇ ਖਰਚੇ ਤੇ ਇਹ ਟੀਚਰ ਰੱਖ ਸਕਣ ਤਾਂ ਪੰਜਾਬੀ ਪੜ੍ਹਾਉਣੀ ਸੁਖਾਲੀ ਹੋ ਜਾਵੇਗੀ। ਗੁਰਦੁਆਰਿਆਂ ਵਿਚ ਜੋ ਪ੍ਰਬੰਧ ਕਰਦੇ ਹਨ ਉਸਦਾ ਬਹੁਤ ਵਧੀਆ ਨਤੀਜਾ ਨਹੀਂ ਨਿਕਲ ਰਿਹਾ ਹੈ। ਬੱਚੇ ਕੇਵਲ ਸਕੂਲਾਂ ਵਿਚ ਹੀ ਪੜ੍ਹਾਈ ਦੇ ਨਾਲ ਪੰਜਾਬੀ ਪੜ੍ਹ ਸਕਦੇ ਹਨ। ਆਪਣੇ ਸਿੱਖ ਸਕੂਲ ਖੋਲਣੇ ਬਹੁਤ ਮੁਸ਼ਕਿਲ ਹਨ। ਇਸ ਲਈ ਹਰ ਉਪਰਾਲਾ ਇਹੀ ਕਰੋ ਕਿ ਸਕੂਲਾਂ ਵਿੱਚ ਜਿਹੜੇ ਬੱਚੇ ਪੰਜਾਬੀ ਪੜ੍ਹਨਾ ਚਾਹੁਣ ਉਹਨਾਂ ਲਈ ਪ੍ਰਬੰਧ ਕਰਨਾ ਚਾਹੀਦਾ ਹੈ। ਮੁਸਲਮਾਨ ਬੱਚਾ ਹਰ ਹਾਲਤ ਵਿਚ ਅਰਬੀ ਜ਼ੁਬਾਨ ਅਤੇ ਉਰਦੂ ਪੜ੍ਹ ਰਿਹਾ ਹੈ। ਮਦਰੱਸੇ ਉਹਨਾਂ ਲਈ ਲਾਜ਼ਮੀ ਹੈ। ਉਹਨਾਂ ਕੋਲੋਂ ਵੀ ਕੁਝ ਸਿੱਖਿਆ ਲਵੋ। ਪੰਜਾਬੀ ਵਿਚ ਜਿਹੜੇ ਬੱਚੇ ਲਿਖਣ ਪੜ੍ਹਨ ਵਿਚ ਚੰਗੇ ਹੋਣ ਉਹਨਾਂ ਲਈ ਇਨਾਮ ਰੱਖੋ ਤਾਂ ਜੋ ਉਹਨਾਂ ਨੂੰ ਇਸ ਵਿਚ ਹੋਰ ਉਤਸ਼ਾਹ ਮਿਲੇ।

6. **ਖੇਡਾਂ**: ਕੇਵਲ ਕਬੱਡੀ ਦੇ ਮੇਲੇ ਕਰਾ ਕੇ ਅਸੀਂ ਖੇਡਾਂ ਦੇ ਮੈਦਾਨ ਵਿਚ ਅੱਗੇ ਨਹੀਂ ਆ ਸਕਦੇ। ਕਬੱਡੀ ਨੂੰ ਕਿਧਰੇ ਹੋਰ ਮਾਨਤਾ ਨਹੀਂ। ਇਹ ਮੇਲੇ ਵੀ ਹੁਣ ਮੌਜ ਮੇਲੇ ਦਾ ਰੂਪ ਧਾਰਣ ਕਰ ਰਹੇ ਹਨ। ਸਿੱਖ ਬੱਚਿਆਂ ਨੂੰ ਖੇਡਾਂ ਵਿਚ ਰੁਚੀ ਵਧਾਉਣ ਲਈ ਸਾਰੇ ਮਾਂ ਪਿਉ ਵਚਨਬੱਧ ਹੋਣ। ਵੱਧ ਤੋਂ ਵੱਧ ਬੱਚਿਆਂ ਨੂੰ ਇਨਾਮ ਵੀ ਦਿਓ ਕਿ ਜਿਹੜਾ ਸਿੱਖ ਬੱਚਾ ਕਿਸੇ ਖੇਡ ਵਿਚ ਇੰਗਲੈਂਡ ਦੀ ਰਾਸ਼ਟਰੀ ਟੀਮ ਦਾ ਮੈਂਬਰ ਬਣੇ ਉਸਨੂੰ ਪੈਸਿਆਂ ਨਾਲ ਰਜਾ ਦਿਓ ਤੇ ਵੇਖੋ ਕਿਵੇਂ ਸਿੱਖੀ ਪ੍ਰਚਾਰ ਹੁੰਦਾ ਹੈ। ਪਰ ਸ਼ਰਤ ਇਕ ਜ਼ਰੂਰ ਰੱਖਣਾ ਕਿ ਉਸ ਸਿੱਖ ਦੇ ਕੇਸ, ਦਾੜ੍ਹੀ ਹੋਵੇ। ਕ੍ਰਿਕਟ ਵਿਚ ਸਰਦਾਰ ਪਨੇਸਰ ਨੇ ਸਾਰੇ ਵਿਸ਼ਵ ਵਿਚ ਸਿੱਖਾਂ ਦਾ ਨਾਂ ਪ੍ਰਫੁੱਲਤ ਕੀਤਾ ਹੈ।

7. **ਵਿੱਦਿਆ** : ਕੈਬਰਿਜ਼ ਤੇ ਆਕਸਫੋਰਡ ਤੁਹਾਡੇ ਨੇੜੇ ਹਨ। ਇਹਨਾਂ ਯੂਨੀਵਰਸਿਟੀ ਆਂ ਨੇ ਹੀ ਅੰਗਰੇਜ਼ਾਂ ਨੂੰ ਸੈਂਕੜੇ ਸਾਲ ਦੁਨੀਆਂ ਤੇ ਰਾਜ ਕਰਵਾਇਆ ਹੈ। ਕਦੇ ਗਿਣਤੀ ਕਰਿਆ ਕਰੋ ਕਿ ਕਿਤਨੇ ਸਿੱਖ ਬੱਚੇ ਉਥੇ ਪੜ੍ਹਦੇ ਹਨ। ਇਸ ਵਹਿੰਦੀ ਗੰਗਾ

ਵਿਚ ਤੁਸੀਂ ਵੀ ਲਾਭ ਉਠਾਉ। ਵੱਧ ਤੋਂ ਵੱਧ ਸਿੱਖ ਇਹਨਾਂ ਯੂਨੀਵਰਸਿਟੀਆਂ ਵੱਲ ਜਾਣ। ਇਸ ਲਈ ਪ੍ਰਚਾਰ ਹੋਵੇ।

8. **ਟੀ.ਵੀ. ਅਤੇ ਰੇਡੀਓ:** ਸਿੱਖਾਂ ਸਬੰਧੀ ਦੂਜਿਆਂ ਨੂੰ ਜਾਣਕਾਰੀ ਲਈ ਟੀ.ਵੀ. ਅਤੇ ਰੇਡੀਓ ਚੈਨਲਾਂ ਤੇ ਪ੍ਰੋਗਰਮ ਕਰਵਾਉਣ ਲਈ ਖਰਚਾ ਕਰਨਾ ਜ਼ਰੂਰੀ ਹੈ। ਵਧੀਆ ਸਮਾਂ ਤੇ ਆਪਣੇ ਧਰਮ ਬਾਰੇ ਚੰਗੇ ਬੋਲਣ ਵਾਲਿਆਂ ਤੋਂ ਲੈਕਚਰ ਕਰਵਾਉ। ਸਾਡੀ ਪਹਿਚਾਣ ਅਤੇ ਧਰਮ ਦੀ ਵਿਸ਼ੇਸ਼ਤਾਵਾਂ ਨੂੰ ਪ੍ਰਚਾਰਣ ਦੀ ਲੋੜ ਹੈ। ਹਰ ਐਤਵਾਰ ਕੋਈ ਇਕ ਗੁਰਦੁਆਰਾ ਇਸ ਪ੍ਰੋਗਰਾਮ ਨੂੰ ਸਪਾਂਸਰ ਕਰੇ। ਸਾਰੇ ਇੰਗਲੈਂਡ ਵਿਚ ਇਸ ਜ਼ਰੂਰੀ ਵਿਸ਼ੇ ਲਈ ਕੋਈ ਤਾਲ-ਮੇਲ ਕਮੇਟੀ ਬਣੇ।

9. **ਪਗੜੀ:** ਪਗੜੀ ਦਿਨ-ਬ-ਦਿਨ ਘਟਦੀ ਜਾ ਰਹੀ ਹੈ। ਸਿੱਖਾਂ ਨੂੰ ਆਪਣੇ ਇਤਿਹਾਸ ਅਤੇ ਆਪਣੇ ਸਤਿਕਾਰ ਲਈ ਪਗੜੀ ਰੱਖਣੀ ਲਾਹੇਵੰਦ ਹੈ। ਪਗੜੀ ਉਤਾਰਨ ਨਾਲ ਸਰਦਾਰੀ ਖਤਮ ਹੋ ਰਹੀ ਹੈ। ਇਸ ਲਈ ਹੰਭਲਾ ਮਾਰੋ।

(ਮਾਰਚ, 2002)

# ਅਜ ਦਾ ਪਾਕਿਸਤਾਨ

ਭਾਵੇਂ ਮੈਂ ਪਾਕਿਸਤਾਨ ਦਾ ਜੰਮ-ਪਲ ਹਾਂ ਤੇ ਦੇਸ਼ ਦੀ ਵੰਡ ਦੀ ਮਜਬੂਰੀ ਕਾਰਨ ਮੈਨੂੰ ਆਪਣਾ ਪਿੰਡ ਛੱਡ ਕੇ ਏਧਰ ਆਉਣਾ ਪਿਆ ਪਰ ਆਪਣੇ ਪਿੰਡ ਦੀ ਮਿੱਟੀ ਦੀ ਖੁਸ਼ਬੂ ਮੈਨੂੰ ਹਮੇਸ਼ਾ ਹੀ ਆਉਂਦੀ ਰਹੀ ਹੈ। ਮੈਨੂੰ ਜਦੋਂ ਵੀ ਮੌਕਾ ਮਿਲਿਆ, ਮੈਂ ਪਾਕਿਸਤਾਨ ਜਾ ਆਉਂਦਾ ਹਾਂ। ਇਸ ਤਰ੍ਹਾਂ ਮੈਂ ਕਈ ਵਾਰ ਪਾਕਿਸਤਾਨ ਜਾ ਆਇਆ ਹਾਂ। ਕਈ ਫੇਰੀਆਂ ਤਾਂ ਯਾਦਗਾਰੀ ਹੋ ਨਿਬੜੀਆਂ ਹਨ। ਸਭ ਫੇਰੀਆਂ ਤੋਂ ਵੱਧ ਮੈਨੂੰ ਉਹ ਫੇਰੀ ਯਾਦ ਰਹੇਗੀ ਜਦੋਂ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਅਟਲ ਬਿਹਾਰੀ ਵਾਜਪਾਈ ਨੇ ਲਾਹੌਰ ਦੀ ਇਤਿਹਾਸਕ ਬਸ ਯਾਤਰਾ ਕੀਤੀ ਸੀ। ਓਦੋਂ ਹੀ ਭਾਰਤ ਅਤੇ ਪਾਕਿਸਤਾਨ ਦੀ ਦੋਸਤੀ ਦਾ ਆਰੰਭ ਹੋਇਆ ਸੀ। ਮੈਨੂੰ ਉਥੇ ਸ਼੍ਰੀ ਅਟਲ ਬਿਹਾਰੀ ਵਾਜਪਾਈ ਦੇ ਭਾਸ਼ਨ ਸੁਣਨ ਦਾ ਮੌਕਾ ਮਿਲਿਆ। ਅਜਿਹੇ ਭਾਸ਼ਣ ਬਹੁਤ ਘੱਟ ਸੁਣਨ ਨੂੰ ਮਿਲਦੇ ਹਨ। ਉਹ ਫੇਰੀ ਮੇਰੀ ਯਾਦ ਦਾ ਅਮਿੱਟ ਹਿੱਸਾ ਬਣ ਗਈ।

ਇਸ ਵਾਰੀ ਚਾਰ ਦਿਨ ਕੀਤੀ ਯਾਤਰਾ ਵੀ ਹਮੇਸ਼ਾ ਯਾਦ ਰਹੇਗੀ। ਮੌਕਾ ਸੀ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ ਸੇਵਕ ਭਾਈ ਘਨੱਈਆ ਜੀ ਦੇ ਬਖਸ਼ਿਸ਼-ਦਿਨ ਦੇ ਮੌਕੇ ਉੱਤੇ ਉਹਨਾਂ ਦੇ ਜਨਮ ਅਸਥਾਨ ਪਿੰਡ ਸੋਧਰਾ, ਜ਼ਿਲ੍ਹਾ ਗੁਜ਼ਰਾਂਵਾਲਾ ਜਾਣਾ। ਭਾਈ ਘਨਈਆਂ ਜੀ ਦੇ ਪਿੰਡ ਜਾਣ ਦੀ ਯੋਜਨਾ ਜਦੋਂ ਬਣੀ ਤਾਂ ਹਰਿਆਣੇ ਦੇ ਮੁੱਖ ਮੰਤਰੀ ਚੌਧਰੀ ਓਮ ਪ੍ਰਕਾਸ਼ ਚੌਟਾਲਾ ਨੇ ਇਕ ਕਮੇਟੀ ਗਠਿਤ ਕੀਤੀ ਤਾਂ ਜੋ ਭਾਈ ਘਨਈਆ ਜੀ ਦੇ 300 ਸਾਲਾ ਬਖਸ਼ਿਸ਼-ਦਿਵਸ ਨੂੰ ਸਹੀ ਢੰਗ ਨਾਲ ਮਨਾਇਆ ਜਾ ਸਕੇ। ਉਹਨਾਂ ਨੇ ਮੈਨੂੰ ਕਮੇਟੀ ਦਾ ਕਨਵੀਨਰ ਬਣਾਇਆ। ਇਹ ਅਦੁੱਤੀ ਯਾਤਰਾ 10 ਸਤੰਬਰ ਨੂੰ ਸਵੇਰੇ 11 ਵਜੇ ਵਾਹਗਾ ਬਾਰਡਰ ਪੁੱਜੀ। ਇਸ ਯਾਤਰਾ ਵਿਚ 35 ਮੈਂਬਰੀ ਪ੍ਰਤੀਨਿੱਧ ਸ਼ਾਮਲ ਸੀ ਜਿਸ ਦੀ ਅਗਵਾਈ ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਓਮ ਪ੍ਰਕਾਸ਼ ਚੌਟਾਲਾ ਕਰ ਰਹੇ ਸਨ। ਇਸ ਪ੍ਰਤੀਨਿਧ-ਮੰਡਲ ਵਿਚ ਹਰਿਆਣਾ ਦੇ ਕਈ ਮੰਤਰੀ, ਭਾਰਤ ਦੇ ਉੱਚ-ਕੋਟੀ ਦੇ ਸ਼ਾਸ਼ਤਰੀ ਸੰਗੀਤ ਗਾਇਕ ਪੰਡਤ ਜੱਸ ਰਾਜ, ਪੰਜਾਬੀ ਦੇ ਸਭ ਤੋਂ ਵੱਧ ਛਪਣ ਵਾਲੇ ਅਖਬਾਰ "ਅਜੀਤ" ਦੇ ਸੰਪਾਦਕ ਸ: ਬਰਜਿੰਦਰ ਸਿੰਘ ਹਮਦਰਦ, ਇੰਡੀਅਨ ਐਕਸਪ੍ਰੈਸ ਚੰਡੀਗੜ੍ਹ ਦੇ ਐਡੀਟਰ ਸ਼੍ਰੀ ਵਿਪਨ ਪਬੀ, ਹਿੰਦੁਸਤਾਨ ਟਾਈਮਜ਼ ਦੇ ਚੰਡੀਗੜ੍ਹ ਐਡੀਸ਼ਨ ਦੇ ਰੈਜ਼ੀਡੈਂਟ ਐਡੀਟਰ ਸਰਦਾਰ ਕੰਵਰ ਸੰਧੂ (ਜਿਨ੍ਹਾਂ ਨੂੰ ਪਾਕਿਸਤਾਨੀ ਅਧਿਕਾਰੀਆਂ ਨੇ ਲਾਹੌਰ ਤੋਂ ਵਾਪਸ ਭੇਜ ਦਿੱਤਾ ਸੀ ਜੋ ਕਿ ਇਕ ਮੰਦ-ਭਾਗੀ ਘਟਨਾ ਸੀ), ਉੱਘੇ ਸ਼ਾਇਰ ਸਰਦਾਰ ਅਜੁਮ, ਪੰਜਾਬੀ ਦੇ ਉੱਘੇ ਲੇਖਕ ਅਤੇ ਵਿਦਵਾਨ ਡਾ: ਸੁਤਿੰਦਰ ਸਿੰਘ ਨੂਰ, ਮਹੰਤ ਪਰਮਜੀਤ ਸਿੰਘ ਅਤੇ ਕਰਮਜੀਤ ਸਿੰਘ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਉੱਘੀਆਂ ਹਸਤੀਆਂ ਸ਼ਾਮਲ ਸਨ।

ਇਸ ਚਾਰ ਦਿਨਾਂ ਯਾਤਰਾ ਵਿਚ ਪਾਕਿਸਤਾਨ ਨੂੰ ਨਵੇਂ ਸਿਰਿਓਂ ਵੇਖਣ ਦਾ ਮੌਕਾ ਮਿਲਿਆ। ਬਾਰਡਰ ਉੱਤੇ ਪਾਕਿਸਤਾਨ ਵਾਲੇ ਪਾਸਿਓਂ ਰੇਂਜਰ ਅਤੇ ਹਿੰਦੁਸਤਾਨ ਵੱਲੋਂ ਬੀ.ਐਸ.ਐਫ. ਦੇ ਛੇ-ਛੇ ਫੁੱਟੇ ਜਵਾਨ ਹੁਣ ਦੋਸਤੀ ਦੇ ਮਾਹੌਲ ਵਿਚ ਖੜੇ ਨਜ਼ਰ ਆਏ।

ਪਾਕਿਸਤਾਨੀਆਂ ਨੇ ਬਾਰਡਰ ਉੱਤੇ ਹੀ ਬੜਾ ਸ਼ਾਨਦਾਰ ਭੰਗੜਾ ਪਾਇਆ ਜਿਹੜਾ ਸਾਡੀ ਆਓ-ਭਗਤ ਦਾ ਸੁਨੇਹਾ ਸੀ। ਬਾਰਡਰ ਉੱਤੇ ਪਾਕਿਸਤਾਨ ਪੰਜਾਬ ਦੇ ਕਈ ਮੰਤਰੀ ਅਤੇ ਉਰਦੂ ਅਤੇ ਪੰਜਾਬੀ ਦੇ ਲੇਖਕ ਅਤੇ ਵਿਸ਼ਵ ਪੰਜਾਬੀ ਸੰਸਥਾ ਦੇ ਪ੍ਰਧਾਨ ਜਨਾਬ ਫਖਰ ਜ਼ਮਾਨ ਅਤੇ ਹੋਰ ਨਾਮਵਰ ਸ਼ਖਸੀਅਤਾਂ ਨੇ ਪ੍ਰਤੀਨਿਧ-ਮੰਡਲ ਨੂੰ "ਜੀ ਆਇਆ" ਕਿਹਾ। ਲਾਹੌਰ ਪਹੁੰਚਿਆਂ ਹੀ ਹਰ ਪਾਸੇ ਹਰਿਆਵਲ ਨਜ਼ਰ ਆਈ। ਲਾਹੌਰ ਸ਼ਹਿਰ ਨੂੰ ਬੜੇ ਵਧੀਆਂ ਦਰੱਖਤਾਂ ਅਤੇ ਬਾਗਾਂ ਨਾਲ ਸ਼ਿੰਗਾਰ ਕੇ ਰਖਿਆ ਗਿਆ ਹੈ। ਲਾਹੌਰ ਸ਼ਹਿਰ ਵਿਚੋਂ ਦੀ ਨਹਿਰ ਲੰਘਦੀ ਹੈ। ਨਹਿਰ ਵਿਚ ਕਈ ਥਾਂ ਫੁਹਾਰੇ ਲਗੇ ਹੋਏ ਹਨ ਤੇ ਉਹਨਾਂ ਉੱਤੇ ਰੰਗ-ਬਰੰਗੀਆਂ ਲਾਈਟਾਂ ਉਹਨਾਂ ਦੀ ਖੂਬਸੂਰਤੀ ਨੂੰ ਹੋਰ ਵਧਾ ਰਹੀਆਂ ਸਨ। ਉਹਨਾਂ ਨੂੰ ਵੇਖਣ ਲਈ ਵੱਡੀ ਗਿਣਤੀ ਵਿਚ ਲੋਕੀਂ ਓਥੇ ਆਉਂਦੇ ਹਨ। ਪਾਕਿਸਤਾਨ ਨੇ ਤਾਂ 35 ਸਾਲ ਪਹਿਲਾਂ ਹੀ ਸਾਰੇ ਦੇਸ਼ ਵਿਚ ਡਬਲ ਸੜਕਾਂ ਬਣਾ ਦਿੱਤੀਆਂ ਸਨ। ਪੇਸ਼ਾਵਰ ਤੋਂ ਲਾਹੌਰ ਤੇ ਲਾਹੌਰ ਤੋਂ ਕਰਾਚੀ ਜਾਣ ਵਾਲੀਆਂ ਸੜਕਾਂ ਤਿੰਨ ਲੇਨਾਂ ਵਿਚ ਹਨ। ਇਕ 450 ਕਿਲੋਮੀਟਰ ਲੰਮੀ ਸੜਕ ਲਾਹੌਰ ਤੋਂ ਇਸਲਾਮਾਬਾਦ ਤਕ ਹੈ, ਉਸ ਨੂੰ ਮੋਟਰ-ਵੇ ਕਹਿੰਦੇ ਹਨ। ਇਹ ਸੜਕ ਅਮਰੀਕਾ ਦੀਆਂ ਸੜਕਾਂ ਨਾਲ ਮੁਕਾਬਲਾ ਕਰਦੀ ਹੈ। ਇਹ 6 ਲੇਨ ਸੜਕ ਹੈ। ਸਾਰੇ ਰਾਹ ਵਿਚ ਕੋਈ ਰੁਕਾਵਟ ਜਾਂ ਸਪੀਡ ਬਰੇਕਰ ਨਹੀਂ। ਸੜਕ ਦੇ ਦੋਵੇਂ ਪਾਸੇ ਪਹਿਲਾਂ ਤਾਰਾਂ ਦੀ ਵਾੜ ਅਤੇ ਫਿਰ ਇਕ ਪੱਥਰਾਂ ਦੀ ਦੀਵਾਰ ਬਣਾਈ ਗਈ ਹੈ ਤਾਂ ਜੋ ਕੋਈ ਜਾਨਵਰ ਵੀ ਸੜਕ ਤੇ ਨਾ ਚੜ੍ਹ ਸਕੇ। ਇਸ ਸੜਕ ਤੇ ਟੋਲ ਟੈਕਸ ਲਗਦਾ ਹੈ ਜਿਸ ਰਾਹੀਂ ਸਰਕਾਰ ਇਸ ਸੜਕ ਦਾ ਰੱਖ-ਰਖਾਅ ਕਰਦੀ ਹੈ। ਇਸ ਸੜਕ ਨੂੰ ਕੋਰੀਆ ਦੀ ਇਕ ਕੰਪਨੀ ਨੇ ਤਿਆਰ ਕੀਤਾ ਹੈ। ਸੜਕਾਂ ਦੇ ਮਾਮਲੇ ਵਿਚ ਭਾਰਤ ਪਾਕਿਸਤਾਨ ਤੋਂ ਕਿਤੇ ਪਿੱਛੇ ਹੈ। ਇਸ ਸੜਕ ਦੇ ਦੋਵੇਂ ਪਾਸੇ 35-40 ਕਿਲੋਮੀਟਰ ਦੇ ਫਾਸਲਿਆਂ ਉੱਤੇ ਵੱਡੇ-ਵੱਡੇ ਰੈਸਟੋਰੈਂਟ ਬਣਾਏ ਗਏ ਹਨ।

ਹੁਣ ਤਕ ਇਹ ਸੁਣਨ ਵਿਚ ਆਇਆ ਸੀ ਕਿ ਪਾਕਿਸਤਾਨ ਦਾ ਰਵੱਈਆ ਪੰਜਾਬੀ-ਵਿਰੋਧੀ ਰਿਹਾ ਸੀ। ਪਰ ਹੁਣ ਇਹ ਵੇਖਣ ਨੂੰ ਮਿਲਿਆ ਹੈ ਕਿ ਮਾਹੌਲ ਕਾਫੀ ਬਦਲ ਚੁੱਕਾ ਹੈ। ਲਾਹੌਰ ਵਿਚ ਜਨਾਬ ਫ਼ਖਰ ਜ਼ਮਾਨ ਦੀ ਬਣਾਈ ਹੋਈ ਸੰਸਥਾ "ਵਿਸ਼ਵ ਪੰਜਾਬੀ ਕਾਨਫਰੰਸ" ਬੜੀ ਅਸਰਦਾਇਕ ਹੈ, ਜਿਸ ਦਾ ਪ੍ਰਭਾਵ ਹੁਣ ਪਾਕਿਸਤਾਨ ਦੀ ਸਰਕਾਰ ਵੀ ਮੰਨਣ ਲੱਗ ਪਈ ਹੈ। ਪੰਜਾਬੀ ਜ਼ਬਾਨ ਦੀ ਤਰੱਕੀ ਲਈ ਕਈ ਉਪਰਾਲੇ ਕੀਤੇ ਗਏ ਹਨ। ਪੰਜਾਬ ਸਰਕਾਰ ਨੇ ਸਾਡੇ ਹੁੰਦਿਆਂ ਹੀ ਇਕ "ਪੰਜਾਬੀ ਅਕੈਡਮੀ" ਬਣਾਉਣ ਦਾ ਐਲਾਨ ਕਰ ਦਿੱਤਾ ਸੀ ਅਤੇ ਇਸ ਲਈ ਮੌਜੂਦਾ ਮਾਲੀ ਸਾਲ ਵਿਚ ਤਿੰਨ ਕਰੋੜ ਰੁਪਏ ਦਾ ਬਜਟ ਵੀ ਰੱਖਿਆ ਗਿਆ ਹੈ। ਮੈਂ ਸਮਝਦਾ ਹਾਂ ਕਿ ਪਾਕਿਸਤਾਨ ਵਿਚ ਜਿਨ੍ਹਾਂ ਲੋਕਾਂ ਨੇ ਪੰਜਾਬੀ ਜ਼ਬਾਨ ਦੀ ਜੰਗ ਲੜੀ ਹੈ ਉਹਨਾਂ ਦੀ ਦਾਦ ਦੇਣੀ ਬਣਦੀ ਹੈ। ਉਹਨਾਂ ਦੇ ਵਿਰੁਧ ਜਹਾਦ ਵੀ ਚਲਾਇਆ ਗਿਆ, ਉਹਨਾਂ ਨੂੰ ਗੱਦਾਰ ਵੀ ਅਖੀਰ ਗਿਆ ਪਰ ਅਖੀਰ ਜਿੱਤ ਉਹਨਾਂ ਦੀ ਹੋਈ ਅਤੇ ਹੁਣ ਪੰਜਾਬੀ ਦੀ ਤਰੱਕੀ ਹੋ ਰਹੀ ਹੈ। ਪੰਜਾਬ ਅਸੈਂਬਲੀ ਵਿਚ ਮੈਂਬਰਾਂ ਨੂੰ ਪੰਜਾਬੀ ਵਿਚ ਬੋਲਣ ਦੀ ਖੁੱਲ੍ਹ ਹੁਣੇ ਹੀ ਮਿਲੀ ਹੈ।

ਸਾਡੇ ਦਿਮਾਗ ਵਿਚ ਇਹ ਗੱਲ ਬੈਠੀ ਹੋਈ ਸੀ ਕਿ ਪਾਕਿਸਤਾਨ ਦੀ ਪ੍ਰੈਸ ਆਜ਼ਾਦ ਨਹੀਂ। ਪਰ ਐਸ ਵਾਰੀ ਅਸੀਂ ਵੇਖਿਆ ਕਿ ਭਾਵੇਂ ਪਾਕਿਸਤਾਨ ਦੀ ਪ੍ਰੈਸ ਪੂਰੀ ਤਰ੍ਹਾਂ ਆਜ਼ਾਦ ਨਹੀਂ; ਪਰ ਆਜ਼ਾਦ ਹੋਈ ਜਾ ਰਹੀ ਹੈ। ਆਲੋਚਕਾਤਮਕ ਐਡੀਟੋਰੀਅਲ ਵੀ ਲਿਖੇ ਜਾ ਰਹੇ ਹਨ। ਅੰਗਰੇਜ਼ੀ ਅਖਬਾਰ ਅਜੇ ਵੀ ਮਹੱਤਵ-ਪੂਰਨ ਹਨ ਜਿਵੇਂ ਡਾਨ, ਦ ਨੇਸ਼ਨ, ਦੀ ਨਿਊਜ਼। ਇਹਨਾਂ ਵਿਚ ਛਪੀ ਖਬਰ ਅਸਰ ਰੱਖਦੀ ਹੈ। ਉਰਦੂ ਦੇ ਅਖਬਾਰਾਂ ਦੀ ਮਹੱਤਤਾ

ਅਜੇ ਵੀ ਬਹੁਤ ਹੈ। ਇਹ ਬਹੁਤ ਹੀ ਅਸਰਦਾਇਕ ਹਨ। ਸਭ ਤੋਂ ਚੰਗੀ ਗੱਲ ਇਹ ਨਜ਼ਰ ਆਈ ਕਿ ਨੌਜਵਾਨ ਮੁੰਡੇ ਤੇ ਕੁੜੀਆਂ ਇਸ ਕਿੱਤੇ ਵਿਚ ਆ ਰਹੇ ਹਨ। ਇਕ ਚੈਨਲ ਪੂਰੀ ਤਰ੍ਹਾਂ ਪੰਜਾਬੀ ਹੈ। ਹਿੰਦੁਸਤਾਨ ਦੇ ਟੀ.ਵੀ. ਚੈਨਲ ਵੀ ਪਾਕਿਸਤਾਨ ਵਿਚ ਚਾਅ ਨਾਲ ਵੇਖੇ ਜਾਂਦੇ ਹਨ। ਸਟਾਰ ਟੀ.ਵੀ., ਜ਼ੀ ਅਤੇ ਆਜ ਤੱਕ ਨੂੰ ਲੋਕ ਪਸੰਦ ਕਰਦੇ ਹਨ। ਲੋਕਾਂ ਨੂੰ ਹਿੰਦੁਸਤਾਨੀ ਸੀਰੀਅਲ ਵੇਖਣ ਦਾ ਵੀ ਬਹੁਤ ਸ਼ੌਕ ਹੈ। ਓਥੇ ਇਕ ਗੱਲ ਦੀ ਘਾਟ ਮਹਿਸੂਸ ਕੀਤੀ ਗਈ ਕਿ ਪਾਕਿਸਤਾਨ ਵਿਚ ਵੱਡੇ ਜਾਂ ਉੱਚੀ ਪੱਧਰ ਦੇ ਮੈਗਜ਼ੀਨ ਨਜ਼ਰੀ ਨਹੀਂ ਪਏ ਜਿਵੇਂ ਏਥੇ ਇੰਡੀਆ ਟੂ ਡੇ, ਆਊਟ ਲੁੱਕ, ਦਾ ਵੀਕ ਆਦਿ ਹਨ।

ਲਾਹੌਰ ਸ਼ਹਿਰ ਦੀ ਮੈਨੂੰ ਸਭ ਤੋਂ ਵਧੀਆ ਗੱਲ ਇਹ ਲੱਗੀ ਕਿ ਇਸ ਦੀ ਇਤਿਹਾਸਕਤਾ ਅਜੇ ਵੀ ਬਰਕਰਾਰ ਹੈ। ਓਸੇ ਤਰ੍ਹਾਂ ਸ਼ਹਿਰ ਦੀ ਚਾਰ-ਦੀਵਾਰੀ ਅਤੇ ਬਾਹਰ ਗੇਟ, ਓਸੇ ਤਰ੍ਹਾਂ ਘਰ, ਗਲੀਆਂ ਅਤੇ ਮੁਹੱਲੇ ਉਂਜ ਹੀ ਕਾਇਮ ਹਨ ਜਿਵੇਂ ਕਈ ਸੌ ਸਾਲ ਪਹਿਲਾਂ ਸਨ। ਮਜ਼ੇਦਾਰ ਗੱਲ ਇਹ ਹੈ ਕਿ ਸੰਸਥਾਵਾਂ ਅਤੇ ਮੁਹੱਲਿਆਂ ਆਦਿ ਦੇ ਨਾਂ ਵੀ ਨਹੀਂ ਬਦਲੇ ਗਏ ਜਿਵੇਂ ਕਿ ਹਿੰਦੁਸਤਾਨ ਵਿਚ ਰਿਵਾਜ ਹੈ। ਇਥੋਂ ਤਕ ਕਿ ਹਿੰਦੂ ਨਾਂ ਵੀ ਇਨ ਬਿਨ ਕਾਇਮ ਹਨ। ਇਹ ਕਮਾਲ ਦੀ ਗੱਲ ਹੈ ਕਿ ਲਾਹੌਰੀਆਂ ਨੇ ਲਾਹੌਰ ਦਾ ਇਤਿਹਾਸ ਕਾਇਮ ਰੱਖਿਆ ਹੈ। ਨਸਬਤ ਰੋਡ ਉੱਤੇ ਦਿਆਲ ਸਿੰਘ ਲਾਇਬ੍ਰੇਰੀ ਅਤੇ ਕਾਲਜ, ਗੰਗਾ ਰਾਮ ਹਸਪਤਾਲ ਓਸੇ ਤਰ੍ਹਾਂ ਕਾਇਮ ਹਨ। ਲਾਹੌਰ ਦਾ ਕਿਲਾ ਓਸੇ ਤਰ੍ਹਾਂ ਬਰਕਰਾਰ ਹੈ। ਇਹ ਮੁਗਲ ਕਾਲ ਤੋਂ ਪਹਿਲਾਂ ਬਣਾਇਆ ਗਿਆ ਸੀ। ਇਸ ਵਿਚ ਮੁਗਲ ਬਾਦਸ਼ਾਹ ਜਹਾਂਗੀਰ ਅਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਰਹਿ ਚੁੱਕੇ ਹਨ। ਜਹਾਂਗੀਰ ਤੇ ਆਗਰੇ ਰਹਿੰਦਾ ਸੀ ਪਰ ਕਦੀ-ਕਦੀ ਹੀ ਓਥੇ ਆਉਂਦਾ ਸੀ ਪਰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਹਿਣ ਲਈ ਕੋਈ ਮਹੱਲ ਨਹੀਂ ਬਣਾਇਆ ਉਹ ਓਸੇ ਕਿਲੇ ਵਿਚ ਹੀ ਰਿਹਾ। ਲਾਹੌਰ ਦੇ ਕਿਲੇ ਵਿਚ ਹੁਣ ਇਕ ਅਜਾਇਬ ਘਰ ਬਣਾਇਆ ਗਿਆ ਹੈ ਜਿਸ ਵਿਚ ਮਹਾਰਾਜਾ ਰਣਜੀਤ ਸਿੰਘ ਦੀਆਂ ਵਸਤਾਂ ਓਸੇ ਤਰ੍ਹਾਂ ਸੰਭਾਲ ਕੇ ਰੱਖੀਆਂ ਗਈਆਂ ਹਨ। ਕਿਲੇ ਦੇ ਸਾਹਮਣੇ ਵਾਲੀ ਮਸਜਿਦ ਵੇਖਣ ਯੋਗ ਹੈ। ਗੁਰਦੁਆਰਾ ਡੇਰਾ ਸਾਹਿਬ, ਜਿਥੇ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ ਸੀ, ਓਸੇ ਤਰ੍ਹਾਂ ਹੀ ਹੈ ਜਿਸ ਤਰ੍ਹਾਂ ਵੰਡ ਤੋਂ ਪਹਿਲਾਂ ਸੀ। ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਨੂੰ ਵੀ ਓਸੇ ਤਰ੍ਹਾਂ ਕਾਇਮ ਰਖਿਆ ਗਿਆ ਹੈ। ਉਸ ਦੇ ਦੋ ਗੁਬੰਦ ਡਿੱਗ ਪਏ ਸਨ ਪਰ ਪਾਕਿਸਤਾਨ ਦੀ ਸਰਕਾਰ ਨੇ ਸਿੰਧ ਤੋਂ ਉਹੀ ਕਲਾ ਜਾਣਨ ਵਾਲੇ ਕਾਰੀਗਰ ਲੱਭ ਕੇ ਲਿਆਂਦੇ ਜਿਸ ਨੇ ਉਹਨਾਂ ਨੂੰ ਹੂ-ਬ-ਹੂ ਓਸੇ ਤਰ੍ਹਾਂ ਬਣਾ ਦਿੱਤਾ।

ਅਜਾਇਬ ਘਰ ਵਿਚ ਪੁਰਾਤਨ ਹਿੰਦੂ ਅਤੇ ਬੁੱਧ ਦੇ ਇਤਿਹਾਸ ਨੂੰ ਸੰਭਾਲਿਆ ਹੋਇਆ ਹੈ। ਸਿੱਖ ਇਤਿਹਾਸ ਸੰਬੰਧੀ ਵੀ ਬੜੀ ਸਮੱਗਰੀ ਹੈ। ਹਰੀ ਸਿੰਘ ਨਲੂਆ ਦੀ ਹਵੇਲੀ ਦੇ ਦਰਵਾਜ਼ੇ ਓਸੇ ਤਰ੍ਹਾਂ ਸੰਭਾਲੇ ਹੋਏ ਹਨ। ਪੁਰਾਤਤਵ ਵਿਭਾਗ ਵਿਚ ਵੀ ਸਿੱਖ ਇਤਿਹਾਸ ਸਬੰਧੀ ਬਹੁਤ ਸਾਰੀ ਸਮੱਗਰੀ ਉਪਲੱਬਧ ਹੈ ਜਿਸ ਦੇ ਡੂੰਘੇ ਅਧਿਐਨ ਦੀ ਲੋੜ ਹੈ। ਅਨਾਰਕਲੀ ਓਸੇ ਤਰ੍ਹਾਂ ਹੀ ਹੈ, ਓਸੇ ਤਰ੍ਹਾਂ ਲੋਕਾਂ ਦੀ ਭੀੜ।

ਇਕ ਗੱਲ ਮੈਨੂੰ ਬੜੀ ਕਮਾਲ ਦੀ ਅਤੇ ਨਵੀਂ ਲੱਗੀ। ਲਾਹੌਰ ਵਿਚ ਇਕ ਨਵਾਂ ਬਾਜ਼ਾਰ ਬਣਿਆ ਹੈ ਜਿਸ ਦਾ ਨਾਂ ਹੈ-ਫੂਡ ਬਾਜ਼ਾਰ। ਇਕ ਸੜਕ ਬੰਦ ਕੀਤੀ ਹੋਈ ਹੈ ਜਿਸ ਦੇ ਦੋਵੇਂ ਪਾਸੇ ਕਰੀਬ 40 ਰੈਸਟੋਰੈਂਟ ਹਨ। ਵਿਚਕਾਰ ਕੁਰਸੀਆਂ ਲੱਗੀਆਂ ਹੋਈਆਂ ਹਨ, ਬਾਹਰ ਸੜਕ ਉੱਤੇ ਖੁਲ੍ਹੀ ਹਵਾ ਵਿਚ। ਓਥੇ ਹਜ਼ਾਰਾਂ ਲੋਕੀਂ ਖਾਣਾ ਖਾਣ ਆਉਂਦੇ ਹਨ। ਇਹ

ਬਾਜ਼ਾਰ ਬਹੁਤ ਹੀ ਪ੍ਰਸਿੱਧ ਹੈ ਅਤੇ ਸੈਲਾਨੀਆਂ ਲਈ ਵੀ ਵੱਡੀ ਖਿੱਚ ਦਾ ਕੇਂਦਰ ਹੈ। ਲਾਹੌਰ ਵਿਚ ਦਿੱਲੀ ਵਾਂਗ ਫਲਾਈ ਓਵਰ ਨਹੀਂ ਹਨ ਬਲਕਿ ਅੰਡਰ-ਬਰਿਜ ਜਾਂ ਜ਼ਮੀਨ-ਦੋਜ਼ ਪੁਲ ਹਨ। ਉਹਨਾਂ ਲੋਕਾਂ ਦਾ ਕਹਿਣਾ ਹੈ ਕਿ ਫਲਾਈ-ਓਵਰਾਂ ਨਾਲ ਸ਼ਹਿਰ ਦੀ ਖ਼ੂਬਸੂਰਤੀ ਜਾਂਦੀ ਰਹਿੰਦੀ ਹੈ। ਇਹ ਕੰਮ ਪੰਜਾਬ ਦੇ ਮੁੱਖ ਮੰਤਰੀ ਜਨਾਬ ਪ੍ਰਵੇਜ਼ ਇਲਾਹੀ ਨੇ ਕੀਤਾ ਹੈ। ਲਾਹੌਰ ਦੀ ਆਬਾਦੀ ਕਰੀਬ 80 ਲੱਖ ਹੈ। ਓਥੋਂ ਦੀ ਖਾਸ ਗੱਲ ਇਹ ਹੈ ਕਿ ਹਰ ਅਮੀਰ ਨੇ ਲਾਹੌਰ ਵਿਚ ਆਪਣੀ ਕੋਠੀ ਬਣਾਈ ਹੋਈ ਹੈ ਲਾਹੌਰ ਸ਼ਹਿਰ ਬਹੁਤ ਵੱਡਾ ਸ਼ਹਿਰ ਬਣ ਗਿਆ ਹੈ ਜਿਸ ਦੇ ਮੁਕਾਬਲੇ ਵਿਚ ਅੰਮ੍ਰਿਤਸਰ ਜਿਹੜਾ ਬਾਰਡਰ ਤੋਂ ਲਾਹੌਰ ਜਿੰਨੀ ਹੀ ਵਿੱਥ ਉਤੇ ਹੈ, ਓਨੀ ਤਰੱਕੀ ਨਹੀਂ ਹੋਈ। ਸ਼ਾਇਦ ਬਾਰਡਰ ਨੇੜੇ ਹੋਣ ਕਰਕੇ ਇਥੇ ਘਰ ਬਣਾਉਣੋਂ ਡਰਦੇ ਹਨ ਪਰ ਲਾਹੌਰ ਵਿਚ ਅਜਿਹਾ ਡਰ ਨਹੀਂ ਮਹਿਸੂਸ ਕੀਤਾ ਗਿਆ। ਲਾਹੌਰ ਦੀ ਆਰਟ ਕੌਂਸਿਲ ਜਿਸ ਨੂੰ ਅਲ-ਹਮਰਾ ਕਹਿੰਦੇ ਹਨ ਬਹੁਤ ਵੱਡੀ ਅਤੇ ਸ਼ਾਨਦਾਰ ਹੈ ਅਤੇ ਓਥੇ ਪੰਜਾਬੀ ਸਭਿਆਚਾਰ ਦੇ ਨਮੂਨੇ ਪ੍ਰਦਰਸ਼ਿਤ ਕੀਤੇ ਗਏ ਹਨ। ਪ੍ਰੈਸ ਕਲੱਬ ਵੀ ਪੁਰਾਣੀ ਹੈ। ਉਹਨਾਂ ਨੇ ਅਜੀਤ ਦੇ ਸੰਪਾਦਕ ਸ੍ਰ: ਬਰਜਿੰਦਰ ਸਿੰਘ ਹਮਦਰਦ ਦੇ ਸਨਮਾਨ ਵਿਚ ਦਾਅਵਤ ਵੀ ਕੀਤੀ ਸੀ। ਇਸ ਦਾਅਵਤ ਵਿਚ ਕਰੀਬ 250-300 ਪੰਜਾਬੀ ਪੱਤਰਕਾਰ ਅਤੇ ਸਾਹਿਤਕਾਰ ਸ਼ਾਮਲ ਹੋਏ ਸਨ ਜਿਹੜੀ ਕਿ ਬਹੁਤ ਵੱਡੀ ਗੱਲ ਹੈ।

ਇਕ ਹੋਰ ਗੱਲ ਖੁਸ਼ੀ ਵਾਲੀ ਲੱਗੀ ਕਿ ਪੰਜਾਬੀ ਲੇਖਕਾਂ ਦੀ ਗਿਣਤੀ ਵਧ ਰਹੀ ਹੈ। ਕੁਝ ਲੇਖਕ ਤਾਂ ਹੁਣ ਗੁਰਮੁਖੀ ਲਿਪੀ ਵਿਚ ਵੀ ਲਿਖਣ ਲੱਗ ਪਏ ਹਨ ਜਿਵੇਂ ਇਲੀਆਸ ਘੁੰਮਣ, ਕੈਸਰ ਆਦਿ। ਪੰਜਾਬੀ ਲਈ ਬਹੁਤ ਵੱਡੀ ਜਾਗ੍ਰਿਤੀ ਆਈ ਹੋਈ ਹੈ ਅਤੇ ਵੱਡੀ ਮਾਤਰਾ ਵਿਚ ਪੰਜਾਬੀ ਸਾਹਿਤ ਰਚਿਆ ਜਾ ਰਿਹਾ ਹੈ।

ਐਸ ਵਾਰੀ ਦੀ ਫੇਰੀ ਦੌਰਾਨ ਪਹਿਲੀ ਵਾਰੀ ਲਾਹੌਰ ਤੋਂ ਹਟ ਕੇ 100-150 ਕਿਲੋਮੀਟਰ ਦੂਰ ਪਿੰਡਾਂ ਦੇ ਇਲਾਕਿਆਂ ਵਿਚ ਜਾਣ ਦਾ ਮੌਕਾ ਮਿਲਿਆ। ਮਹਾਰਾਜਾ ਰਣਜੀਤ ਸਿੰਘ ਦਾ ਜਨਮ ਗੁਜਰਾਂਵਾਲਾ ਸ਼ਹਿਰ ਵਿਚ ਹੋਇਆ ਸੀ, ਪਿੰਡ ਸੰਧਰਾ ਜਾਣ ਲਈ ਰਾਹ ਵਿਚ ਆਉਂਦਾ ਹੈ। ਪਰ ਉਸ ਦੇ ਘਰ ਦੀ ਸੰਭਾਲ ਕੋਈ ਨਹੀਂ ਹੋਈ। ਹਰੀ ਸਿੰਘ ਨਲਵਾ ਦਾ ਘਰ ਤਕਰੀਬਨ ਢਹਿ ਚੁੱਕਾ ਹੈ।

ਅਸੀਂ ਵਾਰਸ ਸ਼ਾਹ ਦੀ ਕਬਰ ਜੰਡਿਆਲਾ ਸ਼ੇਰ ਖਾਂ ਵੀ ਗਏ। ਬੜੇ ਚੰਗੇ ਢੰਗ ਨਾਲ ਮਜ਼ਾਰ ਬਣਾਈ ਗਈ ਹੈ। ਬਹੁਤ ਲੋਕ ਉਹਨੂੰ ਵੇਖਣ ਆਉਂਦੇ ਹਨ। ਪਾਕਿਸਤਾਨ ਦੇ ਸਭ ਤੋਂ ਵਧੀਆ ਹੀਰ ਗਾਉਣ ਵਾਲਿਆਂ ਨੇ ਸਾਨੂੰ ਓਥੇ ਹੀਰ ਸੁਣਾਈ। ਉਹਨਾਂ ਕਮਾਲ ਹੀ ਕਰ ਦਿੱਤੀ। ਉਹਨਾਂ ਨੇ ਭਾਰਤ ਦੀ ਪ੍ਰਸਿੱਧ ਸ਼ਾਇਰਾ ਅੰਮ੍ਰਿਤਾ ਪ੍ਰੀਤਮ ਨੂੰ ਵੀ ਯਾਦ ਕੀਤਾ ਜਿਸ ਨੇ ਭਾਰਤ ਦੀ ਵੰਡ ਵੇਲੇ ਹੋਈ ਕਤਲੋ ਗਾਰਤ ਬਾਰੇ ਲਿਖਿਆ ਸੀ "ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ।"

ਉਸ ਤੋਂ ਬਾਅਦ ਅਸੀਂ ਗੁਰਦੁਆਰਾ ਨਨਕਾਣਾ ਸਾਹਿਬ ਮੱਥਾ ਟੇਕਣ ਗਏ। ਉਹ ਵੀ ਓਦਾਂ ਹੀ ਹੈ, ਸੰਭਾਲ ਦਾ ਕੰਮ ਚੰਗਾ ਹੈ, ਓਥੇ 40 ਘਰ ਸਿੱਖਾਂ ਦੇ ਵੀ ਹਨ ਜਿਹੜੇ ਗਰੀਬ ਹਨ। ਗੁਰਦੁਆਰੇ ਵਿਚ ਬੱਚਿਆਂ ਨੇ ਬੜਾ ਸ਼ਾਨਦਾਰ ਕੀਰਤਨ ਕੀਤਾ ਜਿਸ ਨੂੰ ਸੁਣਕੇ ਬਹੁਤ ਆਨੰਦ ਆਇਆ। ਬਾਅਦ ਵਿਚ ਅਰਦਾਸ ਹੋਈ। ਉਥੇ ਜਾ ਕੇ ਮਨ ਨੂੰ ਸੰਤੋਖ ਮਿਲਦਾ ਹੈ। ਜਿਸ ਤਰ੍ਹਾਂ ਅਸੀਂ ਆਪਣੀ ਅਰਦਾਸ ਵਿਚ ਹਰ ਰੋਜ਼ ਕਹਿੰਦੇ ਹਾਂ ਕਿ ਸਾਨੂੰ ਨਨਕਾਣਾ ਸਾਹਿਬ ਅਤੇ ਹੋਰ ਗੁਰਦੁਆਰਿਆਂ ਦੇ ਖੁਲ੍ਹੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਦਾ ਦਾਨ ਪਿਆਰੇ ਖਾਲਸਾ ਜੀ ਨੂੰ ਬਖਸ਼ੋ, ਓਥੇ ਜਾ ਕੇ ਲੱਗਦਾ ਹੈ ਕਿ ਸਾਡੀ ਇਹ ਮੁਰਾਦ ਪੂਰੀ ਹੋ ਰਹੀ

ਹੈ। ਸਾਨੂੰ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਨਾਲ ਉਹਨਾਂ ਦੇ ਜਨਮ ਸਥਾਨ ਦੇ ਦਰਸ਼ਨ ਹੋਏ ਹਨ। ਉਸ ਸਥਾਨ ਤੋਂ ਓਥੋਂ ਦੇ ਬਹੁਤ ਸਾਰੇ ਲੋਕੀਂ ਵੀ ਇਕੱਠੇ ਹੋਏ ਜਿਨ੍ਹਾਂ ਨਾਲ ਨਨਕਾਣਾ ਸਾਹਿਬ ਗੁਰਦੁਆਰਾ ਅਤੇ ਆਲੇ ਦੁਆਲੇ ਦੇ ਇਲਾਕੇ ਬਾਰੇ ਅਤੇ ਉਥੇ ਜਾਣ ਵਾਲੇ ਯਾਤਰੂਆਂ ਨੂੰ ਹੋਰ ਕਿਹੜੀਆਂ ਸਹੂਲਤਾਂ ਦਿੱਤੀਆਂ ਜਾ ਸਕਦੀਆਂ ਹਨ, ਬਾਰੇ ਵਿਚਾਰ ਵਟਾਂਦਰਾ ਹੋਇਆ।

ਬਲੋ ਹੈੱਡ ਵੀ ਗਏ। ਫਿਰ ਕਸੂਰ ਜ਼ਿਲ੍ਹਾ ਵੀ ਵੇਖਿਆ। ਭਾਈ ਫੇਰੂ ਦੇ ਪਿੰਡ ਵੀ ਗਏ। ਹੁਣ ਉਹਦਾ ਨਾਂ ਬਦਲ ਦਿੱਤਾ ਗਿਆ ਹੈ। ਪਾਕਿਸਤਾਨ ਵਿਚ ਬਿਜਲੀ ਮਹਿੰਗੀ ਹੈ, ਪਰ ਜਾਂਦੀ ਨਹੀਂ। ਘਰਾਂ 'ਚ ਲੋਕੀਂ ਜ਼ਿਆਦਾ ਕਰਕੇ ਗੈਸ ਵਰਤਦੇ ਹਨ। ਕਣਕ ਦੀ ਘਾਟ ਹੈ। ਆਟਾ 16 ਰੁਪਏ ਕਿਲੋ ਮਿਲਦਾ ਹੈ। ਸਾਡੇ ਪੰਜਾਬ ਨਾਲੋਂ ਉਹਨਾਂ ਦੀ ਖੇਤੀ-ਬਾੜੀ ਪਿੱਛੇ ਹੈ। ਉਹ ਕਣਕ ਬਾਹਰੋਂ ਮੰਗਵਾਉਂਦੇ ਹਨ। ਪਿੰਡਾਂ ਦੇ ਲੋਕਾਂ 'ਚ ਭਾਰਤ ਪ੍ਰਤੀ ਦੋਸਤੀ ਦਾ ਉਭਾਰ ਸ਼ਹਿਰਾਂ ਨਾਲੋਂ ਜ਼ਿਆਦਾ ਹੈ, ਖਾਸ ਕਰਕੇ ਜਿਹੜੇ ਲੋਕ ਏਧਰੋਂ ਓਧਰ ਗਏ ਹਨ ਉਹ ਆਪਣੇ ਪਿੰਡ ਵੇਖਣ ਲਈ ਤਰਸ ਗਏ ਹਨ।

ਪੱਛਮੀ ਪੰਜਾਬ ਦੇ ਮੁੱਖ ਮੰਤਰੀ ਚੌਧਰੀ ਪ੍ਰਵੇਜ਼ ਇਲਾਹੀ ਨਾਲ ਲੰਮੀ ਗੱਲਬਾਤ ਹੋਈ। ਉਹਨਾਂ ਨੂੰ ਇਸ ਗੱਲ ਲਈ ਮਨਾਇਆ ਗਿਆ ਕਿ ਉਹ ਸਿੱਖ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਆਉਂਦੇ ਸਿੱਖ ਯਾਤਰੂਆਂ ਨੂੰ ਵਧੇਰੇ ਸਹੂਲਤਾਂ ਮੁਹੱਈਆ ਕਰਾਉਣਗੇ। ਸ੍ਰੀ ਪ੍ਰਵੇਜ਼ ਇਲਾਹੀ ਨੇ ਸਾਨੂੰ ਦੱਸਿਆ ਕਿ ਇਕ ਸੜਕ ਲਾਹੌਰ ਤੋਂ ਸਿੱਧੀ ਨਨਕਾਣਾ ਸਾਹਿਬ ਲਈ ਬਣਾਈ ਜਾਏਗੀ, ਦੂਜਾ ਨਨਕਾਣਾ ਸਾਹਿਬ ਵਿਚ ਇਕ ਹੋਟਲ ਬਣਾਇਆ ਜਾਏਗਾ ਤਾਂ ਕਿ ਯਾਤਰੂ ਓਥੇ ਆਸਾਨੀ ਨਾਲ ਠਹਿਰ ਸਕਣ। ਗੁਰਦੁਆਰਿਆਂ ਦੀ ਸੰਭਾਲ ਲਈ ਇਕ ਐਡਵਾਈਜ਼ਰੀ ਕਮੇਟੀ ਬਣਾਈ ਜਾਏਗੀ ਜਿਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਮਰੀਕਾ, ਕਨੇਡਾ ਆਦਿ ਦੇਸ਼ਾਂ ਤੋਂ ਸਿੱਖ ਨੁਮਾਇੰਦੇ ਲਏ ਜਾਣਗੇ। ਉਹਨਾਂ ਨੇ ਸਿੱਖ ਯਾਤਰੂਆਂ ਦੀ ਗਿਣਤੀ ਵਧਾਉਣ ਅਤੇ ਲੋਕਾਂ ਨੂੰ ਸਾਰਾ ਸਾਲ ਆਉਣ ਲਈ ਇਜਾਜ਼ਤ ਦੇਣ ਦਾ ਵੀ ਵਾਅਦਾ ਕੀਤਾ।

ਮੇਰਾ ਪ੍ਰਭਾਵ ਇਹ ਹੈ ਕਿ ਆਮ ਲੋਕ ਸਾਬਕਾ ਪ੍ਰਧਾਨ ਮੰਤਰੀ ਜਨਾਬ ਨਵਾਬ ਸ਼ਰੀਫ ਦੀ ਪ੍ਰਸੰਸਾ ਕਰਦੇ ਹਨ ਕਿ ਉਹਨਾਂ ਨੇ ਸ੍ਰੀ ਅਟਲ ਬਿਹਾਰੀ ਨਾਲ ਰਲ੍ਹ ਕੇ ਦੋਸਤੀ ਦਾ ਸਿਲਸਿਲਾ ਸ਼ੁਰੂ ਕੀਤਾ ਸੀ। ਸ੍ਰੀ ਅਟਲ ਬਿਹਾਰੀ ਵਾਜਪਾਈ ਜਿਹੜੀਆਂ ਲਾਹੌਰ ਤਕਰੀਰਾਂ ਕਰਕੇ ਆਏ ਸਨ, ਉਹਨਾਂ ਦੀ ਬੜੀ ਚਰਚਾ ਹੈ। ਲੋਕ ਉਹਨਾਂ ਦੀ ਪ੍ਰਸੰਸਾ ਕਰਦੇ ਹਨ। ਪਾਕਿਸਤਾਨ ਪੀਪਲਜ਼ ਪਾਰਟੀ ਦੇ ਕਾਰਕੁੰਨ ਉਸ ਦਿਨ ਦੀ ਉਡੀਕ ਕਰ ਰਹੇ ਹਨ ਕਿ ਕਦੋਂ ਬੇਨਜ਼ੀਰ ਭੁੱਟੋ ਆਪਣੇ ਵਤਨ ਵਾਪਸ ਆਏ। ਜਨਰਲ ਮੁਸ਼ੱਰਫ ਮੁਸਲਮਾਨ ਆਤੰਕਵਾਦੀਆਂ ਦੀਆਂ ਕਾਰਵਾਈਆਂ ਤੋਂ ਪ੍ਰੇਸ਼ਾਨ ਹੈ ਅਤੇ ਉਹਨਾਂ ਨੂੰ ਕਮਜ਼ੋਰ ਕਰਨਾ ਚਾਹੁੰਦਾ ਹੈ। ਪਾਕਿਸਤਾਨ ਨੂੰ ਵੀ ਆਤੰਕਵਾਦੀਆਂ ਤੋਂ ਖਤਰਾ ਹੈ।

ਪਾਕਿਸਤਾਨ ਦੇ ਟੈਲੀਵੀਜ਼ਨ ਅਤੇ ਫਿਲਮਾਂ ਆਦਿ ਵਿਚ ਲੱਚਰ-ਪੁਣਾ ਬਿਲਕੁਲ ਨਹੀਂ ਹੈ ਅਤੇ ਨਾ ਹੀ ਗਾਣੇ ਅਜਿਹੇ ਸੁਣਨ ਨੂੰ ਮਿਲੇ ਜਿਨ੍ਹਾਂ ਵਿਚ ਤੱਦੇ ਸ਼ਬਦ ਵਰਤੇ ਗਏ ਹਨ, ਜਿਨ੍ਹਾਂ ਦਾ ਭਾਰਤ ਵਿਚ ਬੋਲ ਬਾਲਾ ਹੈ। ਪੰਡਿਤ ਜੱਸ ਰਾਜ ਨੇ ਬਿਨਾਂ ਸਾਜ਼ਾਂ ਤੋਂ ਹੀ ਗਾ ਕੇ ਕਮਾਲ ਦਾ ਰੰਗ ਬੰਨ੍ਹਿਆ। ਲੋਕਾਂ ਨੇ ਉਹਨਾਂ ਦੀ ਗਾਇਕੀ ਦੀ ਭਰਪੂਰ ਪ੍ਰਸੰਸਾ ਕੀਤੀ।

ਪਾਕਿਸਤਾਨ ਦੀ ਇਕ ਗੱਲ ਹੋਰ ਕਮਾਲ ਦੀ ਵੇਖਣ ਨੂੰ ਮਿਲੀ। ਇਕ ਪਾਸੇ ਜਿਥੇ ਕੇਂਦਰ ਵਿਚ ਡਿਕਟੇਟਰਸ਼ਿਪ ਹੈ, ਫੌਜ ਦੀ ਸਰਦਾਰੀ ਹੈ ਓਥੇ ਹੇਠਲੇ ਪੱਧਰ ਤੇ ਲੋਕ-ਤੰਤਰ

ਹੈ। ਪੰਚਾਇਤੀ ਰਾਜ ਹੈ। ਪੰਚਾਇਤਾਂ ਦੇ ਪੰਚ ਸਰਪੰਚ ਆਪਣੇ ਇਕ ਬਲਾਕ ਦਾ ਨੁਮਾਇੰਦਾ ਚੁਣਦੇ ਹਨ ਤੇ ਫਿਰ ਜ਼ਿਲ੍ਹੇ ਦਾ ਪ੍ਰਧਾਨ ਚੁਣਿਆ ਜਾਂਦਾ ਹੈ ਜਿਸ ਕੋਲ ਜ਼ਿਲ੍ਹੇ ਦੀਆਂ ਸਾਰੀਆਂ ਕਾਰਜਕਾਰੀ ਅਤੇ ਵਿੱਤੀ ਸ਼ਕਤੀਆਂ ਹੁੰਦੀਆਂ ਹਨ। ਉਸ ਨੂੰ "ਨਾਜ਼ਿਮ" ਆਖਦੇ ਹਨ ਅਤੇ ਉਹ ਹੀ ਜ਼ਿਲ੍ਹੇ ਦੇ ਵਿਕਾਸ ਦੀ ਜ਼ਿੰਮੇਵਾਰੀ ਨਿਭਾਉਂਦਾ ਹੈ। ਓਥੇ ਡਿਪਟੀ ਕਮਿਸ਼ਨਰ ਦਾ ਅਹੁਦਾ ਨਹੀਂ ਹੈ ਉਸ ਨੂੰ ਬਦਲ ਕੇ ਡੀ.ਸੀ.ਓ ਭਾਵ ਡਿਸਟ੍ਰਿਕਟ ਕੋਆਰਟੀਨੇਟਿੰਗ ਅਫਸਰ ਬਣਾ ਦਿੱਤਾ ਗਿਆ ਹੈ ਜਿਹੜਾ ਨਾਜ਼ਿਮ ਦੇ ਅਧੀਨ ਹੁੰਦਾ ਹੈ ਅਤੇ ਸਭ ਵਿਭਾਗਾਂ ਨਾਲ ਤਾਲ-ਮੇਲ ਰੱਖਣ ਵਿਚ ਨਾਜ਼ਿਮ ਦੀ ਸਹਾਇਤਾ ਕਰਦਾ ਹੈ। ਇਹ ਇਕ ਇਨਕਲਾਬੀ ਕਦਮ ਹੈ ਅਤੇ ਬੜਾ ਕਾਮਯਾਬ ਸਾਬਤ ਹੋ ਰਿਹਾ ਹੈ।

(26-09-04)



ਰਾਸ਼ਟਰਪਤੀ ਡਾ. ਏ. ਪੀ. ਜੇ. ਅਬਦੁਲ ਕਲਾਮ ਦਾ ਸਵਾਗਤ ਕਰਦਿਆਂ ਸ੍. ਤਰਲੋਚਨ ਸਿੰਘ। ਉਹਨਾਂ ਦੇ ਨਾਲ ਖੜ੍ਹੇ ਦਿਖਾਈ ਦੇ ਰਹੇ ਹਨ ਪੰਜਾਬੀ ਦੇ ਉੱਘੇ ਲੇਖਕ, ਕਵੀ ਤੇ ਮਨੋ-ਵਿਗਿਆਨਕ ਡਾ. ਜਸਵੰਤ ਸਿੰਘ ਨੇਕੀ।

ਡਾਕਟਰ ਮਨਮੋਹਨ ਸਿੰਘ ਨਾਲ ਇਕ ਸਮਾਗਮ ਵਿਚ।





ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਦਾ ਸਵਾਗਤ ਕਰਦੇ ਹੋਏ ਸ੍ਰ. ਤਰਲੋਚਨ ਸਿੰਘ।

↕

ਸ੍ਰੀ ਅਟਲ ਬਿਹਾਰੀ ਵਾਜਪਾਈ ਜੀ ਦੇ ਦਫ਼ਤਰ—ਜੱਥੇਦਾਰ ਜਗਦੇਵ ਸਿੰਘ ਤਲਵੰਡੀ ਤੇ ਸ. ਸੁਖਦੇਵ ਸਿੰਘ ਢੀਂਡਸਾ ਨਾਲ।





ਸ੍ਰੀ ਐਲ. ਕੇ. ਅਡਵਾਨੀ ਨਾਲ ਮੀਟਿੰਗ ਸਮੇਂ।

↕

ਇਕ ਸਮਾਰੋਹ ਵਿਚ ਉੱਘੇ ਪੱਤਰਕਾਰ ਸ੍ਰੀ ਕੁਲਦੀਪ ਨਈਅਰ ਸ੍. ਤਰਲੋਚਨ ਸਿੰਘ ਨੂੰ ਮੁਬਾਰਕਬਾਦ ਦੇ ਰਹੇ ਹਨ।





ਸਿੰਘ ਸਾਹਿਬ ਗਿਆਨ ਜੋਗਿੰਦਰ ਸਿੰਘ ਵੇਦਾਂਤੀ ਜਥੇਦਾਰ, ਅਕਾਲ ਤਖ਼ਤ ਨੂੰ ਕਿਤਾਬ ਭੇਟ ਕਰਦੇ ਹੋਏ—ਸ੍ਰ. ਚਰਨਜੀਤ ਸਿੰਘ ਚੱਢਾ ਨਾਲ ਖੜ੍ਹੇ ਹਨ।

ਫਰਾਂਸ ਦੇ ਵਿਦੇਸ਼ ਮੰਤਰੀ ਨਾਲ ਮੀਟਿੰਗ ਪਿਛੋਂ, ਸ੍ਰ. ਢੀਂਡਸਾ ਵੀ ਨਾਲ





ਤਖ਼ਤ ਹਜ਼ੂਰ ਸਾਹਿਬ ਵਿਖੇ—ਸਨਮਾਨ ਤੋਂ ਪਿਛੋਂ ਸ੍ਰ. ਤਰਲੋਚਨ ਸਿੰਘ ਦੀ ਪਤਨੀ, ਉਤਮਜੀਤ,ਪੋਤੀ ਸੀਰਤ ਤੇ ਪੋਤੇ ਗੁਰਸ਼ੇਰ ਸਿੰਘ ਨਾਲ।

ਗੁਰਦਵਾਰਾ ਬੰਗਲਾ ਸਾਹਿਬ ਵਿਚ ਸਨਮਾਨ।






ਪਾਉਂਟਾ ਸਾਹਿਬ ਹਿਮਾਚਲ ਪ੍ਰਦੇਸ਼ ਵਿਖੇ ਸ੍ਰ. ਤਰਲੋਚਨ ਸਿੰਘ ਨੂੰ ਸਿਰੋਪਾ ਦੇ ਕੇ ਸਨਮਾਨਤ ਕੀਤਾ ਗਿਆ।

ਦਿੱਲੀ ਗੁਰਦਵਾਰਾ ਕਮੇਟੀ ਦੇ ਪ੍ਰਧਾਨ ਸ. ਪਰਿਲਾਦ ਸਿੰਘ ਚੰਢੋਕ ਵਲੋਂ ਸਨਮਾਨ।






ਮੀਰੀ ਪੀਰੀ ਅਕੈਡਮੀ ਨਿਰੰਜਨ ਕੌਰ ਮੁਕਤਾ ਤੇ ਸਰਦਾਰ ਬੇਦੀ ਵਲੋਂ ਸਨਮਾਨ।

↕

ਚੀਫ਼ ਖਾਲਸਾ ਦੀਵਾਨ ਵਲੋਂ—ਸ. ਚਰਨਜੀਤ ਸਿੰਘ ਚੱਢਾ, ਪਰਧਾਨ ਸਵਾਗਤ ਕਰਦੇ ਹੋਏ।





ਬਾਬਾ ਹਰਬੰਸ ਸਿੰਘ ਜੀ ਵਲੋਂ ਅਸ਼ੀਰਵਾਦ।

ਜਵੰਦੀ ਕਲਾਂ ਵਿਚ ਸਵਾਗਤ। ਸਰਦਾਰ ਚੈਹਲ (ਡੀ.ਜੀ.) ਸ. ਅਮਰਜੀਤ ਸਿੰਘ,
ਸ੍ਰ. ਤਰਲੋਚਨ ਸਿੰਘ , ਸੰਤ ਜਵੰਦੀ ਵਾਲੇ ਤੇ ਯੋਗੀ ਭਜਨ।






ਜਨਾਬ ਵਹੀਦੁਦੀਨ, ਸ੍ਰੀ ਸ੍ਰੀ ਰਵੀ ਸ਼ੰਕਰ ਜੀ, ਸ੍. ਤਰਲੋਚਨ ਸਿੰਘ ਤੇ ਸ੍ਰੀ ਮੁਨੀ ਜੀ ਇਕ ਮੀਟਿੰਗ ਵਿਚ।

↕

ਮਹਾਰਾਜਾ ਰਣਜੀਤ ਸਿੰਘ ਬਾਰੇ ਸੋਵੀਨੀਅਰ ਜਾਰੀ ਕਰਦੇ ਹੋਏ ਸ੍. ਤਰਲੋਚਨ ਸਿੰਘ। ਉਹਨਾਂ ਦੇ ਨਾਲ ਖੜੇ ਦਿਖਾਈ ਦੇ ਰਹੇ ਹਨ ਪੰਥਕ ਸਮਾਚਾਰ ਦੇ ਸੰਪਾਦਕ ਸ੍. ਪੁਸ਼ਪਿੰਦਰ ਸਿੰਘ ਅਤੇ ਸ੍. ਮਨਜੀਤ ਸਿੰਘ ਗ੍ਰੇਟਰ ਕੈਲਾਸ਼।





ਭਾਈ ਘਨਈਆ ਦੇ ਪਿੰਡ ਚੋਂ ਪਾਣੀ ਲਿਆਂਦੇ ਹੋਏ-ਸ੍ਰੀ ਓਮ ਪ੍ਰਕਾਸ਼ ਚੌਟਾਲਾ ਦੇ ਨਾਲ ।

ਸ੍ਰ. ਤਰਲੋਚਨ ਸਿੰਘ ਲਾਹੌਰ 1955 ਵਿਚ। ਸ੍ਰੀ ਵਿਸ਼ਵਾਨਾਥ ਤਿਵਾੜੀ ਤੇ ਸ੍ਰ. ਗੁਰਸੇਵ ਸਿੰਘ ਨਾਲ ਖੜ੍ਹੇ।





ਸ੍ਰ. ਤਰਲੋਚਨ ਸਿੰਘ ਦੀ ਮਾਤਾ ਸਰਦਾਰਨੀ ਰਾਮ ਪਿਆਰੀ ਆਪਣੇ ਪੋਤੀ ਅਤੇ ਪੋਤੇ ਨਾਲ।

↕

ਦਫ਼ਤਰ ਵਿਚ ਚੇਅਰਮੈਨ ਮਿਨਾਰਟੀ ਕਮਿਸ਼ਨ ਦਾ ਚਾਰਜ ਲੈਣ ਸਮੇਂ (ਸੱਜੇ ਤੋਂ ਖੱਬੇ) ਡਾਕਟਰ ਪਵਨਦੀਪ ਸਿੰਘ ਕੋਹਲੀ (ਸ੍ਰ. ਤਰਲੋਚਨ ਸਿੰਘ ਦੇ ਪੁੱਤਰ) ਸ੍ਰ. ਪੁਸ਼ਪਿੰਦਰ ਸਿੰਘ, ਸ੍ਰ. ਸਤਪਾਲ ਸਿੰਘ ਕੋਹਲੀ, ਸ੍ਰੀ ਜਗਮੋਹਨ ਭਨੋਟ, ਸ੍ਰ. ਐਸ. ਐਸ. ਜੌਹਰ।





ਚੰਡੀਗੜ੍ਹ ਵਿਚ ਸ੍ਰ. ਦਵਿੰਦਰ ਸਿੰਘ ਦੀ ਫੈਕਟਰੀ ਵਿਚ, ਨਾਲ ਪ੍ਰੀਤੀ-ਵੱਡੀ ਲੜਕੀ।

↕

ਯੋਗ ਕੈਂਪ ਫਰਾਂਸ ਵਿਚ।





ਲਾਸ ਏਂਜਲਸ (ਯੂ. ਐਸ. ਏ.) ਵਿਚ ਇਕ ਸਵਾਗਤ ਸਮਾਰੋਹ—ਸ੍. ਗੁਰਦੀਪ ਸਿੰਘ ਮਲਕ ਵਲੋਂ।



ਹਾਲੈਂਡ ਵਿਚ ਸ੍. ਤਰਲੋਚਨ ਸਿੰਘ ਦੀ
ਲੜਕੀ ਡਾਕਟਰ ਜੋਤਿਕਾ ਤੇ
ਪਤਨੀ ਉਤਮਜੀਤ।




ਵਿਸ਼ਵ ਪੰਜਾਬੀ ਸੰਸਥਾ ਬੈਂਕਾਕ ਵਲੋਂ ਸਨਮਾਨ, ਸੇਠ ਤਰਲੋਕ ਸਿੰਘ ਤੇ ਸ੍ਰ. ਨਰੋਤਮ ਸਿੰਘ ਨਾਰੰਗ ਨਾਲ ਹਨ।

ਐਸਪਫੋਲਾ (ਅਮਰੀਕਾ) ਵਿਚ ਸਰਦਾਰ ਸੁਰਿੰਦਰ ਸਿੰਘ ਮਨਚੰਦਾ ਤੇ ਸ੍ਰ. ਸਤਪਾਲ ਸਿੰਘ ਕੋਹਲੀ ਨਾਲ।





ਪੂਸਾਨ (ਕੋਰੀਆ) ਵਿਚ ਏਸ਼ੀਆਈ ਖੇਡਾਂ ਦੌਰਾਨ ਹੋਰ ਪ੍ਰਤੀਨਿਧਾਂ ਨਾਲ। ਰਾਜਾ ਰਣਧੀਰ ਸਿੰਘ ਵੀ ਖੜ੍ਹੇ ਹਨ।

ਲਾਹੌਰ ਵਿਚ ਵਿਸ਼ਵ ਪੰਜਾਬੀ ਕਾਨਫਰੰਸ ਦੀ ਪ੍ਰਧਾਨਗੀ ਕਰਦਿਆਂ।





ਸ੍ਰ. ਤਰਲੋਚਨ ਸਿੰਘ, ਮੈਂਬਰ ਪਾਰਲੀਮੈਂਟ ਤੇ ਚੇਅਰਮੈਨ, ਕੌਮੀ ਘੱਟ ਗਿਣਤੀ ਕਮਿਸ਼ਨ ਨੂੰ ਥਾਈਲੈਂਡ ਵਿਚ ਸਨਮਾਨਤ ਕਰਦੇ ਹੋਏ ਸੇਠ ਤਰਲੋਕ ਸਿੰਘ ਚਾਵਲਾ।

↕

ਚੀਫ਼ ਖਾਲਸਾ ਦੀਵਾਨ ਦੇ ਕਮੇਟੀ ਰੂਮ ਦਾ ਉਦਘਾਟਨ ਸ੍ਰ. ਭਾਗ ਸਿੰਘ ਅਣਖੀ ਤੇ ਹੋਰ ਪਤਵੰਤੇ।



ਪੰਜਾਬੀ ਭਵਨ ਲੁਧਿਆਣਾ—
ਸ੍. ਦਲੀਪ ਸਿੰਘ ਨਾਮਧਾਰੀ ਦੀ
ਕਿਤਾਬ ਰੀਲੀਜ਼ ਕਰਦੇ ਹੋਏ।







'ਨੇੜਿਓਂ ਤੱਕਿਆ ਇਤਿਹਾਸ' ਦਾ ਰੀਲੀਜ਼ ਸਮਾਗਮ, ਸ੍ਰੀ ਰਾਜਿੰਦਰ ਸਚਰ, ਸ੍ਰੀ ਕੁਲਦੀਪ ਨਈਅਰ, ਸ੍. ਸੁਖਦੇਵ ਸਿੰਘ ਢੀਂਡਸਾ, ਸ੍. ਵਿਕਰਮਜੀਤ ਸਾਹਨੀ ਤੇ ਸ੍. ਖਜਿੰਦਰ ਸਿੰਘ।

ਸੰਤ ਨਿਸ਼ਚਲ ਸਿੰਘ
ਅਕੈਡਮੀ ਯਮੁਨਾ ਨਗਰ ਵਿਚ
ਡਾ. ਵਰਿਆਮ ਸਿੰਘ ਨਾਲ।





ਸਪੋਰਟਸ ਯੂਨੀਵਰਸਿਟੀ ਗਵਾਲੀਅਰ ਦੇ ਕਨਵੋਕੇਸ਼ਨ ਸਮਾਰੋਹ ਵਿਚ।




ਇੰਟਰਨੈਸ਼ਨਲ ਪੰਜਾਬੀ ਸੋਸਾਇਟੀ ਦੇ ਇਕ ਸੈਮੀਨਾਰ ਵਿਚ ਭਾਈ ਮੋਹਨ ਸਿੰਘ, ਕੇਂਦਰੀ ਮੰਤਰੀ ਸ੍ਰ. ਸੁਖਦੇਵ ਸਿੰਘ ਢੀਂਡਸਾ, ਸ੍ਰੀ ਕੁਲਦੀਪ ਨਈਅਰ ਨਾਲ।



ਇਰਾਨ ਤੋਂ ਆਏ ਪ੍ਰਤੀਨਿੱਧ ਮੰਡਲ ਨਾਲ ਸ੍ਰ. ਤਰਲੋਚਨ ਸਿੰਘ, ਜਿਸ ਵਿਚ ਸਾਬਕਾ ਕੇਂਦਰੀ ਮੰਤਰੀ ਚੌਧਰੀ ਸਾਹਿਬ ਸਿੰਘ ਵਰਮਾ ਵੀ ਦਿਖਾਈ ਦੇ ਰਹੇ ਹਨ।

ਯੋਗੀ ਹਰਭਜਨ ਸਿੰਘ ਵਲੋਂ ਸ੍ਰ. ਤਰਲੋਚਨ ਸਿੰਘ ਦੇ ਸਨਮਾਨ ਵਿਚ ਕੀਤੇ ਗਏ ਇਕ ਸਮਾਰੋਹ ਵਿਚ।





ਪੰਜਾਬ ਕਲੱਬ ਕਲਕੱਤਾ ਵਲੋਂ ਸਨਮਾਨ। ਸ੍ਰ. ਭੁਪਿੰਦਰ ਸਿੰਘ ਸਰਨਾ ਨਾਲ ਹਨ।

ਨਿਰਮਲ ਆਸ਼ਰਮ ਰਿਸ਼ੀਕੇਸ਼ ਵਿਚ ਸੰਤ ਮਹਾਰਾਜ ਜੀ ਨਾਲ।





ਯੋਗੀ ਭਜਨ ਜੀ ਨਾਲ।

ਯੋਗੀ ਭਜਨ ਜੀ ਤੇ ਬੀਬੀ
ਇੰਦਰਜੀਤ ਕੌਰ ਤੇ
ਸ੍ਰ. ਤਰਲੋਚਨ ਸਿੰਘ ਦੀ
ਪਤਨੀ ਉਤਮਜੀਤ ਕੌਰ,
ਸ੍ਰ. ਗੁਰਬਚਨ ਸਿੰਘ ਖੜ੍ਹੇ ਹਨ।





ਕਲਕੱਤਾ ਯੂਨੀਵਰਸਿਟੀ ਵਿਚ–
ਸ੍ਰੀ ਗੋਪਾਲ ਗਾਂਧੀ ਗਵਰਨਰ ਬੰਗਾਲ,
ਸ੍ਰ. ਸਰਨ ਸਿੰਘ ਤੇ ਵੀ.ਸੀ.।



ਸ੍ਰ. ਬੁੱਧ ਸਿੰਘ ਢਾਂਹ ਨਾਲ ਇੰਸਟੀਚਿਊਟ ਵਿਖੇ।



ਪੰਜਾਬੀ ਭਵਨ ਕਲਕੱਤਾ ਵਿਚ ਸਨਮਾਨ।



ਦਿੱਲੀ ਸਿੱਖ ਸਮਾਜ ਵਲੋਂ ਸ੍ਰ. ਤਰਲੋਚਨ ਸਿੰਘ, ਸਨਮਾਨਤ। ਫੋਟੋ ਵਿਚ ਖੱਬਿਓਂ ਸੱਜੇ ਨੂੰ ਖੜ੍ਹੇ ਹਨ; ਸ੍ਰ. ਮਨਜੀਤ ਸਿੰਘ ਕਲਕੱਤਾ, ਸ੍ਰ. ਤਰਲੋਚਨ ਸਿੰਘ, ਸ੍ਰ. ਸੁਖਬੀਰ ਸਿੰਘ ਬਾਦਲ, ਐਮ. ਪੀ., ਸ੍ਰ. ਸੁਖਦੇਵ ਸਿੰਘ ਢੀਂਡਸਾ, ਕੇਂਦਰੀ ਮੰਤਰੀ ਅਤੇ ਸ੍ਰ. ਐਮ. ਐਸ. ਮਠਾੜੂ।




ਹੈਦਰਾਬਾਦ ਵਿਚ ਮੁਸਲਮਾਨ ਤੇ ਈਸਾਈਆਂ ਵਲੋਂ ਸਨਮਾਨ।




ਈਸਾਈ ਇਕੱਠ ਬੰਬਈ ਵਿਚ।



ਗੁਜਰਾਂਵਾਲਾ ਖਾਲਸਾ ਕਾਲਜ, ਲੁਧਿਆਣਾ।



ਸ੍. ਨਾਨਕ ਸਿੰਘ ਪ੍ਰਿੰਸੀਪਲ ਨਾਲ
ਉਹਨਾਂ ਦੇ ਕਾਲਜ ਵਿਚ।



ਖਾਲਸਾ ਕਾਲਜ ਫਾਰ ਵੂਮੈਨ
ਅੰਮ੍ਰਿਤਸਰ ਦੇ ਨਵੇਂ ਹੋਸਟਲ
ਦਾ ਉਦਘਾਟਨ ਕਰਦੇ ਹੋਏ।



ਖਾਲਸਾ ਕਾਲਜ ਅੰਮ੍ਰਿਤਸਰ
ਸਾਲਾਨਾ ਸਮਾਗਮ ਤੇ।



ਗੰਗਾ ਨਗਰ
ਖਾਲਸਾ ਕਾਲਜ ਵਿਚ।

ਗੁਰੂ ਨਾਨਕ ਫਿਫਥ ਸੈਕੰਡਰੀ
ਸਕੂਲ ਮਸੂਰੀ ਵਿਖੇ।





ਗੁਰੂ ਨਾਨਕ ਕਾਲਜ
ਯਮੁਨਾਨਗਰ, ਸ੍ਰ. ਭੁਪਿੰਦਰ ਸਿੰਘ
ਜੌਹਰ ਪ੍ਰਧਾਨ ਨਾਲ।

# ਮਲਿਕਾ ਅਲਿਜ਼ਬੈਥ ਦੀ ਦਰਬਾਰ ਸਾਹਿਬ ਦੀ ਯਾਤਰਾ

ਇੰਗਲੈਂਡ ਦੇ ਬਾਦਸ਼ਾਹ ਜਾਰਜ ਛੇਵੇਂ ਦੀ ਮੌਤ 1952 ਵਿਚ ਹੋਈ। ਉਸਦਾ ਕੋਈ ਲੜਕਾ ਨਹੀਂ ਸੀ ਇਸ ਲਈ ਵੱਡੀ ਲੜਕੀ ਸ਼ਹਿਜ਼ਾਦੀ ਅਲਿਜ਼ਬੈਥ ਨੂੰ ਮੁਲਕ ਦੀ ਮਹਾਰਾਣੀ ਬਣਾਇਆ ਗਿਆ। ਉਹ ਸ਼ਹਿਜ਼ਾਦਾ ਫਿਲਿਪਸ ਨਾਲ ਵਿਆਹੀ ਹੋਈ ਸੀ। ਅੱਜ 45 ਸਾਲ ਹੋ ਗਏ ਹਨ ਮਲਕਾ ਨੂੰ ਰਾਜ ਕਰਦੇ। ਇਹ ਲੋਕਾਂ ਵਿਚ ਬੜੀ ਘੁਲੀ ਮਿਲੀ ਹੋਈ ਹੈ ਤੇ ਸਾਰੇ ਇਸ ਨੂੰ ਪਸੰਦ ਕਰਦੇ ਹਨ। ਜਿਤਨੇ ਦੇਸ਼ ਪਹਿਲਾਂ ਅੰਗਰੇਜ਼ਾਂ ਦੇ ਤਹਿਤ ਸਨ ਭਾਰਤ ਅਤੇ ਪਾਕਿਸਤਾਨ ਸਮੇਤ ਇਹਨਾਂ ਦੀ ਗਿਣਤੀ 55 ਦੇ ਕਰੀਬ ਹੈ। ਦੁਨੀਆਂ ਵਿਚ ਇਤਨਾ ਵੱਡਾ ਰਾਜ ਹੋਰ ਕਿਸੇ ਦੇਸ਼ ਜਾਂ ਕੌਮ ਦਾ ਨਹੀਂ ਸੀ। ਮਲਕਾ ਹਰ ਸਾਲ ਉਹਨਾਂ ਦੇਸ਼ਾਂ ਦੇ ਦੌਰੇ ਤੇ ਜਾਂਦੀ ਹੈ। ਇਹਨਾਂ ਦੇਸ਼ਾਂ ਨੇ ਇਕ ਸੰਸਥਾ ਬਣਾਈ ਹੋਈ ਹੈ। ਜਿਸ ਦਾ ਨਾਂ ਕਾਮਨਵੈਲਥ ਹੈ। ਮਲਕਾ ਇਸਦੀ ਮੁਖੀ ਹਨ। ਮਲਕਾ ਦਾ ਵੱਡਾ ਪੁੱਤਰ ਸ਼ਹਿਜ਼ਾਦਾ ਚਾਰਲਸ ਹੈ ਜਿਸਨੇ ਅਗਲਾ ਬਾਦਸ਼ਾਹ ਬਨਣਾ ਹੈ। ਇਸ ਬਾਰੇ ਅੱਜ ਕੱਲ ਬੜੇ ਅਖਬਾਰੀ ਲੇਖ ਛਪਦੇ ਹਨ। ਇਸਨੇ ਆਪਣੀ ਵਹੁਟੀ ਸ਼ਹਿਜ਼ਾਦੀ ਡਾਇਨਾ ਨੂੰ ਤਲਾਕ ਦੇ ਦਿੱਤਾ ਹੈ ਅਤੇ ਕਿਸੇ ਹੋਰ ਤੀਵੀਂ ਨਾਲ ਪਿਆਰ ਕਰਦਾ ਹੈ।

ਮਲਿਕਾ ਅਜ਼ਿਬੈਥ ਪਹਿਲੀ ਵਾਰ 1960 ਵਿਚ ਭਾਰਤ ਆਈ। ਪੰਡਿਤ ਜਵਾਹਰ ਲਾਲ ਨਹਿਰੂ ਨੇ ਭਰਵਾਂ ਸਵਾਗਤੀ ਪ੍ਰਬੰਧ ਕੀਤਾ। ਉਨ੍ਹਾਂ ਨੂੰ ਪੂਰਾ ਸਨਮਾਨ ਦਿੱਤਾ ਗਿਆ। ਉਸ ਦੌਰੇ ਸਮੇਂ ਮਲਿਕਾ ਆਪਣੇ ਪੁਰਾਣੇ ਸ਼ਾਹੀ ਸੰਬੰਧਾਂ ਨੂੰ ਸੁਰਜੀਤ ਕਰਨ ਲਈ ਜੈਪੁਰ ਗਈ। ਉਸ ਵਕਤ ਮਹਾਰਾਜਾ ਨੇ ਇਤਨਾ ਸ਼ਾਹਾਨਾ ਸਵਾਗਤ ਕੀਤਾ ਕਿ ਲੋਕ ਹੈਰਾਨ ਰਹਿ ਗਏ। ਏਦਾਂ ਲੱਗਾ ਕਿ ਮਲਿਕਾ ਹਾਲੀਂ ਵੀ ਭਾਰਤ ਤੇ ਰਾਜ ਕਰਦੀ ਹੈ। ਹਾਥੀ ਸ਼ਿੰਗਾਰਕੇ ਖੜੇ ਕੀਤੇ ਗਏ। ਹਜ਼ਾਰਾਂ ਕਰਮਚਾਰੀ ਸ਼ਾਹੀ ਲਿਬਾਸ ਵਿਚ ਹਾਜ਼ਰ ਸਨ। ਤੀਵੀਆਂ ਨੇ ਆਰਤੀ ਉਤਾਰੀ। ਸ਼ੇਰ ਦੇ ਸ਼ਿਕਾਰ ਦਾ ਪ੍ਰਬੰਧ ਹੋਇਆ। ਜੈਪੁਰ ਸ਼ਹਿਰ ਨੂੰ ਇਸ ਦੌਰੇ ਨਾਲ ਵਿਸ਼ਵ ਭਰ ਵਿਚ ਪਬਲਿਸਿਟੀ ਮਿਲੀ। ਇਸਦਾ ਲਾਭ ਅੱਜ ਤੱਕ ਜੈਪੁਰ ਨੂੰ ਟੂਰਿਸਟ ਟ੍ਰੈਫਿਕ ਵਿਚ ਮਿਲ ਰਿਹਾ ਹੈ। ਸਭ ਤੋਂ ਵੱਧ ਵਿਦੇਸ਼ੀ ਸੈਲਾਨੀ ਰਾਜਸਥਾਨ ਆਉਂਦੇ ਹਨ।

ਦੂਜੀ ਵਾਰ ਮਲਿਕਾ ਭਾਰਤ ਵਿਚ 1983 ਵਿਚ ਆਈ। ਉਹ ਰਾਸ਼ਟਰਪਤੀ ਭਵਨ ਵਿਚ ਸ਼ਾਨੋ ਸ਼ੌਕਤ ਨਾਲ ਠਹਿਰੀ। ਗਿਆਨੀ ਜ਼ੈਲ ਸਿੰਘ ਉਦੋਂ ਰਾਸ਼ਟਰਪਤੀ ਸਨ, ਮੈਂ ਵੀ ਉਹਨਾਂ ਦਿਨਾਂ ਵਿਚ ਰਾਸ਼ਟਰਪਤੀ ਭਵਨ ਵਿਚ ਤੈਨਾਤ ਸਾਂ। ਸ਼ਾਹੀ ਬੱਘੀ ਮੁੜ ਵਰਤੀ ਗਈ। ਘੋੜਿਆਂ ਦੀਆਂ ਖੇਡਾਂ ਅੰਦਰ ਹੀ ਹੋਈਆਂ। ਉਸ ਵਾਰ ਮਲਕਾ ਹੈਦਰਾਬਾਦ ਵੀ ਗਈ ਜੋ ਨਿਜ਼ਾਮ ਦਾ ਸ਼ਹਿਰ ਸੀ। ਉਥੇ ਵੀ ਸ਼ਾਹਾਨਾ ਸਵਾਗਤ ਹੋਇਆ।

ਤੀਜੀ ਵਾਰ ਮਲਿਕਾ ਭਾਰਤ ਵਿਚ ਅਕਤੂਬਰ 1997 ਵਿਚ ਆਈ ਸੀ। ਉਨ੍ਹਾਂ ਨੂੰ ਇਸ ਵਾਰ ਭਾਰਤ ਸਰਕਾਰ ਨੇ ਆਜ਼ਾਦੀ ਦੇ 50 ਸਾਲਾ ਜਸ਼ਨਾਂ ਵਿਚ ਸ਼ਾਮਲ ਹੋਣ ਲਈ ਸੱਦਾ ਪੱਤਰ ਦਿੱਤਾ ਗਿਆ ਸੀ।

ਇਸ ਵਾਰ ਮਲਿਕਾ ਨੇ ਦਿੱਲੀ ਤੋਂ ਪਿੱਛੋਂ ਅੰਮ੍ਰਿਤਸਰ ਜਾਣਾ ਪਸੰਦ ਕੀਤਾ। ਇਹ ਇਕ

ਪ੍ਰਸੰਸਾਯੋਗ ਫੈਸਲਾ ਸੀ। ਅੰਗਰੇਜ਼ਾਂ ਦੀ ਸਿੱਖਾਂ ਨਾਲ ਬੜੀ ਸਾਂਝ ਰਹੀ ਹੈ। ਚਾਹੇ 1849 ਵਿਚ ਪੰਜਾਬ ਨੂੰ ਅੰਗਰੇਜ਼ ਨੇ ਫਤਹਿ ਕਰਕੇ ਆਪਣੇ ਰਾਜ ਵਿਚ ਲੈ ਲਿਆ ਸੀ ਪਰ ਉਸ ਪਿੱਛੋਂ 1947 ਤੱਕ ਸਿੱਖਾਂ ਨਾਲ ਸੁਖਾਵੇਂ ਸੰਬੰਧ ਰਹੇ। ਫੌਜ ਵਿਚ ਸਿੱਖਾਂ ਦੀ ਗਿਣਤੀ ਬੇਸ਼ੁਮਾਰ ਸੀ। ਦੂਜਾ ਅੱਜ ਇੰਗਲੈਂਡ ਵਿਚ 7 ਲੱਖ ਤੋਂ ਵੱਧ ਸਿੱਖ ਵਸਦੇ ਹਨ। ਇਕ ਸਿੱਖ ਮੈਂਬਰ ਪਾਰਲੀਮੈਂਟ ਵੀ ਬਣ ਚੁੱਕਾ ਹੈ। ਉਸ ਦੇਸ਼ ਦੀ ਆਰਥਿਕਤਾ ਵਿਚ ਸਿੱਖ ਬੜੇ ਜ਼ੋਰ ਨਾਲ ਹਿੱਸਾ ਪਾ ਰਹੇ ਹਨ। ਇਸ ਲਈ ਅੰਮ੍ਰਿਤਸਰ ਮਲਿਕਾ ਦਾ ਜਾਣਾ ਸਿੱਖਾਂ ਤੇ ਪੰਜਾਬੀਆਂ ਲਈ ਮਾਣ ਵਾਲੀ ਗੱਲ ਸੀ।

ਮਲਿਕਾ ਐਲਿਜ਼ਬੈਥ ਕਿਸੇ ਵੱਡੇ ਦੇਸ਼ ਦੀ ਪਹਿਲੀ ਹੁਕਮਰਾਨ ਹੈ ਜੋ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਗਈ। ਕੋਈ ਬਾਦਸ਼ਾਹ ਜਾਂ ਪ੍ਰਧਾਨ ਮੰਤਰੀ ਕਦੇ ਵੀ ਯਾਤਰਾ ਲਈ ਨਹੀਂ ਆਇਆ। ਕੁਝ ਸਾਲ ਪਹਿਲਾਂ ਸ਼ਹਿਜ਼ਾਦਾ ਚਾਰਲਸ ਦਰਬਾਰ ਸਾਹਿਬ ਆਇਆ ਸੀ। ਇਹ ਸਾਡੇ ਲਈ ਕਿਤਨੇ ਮਾਣ ਤੇ ਖੁਸ਼ੀ ਵਾਲੀ ਗੱਲ ਹੈ ਕਿ ਅੰਗਰੇਜ਼ਾਂ ਦੀ ਸਰਕਾਰ ਤੇ ਸ਼ਾਹੀ ਖਾਨਦਾਨ ਸਿੱਖਾਂ ਲਈ ਖਾਸ ਪਿਆਰ ਰੱਖਦਾ ਹੈ। ਮੈਨੂੰ ਯਾਦ ਹੈ ਜਦ 1981 ਵਿਚ ਮਹਾਰਾਜਾ ਰਣਜੀਤ ਸਿੰਘ ਜੀ ਦਾ 200 ਸਾਲਾ ਜਨਮ ਦਿਨ ਮਨਾਉਣ ਦਾ ਜਸ਼ਨ ਕੀਤਾ ਸੀ ਉਦੋਂ ਮੈਂ ਪੰਜਾਬ ਸਰਕਾਰ ਦੇ ਮਿਊਜ਼ੀਅਮ ਤੇ ਆਰਕੇਆਲੋਜੀ ਮਹਿਕਮੇ ਦਾ ਇੰਚਾਰਜ ਸੀ। ਉਦੋਂ ਸਾਡੀ ਬੇਨਤੀ ਤੇ ਇੰਗਲੈਂਡ ਤੋਂ ਸਰਕਾਰ ਨੇ ਕਈ ਵਸਤੂਆਂ ਨੁਮਾਇਸ਼ ਲਈ ਭੇਜੀਆਂ ਸਨ। ਉਹਨਾਂ ਦੀਆਂ ਕਾਪੀਆਂ ਹੁਣ ਵੀ ਸਾਡੇ ਮੀਊਜ਼ੀਅਮ ਵਿਚ ਪਈਆਂ ਹਨ। ਇਹ ਠੀਕ ਹੈ ਗੁਰੂ ਦਾ ਘਰ ਸਭ ਦਾ ਸਾਂਝਾ ਹੈ। ਉਸਦੀ ਮਹੱਤਤਾ ਜਾਂ ਵਡਿਆਈ ਕਿਸੇ ਦੁਨੀਆਵੀ ਰਾਜੇ ਦੇ ਆਣ ਨਾਲ ਵਧਦੀ ਨਹੀਂ। ਪਰ ਅੱਜ ਪ੍ਰਚਾਰ ਦਾ ਯੁਗ ਹੈ। ਸਵਰਨ ਮੰਦਿਰ ਬਾਰੇ ਜਾਣਕਾਰੀ ਘੱਟ ਹੈ। ਇਸ ਯਾਤਰਾ ਨਾਲ ਕਰੋੜਾਂ ਲੋਕ ਤਸਵੀਰ ਵਿਚ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨਗੇ। ਲੋਕ ਸਿੱਖੀ ਸ਼ਾਨ ਦੇ ਨਜ਼ਾਰੇ ਵੇਖਣਗੇ। ਪਵਿੱਤਰ ਸਰੋਵਰ, ਖੂਬਸੂਰਤ ਪ੍ਰਕਰਮਾ, ਨਵਾਂ ਬਣਿਆ ਸ੍ਰੀ ਅਕਾਲ ਤਖ਼ਤ, ਝੂਲਦੇ ਨਿਸ਼ਾਨ, ਦਰਬਾਰ ਸਾਹਿਬ ਤੇ ਲੱਗਿਆ ਨਵਾਂ ਸੋਨਾ ਜੋ ਚਮਕ ਰਿਹਾ ਹੈ, ਦੀ ਹਰ ਪਾਸੇ ਪ੍ਰਸੰਸਾ ਹੋਵੇਗੀ। ਸ਼ਾਇਦ ਪਾਠਕਾਂ ਨੂੰ ਪਤਾ ਹੋਵੇ ਕਿ ਦਰਬਾਰ ਸਾਹਿਬ ਤੇ ਸੋਨਾ ਮਹਾਰਾਜਾ ਰਣਜੀਤ ਸਿੰਘ ਜੀ ਨੇ 1830 ਵਿਚ ਲਗਵਾਇਆ ਸੀ। ਹੁਣ ਉਹ 150 ਸਾਲ ਪਿਛੋਂ ਬਦਲਿਆ ਗਿਆ ਹੈ। ਨਿਸ਼ਕਾਮ ਸੇਵਕ ਜਥਾ ਬਰਮਿੰਘਮ, ਇੰਗਲੈਂਡ ਵਾਲੇ ਇਹ ਸੇਵਾ ਕਰ ਰਹੇ ਹਨ।

ਮੇਰੀ ਰਾਏ ਹੈ ਦਰਬਾਰ ਸਾਹਿਬ ਦੇ ਤੋਸ਼ੇ ਖਾਨੇ ਵਿਚ ਬੜਾ ਸਮਾਨ ਪਿਆ ਹੈ। ਉਹ ਉਸ ਦਿਨ ਬਾਹਰ ਰੱਖਕੇ ਦਿਖਾਇਆ ਜਾਵੇ ਤਾਂ ਜੋ ਉਸ ਬਾਰੇ ਜਾਣਕਾਰੀ ਹੋ ਸਕੇ। ਪੁਰਾਣੇ ਫੌਜੀ ਅਫਸਰ ਵੀ ਬੁਲਾਏ ਜਾਣ। ਉਹ ਆਪਣੇ ਬਹਾਦਰੀ ਦੇ ਤਗਮੇ ਲਾ ਕੇ ਆਉਣ। ਸਿੱਖੀ ਆਣ ਤੇ ਸ਼ਾਨ ਮੁੜ ਲੋਕ ਵੇਖ ਸਕਣ। ਪੰਜਾਬ ਸਰਕਾਰ ਅੰਮ੍ਰਿਤਸਰ ਸ਼ਹਿਰ ਨੂੰ ਸਾਫ ਸੁਥਰਾ ਬਣਾਵੇ। ਪਵਿੱਤਰਤਾ ਸਫਾਈ ਨਾਲ ਹੀ ਆਵੇਗੀ।

ਵਲੈਤ ਰਹਿੰਦੇ ਸਿੱਖਾਂ ਦਾ ਮਾਣ ਸਤਿਕਾਰ ਇਸ ਦੌਰੇ ਨਾਲ ਵਧੇਗਾ। ਹੁਣ ਵਲੈਤ ਉਹਨਾਂ ਦਾ ਪੱਕਾ ਘਰ ਹੈ। ਬੱਚਿਆਂ ਨੇ ਉਥੇ ਹੀ ਰਹਿਣਾ ਹੈ। ਉਹਨਾਂ ਨੂੰ ਉਥੇ ਇਜ਼ਤ ਚਾਹੀਦੀ ਹੈ। ਜਿਤਨਾ ਉਹ ਪਿਆਰ ਵਧਾਉਣਗੇ ਉਨ੍ਹਾਂ ਨੂੰ ਲਾਭ ਹੈ। ਬੇਲੋੜੀਆਂ ਐਜੀਟੇਸ਼ਨਾਂ ਕਰਕੇ ਵਕਤ ਨਾ ਜ਼ਾਇਆ ਕਰਨ। ਆਪਣੇ ਭਵਿੱਖ ਨੂੰ ਬਣਾਉਣ।

ਇਸ ਇਤਿਹਾਸਕ ਫੇਰੀ ਤੋਂ ਪਹਿਲਾਂ ਬੜੇ ਸਵਾਲ ਉੱਠੇ। ਪਹਿਲਾਂ ਤਾਂ ਭਾਰਤ ਸਰਕਾਰ ਹੀ ਠੰਡੀ ਪੈ ਗਈ ਤੇ ਇਸ ਯਾਤਰਾ ਨੂੰ ਰੋਕਣ ਲਈ ਦਬੀ ਜ਼ੁਬਾਨ ਵਿਚ ਰਾਏ ਦੇਣ ਲੱਗ

ਗਈ। ਕਈ ਸਿੱਖ ਹੀ ਕਹਿਣ ਲੱਗ ਪਏ ਕਿ ਪਹਿਲਾਂ ਮਹਾਰਾਣੀ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਦੀ ਮੁਆਫੀ ਮੰਗੇ। ਮੈਂ ਤਿੰਨ ਲੇਖ ਉਸ ਵਕਤ ਲਿਖੇ ਤੇ ਬੇਲੋੜੀ ਚਰਚਾ ਦਾ ਜਵਾਬ ਦਿੱਤਾ। ਸਭ ਤੋਂ ਵਧੀਆ ਗੱਲ ਇਹ ਸੀ ਕਿ ਅੰਗਰੇਜ਼ ਸਰਕਾਰ ਅਤੇ ਸ਼ਾਹੀ ਪਰਿਵਾਰ ਨੇ ਆਪਣਾ ਪ੍ਰੋਗਰਾਮ ਪੱਕਾ ਰੱਖਿਆ ਜਿਸ ਵਿਚ ਮਲਕਾ ਸ੍ਰੀ ਦਰਬਾਰ ਸਾਹਿਬ ਪੁੱਜੀ, ਲੱਖਾਂ ਲੋਕ ਉਥੇ ਇਕੱਠੇ ਹੋ ਗਏ। ਉਸਨੇ ਤੇ ਉਸਦੇ ਪਤੀ ਨੇ ਪੂਰੀ ਪ੍ਰਕਰਮਾ ਕੀਤੀ। ਦਰਬਾਰ ਸਾਹਿਬ ਦੇ ਅੰਦਰ ਜਾ ਕੇ ਮੱਥਾ ਟੇਕਿਆ। ਬੜੀ ਪ੍ਰਭਾਵਿਤ ਹੋਈ। ਸਾਰਾ ਸਮਾਂ ਸ੍ਰ: ਮਨਜੀਤ ਸਿੰਘ ਕਲਕੱਤਾ ਨੇ ਉਹਨਾਂ ਨਾਲ ਰਹਿਕੇ ਜਾਣਕਾਰੀ ਦਿੱਤੀ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਜੀ ਨੇ ਉਸਨੂੰ ਇਕ ਯਾਦਗਾਰੀ ਚਿੰਨ੍ਹ ਦਿੱਤਾ। ਅਮਰੀਕਨ ਸਿੱਖ ਬੱਚੇ ਜੋ ਮੀਰੀ ਪੀਰੀ ਅਕਾਦਮੀ ਦੇ ਵਿਦਿਆਰਥੀ ਹਨ, ਸਾਰੇ ਇਕ ਲਾਈਨ ਵਿਚ ਖੜੇ ਹੋ ਕੇ ਮਿਲੇ। ਮਲਿਕਾ ਹੈਰਾਨ ਹੋਈ ਕਿ ਉਹ ਕਿਵੇਂ ਸਿੱਖ ਬਣੇ। ਜਦ ਭਾਈ ਮਹਿੰਦਰ ਸਿੰਘ ਨਿਸ਼ਕਾਮ ਸੇਵਕ ਜਥੇ ਵਾਲਿਆਂ ਨੇ ਦੱਸਿਆ ਕਿ ਉਹ ਬਰਮਿੰਘਮ ਤੋਂ ਆ ਕੇ ਸੋਨਾ ਚੜ੍ਹਾਉਣ ਦੀ ਸੇਵਾ ਕਰ ਰਹੇ ਹਨ ਤਾਂ ਸੁਣ ਕੇ ਬੜੀ ਖੁਸ਼ ਹੋਈ। ਇਕ ਪੱਤਰਾ ਉਹਨਾਂ ਉਸਨੂੰ ਤੋਹਫੇ ਵਜੋਂ ਦਿੱਤਾ। ਦਰਸ਼ਨੀ ਡਿਓੜੀ ਦੇ ਬਾਹਰ ਪੰਡਾਲ ਵਿਚ ਸਵਾਗਤ ਹੋਇਆ। ਸਾਰੇ ਇੰਗਲੈਂਡ ਵਿਚ ਲਾਈਵ ਟੀ.ਵੀ. ਤੇ ਇਹ ਪ੍ਰਗਰਾਮ ਵਿਖਾਇਆ ਗਿਆ। ਸੈਂਕੜੇ ਕੈਮਰਾਮੈਨ ਨਾਲ ਸਨ। ਮਲਿਕਾ ਨੇ ਜਲ੍ਹਿਆਂ ਵਾਲੇ ਬਾਗ ਵਿਚ ਜਾ ਕੇ ਆਪਣੇ ਵੱਲੋਂ ਸ਼ਹੀਦਾਂ ਨੂੰ ਸਨਮਾਨ ਦਿੱਤਾ। ਉਸੇ ਦਿਨ ਸ਼ਾਮ ਨੂੰ ਦਿੱਲੀ ਵਿਚ ਇੰਗਲੈਂਡ ਦੇ ਰਾਜਦੂਤ ਦੇ ਘਰ ਇਕ ਸ਼ਾਨਦਾਰ ਦਾਅਵਤ ਵਿਚ ਮੈਨੂੰ ਕੁਝ ਮਿੰਟ ਲਈ ਮਲਿਕਾ ਨਾਲ ਗਲ ਕਰਨ ਦਾ ਅਵਸਰ ਮਿਲਿਆ। ਮੈਂ ਉਹਨੂੰ 1984 ਦੀ ਫੇਰੀ ਦੀ ਯਾਦ ਕਰਵਾਈ। ਉਸਨੇ ਗਿਆਨੀ ਜ਼ੈਲ ਸਿੰਘ ਜੀ ਦੇ ਅਕਾਲ ਚਲਾਣੇ ਦਾ ਅਫਸੋਸ ਕੀਤਾ। ਜਦ ਮੈਂ ਪੁਛਿਆ ਕਿ ਭਾਰਤ ਦੇ ਦੌਰੇ ਵਿਚ ਸਭ ਤੋਂ ਮਹੱਤਵਪੂਰਨ ਕਿਹੜੀ ਥਾਂ ਹੈ ਜਿਸ ਨੇ ਉਸਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ, ਉਸਨੇ ਝੱਟ ਕਿਹਾ ਕਿ ਅੰਮ੍ਰਿਤਸਰ। ਮੇਰੇ ਮਨ ਨੂੰ ਸ਼ਾਂਤੀ ਮਿਲੀ। ਉਹ ਸਿੱਖਾਂ ਵੱਲੋਂ ਕੀਤੇ ਸਵਾਗਤ ਲਈ ਖੁਸ਼ ਸੀ।

(ਸਤੰਬਰ, 1997)

# ਅਮਰੀਕਾ ਵਿਚ ਵਧਦਾ ਸਿੱਖੀ ਪ੍ਰਭਾਵ

ਇਸ ਸਾਲ ਫਿਰ ਮੈਨੂੰ ਅਮਰੀਕਾ ਵਿਚ ਸਿੱਖ ਧਰਮ ਲਈ ਹੋ ਰਹੇ ਉਪਰਾਲਿਆਂ ਨੂੰ ਬੜੇ ਨੇੜਿਓਂ ਵੇਖਣ ਦਾ ਅਵਸਰ ਮਿਲਿਆ। ਕੌਮੀ ਘੱਟ ਗਿਣਤੀ ਕਮਿਸ਼ਨ ਦਾ ਚੇਅਰਮੈਨ ਬਣਨ ਪਿੱਛੋਂ ਕੰਮ ਦੇ ਵੱਧ ਜਾਣ ਕਰਕੇ ਮੈਨੂੰ ਵਧੇਰਾ ਸਮਾਂ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਜਾਣਾ ਪੈਂਦਾ ਹੈ। ਜੂਨ ਦੇ ਮਹੀਨੇ ਤਾਂ ਮੈਂ ਬੜੇ ਦਿਨ ਗੁਜਰਾਤ ਅਤੇ ਕੇਰਲ ਵਿਚ ਰਿਹਾ। ਪਰ ਜਦੋਂ ਮੈਨੂੰ ਇਹ ਇਤਲਾਹ ਮਿਲੀ ਕਿ ਮੇਰੇ ਬਹੁਤ ਪੁਰਾਣੇ ਦੋਸਤ ਯੋਗੀ ਭਜਨ ਜੀ ਦੀ ਸੇਹਤ ਠੀਕ ਨਹੀਂ ਹੈ ਤਾਂ ਮੈਂ ਛੁੱਟੀ ਲੈ ਕੇ ਉਹਨਾਂ ਨੂੰ ਮਿਲਣ ਲਈ ਆਪਣੀ ਪਤਨੀ ਅਤੇ ਲੜਕੇ ਡਾ. ਪਵਨਦੀਪ ਸਿੰਘ ਨਾਲ ਕੁਝ ਦਿਨਾਂ ਲਈ ਅਮਰੀਕਾ ਗਿਆ। ਮੈਨੂੰ ਬੜੀ ਖੁਸ਼ੀ ਹੋਈ ਜਦੋਂ ਮੈਂ ਨਿਊ ਯਾਰਕ ਪੁੱਜ ਕੇ ਡਾਕਟਰ ਆਈ.ਜੇ. ਸਿੰਘ, ਜੋ ਉਥੇ ਯੂਨੀਵਰਸਿਟੀ ਵਿਚ ਪ੍ਰੋਫੈਸਰ ਹਨ ਨਾਲ ਗੱਲਬਾਤ ਕੀਤੀ। ਜਦੋਂ ਅਮਰੀਕਾ ਵਿਚ 11 ਸਤੰਬਰ 2001 ਵਿਚ ਆਤੰਕਵਾਦੀਆਂ ਨੇ ਜਹਾਜ਼ਾਂ ਰਾਹੀਂ ਹਮਲਾ ਕੀਤਾ ਉਸ ਪਿਛੋਂ ਸਾਰੇ ਅਮਰੀਕਨਾਂ ਵੱਲੋਂ ਇਕ ਵੱਡੀ ਸ਼ੋਕ ਸਭਾ ਨਿਊਯਾਰਕ ਸਟੇਡੀਅਮ ਵਿਚ ਕੀਤੀ ਗਈ ਜਿਸ ਵਿਚ ਅਮਰੀਕਾ ਦੇ ਰਾਸ਼ਟਰਪਤੀ ਵੀ ਸ਼ਾਮਲ ਹੋਏ। ਸਾਰੇ ਧਰਮਾਂ ਦੇ ਨੁਮਾਇੰਦੇ ਆਪਣੇ ਵਿਚਾਰ ਰੱਖਣ ਲਈ ਵਾਰੀ-ਵਾਰੀ ਬੁਲਾਏ ਗਏ। ਇਹ ਸਾਰਾ ਪ੍ਰੋਗਰਾਮ ਦੁਨੀਆਂ ਭਰ ਵਿਚ ਟੈਲੀਵਿਜ਼ਨ 'ਤੇ ਦਿਖਾਇਆ ਗਿਆ। ਉਸ ਸਭਾ ਵਿਚ ਸਿੱਖਾਂ ਵੱਲੋਂ ਡਾਕਟਰ ਆਈ.ਜੇ ਸਿੰਘ ਨੇ ਸੰਬੋਧਨ ਕੀਤਾ ਅਤੇ ਉਹਨਾਂ ਨੇ ਜੋ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਧਾਰ ਤੇ ਉਥੇ ਬੋਲੇ ਉਸ ਨਾਲ ਉਥੇ ਬੈਠੇ ਲੋਕਾਂ ਅਤੇ ਕਰੋੜਾਂ ਸੁਣਨ ਵਾਲਿਆਂ ਨੇ ਸਿੱਖਾਂ ਦੀ ਪ੍ਰਸੰਸਾ ਕੀਤੀ। ਡਾ. ਸਾਹਿਬ ਉੱਚ ਕੋਟੀ ਦੇ ਲਿਖਾਰੀ ਹਨ ਅਤੇ ਉਹ ਕਈ ਕਿਤਾਬਾਂ ਸਿੱਖ ਧਰਮ ਬਾਰੇ ਲਿਖ ਚੁੱਕੇ ਹਨ। ਉਹਨਾਂ ਦੇ ਲੇਖ 'ਸਿੱਖ ਰਿਵੀਊ' ਮੈਗਜ਼ੀਨ ਵਿਚ, ਜੋ ਕਲਕੱਤੇ ਤੋਂ ਛਪਦੀ ਹੈ, ਆਮ ਪ੍ਰਕਾਸ਼ਤ ਹੁੰਦੇ ਰਹਿੰਦੇ ਹਨ। ਉਹ ਅੰਗਰੇਜ਼ੀ ਦੇ ਬਹੁਤ ਅੱਛੇ ਬੁਲਾਰੇ ਹਨ ਅਤੇ ਬੜੀ ਲਗਨ ਨਾਲ ਆਪਣੀ ਯੂਨੀਵਰਸਿਟੀ ਦੀ ਨੌਕਰੀ ਦੇ ਨਾਲ-ਨਾਲ ਸਮਾਂ ਕੱਢ ਕੇ ਸਿੱਖਾਂ ਲਈ ਬਹੁਤ ਕੁਝ ਕਰ ਰਹੇ ਹਨ। ਉਹਨਾਂ ਨੇ ਮੈਨੂੰ ਦੱਸਿਆ ਕਿ ਉਹ ਸਾਰੇ ਸਿੱਖਾਂ ਨੂੰ ਅਪੀਲ ਕਰਦੇ ਰਹਿੰਦੇ ਹਨ ਕਿ ਗੁਰਦੁਆਰਿਆਂ ਦੀ ਸਿਆਸਤ ਤੋਂ ਉਪਰ ਉਠ ਕੇ ਅਮਰੀਕਾ ਦੇ ਵਿਚ ਜੋ ਪ੍ਰਚਾਰ ਦੇ ਸਾਧਨ ਹਨ ਉਹਨਾਂ ਨੂੰ ਸਿੱਖੀ ਦੀ ਜਾਣਕਾਰੀ ਬਾਰੇ ਵਰਤਣ। ਉਹਨਾਂ ਨੇ ਇਸ ਗੱਲ ਦੀ ਵੀ ਪ੍ਰਸੰਸਾ ਕੀਤੀ ਕਿ ਮੈਂ ਆਪਣੇ ਵਿਚਾਰ ਅਤੇ ਲੈਕਚਰ ਜੋ ਦੁਨੀਆ ਭਰ ਦੇ ਸਿੱਖਾਂ ਨੂੰ ਦੇ ਰਿਹਾ ਹਾਂ ਉਹ ਬੜੇ ਹੀ ਲਾਭਦਾਇਕ ਹਨ ਤੇ ਸਮੇਂ ਦੇ ਅਨੁਕੂਲ ਹਨ।

ਨਿਊਯਾਰਕ ਤੋਂ 7 ਘੰਟਿਆਂ ਦੇ ਸਫਰ ਪਿੱਛੋਂ ਅਸੀਂ ਨਿਊ ਮੈਕਸੀਕੋ ਸਟੇਟ ਦੇ ਸ਼ਹਿਰ ਅਲਬੂਕਰਕੀ ਦੇ ਹਵਾਈ ਅੱਡੇ ਉਤਰੇ ਜੋ ਉਸ ਸਟੇਟ ਦਾ ਇਕੋ ਇਕ ਹਵਾਈ ਅੱਡਾ ਹੈ। ਉਥੇ ਸਾਨੂੰ ਯੋਗੀ ਜੀ ਦੇ ਜਵਾਈ ਸ: ਸਤਪਾਲ ਸਿੰਘ ਕੋਹਲੀ, ਜੋ ਲਾਸ ਏਂਜਲਸ ਵਿਚ ਵੱਡੇ ਵਪਾਰੀ ਹਨ, ਮਿਲੇ ਤੇ ਉਥੋਂ 2 ਘੰਟੇ ਕਾਰ ਦਾ ਸਫਰ ਕਰਕੇ ਅਸੀਂ ਐਸਪੈਨੋਲਾ ਪੁੱਜੇ ਜੋ ਯੋਗੀ ਜੀ ਦਾ ਹੈੱਡਕੁਆਰਟਰ ਹੈ। 6000 ਫੁੱਟ ਉਚਾਈ ਤੇ ਪਹਾੜਾਂ ਦੀ ਇਹ ਵਾਦੀ ਬੜੀ ਸੁਹਾਵਣੀ ਹੈ ਤੇ ਇਸ ਸ਼ਹਿਰ ਦੇ ਨੇੜੇ ਆਲਮਤਾਸ ਉਹ ਥਾਂ ਹੈ ਜਿਥੇ 1944 ਵਿਚ ਅਮਰੀਕਾ ਨੇ ਐਟਮ

ਬੰਮ ਬਣਾਇਆ ਸੀ ਜੋ ਹੀਰੋਸ਼ੀਮਾ ਤੇ ਵਰਤਿਆ ਗਿਆ ਸੀ। ਇਹ ਲੈਬੋਰਟਰੀ ਅੱਜ ਵੀ ਦਰਸ਼ਕਾਂ ਦਾ ਕੇਂਦਰ ਹੈ। ਐਸਪੇਨੋਲਾ ਦੇ ਨੇੜੇ ਹੀ ਅਮਰੀਕਾ ਦੇ ਮੂਲ ਵਾਸੀ, ਜਿਨ੍ਹਾਂ ਨੂੰ ਰੈੱਡ ਇੰਡੀਅਨ (Red Indian) ਕਹਿੰਦੇ ਹਨ, ਉਹਨਾਂ ਦੇ ਪਿੰਡ ਹਨ। ਇਸ ਰਿਆਸਤ ਵਿਚ ਰੈੱਡ ਇੰਡੀਅਨ ਦੀ ਬੜੀ ਵੱਡੀ ਵਸੋਂ ਹੈ ਤੇ ਉਹ ਬਹੁਤ ਵੱਡੀਆਂ ਜ਼ਮੀਨਾਂ ਦੇ ਮਾਲਕ ਹਨ। ਅਮਰੀਕਾ ਦੇ ਕਾਨੂੰਨ ਅਨੁਸਾਰ ਰੈੱਡ ਇੰਡੀਅਨ ਨੂੰ ਕਈ ਸਹੂਲਤਾਂ ਮਿਲੀਆਂ ਹਨ ਅਤੇ ਕਈ ਅਮਰੀਕਾ ਦੇ ਕਾਨੂੰਨ ਉਹਨਾਂ ਤੇ ਲਾਗੂ ਨਹੀਂ ਹੁੰਦੇ। ਸਾਰੇ ਅਮਰੀਕਾ ਵਿਚ ਕੇਵਲ ਲਾਸ ਵੇਗਸ ਵਿਚ ਹੀ ਜੂਆ ਘਰ (casino) ਖੋਲ੍ਹੇ ਗਏ ਹਨ, ਹੋਰ ਕਿਧਰੇ ਵੀ ਇਹਨਾਂ ਨੂੰ ਖੋਲ੍ਹਣ ਦੀ ਮਨਾਹੀ ਹੈ। ਪਰ ਰੈੱਡ ਇੰਡੀਅਨ ਨੂੰ ਇਹ ਅਧਿਕਾਰ ਹੈ ਕਿ ਉਹ Casino ਖੋਲ੍ਹ ਸਕਦੇ ਹਨ ਤੇ ਉਹ ਨਿਊ ਮੈਕਸੀਕੋ ਦੀ ਸਟੇਟ ਵਿਚ ਕਈ ਥਾਵਾਂ ਤੇ ਇਹ ਚਲਾ ਰਹੇ ਹਨ। ਹੋਰ ਕਾਫੀ ਆਬਾਦੀ ਮੈਕਸੀਕਨਾਂ ਦੀ ਹੈ ਜੋ ਕਣਕਵੰਨਾ ਰੰਗ ਦੇ ਹਨ। ਸਾਰੀ ਨਿਊ ਮੈਕਸੀਕੋ ਰਿਆਸਤ ਵਿਚ ਲੋਕਾਂ ਨੂੰ ਯੋਗੀ ਭਜਨ ਦੀ ਦੇ ਬਾਰੇ ਜਾਣਕਾਰੀ ਹੈ ਤੇ ਹਰ ਕੋਈ ਉਹਨਾਂ ਦੀ ਇੱਜ਼ਤ ਕਰਦਾ ਹੈ।

ਯੋਗੀ ਭਜਨ ਜੀ ਜਿਨ੍ਹਾਂ ਨੇ ਪਿਛਲੇ 33 ਸਾਲਾਂ ਤੋਂ ਅਮਰੀਕਾ ਵਿਚ ਸਿੱਖ ਧਰਮ ਦੀ ਅਦੁੱਤੀ ਸੇਵਾ ਕੀਤੀ ਹੈ ਅਮਰੀਕਾ ਦੀ ਨਿਊ ਮੈਕਸੀਕੋ ਸਟੇਟ ਵਿਚ ਰਹਿੰਦੇ ਹਨ। ਮੇਰੀ ਰਾਇ ਵਿਚ ਜੋ ਯੋਗੀ, ਸੰਨਿਆਸੀ ਭਾਰਤ ਵਿਚੋਂ ਅਮਰੀਕਾ ਗਏ, ਉਹਨਾਂ ਵਿਚੋਂ ਕਈ ਵੱਡੇ-ਵੱਡੇ ਤਾਂ ਉਥੋਂ ਵਾਪਸ ਆ ਗਏ ਜਾਂ ਸਰਕਾਰ ਨੇ ਕੱਢ ਦਿੱਤੇ ਤੇ ਕਈ ਵੈਸੇ ਹੀ ਪ੍ਰਸਿੱਧੀ ਤੋਂ ਹੇਠਾਂ ਉਤਰ ਗਏ। ਕੇਵਲ ਯੋਗੀ ਭਜਨ ਹੀ ਉਨ੍ਹਾਂ ਵਿਚੋਂ ਇਕ ਐਸੇ ਹਨ ਜਿਸਦਾ ਕੰਮ ਅਤੇ ਪ੍ਰਸੰਸਾ ਵਧਦੀ ਜਾ ਰਹੀ ਹੈ ਅਤੇ ਅਮਰੀਕਾ ਦੀ ਸਰਕਾਰ ਵੀ ਅਤੇ ਲੋਕ ਵੀ ਉਨ੍ਹਾਂ ਦੀ ਕਦਰ ਕਰਦੇ ਹਨ। ਪਾਠਕਾਂ ਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਸਾਰੇ ਅਮਰੀਕਾ ਵਿਚ ਜਦੋਂ ਹਰ ਸਾਲ ਰਿਆਸਤਾਂ ਦੀਆਂ ਅਸੈਂਬਲੀਆਂ ਦਾ ਪ੍ਰੋਗਰਾਮ ਆਰੰਭ ਹੁੰਦਾ ਹੈ ਉਦੋਂ ਉਹ ਈਸਾਈ ਪਾਦਰੀ ਨੂੰ ਬੁਲਾਕੇ ਪਹਿਲਾਂ ਪ੍ਰਾਥਨਾ ਕਰਦੇ ਹਨ। ਨਿਊ ਮੈਕਸੀਕੋ ਸਟੇਟ ਦੀ ਸੈਨੇਟ ਅਤੇ ਅਸੈਂਬਲੀ ਦੇ ਇਜਲਾਸ ਦੀ ਆਰੰਭਕ ਅਰਦਾਸ ਯੋਗੀ ਭਜਨ ਜੀ ਤੋਂ ਕਰਵਾਈ ਜਾਂਦੀ ਹੈ। ਇਹ ਬੜੀ ਮਾਣ ਵਾਲੀ ਗਲ ਹੈ ਕਿ 52 ਰਿਆਸਤਾਂ ਵਿਚੋਂ ਇਕ ਰਿਆਸਤ ਦਾ ਧਾਰਮਿਕ ਮੁਖੀ ਇਕ ਸਿੱਖ ਨੂੰ ਮੰਨਿਆ ਗਿਆ ਹੈ।

ਜਦੋਂ ਅਸੀਂ ਐਸਪੇਨੋਲਾ ਪੁੱਜੇ ਤਾਂ ਗੁਰੂ ਰਾਮ ਦਾਸ ਐਸਟੇਟ ਦੇ ਗੇਟ ਅੱਗੋਂ ਸਿੱਖੀ ਨਿਸ਼ਾਨ ਸਾਹਿਬ ਅਤੇ ਅਮਰੀਕਾ ਦਾ ਝੰਡਾ ਝੁੱਲ ਰਿਹਾ ਸੀ। ਕਿਲ੍ਹਾ ਨੁਮਾ ਗੇਟ ਤੇ ਸਿੱਖੀ ਨਿਸ਼ਾਨ ਖੰਡਾ ਚਮਕ ਰਿਹਾ ਸੀ। ਬਟਨ ਦਬਾਉਣ ਨਾਲ ਗੇਟ ਖੁੱਲ੍ਹਿਆ ਤੇ ਅਸੀਂ 16 ਏਕੜ ਵਿਚ ਬਣੇ ਆਸ਼ਰਮ ਦੇ ਅੰਦਰ ਜਾ ਕੇ ਪਹਿਲਾਂ ਗੈਸਟ ਹਾਊਸ ਗਏ, ਸਮਾਨ ਰੱਖਿਆ ਤੇ ਫਿਰ ਯੋਗੀ ਜੀ ਦੇ ਦਰਸ਼ਨਾਂ ਲਈ ਉਹਨਾਂ ਦੀ ਕੁਟੀਆ ਜਿਸਨੂੰ ਡੋਮ ਆਖਦੇ ਹਨ ਪੁੱਜੇ। ਇਹ ਡੋਮ ਅਮਰੀਕਾ ਦੇ ਸਭ ਤੋਂ ਪ੍ਰਸਿੱਧ ਆਰਕੀਟੈਕਟ ਨੇ ਬਣਾਈ ਹੈ ਜੋ ਆਪਣੇ ਆਪ ਵਿਚ ਇਹ ਵਿਸ਼ੇਸ਼ਤਾ ਰਖਦੀ ਹੈ ਕਿ ਬਾਹਰ ਤੇ ਤਾਪਮਾਨ ਅਤੇ ਆਬੋ-ਹਵਾ ਨੂੰ ਅੰਦਰ ਵੀ ਪਹੁੰਚਾਦੀ ਹੈ ਤੇ ਕੰਟਰੋਲ ਵੀ ਕੀਤਾ ਜਾਂਦਾ ਹੈ। 20×15 ਫੁੱਟ ਦਾ ਇਹ ਕਮਰਾ ਜਿਸਦੀ ਤਕਰੀਬਨ 12 ਫੁੱਟ ਉਚਾਈ ਹੈ ਉਸ ਵਿਚ ਯੋਗੀ ਜੀ ਰਹਿੰਦੇ ਹਨ। ਇਸਦੇ ਨਾਲ ਬਾਥਰੂਮ, ਇਕ ਛੋਟਾ ਜਿਹਾ ਰਸੋਈ ਘਰ ਤੇ ਉਸਦੇ ਨਾਲ ਇਕ ਡਰਾਇੰਗ ਰੂਮ ਹੈ। ਹਰ ਵਕਤ ਕੀਰਤਨ ਦੀ ਧੁਨ ਵਜਦੀ ਰਹਿੰਦੀ ਹੈ। ਜੋ ਭੇਟਾਵਾਂ ਤੋਹਫੇ ਵੱਜੋਂ ਯੋਗੀ ਜੀ ਨੂੰ ਮਿਲਦੀਆਂ ਹਨ ਉਹਨਾਂ ਵਿਚ ਕਈ ਚੋਣਵੀਆਂ ਇਥੇ ਰੱਖੀਆਂ ਹਨ। ਵੈਸੇ ਯੋਗੀ ਜੀ ਦਾ ਤੋਸ਼ਾਖਾਨਾ ਸਾਰੇ ਅਮਰੀਕਾ ਵਿਚ

ਪ੍ਰਸਿੱਧ ਹੈ। ਪਿਛਲੇ 30 ਸਾਲਾਂ ਵਿਚ ਯੋਗੀ ਜੀ ਨੇ ਦੁਨੀਆਂ ਭਰ ਵਿਚ ਅਦੁੱਤੀ ਵਸਤੂਆਂ, ਸਿੱਖ ਧਰਮ ਦੇ ਕਈ ਸ਼ਸਤਰ, ਪੇਂਟਿੰਗ ਅਤੇ ਹੋਰ ਕਈ ਧਰਮਾਂ ਦੀਆਂ ਅਨਮੋਲ ਵਸਤੂਆਂ ਇਕੱਠੀਆਂ ਕੀਤੀਆਂ ਹਨ। ਸੈਂਕੜੇ ਕਿਸਮ ਦੇ ਕੀਮਤੀ ਜ਼ੇਵਰ, ਸ਼ਸਤਰ, ਛੜੀਆਂ ਆਦਿ ਇਥੇ ਪਏ ਹਨ। ਬੜਾ ਬਹੁਮੱਲਾ ਸਮਾਨ ਤੋਸ਼ੇਖਾਨੇ ਵਿਚ ਪਿਆ ਹੈ ਤੇ ਇਹ ਸਾਰੇ ਸਮਾਨ ਦੀ ਲਿਸਟ ਅਤੇ ਤਸਵੀਰਾਂ ਤਿਆਰ ਕਰਕੇ ਰੱਖੀਆਂ ਹੋਈਆਂ ਹਨ। ਅਮਰੀਕਨ ਸਿੱਖਾਂ ਦਾ ਵਿਚਾਰ ਹੈ ਕਿ ਇਸ ਸਾਰੇ ਸਮਾਨ ਨੂੰ ਮਿਊਜ਼ੀਅਮ ਵਿਚ ਪੱਕੇ ਤੌਰ ਤੇ ਰੱਖ ਦੇਣਗੇ।

ਯੋਗੀ ਜੀ ਦਾ ਪਿਛਲੇ ਸਾਲ ਦਿੱਲੀ ਦੇ ਹਸਪਤਾਲ ਵਿਚ ਇਕ ਗੁਰਦਾ ਬਦਲਿਆ ਗਿਆ ਸੀ। ਉਹਨਾਂ ਨੂੰ ਸ਼ੂਗਰ (Diabetes) ਦੀ ਤਕਲੀਫ ਬੜੇ ਸਾਲਾਂ ਤੋਂ ਸੀ ਤੇ ਇਕ ਵਾਰੀ ਉਹਨਾਂ ਦੇ ਦਿਲ ਦਾ ਅਪਰੇਸ਼ਨ ਵੀ ਹੋ ਚੁੱਕਿਆ ਹੈ। ਇਸ ਲਈ ਉਨ੍ਹਾਂ ਦੀ ਸਿਹਤ ਕਾਫੀ ਮਹੀਨਿਆਂ ਤੋਂ ਚੰਗੀ ਨਹੀਂ ਹੈ। ਜਦੋਂ ਅਸੀਂ ਉਹਨਾਂ ਨੂੰ ਮਿਲਣ ਗਏ ਤਾਂ ਉਹ ਇਕ ਵੱਡੇ ਪਲੰਘ ਤੇ ਲੇਟੇ ਹੋਏ ਹੋਏ ਸਨ। ਉਹਨਾਂ ਦਾ 80 ਪੌਂਡ ਵਜਨ ਘਟ ਚੁੱਕਾ ਹੈ ਪਰ ਚਿਹਰੇ ਵਿਚ ਉਹੋ ਲਾਲੀ ਤੇ ਜਲਾਲ ਹੁਣ ਵੀ ਕਾਇਮ ਹੈ। ਬੋਲਣ ਚਾਲਣ ਵਿਚ ਅਤੇ ਗੱਲਬਾਤ ਕਰਨ ਵਿਚ ਕੋਈ ਫਰਕ ਨਹੀਂ। ਸਾਨੂੰ ਮਿਲਕੇ ਉਹ ਵੀ ਬੜੇ ਖੁਸ਼ ਹੋਏ ਪਰ ਸਾਨੂੰ ਵੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਜਦੋਂ ਯੋਗੀ ਜੀ ਦਿੱਲੀ ਆਏ ਹੋਏ ਸਨ ਉਦੋਂ ਮੇਰੇ ਲੜਕੇ ਪਵਨਦੀਪ ਸਿੰਘ, ਜੋ ਕਿ ਡਾਕਟਰ ਹੈ, ਸਾਰੀ ਦੇਖਭਾਲ ਕੀਤੀ ਸੀ। ਉਸਨੇ ਇਸ ਫੇਰੀ ਵਿਚ ਯੋਗੀ ਜੀ ਦੀਆਂ ਸਾਰੀਆਂ ਰਿਪੋਰਟਾਂ ਦੇਖੀਆਂ ਤੇ ਡਾਕਟਰਾਂ ਨਾਲ ਵਿਚਾਰ ਵਟਾਂਦਰਾ ਕੀਤਾ। ਯੋਗੀ ਜੀ ਨਾਲ ਪਹਿਲੀ ਮੀਟਿੰਗ ਵਿਚ ਕੇਵਲ ਰਸਮੀ ਗੱਲਾਂ ਹੋਣ ਪਿੱਛੋਂ ਅਸੀ ਉਹਨਾਂ ਦੀ ਪਤਨੀ ਬੀਬੀ ਇੰਦਰਜੀਤ ਕੌਰ ਨੂੰ ਮਿਲੇ, ਜਿਨ੍ਹਾਂ ਨੂੰ ਅਮਰੀਕਨ ਸਿੱਖ ਭਾਈ ਸਾਹਿਬਾਂ ਕਹਿੰਦੇ ਹਨ। ਅਮਰੀਕਾ ਅਤੇ ਭਾਰਤ ਦੇ ਕਈ ਦੋਸਤ ਉਥੇ ਪੁੱਜੇ ਹੋਏ ਸਨ ਤੇ ਅਸੀਂ ਸਾਰੇ ਸ਼ਾਨਦਾਰ ਸਵੀਮਿੰਗ ਪੂਲ ਦੇ ਕਿਨਾਰੇ ਬੈਠ ਕੇ ਖਾਣੇ ਦਾ ਆਨੰਦ ਲੈਂਦੇ ਰਹੇ। ਯੋਗੀ ਭਜਨ ਦੇ ਸਾਰੇ ਸੰਗੀ ਸਾਥੀ ਤੇ ਸਿੱਖ ਵੈਸ਼ਨੂੰ ਹਨ, ਕੋਈ ਅੰਡਾ ਵੀ ਨਹੀਂ ਖਾਂਦਾ।

ਐਸਪੇਨੋਲਾ ਦੀ ਸਭ ਤੋਂ ਵੱਧ ਸ਼ਾਨ ਯੋਗੀ ਭਜਨ ਦਾ ਗੁਰੂ ਰਾਮਦਾਸ ਆਸ਼ਰਮ ਅਤੇ ਆਲੀਸ਼ਾਨ ਗੁਰਦੁਆਰਾ ਜਿਸ ਤੇ ਸੋਨੇ ਦੀ ਗੁੰਬਦ ਹੈ। ਚੋਹਾਂ ਪਾਸੇ ਸੈਂਕੜੇ ਅਮਰੀਕਨਾਂ ਦੀਆਂ ਕੋਠੀਆਂ ਹਨ। ਆਸ਼ਰਮ ਵਿਚ ਦਰਜਨਾਂ ਸ਼ੁਤਰਮੁਰਗ, ਕਈ ਹੋਰ ਜੰਗਲ-ਜਾਨਵਰ, ਸੈਂਕੜੇ ਮੋਰ ਅਤੇ ਖਾਸ ਕਰਕੇ ਸਫੇਦ ਰੰਗ ਦੇ ਮੋਰ, ਘੋੜੇ, ਬੱਤਖਾਂ, ਸਾਰਸ, ਆਮ ਫਿਰਦੇ ਨਜ਼ਰ ਆਉਂਦੇ ਹਨ। ਫਲਾਂ ਦੇ ਦਰੱਖ਼ਤਾਂ ਦੀ ਭਰਮਾਰ ਹੈ। ਥਾਂ-ਥਾਂ ਸੰਗਮਰਮਰ ਦੇ ਬੁੱਤ ਲੱਗੇ ਹੋਏ ਹਨ। ਇਕ ਕਮਰੇ ਵਿਚ ਬੜਾ ਵਧੀਆ ਗੁਰਦੁਆਰਾ ਯੋਗੀ ਜੀ ਦੇ ਘਰ ਦੇ ਨਾਲ ਹੈ। ਇਕ ਬੁੱਧ ਧਰਮ ਦਾ ਕਮਰਾ ਬਣਿਆ ਹੋਇਆ ਹੈ ਜਿਸ ਵਿਚ ਬੁੱਧ ਧਰਮ ਦੀਆਂ ਸਾਰੀਆਂ ਚੀਜ਼ਾਂ ਪਈਆਂ ਹੋਇਆਂ ਹਨ। ਦੁਨੀਆਂ ਦੀ ਹਰ ਕਿਸਮ ਦੀ ਕਾਰ ਯੋਗੀ ਜੀ ਦੇ ਗੈਰਾਜ ਵਿਚ ਖੜੀ ਹੈ। ਸਾਰਾ ਦ੍ਰਿਸ਼ ਦੇਖਕੇ ਮਨ ਨੂੰ ਖੁਸ਼ੀ ਹੁੰਦੀ ਹੈ ਕਿ ਯੋਗੀ ਜੀ ਨੇ ਖਾਲਸਈ ਸ਼ਾਨ ਨੂੰ ਕਿਵੇਂ ਅਮਰੀਕਾ ਵਿਚ ਕਾਇਮ ਕੀਤਾ ਹੈ।

16, 17 ਅਤੇ 18 ਜੂਨ ਨੂੰ ਯੋਗੀ ਜੀ ਨੇ ਐਸਪੇਨੋਲਾ ਵਿਚ ਜਪੁਜੀ ਸਾਹਿਬ 'ਤੇ ਇਕ ਸੈਮੀਨਾਰ ਕਰਵਾਇਆ ਜਿਸ ਵਿਚ 300 ਅਮਰੀਕਨ ਆਏ ਤੇ ਉਹ ਸਾਰੇ ਗੈਰ ਸਿੱਖ ਸਨ। ਇਹ ਪਹਿਲੀ ਵਾਰ ਹੋਇਆ ਹੈ ਕਿ ਅਮਰੀਕਾ ਵਿਚ ਇਹੋ ਜਿਹਾ ਸਮਾਗਮ ਹੋਇਆ ਹੋਵੇ। ਗੈਰ ਸਿੱਖਾਂ ਨੇ ਵੀ ਜਪੁਜੀ ਸਾਹਿਬ ਬਾਰੇ ਆਪਣੇ ਵਿਚਾਰ ਰੱਖੇ। ਸੰਗੀਤ ਦੀਆਂ ਧੁਨਾਂ ਨਾਲ ਕਈ ਪੌੜੀਆਂ ਗਾਈਆਂ। ਯੋਗਾ ਰਾਹੀਂ ਮੈਡੀਟੇਸ਼ਨ ਕੀਤੀ ਗਈ। ਇਸ ਨਾਲ ਐਸਾ

ਪ੍ਰਭਾਵ ਪਿਆ ਕਿ ਉਹਨਾਂ 300 ਵਿਚੋਂ 150 ਨੇ ਉਥੇ ਹੀ ਸਿੱਖ ਬਣਨ ਦਾ ਪ੍ਰਣ ਲਿਆ। ਵੱਖ-ਵੱਖ ਪੌੜੀ ਤੇ ਜੋ ਗੁਰੂ ਨਾਨਕ ਦਾ ਦ੍ਰਿਸ਼ਟੀਕੋਣ ਉਥੇ ਦਿੱਤਾ ਗਿਆ ਉਹ ਇਕ ਬਹੁਤ ਵੱਡੀ ਕਾਮਯਾਬੀ ਸਮਝੀ ਗਈ। ਸਭ ਤੋਂ ਵੱਧ ਇਸਦੀ ਪ੍ਰਸੰਸਾ ਡਾ. ਭਾਈ ਹਰਬੰਸ ਲਾਲ ਜੀ ਨੇ ਕੀਤੀ ਜੋ 50 ਸਾਲਾਂ ਤੋਂ ਸਿੱਖ ਧਰਮ ਦੇ ਉਚ ਕੋਟੀ ਦੇ ਵਿਦਵਾਨ ਹਨ। 20 ਜੂਨ ਨੂੰ ਐਸਪੇਨੋਲਾ ਵਿਚ ਇਕ ਸਮਾਗਮ ਹੋਇਆ ਜਿਸਦਾ ਨਾਂ "Sikh Symposium, 2003 Emerging Sikh Spirit in the Global Society" ਸੀ। ਇਹ ਐਸਪੇਨੋਲਾ ਦੇ ਇਕ ਜਿਮਨੇਜ਼ੀਅਮ ਹਾਲ ਵਿਚ ਕੀਤਾ ਗਿਆ। ਇਸ ਵਿਚ ਬਹੁਤ ਚੰਗੇ-ਚੰਗੇ ਵਿਦਵਾਨਾਂ ਨੇ ਪਰਚੇ ਪੜ੍ਹੇ ਅਤੇ ਆਉਣ ਵਾਲੇ ਸਮੇਂ ਵਿਚ ਸਿੱਖ ਧਰਮ ਬਾਰੇ ਕੀਤੇ ਜਾਣ ਵਾਲੇ ਕੰਮਾਂ ਦਾ ਵੇਰਵਾ ਦਿੱਤਾ। ਭਾਰਤ ਸਰਕਾਰ ਦੇ ਸੈਨ ਫਰਾਂਸਿਸਕੋ ਵਿਚ ਕੌਂਸਲ ਜਨਰਲ ਸ੍ਰੀ ਵਿਸ਼ਵਾਨਾਥਨ ਨੇ ਖੋਜ ਭਰਪੂਰ ਪਰਚਾ ਪੜ੍ਹ ਕੇ ਇਸ ਸਿਮਪੋਜ਼ੀਅਮ ਦਾ ਉਦਘਾਟਨ ਕੀਤਾ। ਅਮਰੀਕਨ ਸਿੱਖ ਸ੍. ਸਤਜੀਵਨ ਸਿੰਘ ਖਾਲਸਾ, ਜੋ ਨਿਊਯਾਰਕ ਵਿਚ ਉਚ ਕੋਟੀ ਦੇ ਵਕੀਲ ਹਨ, ਨੇ ਆਰੰਭਕ ਪਰਚਾ ਪੜ੍ਹਿਆ। ਡਾ. ਕੇਹਰ ਸਿੰਘ, ਚੇਅਰਮੈਨ, ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਚੰਡੀਗੜ੍ਹ, ਡਾ. ਗੁਰਨਾਮ ਕੌਰ ਜੋ ਗੁਰੂ ਗ੍ਰੰਥ ਸਾਹਿਬ ਸਟੱਡੀ ਸਰਕਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੇ ਮੁਖੀ ਹਨ, ਬੀਬੀ ਹਰਜਿੰਦਰ ਕੌਰ, ਸਾਬਕਾ ਮੇਅਰ ਚੰਡੀਗੜ੍ਹ ਅਤੇ ਅਮਰੀਕਨ ਸਿੱਖ ਸ੍: ਗੁਰੂ ਤੇਜ ਸਿੰਘ ਖਾਲਸਾ, ਅਕਾਲ ਸਕਿਊਰਟੀ ਦੇ ਮੁਖੀ, ਨੇ ਸਵੇਰ ਦੇ ਸੈਸ਼ਨ ਵਿਚ ਪਰਚੇ ਪੜ੍ਹੇ। ਮੈਨੂੰ ਇਸ ਸਮਾਗਮ ਦੀ ਪ੍ਰਧਾਨਗੀ ਕਰਨ ਲਈ ਕਿਹਾ ਗਿਆ। ਦੁਪਹਿਰ ਤੋਂ ਬਾਅਦ ਪਹਿਲਾ ਪਰਚਾ ਡਾ. ਭਾਈ ਹਰਬੰਸ ਲਾਲ ਜੀ ਨੇ ਪੜ੍ਹਿਆ ਤੇ ਉਸ ਤੋਂ ਪਿਛੋਂ ਅਕਾਲ ਸਕਿਊਰਿਟੀ ਦੇ ਡਾਇਰੈਕਟਰ ਅਮਰੀਕਨ ਸਿੱਖ ਸਰਦਾਰਨੀ ਸ਼ਾਂਤੀ ਕੌਰ ਖਾਲਸਾ ਨੇ ਬੜਾ ਪ੍ਰਭਾਵਸ਼ਾਲੀ ਲੈਕਚਰ ਕੀਤਾ। ਸ੍: ਸੁਪਰੀਤ ਸਿੰਘ ਮਨਚੰਦਾ ਸੈਨ ਫਰਾਂਸਿਸਕੋ ਤੋਂ, ਡਾ. ਹਰਸਿਮਰਨ ਸਿੰਘ ਸੱਭਰਵਾਲ ਨਿਊਯਾਰਕ ਤੋਂ, ਡਾ. ਹਰਜੋਤ ਕੌਰ ਕੈਲਗਰੀ, ਕੈਨੇਡਾ ਨੇ ਆਪਣੇ ਵਿਚਾਰ ਰੱਖੇ। ਇਕ ਗੱਲ ਜੋ ਸਭ ਨੂੰ ਬੜੇ ਅਚੰਭੇ ਦੀ ਲੱਗੀ ਕਿ World Bank ਦੇ ਸੀਨੀਅਰ ਐਡਵਾਈਜ਼ਰ ਅਤੇ ਯੂ.ਐਨ.ਓ ਵਿਚ ਵਿਸ਼ਵ ਬੈਂਕ ਦੇ ਨੁਮਾਇਦੇ ਸ੍ਰੀ ਅਲਫ੍ਰੈਡੋ ਯੂਨਿਸ ਨੇ 5 ਸਫਿਆਂ ਦਾ ਪਰਚਾ ਪੜ੍ਹਿਆ ਜਿਸਦਾ ਵਿਸ਼ਾ "The Role of Sikhism In A Global Socity:Creating the Global Being" ਸੀ। ਸ੍ਰੀ ਅਲਫ੍ਰੈਡੋ ਕਈ ਸਾਲਾਂ ਤੋਂ ਸ੍ਰੀ ਯੋਗੀ ਦੇ ਅਸਰ ਹੇਠਾਂ ਐਸਪੇਨੋਲਾ ਆ ਕੇ ਸਿੱਖ ਧਰਮ ਬਾਰੇ ਜਾਣਕਾਰੀ ਲੈਂਦੇ ਹਨ। ਅਖੀਰ ਵਿਚ ਸਿੱਖ ਧਰਮ ਇੰਟਰਨੈਸ਼ਨਲ ਦੀ ਜਨਰਲ ਸਕੱਤਰ ਸ੍ਰਦਾਰਨੀ ਗੁਰੂ ਅੰਮ੍ਰਿਤ ਕੌਰ ਖਾਲਸਾ ਨੇ ਧੰਨਵਾਦੀ ਸ਼ਬਦ ਆਖੇ। ਇਹ ਸਾਰਾ ਸਿਮਪੋਜ਼ੀਅਮ ਡਾ. ਬਲਕਾਰ ਸਿੰਘ ਸਾਬਕਾ ਪ੍ਰੋਫੈਸਰ ਆਫ ਸਿੱਖ ਸਟੱਡੀਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਦੇਖ ਰੇਖ ਹੇਠ ਕੀਤਾ ਗਿਆ। ਡਾ. ਬਲਕਾਰ ਸਿੰਘ ਪਿਛਲੇ ਤਿੰਨ ਸਾਲਾਂ ਤੋਂ ਯੋਗੀ ਜੀ ਦੇ ਆਸ਼ਰਮ ਵਿਚ ਰਹਿ ਕੇ ਪੰਜਾਬੀ ਅਤੇ ਸਿੱਖ ਧਰਮ ਬਾਰੇ ਪੜ੍ਹਾ ਰਹੇ ਹਨ।

ਇਸ ਸੈਮੀਨਾਰ ਨੇ ਜੋ ਸਭ ਤੋਂ ਵੱਡਾ ਚਮਤਕਾਰ ਸੀ ਕਿ ਕਿਵੇਂ ਅਮਰੀਕਨ ਸਿੱਖਾਂ ਵਿਚ ਸਿੱਖ ਧਰਮ ਬਾਰੇ ਚੰਗੇ ਬੁਲਾਰੇ ਪੈਦਾ ਹੋ ਚੁੱਕੇ ਹਨ। ਇਕ ਅਮਰੀਕਨ ਲੜਕੀ ਇਕਓਂਕਾਰ ਕੌਰ ਨੇ ਤਾਂ ਲੈਕਚਰ ਕਰਕੇ ਸਾਨੂੰ ਹੈਰਾਨ ਕਰ ਦਿੱਤਾ। ਮੈਨੂੰ ਹਮੇਸ਼ਾ ਇਹ ਡਰ ਸੀ ਕਿ ਇਹ ਸਾਰੀ ਸੰਸਥਾ ਯੋਗੀ ਭਜਨ ਤੇ ਨਿਰਭਰ ਹੈ ਤੇ ਉਥੇ ਨਵੇਂ ਅਮਰੀਕਨ ਸਿੱਖੀ ਦੀ ਲਹਿਰ ਨੂੰ ਵਧਾਉਣ ਵਾਲੇ ਕਦੋਂ ਉਠਣਗੇ। ਇਸ ਵਾਰੀ ਮੈਂ ਨਿਸ਼ਚਿੰਤ ਹੋ ਕੇ ਆਇਆ ਹਾਂ ਅਤੇ ਮੇਰਾ ਇਹ ਡਰ ਪੂਰੇ ਤੌਰ ਤੇ ਘਟਦਾ ਨਜ਼ਰ ਆਇਆ ਹੈ। ਸੈਮੀਨਾਰ ਦੇ ਪਰਚਿਆਂ ਵਿਚ ਬੜੇ

ਉਸਾਰੂ ਸੁਝਾਅ ਤੇ ਅਮਰੀਕਨ ਸੁਸਾਇਟੀ ਵਿਚ ਉਠਦੇ ਸਵਾਲ ਤੇ ਉਹਨਾਂ ਨੂੰ ਹੱਲ ਕਰਨ ਦੇ ਤਰੀਕੇ ਦੱਸੇ ਗਏ।

ਯੋਗੀ ਭਜਨ ਦੀ ਸੰਸਥਾ ਵਲੋਂ ਹਰ ਸਾਲ ਐਸਪੋਨੋਲਾ ਵਿਚ 20 ਕਿਲੋਮੀਟਰ ਦੂਰ ਇਕ ਉਚੀ ਪਹਾੜੀ ਤੇ ਜਿਸਦਾ ਨਾਂ ਗੁਰੂ ਰਾਮ ਦਾਸ ਪੁਰੀ ਰੱਖਿਆ ਗਿਆ ਹੈ, ਵਿਸ਼ਵ ਅਮਨ ਪ੍ਰਾਰਥਨਾ ਦਿਵਸ ਮਨਾਇਆ ਜਾਂਦਾ ਹੈ ਅਤੇ ਇਸਦੇ ਨਾਲ ਹੀ ਇਕ ਹਫਤੇ ਲਈ ਯੋਗਾ ਤਾਂਤ੍ਰਿਕ ਕੈਂਪ ਲਗਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਕਮਾਲ ਹੈ ਕਿ ਉਹਨਾਂ ਦੇ ਦੱਸੇ ਮਾਰਗ ਨੂੰ ਅੱਜ ਇਸ 8000 ਫੁੱਟ ਉਚੀ ਅਮਰੀਕਾ ਦੀ ਪਹਾੜੀ ਤੇ ਫਲਦਾ-ਫੂਲਦਾ ਵੇਖਣ ਦਾ ਅਵਸਰ ਮਿਲਦਾ ਹੈ। ਵੱਡੀਆਂ-ਵੱਡੀਆਂ ਕਾਰਾਂ ਵਿਚ ਵੱਡੀ ਗਿਣਤੀ ਵਿਚ ਅਰਮੀਕਨ ਇਸ ਪਰੇਡ ਵਿਚ ਆਉਂਦੇ ਹਨ ਤੇ ਫਿਰ ਉਥੇ ਹੀ ਟੈਂਟਾਂ ਵਿਚ ਰਹਿਕੇ ਯੋਗਾ ਸਿਖਦੇ ਹਨ ਤੇ ਸਿੱਖ ਧਰਮ ਬਾਰੇ ਜਾਣਕਾਰੀ ਲੈਂਦੇ ਹਨ। ਟੈਂਟਾਂ ਦਾ ਸ਼ਹਿਰ ਵਸ ਜਾਂਦਾ ਹੈ, ਉਚੇ ਨਿਸ਼ਾਨ ਸਾਹਿਬ ਝੂਲਦੇ ਹਨ, ਗੁਰਦੁਆਰੇ ਵਿਚ ਸਵੇਰੇ ਸਾਧਨਾ ਹੁੰਦੀ ਹੈ ਅਤੇ ਸ਼ਬਦ ਗਾਇਨ ਅਮਰੀਕਨ ਕਰਦੇ ਹਨ। ਇਸ ਵਾਰੀ ਕੁਝ ਭਾਰਤੀ ਸਿੰਘ ਵੀ ਕੈਂਪ ਵਿਚ ਨਜ਼ਰ ਆਏ। ਯੋਗੀ ਭਜਨ ਬੀਮਾਰ ਹੋਣ ਕਰਕੇ ਕੈਂਪ ਨਹੀਂ ਪੁੱਜ ਸਕੇ ਪਰ ਬੜੇ ਉਚ ਕੋਟੀ ਦੇ ਸਿੱਖ ਬਣੇ ਅਮਰੀਕਨਾਂ ਨੇ ਕੈਂਪ ਦੀ ਰੌਣਕ ਤੇ ਲੈਕਚਰਾਂ ਦਾ ਮਿਆਰ ਘਟਣ ਨਹੀਂ ਦਿੱਤਾ। ਰੋਮ ਤੋਂ ਆਏ ਗੁਰਦੇਵ ਸਿੰਘ ਖਾਲਸਾ ਅਤੇ ਬਾਸਟਨ ਤੋਂ ਆਏ ਗੁਰਚਰਨ ਸਿੰਘ ਖਾਲਸਾ ਦੀ ਤਾਂ ਬਹੁਤ ਹੀ ਚੜ੍ਹਤ ਹੈ। ਸਾਰਾ ਯੂਰੋਪ ਤੇ ਅਮਰੀਕਾ ਇਨ੍ਹਾਂ ਦੋਹਾਂ ਦੀ ਲਿਆਕਤ ਦਾ ਕਾਇਲ ਹੈ। ਸਤਸਿਮਰਨ ਕੌਰ ਅਤੇ ਨਿਰੰਜਨ ਕੌਰ ਯੋਗਾ ਪੜ੍ਹਾਉਂਦੀਆਂ ਹਨ ਤੇ ਉਹਨਾਂ ਨੇ ਇਸ ਬਾਰੇ, ਯੋਗੀ ਜੀ ਦੇ ਸਾਰੇ ਲੈਕਚਰ ਟੇਪ ਕਰਕੇ ਨਾਲ ਰੱਖੇ ਹੁੰਦੇ ਹਨ। ਯੋਗਾ ਦੇ ਹਰ ਆਸਣ ਨਾਲ *'ਸਤਿਗੁਰੂ ਨਮੇ ਸ੍ਰੀ ਗੁਰ ਨਮੇ'* ਦੀ ਟੇਪ ਚਲਦੀ ਹੈ। ਸਤਿਨਾਮ ਵਾਹਿਗੁਰੂ ਦੀ ਧੁਨ ਵਜਦੀ ਹੈ ਤੇ ਕਈ ਛੋਟੇ-ਛੋਟੇ ਸ਼ਬਦ ਵੀ ਗਾਇਨ ਹੁੰਦੇ ਰਹਿੰਦੇ ਹਨ। ਅਮਨ ਪ੍ਰਾਰਥਨਾ ਦਿਵਸ ਨੂੰ ਨਿਊ ਮੈਕਸੀਕੋ ਦੇ ਗਵਰਨਰ ਸ੍ਰੀ ਬਿਲ ਰਿਚਰਡਸਨ ਜੋ ਯੋਗੀ ਜੀ ਦੇ ਦੋਸਤ ਹਨ, ਰਾਸ਼ਟਰਪਤੀ ਕਲਿੰਟਨ ਦੇ ਸਮੇਂ ਬਿਜਲੀ ਮੰਤਰੀ ਸਨ, ਨੇ ਆ ਕੇ ਆਰੰਭ ਕੀਤਾ। ਸਤਿ ਸ੍ਰੀ ਅਕਾਲ ਕਹਿ ਕੇ ਉਹਨਾਂ ਯੋਗੀ ਭਜਨ ਅਤੇ ਸਿੱਖ ਧਰਮ ਦੀ ਉਸਤਤਿ ਕੀਤੀ। ਕੈਲੀਫੋਰਨੀਆ ਵਿਚ ਭਾਰਤ ਦੇ ਕੌਂਸਲ ਜਨਰਲ ਸ੍ਰੀ ਵਿਸ਼ਵਾਨਥਨ, ਵਿਸ਼ਵ ਬੈਂਕ ਦੇ ਸ੍ਰੀ ਅਲਫ੍ਰੈਡੋ ਯੂਨਿਸ, ਅਮਰੀਕਨ ਕਾਂਗਰਸ ਦੇ ਮੈਂਬਰ ਟਾਮ ਉਦਾਲ, ਅਮਰੀਕਾ ਵਸਦੀ ਮਾਂ ਜਯਾ ਸਤੀ ਭਗਵੱਤੀ ਨੇ ਭਾਸ਼ਨ ਦਿੱਤੇ। ਮੈਂ ਆਪਣੇ ਵਿਚਾਰਾਂ ਵਿਚ ਗੁਰੂ ਨਾਨਕ ਸਾਹਿਬ ਦੇ ਸ਼ਬਦ ਜੋ ਬਾਬਰ ਬਾਣੀ ਵਿਚ ਲਿਖੇ ਗਏ ਕਿ 'ਹਮਲਾਵਰ ਔਰਤਾਂ ਦੀ ਬੇਪਤੀ ਕਰਦਾ ਹੈ' ਅਤੇ ਲੋਕਾਂ ਤੇ ਕੀ ਜ਼ੁਲਮ ਹੁੰਦੇ ਹਨ, ਬਾਰੇ ਕਿਹਾ। ਅਮਨ ਸ਼ਾਂਤੀ ਲਈ ਸਿੱਖ ਧਰਮ ਦਾ ਸਦੀਵੀ ਸੰਦੇਸ਼ ਦੱਸਿਆ। 'ਸਰਬਤ ਦੇ ਭਲੇ ਤੇ ਸਰਬ ਸੁੱਖ ਹੋਵੇ' ਅੰਕਿਤ ਸ਼ਬਦ ਜੋ ਸਾਡੀ ਅਰਦਾਸ ਵਿਚ ਹਨ ਉਹਨਾਂ ਤੇ ਰੋਸ਼ਨੀ ਪਾਈ। ਆਤੰਕਵਾਦ ਨੂੰ ਸ਼ਹਿ ਦੇਂਦੇ ਮੁਲਕਾਂ ਬਾਰੇ ਅਮਰੀਕਾ ਨੂੰ ਚੇਤਾਵਨੀ ਦਿੱਤੀ ਤੇ ਉਹਨਾਂ ਨੂੰ ਆਪਣੀ ਪਾਲਿਸੀ ਬਦਲਣ ਦੀ ਅਪੀਲ ਕੀਤੀ। ਹਰ ਸਾਲ ਇਸ ਅਮਨ ਪ੍ਰਾਥਨਾ ਦਿਵਸ ਤੇ ਯੋਗੀ ਜੀ ਵੱਲੋਂ ਚੋਣਵੇਂ ਅਮਰੀਕਨਾਂ ਨੂੰ 5000 ਡਾਲਰ ਦੀ ਰਕਮ ਸਮੇਤ ਐਵਾਰਡ ਦਿੱਤੇ ਜਾਂਦੇ ਹਨ। ਇਸ ਸਾਲ ਇਹ ਐਵਾਰਡ ਨਿਊ ਮੈਕਸੀਕੋ ਦੀ ਸੈਨੇਟਰ ਮੈਰੀ ਜੇਨ ਗਰੇਸ਼ੀਆ ਨੂੰ ਦਿੱਤਾ ਗਿਆ ਜੋ ਸਿੱਖਾਂ ਦੀ ਬੜੀ ਮਦਦਗਾਰ ਹੈ ਅਤੇ ਦੂਜਾ ਐਵਾਰਡ ਅਮਰੀਕਨ ਕਾਨੂੰਨ ਵਿਭਾਗ ਦੇ ਅਫਸਰ ਸ੍ਰੀ ਜੋਜ਼ਫ ਜ਼ੋਗਬੀ, ਜਿਨ੍ਹਾਂ ਨੇ ਸਿੱਖਾਂ ਦੀ ਰੱਖਿਆ ਬਾਰੇ ਅਮਰੀਕਨ ਪਾਰਲੀਮੈਂਟ ਤੋਂ ਕਾਨੂੰਨ ਬਣਵਾਇਆ

ਸੀ, ਨੂੰ ਦਿੱਤਾ ਗਿਆ। ਇਸ ਤੋਂ ਇਲਾਵਾ ਅਮਰੀਕਾ ਦੀਆਂ ਤਿੰਨ ਹੋਰ ਸੰਸਥਾਵਾਂ ਨੂੰ ਵੀ ਅਮਨ ਪ੍ਰਚਾਰ ਲਈ ਸਨਮਾਨਿਆ ਗਿਆ। ਸਮਾਗਮ ਵਿਚ ਅਮਰੀਕਾ ਦੇ ਉੱਚ ਕੋਟੀ ਦੇ ਗਾਇਕਾਂ ਨੇ ਰੰਗ ਬੰਨ੍ਹਿਆ। ਅਮਰੀਕਨ ਕੁੜੀਆਂ ਨੇ ਭੰਗੜੇ ਦੀ ਧਾਂਕ ਬਿਠਾ ਦਿੱਤੀ ਤੇ ਤਾੜੀਆਂ ਨਾਲ ਹਾਲ ਗੂੰਜ ਉਠਿਆ। ਸਦਾ ਕੌਰ ਨੇ ਸ਼ਬਦਾਂ ਦੀ ਝੜੀ ਲਾਈ। ਸਮਾਗਮ ਬੜਾ ਪ੍ਰਭਾਵਸ਼ਾਲੀ ਅਤੇ ਸਿੱਖੀ ਨੂੰ ਫੈਲਾਉਣ ਵਾਲਾ ਇਕ ਨਵਾਂ ਰਸਤਾ ਬਣਿਆ। ਮੈਨੂੰ ਇਸ ਵਾਰੀ ਇਹ ਜਾਣ ਕੇ ਖੁਸ਼ੀ ਹੋਈ ਕਿ ਦੱਖਣੀ ਅਮਰੀਕਾ ਦੇ ਦੇਸ਼ਾਂ ਵਿਚ ਖਾਸ ਕਰਕੇ ਅਰਜਨਟੀਨਾ, ਪੇਰਗੁਆ, ਬ੍ਰਾਜ਼ੀਲ ਵਿਚ ਯੋਗਾ ਦੇ ਨਾਲ ਸਿੱਖੀ ਫੈਲਾਉਣ ਦੇ ਸਮਾਗਮ ਬੜੇ ਜ਼ੋਰ-ਜ਼ੋਰ ਨਾਲ ਚੱਲ ਰਹੇ ਹਨ। ਯੋਗੀ ਜੀ ਦੇ ਵਿਦਿਆਰਥੀ ਸ੍ਰ. ਗੁਰਬਚਨ ਸਿੰਘ ਖਾਲਸਾ, ਜੋ ਅਲਬੂਕਰਕੀ ਰਹਿੰਦੇ ਹਨ, ਜਿਨ੍ਹਾਂ ਦਾ ਕੱਦ 6 ਫੁੱਟ 4 ਇੰਚ ਉੱਚਾ ਹੈ, ਇਸ ਕੰਮ ਲਈ ਆਪਣੀ ਧਰਮ ਪਤਨੀ ਬੀਬੀ ਗੁਰਬਚਨ ਕੌਰ ਨਾਲ ਇਨ੍ਹਾਂ ਦੇਸ਼ਾਂ ਵਿਚ ਗਏ। ਇਹ ਬੜੀ ਵੱਡੀ ਨਵੀਂ ਕਾਮਯਾਬੀ ਹੈ। ਉਹਨਾਂ ਮੁਲਕਾਂ ਦੀ ਬੋਲੀ ਸਪੈਨਿਸ਼ ਵਿਚ ਗੁਰਬਾਣੀ ਦੇ ਗੁਟਕੇ ਬਣ ਚੁੱਕੇ ਹਨ ਤੇ ਵੰਡੇ ਜਾ ਰਹੇ ਹਨ।

ਸਿੱਖੀ ਲਈ ਇਹ ਸੰਸਥਾ ਵਚਨਬੱਧ ਹੈ ਤੇ ਅਮਰੀਕਨਾਂ ਦੀ ਤੀਜੀ ਪੁਸ਼ਤ, ਮਾਪਿਆਂ ਨਾਲੋਂ ਵੀ ਵੱਧ ਸਿੱਖੀ ਦੇ ਰੰਗ ਵਿਚ ਰੰਗੀ ਜਾ ਰਹੀ ਹੈ। ਮੀਰੀ-ਪੀਰੀਅਕੈਡਮੀ, ਛੇਹਰਟਾ, ਅੰਮ੍ਰਿਤਸਰ ਤੋਂ ਪੜ੍ਹੇ ਵਿਦਿਆਰਥੀ ਹੁਣ ਵੱਡੀਆਂ ਫਰਮਾਂ ਵਿਚ ਕੰਮ ਕਰਕੇ ਸਿੱਖੀ ਪ੍ਰਭਾਵ ਪਾ ਰਹੇ ਹਨ। ਵਾਹਿਗੁਰੂ ਯੋਗੀ ਜੀ ਨੂੰ ਸਿਹਤ ਬਖਸ਼ੇ, ਉਹ ਗੁਰੂ ਦੇ ਸੰਦੇਸ਼ ਨੂੰ ਸੰਸਾਰ ਭਰ ਵਿਚ ਫੈਲਾ ਸਕਣ।

(18-08-03)

# ਦੁਨੀਆਂ ਦਾ ਇਕ ਖ਼ੂਬਸਰਤ ਦੇਸ਼-ਥਾਈਲੈਂਡ

ਦੁਨੀਆਂ ਦੇ ਖ਼ੂਬਸੂਰਤ ਮੁਲਕਾਂ ਵਿਚੋਂ ਇਕ ਮੁਲਕ ਥਾਈਲੈਂਡ ਹੈ ਜਿਸ ਦਾ ਪਹਿਲਾਂ ਨਾ ਸਿਆਮ (Siam) ਸੀ ਤੇ ਉਥੋਂ ਦੇ ਲੋਕਾਂ ਨੂੰ ਸਿਆਮੀ ਕਿਹਾ ਜਾਂਦਾ ਸੀ। ਥਾਈਲੈਂਡ ਨਾਂ ਅੰਗਰੇਜ਼ਾਂ ਨੇ ਦਿੱਤਾ ਸੀ। ਇਸ ਦੇਸ਼ ਦੀ ਖਾਸੀਅਤ ਇਹ ਹੈ ਕਿ ਇਹ ਕਦੀ ਗੁਲਾਮ ਨਹੀਂ ਰਿਹਾ ਹਾਲਾਂਕਿ ਇਸ ਦੇ ਆਲੇ-ਦੁਆਲੇ ਦੇ ਸਾਰੇ ਦੇਸ਼ ਸਿੰਘਾਪੁਰ, ਇੰਡੋਨੇਸ਼ੀਆ, ਮਲੇਸ਼ੀਆ ਆਦਿ ਜਾਪਾਨ ਦੇ ਕਬਜ਼ੇ ਹੇਠ ਰਹੇ ਹਨ। ਇਸ ਦੇਸ਼ ਵਿਚ ਵੀ ਜਮਹੂਰੀਅਤ ਹੈ ਅਤੇ ਬਾਕਾਇਦਾ ਵੋਟਾਂ ਨਾਲ ਪ੍ਰਧਾਨ ਮੰਤਰੀ ਅਤੇ ਉਹਨਾਂ ਦਾ ਮੰਤਰੀ ਮੰਡਲ ਚੁਣਿਆ ਜਾਂਦਾ ਹੈ। ਪਰ ਉਥੇ 'ਬਾਦਸ਼ਾਹਤ' ਦੀ ਪ੍ਰਥਾ ਵੀ ਬਰਕਾਰਾਰ ਹੈ। ਬਾਦਸ਼ਾਹ ਦੀ ਏਨੀ ਜ਼ਿਆਦਾ ਇੱਜ਼ਤ ਹੈ ਕਿ ਏਨੀ ਮੈਂ ਕਿਸੇ ਹੋਰ ਮੁਲਕ ਵਿਚ ਨਾ ਵੇਖੀ ਹੈ, ਨਾ ਹੀ ਸੁਣੀ ਹੈ। ਬਾਦਸ਼ਾਹ ਦੀ ਥਾਈਲੈਂਡ ਵਿਚ ਰੱਬ ਵਾਂਗ ਪੂਜਾ ਹੁੰਦੀ ਹੈ। ਜੇ ਉਸ ਨੂੰ Semi God ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਬਾਦਸ਼ਾਹ ਤੇ ਮਹਾਰਾਣੀ ਦੀ ਫੋਟੋ ਹਰ ਦੁਕਾਨ, ਘਰ, ਦਫਤਰਾਂ ਇਥੋਂ ਤਕ ਕਿ ਗੁਰਦੁਆਰਿਆਂ ਤੇ ਚਰਚਾਂ ਵਿਚ ਵੀ ਲਗਾਈ ਜਾਂਦੀ ਹੈ। ਹਰ ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਬਾਦਸ਼ਾਹ ਦਾ ਗੁਣਗਾਨ ਕੀਤਾ ਜਾਂਦਾ ਹੈ, ਉਸ ਦੀ ਦੋ-ਮਿੰਟ ਲਈ ਪ੍ਰਸੰਸਾ ਕੀਤੀ ਜਾਂਦੀ ਹੈ, ਫੇਰ ਅਸਲੀ ਸਮਾਗਮ ਹੁੰਦਾ ਹੈ। ਪਰ ਕਮਾਲ ਦੀ ਗੱਲ ਇਹ ਹੈ ਕਿ ਬਾਦਸ਼ਾਹ ਦਾ ਹਕੂਮਤ ਵਿਚ ਕੋਈ ਦਖਲ ਨਹੀਂ। ਉਥੇ ਲੋਕਾਂ ਦੀ ਚੁਣੀ ਹੋਈ ਸਰਕਾਰ ਹੈ ਜਿਸ ਦਾ ਮੁਖੀ ਪ੍ਰਧਾਨ ਮੰਤਰੀ ਆਮ ਚੋਣਾਂ ਰਾਹੀਂ ਚੁਣਿਆ ਜਾਂਦਾ ਹੈ।

ਇਸ ਦੇਸ਼ ਵਿਚ ਮੁੱਖ ਧਰਮ ਬੋਧੀ ਹੈ। ਪਹਿਲਾਂ-ਪਹਿਲ ਇਹ ਮੁਲਕ ਹਿੰਦੂ ਧਰਮ ਪ੍ਰਧਾਨ ਦੇਸ਼ ਸੀ, ਜਿਸ ਦਾ ਪ੍ਰਭਾਵ ਅੱਜ ਵੀ ਸਪਸ਼ਟ ਦਿਖਾਈ ਦਿੰਦਾ ਹੈ। ਬਾਦਸ਼ਾਹ ਦਾ ਪ੍ਰੋਹਿਤ ਅੱਜ ਵੀ ਦੱਖਣੀ ਭਾਰਤ ਦਾ ਇਕ ਬ੍ਰਾਹਮਣ ਹੈ। ਉਥੇ ਭੂਮੀ-ਪੂਜਣ ਹਿੰਦੂ ਰੀਤੀ ਅਨੁਸਾਰ ਹੀ ਹੁੰਦਾ ਹੈ ਅਤੇ ਨਮਸਤੇ ਵੀ ਹਿੰਦੂ ਪ੍ਰੰਪਰਾ ਅਨੁਸਾਰ ਹੱਥ ਜੋੜ ਕੇ ਕਰਦੇ ਹਨ। ਵੱਡੀਆਂ ਵੱਡੀਆਂ ਬਿਲਡਿੰਗਾਂ ਦੇ ਬਾਹਰ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਨਜ਼ਰ ਆਉਂਦੀਆਂ ਹਨ, ਜਿਨ੍ਹਾਂ ਨੂੰ ਸ਼ੁਭ ਮੰਨਿਆ ਜਾਂਦਾ ਹੈ। ਥਾਈਲੈਂਡ ਦੀ ਇਕ ਖਾਸ ਗੱਲ ਇਹ ਵੀ ਹੈ ਕਿ ਉਥੇ ਧਰਮ ਦੀ ਪੂਰੀ ਆਜ਼ਾਦੀ ਹੈ। ਹਰ ਕੋਈ ਆਪਣੇ ਧਰਮ, ਇਸ਼ਟ ਦੇਵਤਾਂ ਦੀ ਪੂਜਾ ਕਰ ਸਕਦਾ ਹੈ। ਸਰਕਾਰ ਵੱਲੋਂ ਕਿਸੇ ਵੀ ਧਰਮ ਵਿਚ ਨਾ ਕੋਈ ਦਖਲ-ਅੰਦਾਜ਼ੀ ਹੈ ਤੇ ਨਾ ਹੀ ਕੋਈ ਰੁਕਾਵਟ। ਉਥੇ ਪੂਰੀ ਤਰ੍ਹਾਂ ਅਮਨ ਹੈ। ਅੱਜ ਤਕ ਧਰਮ ਦੇ ਨਾਂ ਤੇ ਕੋਈ ਝਗੜਾ ਜਾਂ ਫਿਰਕੂ ਤਣਾਅ ਨਹੀਂ ਹੋਇਆ। ਮੈਂ ਬੈਂਗਕੌਕ ਚਾਰ ਵਾਰ ਜਾ ਚੁੱਕਾ ਹਾਂ। ਬੈਂਗਕੌਕ ਵਿਚ ਤਿੰਨ ਵਾਰੀ ਏਸ਼ਿਆਈ ਖੇਡਾਂ ਹੋ ਚੁੱਕੀਆਂ ਹਨ। ਉਹ ਮੁਲਕ ਖੇਡਾਂ ਵਿਚ ਬਹੁਤ ਅੱਗੇ ਹੈ। ਉਥੇ ਦੇ ਖੇਡ-ਮੈਦਾਨ ਤੇ ਸਟੇਡੀਅਮ ਸ਼ਾਨਦਾਰ ਹਨ। ਮੈਂ 1999 ਦੀਆਂ ਏਸ਼ੀਆਈ ਖੇਡਾਂ ਵਿਚ ਵੀ ਉਥੇ ਗਿਆ ਸੀ। ਇਹ ਮੁਲਕ ਖੇਡਾਂ ਲਈ ਤਿਆਰ-ਬਰ ਤਿਆਰ ਰਹਿੰਦਾ ਹੈ। ਉਹਨਾਂ ਦੇ ਖਿਡਾਰੀ ਵੀ ਖੇਡਾਂ ਵਿਚ ਦਿਲਚਸਪੀ ਤੇ ਉਤਸ਼ਾਹ ਨਾਲ ਹਿੱਸਾ ਲੈਂਦੇ ਹਨ।

ਥਾਈਲੈਂਡ ਦੀ ਕੁੱਲ ਆਬਾਦੀ 6 ਕਰੋੜ ਦੇ ਕਰੀਬ ਹੈ। ਇਥੋਂ ਦੀ ਵਧੇਰੇ ਵਸੋਂ ਚੀਨੀ ਮੂਲ ਦੇ ਲੋਕਾਂ ਦੀ ਹੈ। ਉਹ ਸਦੀਆਂ ਤੋਂ ਉਥੇ ਰਹਿ ਰਹੇ ਹਨ। ਉਥੋਂ ਦਾ ਪ੍ਰਧਾਨ ਮੰਤਰੀ ਵੀ

ਚੀਨੀ ਮੂਲ ਦਾ ਹੀ ਹੈ। ਉਥੇ ਤਕਰੀਬਨ ਇਕ ਲੱਖ ਭਾਰਤੀ ਰਹਿੰਦੇ ਹਨ ਜਿਨ੍ਹਾਂ ਵਿਚੋਂ ਵਧੇਰੇ ਗਿਣਤੀ ਸਿੱਖ ਪਰਿਵਾਰਾਂ ਦੀ ਹੈ। ਇਹਨਾਂ ਦੇ ਵੀ ਦੋ ਗਰੁੱਪ ਹਨ-ਆਮ ਸਿੱਖ ਅਤੇ ਨਾਮਧਾਰੀ ਸਿੱਖ। ਆਮ ਸਿੱਖਾਂ ਦੀ ਗਿਣਤੀ ਨਾਮਧਾਰੀ ਸਿੱਖਾਂ ਨਾਲੋਂ ਵਧੇਰੇ ਹੈ। ਓਥੇ ਸਿੱਖ ਕੋਈ ਸਵਾ ਸੌ ਸਾਲ ਤੋਂ ਰਹਿ ਰਹੇ ਹਨ। ਕਮਾਲ ਦੀ ਗੱਲ ਇਹ ਹੈ ਕਿ ਇਹ ਸਾਰੇ ਸਿੱਖ ਪਰਿਵਾਰ ਗੁਜਰਾਂਵਾਲਾ (ਹੁਣ ਪਾਕਿਸਤਾਨ) ਤੋਂ ਆਏ ਸਨ ਤੇ ਸਾਰੇ ਹੀ ਕੱਪੜੇ ਦੇ ਵਪਾਰੀ ਹਨ। ਉਹ ਵੱਡੀਆਂ ਵੱਡੀਆਂ ਕੱਪੜਾ ਮਿੱਲਾਂ ਦੇ ਮਾਲਕ ਹਨ। ਹੁਣ ਸਿੱਖਾਂ ਨੇ ਹੋਟਲ ਇੰਡਸਟਰੀ ਵਿਚ ਵੀ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ ਹੈ ਅਤੇ ਕਈ ਸਿੱਖਾਂ ਕੋਲ ਦੋ-ਦੋ, ਤਿੰਨ-ਤਿੰਨ ਵੱਡੇ ਹੋਟਲ ਹਨ। ਉਹਨਾਂ ਦੀ ਬੜੀ ਇੱਜ਼ਤ ਹੈ, ਮਾਣ ਹੈ ਤੇ ਉਹਨਾਂ ਕੋਲ ਬਹੁਤ ਪੈਸਾ ਹੈ। ਉਹਨਾਂ ਦੀਆਂ ਵੱਡੀਆਂ ਵੱਡੀਆਂ ਬਿਲਡਿੰਗਾਂ ਉੱਤੇ "ੴ" ਲਿਖਿਆ ਹੁੰਦਾ ਹੈ। ਥਾਈਲੈਂਡ ਦੇ ਸਿੱਖਾਂ ਦੀ ਇਕ ਖਾਸ ਗੱਲ ਮੈਂ ਇਹ ਵੀ ਵੇਖੀ ਹੈ ਕਿ ਉਹ ਸਿੱਖ ਧਰਮ ਦੇ ਪੱਕੇ ਪੈਰੋਕਾਰ ਹਨ। ਉਥੇ ਕੋਈ ਪਤਿਤ ਨਜ਼ਰ ਨਹੀਂ ਆਇਆ। ਉਹ ਵਿਆਹ-ਸ਼ਾਦੀਆਂ ਵੀ ਆਪਸ ਵਿਚ ਹੀ ਕਰਦੇ ਹਨ। ਨਾਮਧਾਰੀ ਸਿੱਖਾਂ ਦੀ ਗਿਣਤੀ ਓਥੇ 1934 ਤੋਂ ਬਾਅਦ ਵਧਣੀ ਸ਼ੁਰੂ ਹੋਈ ਜਦੋਂ ਨਾਮਧਾਰੀ ਗੁਰੂ ਬਾਬਾ ਪ੍ਰਤਾਪ ਸਿੰਘ ਜੀ ਓਥੇ ਗਏ ਸਨ ਤੇ ਉਥੇ ਉਹਨਾਂ ਨੇ ਆਪਣੇ ਧਰਮ ਦਾ ਪ੍ਰਚਾਰ ਕੀਤਾ ਤੇ ਬਹੁਤ ਸਾਰੇ ਲੋਕਾਂ ਨੇ ਨਾਮਧਾਰੀ ਮੱਤ ਗ੍ਰਹਿਣ ਕੀਤਾ।

ਬੈਂਗਕੋਕ ਵਿਚ ਸਿੱਖਾਂ ਦਾ ਆਲੀਸ਼ਾਨ ਗੁਰਦੁਆਰਾ ਹੈ ਜਿਸ ਦੀ ਛੇ-ਮੰਜ਼ਿਲਾ ਬਿਲਡਿੰਗ ਹੈ। ਇਹ ਉਥੋਂ ਦਾ ਸਭ ਤੋਂ ਵੱਡਾ ਧਾਰਮਿਕ ਸਥਾਨ ਹੈ। ਸਭ ਤੋਂ ਚੰਗੀ ਗੱਲ ਇਹ ਹੈ ਕਿ ਓਥੋਂ ਦੇ ਸਿੱਖਾਂ ਨੇ ਦੂਜਾ ਗੁਰਦੁਆਰਾ ਬਣਨ ਹੀ ਨਹੀਂ ਦਿੱਤਾ। ਉਹਨਾਂ ਦਾ ਮੱਤ ਇਹ ਹੈ ਕਿ ਸਾਰੀ ਸਿੱਖ ਸ਼ਕਤੀ ਇਕ ਜਗ੍ਹਾ ਉੱਤੇ ਇਕੱਠੀ ਰਹਿਣੀ ਚਾਹੀਦੀ ਹੈ। ਜਿਸਦਾ ਪ੍ਰਭਾਵ ਆਮ ਵਸੋਂ ਤੇ ਪੈ ਸਕੇ। ਉਥੋਂ ਦੀ ਇਕ ਹੋਰ ਗੱਲ ਹੈ ਜਿਸ ਤੋਂ ਸਾਨੂੰ ਸਾਰਿਆਂ ਨੂੰ ਸਬਕ ਲੈਣਾ ਚਾਹੀਦਾ ਹੈ, ਉਹ ਇਕ ਹੈ ਕਿ ਓਥੇ ਗੁਰਦੁਆਰਿਆਂ ਦੀ ਕਦੀ ਚੋਣ ਨਹੀਂ ਹੁੰਦੀ, ਓਥੇ ਕੋਈ ਪਾਰਟੀ ਬਾਜ਼ੀ ਨਹੀਂ, ਓਥੇ ਪਰਚੀ ਸਿਸਟਮ ਹੈ। ਪਰਚੀਆਂ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਰੱਖ ਦਿੱਤੀਆਂ ਜਾਂਦੀਆਂ ਹਨ ਜਿਸ ਦੀ ਪਰਚੀ ਨਿਕਲ ਆਉਂਦੀ ਹੈ, ਉਹ ਹੀ ਪ੍ਰਧਾਨ ਬਣ ਜਾਂਦਾ ਹੈ। ਸ਼ੁਰੂ ਤੋਂ ਹੀ ਓਥੇ ਇਹ ਪ੍ਰੰਪਰਾ ਕਾਇਮ ਹੈ। ਇਹ ਸਾਰੀ ਪ੍ਰੰਪਰਾ ਉਸ ਗੁਰਦੁਆਰੇ ਦੇ ਗ੍ਰੰਥੀ ਭਾਈ ਅਰਜਨ ਸਿੰਘ ਦੀ ਦੇਣ ਹੈ। ਭਾਈ ਅਰਜਨ ਸਿੰਘ ਦੀ ਓਥੇ ਏਨੀ ਇੱਜ਼ਤ ਤੇ ਮਾਣ ਸੀ ਕਿ ਉਹਨਾਂ ਦੇ ਅਕਾਲ ਚਲਾਣੇ ਉੱਤੇ ਓਥੋਂ ਦੇ ਬਾਦਸ਼ਾਹ ਨੇ, ਉਹਨਾਂ ਦੇ ਸਨਮਾਨ ਵਿਚ ਆਪਣੀ Light ਭੇਜੀ ਸੀ। ਥਾਈ ਪ੍ਰੰਪਰਾ ਅਨੁਸਾਰ ਜਿਸ ਨੂੰ ਸਨਮਾਨਿਤ ਕਰਨਾ ਹੋਵੇ ਕੇਵਲ ਓਸੇ ਨੂੰ ਹੀ Light ਭੇਜੀ ਜਾਂਦੀ ਹੈ।

ਬੈਂਗਕੌਕ ਵਿਚ ਸਿੱਖਾਂ ਦਾ ਆਪਣਾ ਇਕ ਸਕੂਲ ਹੈ ਜਿਸ ਦੀ ਸਥਾਪਨਾ ਕਈ ਸਾਲ ਪਹਿਲਾਂ ਕੀਤੀ ਗਈ ਸੀ। ਗੁਰੂ ਨਾਨਕ ਫਿਫਥ ਸੈਂਟੀਨਰੀ ਸਕੂਲ ਦੇ ਬਾਨੀਆਂ ਵਿਚ ਸ੍ਰ: ਨਿਰੰਜਣ ਸਿੰਘ ਸਨ ਜਿਨ੍ਹਾਂ ਨੇ ਪਹਿਲਾਂ ਮਸੂਰੀ ਵਿਚ ਗੁਰੂ ਨਾਨਕ ਫਿਫਥ ਸੈਂਟੀਨਰੀ ਸਕੂਲ ਸਥਾਪਤ ਕੀਤਾ ਅਤੇ ਸਾਥ ਦਿੱਤਾ ਸੀ ਦਿੱਲੀ ਦੇ ਸ੍ਰ: ਮਹਿਤਾਬ ਸਿੰਘ ਜੀ ਦਾ। ਸ੍ਰ: ਨਿਰੰਜਣ ਸਿੰਘ ਥਾਈਲੈਂਡ ਵਿਚ ਸਕੂਲ ਬਣਾਉਣ ਲਈ ਮਸੂਰੀ ਵਾਲੇ ਸਕੂਲ ਦੇ ਪ੍ਰਿੰਸੀਪਲ ਸਰਦਾਰ ਜੈਦੇਵ ਸਿੰਘ ਨੂੰ ਵੀ ਨਾਲ ਹੀ ਲੈ ਕੇ ਗਏ ਸਨ। ਇਹ ਸਕੂਲ ਲੰਡਨ ਬੋਰਡ ਆਫ ਸਕੂਲ ਐਜੂਕੇਸ਼ਨ ਨਾਲ ਜੁੜਿਆ ਹੋਇਆ ਹੈ, ਤੇ ਉਥੋਂ ਦਾ ਸਿਲੇਬਸ ਵੀ ਲੰਡਨ ਤੋਂ ਹੀ ਬਣ ਕੇ ਆਉਂਦਾ ਹੈ। ਉਸ ਵਿਚ ਪੰਜਾਬੀ ਲਾਜ਼ਮੀ ਹੈ ਅਤੇ ਸਿੱਖ ਧਰਮ ਦਾ ਪ੍ਰਚਾਰ ਵੀ ਪੂਰਾ ਹੈ। ਬਹੁਤ ਸਾਰੇ ਬਾਹਰਲੇ ਮੁਲਕਾਂ-ਇੰਡੋਨੇਸ਼ੀਆ, ਮਲੇਸ਼ੀਆ, ਮਲਾਇਆ ਆਦਿ ਤੋਂ ਵੀ ਸਿੱਖ ਬੱਚੇ ਉਥੇ ਪੜ੍ਹਨ ਆਉਂਦੇ ਹਨ।

ਪ੍ਰਾਇਮਰੀ ਸਿੱਖਿਆ ਵਾਸਤੇ ਹੁਣ ਇਕ ਵੱਖਰਾ ਸਕੂਲ ਖੋਲ੍ਹਿਆ ਗਿਆ ਹੈ। ਨਾਮਧਾਰੀਆਂ ਨੇ ਵੀ ਓਥੇ ਇਕ ਆਪਣਾ ਸਕੂਲ ਖੋਲ੍ਹ ਲਿਆ ਹੈ, ਜਿਹੜਾ ਪਿਛਲੇ 10 ਸਾਲਾਂ ਤੋਂ ਚਲ ਰਿਹਾ ਹੈ। ਮੈਂ ਦੋਵੇਂ ਹੀ ਸਕੂਲ ਵੇਖੇ ਹਨ। ਦੋਵੇਂ ਹੀ ਸਕੂਲਾਂ ਦੀ ਪੜ੍ਹਾਈ ਦੀ ਪੱਧਰ ਬਹੁਤ ਅੱਛੀ ਹੈ ਅਤੇ ਇਹਨਾਂ ਸਕੂਲਾਂ ਦਾ ਆਪਣਾ ਇਕ ਨਿਵੇਕਲਾ ਸਥਾਨ ਹੈ। ਦੋਵੇਂ ਸਕੂਲਾਂ ਦੀ ਕਾਮਯਾਬੀ ਦਾ ਸਿਹਰਾ ਪ੍ਰਿਸੀਪਲ ਜੈਦੇਵ ਸਿੰਘ ਦੀ ਅਣਥੱਕ ਕੋਸ਼ਿਸ਼ਾਂ ਤੇ ਵਿੱਦਿਅਕ ਲੀਡਰਸ਼ਿਪ ਕਰਕੇ ਹੋਈ ਹੈ। ਇਸ ਉਮਰ ਵਿਚ ਵੀ ਸ: ਜੈਦੇਵ ਸਿੰਘ ਪੂਰਾ ਵਕਤ ਦੇ ਰਹੇ ਹਨ। ਸਰਦਾਰ ਜਸਪਾਲ ਸਿੰਘ ਸਕੂਲ ਅਤੇ ਗੁਰਦੁਆਰਾ ਦੋਵਾਂ ਦੇ ਪ੍ਰਧਾਨ ਹਨ ਅਤੇ ਸਰਦਾਰ ਮਹਿੰਦਰ ਸਿੰਘ ਨਾਮਧਾਰੀ ਸੰਸਥਾ ਦੇ ਪ੍ਰਧਾਨ ਹਨ। ਨਾਮਧਾਰੀ ਸੰਗਤ ਰੋਜ਼ਾਨਾ ਸਵੇਰੇ ਤੜਕੇ ਜਪ-ਤਪ ਦਾ ਸਮਾਗਮ ਕਰਦੀ ਹੈ ਤੇ ਸਭ ਤੋਂ ਖਾਸ ਗੱਲ ਇਹ ਵੇਖਣ ਨੂੰ ਮਿਲੀ ਹੈ ਕਿ ਉਥੇ ਸਵੇਰੇ ਸਵਾ-ਛੇ ਵਜੇ ਭੋਗ ਪੈ ਜਾਂਦਾ ਹੈ। ਓਥੇ ਬਾਕਾਇਦਾ ਲੰਗਰ ਕਰਵਾਣ ਵਾਲੇ ਸ਼ਰਧਾਲੂਆਂ ਦੀ ਵਾਰੀ ਨਹੀਂ ਆਉਂਦੀ। ਉਥੋਂ ਦੀ ਸਿੱਖਾਂ ਵਿਚ ਏਨੀ ਸ਼ਰਧਾ ਤੇ ਉਤਸ਼ਾਹ ਹੈ ਕਿ ਗੁਰਦੁਆਰੇ ਨੂੰ ਹੋਰ ਖੁੱਲ੍ਹਾ ਕਰਨ ਲਈ ਗੁਰਦੁਆਰੇ ਦੇ ਨਾਲ ਲਗਦੀਆਂ ਕਈ ਬਿਲਡਿੰਗਾਂ ਖਰੀਦ ਲਈਆਂ ਹਨ ਜਿਸ ਦੀ ਸੇਵਾ ਇਕ ਹੀ ਸਿੱਖ ਨੇ ਨਿਭਾਈ ਹੈ।

ਥਾਈਲੈਂਡ ਵਿਚ ਮੁਸਲਮਾਨ ਵੱਡੀ ਗਿਣਤੀ ਵਿਚ ਰਹਿੰਦੇ ਹਨ। ਇਸ ਦੇ ਗੁਆਂਢੀ ਮੁਲਕ ਵਧੇਰੇ ਕਰਕੇ ਇਸਲਾਮਿਕ ਹਨ ਇਸ ਕਰਕੇ ਏਥੇ ਵੀ ਇਸਲਾਮ ਦਾ ਪ੍ਰਭਾਵ ਪਿਆ ਅਤੇ ਮਿਡਲ ਈਸਟ ਮੁਲਕਾਂ ਦੇ ਪ੍ਰਚਾਰਕਾਂ ਨੇ ਥਾਈ ਲੋਕਾਂ ਨੂੰ, ਜੋ ਨੌਕਰੀ ਲਈ ਵਿਦੇਸ਼ ਗਏ ਸੀ, ਵੱਡੀ ਗਿਣਤੀ ਵਿਚ ਮੁਸਲਮਾਨ ਬਣਾਇਆ। ਇਥੋਂ ਦੀ ਸਰਕਾਰ ਦਹਿਸ਼ਤ-ਗਰਦੀ ਕਾਰਵਾਈਆਂ ਉੱਤੇ ਕਰੜੀ ਨਿਗਾਹ ਰੱਖ ਰਹੀ ਹੈ। ਹੁਣੇ ਜਿਹੇ ਉਥੇ ਇਕ ਅਤਿਵਾਦੀ ਮੁਸਲਮਾਨ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ ਹੈ। ਥਾਈਲੈਂਡ ਆਰਥਕ ਪੱਖੋਂ ਇਕ ਖੁਸ਼ਹਾਲ ਮੁਲਕ ਹੈ। ਉਥੋਂ ਦੀ ਪ੍ਰਤੀ ਜੀਅ ਆਮਦਨੀ 2000 ਡਾਲਰ ਹੈ। ਇਥੇ ਚਾਵਲ ਵਧੇਰੇ ਮਾਤਰਾ ਵਿਚ ਪੈਦਾ ਹੁੰਦਾ ਹੈ ਅਤੇ ਫਲ ਬਹੁਤ ਹੁੰਦੇ ਹਨ। ਚੌਲ, ਫਲ ਤੇ ਕੱਪੜਾ ਬਾਹਰ ਭੇਜਿਆ ਜਾਂਦਾ ਹੈ। ਥਾਈਲੈਂਡ ਟੂਰਿਜ਼ਮ ਦੇ ਖੇਤਰ ਵਿਚ ਵੀ ਖਾਸ ਅਹਿਮੀਅਤ ਰਖਦਾ ਹੈ। ਏਥੇ ਹਰ ਸਾਲ ਕਰੀਬ ਇਕ ਕਰੋੜ 80 ਲੱਖ ਟੂਰਿਸਟ ਆਉਂਦੇ ਹਨ ਜਦੋਂ ਕਿ ਭਾਰਤ ਵਿਚ ਕੇਵਲ 20 ਲੱਖ ਸੈਲਾਨੀ ਆਉਂਦੇ ਹਨ। ਬੈਂਗਕੌਕ ਦਾ ਹਵਾਈ ਅੱਡਾ ਦੁਨੀਆਂ ਦੇ ਬੇਹਤਰੀਨ ਹਵਾਈ ਅੱਡਿਆਂ ਵਿਚ ਸ਼ਾਮਲ ਹੈ। ਸਾਡਾ ਨਵੀਂ ਦਿੱਲੀ ਦਾ ਹਵਾਈ ਅੱਡਾ ਤਾਂ ਉਸ ਹਵਾਈ ਅੱਡੇ ਸਾਹਮਣੇ ਰੇਲਵੇ ਸਟੇਸ਼ਨ ਲਗਦਾ ਹੈ।

ਬੈਂਗਕੌਕ ਵਿਚ ਹੋਟਲਾਂ ਦੇ ਕਮਰਿਆਂ ਦੀ ਗਿਣਤੀ 55000 ਹਜ਼ਾਰ ਹੈ ਜਿਹੜੀ ਸ਼ਾਇਦ ਸਾਰੇ ਹਿੰਦੁਸਤਾਨ ਦੇ ਹੋਟਲਾਂ ਦੀ ਵੀ ਨਹੀਂ ਹੋਵੇਗੀ। ਥਾਈਲੈਂਡ ਦਾ ਇਕ ਹੋਰ ਸ਼ਹਿਰ ਹੈ 'ਪਟਾਇਆ' ਜਿਸ ਵਿਚ ਕਰੀਬ 24000 ਹੋਟਲ ਕਮਰੇ ਹਨ। ਏਸੀ ਤਰ੍ਹਾਂ 'ਫੂਕਿਟ' ਨਾਂ ਦੇ ਸ਼ਹਿਰ ਵਿਚ 26000 ਹੋਟਲ ਕਮਰੇ ਹਨ, ਇਹ ਸਮੁੰਦਰ ਦੇ ਕਿਨਾਰੇ ਇਕ ਖੂਬਸੂਰਤ ਸ਼ਹਿਰ ਹੈ। ਮਜ਼ੇਦਾਰ ਗੱਲ ਇਹ ਹੈ ਕਿ ਉਥੇ ਹੋਟਲ ਬਹੁਤ ਸਸਤੇ ਹਨ। 20-25 ਡਾਲਰ ਵਿਚ ਪੰਜ-ਤਾਰਾ ਹੋਟਲ ਦਾ ਕਮਰਾ ਮਿਲ ਜਾਂਦਾ ਹੈ। ਟੈਕਸੀ ਵੀ ਨਾਰਮਲ ਰੇਟ ਤੇ ਮਿਲ ਜਾਂਦੀ ਹੈ। ਟੈਕਸੀ ਵਾਲੇ ਬੇਈਮਾਨੀ ਬਿਲਕੁਲ ਨਹੀਂ ਕਰਦੇ। ਉਥੇ ਮੋਟਰ-ਸਾਈਕਲ ਟੈਕਸੀ ਵੀ ਪ੍ਰਚਲਤ ਹੈ ਜਿਹੜੀ ਇਕ ਵਿਅਕਤੀ ਨੂੰ ਘੁੰਮਾਉਣ ਲਈ ਸਸਤੀ ਪੈਂਦੀ ਹੈ, ਜਿਸ ਤਰ੍ਹਾਂ ਭਾਰਤ ਦੇ ਗੋਆ ਸ਼ਹਿਰ ਵਿਚ ਵੀ ਮੋਟਰ-ਸਾਈਕਲ ਟੈਕਸੀਆਂ ਚੱਲਦੀਆਂ ਹਨ। ਬੈਂਗਕੌਕ ਵਿਚੇ ਕੋਈ ਰਿਕਸ਼ਾ, ਟਾਂਗਾ ਜਾਂ ਹੱਥ-ਰੇੜੀ ਨਹੀਂ ਚਲਦੀ ਭਾਵ ਇਹ ਕਿ ਘੱਟ ਰਫਤਾਰ

ਵਾਲੀਆਂ ਗੱਡੀਆਂ ਨਹੀਂ ਹਨ। ਥਾਈਲੈਂਡ ਦੇ ਲੋਕ ਵੀ ਬਹੁਤ ਅੱਛੇ ਸੁਭਾਅ ਦੇ ਅਤੇ ਮਿਲਣਸਾਰ ਹਨ। ਉਹਨਾਂ ਦੇ ਭਾਰਤੀ ਜਾਂ ਹੋਰ ਮੁਲਕਾਂ ਦੇ ਲੋਕਾਂ ਨਾਲ ਵੀ ਬੜੇ ਅੱਛੇ ਸਬੰਧ ਹਨ। ਉਹ ਉਹਨਾਂ ਨਾਲ ਈਰਖਾ ਨਹੀਂ ਕਰਦੇ। ਉਹ ਅੱਛੇ ਮਹਿਮਾਨ ਨਿਵਾਜ਼ ਹਨ। ਉਥੋਂ ਦੀਆਂ ਸੜਕਾਂ ਬੜੀਆਂ ਵਧੀਆਂ ਬਣੀਆਂ ਹੋਈਆਂ ਹਨ ਖਾਸ ਕਰਕੇ ਜਿਨ੍ਹਾਂ ਨੂੰ Super roads ਕਿਹਾ ਜਾਂਦਾ ਹੈ। ਮੈਟਰੋ-ਰੇਲ ਉਥੇ ਬੜੀ ਕਾਮਯਾਬ ਹੈ ਜਿਸ ਵਾਸਤੇ ਉੱਚਾ ਟਰੈਕ ਬਣਾਇਆ ਗਿਆ ਹੈ ਤੇ ਮੈਟਰੋ-ਰੇਲ ਉਪਰੋਂ-ਉਪਰ ਲੰਘ ਜਾਂਦੀ ਹੈ ਹੇਠਾਂ ਸੜਕੀ ਆਵਾਜਾਈ ਚਲਦੀ ਰਹਿੰਦੀ ਹੈ। ਥਾਈਲੈਂਡ ਵਿਚ ਨੇਪਾਲੀ ਲੋਕਾਂ ਦੀ ਗਿਣਤੀ ਵੀ ਕਾਫੀ ਹੈ। ਜਿਹੜੇ ਬਰਮਾ ਤੋਂ ਏਥੇ ਆਏ ਹਨ। ਉਹ ਘਰਾਂ ਵਿਚ ਵਧੇਰੇ ਕਰਕੇ ਕੰਮ ਕਰਦੇ ਹਨ। ਨੇਪਾਲੀ ਲੜਕੀਆਂ ਦੇ ਲੜਕੇ ਘਰਾਂ ਵਿਚ ਕੰਮ ਕਰਦੇ ਆਮ ਦੇਖੇ ਜਾ ਸਕਦੇ ਹਨ। ਥਾਈਲੈਂਡ ਜਿਥੇ ਇਕ ਪਾਸੇ ਆਪਣੇ ਖ਼ੂਬਸੂਰਤੀ ਤੇ ਮਹਿਮਾਨ-ਨਿਵਾਜ਼ੀ ਕਰਕੇ ਦੁਨੀਆਂ ਭਰ ਵਿਚ ਪ੍ਰਸਿੱਧ ਹੈ ਉਥੇ ਉਹ ਏਡਜ਼ ਦੇ ਪ੍ਰਤੀ ਵੀ ਬੜਾ ਜਾਗਰੂਕ ਹੈ। ਉਥੇ ਸੈਲਾਨੀਆਂ ਦਾ ਬਾਕਾਇਦਾ ਖ਼ੂਨ ਟੈਸਟ ਕੀਤਾ ਜਾਂਦਾ ਹੈ ਤੇ ਥੋੜ੍ਹਾ ਵੀ ਸ਼ੱਕ ਪੈਣ ਤੇ ਕਿਸੇ ਵੀ ਸੈਲਾਨੀ ਨੂੰ ਉਥੇ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ।

ਥਾਈਲੈਂਡ ਵਿਚ ਹਿੰਦੁਸਤਾਨੀਆਂ ਦੀ ਬੜੀ ਇੱਜ਼ਤ ਅਤੇ ਮਾਣ-ਸਤਿਕਾਰ ਹੈ। ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਦੀ ਵੀ ਉਥੇ ਬੜਾ ਵੱਕਾਰ ਤੇ ਸਤਿਕਾਰ ਹੈ। ਉਹਨਾਂ ਦੀ ਸਰਕਾਰੇ-ਦਰਬਾਰੇ ਵੀ ਬੜੀ ਪੁੱਛ-ਪ੍ਰਤੀਤ ਹੈ। ਕਹਿੰਦੇ ਹਨ ਕਿ ਇਕ ਵਾਰੀ ਇਕ ਪੰਜਾਬੀ ਵੀ ਉਥੋਂ ਦਾ ਚੀਫ ਜਸਟਿਸ ਬਣਿਆ ਸੀ ਜਿਹੜਾ ਪਹਿਲਾਂ ਕਦੀ ਸਰਦਾਰ ਸੰਤਾ ਸਿੰਘ ਨਾਂ ਨਾਲ ਪ੍ਰਸਿੱਧ ਸੀ ਪਰ ਬਾਅਦ ਵਿਚ ਉਹ ਮੋਨਾ ਹੋ ਗਿਆ ਸੀ ਤੇ ਉਹਨੇ ਆਪਣਾ ਨਾਂ ਵੀ ਸ਼ਾਂਤੀ ਰੱਖ ਲਿਆ। ਸੇਠ ਤਰਲੋਕ ਸਿੰਘ ਉਥੋਂ ਦੀ ਇਕ ਜਾਣੀ-ਪਛਾਣੀ ਸ਼ਖਸੀਅਤ ਹੈ ਜਿਸ ਦੀ ਉਥੋਂ ਸਮਾਜ ਦੇ ਹਰ ਤਬਕੇ ਵਿਚ ਬੜੀ ਮਾਨਤਾ ਹੈ। ਉਹ ਕਦੇ ਸੁਭਾਸ਼ ਚੰਦਰ ਬੋਸ ਦੇ ਨਾਲ ਰਹੇ ਸਨ ਆਜ਼ਾਦੀ ਦੀ ਲੜਾਈ ਵੇਲੇ ਉਥੋਂ ਸਮਾਜ ਦੇ ਹਰ ਤਬਕੇ ਦੇ ਭਾਰਤੀਆਂ ਨੇ ਸੁਭਾਸ਼ ਚੰਦਰ ਬੋਸ ਦੀ ਬੜੀ ਮਦਦ ਕੀਤੀ ਸੀ। ਉਹਨਾਂ ਨੂੰ ਬੜਾ ਪੈਸਾ ਦਿੱਤਾ ਸੀ ਤਾਂ ਕਿ ਆਜ਼ਾਦ ਹਿੰਦ ਫੌਜ ਨੂੰ ਵਧੇਰੇ ਮਜ਼ਬੂਤ ਬਣਾਇਆ।

ਵਿਸ਼ਵ ਪੰਜਾਬੀ ਸੰਸਥਾ ਥਾਈਲੈਂਡ ਚੈਪਟਰ ਜਿਹੜੀ ਭਾਰਤ ਦੀ ਵਿਸ਼ਵ ਪੰਜਾਬੀ ਸੰਸਥਾ ਨਾਲ ਸਬੰਧਤ ਹੈ ਤੇ ਸਮਾਜ ਤੇ ਪੰਜਾਬੀਆਂ ਅਤੇ ਖਾਸ ਕਰਕੇ ਸਿੱਖਾਂ ਦੇ ਹਿੱਤਾਂ ਦੀ ਰਾਖੀ ਲਈ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੇ ਯੋਗ ਲਈ ਬੜਾ ਕੰਮ ਕਰ ਰਹੀ ਹੈ। ਉਸੇ ਦੇ ਪ੍ਰਧਾਨ ਸਰਦਾਰ ਨਰੋਤਮ ਸਿੰਘ ਨਾਰੰਗ ਇਕ ਬਹੁਤ ਹੀ ਮਿਹਨਤੀ ਇਨਸਾਨ ਹਨ ਜਿਨ੍ਹਾਂ ਦਾ ਉਥੇ ਬੜਾ ਰਸੂਖ ਹੈ ਤੇ ਉਹਨਾਂ ਦੀ ਰਹਿਨੁਮਾਈ ਵਿਚ ਵਿਸ਼ਵ ਪੰਜਾਬੀ ਸੰਸਥਾ ਨੇ ਆਪਣੀ ਵਧੀਆਂ ਥਾਂ ਬਣਾਈ ਹੈ। ਸਿੱਖਾਂ ਦੀ ਬਾਦਸ਼ਾਹ ਕੋਲ ਵੀ ਕਾਫੀ ਕਦਰ ਹੈ। ਉਥੇ ਹਿੰਦੂ ਸਮਾਜ ਨਾਂ ਵੀ ਇਕ ਸੰਸਥਾ ਹੈ ਜਿਸ ਦੇ ਪ੍ਰਧਾਨ ਸ੍ਰੀ ਸਥੀਤ ਕੁਮਾਰ ਪਾਹਵਾ ਹਨ। ਇਹ ਕਮੇਟੀ ਉਥੋਂ ਦੇ ਇਕ ਪ੍ਰਸਿੱਧ ਮੰਦਰ ਦਾ ਪ੍ਰਬੰਧ ਦੇਖਦੀ ਹੈ ਅਤੇ ਉਹਨਾਂ ਦੇ ਮੈਂਬਰ ਵੀ ਬਾਕੀ ਸੰਸਥਾਵਾਂ ਨਾਲ ਤਾਲਮੇਲ ਬਣਾਕੇ ਰੱਖਦੇ ਹਨ।

20 ਸਤੰਬਰ ਨੂੰ ਭਾਰਤੀ ਮੂਲ ਦੇ ਵਾਸੀਆਂ ਨੇ ਰਲ ਕੇ ਵਿਸ਼ਵ ਧਰਮ ਸੰਮੇਲਨ ਦਾ ਆਯੋਜਨ ਕੀਤਾ ਸੀ ਜਿਸ ਦੇ ਰੂਹੇ-ਰਵਾਂ ਸ੍ਰੀ ਕਿੱਟੀ ਨਾਵਾਨੀ ਅਤੇ ਵਿਸ਼ਵ ਪੰਜਾਬੀ ਸੰਸਥਾ ਦੇ ਪ੍ਰਧਾਨ ਸ੍ਰ: ਨਰੋਤਮ ਸਿੰਘ ਨਾਰੰਗ ਸਨ। ਇਸ ਸੰਮੇਲਨ ਵਿਚ ਦੁਨੀਆਂ ਭਰ ਤੋਂ ਧਾਰਮਕ ਸ਼ਖ਼ਸੀਅਤਾਂ ਅਤੇ ਵਿਦਵਾਨਾਂ ਨੂੰ ਸੱਦਾ ਦਿੱਤਾ ਗਿਆ ਸੀ। ਇਸ ਸੰਮੇਲਨ ਦਾ ਮਕਸਦ ਸਾਰੇ

ਧਰਮਾਂ ਦੀਆਂ ਚੰਗੀਆਂ ਤੇ ਸਾਂਝੀਆਂ ਗੱਲਾਂ ਨੂੰ ਸਾਹਮਣੇ ਲਿਆਉਣ ਸੀ ਤਾਂ ਕਿ ਉਹਨਾਂ ਦੀ ਆਪਸੀ ਸਾਂਝ ਨੂੰ ਵਧਾਇਆ ਜਾ ਸਕੇ ਅਤੇ ਵੱਖ ਵੱਖ ਧਰਮਾਂ ਪ੍ਰਤੀ ਜਿਹੜੇ ਭਰਮ ਭੁਲੇਖੇ ਪੈਦਾ ਹੋ ਚੁੱਕੇ ਹਨ ਉਹਨਾਂ ਨੂੰ ਲਗਦੀ ਵਾਹੇ ਦੂਰ ਦੀਤਾ ਜਾ ਸਕੇ ਅਤੇ ਇਕ ਅਜਿਹਾ ਮਾਹੌਲ ਕਾਇਮ ਹੋ ਸਕੇ ਜਿਸ ਵਿਚ ਲੋਕ ਆਪਸੀ ਰੰਜਸ਼ਾਂ, ਸੌੜੇ ਹਿੱਤਾਂ ਤੇ ਕੱਟੜਪੁਣੇ ਤੋਂ ਉਪਰ ਉਠ ਕੇ ਸਰਬ ਵਿਆਪਕ ਸ਼ਾਂਤੀ ਅਤੇ ਭਾਈਚਾਰੇ ਦੀ ਭਾਵਨਾ ਪੈਦਾ ਕੀਤਾ ਜਾ ਸਕੇ ਤਾਂ ਕਿ ਦੁਨੀਆਂ ਵਿਚ ਸ਼ਾਂਤੀ ਦਾ ਮਾਹੌਲ ਬਣ ਸਕੇ। ਮੈਨੂੰ ਉਚੇਰੇ ਤੌਰ ਤੇ ਉਥੇ ਬੋਲਣ ਲਈ ਸਦਾ ਦਿੱਤਾ ਗਿਆ ਤੇ ਮੈਂ ਆਪਣੇ ਵਿਚਾਰ ਗੁਰੂ ਨਾਨਕ ਸਾਹਿਬ ਦੇ ਉਪਦੇਸ਼ਾਂ ਤੇ ਬਾਣੀ ਦੇ ਆਧਾਰ ਤੇ ਪੇਸ਼ ਕੀਤੇ ਅਤੇ ਦੱਸਿਆ ਕਿ ਸਿੱਖ ਧਰਮ ਸਭ ਤੋਂ ਆਧੁਨਿਕ ਧਰਮ ਹੈ ਜਿਸ ਵਿਚ ਸਾਰੇ ਧਰਮਾਂ ਪ੍ਰਤੀ ਸਤਿਕਾਰ ਹੈ ਤੇ ਇਸ ਵਿਚ ਸਭ ਧਰਮਾਂ ਦੀਆਂ ਚੰਗੀਆਂ ਤੇ ਸਾਂਝੀਆਂ ਗਲਾਂ ਸ਼ਾਮਲ ਹਨ। ਜਿਹੜੀਆਂ ਮਨੁੱਖ ਜਾਤੀ ਨੂੰ ਆਪਸੀ ਪ੍ਰੇਮ-ਪਿਆਰ, ਸਾਂਝੀਵਾਲਤਾ ਤੇ ਬਰਾਬਰਤਾ ਦਾ ਸੰਦੇਸ਼ ਦੇਂਦੀਆਂ ਹਨ। ਇਸ ਤਰ੍ਹਾਂ ਵਿਸ਼ਵ ਧਰਮ ਸੰਮੇਲਨ ਵਿਚ ਵੱਖ-ਵੱਖ ਧਰਮਾਂ ਵਿਚ ਦੂਸਰੇ ਧਰਮਾਂ ਪ੍ਰਤੀ ਆਸਥਾ ਤੇ ਮਨੁੱਖਤਾ ਦੀ ਭਲਾਈ ਬਾਰੇ ਡੂੰਘੀ ਚਰਚਾ ਹੋਈ ਅਤੇ ਇਸੇ ਸੰਦੇਸ਼ ਨੂੰ ਸਾਰੇ ਮੁਲਕਾਂ ਵਿਚ ਫੈਲਾਉਣ ਦੀ ਲੋੜ ਮਹਿਸੂਸ ਕੀਤੀ ਗਈ।

ਇਸ ਸੰਮੇਲਨ ਵਿਚ ਸ਼ੰਕਰਚਾਰੀਆ, ਰਿਸ਼ੀਕੇਸ਼ ਤੋਂ ਮੁਨੀ ਜੀ, ਸਿੰਘ ਸਾਹਿਬ ਭਾਈ ਮਨਜੀਤ ਸਿੰਘ ਅਤੇ ਹੋਰ ਕਈ ਵਿਦੇਸ਼ਾਂ ਦੇ ਵਿਦਵਾਨ ਸ਼ਾਮਲ ਹੋਏ। ਮੇਰੇ ਸਨਮਾਨ ਵਿਚ ਵਿਸ਼ਵ ਪੰਜਾਬੀ ਸੰਸਥਾ ਵਲੋਂ ਦਿੱਤੇ ਗਏ ਸਮਾਗਮ ਵਿਚ ਮੈਂ ਹਿੰਦੂ ਅਤੇ ਸਿੱਖਾਂ ਦੇ ਪੰਜਾਬ ਦੇ ਸਾਂਝੇ ਕਲਚਰ ਅਤੇ ਪੰਜਾਬ ਦੇ ਸ਼ਾਨਦਾਰ ਪਛੋਕੜ ਬਾਰੇ ਦੱਸਿਆ। ਸੰਘੋਲ ਦੀ ਖੋਜ ਦੀ ਜਾਣਕਾਰੀ ਦਿਤੀ। ਜਿਹੜਾ ਟੈਕਸਲਾ, ਮੋਹਿੰਜੋਦੜੋ ਤੇ ਹੜੱਪਾ ਨਾਲ ਮਿਲਦੀ ਹੈ। ਹਿੰਦੂ ਸੰਮੇਲਨ ਵੱਲੋਂ ਰੱਖੇ ਸਮਾਗਮ ਵਿਚ ਵੀ ਮੈਂ ਦੇਸ਼ ਤੋਂ ਬਾਹਰ ਵਸਦੀ ਭਾਰਤੀ ਜਨਤਾ ਨੂੰ ਇਕੱਠੇ ਰਹਿਣ ਲਈ ਕਿਹਾ। ਗੁਰਦੁਆਰਾ ਸਿੰਘ ਸਭਾ ਕਮੇਟੀ, ਥਾਈਲੈਂਡ ਨਾਲ ਬੜੀਆਂ ਚੰਗੀਆਂ ਵਿਚਾਰਾਂ ਹੋਈਆਂ ਅਤੇ ਨਾਮਧਾਰੀ ਗੁਰਦੁਆਰੇ ਵਿਚ ਬੁਲਾਕੇ ਮੈਨੂੰ ਸਿਰੋਪਾ ਦਿੱਤਾ ਗਿਆ। ਥਾਈਲੈਂਡ ਜਾਣ ਲਈ ਕੇਵਲ 3½ ਘੰਟੇ ਲਗਦੇ ਹਨ ਤੇ 1½ ਘੰਟੇ ਦੇ ਵਕਤ ਦਾ ਵੀ ਫਰਕ ਹੈ। ਬੈਂਗਕੌਕ ਆਣ-ਜਾਣ ਦਾ ਕਿਰਾਇਆ ਮਦਰਾਸ, ਹੈਦਰਾਬਾਦ ਜਾਂ ਕੋਚੀਨ ਜਾਣ ਨਾਲੋਂ ਵੀ ਘੱਟ ਹੈ। ਇਸ ਲਈ ਬਹੁਤ ਸਾਰੇ ਭਾਰਤੀ ਉਥੇ ਜਾਂਦੇ ਰਹਿੰਦੇ ਹਨ।

ਮੈਨੂੰ ਖੁਸ਼ੀ ਹੈ ਕਿ ਮੇਰੇ ਪਰਮ ਮਿਤਰ ਸ. ਸੁਰਿੰਦਰ ਸਿੰਘ ਮਨਚੰਦਾ ਬੈਂਕਾਕ ਵਿਚ ਕਾਰੋਬਾਰ ਕਰਦੇ ਹਨ—ਨਾਮਧਾਰੀ ਗੁਰੂ ਜਗਜੀਤ ਸਿੰਘ ਜੀ ਦੇ ਵਡੇ ਸ਼ਰਧਾਲੂ ਹਨ-ਹਰ ਆਏ ਗਏ ਦੀ ਖਾਤਰ ਕਰਦੇ ਹਨ—ਵਡੇ ਰਸੂਖ ਵਾਲੇ ਹਨ।

# ਨਿਊ ਮੈਕਸੀਕੋ ਵਿਚ ਵਿਸ਼ਵ ਅਮਨ ਪ੍ਰੇਡ

ਪਿਛਲੇ 30 ਸਾਲਾਂ ਤੋਂ ਮੈਂ ਪੰਜਾਬੀਆਂ ਨੂੰ ਤੇ ਖਾਸ ਕਰਕੇ ਸਿੱਖਾਂ ਨੂੰ ਲਗਾਤਾਰ ਯੋਗੀ ਭਜਨ ਜੀ ਦੇ ਕੀਤੇ ਕੰਮਾਂ ਦੀ ਜਾਣਕਾਰੀ ਦਿੰਦਾ ਰਿਹਾ ਹਾਂ। ਕਈ ਵਾਰੀ ਤਾਂ ਏਦਾਂ ਆਪਣੇ ਆਪ ਵਿਚ ਸੋਚਦਾ ਹਾਂ ਕਿ ਮੈਂ ਜਿਵੇਂ ਯੋਗੀ ਜੀ ਦਾ ਲੋਕ ਸੰਪਰਕ ਅਫਸਰ ਹਾਂ ਤੇ ਇਹ ਮੇਰੀ ਡਿਊਟੀ ਹੈ ਕਿ ਮੈਂ ਉਨ੍ਹਾਂ ਦੇ ਕੀਤੇ ਕੰਮਾਂ ਦਾ ਪ੍ਰਚਾਰ ਕਰਾਂ। ਪਰ ਜਦ ਮੈਂ ਦਿਲੋਂ ਸੋਚਦਾ ਹਾਂ ਤਾਂ ਮੈਨੂੰ ਇਹ ਮਹਿਸੂਸ ਹੁੰਦਾ ਹੈ ਕਿ ਵਾਹਿਗੁਰੂ ਮੇਰੇ ਤੋਂ ਇਹ ਕੰਮ ਲੈ ਰਿਹਾ ਹੈ ਕਿ ਹਜ਼ਾਰਾਂ ਮੀਲ ਪੰਜਾਬ ਤੋਂ ਦੂਰ ਕੀ ਵਾਪਰ ਰਿਹਾ ਹੈ ਤੇ ਉਸ ਬਾਰੇ ਮੈਂ ਆਪਣੇ ਦੇਸ਼ ਵਾਸੀਆਂ ਅਤੇ ਕੌਮ ਦੇ ਲੋਕਾਂ ਤਕ ਖ਼ਬਰ ਪਹੁੰਚਾਵਾਂ। ਮੈਂ ਵੈਸੇ ਤਾਂ ਵਿਦੇਸ਼ਾਂ ਵਿਚ ਵਸਦੇ ਪੰਜਾਬੀ, ਚਾਹੇ ਉਹ ਕਿਸੇ ਦੇਸ਼ ਵਿਚ ਹੋਣ ਉਹਨਾਂ ਬਾਰੇ ਲਿਖਣ ਦੇ ਯਤਨ ਕੀਤੇ ਹਨ। ਮੈਨੂੰ ਦੁਨੀਆਂ ਭਰ ਵਿਚ ਜਾਣ ਦਾ ਅਵਸਰ ਮਿਲਦਾ ਰਹਿੰਦਾ ਹੈ ਅਤੇ ਮੈਂ ਹਮੇਸ਼ਾਂ ਪੰਜਾਬੀਆਂ ਨੂੰ ਮਿਲਦਾ ਹਾਂ ਤੇ ਵੱਧ ਤੋਂ ਵੱਧ ਉਨਾਂ ਬਾਰੇ ਜਾਣਕਾਰੀ ਦਿੰਦਾ ਹਾਂ। 17 ਸਾਲ ਪਹਿਲਾਂ ਜਦ ਮੈਂ ਅਰਜਨਟਾਈਨਾ ਦੇਸ਼ ਵਿਚ ਉਥੋਂ ਦੇ ਸੂਬੇ ਵਿਚ ਵਸਦੇ ਪੰਜਾਬੀਆਂ ਬਾਰੇ ਲਿਖਿਆ ਤਾਂ ਲੋਕ ਹੈਰਾਨ ਹੋ ਗਏ ਕਿ ਦੱਖਣੀ ਅਮਰੀਕਾ ਵਿਚ ਇੱਥੋਂ ਸਭ ਤੋਂ ਦੂਰ ਇਲਾਕੇ ਵਿਚ ਲੁਧਿਆਣੇ ਅਤੇ ਮੋਗੇ ਦੇ ਸਿੱਖਾਂ ਨੇ ਸਾਰੇ ਸਾਲਟਾ ਸੂਬੇ ਦੀ ਜ਼ਮੀਨ ਖਰੀਦ ਰੱਖੀ ਹੈ ਅਤੇ ਉੱਥੇ ਛਾ ਗਏ ਹਨ।

ਯੋਗੀ ਭਜਨ ਨੇ ਜੋ ਕਰਾਮਾਤੀ ਕੰਮ ਕੀਤਾ ਹੈ, ਉਹ ਇਹ ਹੈ ਕਿ ਅਮਰੀਕਨ ਲੋਕਾਂ ਨੂੰ ਸਿੱਖੀ ਨਾਲ ਜੋੜਨਾ। ਆਮ ਲੋਕ ਹਾਲਾਂ ਵੀ ਇਸ ਕਰਿਸ਼ਮੇ ਤੋਂ ਨਾਵਾਕਫ ਹਨ। ਬੜੇ ਘੱਟ ਲੋਕਾਂ ਨੂੰ ਅਵਸਰ ਮਿਲਦਾ ਹੈ। ਸਭ ਤੋਂ ਪਹਿਲਾਂ ਸ. ਹੁਕਮ ਸਿੰਘ ਸਾਬਕਾ ਸਪੀਕਰ ਅਤੇ ਗਵਰਨਰ ਨੇ 1971 ਵਿਚ ਅਮਰੀਕਾ ਜਾ ਕੇ ਯੋਗੀ ਜੀ ਦੇ ਕੰਮ ਨੂੰ ਵੇਖਿਆ। ਉਸ ਪਿੱਛੋਂ ਸ. ਕਪੂਰ ਸਿੰਘ ਆਈ.ਸੀ.ਐਸ. ਨੇ ਉੱਥੇ ਯੋਗੀ ਜੀ ਦੇ ਆਸ਼ਰਮ ਵਿਚ ਰਹਿ ਕੇ ਅਮਰੀਕਨ ਸਿੱਖਾਂ ਨੂੰ ਮਿਲ ਕੇ ਇਸ ਕਰਿਸ਼ਮੇ ਨੂੰ ਪ੍ਰਤੱਖ ਰੂਪ ਵਿਚ ਵਰਨਣ ਕੀਤਾ। ਪਿੱਛੇ ਜਿਹੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਦੋਂ ਦੇ ਉਪ-ਕੁਲਪਤੀ ਸ. ਹਰਭਜਨ ਸਿੰਘ ਸੋਚ ਅਤੇ ਉਸ ਤੋਂ ਪਹਿਲਾਂ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਮਾਲਕ ਭੌਤਿਕ ਵਿਗਿਆਨੀ ਡਾ. ਹਰਦੇਵ ਸਿੰਘ ਵਿਰਕ ਨੇ ਲੇਖ ਲਿਖੇ ਕਿ ਜੇ ਸਿੱਖਾਂ ਨੇ ਸਵਰਗ ਦੇਖਣਾ ਹੈ ਤਾਂ ਉਹ ਯੋਗੀ ਜੀ ਦੇ ਹੈੱਡਕੁਆਰਟਰ ਐਸਪਾਨੋਲਾ ਜੋ ਅਮਰੀਕਾ ਦੀ ਰਿਆਸਤ ਨਿਊ ਮੈਕਸੀਕੋ ਵਿਚ ਹੈ, ਜਾ ਕੇ ਵੇਖਣ। ਅਕਾਲ ਤਖ਼ਤ ਦੇ ਤਕਰੀਬਨ ਸਾਰੇ ਜਥੇਦਾਰ ਸਾਹਿਬਾਨ ਅਤੇ ਪੰਥ ਦੇ ਪ੍ਰਸਿੱਧ ਕੀਰਤਨੀ ਜਥੇ ਅਤੇ ਕਈ ਉੱਚ ਕੋਟੀ ਦੇ ਵਿਦਵਾਨ ਆਪ ਇਹ ਜਾ ਕੇ ਵੇਖ ਕੇ ਆਏ ਹਨ। ਡਾ. ਜਸਬੀਰ ਸਿੰਘ ਆਹਲੂਵਾਲੀਆਂ, ਪ੍ਰੋ: ਪ੍ਰਿਥੀਪਾਲ ਸਿੰਘ ਕਪੂਰ, ਡਾ. ਜਸਪਾਲ ਸਿੰਘ ਸਾਬਕਾ ਰਾਜਦੂਤ, ਡਾ. ਸੁਤਿੰਦਰ ਸਿੰਘ ਨੂਰ ਆਦਿ ਕਈ ਵਿਦਵਾਨ ਉੱਥੇ ਜਾ ਚੁੱਕੇ ਹਨ।

ਯੋਗੀ ਜੀ ਨੇ ਹੁਣ ਇਕ ਨਵੀਂ ਕਾਢ ਕੱਢੀ ਹੈ ਜਿਸ ਨੂੰ ਉਹ ਹਰ ਸਾਲ ਵਿਸ਼ਵ ਅਮਨ ਪ੍ਰਾਰਥਨਾ ਦਿਵਸ ਦੇ ਨਾਂ ਨਾਲ ਮਨਾਉਂਦੇ ਹਨ। ਜੂਨ ਦੇ ਤੀਜੇ ਹਫਤੇ ਹਰ ਸਾਲ ਇਹ ਸਮਾਗਮ ਕਰਦੇ ਹਨ ਜਿਸ ਵਿਚ ਅਮਰੀਕਾ, ਕੈਨੇਡਾ ਅਤੇ ਯੂਰਪ ਦੇ ਤਕਰੀਬਨ 10000

ਲੋਕ ਸ਼ਾਮਿਲ ਹੁੰਦੇ ਹਨ। ਇਨ੍ਹਾਂ ਦਾ ਇਹ ਉਪਰਾਲਾ ਸਿੱਖ ਧਰਮ ਨੂੰ ਇਕ ਨਵੇਂ ਰੂਪ ਵਿਚ ਆਮ ਜਨਤਾ ਦੇ ਸਾਹਮਣੇ ਪ੍ਰਗਟ ਕਰਨ ਵਿਚ ਸਹਾਈ ਹੋ ਰਿਹਾ ਹੈ। ਇਸ ਸਮਾਗਮ ਵਿਚ ਉਹ ਅਮਨ ਦੇ ਲਈ ਯਤਨ ਕਰ ਰਹੇ ਨਾਮਵਰ ਲੋਕਾਂ ਦਾ ਸਨਮਾਨ ਕਰਦੇ ਹਨ। ਉੱਚ ਕੋਟੀ ਦੇ ਲੇਖਕ, ਸਾਹਿਤਕਾਰ, ਉੱਚ ਕੋਟੀ ਦੇ ਅਮਰੀਕਾ ਦੀਆਂ ਵੱਡੀਆਂ ਕੰਪਨੀਆਂ ਦੇ ਮਾਲਕ ਅਤੇ ਕਈ ਗੈਰ-ਸਰਕਾਰੀ ਸੰਗਠਨਾਂ ਦੇ ਪ੍ਰਧਾਨ ਇਥੇ ਇਨਾਮ ਪ੍ਰਾਪਤ ਕਰਦੇ ਹਨ। ਇਹ ਲੋਕ ਉਹ ਹਨ ਜਿਨ੍ਹਾਂ ਨੂੰ ਕਦੇ ਵੀ ਸਿੱਖਾਂ ਬਾਰੇ ਕੋਈ ਜਾਣਕਾਰੀ ਨਹੀਂ ਪਰ ਜਦੋਂ ਉਹ ਸਿੱਖ ਸਮਾਗਮ ਵਿਚ ਸਮਾਗਮ ਵਿਚ ਇਨਾਮ ਲੈਣ ਕਰਕੇ ਆਉਂਦੇ ਹਨ ਅਤੇ ਸਾਰਾ ਦਿਨ ਸਮਾਗਮ ਵਿਚ ਬੈਠਦੇ ਹਨ ਤਾਂ ਉਹ ਸਿੱਖ ਧਰਮ ਬਾਰੇ ਪ੍ਰਭਾਵਤ ਹੋ ਕੇ ਜਾਂਦੇ ਹਨ। ਸਮਾਗਮ ਸਾਰਾ ਅੰਗਰੇਜ਼ੀ ਜ਼ੁਬਾਨ ਵਿਚ ਕੀਤਾ ਜਾਂਦਾ ਹੈ। ਸ਼ਬਦ ਅਮਰੀਕਨ ਸਿੱਖ ਪੜ੍ਹਦੇ ਹਨ ਜਿਨ੍ਹਾਂ ਦੀਆਂ ਸੁਰਾਂ ਉੱਥੋਂ ਦੇ ਲੋਕ ਚੰਗੀ ਤਰ੍ਹਾਂ ਸਮਝਦੇ ਹਨ। ਕਈ ਅਮਰੀਕਨ ਸਿੱਖ ਇਸ ਵੇਲੇ ਸਿੱਖ ਸਿਧਾਂਤ ਦੇ ਉੱਚ ਪੱਧਰ ਦੇ ਵਿਆਖਿਆਕਾਰ ਬਣ ਚੁੱਕੇ ਹਨ। ਉਹ ਭਾਸ਼ਨ ਕਰਦੇ ਹਨ। ਯੋਗਾ ਜੋ ਇਸ ਵਕਤ ਸਾਰੇ ਅਮਰੀਕਾ, ਯੂਰਪ ਵਿਚ ਯੋਗੀ ਜੀ ਨੇ ਪ੍ਰਚਲਤ ਕੀਤਾ ਹੈ, ਉਹ ਉੱਥੇ ਕੀਤਾ ਜਾਂਦਾ ਹੈ ਅਤੇ ਸਾਰੇ ਦਰਸ਼ਕ ਉਸ ਦੇ ਵਿਚ ਸ਼ਾਮਿਲ ਹੋ ਕੇ ਆਨੰਦ ਮਾਣਦੇ ਹਨ। ਯੋਗੀ ਜੀ ਦਾ ਭਾਸ਼ਨ ਇਕ ਜਾਦੂ ਜ਼ੁਬਾਨ ਵਿਚ ਅਸਰ ਛੱਡਦਾ ਹੈ। ਜੋ ਸਭ ਤੋਂ ਵੱਡਾ ਯੋਗੀ ਜੀ ਦੇ ਵਿਚ ਗੁਣ ਵੇਖਿਆ ਹੈ ਉਹ ਹੈ ਕਿ ਅੰਗਰੇਜ਼ੀ ਜ਼ੁਬਾਨ ਵਿਚ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਕਰਨਾ। ਯੋਗੀ ਜੀ ਆਪਣੇ ਭਾਸ਼ਨ ਵਿਚ ਯੋਗਾ ਕਰਾ ਕੇ ਸਤਿਨਾਮ-ਸਤਿਨਾਮ ਦੀ ਧੁਨ ਅਮਰੀਕਨਾਂ ਤੋਂ ਬੁਲਵਾਉਂਦੇ ਹਨ। ਵਾਤਾਵਰਣ ਇੰਜ ਲਗਦਾ ਹੈ ਕਿ ਜਿਵੇਂ ਪੰਜਾਬ ਵਿਚ ਬੈਠੀ ਸੰਗਤ ਸਤਿਗੁਰੂ ਦੇ ਧਿਆਨ ਵਿਚ ਹੈ।

ਇਸ ਇਕੱਠ ਵਿਚ ਹਾਲੀਵੁੱਡ ਦੇ ਕਈ ਕਲਾਕਾਰ ਤੇ ਲਾਸ ਏਂਜਲਸ ਦਾ ਸਭ ਤੋਂ ਵੱਡਾ ਸਵਰਨਕਾਰ ਮਿਸਟਰ ਜੈਰੀ ਆਪਣੀ ਪਤਨੀ ਸਮੇਤ ਸ਼ਾਮਿਲ ਸੀ। ਸਾਧਵੀ ਭਗਵਤੀ ਜਿਸ ਨੂੰ 'ਮਾਂ' ਕਰਕੇ ਪੁਕਾਰਿਆ ਜਾਂਦਾ ਹੈ ਤੇ ਜਿਸ ਦੀ ਰੱਜ ਕੇ ਮਹਿਮਾ ਹੁੰਦੀ ਹੈ, ਉਹ ਵੀ ਇਸ ਸਮਾਗਮ ਵਿਚ ਦਰਸ਼ਕਾਂ ਲਈ ਖਿੱਚ ਦਾ ਕਾਰਨ ਬਣੀ ਸੀ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਆਗੂ ਭਾਈ ਡਾ.ਹਰਬੰਸ ਲਾਲ, ਜੋ ਉੱਥੇ ਸ਼ਾਮਿਲ ਸਨ, ਨੇ ਮੈਨੂੰ ਦੱਸਿਆ ਕਿ ਪਿਛਲੇ ਸਾਲ ਯੋਗੀ ਜੀ ਨੇ ਅਮਰੀਕਾ ਦੀ ਉੱਘੀ ਲੇਖਕਾ ਸ੍ਰੀਮਤੀ ਲਾਇਨਲਾ ਵਾਜ਼ੰਟ ਨੂੰ ਇਹ ਇਨਾਮ ਦਿੱਤਾ ਸੀ ਤੇ ਉਸ ਦਾ ਸਦਕਾ ਇਸ ਸਾਲ ਜੋ ਉਨ੍ਹਾਂ ਨੇ ਧਰਮ 'ਤੇ ਇਕ ਕਿਤਾਬ ਲਿਖੀ ਹੈ, ਉਸ ਵਿਚ ਸਿੱਖ ਧਰਮ ਬਾਰੇ ਪੂਰੀ ਜਾਣਕਾਰੀ ਦਿੱਤੀ ਹੈ। ਜਿਹੜੇ ਲੋਕ ਯੋਗੀ ਜੀ ਦੇ ਸਮਾਗਮ ਵਿਚ ਪੁੱਜੇ, ਉਹ ਕਿਧਰੇ ਵੀ ਕਿਸੇ ਸਿੱਖ ਗੁਰਦੁਆਰਿਆਂ ਜਾਂ ਸਿੱਖ ਸਮਾਗਮਾਂ ਵਿਚ ਨਹੀਂ ਜਾਂਦੇ। ਇਸ ਲਈ ਮੈਂ ਇਹ ਵਿਸ਼ਵਾਸ ਨਾਲ ਸਮਝਿਆ ਹੈ ਕਿ ਸਿੰਘ ਸਾਹਿਬ ਯੋਗੀ ਹਰਭਜਨ ਸਿੰਘ ਖਾਲਸਾ ਨੇ ਇਹ ਜੋ ਨਵਾਂ ਸਿੱਖੀ ਨੂੰ ਦਰਸਾਉਣ ਦਾ ਰਸਤਾ ਪਣਾਇਆ ਹੈ, ਉਸ ਨਾਲ ਸਾਨੂੰ ਲਾਭ ਪੁੱਜ ਰਿਹਾ ਹੈ। ਇਸ ਸਾਲ ਜਿਸ ਇਸਤਰੀ ਨੂੰ ਇਨਾਮ ਦਿੱਤਾ ਗਿਆ ਹੈ ਉਹ ਹੈ ਸ੍ਰੀਮਤੀ ਅਨੀਟਾ ਰੌਡੀਕ ਜੋ ਅਰਬਾਂ ਡਾਲਰਾਂ ਨਾਲ ਚਲਾਏ ਜਾ ਰਹੇ ਅੰਤਰਰਾਸ਼ਟਰੀ ਸਟੋਰਾਂ 'ਦ ਬਾਡੀ ਸ਼ਾਪ' ਦੀ ਮਾਲਕ ਹੈ। ਉਸ ਦਾ ਉੱਥੇ ਆਉਣਾ ਹੀ ਬਹੁਤ ਵੱਡੀ ਗੱਲ ਸੀ ਤੇ ਉਹ ਆਮ ਸਿੱਖਾਂ ਲਈ ਬੜੀ ਲਾਹੇਵੰਦ ਹੋਵੇਗੀ। ਇਸ ਵਾਰ ਇਸ ਸਮਾਗਮ ਵਿਚ ਸਿੰਘ ਸਾਹਿਬ ਭਾਈ ਮਨਜੀਤ ਸਿੰਘ, ਸ.ਜੇ.ਐਸ. ਚਾਹਲ ਡਾਇਰੈਕਟਰ ਜਨਰਲ ਪੁਲੀਸ ਪੰਜਾਬ, ਸ.ਹਰਭਜਨ ਸਿੰਘ ਹਲਵਾਰਵੀ, ਸੰਪਾਦਕ, ਪੰਜਾਬੀ ਟ੍ਰਿਬਿਊਨ, ਜਥੇਦਾਰ ਅਵਤਾਰ ਸਿੰਘ ਹਿੱਤ ਪ੍ਰਧਾਨ ਤੇ ਸ. ਕੁਲਮੋਹਨ ਸਿੰਘ ਜਨਰਲ ਸਕੱਤਰ,

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ. ਹਰਦੇਵ ਸਿੰਘ, ਫੋਟੋਗਰਾਫਰ, ਸ. ਹਰਕੰਵਲਜੀਤ ਸਿੰਘ (ਅਜੀਤ)ਸ. ਸਤਿਬੀਰ ਸਿੰਘ (ਪੰਜਾਬੀ ਟ੍ਰਿਬਿਊਨ) ਸ. ਗੁਰਿੰਦਰ ਸਿੰਘ (ਅਜੀਤ) ਲੁਧਿਆਣਾ, ਸਿੰਘ ਸਾਹਿਬ ਬਾਬਾ ਦਲਜੀਤ ਸਿੰਘ ਸ਼ਿਕਾਗੋ, ਡਾ. ਕੇਹਰ ਸਿੰਘ, ਚੇਅਰਮੈਨ, ਪੰਜਾਬ ਸਕੂਲ ਐਜੂਕੇਸ਼ਨ ਬੋਰਡ ਤੇ ਉਨ੍ਹਾਂ ਦੀ ਪਤਨੀ ਸਮਾਗਮ ਦਾ ਆਨੰਦ ਮਾਣਦੇ ਰਹੇ। ਸ. ਸੁਰਿੰਦਰ ਸਿੰਘ ਮਨਚੰਦਾ ਬੈਂਕਾਕ ਤੋਂ ਉਚੇਚੇ ਇਸ ਸਮਾਗਮ ਵਿਚ ਆਏ।

ਇਹ ਸਮਾਗਮ ਐਸਪਾਨੋਲਾ ਤੋਂ ਬਾਹਰ 8 ਮੀਲ ਦੂਰ ਇਕ ਪਹਾੜੀ 'ਤੇ ਹੁੰਦਾ ਹੈ ਜਿਸ ਨੂੰ ਅਮਰੀਕਾ ਦੇ ਪੁਰਾਤਨ ਇਤਿਹਾਸ ਵਿਚ ਇਕ ਬੜੀ ਸ਼ਕਤੀ ਵਾਲੀ ਥਾਂ ਮੰਨਿਆ ਜਾਂਦਾ ਹੈ। ਇਸ ਪਹਾੜੀ ਨੂੰ ਯੋਗੀ ਜੀ ਨੇ ਮੁੱਲ ਲੈ ਲਿਆ ਹੈ ਅਤੇ ਉੱਥੇ ਰਾਮਦਾਸਪੁਰੀ ਵਸਾਉਣੀ ਆਰੰਭ ਕਰ ਦਿੱਤੀ ਹੈ। ਇਕ ਬਹੁਤ ਵੱਡਾ ਹਾਲ ਜਿਸ ਵਿਚ ਇਕ ਲੰਗਰ ਸਥਾਨ ਬਣ ਚੁੱਕਿਆ ਹੈ। ਯੋਗੀ ਜੀ ਦੀ ਆਪਣੀ ਦੋ ਮੰਜ਼ਿਲਾ ਕਾਟੇਜ ਵੀ ਬਣ ਚੁੱਕੀ ਹੈ। 8 ਅਮਰੀਕਨ ਸਿੱਖਾਂ ਦੇ ਘਰ ਉੱਥੇ ਵਸ ਰਹੇ ਹਨ। ਆਪਣੇ ਜਨਰੇਟਰ, ਟਿਊਬਵੈੱਲ ਆਦਿ ਲੱਗ ਚੁੱਕੇ ਹਨ। ਅਮਰੀਕਨ ਸਿੱਖਾਂ ਦਾ ਉੱਥੇ ਹਰ ਸਾਲ 8 ਦਿਨਾਂ ਦਾ ਕੈਂਪ ਲਗਦਾ ਹੈ ਅਤੇ ਹਰ ਕੋਈ ਆਪਣਾ ਟੈਂਟ ਨਾਲ ਲੈ ਕੇ ਆਉਂਦਾ ਹੈ। ਟੈਂਟਾਂ ਦੀ ਨਗਰੀ ਵਸ ਜਾਂਦੀ ਹੈ। ਜਿਤਨੇ ਕੈਂਪ ਵਿਚ ਰਹਿੰਦੇ ਹਨ, ਉਹ ਸਵੇਰੇ 5 ਵਜੇ ਤੋਂ ਯੋਗਾ, ਨਾਮ ਜਪਣਾ, ਕੀਰਤਨ ਦਾ ਅਭਿਆਸ ਕਰਨਾ ਆਦਿ ਸਿੱਖਦੇ ਹਨ ਤੇ ਫਿਰ ਲੈਕਚਰ ਹੁੰਦੇ ਹਨ। ਕਈ ਕਿਸਮ ਦੇ ਗਰੁੱਪ ਬਣ ਕੇ ਆਪਸ ਵਿਚ ਤਾਲਮੇਲ ਕਰਦੇ ਹਨ। ਭੋਜਨ ਜੋ ਵੈਸ਼ਨੋ ਹੁੰਦਾ ਹੈ, ਉੱਥੇ ਦਿੱਤਾ ਜਾਂਦਾ ਹੈ। ਸੈਂਕੜੇ ਕਾਰਾਂ ਦੂਰ-ਦੂਰ ਤੱਕ ਖੜੀਆਂ ਨਜ਼ਰ ਆਉਂਦੀਆਂ ਹਨ। ਇਕ ਬਹੁਤ ਵੱਡੇ ਟੈਂਟ ਹੇਠਾਂ ਇਕ ਬਾਜ਼ਾਰ ਵੀ ਲਗਾਇਆ ਜਾਂਦਾ ਹੈ ਜਿਸ ਵਿਚ ਹਰ ਕਿਸਮ ਦਾ ਸਮਾਨ, ਸਿੱਖ ਸਾਹਿਤ, ਸੰਗੀਤ ਦੇ ਕੈਸਟ, ਖੰਡੇ ਵਾਲੀਆਂ ਬਨਿਆਨਾਂ ਆਦਿ ਮਿਲਦੀਆਂ ਹਨ। ਛੋਟੇ ਬੱਚਿਆਂ ਲਈ, ਜੋ ਮਾਪੇ ਨਾਲ ਲੈ ਕੇ ਆਉਂਦੇ ਹਨ, ਰਹਿਣ ਦਾ ਵੱਖਰਾ ਪ੍ਰਬੰਧ ਹੁੰਦਾ ਹੈ। ਇਕ ਹੋਰ ਬੜੀ ਚੰਗੀ ਗੱਲ ਵੇਖਣ ਵਿਚ ਆਈ ਹੈ ਕਿ ਕਈ ਭਾਰਤੀ ਸਿੱਖਾਂ ਦੇ ਟੱਬਰ ਇਨ੍ਹਾਂ ਪ੍ਰੋਗਰਾਮਾਂ ਵਿਚ ਸ਼ਾਮਿਲ ਹੁੰਦੇ ਹਨ। ਇਸ ਵਾਰੀ 12 ਸਿੱਖ ਟੱਬਰ ਕੈਂਪ ਵਿਚ ਰਹੇ ਅਤੇ ਉਹ ਬਹੁਤ ਪ੍ਰਭਾਵਿਤ ਹੋ ਕੇ ਨਿਕਲੇ।

25 ਜੂਨ ਤੋਂ ਐਸਪਾਨੋਲਾ ਵਿਚ ਇਸਤਰੀਆਂ ਦਾ ਕੈਂਪ ਚਾਲੂ ਹੋਇਆ। ਇਸ ਵਿਚ ਅਮਰੀਕਾ ਭਰ ਤੋਂ 500 ਅਮਰੀਕਨ ਇਸਤਰੀਆਂ ਸ਼ਾਮਿਲ ਸਨ। ਇਸ ਕੈਂਪ ਵਿਚ ਇਸਤਰੀਆਂ ਨੂੰ ਖਾਸ-ਖਾਸ ਵਿਸ਼ਿਆਂ 'ਤੇ ਪੜ੍ਹਾਇਆ ਜਾਂਦਾ ਹੈ ਅਤੇ ਟਰੇਨਿੰਗ ਦਿੱਤੀ ਜਾਂਦੀ ਹੈ। ਇਹੋ ਜਿਹੇ ਕੈਂਪ ਸਿੱਖਾਂ ਨੂੰ ਆਉਂਦੇ ਸਮੇਂ ਵਿਚ ਕਿਵੇਂ ਅਮਰੀਕਾ ਵਿਚ ਰਹਿਣਾ ਤੇ ਆਪਣੀ ਅਣਖ ਬਣਾਉਣੀ ਹੈ, ਉਹ ਪੜ੍ਹਦੇ ਹਨ।

ਯੋਗੀ ਭਜਨ ਜੀ ਦਾ ਜੋ ਇਕ ਹੋਰ ਕਮਾਲ ਹੈ ਜਿਸ ਬਾਰੇ ਇਥੋਂ ਦੇ ਲੋਕਾਂ ਨੂੰ ਵੀ ਨਹੀਂ ਪਤਾ ਕਿ ਉਨ੍ਹਾਂ ਨੇ ਬਹੁਤ ਵੱਡੇ ਕਾਰੋਬਾਰ ਆਰੰਭ ਕਰ ਦਿੱਤੇ ਹਨ ਤੇ ਜਿਸ ਵਿਚ ਸਾਰੇ ਅਮਰੀਕਨ ਸਿੱਖ ਲਗਾ ਦਿੱਤੇ ਹਨ। 'ਅਕਾਲ ਸਕਿਉਰਿਟੀ ਸਰਵਿਸ' ਸਾਰੇ ਅਮਰੀਕਾ ਵਿਚ ਕਾਮਯਾਬ ਅਦਾਰਾ ਹੈ। ਅਮਰੀਕਾ ਦੀ ਸੁਪਰੀਮ ਕੋਰਟ, ਵੱਡੇ-ਵੱਡੇ ਸਰਕਾਰੀ ਦਫਤਰਾਂ, ਨਿੱਜੀ ਕਾਰਖਾਨਿਆਂ ਦੀ ਸਕਿਉਰਿਟੀ ਦਾ ਇਹ ਕੰਮ ਲੈਂਦੇ ਹਨ। ਨਿਹੰਗ ਸਿੰਘਾਂ ਵਾਲੀ ਵਰਦੀ ਪਾ ਕੇ ਜਦ ਅਮਰੀਕਨ ਸਿੱਖ ਡਿਊਟੀਆਂ ਤੇ ਜਾਂਦੇ ਹਨ ਤਾਂ ਬੜਾ ਪ੍ਰਭਾਵਸ਼ਾਲੀ ਦ੍ਰਿਸ਼ ਹੁੰਦਾ ਹੈ। ਯੋਗੀ ਜੀ ਨੇ ਭਾਰਤੀ ਫਾਰਮੂਲੇ ਵਰਤ ਕੇ 'ਯੋਗੀ ਟੀ' ਦਾ ਨਿਰਮਾਣ ਕੀਤਾ ਹੈ,

ਜਿਹੜੇ ਚਾਹ ਦੀਆਂ ਘੱਟ ਤੋਂ ਘੱਟ 15 ਕਿਸਮਾਂ ਅੱਜ ਹਰ ਸਟੋਰ ਵਿਚ ਮਿਲਦੀਆਂ ਹਨ। ਸੈਂਕੜੇ-ਕਰੋੜਾਂ ਦਾ ਇਹ ਕਾਰੋਬਾਰ ਹੁਣ ਯੂਰਪ ਵਿਚ ਫੈਲ ਚੁੱਕਾ ਹੈ। ਇਸ ਲਈ ਸਾਰੇ ਭਾਰਤ ਤੋਂ ਉਹ ਸਾਮਾਨ ਖਰੀਦ ਕੇ ਲੈ ਜਾਂਦੇ ਹਨ। ਸਵੇਰੇ ਨਾਸ਼ਤੇ ਨਾਲ ਖਾਧੇ ਜਾਂਦੇ ਦੇਸੀ ਖਾਦ ਨਾਲ ਉਗਾਏ ਪਦਾਰਥ ਵੀ ਬੜੇ ਪ੍ਰਚਲਤ ਹੋ ਚੁੱਕੇ ਹਨ। ਇਹ ਕਈ ਕਿਸਮਾਂ ਦੇ ਤੇ ਕਈ ਸਵਾਦਾਂ ਵਿਚ ਮਿਲਦੇ ਹਨ। ਹਰ ਇਕ ਉੱਤੇ ਇਹ ਲਿਖਿਆਂ ਜਾਂਦਾ ਹੈ ਕਿ ਇਸ ਦੇ ਖਾਣ ਨਾਲ ਕੀ ਫਾਇਦੇ ਹੁੰਦੇ ਹਨ। ਯੋਗੀ ਜੀ ਨੇ ਕੰਪਿਊਟਰ ਕੰਪਨੀ ਬਣਾਈ ਹੈ ਜਿਹੜੀ ਸਾਰੇ ਅਮਰੀਕਾ ਵਿਚ ਫੈਲੀ ਹੋਈ ਹੈ। ਯੋਗੀ ਜੀ ਨੇ 50 ਦੇ ਕਰੀਬ ਕਿਤਾਬਾਂ ਲਿਖੀਆਂ ਹਨ ਜਿਨ੍ਹਾਂ ਦੀ ਬਹੁਤ ਵਿਕਰੀ ਹੈ। ਸ਼ਬਦਾਂ ਦੇ ਕੈਸੇਟ ਲੱਖਾਂ ਵਿਚ ਵਿਕ ਰਹੇ ਹਨ। ਇਹ ਸਾਰਾ ਕੁਝ ਉਹ ਇਸ ਲਈ ਕਰ ਰਹੇ ਹਨ ਕਿ ਕੋਈ ਅਮਰੀਕਨ ਸਿੱਖ ਕਿਧਰੇ ਵੀ ਕੰਮ ਤੋਂ ਬਿਨਾਂ ਨ ਰਹੇ ਅਤੇ ਵੱਧ ਤੋਂ ਵੱਧ ਕਮਾਏ। ਸਾਰਾ ਕਾਰੋਬਾਰ ਉਹ ਸਿੱਖ ਧਰਮ ਦੀ ਸੰਸਥਾ ਦੇ ਨਾਂ 'ਤੇ ਕਰਦੇ ਹਨ ਜਿਸ ਦੀ ਇਕ ਕੌਂਸਿਲ ਬਣਾਈ ਗਈ ਹੈ। ਯੋਗੀ ਜੀ ਦਾ ਨਿਜੀ ਕੁਝ ਵੀ ਨਹੀਂ ਹੈ। ਅਰਬਾਂ ਰੁਪਏ ਦੀ ਜਾਇਦਾਦ ਸਿੱਖ ਧਰਮ ਦੇ ਨਾਂ ਕੀਤੀ ਹੈ। ਉਨ੍ਹਾਂ ਦੀ ਪਤਨੀ ਬੀਬੀ ਇੰਦਰਜੀਤ ਕੌਰ ਉਨ੍ਹਾਂ ਦੇ ਮੋਢੇ ਨਾਲ ਮੋਢੇ ਲਾ ਕੇ ਸੇਵਾ ਕਰ ਰਹੀ ਹੈ। ਉਹ ਆਪ ਵੀ ਕਿਤਾਬਾਂ ਲਿਖਦੀ ਹੈ, ਲੈਕਚਰ ਕਰਦੀ ਹੈ ਅਤੇ ਸਾਰੇ ਅਮਰੀਕਨ ਉਸ ਦਾ ਸਤਿਕਾਰ ਕਰਦੇ ਹਨ। ਯੋਗੀ ਜੀ ਦੇ ਦੋਵੇਂ ਲੜਕੇ ਕੰਮ ਵਿਚ ਲੱਗੇ ਹਨ ਅਤੇ ਹਰ ਪਾਸੇ ਸੰਗਤਾਂ ਦੀ ਸੇਵਾ ਕਰਨੀ ਉਨ੍ਹਾਂ ਨੇ ਆਪਣਾ ਨਿਸ਼ਾਨਾ ਬਣਾ ਲਿਆ ਹੈ। ਉਹਨਾਂ ਦੀ ਲੜਕੀ ਵਿੱਤੀ ਤੇ ਜਵਾਈ ਸਤਪਾਲ ਸਿੰਘ ਕੋਹਲੀ ਵੀ ਇਹਨਾਂ ਸਮਾਗਮਾਂ ਵਿਚ ਲਗੇ ਰਹਿੰਦੇ ਹਨ।

# ਆਸਿਸੀ-ਸੇਂਟ ਫਰਾਂਸਿਸ ਦਾ ਜਨਮ ਸਥਾਨ-ਇਟਲੀ

ਵੈਸੇ ਤਾਂ ਮੈਂ ਇਟਲੀ ਵਿਚ ਪਹਿਲਾਂ ਵੀ ਕਈ ਵਾਰ ਜਾ ਚੁੱਕਾ ਹਾਂ ਅਤੇ ਜਗਤ ਪ੍ਰਸਿੱਧ ਸਥਾਨਾਂ ਨੂੰ ਵੇਖ ਕੇ ਆਨੰਦ ਮਾਣ ਚੁੱਕਾ ਹਾਂ। ਰੋਮ, ਵੈਟੀਕਨ, ਫਿਲੋਰੈਂਸ (ਮਾਈਕਲ ਐਂਜਲੋ ਪੇਂਟਰ ਦਾ ਜਨਮ ਅਸਥਾਨ) ਵੀਨਸ (ਨਹਿਰਾਂ ਦੇ ਆਸ-ਪਾਸ ਉਸਰਿਆ ਸ਼ਹਿਰ) ਝੁਕਿਆ ਟਾਵਰ ਪੀਸਾ ਹਮੇਸ਼ਾਂ ਯਾਤਰੂਆਂ ਦੀ ਖਿੱਚ ਦਾ ਕੇਂਦਰ ਹਨ। ਇਹ ਸਾਰੇ ਦੁਨੀਆਂ ਵਿਚ ਹੀ ਪ੍ਰਸਿੱਧ ਹਨ ਪਰ ਇਸ ਵਾਰ ਮੈਨੂੰ ਇਕ ਸੁੰਦਰ ਧਾਰਮਿਕ ਸਥਾਨ ਵੇਖਣ ਦਾ ਅਵਸਰ ਮਿਲਿਆ, ਉਹ ਹੈ ਰੋਮ ਤੋਂ ਸੜਕ ਰਾਹੀਂ ਤਿੰਨ ਘੰਟੇ ਦੂਰ ਇਕ ਪਹਾੜੀ ਦੀ ਢਲਾਨ 'ਤੇ ਵਸਿਆ ਪੁਰਾਤਨ ਕਸਬਾ ਆਸਿਸੀ। ਇਸ ਨਿੱਕੇ ਜਿਹੇ ਸ਼ਹਿਰ ਦੀ ਆਬਾਦੀ ਕੇਵਲ 25000 ਹੈ ਪਰ ਹਰ ਸਾਲ 50 ਲੱਖ ਯਾਤਰੂ ਇੱਥੇ ਇਸ ਸ਼ਹਿਰ ਨੂੰ ਵੇਖਣ ਆਉਂਦੇ ਹਨ। ਕਮਾਲ ਹੈ ਕਿ ਇਕ ਏਨੇ ਛੋਟੇ ਸ਼ਹਿਰ ਦੀ ਏਨੀ ਵੱਡੀ ਖਿੱਚ।

ਅਮੀਰੀ ਦੀ ਹੱਦ ਟੱਪਣ ਪਿੱਛੋਂ ਅਮਰੀਕਨ ਦੇ ਮਨਾਂ ਵਿਚ ਅਸ਼ਾਂਤੀ ਪੈਦਾ ਹੋ ਚੁੱਕੀ ਹੈ। ਚੰਗੀ ਸਿਹਤ ਤੇ ਮਨ ਦੀ ਸ਼ਾਂਤੀ ਲਈ ਅਮਰੀਕਨ ਯੋਗ ਦਾ ਅਭਿਆਸ ਕਰਦੇ ਹਨ। ਯੋਗੀ ਹਰਭਜਨ ਸਿੰਘ ਨੇ ਅਮਰੀਕਾ ਜੋ ਸਿੱਖ ਬਣਾਉਣ ਦੀ ਲਹਿਰ ਚਲਾਈ ਹੈ ਉਸ ਦੇ ਯੋਗਾ ਦੇ ਮਾਹਿਰ ਹੋਣ ਦਾ ਹੀ ਕਮਾਲ ਹੈ।

ਆਸਿਸੀ ਵਿਚ 21 ਅਪ੍ਰੈਲ ਤੋਂ 26 ਅਪ੍ਰੈਲ ਤੱਕ ਯੋਗਾ ਕੈਂਪ ਇਕ ਹੋਟਲ ਵਿਚ ਲਗਾਇਆ ਗਿਆ, ਜਿਸ ਦਾ ਪ੍ਰਬੰਧ ਸਤਿਨਾਮ ਰਸਾਇਣ ਸੰਸਥਾ ਵੱਲੋਂ ਕੀਤਾ ਗਿਆ। ਇਸ ਕੈਂਪ ਵਿਚ ਤਕਰੀਬਨ 250 ਯੋਗਾ ਟੀਚਰਜ਼ ਸ਼ਾਮਿਲ ਹੋਏ। ਹਰ ਇਕ ਚੰਗਾ ਵਿਦਵਾਨ, ਚੰਗਾ ਵਿਉਪਾਰੀ ਜਾਂ ਚੰਗਾ ਸਰਕਾਰੀ ਕਰਮਚਾਰੀ ਸੀ। ਆਪਣੇ ਖਰਚ 'ਤੇ ਆਏ ਤੇ ਚੰਗੀ ਫੀਸ ਵੀ ਦਿੱਤੀ। ਹੈਰਾਨੀ ਤੇ ਮੈਨੂੰ ਇਹ ਹੋਈ ਜਦ ਪਹਿਲੇ ਦਿਨ ਕੈਂਪ ਵਿਚ ਮੈਨੂੰ 150 ਤੋਂ ਵੱਧ ਨਵੇਂ ਬਣੇ ਸਿੱਖ ਟੀਚਰਜ਼ ਮਿਲੇ ਜੋ ਯੋਗੀ ਹਰਭਜਨ ਸਿੰਘ ਦੀ ਲਗਾਤਾਰ ਮਿਹਨਤ ਨਾਲ ਪਿਛਲੇ ਕਈ ਸਾਲਾਂ ਤੋਂ ਸਿੱਖ ਬਣ ਗਏ।

ਆਸਿਸੀ ਦੀ ਜਗਤ ਪ੍ਰਸਿੱਧੀ ਸੇਂਟ ਫਰਾਂਸਿਸ ਕਰਕੇ ਹੈ ਜਿਸ ਨੂੰ ਸਾਰੇ ਇਟਲੀ ਦਾ ਦੇਵਤਾ ਮੰਨਿਆਂ ਜਾਂਦਾ ਹੈ। ਇਸਾਈ ਮੱਤ ਵਿਚ ਸੈਂਟ ਪੀਟਰ ਪਿੱਛੋਂ ਸੇਂਟ ਫਰਾਂਸਿਸ ਦਾ ਨਾਂ ਹੈ-ਭਾਰਤ ਵਿਚ ਅਨੇਕਾਂ ਸਕੂਲ, ਕਾਲਜ, ਹਸਪਤਾਲ ਇਸ ਦੇ ਨਾਂਅ 'ਤੇ ਹਨ। ਅਮਰੀਕਾ ਦਾ ਵੱਡਾ ਸ਼ਹਿਰ ਸਾਨਫਰਾਂਸਿਸਕੋ ਇਸ ਦੇ ਨਾਂਅ 'ਤੇ ਹੈ। ਸੇਂਟ ਫੀ, ਜੋ ਨਿਊ ਮੈਕਸੀਕੋ ਦੀ ਰਾਜਧਾਨੀ ਹੈ ਉਹ ਵੀ ਇਸ ਦੇ ਨਾਂਅ 'ਤੇ ਹੈ। ਅੱਜ ਤੋਂ 800 ਸਾਲ ਪਹਿਲਾਂ ਇਸੇ ਆਸਿਸੀ ਕਸਬੇ ਵਿਚ ਸੈਂਟ ਫਰਾਂਸਿਸ ਦਾ ਜਨਮ (1182) ਹੋਇਆ। ਇਸ ਇਲਾਕੇ ਵਿਚ ਉਸਨੇ ਆਪਣਾ ਪ੍ਰਚਾਰ ਕੀਤਾ ਇੱਥੇ ਹੀ ਇਸਾਈ ਮੱਤ ਲਈ ਉਹ ਲੜਿਆ, ਘਰ ਬਾਰ ਛੱਡਿਆ, ਪ੍ਰਚਾਰਕ ਬਣਿਆ ਤੇ ਇੱਥੇ ਹੀ ਉਸ ਨੇ ਆਪਣੇ ਪ੍ਰਾਣ ਤਿਆਗੇ। ਸਭ ਤੋਂ ਕਮਾਲ ਦੀ ਗੱਲ ਜੋ ਮੈਨੂੰ ਲੱਗੀ, ਉਹ ਇਹ ਹੈ ਕਿ 2500 ਸਾਲ ਪੁਰਾਣੇ ਕਸਬੇ ਨੂੰ ਜਿਉਂ ਦਾ ਤਿਉਂ ਰੱਖਿਆ ਗਿਆ ਹੈ। ਸੁਬੈਸੀਓ ਪਹਾੜੀ ਦੀ ਪੱਛਮੀ ਢਲਾਨ 'ਤੇ ਇਹ ਵਸਿਆ ਹੋਇਆ ਹੈ, ਚੌਹੀਂ

ਪਾਸੀ ਦੀਵਾਰ ਹੈ ਤੇ ਗੇਟ ਹਨ। ਸਾਰੇ ਘਰ ਪੁਰਾਣੇ ਹਨ, ਇਸਾਈ ਮੱਤ ਜੋ ਹਜ਼ਰਤ ਈਸਾ ਦੇ ਪ੍ਰਕਾਸ਼ ਹੋਣ 'ਤੇ ਆਰੰਭ ਹੋਇਆ, ਉਸ ਤੋਂ 77 ਸਾਲ ਪਹਿਲਾਂ ਇੱਥੇ ਰੋਮਨ ਸਲਤਨਤ ਕਾਇਮ ਸੀ। ਸਾਰੇ ਇਟਲੀ ਅਤੇ ਦੂਰ-ਦੂਰ ਤੱਕ ਰੋਮਨ ਰਾਜ ਦਾ ਪ੍ਰਭਾਵ ਸੀ। ਰੋਮ ਵਿਚ ਜਾਓ ਹੁਣ ਵੀ ਉਨ੍ਹਾਂ ਦੇ ਮਹੱਲ, ਚਰਚ, ਯਾਦਗਾਰਾਂ, ਸੁਰੱਖਿਅਤ ਹਨ। ਆਸਿਸੀ ਵਿਚ ਵੀ ਰੋਮਨ ਰਾਜ ਵਕਤ ਦੇ ਕਈ ਥਾਂ ਅਤੇ ਕਈ ਖੰਡਰ ਮੌਜੂਦ ਹਨ। ਸ਼ਹਿਰ ਦੇ ਦਰਮਿਆਨ ਰੋਮਨ ਪਲਾਜ਼ਾ ਕਾਇਮ ਹੈ ਉਸ ਦੇ ਨਾਲ ਰੋਮਨ ਆਰਕੀਟੈਕਟ ਦੇ ਥੰਮ ਹੁਣ ਵੀ ਖੜ੍ਹੇ ਹਨ, ਤੰਗ ਗਲੀਆਂ ਹਨ, ਸਾਰੇ ਘਰਾਂ ਦਾ ਰੰਗ ਨੀਮ ਪੀਲਾ ਹੈ। ਹਰ ਪਾਸੇ ਇਕੋ ਜਿਹੇ ਘਰ, ਵੱਡੇ-ਵੱਡੇ ਪਹਾੜੀ ਪੱਥਰ ਕੱਟ ਕੇ ਤਰਾਸ਼ ਕੇ ਬਣਾਈਆਂ ਦੀਵਾਰਾਂ ਹਨ, ਕਿਸੇ ਨੂੰ ਹੱਕ ਨਹੀਂ ਕਿ ਘਰ ਦਾ ਨਕਸ਼ਾ ਬਦਲ ਸਕੇ, ਸੈਂਕੜੇ ਸਾਲਾਂ ਤੇ ਇਹ ਬੰਦਿਸ਼ ਲੋਕ ਮੰਨ ਰਹੇ ਹਨ। ਜਿਸ ਦੁਕਾਨ ਵਿਚ ਜਾਓ ਉਹ ਖੁਸ਼ੀ ਨਾਲ ਦੱਸਦਾ ਹੈ ਕਿ ਇਹ ਅੱਜ ਤੋਂ 700 ਸਾਲ ਪਹਿਲਾਂ ਬਣਾਈ ਗਈ। ਜੋ ਕੋਈ ਮਕਾਨ ਜਾਂ ਬਿਲਡਿੰਗ ਡਿੱਗਣ ਵਾਲੀ ਹੁੰਦੀ ਹੈ, ਉਸ ਨੂੰ ਸਰਕਾਰੀ ਹੁਕਮ ਅਨੁਸਾਰ ਓਦਾਂ ਹੀ ਬਣਾਉਣਾ ਪੈਂਦਾ ਹੈ। ਸ਼ਹਿਰ ਵਿਚ ਕਈ ਥਾਂ ਫਵਾਰੇ ਹਨ ਜੋ 1000 ਸਾਲਾਂ ਤੋਂ ਚੱਲ ਰਹੇ ਹਨ। ਘਰਾਂ ਵਿੱਚ ਹੀ ਹੋਟਲ ਬਣ ਗਏ ਹਨ, ਦੁਕਾਨਾਂ ਵੀ ਟੂਰਿਸਟ ਦੇ ਮਤਲਬ ਦੀਆਂ ਹਨ, ਇਟਲੀ ਦੀ ਕਰੰਸੀ ਲੀਰਾ ਹੈ। ਇਕ ਡਾਲਰ ਦੇ ਲੀਰੇ ਤਕਰੀਬਨ 150 ਮਿਲ ਜਾਂਦੇ ਹਨ, ਆਮ ਦੁਕਾਨਦਾਰ ਲੀਰੇ ਹੀ ਮੰਗਦਾ ਹੈ।

ਰੋਕਾ ਮੈਗਾਇਰ ਇਕ ਵੱਡਾ ਘਰ ਹੈ ਜੋ ਸਭ ਤੋਂ ਉੱਚਾ ਹੈ ਅਤੇ ਉਸਦੇ ਆਸ ਪਾਸ ਇਕ ਮੜ੍ਹੀ ਵਾਂਗ ਦੀਵਾਰ ਹੈ, ਇਸ ਘਰ ਵਿਚ ਵੱਡੇ ਰਾਜੇ ਵਾਂਗ ਲੋਕ ਰਹਿੰਦੇ ਸਨ ਜਿਥੇ ਸੇਂਟ ਫਰਾਂਸਿਸ ਜੰਮਿਆ ਉਹੋ ਥਾਂ ਹੇਠਾਂ ਵੈਲੀ ਵਿਚ ਹੈ, ਉੱਥੇ ਇੱਕ ਬੜਾ ਵੱਡਾ ਚਰਚ ਹੈ। ਉੱਥੇ ਉਸ ਵਕਤ ਦਾ ਸੇਂਟ ਫਰਾਂਸਿਸ ਦਾ ਸਭ ਕੁਝ ਸੰਭਾਲ ਕੇ ਰੱਖਿਆ ਗਿਆ ਹੈ। ਜਦ ਫਰਾਂਸਿਸ ਪੂਰਾ ਹੋਇਆ ਤਾਂ ਉਸ ਦੀ ਦੇਹ ਨੂੰ ਜਿਥੇ ਦੱਬਿਆ ਗਿਆ ਉਸ ਉਪਰ ਇਕ ਅਤਿ ਸੁੰਦਰ ਤਿੰਨ ਮੰਜ਼ਿਲਾ ਬੈਸਿਲਕਾ ਚਰਚ ਹੈ। ਆਸਿਸੀ ਵਿਚ 8 ਮਹੀਨੇ ਬਰਫ਼ ਪੈਂਦੀ ਹੈਂ, ਬਾਰਿਸ਼ ਬੜੀ ਹੁੰਦੀ ਹੈ। ਪਰ ਲੋਕਾਂ ਦੀ ਭੀੜ ਉਦਾਂ ਹੀ ਸੀ। ਸਾਰਾ ਸ਼ਹਿਰ ਇਸਾਈ ਮੱਤ ਦੇ ਪ੍ਰਚਾਰ ਲਈ ਜੁੱਟਿਆ ਨਜ਼ਰ ਆਉਂਦਾ ਹੈ, ਪਰ ਯੋਗੀ ਹਰਭਜਨ ਸਿੰਘ ਦੇ ਪੰਜ-ਦਿਨਾਂ ਯੋਗਾ ਕੈਂਪ ਵਿਚ ਸਤਿਨਾਮ ਵਾਹਿਗੁਰੂ ਦਾ ਜਾਪ ਹੁੰਦਾ ਰਿਹਾ ਕਈ ਗੁਰਬਾਣੀ ਦੇ ਸ਼ਬਦ ਗਾਏ ਗਏ। ਵੇਖੋ ਇਥੇ ਕਿਵੇਂ ਸਿੱਖੀ ਦਾ ਝੰਡਾ ਗੱਡਿਆ ਹੈ।

# ਪੰਜਾਬ ਤੋਂ ਬਾਹਰ ਵਸਦੇ ਸਿੱਖ ਕਿਵੇਂ ਵਜ਼ੀਰ-ਐਮ.ਪੀ.-ਐਮ.ਐਲ.ਏ. ਬਣੇ ?

ਅੱਜ ਸਿੱਖ ਕੈਨੇਡਾ ਸਰਕਾਰ ਦਾ ਮੰਤਰੀ ਹੈ। ਉਸੇ ਦੇਸ਼ ਦੇ ਕਈ ਸੂਬਿਆਂ ਵਿਚ ਬਣੀਆਂ ਸਰਕਾਰਾਂ ਵਿਚ ਵੀ ਮੰਤਰੀ ਬਣ ਗਏ ਹਨ। ਇਸ ਨਾਲ ਸਮੁੱਚੀ ਸਿੱਖ ਕੌਮ ਨੂੰ ਬੜਾ ਮਾਣ ਮਿਲਿਆ ਹੈ। ਸਿੱਖ ਵਿਸ਼ਵ ਭਰ ਵਿਚ ਫੈਲ ਗਿਆ ਹੈ ਕਿਹੜਾ ਦੇਸ਼ ਹੈ ਜਿਥੇ ਇਹ ਨਹੀਂ ਪੁੱਜਾ ? ਰੂਸ, ਚੀਨ, ਕੋਰੀਆ ਆਦਿ ਦੇਸ਼ਾਂ ਵਿਚ ਸਿੱਖ ਆਪਣੀ ਧਾਂਕ ਜਮਾ ਰਹੇ ਹਨ।

ਪੰਜਾਬ ਸਾਡੀ ਜਨਮ ਭੂਮੀ ਹੈ। ਸਿੱਖ ਸਦੀਆਂ ਤੱਕ ਇਸੇ ਖਿੱਤੇ ਵਿਚ ਜੰਮਿਆ ਪਲਿਆ ਅਤੇ ਵਸਦਾ ਰਿਹਾ। ਅੰਗਰੇਜ਼ ਸਰਕਾਰ ਦੇ ਆਉਣ ਤੇ ਦੇਸ਼ ਦੀ ਵੰਡ ਕਾਰਨ ਸਿੱਖ ਵੱਡੀ ਗਿਣਤੀ ਵਿਚ ਸਾਰੇ ਭਾਰਤ ਦੇ ਸੂਬਿਆਂ ਵਿਚ ਪੁੱਜ ਗਿਆ। ਕਈ ਸਾਲਾਂ ਦੀ ਅਣਥੱਕ ਹਿੰਮਤ ਨਾਲ ਸਿੱਖਾਂ ਨੇ ਆਪਣੀ ਥਾਂ ਬਣਾਈ ਅਤੇ ਆਰਥਿਕ ਤੌਰ ਤੇ ਤਕੜੇ ਹੋਏ। ਹਰ ਬੰਦਾ ਪਹਿਲਾਂ ਆਪਣੀ ਰੋਜ਼ੀ ਰੋਟੀ ਦਾ ਪ੍ਰਬੰਧ ਕਰਦਾ ਹੈ ਫਿਰ ਕਿਸੇ ਹੋਰ ਵਿਸ਼ੇ ਵੱਲ ਸੋਚਦਾ ਹੈ। ਇਕ ਗੱਲ ਬੜੀ ਸਾਡੇ ਹੱਕ ਵਿਚ ਗਈ ਕਿ ਸੁਤੰਤਰ ਭਾਰਤ ਵਿਚ ਸਿੱਖਾਂ ਨੂੰ ਕੋਈ ਰੁਕਾਵਟ ਨਹੀਂ ਆਈ। ਹਰ ਪਾਸੇ ਲੋਕਾਂ ਨੇ ਸਾਨੂੰ ਮਾਣ ਦਿੱਤਾ। ਕਾਰੋਬਾਰ ਵਿਚ ਮਦਦ ਕੀਤੀ। ਧਾਰਮਿਕ ਆਜ਼ਾਦੀ ਵੀ ਪੂਰੀ ਮਿਲੀ। ਇਸ ਗੱਲ ਦਾ ਲਾਭ ਸਿੱਖਾਂ ਨੇ ਪੂਰਾ ਉਠਾਇਆ। ਦੂਰ ਅੰਡੇਮਾਨ ਟਾਪੂ ਜਿਸਨੂੰ ਕਦੇ ਕਾਲਾ ਪਾਣੀ ਆਖਦੇ ਸਨ ਵੀ ਸਿੱਖਾਂ ਦੀ ਵਸੋਂ ਨਾਲ ਭਰ ਗਏ। ਨਾਗਾਲੈਂਡ, ਮਨੀਪੁਰ, ਆਸਾਮ ਆਦਿ ਵੀ ਸਿੱਖਾਂ ਦੇ ਮਨ-ਪਸੰਦ ਇਲਾਕੇ ਬਣ ਗਏ।

ਸਿਆਸਤ ਵਿਚ ਸਿੱਖਾਂ ਨੂੰ ਦਿਲਚਸਪੀ ਤਾਂ ਅਰੰਭ ਤੋਂ ਹੀ ਸੀ, ਪਰ ਸਿੱਖ ਇਕ ਸਿਧਾਂਤ ਵਿਚ ਬਣਿਆ ਹੋਇਆ ਸੀ। ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਪ੍ਰਤੀਨਿਧਤਾ ਕਰਦੀ ਰਹੀ। ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਇਕੋ ਜਿਹੀ ਸੰਸਥਾ ਨਜ਼ਰ ਆਉਂਦੇ ਸੀ। ਸਿਖ ਪ੍ਰਚਾਰਕਾਂ ਨੇ ਹਰ ਥਾਂ ਧਰਮ ਤੇ ਸਿਆਸਤ ਇਕੱਠੇ ਹੋਣ ਦਾ ਪ੍ਰਚਾਰ ਕੀਤਾ। ਆਮ ਸਿੱਖ ਨੂੰ ਹਰ ਗੱਲ ਲਈ ਅੰਮ੍ਰਿਤਸਰ ਤੋਂ ਹੁਕਮ ਲੈਣ ਲਈ ਮਜ਼ਬੂਰ ਹੋਣਾ ਪੈਂਦਾ ਸੀ।

ਅਕਾਲੀ ਦਲ ਨੇ ਪੰਜਾਬ ਵਿਚ ਚੋਣਾਂ ਲੜੀਆਂ ਆਜ਼ਾਦੀ ਤੋਂ ਪਹਿਲਾਂ ਵੀ ਦੋ ਵਾਰੀ ਅਤੇ ਫਿਰ 1947 ਪਿਛੋਂ ਨਵੇਂ ਵਿਧਾਨ ਅਨੁਸਾਰ। ਸਿੱਖਾਂ ਦੀ ਅਥਾਹ ਸ਼ਰਧਾ ਕਾਰਨ ਆਮ ਸਿੱਖ ਆਪਣੇ ਆਪ ਨੂੰ ਅਕਾਲੀ ਦਲ ਦਾ ਹੀ ਸਮਰਥਕ ਜਾਂ ਵਰਕਰ ਮੰਨਦਾ ਸੀ। ਇਸ ਦੇ ਫਲਸਰੂਪ ਪੰਜਾਬ ਤੋਂ ਬਾਹਰ ਵਸਦਾ ਸਿੱਖ ਆਮ ਕਰਕੇ ਅਕਾਲੀ ਵਿਚਾਰਧਾਰਾ ਨਾਲ ਖੜ੍ਹਾ ਰਿਹਾ ਅਤੇ ਵਖਰੀ ਸਿਆਸਤ ਵਲ ਕਦਮ ਨਾ ਪੁੱਟ ਸਕਿਆ। ਇਸ ਸਿਧਾਂਤ ਤੋਂ ਪਰੇ ਹੋ ਕੇ ਕਈ ਸਿੱਖਾਂ ਨੇ ਹਿੰਮਤ ਕੀਤੀ, ਇਹ ਸਮਝ ਕੇ ਕਿ ਧਾਰਮਿਕ ਤੌਰ ਤੇ ਉਹ ਸਿੱਖ ਸਿਧਾਂਤ ਦੇ ਧਾਰਨੀ ਹੋਣ ਅਤੇ ਸ੍ਰੀ ਅੰਮ੍ਰਿਤਸਰ ਦੇ ਨਾਲ ਜੁੜੇ ਹਨ ਪਰ ਸਿਆਸੀ ਪਿੜ ਵਿਚ ਜੇ ਕੁਝ ਲੈਣਾ ਹੈ ਤਾਂ ਉਹਨਾਂ ਨੂੰ ਕਿਧਰੇ ਹੋਰ ਗੈਰ ਸਿੱਖ ਪਾਰਟੀ ਨਾਲ ਸਬੰਧ ਜੋੜਨੇ ਪੈਣੇ ਹਨ।

ਅਕਾਲੀ ਦਲ ਇਕ ਸਿਆਸੀ ਪਾਰਟੀ ਹੈ ਅਤੇ ਕੇਵਲ ਸਿੱਖ ਵੋਟਾਂ ਤੇ ਨਿਰਭਰ ਹੈ। ਅਕਾਲੀ ਦਲ ਆਪਣੇ ਟਿਕਟ ਤੇ ਕਿਸੇ ਸਿੱਖ ਨੂੰ ਪੰਜਾਬ ਤੋਂ ਬਾਹਰ ਜਿਤਾ ਨਹੀਂ ਸਕਦਾ। ਸਿੱਖਾਂ ਦੀ ਵਸੋਂ ਬਾਹਰ ਥੋੜੀ ਹੈ ਇਸ ਲਈ ਕਿਧਰੇ ਵੀ ਇਹ ਕਿਸੇ ਹਲਕੇ ਵਿਚ ਬਹੁਮੱਤ ਨਹੀਂ ਰਖਦੇ।

ਇਸ ਕਰਕੇ ਹਿੰਮਤ ਵਾਲੇ ਅਤੇ ਸਿਆਸੀ ਸਮਝ ਵਾਲੇ ਸਿੱਖਾਂ ਨੇ ਆਪਣੀ ਸਮਝ ਅਨੁਸਾਰ ਹੰਭਲਾ ਮਾਰਿਆ। ਸਭ ਤੋਂ ਪਹਿਲਾਂ ਕਸ਼ਮੀਰ ਵਿਚ ਸ. ਬੁੱਧ ਸਿੰਘ ਨੇ ਨੈਸ਼ਨਲ ਕਾਨਫ੍ਰੰਸ ਨਾਲ ਮਿਲਕੇ ਉਸ ਪਾਰਟੀ ਵਿਚ ਵੱਡਾ ਸਥਾਨ ਪਾਇਆ ਅਤੇ ਸ਼ੇਖ ਅਬਦੁੱਲਾ ਨੇ ਉਹਨਾਂ ਨੂੰ ਪਾਰਲੀਮੈਂਟ ਦਾ ਮੈਂਬਰ ਬਣਾਇਆ। ਕਸ਼ਮੀਰ ਭਾਵੇਂ ਪੰਜਾਬ ਦੇ ਨਾਲ ਲਗਦਾ ਹੈ ਪਰ ਉੱਥੇ ਸਿੱਖਾਂ ਨੂੰ ਨੈਸ਼ਨਲ ਕਾਨਫ੍ਰੰਸ ਜਾਂ ਕਾਂਗ੍ਰਸ ਨਾਲ ਹੀ ਸਾਂਝ ਰੱਖਣੀ ਪਈ। ਸ. ਸੰਤ ਸਿੰਘ ਤੇਗ ਸਾਰੀ ਉਮਰ ਅਕਾਲੀ ਰਿਹਾ। ਬਾਵਜੂਦ ਇਸਦੇ ਕਿ ਉਸਨੇ ਕਸ਼ਮੀਰੀਆਂ ਲਈ ਬੜਾ ਕੰਮ ਕੀਤਾ, ਅੱਜ ਤੱਕ ਨਾ ਐਮ.ਐਲ.ਏ. ਤੇ ਨਾ ਐਮ.ਪੀ ਬਣ ਸਕਿਆ।

ਮੱਧ ਪ੍ਰਦੇਸ਼ ਵਿਚ ਸ: ਅਮਰ ਸਿੰਘ ਸਹਿਗਲ ਨੂੰ ਕਾਂਗ੍ਰਸ ਟਿਕਟ ਤੋਂ 1957 ਵਿਚ ਮੈਂਬਰ ਪਾਰਲੀਮੈਂਟ ਬਨਣ ਦਾ ਮਾਣ ਪ੍ਰਾਪਤ ਹੋਇਆ। ਉਚਾ ਲੰਬਾ ਸਰਦਾਰ ਚੂੜੀਦਾਰ ਪਜਾਮਾ ਤੇ ਚਿੱਟੀ ਖੱਦਰ ਦੀ ਪੱਗ ਬੰਨਕੇ ਪਾਰਲੀਮੈਂਟ ਸਦਨ ਵਿਚ ਸਜਦਾ ਸੀ। ਅੱਜ ਕੱਲ ਉਸੇ ਸੂਬੇ ਤੋਂ ਬੀ.ਜੇ.ਪੀ ਦੇ ਟਿਕਟ ਤੇ ਸ. ਸਰਤਾਜ ਸਿੰਘ ਅਟਾਰਸੀ ਹਲਕੇ ਤੋਂ ਲੋਕ ਸਭਾ ਵਿਚ ਜਿੱਤਕੇ ਆ ਰਹੇ ਹਨ। ਇਹਨਾਂ ਨੇ ਤੀਜੀ ਵਾਰ ਸੀਟ ਜਿੱਤੀ ਹੈ। ਇਸ ਹਲਕੇ ਵਿਚ ਸਿੱਖ ਨਾਂ ਮਾਤਰ ਹਨ। ਜਦ ਸ੍ਰੀ ਅਟਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਬਣੇ ਤਾਂ ਸ. ਸਰਤਾਜ ਸਿੰਘ ਹੈੱਲਥ ਮਹਿਕਮੇ ਦੇ ਸੈਂਟਰਲ ਵਜ਼ੀਰ ਬਣੇ। ਇਕ ਹੋਰ ਸਿੱਖ ਬੜਾ ਹੀ ਕਾਮਯਾਬ ਹੈ। ਸ. ਤਨਵੰਤ ਸਿੰਘ ਕੀਰ ਜੋ ਪਿਛਲੇ 17 ਸਾਲਾਂ ਤੋਂ ਭੂਪਾਲ ਵਿਚ ਪੂਰਾ ਮੰਤਰੀ ਬਣਿਆ ਹੈ। ਕਾਂਗ੍ਰਸ ਨਾਲ ਪੱਕਾ ਜੁੜਿਆ ਹੋਇਆ ਹੈ। ਕਈ ਮੁੱਖ ਮੰਤਰੀ ਬਦਲੇ ਪਰ ਇਸਨੂੰ ਸਾਰਿਆਂ ਨੇ ਆਪਣੇ ਨਾਲ ਰੱਖਿਆ।

ਬੰਗਾਲ ਵਿਚ ਸ. ਗਿਆਨ ਸਿੰਘ ਸੋਹਨਪਾਲ ਬੜਾ ਅਣਥੱਕ ਲੇਬਰ ਲੀਡਰ ਹੈ। ਇਹ ਬਰਦਵਾਨ ਹਲਕੇ ਵਿਚ 1972 ਨੂੰ ਕਾਂਗ੍ਰਸ ਟਿਕਟ ਤੇ ਐਮ.ਐਲ.ਏ ਬਣਿਆ ਅਤੇ ਉਦੋਂ ਸ੍ਰੀ ਐਸ.ਐਸ.ਰੇ ਮੁੱਖ ਮੰਤਰੀ ਦੀ ਵਜ਼ਾਰਤ ਵਿਚ ਟ੍ਰਾਂਸਪੋਰਟ ਮੰਤਰੀ ਬਣਿਆ। ਵਧੀਆ ਬੰਗਾਲੀ ਭਾਸ਼ਾ ਬੋਲਦਾ ਹੈ। ਤਿੰਨ ਵਾਰੀ ਇਹ ਅਸੈਂਬਲੀ ਵਿਚ ਜਿੱਤਿਆ। ਕਮਿਊਨਿਸਟ ਲਹਿਰ ਵਿਚ ਵੀ ਉਹ ਜਿੱਤਦਾ ਰਿਹਾ। ਉਸਦੇ ਹਲਕੇ ਵਿਚ ਕੋਈ ਸਿੱਖ ਵੋਟਰ ਨਹੀਂ।

ਯੂ.ਪੀ. ਵਿਚ ਸਿੱਖ ਬੜਾ ਅਮੀਰ ਹੈ। ਸ਼ਹਿਰਾਂ ਵਿਚ ਤੇ ਤਰਾਈ ਦੇ ਇਲਾਕੇ ਵਿਚ। ਪਰ ਅਕਾਲੀ ਟਿਕਟ ਤੇ ਜਿੱਤ ਨਹੀਂ ਸਕਦਾ। 1974 ਵਿਚ ਉਤਰ ਪ੍ਰਦੇਸ਼ ਦੀਆਂ ਚੋਣਾਂ ਸਮੇਂ ਯੂ.ਪੀ. ਸਿੱਖ ਪ੍ਰਤੀਨਿਧ ਬੋਰਡ ਨੇ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਪੰਜਾਬ ਦੇ ਕਹਿਣ ਤੇ ਕਾਂਗ੍ਰਸ ਦੀ ਮੱਦਦ ਦਾ ਐਲਾਨ ਕੀਤਾ। ਇਸਦਾ ਸਿੱਟਾ ਕਈ ਸਿੱਖਾਂ ਨੂੰ ਟਿਕਟ ਮਿਲੇ ਅਤੇ ਡਾ. ਚਰਨ ਸਿੰਘ ਜੋ ਲਖਨਊ ਤੋਂ ਜਿੱਤੇ ਸਨ ਨੂੰ ਵਜ਼ੀਰ ਲਿਆ ਗਿਆ। ਕੁਝ ਚਿਰ ਪਿੱਛੋਂ ਸ਼ਹੀਦ ਭਗਤ ਸਿੰਘ ਦੇ ਭਰਾ ਸ. ਕੁਲਤਾਰ ਸਿੰਘ, ਨੂੰ ਵੀ ਸਟੇਟ ਮੰਤਰੀ ਲੈ ਲਿਆ ਗਿਆ। ਚੌਧਰੀ ਚਰਨ ਸਿੰਘ ਨੇ ਗਿ: ਨਰਿੰਦਰ ਸਿੰਘ ਨੂੰ ਐਮ.ਐਲ.ਸੀ. ਫਿਰ ਐਮ.ਐਲ.ਏ ਬਣਾਇਆ। 1992 ਵਿਚ ਯੂ.ਪੀ ਵਿਚ ਜਦ ਬੀ.ਜੇ.ਪੀ. ਸਰਕਾਰ ਬਣੀ ਤਾਂ ਦੋ ਸਿੱਖ ਵਜ਼ੀਰ ਬਣੇ। ਇਹ ਦੋਵੇਂ ਭਾਜਪਾ ਦੇ ਵਰਕਰ ਰਹੇ। ਪਹਿਲਾਂ ਇਹਨਾਂ ਦੇ ਹਲਕਿਆਂ ਵਿਚ

ਸਿੱਖ ਵਸੋਂ ਵੀ ਨਾਂ ਮਾਤਰ ਸੀ। ਮੁਜ਼ੱਫਰਪੁਰ ਤੋਂ ਡਾਕਟਰ ਹਰਪਾਲ ਸਿੰਘ ਜਿੱਤੇ ਸਨ ਦੋ ਵਾਰੀ।

ਯੂ.ਪੀ. ਵਿਚ ਕਾਨਪੁਰ ਸ਼ਹਿਰ ਸਭ ਤੋਂ ਅਮੀਰ ਹੈ ਤੇ ਸਾਰੇ ਵੱਡੇ ਕਾਰਖਾਨੇ ਉੱਥੇ ਹਨ। ਉੱਥੋਂ ਦਾ ਮੇਅਰ ਬੜੀ ਵੱਡੀ ਪੁਜੀਸ਼ਨ ਰੱਖਦਾ ਹੈ। ਸ. ਇੰਦਰ ਸਿੰਘ ਉੱਥੇ 1970 ਵਿਚ ਮੇਅਰ ਬਣੇ। ਫਿਰ ਉਹ ਮੈਂਬਰ ਪਾਰਲੀਮੈਂਟ ਰਾਜ ਸਭਾ ਦੇ ਮੈਂਬਰ ਉੱਥੋਂ ਹੀ ਬਣੇ ਤੇ ਫਿਰ ਕਮਾਲ ਵੇਖੋ ਉਹਨਾਂ ਦਾ ਪੁੱਤਰ ਸ. ਰਾਮ ਸਿੰਘ ਵੀ ਮੈਂਬਰ ਰਾਜ ਸਭਾ ਬਣਿਆ। ਦੋਵੇਂ ਪਿਓ ਪੁੱਤਰ ਇਕੱਠੇ ਪਾਰਲੀਮੈਂਟ ਵਿਚ ਜਾਂਦੇ ਸਨ। 1990 ਵਿਚ ਸ. ਮਹਿੰਦਰ ਸਿੰਘ ਕਾਂਗ੍ਰਸ ਟਿਕਟ ਤੇ ਕਾਨਪੁਰ ਦੇ ਮੇਅਰ ਜਿੱਤੇ।

ਮਹਾਰਾਸ਼ਟਰ ਵਿਚ 1977 ਵਿਚ ਜਨਤਾ ਦਲ ਦੇ ਟਿਕਟ ਤੇ ਸ.ਕੇ.ਐਸ.ਕੋਹਲੀ ਐਮ.ਐਲ.ਏ. ਬੰਬਈ ਸ਼ਹਿਰ ਤੋਂ ਜਿੱਤੇ। ਬੜਾ ਹੀ ਕਮਾਲ ਕੀਤਾ। ਸ. ਅਟਲ ਬਹਾਦਰ ਸਿੰਘ, (ਪੋਤੇ ਸ. ਅਮਰ ਸਿੰਘ ਸ਼ੇਰ-ਏ-ਪੰਜਾਬ) ਦੋ ਵਾਰ ਨਾਗਪੁਰ ਦੇ ਮੇਅਰ ਰਹੇ। ਅਤੇ ਅੱਜ ਆਪ ਨਾਗਪੁਰ ਦੀ ਸੁਪ੍ਰਸਿੱਧ ਸ਼ਖ਼ਸੀਅਤ ਹਨ। ਫਿਰ 1981 ਵਿਚ ਕਾਂਗਰਸ ਵੱਲੋਂ ਸ. ਪਰਸ਼ਨ ਸਿੰਘ ਨਾਗਪੁਰ ਐਮ. ਐਲ. ਸੀ ਬਣੇ। ਇਸ ਵਾਰ ਉੜੀਸਾ ਵਿਚ ਸ. ਰਾਜਿੰਦਰ ਸਿੰਘ ਕਾਂਗ੍ਰਸ ਵਜ਼ਾਰਤ ਵਿਚ ਵਜ਼ੀਰ ਬਣੇ ਹਨ। ਉਹ ਕਟਕ ਤੋਂ ਜਿੱਤੇ ਹਨ। ਗੁਜਰਾਤ ਵਿਚ ਸ.ਪਰਮਜੀਤ ਸਿੰਘ, ਬੜੋਦਾ ਵਿਚ ਡੀ.ਆਈ.ਜੀ ਲੱਗੇ ਸਨ। ਉੱਥੇ ਸਰਕਾਰ ਨਾਲ ਅਣ-ਬਣ ਹੋ ਗਈ ਤੇ 1982 ਵਿਚ ਨੌਕਰੀ ਛੱਡਕੇ ਉੱਥੇ ਹੀ ਵਸ ਗਏ। ਉੱਥੇ ਕਾਰਪੋਰੇਸ਼ਨ ਦੇ ਮੇਅਰ ਬਣੇ, ਫਿਰ ਐਮ.ਐਲ.ਏ ਤੇ ਪਿੱਛੇ ਜਿਹੇ ਬੀ.ਜੇ.ਪੀ ਦੀ ਵਜ਼ਾਰਤ ਵਿਚ ਫੂਡ ਮੰਤਰੀ ਬਣ ਗਏ ਸਨ।

ਬਿਹਾਰ ਵਿਚ ਸ੍ਰੀ ਲਾਲੂ ਪ੍ਰਸ਼ਾਦ ਯਾਦਵ ਦੀ ਵਜ਼ਾਰਤ ਵਿਚ ਸ. ਇੰਦਰ ਸਿੰਘ ਮੰਤਰੀ ਹਨ। ਇਹ ਜਮਸ਼ੈਦਪੁਰ ਤੋਂ ਜਿੱਤੇ ਹਨ। ਪਾਰਲੀਮੈਂਟ ਵਿਚ ਵੀ ਉਹ ਜਨਤਾ ਦਲ ਵੱਲੋਂ ਖੜੇ ਹੋਏ ਤੇ ਥੋੜੇ ਫਰਕ ਨਾਲ ਹਾਰ ਗਏ।

ਸਭ ਤੋਂ ਵੱਧ ਪ੍ਰਭਾਵਸ਼ਾਲੀ ਸਖਸ਼ੀਅਤ ਸਰਦਾਰ ਐਸ.ਐਸ. ਆਹਲੂਵਾਲੀਆ ਦੀ ਹੈ ਜੋ ਪਟਨਾ ਦੇ ਜੰਮ ਪਲ ਹਨ। ਬੰਗਾਲੀ ਜ਼ੁਬਾਨ ਬੋਲਦੇ ਹਨ। ਕਲਕੱਤੇ ਪੜ੍ਹੇ ਹਨ ਤੇ ਦੋ ਵਾਰੀ ਬਿਹਾਰ 'ਚੋਂ ਕਾਂਗ੍ਰਸ ਟਿਕਟ ਤੇ ਪਾਰਲੀਮੈਂਟ ਵਿਚ ਜਿੱਤੇ ਹਨ। ਉਹ ਤਖਤ ਸ੍ਰੀ ਪਟਨਾ ਸਾਹਿਬ ਬੋਰਡ ਦੇ ਪ੍ਰਧਾਨ ਵੀ ਹਨ। ਉਹ ਕਹਿੰਦੇ ਹਨ ਕਿ ਸਿਆਸਤ ਵਿਚ ਕੋਈ ਪੁਜੀਸ਼ਨ ਲੈਣੀ ਹੈ ਤਾਂ ਕਿਸੇ ਕੌਮੀ ਪਾਰਟੀ ਨਾਲ ਰਹਿਕੇ ਹੀ ਲੈ ਸਕਦਾ ਹਾਂ। ਉਹ ਸੈਂਟਰ ਦੇ ਵਜ਼ੀਰ ਵੀ ਰਹਿ ਚੁੱਕੇ ਹਨ।

ਰਾਜਸਥਾਨ ਵਿਚ ਵੀ ਸਿੱਖ ਕਈ ਵਾਰ ਵਜ਼ੀਰ ਬਣ ਚੁੱਕੇ ਹਨ। ਅੱਜ ਕੱਲ ਭਾਜਪਾ ਵਜ਼ਾਰਤ ਵਿਚ ਸ. ਗੁਰਜੰਟ ਸਿੰਘ ਮੰਤਰੀ ਹਨ। ਹਰਿਆਣੇ ਵਿਚ ਵੀ ਕਾਂਗ੍ਰਸ ਜਾਂ ਵਿਕਾਸ ਪਾਰਟੀ ਦੇ ਟਿਕਟ ਤੇ ਸਿੱਖ ਜਿੱਤੇ ਹਨ ਤੇ ਵਜ਼ੀਰ ਬਣੇ ਹਨ। 1972 ਵਿਚ ਕਸ਼ਮੀਰ ਵਿਚ ਸ. ਰੰਗੀਲਾ ਸਿੰਘ ਊਧਮਪੁਰ ਤੋਂ ਜਿੱਤ ਕੇ ਵਜ਼ੀਰ ਬਣੇ। ਉਹ ਕਾਂਗ੍ਰਸ ਦੇ ਨਾਲ ਹਨ। ਸ. ਹਰਬੰਸ ਸਿੰਘ ਨੈਸ਼ਨਲ ਕਾਨਫ੍ਰੰਸ ਨਾਲ ਹਨ ਤੇ ਵਜ਼ੀਰ ਰਹਿ ਚੁੱਕੇ ਹਨ।

ਲੇਖ ਦਾ ਮੁੱਦਾ ਇਹ ਹੈ ਕਿ ਸਿੱਖ ਜਿੱਥੇ ਵੀ ਹੈ ਉਹ ਕਿਸੇ ਪਾਰਟੀ ਨਾਲ ਲੱਗੇ। ਅੱਜ ਸਿਆਸਤ ਦਾ ਜ਼ੋਰ ਹੈ। ਇਸਦਾ ਪ੍ਰਭਾਵ ਸਰਬ ਪੱਖੀ ਹੈ। ਕੋਈ ਕੰਮ ਵੀ ਇਸ ਤੋਂ ਬਿਨ੍ਹਾਂ ਨਹੀਂ ਹੁੰਦਾ। ਅਕਾਲੀ ਦਲ ਨੂੰ ਵੀ ਹਰ ਸਿੱਖ ਨੂੰ ਪੰਜਾਬ ਤੋਂ ਬਾਹਰ ਇਕ ਮੁੱਠ ਹੋ ਕੇ ਫੈਸਲਾ ਕਰਨ

ਦਾ ਅਵਸਰ ਦੇਣਾ ਚਾਹੀਦਾ ਹੈ। ਇਸ ਨਾਲ ਸਾਰੀ ਕੌਮ ਦਾ ਭਲਾ ਹੈ। ਹੁਣ ਆ ਕੇ ਅਕਾਲੀ ਦਲ ਨੇ ਭਾਜਪਾ ਨਾਲ ਪੰਜਾਬ ਵਿਚ ਗੱਠ ਜੋੜ ਕੀਤਾ ਹੈ। ਭਾਜਪਾ ਨੈਸ਼ਨਲ ਪਾਰਟੀ ਹੈ। ਹਰ ਸੂਬੇ ਵਿਚ ਇਸਦੇ ਨਾਲ ਲਗਦੇ ਸਿੱਖ ਅੱਗੇ ਆ ਸਕਦੇ ਹਨ। ਪਰ ਜਿੱਥੇ ਨਾਂ ਮਾਤਰ ਹਨ ਉਹ ਕਿਸੇ ਖੇਤਰੀ ਪਾਰਟੀ ਨਾਲ ਸਾਂਝ ਪਾਉਣ। ਥੋੜੇ ਜਿਹੇ ਸਿੱਖ ਵੀ ਜਦ ਕਿਸੇ ਪਾਰਟੀ ਦੇ ਜਲਸੇ ਜਾਂ ਸਟੇਜ ਤੇ ਜਾ ਕੇ ਪ੍ਰਭਾਵ ਪਾ ਲੈਂਦੇ ਹਨ। ਆਪਣੀ ਹੋਂਦ ਲਈ ਆਪਣੀ ਪੁਜੀਸ਼ਨ ਬਣਾਓ। ਧਾਰਮਿਕ ਪੱਖੋਂ ਮਜਬੂਤ ਰਹਿੰਦੇ ਹੋਏ ਸਿਆਸੀ ਦਾਅ-ਪੇਚ ਸਮਝਣਾ ਅਵੱਸ਼ਕ ਹੈ।

ਹੁਣ ਤਾਂ ਬਾਹਰ ਵਸਦੇ ਸਿੱਖ ਕੈਨੇਡਾ, ਅਮ੍ਰੀਕਾ, ਵਲੈਤ, ਸਿੰਘਾਪੁਰ, ਮਲਾਇਆ ਆਦਿ ਮੁਲਕਾਂ ਵਿਚ ਵੀ ਵਜ਼ੀਰ ਤੇ ਐਮ.ਪੀ.ਬਣ ਗਏ ਹਨ। ਉਹ ਸਾਡੇ ਤੋਂ ਵਧੇਰੇ ਸਮਝਦਾਰ ਨਿਕਲੇ। ਛੇਤੀ ਹੀ ਉਸ ਸੁਸਾਇਟੀ ਵਿਚ ਘੁਲ ਮਿਲ ਕੇ ਅੱਗੇ ਆ ਗਏ। ਉਹਨਾਂ ਬਾਰੇ ਵਿਸਥਾਰ ਨਾਲ ਫਿਰ ਲਿਖਾਂਗਾ।

# ਸਿੱਖੀ ਦਾ ਗਹਿਮਾ-ਗਹਿਮ ਸ਼ਹਿਰ-ਟੋਰਾਂਟੋ

ਮੈਨੂੰ ਇਕ ਹਫਤਾ ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿਚ ਰਹਿਣ ਦਾ ਅਵਸਰ ਮਿਲਿਆ। ਮੈਂ 15 ਮਈ ਨੂੰ ਏਅਰ ਇੰਡੀਆ ਦੀ ਅੰਮ੍ਰਿਤਸਰ ਤੋਂ ਪਹਿਲੀ ਉਡਾਨ ਵਿਚ ਉਥੇ ਪੁੱਜਾ। ਮੈਂ ਪਿਛਲੇ ਤਿੰਨ ਸਾਲਾਂ ਤੋਂ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਦਫਤਰ ਤੋਂ ਭਾਰਤ ਸਰਕਾਰ ਨਾਲ ਚਿੱਠੀ ਪੱਤਰ ਇਸ ਉਡਾਨ ਲਈ ਕਰ ਰਿਹਾ ਸਾਂ। ਪਿਛਲੇ ਦੋ ਵਜ਼ੀਰਾਂ ਨਾਲ ਮੀਟਿੰਗਾਂ ਵੀ ਹੋਈਆਂ। ਹੁਣ ਜਦ ਮੈਂ ਮੈਂਬਰ ਪਾਰਲੀਮੈਂਟ ਬਣਕੇ ਹਵਾਈ ਜਹਾਜ਼ਾਂ ਬਾਰੇ ਕਮੇਟੀ ਦਾ ਮੈਂਬਰ ਬਣਿਆ ਤਾਂ ਇਹ ਕਾਮਯਾਬੀ ਮਿਲੀ। ਜਹਾਜ਼ ਦਾ ਸਵਾਗਤ ਬਰਮਿੰਘਮ ਤੇ ਟਰਾਂਟੋ ਵਿਚ ਹੋਇਆ। ਪੰਜਾਬੀ ਬੜੇ ਖੁਸ਼ ਹਨ। ਜਹਾਜ਼ ਭਰ ਕੇ ਚੱਲ ਰਹੇ ਹਨ। ਜਹਾਜ਼ ਹਫਤੇ ਵਿਚ ਤਿੰਨ ਵਾਰ ਚਲਦਾ ਹੈ। ਪਰ ਛੇਤੀ ਹੀ ਰੋਜ਼ਾਨਾ ਹੋ ਜਾਣ ਦਾ ਭਰੋਸਾ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਸ੍ਰੀ ਪਰਫੁਲ ਪਟੇਲ ਨੇ ਦਿੱਤਾ ਹੈ।

ਕਨੇਡਾ ਵਿਚ ਸਿੱਖ ਵੈਨਕੂਵਰ ਤੇ ਟੋਰਾਂਟੋ ਸ਼ਹਿਰਾਂ ਵਿਚ ਬਹੁਤ ਵੱਡੀ ਗਿਣਤੀ ਵਿਚ ਹਨ। ਟੋਰਾਂਟੋ ਵਿਚ ਤਕਰੀਬਨ ਢਾਈ ਲੱਖ ਹਨ। 6 ਗੁਰਦੁਆਰੇ ਹਨ। ਬੜੀਆਂ ਪ੍ਰਭਾਵਸ਼ਾਲੀ ਬਿਲਡਿੰਗਾਂ ਹਨ। ਡਿਕਸੀ ਰੋਡ ਵਾਲਾ ਗੁਰਦੁਆਰਾ ਸਭ ਤੋਂ ਵੱਡਾ ਹੈ। ਸਿੱਖਾਂ ਨੇ ਆਪਣੀ ਧਾਂਕ ਜਮਾਈ ਹੋਈ ਹੈ। ਸ੍ਰ: ਗੁਰਬਖਸ਼ ਸਿੰਘ ਮੱਲ੍ਹੀ ਚੌਥੀ ਵਾਰ ਪਾਰਲੀਮੈਂਟ ਦਾ ਮੈਂਬਰ ਬਣਿਆ ਹੈ। ਦਸਤਾਰ ਸਜਾਉਂਦਾ ਹੈ ਤੇ ਪੂਰਾ ਗੁਰ ਸਿੱਖ ਹੈ। ਹੁਣ ਸ੍ਰ: ਮਨਦੀਪ ਸਿੰਘ ਬੈਂਸ ਦਸਤਾਰ ਤੇ ਕ੍ਰਿਪਾਨ ਵਾਲਾ ਨੌਜਵਾਨ ਮੈਂਬਰ ਪਾਰਲੀਮੈਂਟ ਬਣਿਆ ਹੈ। ਓਨਟਾਰੀਓ ਸਟੇਟ ਵਿਚ ਕਈ ਸਿੱਖ ਵਜ਼ੀਰ ਤੇ ਮੈਂਬਰ ਬਣੇ ਹਨ। ਕਈ ਧਨਾਢ ਸਿੱਖ ਹਨ, ਸਰਕਾਰ ਵਿਚ ਕਈ ਪਦਵੀਆਂ ਤੇ ਹਨ। ਸ੍ਰ: ਚੰਢੋਕ ਮੈਜਿਸਟਰੇਟ ਹੈ। ਕਨੇਡਾ ਦੀ ਬਾਸਕਿਟ ਬਾਲ ਦੀ ਟੀਮ ਦਾ ਕਪਤਾਨ ਸ੍ਰ: ਸੇਖੋਂ ਹੈ। ਜਦ ਮੈਂ ਸ੍ਰ: ਸੁਖਿੰਦਰ ਸਿੰਘ ਸੰਧੂ ਦੇ ਦੋ ਏਕੜ ਵਾਲੇ ਘਰ ਸ਼ਾਲੀਮਾਰ ਰੋਡ ਤੇ ਗਿਆ ਤਾਂ ਪਤਾ ਲੱਗਾ ਕਿ ਇਹੋ ਜਿਹੇ ਵੱਡੇ ਘਰ 20-25 ਸਿੱਖਾਂ ਕੋਲ ਹਨ। ਟਾਈਗਰ ਜੀਤ ਸਿੰਘ ਜੋ ਕਨੇਡਾ ਦਾ ਜੇਤੂ ਪਹਿਲਵਾਨ ਰਿਹਾ ਹੈ, 10 ਏਕੜ ਦੇ ਫਾਰਮ ਹਾਊਸ ਵਿਚ ਰਹਿੰਦਾ ਹੈ। ਵਰਲਡ ਪੰਜਾਬੀ ਆਰਗੇਨਾਈਜ਼ੇਸ਼ਨ ਕੈਨੇਡਾ ਬ੍ਰਾਂਚ ਦੇ ਪ੍ਰਧਾਨ ਸ੍ਰ: ਗੁਰਜੀਤ ਸਿੰਘ ਚੱਢਾ ਜੋ ਮੋਤੀ ਮਹਿਲ ਰੈਸਟੋਰੈਂਟਾਂ ਦਾ ਮਾਲਕ ਹੈ ਵੱਲੋਂ ਰੱਖੇ ਸਮਾਗਮ ਵਿਚ ਬੜੇ ਨਾਮੀ ਗਰਾਮੀ ਸਿੱਖ ਮਿਲੇ। ਸ੍ਰ: ਸੂਰੀ ਨੇ 5 ਲੱਖ ਡਾਲਰ ਗੁਰੂ ਨਾਨਕ ਵਾਰਡ ਜੋ ਸਭ ਤੋਂ ਵੱਡੇ ਹਸਪਤਾਲ ਵਿਚ ਖੁੱਲ੍ਹ ਰਿਹਾ ਹੈ, ਲਈ ਦਾਨ ਦਿੱਤੇ ਹਨ। ਸ੍ਰ: ਮਨੋਹਰ ਸਿੰਘ ਗਿੱਲ ਐਮ.ਪੀ. ਜੋ ਮੇਰੇ ਨਾਲ ਇਸ ਉਡਾਨ ਵਿਚ ਗਏ ਸਨ ਨੇ ਆਪਣਾ ਇਕ ਦੋਸਤ ਗੈਰੀ ਸਿੰਘ ਗਰੇਵਾਲ ਨੂੰ ਮਿਲਾਇਆ। ਉਹ ਇਕ ਵੱਡੀ ਫਾਈਨੈਂਸ ਕੰਪਨੀ ਦਾ ਵਾਈਸ ਪ੍ਰਧਾਨ ਹੈ। ਹੋਰ ਕਈ ਸ਼ਰਧਾਵਾਨ ਸਿੱਖ ਮਿਲੇ। ਸ੍ਰ: ਰਣਜੀਤ ਸਿੰਘ ਲੋਪੋਕੇ ਅਤੇ ਸ੍ਰ: ਨਛੱਤਰ ਸਿੰਘ ਚੌਹਾਨ ਦੀਆਂ ਮੀਟਿੰਗਾਂ ਵਿਚ ਪਤਾ ਲੱਗਾ ਕਿ ਸਿੱਖੀ ਲਈ ਠੀਕ ਸੋਚਣ ਵਾਲੇ ਅਨੇਕਾਂ ਹਨ। ਗੁਰਦੁਆਰੇ ਦੀ ਚੋਣ ਇਕ ਵੱਡੇ ਯੁਧ ਵਾਂਗੂੰ ਹੁੰਦੀ ਹੈ। ਇਸ ਨਾਲ ਸਿੱਖਾਂ ਵਿਚ ਫੁੱਟ ਵਧੀ ਹੈ। ਕੋਈ ਉਸ ਨੂੰ ਰੋਕ ਨਹੀਂ ਸਕਿਆ। ਹਰ ਸਾਲ ਵਿਸਾਖੀ ਤੇ ਸ਼ਾਨਦਾਰ ਜਲੂਸ ਨਿਕਲਦਾ ਹੈ। ਹੁਣ ਦੋ ਵੱਖਰੇ ਕੱਢੇ ਜਾਂਦੇ ਹਨ। ਡਿਕਸੀ ਗੁਰਦੁਆਰੇ ਦੇ ਪ੍ਰਧਾਨ ਸ੍ਰ: ਜਗਜੀਤ ਸਿੰਘ ਭੁੱਲਰ

ਮਿਲੇ। ਜਿਸ ਸੰਸਥਾ ਨੇ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਉਹ ਹੈ ਨਿਸ਼ਕਾਮ ਸੇਵਕ ਜੱਥੇ ਵੱਲੋਂ ਚਲਾਈ ਜਾ ਰਹੀ ਸਿੱਖ ਕਿਤਾਬਾਂ ਦੀ ਦੁਕਾਨ, ਇਤਨੀ ਵੱਡੀ ਗਿਣਤੀ ਵਿਚ ਕਿਤਾਬਾਂ ਕਿਧਰੇ ਹੋਰ ਨਹੀਂ ਦੇਖੀਆਂ, ਇਹਨਾਂ ਕਮਾਲ ਕਰ ਦਿੱਤਾ ਹੈ। ਹਰ ਰੋਜ਼ 500 ਕਿਤਾਬ ਵਿਕਦੀ ਹੈ। ਸ਼ਹੀਦ ਜਥੇਦਾਰ ਮਾਨੋਚਾਹਲ ਦਾ ਲੜਕਾ ਵੀ ਉਥੇ ਸੇਵਾ ਕਰਦਾ ਹੈ। ਸ੍ਰ: ਮਹਿੰਦਰ ਸਿੰਘ ਇੰਜੀਨੀਅਰ ਉਸ ਦੁਕਾਨ ਤੇ ਮਿਲੇ ਜੋ ਕਦੇ ਪਟਿਆਲੇ ਵਿਚ ਆਖੰਡ ਕੀਰਤਨ ਕਰਦੇ ਸਨ, ਅੱਜ ਕੱਲ੍ਹ ਸਿੱਖ ਪ੍ਰਚਾਰ ਲਈ ਡਰਾਮਾ ਤੇ ਕੈਸਟ ਬਣਾਉਂਦੇ ਹਨ। ਟੈਕਸੀ ਵਾਲੇ ਵਧੇਰੇ ਸਿੱਖ ਹਨ। ਸ੍ਰ: ਸੰਤ ਸਿੰਘ ਛਤਵਾਲ ਦਾ ਬੰਬੇ ਪੈਲਸ ਰੈਸਟੋਰੈਂਟ ਬਹੁਤ ਵੱਡਾ ਹੈ।

ਸਾਰੇ ਟੋਰਾਂਟੋ ਵਿਚ ਜੋ ਸਿੱਖ ਇਸ ਵੇਲੇ ਸਭ ਤੋਂ ਵੱਧ ਹਰਮਨ ਪਿਆਰਾ ਹੈ, ਉਹ ਹੈ ਸ੍ਰ: ਹਰੀਨਾਮ ਸਿੰਘ ਖਾਲਸਾ। ਮੈਂ ਹਰ ਇਕ ਤੋਂ ਮਿਲੀ ਜਾਣਕਾਰੀ ਦੇ ਆਧਾਰ ਤੇ ਇਹ ਲਿਖ ਰਿਹਾ ਹਾਂ ਕਿ ਉਥੇ ਬੜੇ ਅਮੀਰ ਵਿਅਕਤੀ ਹਨ, ਉੱਘੇ ਵੀ ਹਨ, ਵਜ਼ੀਰ, ਐਮ.ਪੀ. ਐਮ.ਐਲ.ਏ. ਵੀ ਹਨ। ਪਰ ਜੋ ਸਿੱਖ ਹਰ ਇਕ ਤੋਂ ਪ੍ਰਸੰਸਾ ਲੈਂਦਾ ਹੈ ਤੇ ਜਿਸ ਵਿਰੁੱਧ ਕੋਈ ਜ਼ਬਾਨ ਨਹੀਂ ਹੈ, ਉਹ ਇਹ 6 ਫੁੱਟ ਉੱਚਾ ਦਰਸ਼ਨੀ ਸਰਦਾਰ ਹੈ। ਇਹ ਟਰਾਂਟੋ ਦਾ ਜੰਮਪਲ ਹੈ। ਪਾਮਸਟਨ ਰੋਡ ਜਿਥੇ ਅੱਜ ਚੀਨੀ ਬਜ਼ਾਰ ਹੈ, ਉਥੇ ਇਹ ਪੈਦਾ ਹੋਇਆ। ਇਹ ਯਹੂਦੀ ਸਨ। ਇਸ ਦਾ ਪਿਤਾ ਬੜਾ ਅਮੀਰ ਸੀ। ਇਹ ਆਪ ਪ੍ਰਿੰਟਿੰਗ ਦਾ ਕੰਮ ਕਰਦਾ ਹੈ। ਅੱਜ ਤੋਂ 30 ਸਾਲ ਪਹਿਲਾਂ ਯੋਗੀ ਭਜਨ ਤੋਂ ਯੋਗਾ ਸਿੱਖਦਾ ਇਹ ਸਿੰਘ ਸਜ ਗਿਆ ਤੇ ਉਸ ਦਿਨ ਤੋਂ ਹੀ ਇਹ ਸਿੱਖੀ ਦੇ ਪ੍ਰਚਾਰ ਵਿਚ ਲੱਗਾ ਹੈ। ਚੀਨੀ ਬਜ਼ਾਰ ਵਿਚ ਇਕ ਯੋਗੀ ਭਜਨ ਦਾ ਆਸ਼ਰਮ ਹੈ। ਹੁਣ ਸਭ ਤੋਂ ਮਹਿੰਗੇ ਇਲਾਕੇ ਓਕ ਵਿਲੇ ਵਿਚ ਯੋਗਾ ਆਸ਼ਰਮ ਕਾਇਮ ਕੀਤਾ ਹੈ, ਉਥੇ ਹੋਰ ਕੋਈ ਸਿੱਖ ਨਹੀਂ ਰਹਿੰਦਾ। ਤਕਰੀਬਨ 50 ਕਨੇਡੀਅਨ ਰੋਜ਼ ਯੋਗਾ ਸਿੱਖਦੇ ਹਨ ਤੇ ਸਿੱਖੀ ਬਾਰੇ ਜਾਣਕਾਰੀ ਪਾਉਂਦੇ ਹਨ। ਟੋਰਾਂਟੋ ਦੇ ਸਾਰੇ ਗੁਰਦੁਆਰੇ ਸ੍ਰ: ਹਰੀਨਾਮ ਸਿੰਘ ਨੂੰ ਲੈਕਚਰ ਲਈ ਬੁਲਾਉਂਦੇ ਹਨ। ਇਹ ਗਰੁੱਪਬਾਜ਼ੀ ਤੋਂ ਬਾਹਰ ਹੈ, ਇਸ ਲਈ ਹਰਮਨ ਪਿਆਰਾ ਹੈ। ਕਿਧਰੇ ਝਗੜਾ ਨਿਪਟਾਣਾ ਹੋਵੇ ਇਸਨੂੰ ਯਾਦ ਕੀਤਾ ਜਾਂਦਾ ਹੈ। ਹਰ ਵਿਆਹ ਤੇ ਇਸ ਤੋਂ ਅਸ਼ੀਰਵਾਦ ਲਈ ਜਾਂਦੀ ਹੈ। ਹਰ ਸਿੱਖ ਪ੍ਰੋਗਰਾਮ ਵਿਚ ਇਹ ਬੁਲਾਰਾ ਹੁੰਦਾ ਹੈ। ਹਰ ਕੋਈ ਇਸਨੂੰ ਜਾਣਦਾ ਹੈ। ਪੂਰਾ ਵੈਸ਼ਨੋ ਹੈ। ਸਭ ਤੋਂ ਕਮਾਲ ਜੋ ਇਸਨੇ ਕੀਤੀ ਹੈ ਜਿਸ ਦੀ ਹਰ ਕੋਈ ਤਾਰੀਫ਼ ਕਰ ਰਿਹਾ ਹੈ, ਉਹ ਹੈ ਹਰ ਸ਼ਨਿਚਰਵਾਰ ਨੂੰ ਰਾਤ 9.30 ਵਜੇ ਇਕ ਕਨੇਡੀਅਨ ਟੀ.ਵੀ. ਚੈਨਲ ਤੇ Insight into Sikhism ਦਾ ਅੰਗਰੇਜ਼ੀ ਵਿਚ ਪ੍ਰੋਗਰਾਮ ਇਹ ਦਿੰਦਾ ਹੈ। ਸਾਰੇ ਕਨੇਡਾ ਵਿਚ ਇਹ ਇਕੋ ਹੀ ਇਹੋ ਜਿਹਾ ਹੁਣ ਤਕ ਉਪਰਾਲਾ ਹੈ ਜੋ ਆਮ ਕਨੇਡਾ ਦੇ ਲੋਕਾਂ ਵਿਚ ਸਿੱਖ ਧਰਮ ਦੀ ਜਾਣਕਾਰੀ ਦੇ ਰਿਹਾ ਹੈ। ਮੈਂ ਅਮਰੀਕਾ, ਇੰਗਲੈਂਡ ਵਿਚ ਵੀ ਐਸਾ ਪ੍ਰੋਗਰਾਮ ਕਿਧਰੇ ਨਹੀਂ ਸੁਣਿਆ। ਕਈ ਸਿੱਖ ਜਿਵੇਂ ਸ੍ਰ: ਨਿਰਮਲ ਸਿੰਘ ਢਿੱਲੋਂ ਇਸਦੀ ਮਦਦ ਕਰਦੇ ਹਨ। ਸ੍ਰ: ਨਛੱਤਰ ਸਿੰਘ ਚੌਹਾਨ ਵੀ ਨਾਲ ਲੱਗਾ ਹੈ। ਹੁਣ ਯੋਗਾ ਸੈਂਟਰ ਵਿਚ ਇਕ ਸਿੱਖ ਅਕੈਡਮੀ ਬਣਾਈ ਹੈ ਹਰ ਐਤਵਾਰ ਨੂੰ ਸਿੱਖ ਵਿਦਿਆਰਥੀ ਆਉਂਦੇ ਹਨ। ਉਹਨਾਂ ਨੂੰ ਸਿੱਖ ਧਰਮ ਬਾਰੇ ਅਤੇ ਪੰਜਾਬੀ ਦੀ ਟ੍ਰੇਨਿੰਗ ਮਿਲਦੀ ਹੈ। ਬੜਾ ਪਾਪੂਲਰ ਹੋ ਗਿਆ ਹੈ ਇਹ ਪ੍ਰੋਗਰਾਮ। ਸਿੱਖ ਬਾਣੇ ਵਿਚ ਤਦ ਹੀ ਸਿੱਖ ਰਹਿ ਸਕਣਗੇ ਜੇ ਹੁਣ ਆਪਣੀ ਅਗਲੀ ਪਨੀਰੀ ਨੂੰ ਸਿੱਖੀ ਬਾਰੇ ਸਮਝਾ ਸਕਣ। ਕੇਵਲ ਸ਼ਾਨਦਾਰ ਗੁਰਦੁਆਰਾ ਬਨਾਉਣ ਨਾਲ ਸਿੱਖੀ ਸਰੂਪ ਨਹੀਂ ਵਧ ਸਕਦਾ। ਕੈਨੇਡਾ ਵਿਚ ਪਤਿਤ ਬਹੁਤ ਹਨ, ਪਰ ਸਿੱਖੀ ਸ਼ਰਧਾ ਵੀ ਪੂਰੀ ਰੱਖਦੇ ਹਨ। ਉਹਨਾਂ ਦੇ ਬੱਚੇ ਕਿਵੇਂ ਵਾਪਸ ਮੁੜਨ ? ਇਹ

ਏਜੰਡੇ ਦੀ ਲੋੜ ਹੈ। ਸ੍ਰ: ਹਰੀਨਾਮ ਸਿੰਘ ਖਾਲਸਾ ਇਸ ਰਸਤੇ ਤੇ ਚੱਲਣ ਲਈ ਵਚਨਬੱਧ ਹੈ। ਸਾਰਾ ਦਿਨ ਆਪਣੇ ਖਰਚ ਤੇ ਇਸ ਮਿਸ਼ਨ ਤੇ ਲੱਗਾ ਹੋਇਆ ਹੈ। ਇਸਦੀ ਸੋਚ, ਬੋਲਣ ਦਾ ਢੰਗ ਤੇ ਨਿਸ਼ਚਾ ਸਾਰੇ ਟੋਰਾਂਟੋ ਦੇ ਸਿੱਖਾਂ ਨੂੰ ਹੁੰਗਾਰਾ ਦੇ ਰਿਹਾ ਹੈ ਕਿ ਗੁਰੂ ਦੇ ਲੜ ਲੱਗੋ।

ਟੋਰਾਂਟੋ ਵਿਚ ਪੰਜਾਬੀ ਅਤੇ ਸਿੱਖ ਰੇਡੀਓ ਸਟੇਸ਼ਨ, ਟੀ.ਵੀ. ਚੈਨਲ, ਅਖਬਾਰਾਂ ਅਨੇਕ ਹਨ। ਮੇਰੀ ਇਸ ਫੇਰੀ ਸਮੇਂ ਕਈ ਉੱਘੇ ਪੱਤਰਕਾਰਾਂ ਨਾਲ ਮਿਲਣੀ ਹੋਈ ਜਿਹੜੇ ਰੇਡੀਓ ਸਟੇਸ਼ਨ, ਟੀ.ਵੀ. ਸਟੇਸ਼ਨ ਚਲਾਉਂਦੇ ਹਨ ਤੇ ਅਖਬਾਰਾਂ ਕੱਢਦੇ ਹਨ, ਜਿਵੇਂ ਕਿ ਸ੍ਰ: ਸਤਿੰਦਰਪਾਲ ਸਿੰਘ ਸਿੱਧਵਾਂ 'ਪੰਜਾਬੀ ਲਹਿਰਾਂ', ਜੋਗਿੰਦਰ ਬੱਸੀ ਤੇ ਦਿਲਬਾਰਾ ਸਿੰਘ ਚਾਵਲਾ 'ਗਾਉਂਦਾ ਪੰਜਾਬ', ਸ੍ਰ: ਅਮਰ ਸਿੰਘ ਭੁੱਲਰ 'ਰੋਜ਼ਾਨਾ ਹਮਦਰਦ', ਕੁਲਦੀਪ ਦੀਪਕ 'ਪੰਜਾਬ ਦੀ ਗੂੰਜ', ਇਕਬਾਲ ਮਹਿਲ 'ਪੰਜਾਬ ਦਰਪਣ', ਬਲਰਾਜ ਦਿਓਲ 'ਖ਼ਬਰਨਾਮਾ' ਪੰਜਾਬੀ ਵੀਕਲੀ, ਪ੍ਰੀਤਮ ਰਾਹੀ 'ਪ੍ਰਦੇਸੀ ਪੰਜਾਬ', ਜੋਗਿੰਦਰ ਸਿੰਘ ਗਰੇਵਾਲ 'ਪੰਜ ਪਾਣੀ'। ਸ੍ਰ: ਰਘਬੀਰ ਸਿੰਘ 'ਰੋਜ਼ਾਨਾ ਦੇਸ ਪ੍ਰਦੇਸ', ਸ੍ਰੀ ਸੈਣੀ 'ਪ੍ਰਵਾਸੀ ਭਾਰਤੀ'। ਸ੍ਰ: ਸਤੱਪਾਲ ਜੌਹਲ ਤੇ ਸ੍ਰ: ਅਮਰ ਸਿੰਘ ਭੁੱਲਰ ਦਾ ਨਾਂ ਤਾਂ ਅਸੀਂ ਇਥੇ ਪੜ੍ਹਦੇ ਰਹਿੰਦੇ ਹਾਂ। ਉਥੇ ਸਿੱਖ ਮੀਡੀਆ ਦੀ ਚੜ੍ਹਤ ਹੈ। ਅਜੀਤ ਜਲੰਧਰ ਅਤੇ ਹੋਰ ਰੋਜ਼ਾਨਾ ਪੰਜਾਬੀ ਅਖਬਾਰਾਂ ਦੇ ਇੰਟਰਨੈਟ ਤੇ ਵੈਬਸਾਈਟ ਹੋਣ ਦਾ ਸਾਰੇ ਲਾਭ ਉਠਾ ਰਹੇ ਹਨ। ਪੰਜਾਬ ਦੀਆਂ ਖਬਰਾਂ ਖੂਬ ਛਪਦੀਆਂ ਹਨ।

ਇਕ ਗੱਲ ਦਾ ਵਰਨਣ ਜ਼ਰੂਰੀ ਹੈ। ਸ੍ਰ: ਗੁਰਬਖਸ਼ ਸਿੰਘ ਮੱਲ੍ਹੀ ਨੇ ਕਨੇਡਾ ਦੀ ਪਾਰਲੀਮੈਂਟ ਵਿਚ ਵਿਸਾਖੀ ਦਾ ਪ੍ਰੋਗਰਾਮ ਚਲਾ ਕੇ ਬੜੀ ਸੇਵਾ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਨਵਾਂ ਇਤਿਹਾਸ ਰਚਿਆ ਹੈ। ਕੈਨੇਡਾ ਸਰਕਾਰ ਨੂੰ ਸਿੱਖ ਦੋਸਤ ਕਿਹਾ ਜਾਂਦਾ ਹੈ। ਭਾਵੇਂ ਸਿੱਖ ਕਈ ਗਰੁੱਪਾਂ ਵਿਚ ਵੰਡੇ ਹਨ ਪਰ ਉਹ ਸਿੱਖ ਧਰਮ ਦੀ ਚਮਕ ਦਮਕ ਨੂੰ ਕਾਇਮ ਰੱਖ ਰਹੇ ਹਨ। ਕਾਸ਼! ਹਰ ਕੋਈ ਸਿੱਖੀ ਸਰੂਪ ਵਿਚ ਹੁੰਦਾ ਤਾਂ ਗੱਲ ਕੁਝ ਹੋਰ ਹੀ ਹੋਣੀ ਸੀ।

# ਵਿਸ਼ਵ ਧਾਰਮਿਕ ਪਾਰਲੀਮੈਂਟ ਅਫਰੀਕਾ ਵਿਚ

ਸਾਰੀ ਦੁਨੀਆ ਵਿਚ ਵੱਖ-ਵੱਖ ਧਰਮਾਂ ਦੇ ਮੁਖੀਆਂ ਨੂੰ ਇਕ ਥਾਂ ਇਕੱਠਾ ਕਰਨਾ ਇਕ ਅਦੁਤੀ ਤਜਰਬਾ ਹੈ। ਇਹ ਲਿਖਿਆ ਹੈ ਕਿ ਅੱਜ ਤੋਂ 104 ਸਾਲ ਪਹਿਲਾਂ ਅਮਰੀਕਾ ਦੇ ਸ਼ਿਕਾਗੋ ਸ਼ਹਿਰ ਵਿਚ 1895 ਵਿਚ ਇਹ ਸਮਾਗਮ ਹੋਇਆ ਸੀ। ਉਸ ਵਿਚ ਉਦੋਂ ਹਿੰਦੂ ਧਰਮ ਵੱਲੋਂ ਸਵਾਮੀ ਵਿਵੇਕਾਨੰਦ ਸ਼ਾਮਲ ਹੋਏ ਸਨ ਤੇ ਉਹਨਾਂ ਦੇ ਦਰਸ਼ਨਾਂ ਤੇ ਭਾਸ਼ਨਾਂ ਨੇ ਅਮਰੀਕਾ ਵਿਚ ਤਰਥਲੀ ਮਚਾ ਦਿੱਤੀ ਸੀ। ਇਹ ਸੰਸਥਾ ਨੇ ਚਾਰ ਸਾਲ ਪਹਿਲਾਂ ਸ਼ਿਕਾਗੋ ਵਿਚ ਹੀ ਸੌ ਸਾਲਾ ਯਾਦ ਵਜੋਂ ਸਮਾਗਮ ਕੀਤਾ ਸੀ।

ਹੁਣ ਇਹ ਸਮਾਗਮ ਦੱਖਣੀ ਅਫਰੀਕਾ ਦੇ ਇਕ ਅਤਿ ਖ਼ੂਬਸੂਰਤ ਸ਼ਹਿਰ ਕੇਪ ਟਾਊਨ ਵਿਚ 1 ਦਸੰਬਰ ਤੋਂ 8 ਦਸੰਬਰ ਤੱਕ ਇਹ ਵਿਸ਼ਵ ਧਰਮਾਂ ਦੀ ਪਾਰਲੀਮੈਂਟ ਕੀਤੀ ਗਈ ਇਸ 300 ਡੈਲੀਗੇਟ ਤੇ 7000 ਦਰਸ਼ਕ ਸ਼ਾਮਲ ਹੋਏ। ਹਰ ਵੱਡਾ ਛੋਟਾ ਧਰਮ ਇਸ ਵਿਚ ਸ਼ਾਮਲ ਸੀ। ਮੈਨੂੰ ਇਸ ਵਿਚ ਸ਼ਾਮਲ ਹੋਣ ਦਾ ਮਾਣਪਰਾਪਤ ਹੋਇਆ।

ਕਈ ਵਾਰ ਤਾਂ ਸਾਨੂੰ ਪਤਾ ਵੀ ਨਹੀਂ ਹੁੰਦਾ ਕਿ ਕਿਹੜੇ ਦੇਸ਼ ਵਿਚ ਕਿਤਨੇ ਧਰਮ ਚਲ ਰਹੇ ਹਨ। ਅਫਰੀਕਾ ਵਿਚ ਵੀ ਕਈ ਧਰਮ ਹਨ ਜੋ ਵੱਖਰੇ ਕਬੀਲੇ ਮੰਨਦੇ ਹਨ। ਹਿੰਦੂ ਧਰਮ ਦੀਆਂ ਕਈ ਸ਼ਾਖਾਵਾਂ ਹਨ ਤੇ ਇਸ ਵਾਰ ਸਾਰੇ ਹਿੱਸਿਆਂ ਦੇ ਯੋਗ ਨੁਮਾਇੰਦੇ ਸ਼ਾਮਲ ਹੋਏ ਸਨ। ਮੁਸਲਮਾਨਾਂ ਦੇ ਸੁਨੀ, ਸ਼ੀਆ, ਅਹਿਮਦੀ, ਬਹਾਈ ਆਦਿ ਉਥੇ ਹਾਜ਼ਰ ਸਨ। ਯਹੂਦੀ, ਪਾਰਸੀ, ਆਗ਼ਾ ਖਾਨੀ ਆਦਿ ਆਪਣੀ ਹੋਂਦ ਦਸ ਰਹੇ ਸਨ। ਇਸ ਸਮਾਗਮ ਵਿਚ ਦਲਾਈ ਲਾਮਾ ਤੇ ਨੈਲਸਨ ਮੰਡੇਲਾ ਮੁੱਖ ਆਕਰਸ਼ਕ ਰਹੇ। ਡਾਕਟਰ ਕਰਨ ਸਿੰਘ, ਸਵਾਮੀ ਅਗਨੀਵੇਸ਼, ਮੁਨੀ ਜੀ ਰਿਸ਼ੀਕੇਸ਼ ਵਾਲੇ ਮੌਜੂਦ ਸਨ। ਅਮਰੀਕਾ ਤੋਂ ਕਈ ਹਿੰਦੂ ਰਿਸ਼ੀ ਆਪਣੇ ਸਹਿਯੋਗੀਆਂ ਸਮੇਤ ਸ਼ਾਮਲ ਹੋਏ ਸਨ।

ਸਿੱਖਾਂ ਨੇ ਇਸ ਵਾਰ ਆਪਣੀ ਹੋਂਦ ਹੀ ਨਹੀਂ ਦਿਖਾਈ ਸਗੋਂ ਧਾਕ ਜਮਾ ਦਿੱਤੀ। ਅਮਰੀਕਾ ਤੋਂ ਯੋਗੀ ਹਰਭਜਨ ਸਿੰਘ ਆਪਣੇ ਜੱਥੇ ਸਮੇਤ ਸੁਸ਼ੋਭਿਤ ਸਨ। ਉਹਨਾਂ ਦੇ ਚਿੱਟੇ ਕਪੜੇ, ਖੁਲ੍ਹੀਆਂ ਦਾਹੜੀਆਂ ਤੇ ਤੀਵੀਆਂ ਦੇ ਚੂੜੀਦਾਰ ਪਜਾਮੇ ਤੇ ਸਿਰ ਤੇ ਦੁੱਪਟੇ ਸਿੰਘਾਂ ਵਾਂਗੂੰ ਸਜਾਏ ਹੋਏ ਬੜੇ ਪ੍ਰਭਾਵਸ਼ਾਲੀ ਸਨ। ਨਾਮਧਾਰੀ ਸਿੰਘਾਂ ਦਾ ਜਥਾ ਸ. ਐਚ ਐਸ ਹੰਸਪਾਲ ਦੀ ਅਗਵਾਈ ਹੇਠਾਂ ਪੁੱਜਾ ਹੋਇਆ ਸੀ। ਸਤਿਗੁਰੂ ਜਗਜੀਤ ਸਿੰਘ ਨੇ ਪੁੱਜਣਾ ਸੀ ਪਰ ਅਖੀਰ ਤੇ ਪ੍ਰੋਗਰਾਮ ਬਦਲ ਗਿਆ। ਨਾਮਧਾਰੀ ਜਥੇ ਨੇ ਉੱਥੇ ਕੀਰਤਨ ਦਾ ਪ੍ਰੋਗਰਾਮ ਕੀਤਾ ਤੇ ਲੋਕਾਂ ਨੂੰ ਪ੍ਰਭਾਵਿਤ ਕੀਤਾ । ਇਸ ਤੋਂ ਇਲਾਵਾ ਅਮਰੀਕਾ ਤੋਂ ਕਈ ਸ਼ਹਿਰਾਂ ਦੇ ਸਿੱਖ ਇਕੱਠੇ ਹੋ ਕੇ ਆਏ ਸਨ। ਡਾਕਟਰ ਹੰਸਰਾ ਇਸ ਸੰਸਥਾ ਨਾਲ ਸ਼ਿਕਾਗੋ ਤੋਂ ਜੁੜੇ ਹੋਏ ਹਨ। ਅਮਰੀਕਾ ਤੋਂ 8 ਸਿੱਖ ਆਏ ਸਨ। ਭਾਈ ਹਰਬੰਸ ਲਾਲ ਵੀ ਸਿੱਖ ਧਰਮ ਦੀ ਨੁਮਾਇੰਦਗੀ ਕਰ ਰਹੇ ਸਨ। ਉਹਨਾਂ ਪਰਚਾ ਵੀ ਪੜ੍ਹਿਆ। ਬੀਬੀ ਜਗੀਰ ਕੌਰ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਤਿੰਨ ਮੈਂਬਰਾਂ ਸਮੇਤ ਸ਼ਾਮਲ ਹੋਏ। ਉਹਨਾਂ ਸਮਾਗਮ

ਸਮੇਂ ਮੰਚ ਤੇ ਜਾ ਕੇ ਭਾਸ਼ਣ ਵੀ ਦਿੱਤਾ।

ਸਿੱਖਾਂ ਨੇ ਹਾਲ ਦੇ ਬਾਹਰ ਇਕ ਵੱਡੇ ਘੁੰਮਣ ਵਾਲੇ ਪੈਨਲ ਤੇ ਸਿੱਖ ਧਰਮ ਦੀ ਜਾਣਕਾਰੀ ਦਿੱਤੀ ਹੋਈ ਸੀ। ਸਿੱਖਾਂ ਬਾਰੇ ਲਿਟਰੇਚਰ ਵੀ ਵੰਡਿਆ ਗਿਆ। ਹਰ ਰੋਜ਼ ਸਵੇਰੇ ਕੀਰਤਨ ਦਾ ਪ੍ਰੋਗਰਾਮ ਕੀਤਾ ਜਾਂਦਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਿਟਰੇਚਰ, ਕਿਰਪਾਨਾਂ, ਕੜੇ, ਤੇ ਕੰਘੇ ਵੰਡੇ ਗਏ। ਕੈਨੇਡਾ ਤੇ ਲੰਡਨ ਤੋਂ ਵੀ ਸਿੱਖ ਪੁੱਜੇ ਸਨ। ਆਨੰਦਪੁਰ ਸਾਹਿਬ ਦੇ ਮੁਖੀ ਪ੍ਰੋਫੈਸਰ ਪਤਵੰਤ ਸਿੰਘ ਨੇ ਸਮਾਗਮ ਵਿਚ ਅਰਦਾਸ ਕੀਤੀ। ਸਰਬ ਸੁਖ ਤੇ ਜਿੱਤ ਦੁਆਰੇ ਉਬਰੇ ਦਾ ਸੰਦੇਸ਼ ਦਿੱਤਾ। ਲੋਕ ਪਹਿਲਾਂ ਸਿੱਖਾਂ ਨੂੰ ਮੁਸਲਮਾਨ ਸਮਝਦੇ ਸਨ। ਅਫਰੀਕਾ ਵਿਚ ਸਿੱਖ ਕੇਵਲ ਕੀਨੀਆਂ ਤੇ ਯੂਗਾਂਡਾ ਵਿਚ ਹੀ ਪ੍ਰਸਿੱਧ ਸਨ। ਇਕ ਦਿਨ ਸਿੱਖਾਂ ਵੱਲੋਂ ਸਾਰੇ ਡੈਲੀਗੇਟਾਂ ਨੂੰ ਲੰਗਰ ਖਵਾਇਆ ਗਿਆ। ਇਸਦਾ ਬੜਾ ਸੁਚੱਜਾ ਪ੍ਰਭਾਵ ਪਿਆ। ਲੰਗਰ ਦੀ ਮਹੱਤਤਾ ਸਮਝਾਈ ਗਈ। ਯੋਗੀ ਹਰਭਜਨ ਸਿੰਘ ਨੇ ਆਪਣੀ ਵਰਕਸ਼ਾਪ ਲਗਾਈ ਤੇ ਬੜਾ ਪ੍ਰਭਾਵਸ਼ਾਲੀ ਲੈਕਚਰ ਕੀਤਾ।

ਕਾਨਫ੍ਰੰਸ ਵਿਚ ਇੰਟਰ ਫੇਥ ਡਾਇਲੋਗ ਪ੍ਰਮੁੱਖ ਮੁੱਦਾ ਸੀ। ਪੰਜਾਹ ਟੇਬਲ ਹਾਲ ਵਿਚ ਲੱਗੇ। ਹਰ ਇਕ ਟੇਬਲ ਤੇ 6 ਸੀਟਾਂ ਸਨ। ਉਹ ਸਾਰੇ ਡੈਲੀਗੇਟ ਆਪਸ ਵਿਚ ਬੈਠਕੇ ਡਿਸਕਸ਼ਨ ਕਰਦੇ ਤੇ ਫਿਰ ਜੋ ਫੈਸਲੇ ਹੋਏ ਉਸ ਬਾਰੇ ਹਾਲ ਵਿਚ ਜਾਣਕਾਰੀ ਦਿੰਦੇ।

ਇਕ ਸੈਮੀਨਾਰ ਮੁਸਲਿਮ-ਸਿੱਖਾਂ ਦੇ ਸਬੰਧਾਂ ਤੇ ਕੀਤਾ ਗਿਆ। ਬੜੇ ਵਿਦਵਾਨ ਮੁਸਲਿਮ ਨੇ ਸਿੱਖਾਂ ਤੇ ਹੋਏ ਧੱਕਿਆਂ ਦੀ ਮੁਆਫੀ ਮੰਗੀ। ਮੈਂ ਉੱਥੇ ਮੁਸਲਮਾਨਾਂ ਨੂੰ ਯਾਦ ਕਰਵਾਇਆ ਕਿ ਕੁਵੈਤ ਤੇ ਦੁਬਈ ਵਿਚ ਸਿੱਖਾਂ ਦੀ ਦੇਹ ਨੂੰ ਸੰਸਕਾਰ ਦੀ ਆਗਿਆ ਨਹੀਂ ਹੈ। ਅੱਜ ਦੇ ਯੁਗ ਵਿਚ ਇਕ ਧਰਮ ਦੀ ਹੀ ਗੱਲ ਮਨਵਾਉਣੀ ਠੀਕ ਨਹੀਂ ਹੈ। ਗੁਰਦੁਆਰਾ ਬਿਲਡਿੰਗ ਬਣਾਨ ਦੀ ਆਗਿਆ ਨਹੀਂ ਹੈ।

ਕੇਪ ਟਾਊਨ ਦੇ ਸੁਹਾਵਣੇ ਮਾਹੌਲ ਵਿਚ ਕਾਨਫ੍ਰੰਸ ਕਾਫੀ ਪਾਪੂਲਰ ਸੀ। ਕੇਪ ਟਾਊਨ ਬੜਾ ਸੁੰਦਰ ਸ਼ਹਿਰ ਹੈ। ਅਫਰੀਕਾ ਦੀ ਧਰਤੀ ਦਾ ਅਖੀਰਲਾ ਦੱਖਣ ਦਾ ਸ਼ਹਿਰ ਹੈ। ਇਸ ਤੋਂ ਅੱਗੇ ਸਮੁੰਦਰ ਹੈ। ਅੰਗਰੇਜਾਂ ਨੇ ਬੜੀ ਲਗਨ ਨਾਲ ਇਹ ਸ਼ਹਿਰ ਵਸਾਇਆ ਸੀ। ਹੁਣ ਕਾਲੇ ਰੰਗ ਦੇ ਅਫਰੀਕੀ ਛਾ ਰਹੇ ਹਨ। ਉਹਨਾਂ ਆਪਣੀ ਬੇਰੁਖੀ ਅੰਗਰੇਜ਼ਾਂ ਪ੍ਰਤੀ ਦਿਖਾਈ। ਏਥੇ ਜੁਰਮ ਵਧ ਰਹੇ ਹਨ। ਗੋਰਿਆਂ ਨੂੰ ਹੌਲੀ ਹੌਲੀ ਡਰ ਪੈਦਾ ਹੋ ਰਿਹਾ ਹੈ। ਕੇਪ ਟਾਊਨ ਤੋਂ ਦੋ ਮੀਲ ਦੂਰ ਇਕ ਟਾਪੂ ਤੇ ਇਕ ਜੇਲ੍ਹ ਬਣੀ ਹੈ ਜਿੱਥੇ ਨੈਲਸਨ ਮੰਡੇਲਾ ਨੂੰ 20 ਸਾਲ ਰੱਖਿਆ ਗਿਆ। ਹੁਣ ਇਹ ਜੇਲ੍ਹ ਕੇਵਲ ਦਰਸ਼ਕਾਂ ਲਈ ਖੁੱਲੀ ਹੈ।

ਕੇਪ ਟਾਊਨ ਤੋਂ 100 ਮੀਲ ਹੇਠਾਂ ਇਕ ਸ਼ਹਿਰ 'ਕੇਪ ਆਫ ਗੁਡ ਹੋਪ' ਹੈ। ਇੱਥੇ ਦੋਵੇਂ ਸਮੁੰਦਰ ਹਿੰਦ ਮਹਾਂਸਾਗਰ ਤੇ ਐਟਲਾਂਟਿਕ ਮਹਾਂਸਾਗਰ ਮਿਲਦੇ ਹਨ। ਦੋਵਾਂ ਦੇ ਵੱਖਰੇ ਰੰਗ ਹਨ। ਇਕ ਪਹਾੜੀ ਤੋਂ ਖੜੋਕੇ ਇਹ ਲੋਕ ਵੇਖਦੇ ਹਨ। ਰਸਤੇ ਵਿਚ ਇਕ ਥਾਂ ਪੈਂਗੁਇਨ ਜਾਨਵਰਾਂ ਦਾ ਸਥਾਨ ਹੈ। ਇਹ ਪਾਣੀ ਵਿਚ ਹੀ ਰਹਿੰਦੇ ਹਨ ਤੇ ਸਮੁੰਦਰ ਕਿਨਾਰੇ ਤੇ ਖੜੇ ਰਹਿੰਦੇ ਹਨ। ਸਭ ਇਹਨਾਂ ਨੂੰ ਵੇਖਣ ਜਾਂਦੇ ਹਨ। ਇਕ ਟਾਪੂ ਤੇ ਸੀਲਾਂ ਨੂੰ ਵੇਖਦੇ ਹਨ, ਹਜ਼ਾਰਾਂ ਸੀਲ ਉੱਥੇ ਬੈਠੀਆਂ ਧੁਪ ਸੇਕਦੀਆਂ ਨਜ਼ਰ ਆਉਂਦੀਆਂ ਹਨ।

ਜੋਹਨਸਬਰਗ ਬੜਾ ਵੱਡਾ ਸ਼ਹਿਰ ਹੈ। ਇਥੋਂ 60 ਮੀਲ ਦੂਰ ਪੈਰਟੇਰੀਆ ਸ਼ਹਿਰ ਵਿਚ

ਹੀ ਸੋਨੇ ਦੀਆਂ ਖਾਨਾਂ ਹਨ। ਜੋ ਮਿੱਟੀ ਬਾਹਰ ਨਿਕਲੀ ਹੈ ਉਸ ਦਾ ਰੰਗ ਵੀ ਸੋਨੇ ਵਰਗਾ ਹੈ। ਸ਼ਹਿਰ ਬੜਾ ਖੂਬਸੂਰਤ ਹੈ। ਇਹ ਸ਼ਹਿਰ ਦੇਸ਼ ਦੀ ਰਾਜਧਾਨੀ ਹੈ—ਵਸੋਂ ਕਾਲਿਆਂ ਦੀ ਹੈ।

ਦੱਖਣੀ ਅਫ਼ਰੀਕਾ ਦੇ ਹੋਰ ਸ਼ਹਿਰ ਡਬਲਿਨ ਤੇ ਨਟਾਲ ਹਨ। ਭਾਰਤ ਬਹੁਤੇ ਡਬਲਿਨ ਵਿਚ ਰਹਿੰਦੇ ਹਨ। ਇਸ ਦੇਸ਼ ਵਿਚ ਸਿੱਖ ਕੋਈ ਨਹੀਂ ਹੈ। ਭਾਰਤੀ ਦੂਤਾਵਾਸ ਵਿਚ ਸਿੱਖ ਹਨ। ਦੱਖਣੀ ਅਫ਼ਰੀਕਾ ਬੜਾ ਅਮੀਰ ਦੇਸ਼ ਹੈ, ਸੋਨਾ, ਹੀਰੇ ਤੇ ਪਲਾਟੇਨੀਅਮ ਦੀਆਂ ਖਾਨਾਂ ਹਨ। ਏਥੇ ਸੈਲਾਨੀ ਬੜੇ ਆਉਂਦੇ ਹਨ।

ਜੋਹਨਸਬਰਗ ਤੋਂ 200 ਮਿਲੋਮੀਟਰ ਦੂਰ 'ਸੰਨ ਸਿਟੀ' ਵਸਿਆ ਹੈ। ਇਹ ਟੂਰਿਸਟ ਸ਼ਹਿਰ ਹੈ। ਇਥੇ ਹੀ 'ਮਿਸ ਵਰਲਡ' ਦਾ ਮੁਕਾਬਲਾ ਹੋਇਆ ਸੀ ਜਦੋਂ ਕਿ ਇਕ ਭਾਰਤੀ ਪਹਿਲੇ ਨੰਬਰ ਤੇ ਆਈ ਸੀ। ਵੱਡੇ ਵੱਡੇ ਹੋਟਲ, ਇਕ ਕੈਸੀਨੋ, ਹੋਰ ਬੱਚਿਆਂ ਦੇ ਮਨ ਪਰਚਾਵੇ ਦੀਆਂ ਮਸ਼ੀਨਾਂ, ਸੈਰਗਾਹਾਂ ਬਣੀਆਂ ਹੋਈਆਂ ਹਨ। ਪਹਾੜੀਆਂ ਤੇ ਵਸਿਆ ਇਹ ਸ਼ਹਿਰ ਜਗਤ ਪ੍ਰਸਿੱਧ ਹੈ।

ਦੱਖਣੀ ਅਫ਼ਰੀਕਾ ਰਹਿਕੇ ਮੈਂ ਤੇ ਮੇਰੀ ਪਤਨੀ ਕੀਨੀਆ ਦੀ ਰਾਜਧਾਨੀ ਨੈਰੋਬੀ ਜਾ ਪੁਜੇ। ਭਾਰਤੀ ਮੂਲ ਦੇ ਲੋਕ ਵੱਡੀ ਗਿਣਤੀ ਵਿਚ ਇੱਥੇ ਰਹਿੰਦੇ ਹਨ। ਸਿੱਖਾਂ ਦੇ ਚਾਰ ਗੁਰਦੁਆਰੇ, ਇਕ ਨਾਮਧਾਰੀ ਸੰਗਤ ਦਾ ਗੁਰਦੁਆਰਾ, ਕਈ ਮੰਦਰ ਖਾਸ ਕਰਕੇ ਗੁਜਰਾਤੀ ਲੋਕਾਂ ਨਾਲ ਭਰੇ ਹੁੰਦੇ ਹਨ। ਸਾਰੇ ਵਿਉਪਾਰ ਭਾਰਤੀਆਂ ਕੋਲ ਹੈ। ਕਿਸੇ ਵਕਤ ਇਹ ਦੇਸ਼ ਬੜਾ ਪ੍ਰਸਿੱਧ ਸੀ। ਜੋਮੋ ਕਨੈਟਾ ਮਹਾਤਮਾ ਗਾਂਧੀ ਵਾਂਗ ਅਫਰੀਕਾ ਦਾ ਲੀਡਰ ਇੱਥੋਂ ਦਾ ਸੀ। ਉਹ ਪਹਿਲਾ ਰਾਸ਼ਟਰਪਤੀ ਆਜ਼ਾਦੀ ਪਿੱਛੋਂ ਬਣਿਆ। ਇੱਥੋਂ ਦੀ 'ਸਫਾਰੀ' ਜਗਤ ਪ੍ਰਸਿੱਧ ਹੈ। ਸੈਂਕੜੇ ਮੀਲਾਂ ਵਿਚ ਹਰ ਕਿਸਮ ਦੇ ਜਾਨਵਰਾਂ ਦੇ ਝੁੰਡ ਵੇਖਣ ਨੂੰ ਮਿਲਦੇ ਹਨ। ਸ਼ੇਰ ਤੇ ਚੀਤੇ ਤੁਹਾਡੀਆਂ ਕਾਰਾਂ ਨਾਲ ਆ ਖਹਿੰਦੇ ਹਨ। ਕੋਈ ਡਰ ਨਹੀਂ ਲਗਦਾ। ਸ਼ੇਰਾਂ ਦਾ ਝੁਰਮਟ ਹੁੰਦਾ ਹੈ ਬੱਚਿਆਂ ਸਮੇਤ ਹਜ਼ਾਰਾਂ ਹਿਰਨ, ਜ਼ੈਬਰੇ, ਗੈਂਡੇ, ਹਾਥੀ, ਸ਼ੁਤਰ ਮੁਰਗ ਆਦਿ ਵੇਖਣ ਨੂੰ ਮਿਲਦੇ ਹਨ। ਨੈਰੋਬੀ ਨੇੜੇ ਇਕ ਧਰਤੀ ਦਾ ਟੁਕੜਾ ਹੈ ਜੋ ਕਈ ਸੋ ਸਾਲ ਪਹਿਲਾਂ ਕਈ ਹਜ਼ਾਰ ਫੁੱਟ ਅੰਦਰ ਧੱਸ ਗਿਆ ਹੈ। ਇਸ ਨੂੰ 'ਰਿਫਟ ਵੈਲੀ' ਆਖਦੇ ਹਨ। ਕਈ ਸੌ ਮੀਲ ਤੱਕ ਇਹ ਏਦਾਂ ਹੀ ਡੂੰਘੀ ਖਾਈ ਹੈ। ਕੁਦਰਤ ਦਾ ਭੇਦ ਪਾਉਣਾ ਔਖਾ ਹੈ।

ਅੱਜ ਕੱਲ ਨੈਰੋਬੀ ਵਿਚ ਕਾਨੂੰਨ ਦੀ ਅਵਸਥਾ ਮਾੜੀ ਹੈ। ਚੋਰੀ ਡਾਕਾ ਲੁੱਟ-ਖਸੁੱਟ, ਰੇਪ ਆਮ ਹੋ ਚੁੱਕੇ ਹਨ। ਘਰਾਂ ਵਿਚ ਬੈਠੇ ਕਾਰਾਂ ਚੁੱਕ ਕੇ ਲਿਜਾ ਰਹੇ ਹਨ। ਤੁਹਾਡੀ ਕਾਰ ਰੋਕ ਕੇ ਲੁਟ ਲੈਂਦੇ ਹਨ। ਪੁਲਿਸ ਖੜੀ ਰਹਿੰਦੀ ਹੈ। ਟੂਰਿਸਟ ਏਥੇ ਆਉਣੇ ਬੰਦ ਹੋ ਗਏ ਹਨ। ਇਤਨਾ ਵੱਡਾ ਦੇਸ਼ ਅੱਜ ਆਪਣੇ ਰਾਜਸੀ ਵਾਤਾਵਰਣ ਵਿਚ ਹੀ ਫਸ ਚੁੱਕਾ ਹੈ। ਸਾਨੂੰ ਬੜੇ ਸਬੰਧੀ ਮਿਲੇ। ਅਸੀਂ ਸਭ ਨੂੰ ਪੁਛਿਆ ਕਿ ਜਦ ਇਤਨਾ ਡਰ ਪੈ ਚੁੱਕਾ ਹੈ ਫਿਰ ਪੈਸਾ ਕਮਾਣ ਦੀ ਲਾਲਸਾ ਵਿਚ ਜਾਨ ਕਿਉਂ ਖਤਰੇ ਵਿਚ ਪਾ ਰੱਖੀ ਹੈ। ਲੋਕ ਉੱਥੇ ਰਹਿਕੇ ਖੁਸ਼ ਹਨ। ਕਮਾਈ ਬੜੀ ਹੈ। ਨਾਮਧਾਰੀ ਸੰਗਤ ਬੜੀ ਪ੍ਰਭਾਵਸ਼ਾਲੀ ਹੈ। ਸੂਬਾ ਸਤਨਾਮ ਸਿੰਘ ਬੜੇ ਮਿਲਣਸਾਰ ਹਨ। ਉਹਨਾਂ ਦੇ ਵੱਡੇ ਭਰਾ ਦੀ ਪਤਨੀ ਕੁਲਦੀਪ ਕੌਰ ਦਾ ਸਾਰੇ ਸ਼ਹਿਰ ਵਿਚ ਸਤਿਕਾਰ ਹੈ। ਉਹ ਫਗਵਾੜੇ ਤੋਂ ਹਨ। ਸਤਿਗੁਰੂ ਜਗਜੀਤ ਸਿੰਘ ਦਾ ਸਰਕਾਰ ਵੀ ਸਤਿਕਾਰ ਕਰਦੀ ਹੈ। ਉਹਨਾਂ ਦੇ ਆਣ ਤੇ ਪੂਰਾ ਸਰਕਾਰੀ ਪ੍ਰਬੰਧ ਕੀਤਾ ਗਿਆ ਸੀ। ਸਿੱਖਾਂ ਦਾ ਆਪਸ ਵਿਚ ਮੇਲ ਮਿਲਾਪ ਹੈ। ਕੀਨੀਆ ਦੀ ਹਾਕੀ ਦੀ ਟੀਮ ਵਿਚ ਕਈ ਸਿੱਖ ਹਨ। ਕੀਨੀਆ ਤੋਂ ਬੜੇ ਸਿੱਖ ਇੰਗਲੈਂਡ ਤੇ ਅਮਰੀਕਾ ਗਏ ਹਨ। ਸਿੱਖ ਕਈ ਸ਼ਹਿਰਾਂ ਵਿਚ ਹਨ। ਨਾਲ ਲਗਦੇ

ਤਨਜ਼ਾਨੀਆ ਤੇ ਯੂਗਾਂਡਾ ਵਿਚ ਬੜੇ ਸਿਖ ਵਸੇ ਹੋਏ ਹਨ।

ਦੱਖਣੀ ਅਫ਼ੀਕਾ ਦੇ ਨਾਲ ਇਕ ਦੇਸ਼ ਬੋਸਵਾਨਾ ਹੈ। ਇਹ ਰੱਜ ਕੇ ਅਮੀਰ ਹੈ। ਏਥੇ ਸਭ ਤੋਂ ਵੱਡੀ ਸਫਾਰੀ ਹੈ। ਇਥੇ 30 ਸਿੱਖ ਟੱਬਰ ਰਹਿੰਦੇ ਹਨ। ਉਹ ਸਾਨੂੰ ਜੋਹਨਸਬਰਗ ਆ ਕੇ ਮਿਲੇ ਤੇ ਚਾਹੁੰਦੇ ਸੀ ਕਿ ਬੀਬੀ ਜਗੀਰ ਕੌਰ ਤੇ ਯੋਗੀ ਹਰਭਜਨ ਸਿੰਘ ਉਥੇ ਆਉਣ। ਏਥੇ ਗੁਰਦੁਆਰਾ ਸਥਾਪਤ ਹੋ ਚੁੱਕਾ ਹੈ।

ਸਾਰਾ ਅਫਰੀਕਾ ਪਹਿਲਾਂ ਗੁਲਾਮ ਸੀ। ਕੁਦਰਤੀ ਜਿਨਸਾਂ ਨਾਲ ਮਾਲਾਮਾਲ ਹੈ। ਪਰ ਆਜ਼ਾਦੀ ਮਿਲਣ ਪਿੱਛੋਂ ਕਈ ਦੇਸ਼ਾਂ ਵਿਚ ਖਾਨਾ ਜੰਗੀ ਚੱਲ ਰਹੀ ਹੈ। ਆਪਣੀ ਤਾਕਤ ਤੇ ਦੌਲਤ ਗਵਾ ਰਹੇ ਹਨ। ਆਬਾਦੀ ਵੱਧ ਰਹੀ ਹੈ ਪਰ ਏਡਜ਼ ਦੀ ਬੀਮਾਰੀ ਬਹੁਤ ਫੈਲ ਚੁੱਕੀ ਹੈ। ਬਾਹਰਲੇ ਦੇਸ਼ ਮਦਦ ਕਰ ਰਹੇ ਹਨ। ਪਰ ਜਦ ਤੱਕ ਲੋਕ ਆਪ ਨਹੀਂ ਸੰਭਲਣਗੇ ਉਹਨਾਂ ਦੀ ਆਰਥਿਕਤਾ ਖਤਮ ਹੁੰਦੀ ਜਾਵੇਗੀ।

# ਆਤੰਕਵਾਦੀਆਂ ਦਾ ਅਮਰੀਕਾ 'ਤੇ ਹਮਲਾ ! ਅਸੀਂ ਕੀ ਸਿੱਖਿਆ ?

ਅਮਰੀਕਾ ਦੇ ਇਤਿਹਾਸ ਵਿਚ 11 ਸਤੰਬਰ 2001 ਹਮੇਸ਼ਾ ਕਾਲੇ ਅੱਖਰਾਂ 'ਚ ਲਿਖਿਆ ਜਾਵੇਗਾ। ਇਹ ਪਹਿਲਾਂ ਅਵਸਰ ਹੈ ਜਦ ਦੁਨੀਆਂ ਦੇ ਸਭ ਤੋਂ ਵੱਧ ਤਾਕਤਵਰ ਦੇਸ਼ ਉਤੇ ਕਿਸੇ ਸੰਸਥਾ ਨੇ ਪਹਿਲੇ ਤੋਂ ਮਿੱਥ ਕੇ ਹਮਲਾ ਕੀਤਾ ਹੋਵੇ। ਜਿਸ 'ਚ 7000 ਤੋਂ ਵੱਧ ਲੋਕ ਮਾਰੇ ਗਏ ਹੋਣ। ਦੂਜੀ ਵਿਸ਼ਵ ਜੰਗ 'ਚ ਜਾਪਾਨ ਨੇ ਅਮਰੀਕਾ ਦੇ ਹਵਾਈ ਟਾਪੂ ਦੀ ਬੰਦਰਗਾਹ Pearl Harbor 'ਤੇ ਹਵਾਈ ਹਮਲਾ ਕਰਕੇ ਉਸਦਾ ਸਾਰਾ ਸਮੁੰਦਰੀ ਬੇੜਾ, ਜਲ ਸੈਨਾ ਦੇ ਅਫਸਰ ਅਤੇ ਸਿਪਾਹੀ ਮਾਰ ਦਿੱਤੇ ਸਨ। ਪਰ ਜੋ 11 ਸਤੰਬਰ, 2001 ਨੂੰ ਵਾਪਰਿਆ ਉਸਨੇ ਅਮਰੀਕਾ ਦੀ ਸਾਖ ਨੂੰ ਹਿਲਾ ਕੇ ਰੱਖ ਦਿੱਤਾ ਹੈ। ਅੱਜ ਤਕ ਇਹ ਮੰਨਿਆ ਜਾਂਦਾ ਸੀ ਕਿ ਅਮਰੀਕਾ ਹਰ ਪੱਖੋਂ ਸਾਰੀ ਦੁਨੀਆਂ 'ਚ ਅੱਗੇ ਹੈ। ਉਸ ਦੇ ਅੰਤਰਕਿਸ਼ Satellite ਦੇ ਜਹਾਜ਼ ਸਾਰੀ ਦੁਨੀਆਂ 'ਚ ਘੁੰਮਦੇ ਹਨ ਤੇ ਉਨ੍ਹਾਂ ਦੀ ਅੱਖ ਹੇਠਾਂ ਸਾਰੇ ਦੇਸ਼ ਹਨ। ਕਿਧਰੇ ਵੀ ਕੋਈ ਘਟਨਾ ਵਾਪਰਨ ਤੋਂ ਪਹਿਲਾਂ ਹੀ ਉਨ੍ਹਾਂ ਦੇ ਜਾਸੂਸ ਅਤੇ ਇਹ ਜਹਾਜ਼ ਆਪਣੀ ਸਰਕਾਰ ਨੂੰ ਖ਼ਬਰ ਕਰ ਦਿੰਦੇ ਹਨ। ਪਰ ਕਮਾਲ ਕਰ ਦਿੱਤੀ ਦਹਿਸ਼ਤਗਰਦਾਂ ਨੇ ਜਿਨ੍ਹਾਂ ਨੇ ਸੂਹ ਵੀ ਨਾ ਲੱਗਣ ਦਿਤੀ ਅਤੇ Boston ਹਵਾਈ ਅੱਡੇ ਤੋਂ ਸਵਾਰੀਆਂ ਵਾਲੇ 4 ਜਹਾਜ਼ ਆਪਣੇ ਕਬਜ਼ੇ 'ਚ ਕਰਕੇ ਉਨ੍ਹਾਂ ਰਾਹੀਂ ਮਹੱਤਵਪੂਰਨ ਥਾਵਾਂ 'ਤੇ ਜਾ ਧਮਾਕਾ ਕੀਤਾ। ਨਾ ਹੀ ਇਸ ਹਮਲੇ ਬਾਰੇ ਕੋਈ ਸੂਹ ਮਿਲੀ, ਨਾ ਹਵਾਈ ਅੱਡੇ ਤੇ ਉਹ ਪਕੜੇ ਗਏ ਤੇ ਨਾ ਹੀ ਹਵਾਈ ਅੱਡੇ ਤੇ ਲੱਗੇ ਯੰਤਰ ਕੁਝ ਕਰ ਸਕੇ। ਅੱਧੇ ਘੰਟੇ 'ਚ ਨਿਊਯਾਰਕ ਦੇ ਸਭ ਤੋਂ ਵੱਡੇ ਟਾਵਰ ਜਿਨ੍ਹਾਂ ਦੀਆਂ 110 ਮੰਜ਼ਿਲਾਂ ਸਨ, ਉਨ੍ਹਾਂ ਵਿਚ ਜਹਾਜ਼ ਜਾ ਕੇ ਮਾਰੇ, ਆਪ ਵੀ ਮਰ ਗਏ ਅਤੇ ਸਵਾਰੀਆਂ ਵੀ ਮਰ ਗਈਆਂ। ਇਨ੍ਹਾਂ ਦੋਵਾਂ ਟਾਵਰਾਂ 'ਚ 7000 ਤੋਂ ਵੱਧ ਕੰਮ ਕਰਦੇ ਲੋਕ ਵੀ ਮਾਰੇ ਗਏ।

ਇਸ ਸਾਰੀ ਘਟਨਾਂ ਤੋਂ ਸਾਨੂੰ ਕਈ ਸਬਕ ਸਿੱਖਣੇ ਚਾਹੀਦੇ ਹਨ। ਪਹਿਲਾ ਜੋ ਸਭ ਤੋਂ ਵਧੀਆ ਗੱਲ ਅਮਰੀਕਨਾਂ ਨੇ ਕਰ ਕੇ ਵਿਖਾਈ ਹੈ ਉਹ ਹੈ ਕਿ ਸਾਰੀ ਅਮਰੀਕਨ ਕੌਮ ਦੀ ਏਕਤਾ। ਜਿਸ ਵਕਤ ਇਹ ਘਟਨਾ ਵਾਪਰੀ ਸਾਰੇ ਅਮਰੀਕਨਾਂ ਨੇ ਇਕ ਜ਼ੁਬਾਨ ਹੋ ਕੇ, ਆਪਣੇ ਰਾਸ਼ਟਰਪਤੀ ਨੂੰ ਇਕ ਲੀਡਰ ਮੰਨ ਕੇ ਪੂਰੇ ਅਖਤਿਆਰ ਦਿੱਤੇ ਕਿ ਜੋ ਚਾਹੇ ਉਹ ਕਰੇ। ਅਮਰੀਕਾ 'ਚ ਦੋ ਰਾਜਸੀ ਪਾਰਟੀਆਂ ਹਨ ਇਕ ਰਿਪਬਲਿਕਨ ਅਤੇ ਦੂਜੀ ਡੈਮੋਕਰੇਟਿਕ। ਇਸ ਵਾਰੀ ਰਾਸ਼ਟਰਪਤੀ ਦੇ ਚੋਣ 'ਚ ਬੜੀਆਂ ਥੋੜ੍ਹੀਆਂ ਵੋਟਾਂ ਨਾਲ ਸ੍ਰੀ ਬੁਸ਼, ਜੋ ਰਿਪਬਲਿਕਨ ਪਾਰਟੀ ਦੇ ਹਨ, ਰਾਸ਼ਟਰਪਤੀ ਬਣੇ। ਪਰ ਮਜਾਲ ਹੈ ਕਿ ਦੂਜੇ ਕਿਸੇ ਡੈਮੋਕਰੇਟਿਕ ਲੀਡਰ ਜਾਂ ਵਰਕਰ ਨੇ ਸਰਕਾਰ ਦੇ ਵਿਰੁੱਧ ਕੋਈ ਬਿਆਨ ਦਿੱਤਾ ਹੋਵੇ। ਅਸੀਂ ਸੋਚੀਏ ਤੇ ਵਿਚਾਰ ਕਰੀਏ ਕਿ ਅਮਰੀਕਾ ਦੀਆਂ ਖੁਫੀਆਂ ਏਜੰਸੀਆਂ ਪੂਰੀ ਤਰ੍ਹਾਂ ਫੇਲ੍ਹ ਹੋ ਗਈਆਂ ਜਿਨ੍ਹਾਂ ਨੂੰ ਇਸ ਸਾਰੇ ਹਾਦਸੇ ਦੀ ਕੋਈ ਸੂਹ ਵੀ ਨਹੀਂ ਲੱਗੀ। ਪਰ ਕਿਸੇ ਨੇ ਵੀ ਵਿਰੁੱਧ ਬਿਆਨ ਨਹੀਂ ਦਿੱਤਾ। ਹੁਣ ਇਸ ਤੇ ਉਲਟ ਸਾਰੇ ਭਾਰਤੀ ਯਾਦ ਕਰਨ ਜਦੋਂ ਕਾਰਗਿਲ ਤੇ ਪਾਕਿਸਤਾਨ ਨੇ ਹਮਲਾ

ਕੀਤਾ ਤਾਂ ਸਾਰੀਆਂ ਵਿਰੋਧੀ ਪਾਰਟੀਆਂ ਅਤੇ ਵੱਡੇ-ਵੱਡੇ ਅਖ਼ਬਾਰਾਂ ਨੇ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ 'ਤੇ ਉਸੇ ਦਿਨ ਤੋਂ ਹੀ ਇਹ ਇਲਜ਼ਾਮ ਲਗਾਉਣ ਲੱਗ ਪਏ ਕਿ ਭਾਰਤ ਦੀ ਖੁਫੀਆ ਏਜੰਸੀਆਂ ਤੇ ਫੌਜ ਦੀ ਖੁਫੀਆ ਏਜੰਸੀਆਂ ਬੁਰੀ ਤਰ੍ਹਾਂ ਫੇਲ੍ਹ ਹੋਈਆਂ ਹਨ। ਸਾਡੀ ਆਦਤ ਹੈ ਜੋ ਅਸੀਂ ਬਿਨਾਂ ਸੋਚੇ ਸਮਝੇ ਸਰਕਾਰ ਵਿਰੁੱਧ ਕਈ ਮਨ-ਘੜਤ ਦੋਸ਼ ਲੱਭ ਕੇ ਉਹਨਾਂ ਦਾ ਪ੍ਰਚਾਰ ਕਰਦੇ ਹਾਂ। ਇਹ ਨਹੀਂ ਸਮਝਦੇ ਕਿ ਦੇਸ਼ 'ਚ ਇਸ ਸਮੇਂ ਏਕਤਾ ਦੀ ਲੋੜ ਹੈ। ਇਕ ਹੋਰ ਉਦਾਹਰਣ ਮੈਂ ਦਿੰਦਾ ਹਾਂ ਜਦੋਂ ਗੁਜਰਾਤ 'ਚ ਪਿਛਲੇ ਸਾਲ ਭੂਚਾਲ ਆਇਆ ਸੀ ਜਿਸ ਨਾਲ ਬੜੀ ਤਬਾਹੀ ਅਤੇ ਕਈ ਲੋਕ ਮਾਰੇ ਗਏ ਪਰ ਉਸੇ ਦਿਨ ਹਰ ਵਿਰੋਧੀ ਪਾਰਟੀ ਮੁੱਖ ਮੰਤਰੀ ਗੁਜਰਾਤ ਵਿਰੁੱਧ ਪ੍ਰਚਾਰ ਕਰਨ ਲੱਗ ਗਈ ਕਿ ਸਰਕਾਰ ਵੱਲੋਂ ਵਕਤ ਸਿਰ ਮਦਦ ਨਹੀਂ ਮਿਲੀ। ਸਾਡੇ ਅਖ਼ਬਾਰ ਅਤੇ ਟੀ.ਵੀ. ਹਰ ਵਕਤ ਇਸੇ ਤਾੜ 'ਚ ਰਹਿੰਦੇ ਹਨ ਕਿ ਉਹ ਕਿਵੇਂ ਸਰਕਾਰ ਵਿਰੁੱਧ ਲੋਕਾਂ ਦੇ ਬਿਆਨ ਲੈਣ ਤੇ ਫਿਰ ਚੰਗੀ ਤਰ੍ਹਾਂ ਉਛਾਲਣ। ਪਰ ਕਿਧਰੇ ਅਮਰੀਕਾ ਦੀ ਘਟਨਾ ਦਾ ਕਿਸੇ ਟੀ.ਵੀ., ਕਿਸੇ ਅਖ਼ਬਾਰ ਨੇ ਕਿਸੇ ਪੱਖੋਂ ਸਰਕਾਰ ਵਿਰੁੱਧ, ਨਿਊਯਾਰਕ ਦੇ ਮੇਅਰ ਦੇ ਵਿਰੁੱਧ ਜਾਂ ਸਰਕਾਰ ਦੇ ਕਿਸੀ ਸੰਸਥਾ ਦੀ ਅਣਗਹਿਲੀ ਦਾ ਵਰਣਨ ਨਹੀਂ ਕੀਤਾ। ਨਿਊਯਾਰਕ ਦੇ ਟਾਵਰਾਂ ਦਾ ਮਲਬਾ ਉਠਾਉਣ 'ਚ 15 ਦਿਨ ਹੋ ਚੁੱਕੇ ਹਨ ਤੇ ਹਾਲਾਂ ਵੀ ਕਈ ਮਹੀਨੇ ਹੋਰ ਲੱਗਣੇ ਹਨ। ਗੁਜਰਾਤ 'ਚ ਸਾਰੇ ਸੂਬੇ 'ਚ ਭੂਚਾਲ ਆਇਆ ਸੀ ਅਤੇ ਅੰਦਾਜ਼ਾ ਲਗਾਵੋ ਕਿ ਸਰਕਾਰ ਨੇ ਕਿਵੇਂ ਮਲਬਾ ਮੀਲਾਂ ਵਿਚੋਂ ਚੁਕਾਇਆ ਸੀ। ਪਰ ਅਸੀਂ ਭਾਰਤੀ ਲੋਕ ਦੋ ਦਿਨ ਪਿੱਛੋਂ ਹੀ ਇਹ ਕਹਿਣ ਲੱਗ ਪਏ ਕਿ ਸਰਕਾਰ ਮਲਬਾ ਚੁੱਕਣ 'ਚ ਫੇਲ੍ਹ ਹੋ ਗਈ ਹੈ।

ਰਾਸ਼ਟਰਪਤੀ ਸ੍ਰੀ ਬੁਸ਼ 20 ਸਤੰਬਰ ਨੂੰ ਆਪਣੀ ਪਾਰਲੀਮੈਂਟ 'ਚ ਗਏ ਤੇ 35 ਮਿੰਟ ਭਾਸ਼ਣ ਦਿੱਤਾ। ਮੈਂ ਇਹ ਭਾਸ਼ਣ ਆਪ ਟੀ.ਵੀ. ਤੇ ਵੇਖਿਆ। 15 ਵਾਰੀ ਉਨ੍ਹਾਂ ਦੇ ਭਾਸ਼ਣ ਸਮੇਂ ਸਾਰੇ ਮੈਂਬਰ ਪਾਰਲੀਮੈਂਟ ਆਪਣੀ ਸੀਟ ਤੇ ਖੜੇ ਹੋਏ 'ਤੇ ਉਨ੍ਹਾਂ ਦੇ ਹੱਕ 'ਚ ਤਾੜੀ ਵਜਾ ਕੇ ਅਪਣਾ ਸਮਰਥਨ ਪ੍ਰਗਟ ਕੀਤਾ। ਇਸ ਪਾਰਲੀਮੈਂਟ 'ਚ ਬਹੁਗਿਣਤੀ ਸ੍ਰੀ ਬੁਸ਼ ਦੇ ਵਿਰੋਧੀ ਪਾਰਟੀ ਡੈਮੋਕਰੇਟਿਕ ਦੇ ਹਨ ਪਰ ਮਜਾਲ ਹੈ ਕੋਈ ਮੈਂਬਰ ਪਾਰਲੀਮੈਂਟ ਆਪਣੀ ਸੀਟ ਤੋਂ ਹਰ ਵਾਰੀ ਖੜਾ ਨਾ ਹੋਇਆ ਹੋਵੇ। ਕਈ ਤਾਂ ਇੰਨੇ ਬਜ਼ੁਰਗ ਸਨ ਕਿ ਮੈਨੂੰ ਵੀ ਅਚੰਭਾ ਲਗਿਆ ਕਿ ਇਹ ਹਰ ਵਾਰੀ ਕਿਉਂ ਕਸ਼ਟ ਕਰ ਰਹੇ ਹਨ। ਕਿੰਨੀ ਉਨ੍ਹਾਂ 'ਚ ਰਾਸ਼ਟਰੀ ਭਾਵਨਾ ਹੈ ਕਿਵੇਂ ਉਹ ਦੇਸ਼ ਲਈ ਇਕ ਸੁਰ ਸੋਚਦੇ ਹਨ। ਹੁਣ ਤੁਸੀਂ ਅਪਣੀ ਪਾਰਲੀਮੈਂਟ ਵੱਲ ਵੇਖੋ ਕਿ ਅੱਜ ਤਕ ਕਦੇ ਪ੍ਰਧਾਨ ਮੰਤਰੀ ਦੇ ਭਾਸ਼ਣ ਸਮੇਂ ਸਾਡੇ ਮੈਂਬਰ ਪਾਰਲੀਮੈਂਟ ਇਹ ਉਤਸ਼ਾਹ ਨਹੀਂ ਦਿਖਾਉਂਦੇ ਹਨ। ਸਾਡੇ ਤਾਂ ਵਿਰੋਧੀ ਧੜੇ ਦੇ ਮੈਂਬਰ ਸਦਨ ਦੀ ਕਾਰਵਾਈ ਚੱਲਣ ਹੀ ਨਹੀਂ ਦਿੰਦੇ, ਮੰਤਰੀਆਂ ਨੂੰ ਬੋਲਣ ਹੀ ਨਹੀਂ ਦਿੰਦੇ ਅਤੇ ਇਥੋਂ ਤਕ ਕਈ ਵਾਰੀ ਗੁਥਮ-ਗੁੱਥਾ ਵੀ ਹੁੰਦੇ ਹਨ। ਵਿਰੋਧੀ ਧਿਰ ਨੇ ਤੇ ਸੌਂਹ ਪਾ ਰੱਖੀ ਹੈ ਕਿ ਸਰਕਾਰ ਦੇ ਹਰ ਕੰਮ ਦੀ ਵਿਰੋਧਤਾ ਕਰਨੀ ਹੀ ਹੈ। ਮੈਂ ਇਹ ਮਹਿਸੂਸ ਕਰਦਾ ਹਾਂ ਕਿ ਅੱਜ ਜੋ ਅਮਰੀਕਾ ਸਾਰੀ ਦੁਨੀਆਂ ਦਾ ਲੀਡਰ ਬਣਿਆ ਹੈ ਉਸ 'ਚ ਸਭ ਤੋਂ ਵੱਧ ਹਿੱਸਾ ਉਥੋਂ ਦੀਆਂ ਰਾਜਸੀ ਪਾਰਟੀਆਂ ਤੇ ਪਾਰਲੀਮੈਂਟ ਦੇ ਮੈਂਬਰ ਦੀਆਂ ਦੇਸ਼ ਪ੍ਰਤੀ ਭਾਵਨਾ ਦਾ ਹੈ। ਉਹ ਹਰ ਔਖੇ ਸਮੇਂ ਵਿਰੋਧ ਤੋਂ ਉਪਰ ਉਠਦੇ ਹਨ ਤੇ ਇਹ ਨਹੀਂ ਕਿ ਬਹਾਨਾ ਲੱਭਣ ਤੇ ਸਰਕਾਰ ਦਾ ਵਿਰੋਧ ਕਰਨ।

ਇਸ ਸਭ ਤੋਂ ਵੱਧ ਸਬਕ ਸਿੱਖਾਂ ਨੂੰ ਵੀ ਸਿੱਖਣ ਦੀ ਲੋੜ ਹੈ। ਪਹਿਲਾ ਤਾਂ ਇਹ ਕਿ ਪਿਛਲੇ 75 ਸਾਲਾਂ ਤੋਂ ਵੱਧ ਅਮਰੀਕਾ 'ਚ ਰਹਿ ਕੇ, ਚੰਗੇ ਪੈਸੇ ਕਮਾ ਕੇ ਅਤੇ ਫਿਰ ਵੱਡੇ-ਵੱਡੇ ਗੁਰਦੁਆਰੇ ਬਣਾ ਕੇ ਕਿਧਰੇ ਵੀ ਆਪਣੀ ਧਰਮ ਦੀ ਵੱਖਰੀ ਹੋਂਦ ਅਤੇ ਦਾੜ੍ਹੀ ਅਤੇ ਕੇਸਾਂ ਬਾਰੇ ਅਮਰੀਕਾ ਦੇ ਅਖ਼ਬਾਰਾਂ ਅਤੇ ਟੀ.ਵੀ. 'ਚ ਪ੍ਰਚਾਰ ਨਹੀਂ ਕਰ ਸਕੇ। ਮੈਂ ਬੜੀ ਵਾਰ

ਅਮਰੀਕਾ 'ਚ ਗਿਆ ਹਾਂ ਤੇ ਇਹੋ ਕਹਿੰਦਾ ਰਿਹਾ ਹਾਂ ਕਿ ਪੈਸਾ ਕਮਾਉ ਅਤੇ ਆਪਣੇ ਭਵਿੱਖ ਲਈ ਖਰਚੋ। ਪੰਜਾਬ ਦੇ ਰਾਜਸੀ ਗਰੁੱਪਾਂ 'ਚ ਬੇਲੋੜਾ ਦਖ਼ਲ ਦੇ ਕੇ ਮਾਇਆ ਦਾ ਨੁਕਸਾਨ ਨਾ ਕਰੋ। ਕਦੇ ਕਿਸੇ ਸਿੱਖ ਸੰਸਥਾ ਨੇ ਅਖ਼ਬਾਰ ਜਾਂ ਟੀ.ਵੀ. ਚੈਨਲ ਤੇ ਪ੍ਰੋਗਰਾਮ ਨਹੀਂ ਆਯੋਜਿਤ ਕੀਤੇ।

ਸਾਡੇ ਕਈ ਭੁੱਲੇ ਵੀਰ ਪਿਛਲੇ 15 ਸਾਲਾਂ ਤੋਂ ਕਸ਼ਮੀਰੀ ਖਾੜਕੂਆਂ ਦੀਆਂ ਸੰਸਥਾਵਾਂ ਨਾਲ ਅਪਣੇ ਸਬੰਧ ਜੋੜ ਰਹੇ ਸਨ। ਮੈਂ ਅਮਰੀਕਾ ਦੇ ਇਕ ਅਖ਼ਬਾਰ 'ਚ ਇਹ ਵੀ ਪੜ੍ਹਿਆ ਸੀ ਕਿ ਸਿੱਖ ਮੁਸਲਮਾਨ ਇਤਹਾਦ ਨਾਂ ਦੀ ਪਾਰਟੀ ਅਤੇ ਸਿੱਖ-ਪਾਕਿਸਤਾਨ ਫਰੈਂਡਸ਼ਿਪ ਨਾਂ ਦੀਆਂ ਪਾਰਟੀਆਂ ਵੀ ਬਣਾਈਆਂ ਗਈਆਂ ਹਨ। ਕਈ ਥਾਂਵਾਂ ਤੇ ਸਾਡੇ ਸਿੱਖ ਭਰਾ ਹਿੰਦੁਸਤਾਨ ਦੀ Embassy ਦੇ ਬਾਹਰ ਅਤੇ U.N.O. ਦੇ ਬਾਹਰ ਮੁਸਲਮਾਨ ਖਾੜਕੂਆਂ ਨਾਲ ਰਲਕੇ ਮੁਜ਼ਾਹਰੇ ਕਰਦੇ ਰਹੇ। ਇਸਦਾ ਮਾੜਾ ਅਸਰ ਸਾਡੇ 'ਤੇ ਪੈਂਦਾ ਹੈ। ਪਿੱਛੇ ਜਿਹੇ ਵੈਨਕੂਵਰ, ਕੈਨੇਡਾ 'ਚ ਕਨਿਸ਼ਕ ਜਹਾਜ਼ ਜੋ 12 ਸਾਲ ਪਹਿਲਾਂ ਸਮੁੰਦਰ 'ਚ ਡਿੱਗਿਆ ਸੀ, ਉਸਨੂੰ ਡੇਗਣ ਦੇ ਇਲਜ਼ਾਮ ਵਿਚ 2 ਸਿੱਖਾਂ ਨੂੰ ਫੜਿਆ ਗਿਆ ਅਤੇ ਇਹ ਬੜੀ ਵਾਰੀ ਟੀ.ਵੀ ਤੇ ਵਿਖਾਇਆ ਗਿਆ। ਇਸਦਾ ਪ੍ਰਭਾਵ ਸਾਡੇ ਵਿਰੁੱਧ ਪਿਆ। ਅਤਕੰਵਾਦੀ ਹਮਲੇ ਪਿਛੋਂ ਅਮਰੀਕਨ ਬੜੇ ਰੋਹ 'ਚ ਸਨ। ਉਨ੍ਹਾਂ ਨੇ ਆਪਣਾ ਰੋਹ ਅਰਬ ਅਤੇ ਤਾਲੇਬਾਨ ਦੇ ਸਮਰਥਕਾਂ ਤੇ ਕੱਢਣਾ ਸੀ ਤੇ ਭੁਲੇਖੇ 'ਚ ਉਹ ਸਿੱਖਾਂ 'ਤੇ ਪੈ ਗਿਆ। ਇਹ ਬੜੀ ਵੱਡੀ ਗੱਲ ਹੋਈ ਜਿਸਦੇ ਨਾਲ ਸਾਰਾ ਸਿੱਖ ਸਮਾਜ ਸਹਿਮ ਗਿਆ। ਮੈਂ ਪ੍ਰਧਾਨ ਮੰਤਰੀ ਨੂੰ ਲਿਖਿਆ ਤੇ ਮਿਲਿਆ ਵੀ। ਅਮਰੀਕਾ ਦੇ ਦਿੱਲੀ 'ਚ Ambassador ਨੂੰ ਗੁਰਦੁਆਰਾ ਬੰਗਲਾ ਸਾਹਿਬ ਵੀ ਲੈ ਗਿਆ। ਪਰ ਸਭ ਤੋਂ ਵੱਧ ਕੰਮ ਅਮਰੀਕਾ ਦੇ ਕਈ ਉੱਘੇ ਸਿੱਖਾਂ ਨੇ, ਯੋਗੀ ਹਰਭਜਨ ਸਿੰਘ ਖਾਲਸਾ, ਸ. ਸੰਤ ਸਿੰਘ ਛਤਵਾਲ ਨਿਊਯਾਰਕ, ਡਾ. ਰਾਜਵੰਤ ਸਿੰਘ ਵਾਸ਼ਿੰਗਟਨ, ਡਾ. ਇੰਦਰਜੀਤ ਸਿੰਘ ਨਿਊਯਾਰਕ, ਆਦਿ ਨੇ ਕੀਤਾ। ਹਰ ਸ਼ਹਿਰ 'ਚ ਸਿੱਖਾਂ ਨੇ ਉਥੇ ਦੇ ਮੈਂਬਰ ਪਾਰਲੀਮੈਂਟ ਦਾ ਸਹਿਯੋਗ ਲਿਆ ਤਾਂ ਜਾਕੇ ਗੱਲ ਠੰਢੀ ਪੈ ਗਈ। ਪਰ ਸਾਨੂੰ ਇਹ ਸਿੱਖਣ ਦੀ ਲੋੜ ਹੈ ਕਿ ਅੱਗੋ ਕੀ ਕੀਤਾ ਜਾਵੇ। ਇਸ ਲਈ ਸਾਰੇ ਅਮਰੀਕਾ ਦੇ ਸਮਰੱਥਵਾਨ ਸਿੱਖਾਂ ਦੀ ਇਕ ਮੀਟਿੰਗ ਹੋਣੀ ਚਾਹੀਦੀ ਹੈ। ਉਸ 'ਚ ਸਾਰੇ ਮਿਲਕੇ ਇਕ Awareness About Sikhs ਪ੍ਰੋਗਰਾਮ ਬਨਾਉਣ ਅਤੇ ਵਿਉਂਤ ਨਾਲ ਇਸਨੂੰ ਲਾਗੂ ਕਰਨ। ਗੁਰਦੁਆਰਿਆਂ ਤੇ ਖਰਚ ਕਰਨਾ ਵੀ ਜ਼ਰੂਰੀ ਹੈ। ਪਰ ਜਿਸ ਦੇਸ਼ 'ਚ ਰਹੋ ਉਥੇ ਗ਼ੈਰ ਸਿੱਖਾਂ 'ਚ ਪ੍ਰਚਾਰ ਕਰਨਾ ਲਾਜ਼ਮੀ ਹੈ ਤੇ ਉਸ ਲਈ ਖਰਚ ਕਰਨਾ ਵੀ ਬਣਦਾ ਹੈ। ਸਿੱਖ ਸਾਰੇ ਵਿਸ਼ਵ 'ਚ ਫੈਲ ਰਹੇ ਹਨ। ਉਨ੍ਹਾਂ ਨੂੰ ਹੁਣ ਅਪਣੇ ਭਵਿੱਖ ਲਈ ਅਤੇ ਆਉਣ ਵਾਲੀ ਪੀੜੀਆਂ ਲਈ ਵਿਸ਼ੇਸ਼ ਉਪਰਾਲੇ ਕਰਨੇ ਪੈਣਗੇ। ਸਿਰ ਜੋੜਕੇ ਤੇ ਕੇਵਲ ਸਿੱਖੀ ਸ਼ਰਧਾ ਨਾਲ ਵਿਚਾਰ ਕਰੋ। ਅੱਜ ਦੇ ਯੁਗ 'ਚ Media ਦਾ ਬੋਲ ਬਾਲਾ ਹੈ। ਸਿੱਖ ਬੁੱਧੀਜੀਵੀਆਂ ਦੀ ਗਿਣਤੀ ਚੋਖੀ ਹੈ। ਵੱਡੇ ਵੱਡੇ ਡਾਕਟਰ ਤੇ ਇੰਜੀਨੀਅਰ ਉਥੇ ਜਗਤ ਪ੍ਰਸਿੱਧੀ ਹਾਸਲ ਕਰ ਚੁੱਕੇ ਹਨ। ਯੋਗੀ ਭਜਨ ਦੇ ਜਥੇ 'ਚ ਬੜੇ Media Expert ਬੈਠੇ ਹਨ। ਲੋੜ ਹੈ ਇਨ੍ਹਾਂ ਸਾਰਿਆਂ ਦਾ ਮਿਲਕੇ ਬੈਠਣਾ ਤੇ ਇਕ ਸੰਸਥਾ ਬਣਾ ਕੇ ਸਿੱਖਾਂ ਸਬੰਧੀ ਜਾਣਕਾਰੀ ਦੀ ਮੁਹਿਮ ਚਲਾਉਣਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਚੰਗਾ ਲਿਟਰੇਚਰ ਛਪਵਾ ਕੇ ਉਨ੍ਹਾਂ ਨੂੰ ਭੇਜੇ। ਸਾਰੀ ਦੁਨੀਆਂ ਦੇ ਸਿੱਖਾਂ ਦੀ ਇਕ ਦੂਜੇ ਨਾਲ ਮੇਲ ਮੁਲਾਕਾਤ ਤਾਂ ਨਹੀਂ ਪਰ ਇਕ ਦੂਜੇ ਦੇਸ਼ 'ਚ Information ਦੀ ਲੋੜ ਨੂੰ ਸਮਝੋ। ਸਭ ਦੀਆਂ ਲੋੜਾਂ ਇਕੋ ਜਿਹੀਆਂ ਹਨ। ਸਾਂਝੇ ਉਦਮ ਦੀ ਲੋੜ ਹੈ।

(ਅਕਤੂਬਰ, 2001)

# ਅਮਰੀਕਾ ਦੇ ਪਹਾੜਾਂ ਵਿਚ ਸਿੱਖ ਯੁਵਕ ਕੈਂਪ

ਬੱਚੇ ਕਿਸੇ ਵੀ ਮੱਤ ਜਾਂ ਕੌਮ ਦੇ ਭਵਿੱਖ ਹਨ। ਹਰ ਸੂਝਵਾਨ ਆਗੂ ਜਾਂ ਪਿਤਾ ਬੱਚਿਆਂ ਦੇ ਭਵਿੱਖ ਲਈ ਸਮੇਂ ਸਿਰ ਸੋਚਦਾ ਹੈ। ਜਦ ਦੂਜੀ ਜੰਗ ਸਮੇਂ ਪੰਜਾਬ 'ਚ ਖੱਬੇ-ਪੱਖੀਆਂ ਦਾ ਪ੍ਰਚਾਰ ਵਧ ਗਿਆ ਤਾਂ ਲਾਹੌਰ ਦੇ ਸਾਰੇ ਕਾਲਜਾਂ ਸਕੂਲਾਂ 'ਚ ਵਿਦਿਆਰਥੀ ਖੱਬੇ-ਪੱਖੀ ਹੋ ਗਏ। ਧਰਮ ਦੀ ਪਕੜ ਘਟ ਗਈ। ਉਸ ਵਕਤ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਵਿਉਂਤ ਕੀਤੀ। ਇਹ ਸੰਸਥਾ ਬੜੀ ਛੇਤੀ ਸਾਰੇ ਪੰਜਾਬ 'ਚ ਫੈਲ ਗਈ। ਸ੍ਰੀ ਸਰੂਪ ਸਿੰਘ, ਡਾਕਟਰ ਸੰਤੋਖ ਸਿੰਘ, (ਭੂਪਾਲ), ਡਾ. ਜਸਵੰਤ ਸਿੰਘ ਨੇਕੀ, ਅਮਰ ਸਿੰਘ ਅੰਬਾਲਵੀ, ਸ੍ਰੀ ਭਾਨ ਸਿੰਘ ਮੁੱਢਲੇ ਆਗੂ ਸਨ। ਇਸ ਸੰਸਥਾ ਨੇ ਬੜੇ ਕੈਂਪ ਲਗਾਏ ਛੁੱਟੀਆਂ 'ਚ। 1950 ਅਤੇ 1951 'ਚ ਪਾਉਂਟਾ ਸਾਹਿਬ ਕੈਂਪ 'ਚ ਮੈਂ ਵੀ ਸ਼ਾਮਲ ਹੋਇਆ। ਕੰਡਾਘਾਟ ਕੈਂਪ 1952 'ਚ ਸ੍ਰੀ ਗਿਆਨ ਸਿੰਘ ਰਾੜੇਵਾਲਾ ਦੇ ਉਤਸ਼ਾਹ ਨਾਲ ਲੱਗਿਆ। ਸ੍ਰੀ ਭਰਪੂਰ ਸਿੰਘ (ਸਾਬਕਾ ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ) ਇਸੇ ਕੈਂਪ ਦੀ ਦੇਣ ਹੈ। ਅੱਜ ਦੇ ਪ੍ਰਮੁੱਖ ਸਿੱਖ ਲੀਡਰ ਅਤੇ ਅਫਸਰ ਇਨ੍ਹਾਂ ਕੈਂਪਾਂ 'ਚ ਹੀ ਸਿੱਖਿਅਤ ਹੋਏ।

ਇਸ ਲੇਖ ਦਾ ਵਿਸ਼ਾ ਅਮਰੀਕਾ 'ਚ ਸਿੱਖ ਬੱਚਿਆਂ ਦੇ ਕੈਂਪ ਬਾਰੇ ਹੈ ਜੋ ਮੈਂ ਪਿੱਛੇ ਜਿਹੇ ਵੇਖ ਕੇ ਆਇਆ ਹਾਂ। ਅਮਰੀਕਾ ਦੇ ਇਕ ਪ੍ਰਾਂਤ ਨਿਊ ਮੈਕਸੀਕੋ ਦੀ ਰਾਜਧਾਨੀ ਸੈਂਟਾਫੀ ਤੋਂ 25 ਮੀਲ ਦੂਰ ਪਹਾੜੀ 'ਤੇ ਇਹ ਕੈਂਪ ਲਾਇਆ ਗਿਆ। ਇਹ ਪਹਾੜ ਪੁਰਾਣੇ ਅਮਰੀਕਨ ਕਬੀਲਿਆਂ ਦਾ ਬੜਾ ਮੁਤਬਰਕ ਹੈ।

ਇਸੇ ਪਹਾੜੀ ਤੇ ਯੋਗੀ ਹਰਭਜਨ ਸਿੰਘ ਨੇ ਇਕ ਨਵਾਂ ਨਗਰ ਰਾਮਦਾਸ ਪੁਰੀ ਵਸਾਉਣ ਲਈ 200 ਏਕੜ ਥਾਂ ਲਈ ਹੈ। ਉਥੇ ਇਕ ਛੋਟਾ ਗੁਰਦੁਆਰਾ ਬਣ ਚੁੱਕਾ ਹੈ। ਚਾਰ ਸਿੱਖ ਅਮਰੀਕਨਾਂ ਦੇ ਰਹਿਣ ਦੇ ਘਰ ਹਨ ਅਤੇ ਕੁਝ ਸ਼ੈੱਡ ਆਦਿ। ਇਕ ਵੱਡਾ ਹਾਲ ਬਣ ਚੁੱਕਾ ਹੈ। ਪਾਣੀ ਦਾ ਪ੍ਰਬੰਧ ਆਪਣਾ ਹੈ ਅਤੇ ਬਿਜਲੀ ਪੈਦਾ ਕਰਨ ਦੇ ਵੱਡੇ ਵੱਡੇ ਜੈਨਰੇਟਰ ਲੱਗੇ ਹੋਏ ਹਨ। ਇੱਥੇ ਹਰ ਸਾਲ 'ਸਿੱਖ ਧਰਮਾ' ਜੋ ਯੋਗੀ ਹਰਭਜਨ ਸਿੰਘ ਦੀ ਸੰਗਤ ਦਾ ਨਾਂ ਹੈ, ਉਸ ਵੱਲੋਂ ਗਰਮੀਆਂ 'ਚ ਕੈਂਪ ਲਗਦੇ ਹਨ। 15 ਦਿਨ ਦਾ ਕੈਂਪ ਵੱਡਿਆਂ ਲਈ ਹੈ ਜੋ ਇਸ ਵਾਰ 8 ਜੂਨ ਤੋਂ 23 ਜੂਨ ਤਕ ਲੱਗਾ ਸੀ ਅਤੇ ਇਸ 'ਚ 1500 ਦੇ ਕਰੀਬ ਆਦਮੀ ਅਤੇ ਤੀਵੀਆਂ ਸ਼ਾਮਲ ਹਨ। ਇਸ ਕੈਂਪ ਦਾ ਨਾਂ 'ਸਮਰ ਸਾਲਾਸਟਾ' ਹੈ। ਸਰਦੀਆਂ 'ਚ ਇਹ ਫਲੋਰਿਡਾ 'ਚ ਲਗਦਾ ਹੈ। ਹਰ ਪਾਸੇ ਤੰਬੂ ਲੱਗੇ ਹੋਏ ਸਨ। ਉਪਰ ਨਿਸ਼ਾਨ ਸਾਹਿਬ ਝੂਲਦੇ ਹਨ। ਲੰਗਰ ਦਾ ਕਮਰਾ ਪੱਕਾ ਬਣਿਆ ਹੋਇਆ ਹੈ। ਹਰ ਪ੍ਰਕਾਰ ਦੀ ਖੇਡ, ਯੋਗ, ਸਿੱਖ ਧਰਮ 'ਤੇ ਲੈਕਚਰ, ਪੰਜਾਬੀ ਦੀ ਕਲਾਸ, ਸਾਧਨਾ, ਕੀਰਤਨ ਸਿਖਲਾਈ ਆਦਿ ਹੁੰਦੀ ਹੈ। ਯੋਗੀ ਹਰਭਜਨ ਸਿੰਘ ਆਪ ਇਸ ਕੈਂਪ 'ਚ ਹਰ ਰੋਜ਼ ਲੈਕਚਰ ਕਰਦਾ ਹੈ। ਭਾਰਤ ਤੋਂ ਵੀ ਲੋਕ ਜਾਂਦੇ ਹਨ। ਬੜੇ ਗ਼ੈਰ-ਸਿੱਖ ਅਮਰੀਕਨ ਕੈਂਪ 'ਚ ਰਹਿੰਦੇ ਹਨ।

ਯੋਗੀ ਹਰਭਜਨ ਸਿੰਘ ਨੇ ਬੜੀ ਸਿਆਣਪ ਨਾਲ ਕੰਮ ਹੱਥ 'ਚ ਲਿਆ ਹੈ। ਹਜ਼ਾਰਾਂ ਸਿੱਖ ਪਰਿਵਾਰ ਹਨ। ਉਨ੍ਹਾਂ ਦੇ ਬੱਚਿਆਂ ਨੂੰ ਸਿੱਖੀ 'ਚ ਤੱਤਪਰ ਰਹਿਣ ਲਈ ਉਨ੍ਹਾਂ ਦੀ ਸਿਖਲਾਈ 'ਤੇ ਜ਼ੋਰ ਹੈ। ਅੱਜ ਹਰ ਭਾਰਤ ਵਾਸੀ ਆਪਣੀ ਵਿੱਤ ਅਨੁਸਾਰ ਆਪਣੇ ਬੱਚਿਆਂ ਨੂੰ ਚੰਗੀ ਵਿੱਦਿਆ ਦੇਣ ਦਾ ਇੱਛੁਕ ਹੈ। ਅਮੀਰ ਭਾਰਤੀ ਮਾਪੇ ਬੱਚਿਆਂ ਨੂੰ ਇੰਗਲੈਂਡ ਅਤੇ ਅਮਰੀਕਾ ਭੇਜਦੇ ਹਨ। ਪਰ ਕਮਾਲ ਹੈ, ਯੋਗੀ ਹਰਭਜਨ ਸਿੰਘ ਦਾ ਕਿ ਉਹ ਪਿਛਲੇ 15 ਸਾਲਾਂ ਤੋਂ ਅਮਰੀਕੀ ਸਿੱਖ ਬੱਚਿਆਂ ਨੂੰ ਭਾਰਤ ਖਾਲਸਾ ਸਕੂਲਾਂ 'ਚ ਭੇਜ ਰਿਹਾ ਹੈ। ਪਹਿਲਾਂ ਇਹ ਮਸੂਰੀ ਫਿਰ ਦੇਹਰਾਦੂਨ ਅਤੇ ਅੱਜ ਕੱਲ੍ਹ ਸੰਤ ਸਿੰਘ ਸੁੱਖਾ ਸਿੰਘ ਸਕੂਲ ਅੰਮ੍ਰਿਤਸਰ 'ਚ ਪੜ੍ਹ ਰਹੇ ਹਨ। ਲੱਖਾਂ ਰੁਪਏ ਟਿਕਟਾਂ 'ਤੇ ਖਰਚਦੇ ਹਨ, ਹਰ ਸਾਲ ਬੱਚੇ ਵਾਪਸ ਛੁੱਟੀਆਂ 'ਚ ਅਮਰੀਕਾ ਜਾਂਦੇ ਹਨ-ਇੱਥੇ ਉਨ੍ਹਾਂ ਦੇ ਮਨਪਸੰਦ ਦੀ ਰਿਹਾਇਸ਼ ਖਾਸ ਕਰ ਗੁਸਲਖ਼ਾਨੇ ਨਹੀਂ ਮਿਲਦੇ-ਫਿਰ ਵੀ ਉਥੇ ਰਹਿ ਕੇ ਯੋਗੀ ਹਰਭਜਨ ਸਿੰਘ ਇਨ੍ਹਾਂ ਪੱਕਾ ਸਿੱਖ ਬਣਾਉਣ ਦਾ ਉਪਰਾਲਾ ਕਰ ਰਿਹਾ ਹੈ-ਚੰਗੇ ਅੰਗਰੇਜ਼ੀ ਬੋਲਦੇ ਸਿੱਖ ਅਧਿਆਪਕਾਂ ਦੀ ਬੜੀ ਘਾਟ ਮਹਿਸੂਸ ਕਰਦੇ ਹਨ।

ਯੋਗੀ ਹਰਭਜਨ ਸਿੰਘ ਵੱਲੋਂ ਬੱਚਿਆਂ ਦਾ ਕੈਂਪ ਇਸ ਪਹਾੜੀ 'ਤੇ 24 ਜੂਨ ਤੋਂ 20 ਜੁਲਾਈ ਤਕ ਲਗਾਇਆ ਗਿਆ। ਇਸ 'ਚ ਦੋ ਹਿੱਸੇ ਸਨ-ਵੱਡੇ ਮੁੰਡੇ ਕੁੜੀਆਂ ਦੇ ਕੈਂਪ ਨੂੰ ਸੰਤ ਸਿਪਾਹੀ ਕੈਂਪ ਦਾ ਨਾਂ ਦਿੱਤਾ ਗਿਆ। ਇਸ ਦੀ ਇੰਚਾਰਜ ਸ਼ਾਂਤੀ ਕੌਰ ਖਾਲਸਾ ਸੀ। ਸ਼ਾਂਤੀ ਅਮਰੀਕਾ 'ਚ ਰਾਈਫਲ ਚਲਾਉਣ ਦੀ ਚੈਂਪੀਅਨ ਰਹੀ ਹੈ। ਵਧੀਆ ਲੇਖਕ ਹੈ। ਹੁਣੇ ਸਿੱਖ ਧਰਮ ਦਾ ਇਤਿਹਾਸ ਨਾਮੀ ਅੰਗਰੇਜ਼ੀ ਦੀ ਕਿਤਾਬ ਇਸ ਨੇ ਲਿਖ ਕੇ ਛਾਪੀ ਹੈ। ਪੰਜਾਬ 'ਚ ਕਈ ਥਾਂ 'ਤੇ ਲੈਕਚਰ ਕਰਨ ਜਾਂਦੀ ਹੈ। ਇਸ ਕੈਂਪ 'ਚ ਬੜੀ ਕਠਿਨ ਟ੍ਰੇਨਿੰਗ ਹੈ। ਹਰ ਜਵਾਨ ਲੜਕੀ ਲੜਕੇ ਨੂੰ ਇਹ ਟ੍ਰੇਨਿੰਗ ਦਿੰਦੇ ਹਨ ਕਿ ਕਿਵੇਂ ਮੁਸੀਬਤ 'ਚ ਫਸਕੇ ਉਸਦਾ ਟਾਕਰਾ ਕਰਨਾ ਹੈ। ਗੱਤਕਾ ਸਿਖਾਉਂਦੇ ਹਨ-ਜੂਡੋ, ਬਾਕਸਿੰਗ 'ਚ ਪਰਪੱਕ ਕਰਦੇ ਹਨ, ਸਿੱਖ ਧਰਮ ਦੇ ਲੈਕਚਰ ਅਤੇ ਉਸ 'ਤੇ ਫਿਰ ਪਰਚੇ ਪਾਏ ਜਾਂਦੇ ਹਨ। ਤੰਬੂਆਂ 'ਚ ਵੱਖਰੇ ਰਹਿੰਦੇ ਹਨ-ਬਿਜਲੀ ਰਾਤ ਨੂੰ ਨਹੀਂ ਹੁੰਦੀ। ਨਿਰੰਕਾਰ ਸਿੰਘ ਜੋ ਅਮਰੀਕਨ ਬੱਚਿਆਂ ਨਾਲ ਰਹਿੰਦਾ ਹੈ ਉਹ ਵੀ ਕੈਂਪ 'ਚ ਟ੍ਰੇਨਿੰਗ ਦਿੰਦਾ ਹੈ। ਨਿਊਯਾਰਕ ਦੇ ਸ੍ਰੀ ਚਰਨਜੀਤ ਸਿੰਘ (ਕਾਰਪਟ ਡੀਲਰ) ਦੀਆਂ ਕੁੜੀਆਂ ਇਸ ਕੈਂਪ 'ਚ ਸ਼ਾਮਲ ਹਨ। ਉਨ੍ਹਾਂ ਦੀ ਮਾਂ ਲੇਡੀਜ਼ ਕੈਂਪ 'ਚ ਸ਼ਾਮਲ ਹੋਈ।

ਸੰਤ ਸਿਪਾਹੀ ਕੈਂਪ ਦੇ ਬੱਚਿਆਂ ਨੇ ਇਕ ਦਿਨ ਆਪਣੀ ਹੋਈ ਟ੍ਰੇਨਿੰਗ ਦਾ ਪ੍ਰਦਰਸ਼ਨ ਕੀਤਾ। ਸੈਂਕੜੇ ਮਾਪੇ ਉਥੇ ਵੇਖਣ ਆਏ। ਕਈ ਭਾਰਤੀ ਵੀ ਸਨ। ਦਿਲ ਗ਼ਦ-ਗ਼ਦ ਹੋਇਆ ਇਹ ਵੇਖ ਕੇ ਕਿ ਲੜਕੀਆਂ ਕਿਵੇਂ ਸਟੀਲ ਬਣ ਨਿਕਲ ਰਹੀਆਂ ਹਨ-ਲੜਕਿਆਂ ਤੋਂ ਕਿਸੇ ਗੱਲੋਂ ਪਿੱਛੇ ਨਹੀਂ ਹਨ।

ਦੂਜਾ ਕੈਂਪ ਛੋਟੇ ਬੱਚਿਆਂ ਦਾ ਸੀ। ਇਸ 'ਚ ਲੜਕੇ 11 ਸਾਲ ਦੀ ਉਮਰ ਤੱਕ ਅਤੇ ਲੜਕੀਆਂ ਕੇਵਲ 7 ਸਾਲ ਤਕ ਹੀ ਸ਼ਾਮਲ ਹੋ ਸਕਦੀਆਂ ਹਨ। ਇਸ ਕੈਂਪ ਦਾ ਡਾਇਰੈਕਟਰ ਬੜਾ ਪ੍ਰਭਾਵਸ਼ਾਲੀ ਅਮਰੀਕਨ ਸਰਦਾਰ ਸਿਰੀ ਨਾਮ ਸਿੰਘ ਖਾਲਸਾ ਹੈ। ਉਸ ਨਾਲ 30 ਦੇ ਕਰੀਬ ਸਟਾਫ ਹੈ। ਇਹ ਬੱਚੇ ਅਮਰੀਕਾ ਤੇ ਕੈਨੇਡਾ ਤੋਂ ਆਉਂਦੇ ਹਨ। ਇਸ ਵਾਰੀ ਇਟਲੀ, ਨਾਰਵੇ ਅਤੇ ਮੈਕਸੀਕੋ ਤੋਂ ਵੀ ਬੱਚੇ ਆਏ। ਜਦ ਮੈਂ ਤੇ ਮੇਰੀ ਪਤਨੀ ਉਤਮਜੀਤ ਕੌਰ ਜੋ ਕਦੇ ਆਪ ਵੀ ਅਧਿਆਪਕਾ ਸੀ ਉਥੇ ਗਏ ਤਾਂ ਉਸ ਵਕਤ ਗੁਰਦੁਆਰਾ ਸਾਹਿਬ 'ਚ ਪ੍ਰੋਗਰਾਮ ਚੱਲ ਰਿਹਾ ਸੀ। ਹੈਰਾਨੀ ਦੀ ਹੱਦ ਹੋਈ ਕਿ ਸਾਰਾ ਪ੍ਰੋਗਰਾਮ ਬੱਚੇ ਚਲਾ ਰਹੇ ਸਨ। ਬੱਚਿਆਂ

ਨੇ ਸ਼ਬਦ ਪੜ੍ਹੇ ਕੁਝ ਪੰਜਾਬੀ 'ਚ ਪਰ ਬਹੁਤੇ ਅੰਗਰੇਜ਼ੀ ਵਿਚ। ਯੋਗੀ ਹਰਭਜਨ ਸਿੰਘ ਦੇ ਦਫਤਰ 'ਚ ਸਾਰੇ ਸ਼ਬਦਾਂ ਦਾ ਅੰਗਰੇਜ਼ੀ 'ਚ ਉਲੱਥਾ ਹੁੰਦਾ ਹੈ ਅਤੇ ਫਿਰ ਵੱਡੇ ਵੱਡੇ ਸੰਗੀਤ ਅਧਿਆਪਕ ਉਸਦੀਆਂ ਸੁਰਾਂ ਬਣਾਉਂਦੇ ਹਨ। ਸੈਂਕੜੇ ਸ਼ਬਦਾਂ ਦੇ ਟੇਪ ਅਮਰੀਕਾ 'ਚ ਮਿਲਦੇ ਹਨ। ਜਦ ਇਹ ਸ਼ਬਦ ਆਪਣੀ ਜ਼ਬਾਨ 'ਚ ਪੜ੍ਹਦੇ ਹਨ ਤਾਂ ਉਹ ਆਨੰਦ ਆਉਂਦਾ ਹੈ ਜੋ ਵਰਨਣ ਕਰਨਾ ਔਖਾ ਹੈ। ਅਮਰੀਕਾ ਦੇ ਉਚ ਕੋਟੀ ਦੇ ਗਵੱਈਏ ਇਸ ਵਕਤ ਸਿੱਖ ਬਣ ਚੁੱਕੇ ਹਨ। ਉਨ੍ਹਾਂ ਦੀ ਸੁਰੀਲੀ ਆਵਾਜ਼ 'ਚ ਗੁਰਬਾਣੀ ਏਦਾਂ ਲਗਦੀ ਹੈ ਜਿਵੇਂ ਆਕਾਸ਼ ਤੋਂ ਪਰੀਆਂ ਆ ਕੇ ਗਾ ਰਹੀਆਂ ਹਨ। ਬੱਚਿਆਂ ਨੇ ਸ਼ਬਦ ਪੜ੍ਹੇ ਅਤੇ ਫਿਰ ਇਕ ਬੱਚੇ ਨੇ ਅਰਦਾਸ ਕੀਤੀ। ਪਹਿਲਾ ਹਿੱਸਾ ਪੰਜਾਬੀ 'ਚ ਅਤੇ ਬਾਕੀ ਦੋ ਹਿੱਸੇ ਅੰਗਰੇਜ਼ੀ 'ਚ ਪੜ੍ਹਿਆ। ਬੱਚਿਆਂ ਦੇ ਪ੍ਰਸ਼ਾਦ ਨੂੰ ਭੋਗ ਲਵਾਇਆ ਪੰਜ ਪਿਆਰਿਆਂ ਨੂੰ ਪਹਿਲੇ ਵੰਡਿਆ ਫਿਰ ਸਾਰੇ ਕੈਂਪ ਵਾਲਿਆਂ ਨੂੰ। ਬੜਾ ਹੀ ਪ੍ਰਭਾਵਸ਼ਾਲੀ ਦ੍ਰਿਸ਼ ਸੀ-ਅਸੀਂ ਕੈਂਪ ਦਾ ਸਾਰਾ ਪ੍ਰੋਗਰਾਮ ਸ. ਸਿਰੀ ਨਾਮ ਸਿੰਘ ਤੋਂ ਸੁਣਿਆ ਹਰ ਰੋਜ਼ ਸਵੇਰੇ ਬੱਚੇ ਜਾਗਦੇ। ਸਭ ਤੋਂ ਪਹਿਲਾਂ ਉਹ ਸਾਧਨਾ ਕਰਦੇ ਹਨ, ਚੌਂਕੜੀ ਮਾਰ ਕੇ ਬੈਠਦੇ ਹਨ। ਯੋਗਾ ਕਰਵਾਈ ਜਾਂਦੀ ਹੈ। ਗੁਰਬਾਣੀ ਦਾ ਪਾਠ ਕੁਝ ਮੂਲ ਮੰਤਰ ਦਾ ਪਾਠ ਰੋਜ਼ ਪੜ੍ਹਦੇ ਹਨ। ਫਿਰ ਸਾਰੇ ਵਿਦਿਆਰਥੀਆਂ ਨੂੰ ਪਰੇਡ ਸਿਖਾਈ ਜਾਂਦੀ ਹੈ। ਉਸ ਪਿੱਛੋਂ ਗੁਰਦੁਆਰੇ ਦਾ ਪ੍ਰੋਗਰਾਮ ਫਿਰ ਇਨ੍ਹਾਂ ਨੂੰ ਫਲ, ਦੁੱਧ ਦਿੱਤਾ ਜਾਂਦਾ ਹੈ। ਚਾਹ ਦੀ ਬਿਮਾਰੀ ਕੇਵਲ ਭਾਰਤ 'ਚ ਹੀ ਹੈ। ਠੰਡਾ ਦੁੱਧ ਹਰ ਥਾਂ ਮਿਲਦਾ ਹੈ ਗਰਮ ਦੁੱਧ ਦਾ ਰਿਵਾਜ ਨਹੀਂ ਹੈ। ਯੋਗੀ ਹਰਭਜਨ ਸਿੰਘ ਵੱਲੋਂ, ਜੋ ਸਿੱਖ ਬਣਦਾ ਹੈ, ਉਹ ਸਾਰੀ ਉਮਰ ਲਈ ਵੈਸ਼ਨੋ ਹੋ ਜਾਂਦਾ ਹੈ। ਅੰਡਾ ਵੀ ਮਨ੍ਹਾ ਹੈ। ਕੋਈ ਬੱਚਾ ਵੀ ਇਸ ਡਿਸਿਪਲਨ ਨੂੰ ਨਹੀਂ ਤੋੜਦਾ ਫਿਰ ਬੱਚਿਆਂ ਦੇ ਵੱਖ ਵੱਖ ਪੀਰੀਅਡ ਲੱਗਦੇ ਹਨ - ਜਿਸ 'ਚ ਆਰਟ ਤੇ ਕਰਾਫਟ, ਘੋੜ ਸਵਾਰੀ, ਪਾਣੀ ਤੇ ਤਲਾਅ 'ਚ ਤੈਰਨਾ, ਰੱਸੇ ਉਪਰ ਚੜ੍ਹਨਾ, ਗੱਤਕਾ ਸਿੱਖਣਾ, ਲੀਡਰਸ਼ਿਪ ਦੀ ਜਾਂਚ, ਪਹਾੜਾਂ 'ਤੇ ਪੈਦਲ ਚੱਲਣਾ ਆਦਿ ਸਿਖਾਇਆ ਜਾਂਦਾ ਹੈ। ਦੁਪਹਿਰ ਦੇ ਭੋਜਨ ਪਿੱਛੋਂ ਸਿੱਖ ਗੁਰੂਆਂ ਦੇ ਨਾਂ, ਸਿੱਖ ਇਤਿਹਾਸ ਬਾਰੇ ਸਾਖੀਆਂ, ਕੇਸ ਰੱਖਣ ਦੀ ਲੋੜ, ਕੇਸਾਂ ਦੇ ਫਾਇਦੇ, ਸਿੱਖੀ ਬਾਣਾ ਆਦਿ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਪੰਜਾਬੀ ਪੜ੍ਹਾਉਣ ਲਈ ਇਕ ਬਜ਼ੁਰਗ ਮਾਤਾ ਜੀ ਪੰਜਾਬ ਤੋਂ ਹਨ। ਇਸ ਸਾਲ ਤੋਂ ਕੈਂਪ 'ਚ ਭੰਗੜਾ ਵੀ ਸਿਖਾਉਣਾ ਆਰੰਭ ਕਰ ਦਿੱਤਾ ਹੈ ਢੋਲ ਪੰਜਾਬ ਤੋਂ ਮੰਗਵਾਇਆ ਗਿਆ ਹੈ। ਸ਼ਾਮ ਨੂੰ ਬੱਚਿਆਂ ਨੂੰ ਵੀਡੀਓ 'ਤੇ ਸਿੱਖ ਸਾਖੀਆਂ ਦਿਖਾਈਆਂ ਜਾਂਦੀਆਂ ਹਨ ਜਾਂ ਆਮ ਜਾਣਕਾਰੀ ਦੀਆਂ ਫਿਲਮਾਂ ਦਿਖਾਉਂਦੇ ਹਨ। ਇਕੱਠੇ ਹੋ ਕੇ ਬੱਚੇ ਸ਼ਬਦ ਪੜ੍ਹਦੇ ਹਨ। ਫਿਰ ਆਪਣੇ ਤੰਬੂ 'ਚ ਜਾ ਸੌਂਦੇ ਹਨ ਨਿੱਕੇ ਬੱਚਿਆਂ ਲਈ ਖਾਸ ਪ੍ਰਬੰਧ ਹੈ ਉਨ੍ਹਾਂ ਦੀ ਦੇਖ ਭਾਲ ਲਈ ਸਪੈਸ਼ਲ ਸਟਾਫ ਹੈ। ਹੈਰਾਨੀ ਤਾਂ ਇਹ ਹੈ ਕਿ ਬੱਚੇ ਕਿਵੇਂ ਵੀ ਘਰ ਤੋਂ ਓਦਰਦੇ ਨਹੀਂ, ਕਿਵੇਂ ਦਿਲ ਲੱਗ ਜਾਂਦਾ ਹੈ, ਪਹਾੜੀਆਂ 'ਚ ਕਿਧਰੇ ਆਬਾਦੀ ਹੈ ਹੀ ਨਹੀਂ। ਨਾ ਕੋਈ ਮਨੋਰੰਜਨ ਦਾ ਨੇੜੇ ਪ੍ਰਬੰਧ ਹੈ-ਹਸੂੰ-ਹਸੂੰ ਕਰਦੇ ਗੋਰੇ ਨਛੋਹ ਬੱਚੇ ਸਫੈਦ ਕੱਪੜੇ ਪਾਈ ਉਪਰ ਸਫੈਦ ਰੁਮਾਲ ਬੰਨ੍ਹੀ ਇਹ ਅਤਿ ਸੁੰਦਰ ਨਜ਼ਾਰਾ ਪ੍ਰਮਾਤਮਾ ਦੀ ਦੇਣ ਹੈ ਕਿ ਦੂਰ ਅਮਰੀਕਾ ਦੇਸ਼ ਵਿਚ 7000 ਫੁੱਟ ਉੱਚੇ ਪਹਾੜਾਂ 'ਤੇ ਸਿੱਖੀ ਨਿਸ਼ਾਨ ਸਾਹਿਬ ਝੂਲ ਰਹੇ ਹਨ। ਗੁਰੂ ਦੀ ਬਾਣੀ ਗਾਈ ਜਾ ਰਹੀ ਹੈ। ਤੋਤਲੀ ਜ਼ੁਬਾਨ 'ਚ ਮੂਲ ਮੰਤਰ ਬੱਚੇ ਪੜ੍ਹਦੇ ਹਨ। ਇਕ ਦਿਨ ਯੋਗੀ ਹਰਭਜਨ ਸਿੰਘ ਕੈਂਪ 'ਚ ਆਏ। ਸਾਰੇ ਬੱਚੇ ਆ ਉਸ ਨੂੰ ਗਲਵੱਕੜੀ ਪਾਂਦੇ ਹਨ। ਬੱਚਿਆਂ ਲਈ ਵੀ ਉਹ ਪਿਤਾ ਵਾਂਗੂੰ ਮਾਣ ਪਾਉਂਦਾ ਹੈ। ਉਹ ਸਭ ਨੂੰ ਪਿਆਰ ਕਰਦਾ ਹੈ ਖੇਡਦਾ ਹੈ। ਕਈ ਘੰਟੇ ਉਹ ਉਨ੍ਹਾਂ ਵਿਚ ਰਹੇ ਬੱਚੇ ਬੜੇ ਖੁਸ਼। ਕਈ ਆਪਣੇ ਵੱਲੋਂ ਬਣਾਈਆਂ ਤਸਵੀਰਾਂ ਉਸ ਨੂੰ ਦਿਖਾਉਂਦੇ ਹਨ। ਕਈ ਸ਼ਬਦ ਦੀਆਂ ਤੁਕਾਂ ਸੁਣਾਉਂਦੇ ਹਨ। ਟਾਫੀਆਂ ਆਦਿ

ਵੰਡੀਆਂ ਗਈਆਂ, ਬੱਚੇ ਖੁਸ਼ ਹੁੰਦੇ ਹਨ। ਇਕੱਠਿਆਂ ਫੋਟੋ ਖਿਚਵਾਉਣ ਦਾ ਬੜਾ ਰਿਵਾਜ ਹੈ। ਬੱਚੇ ਆਪਣੇ ਕੈਮਰੇ ਕੱਢ ਲਿਆਏ। ਕੈਂਪ ਡਾਇਰੈਕਟਰ ਸਾਰੀ ਜਾਣਕਾਰੀ ਯੋਗੀ ਹਰਭਜਨ ਸਿੰਘ ਨੂੰ ਦਿੰਦੇ ਹਨ। ਇਨ੍ਹਾਂ ਦਿਨਾਂ 'ਚ ਹੀ ਐਸਪਨੋਲਾ ਜੋ ਯੋਗੀ ਜੀ ਦਾ ਹੈਡਕੁਆਰਟਰ ਹੈ, ਉਥੇ ਇਸਤਰੀਆਂ ਦਾ ਇਕ ਮਹੀਨੇ ਦਾ ਕੈਂਪ ਚਲਦਾ ਹੈ, ਜਿਸ ਦੀ ਡਾਇਰੈਕਟਰ ਵਾਸ਼ਿੰਗਟਨ ਤੋਂ ਗੁਰਜੋਤ ਕੌਰ ਖਾਲਸਾ ਹੈ- 150 ਤੋਂ ਵੱਧ ਇਸਤਰੀਆਂ ਇਸ 'ਚ ਆਉਂਦੀਆਂ ਹਨ ਬੱਚਿਆਂ ਨੂੰ ਕੈਂਪ 'ਚ ਛੱਡ ਆਉਂਦੀਆਂ ਹਨ। ਤਾਂ ਜੋ ਦੋਵੇਂ ਕੰਮ ਹੋ ਜਾਣ।

ਯੋਗੀ ਹਰਭਜਨ ਸਿੰਘ ਦੀ ਸਿਆਣਪ, ਲਗਨ ਤੇ ਸ਼ਰਧਾ ਰੰਗ ਲਾ ਰਹੀ ਹੈ-ਸਿੱਖੀ ਦੀ ਪਨੀਰੀ ਨੂੰ ਸਾਂਭਣ ਦੀ ਲੋੜ ਨੂੰ ਪੂਰਾ ਕੀਤਾ ਜਾ ਰਿਹਾ ਹੈ।

(22-09-96)

# ਦੱਖਣੀ ਅਮਰੀਕਾ ਦੇ ਦੇਸ਼ਾਂ ਵਿਚ ਸਿੱਖੀ ਦਾ ਬੋਲਬਾਲਾ

ਜਿਵੇਂ ਜਿਵੇਂ ਟੀ.ਵੀ. ਅਤੇ ਅਖ਼ਬਾਰਾਂ ਦਾ ਪ੍ਰਸਾਰ ਹੋ ਰਿਹਾ ਹੈ, ਸਾਡਾ ਗਿਆਨ ਵੀ ਵਧ ਰਿਹਾ ਹੈ। ਭੂਗੋਲਿਕ ਗਿਆਨ ਦਾ ਵਾਧਾ ਬੜਾ ਹੀ ਅਵੱਸ਼ਕ ਹੈ। ਅੱਜ ਦੁਨੀਆਂ ਦੇ 150 ਤੋਂ ਵੱਧ ਦੇਸ਼ ਹਨ। ਹਰ ਦੇਸ਼ ਦੀ ਆਪਣੀ ਹੀ ਖ਼ੂਬੀ ਹੈ। 1970 'ਚ ਸ੍ਰੀ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਇਕ ਲੇਖ ਚਿੱਲੀ ਦੇਸ਼ ਬਾਰੇ ਲਿਖਿਆ ਸੀ ਜਿਥੇ ਉਹ ਆਪਣੀ ਲੜਕੀ ਨੂੰ ਮਿਲਣ ਗਏ ਸਨ। ਉਥੇ ਹੀ ਉਨ੍ਹਾਂ ਦੀ ਕਾਲਜ ਸਮੇਂ ਦੀ ਦੋਸਤ ਰਹਿੰਦੀ ਸੀ। ਪਿੱਛੇ ਜਿਹੇ ਬਰਾਜ਼ੀਲ ਦੇਸ਼ ਬਾਰੇ ਵਿਸ਼ਵ ਭਰ ਵਿਚ ਜਾਣਕਾਰੀ ਹੋਈ ਜਦ ਉਥੇ ਸਵੱਛ ਵਾਤਾਵਰਣ ਬਾਰੇ ਸੰਮੇਲਨ ਪੋਰਟ ਰੀਕੋ ਸ਼ਹਿਰ 'ਚ ਹੋਇਆ। ਇਹ ਦੋਵੇਂ ਦੇਸ਼ ਦੱਖਣੀ ਅਮਰੀਕਾ 'ਚ ਹਨ। ਅਮਰੀਕਾ ਤੋਂ ਹੇਠਾਂ ਦੱਖਣ 'ਚ ਇਕ ਵੱਡੇ ਇਲਾਕੇ ਪਰ ਘੱਟ ਵਸੋਂ ਵਾਲੇ ਦੇਸ਼ 200 ਸਾਲ ਪਹਿਲਾਂ ਸਪੇਨ ਦੇ ਕਬਜ਼ੇ 'ਚ ਆ ਗਏ ਸਨ। ਜਿਵੇਂ ਅੰਗਰੇਜ਼ ਪੂਰਬ ਵੱਲ ਛਾ ਗਏ ਉਂਜ ਹੀ ਸਪੇਨ ਨੇ ਆਪਣੀ ਸਮੁੰਦਰੀ ਤਾਕਤ ਦੇ ਬਲਬੂਤੇ ਇਨ੍ਹਾਂ ਦੇਸ਼ਾਂ 'ਤੇ ਕਬਜ਼ਾ ਜਮਾਇਆ, ਉਥੇ ਹੁਣ ਸੁਤੰਤਰਤਾ ਹੈ। ਪਰ ਥਾਂ ਥਾਂ ਸਪੈਨਿਸ਼ ਬੋਲੀ ਹੈ ਅਤੇ ਕਲਚਰ ਵੀ ਸਪੈਨਿਸ਼। ਅਰਜਨਟਾਈਨਾ ਦੇਸ਼ ਤਾਂ ਮੁਕੰਮਲ ਸਪੇਨ ਦੇ ਲੋਕਾਂ ਨਾਲ ਹੀ ਭਰਿਆ ਹੋਇਆ ਹੈ। ਉਨ੍ਹਾਂ ਜਦ ਕਬਜ਼ਾ ਕੀਤਾ ਉਥੋਂ ਦੀ ਪੁਰਾਣੀ ਵਸੋਂ ਨੂੰ ਜਾਂ ਕੱਢ ਦਿੱਤਾ ਜਾਂ ਮਾਰ ਦਿੱਤਾ। ਪਰ ਬਰਾਜ਼ੀਲ ਅਤੇ ਚਿੱਲੀ 'ਚ ਅਸਲ ਵਸੋਂ ਵਾਲੇ ਲੋਕ ਹੁਣ ਵੀ ਹਨ। ਭਾਰਤ ਸਰਕਾਰ ਨੇ ਇਨ੍ਹਾਂ ਦੇਸ਼ਾਂ 'ਚ ਆਪਣੇ ਰਾਜਦੂਤ ਸਥਾਪਤ ਕੀਤੇ ਹੋਏ ਹਨ। ਪਿੱਛੇ ਜਿਹੇ ਭਾਰਤੀ ਹਵਾਈ ਫੌਜ ਦੇ ਮੁਖੀ ਏਅਰ ਚੀਫ ਮਾਰਸ਼ਲ ਦਿਲਬਾਗ ਸਿੰਘ ਰਿਟਾਇਰ ਹੋਣ ਪਿੱਛੋਂ ਬਰਾਜ਼ੀਲ 'ਚ ਅੰਬੈਸਡਰ ਬਣ ਕੇ ਗਏ ਸਨ। ਇਨ੍ਹਾਂ ਦੇਸ਼ਾਂ 'ਚ ਵੀ ਕਦੇ ਕੋਈ ਸਿੱਖ ਨਿਸ਼ਾਨ ਸਾਹਿਬ ਝੂਲੇਗਾ ਇਹ ਸੁਪਨਾ ਕਿਸੇ ਨੇ ਵੀ ਨਹੀਂ ਲਿਆ ਸੀ ਪਰ ਅੱਜ ਇਨ੍ਹਾਂ ਦੂਰ ਵਸਦੇ ਦੇਸ਼ਾਂ 'ਚ 7 ਵੱਡੇ ਵੱਡੇ ਸ਼ਹਿਰਾਂ 'ਚ ਗੁਰਦੁਆਰੇ ਸਥਾਪਤ ਹਨ। ਨਿਸ਼ਾਨ ਸਾਹਿਬ ਝੂਲਦੇ ਹਨ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਲੰਗਰ ਵਰਤਦਾ ਹੈ।

ਅਮਰੀਕਾ ਤੋਂ ਪਿੱਛੋਂ ਯੋਗੀ ਹਰਭਜਨ ਸਿੰਘ ਨੇ ਨਾਲ ਲਗਦੇ ਦੇਸ਼ ਮੈਕਸੀਕੋ 'ਚ ਪ੍ਰਚਾਰ ਕੀਤਾ ਅਤੇ ਬੜੀ ਕਾਮਯਾਬੀ ਹਾਸਲ ਕੀਤੀ। ਆਖਦੇ ਹਨ ਕਿ ਇਕ ਵਿਅਕਤੀ ਫੌਜ ਹੁੰਦਾ ਹੈ। ਯੋਗੀ ਹਰਭਜਨ ਸਿੰਘ ਨੇ ਇਹ ਅਖਾਣ ਸੱਚ ਕਰ ਵਿਖਾਇਆ ਹੈ। ਪਹਿਲਾਂ ਕੈਨੇਡਾ 'ਚ ਫਿਰ ਸ਼ਕਤੀਸ਼ਾਲੀ ਦੇਸ਼ ਅਮਰੀਕਾ 'ਚ ਇਕੱਲਿਆਂ ਹਜ਼ਾਰਾਂ ਈਸਾਈਆਂ ਅਤੇ ਯਹੂਦੀਆਂ ਨੂੰ ਸਿੱਖ ਬਣਾਇਆ। ਫਿਰ ਉਹਨਾਂ ਮੈਕਸੀਕੋ 'ਚ ਜਾ ਝੰਡਾ ਗੱਡਿਆ। ਅੱਜ ਮੈਕਸੀਕੋ ਦੇ ਹਰ ਸ਼ਹਿਰ 'ਚ ਸਿੱਖ ਬਣ ਚੁੱਕੇ ਹਨ। ਮੈਕਸੀਕਨ ਅੱਗੋਂ ਆਪ ਹੀ ਪ੍ਰਚਾਰਕ ਬਣ ਗਏ ਹਨ ਅਤੇ ਫੈਲ ਰਹੇ ਹਨ। ਅਮਰੀਕਾ ਦੇ ਸਭ ਤੋਂ ਧਨਾਢ ਸਿੱਖ ਸ. ਦੀਦਾਰ ਸਿੰਘ ਬੈਂਸ ਦੀ ਧਰਮ ਪਤਨੀ ਮੈਕਸੀਕਨ ਹੈ।

ਯੋਗੀ ਹਰਭਜਨ ਸਿੰਘ ਨੇ ਅਗਲਾ ਪੜਾਅ ਚਿੱਲੀ ਅਤੇ ਫਿਰ ਬਰਾਜ਼ੀਲ 'ਚ ਕੀਤਾ। 1981 'ਚ ਚਿੱਲੀ ਦੀ ਰਾਜਧਾਨੀ ਸ਼ਾਂਤਿਆਗੋ 'ਚ ਪਹਿਲੀ ਵਾਰ ਯੋਗਾ ਦੀ ਜਮਾਤ

ਲਾਈ। ਇਸ ਜਮਾਤ ਵਿਚੋਂ ਹੀ ਪਹਿਲਾ ਸਿੱਖ ਪ੍ਰੀਤਮਪਾਲ ਸਿੰਘ ਬਣਿਆ ਅਤੇ ਉਸ ਦੀ ਵਹੁਟੀ ਹਰਨਾਮ ਕੌਰ। ਉਨ੍ਹਾਂ ਦੋਵਾਂ ਨੇ ਐਸੀ ਦ੍ਰਿੜ੍ਹਤਾ ਵਿਖਾਈ ਕਿ ਪਹਿਲੇ ਸਾਲ ਹੀ ਰਾਜਧਾਨੀ 'ਚ ਗੁਰੂ ਰਾਮਦਾਸ ਆਸ਼ਰਮ ਸਥਾਪਤ ਕੀਤਾ। ਉਥੇ ਹੁਣ ਸਥਾਈ ਤੌਰ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਚਿੱਲੀ ਦੇ ਲੋਕ ਈਸਾਈ ਮੱਤ ਦੇ ਹਨ। ਉਨ੍ਹਾਂ ਵਾਸਤੇ ਸਿੱਖ ਧਰਮ ਬੜਾ ਹੀ ਅਜੀਬ ਹੈ। ਭਾਰਤ ਬਾਰੇ ਹੀ ਕੋਈ ਜਾਣਕਾਰੀ ਨਹੀਂ ਹੈ। ਕਿਸੇ ਵੀ ਮਾਧਿਅਮ 'ਚ ਭਾਵ ਟੀ. ਵੀ. ਜਾਂ ਅਖ਼ਬਾਰਾਂ 'ਚ ਭਾਰਤ ਬਾਰੇ ਕਦੇ ਕੁਝ ਨਹੀਂ ਛਪਦਾ ਜਿਵੇਂ ਅਸੀਂ ਇਨ੍ਹਾਂ ਦੇਸ਼ਾਂ ਤੋਂ ਕੋਰੇ ਹਾਂ।

ਪਿਛਲੇ ਕਈ ਸਾਲਾਂ ਦੀ ਅਣਥੱਕ ਮਿਹਨਤ ਨਾਲ ਅਤੇ ਯੋਗੀ ਹਰਭਜਨ ਸਿੰਘ ਦੇ ਕਈ ਵਾਰ ਉੱਥੇ ਆਉਣ ਕਰਕੇ ਅੱਜ ਚਿੱਲੀ ਦੇ ਹੋਰ ਵੱਡੇ ਸ਼ਹਿਰਾਂ 'ਚ ਆਸ਼ਰਮ ਸਥਾਪਤ ਹੋ ਚੁੱਕੇ ਹਨ। ਦੱਖਣ 'ਚ ਟੀ ਮੀਉਕੋ ਸ਼ਹਿਰ 'ਚ ਸੱਤਿਆ ਸਿੰਘ ਖਾਲਸਾ ਅਤੇ ਸੱਤਿਆ ਕੌਰ ਆਸ਼ਰਮ ਚਲਾ ਰਹੇ ਹਲ ਅਤੇ ਯੋਗਾ ਸਿਖਾਉਂਦੇ ਹਨ। ਵੈਲਡੀਵੀਆ ਸ਼ਹਿਰ 'ਚ ਨਮਵੀਨ ਸਿੰਘ ਅਤੇ ਨਮਵੀਨ ਕੌਰ ਆਸ਼ਰਮ ਦੇ ਮੁਖੀ ਹਨ। ਅੰਮ੍ਰਿਤ ਸਿੰਘ ਇਕ 28 ਸਾਲਾ ਜਵਾਨ ਖਾਲਸਾ ਨੂੰ ਮੈਂ ਮਿਲਿਆ ਹਾਂ। ਉਹ ਲੋਗੋ ਰੂਬੈਨਕੋ ਸ਼ਹਿਰ 'ਚ ਯੋਗਾ ਸਿੱਖ ਕੇ ਅੱਗੇ ਵਧਿਆ ਹੈ ਅਤੇ ਅੱਜ ਚਿੱਲੀ 'ਚ ਪ੍ਰਸਿੱਧ ਹੈ ਅੰਗਾਂ ਦੀ ਮਾਲਸ਼ ਕਰਨ 'ਚ। ਯੋਗਾ 'ਚ ਮਾਲਸ਼ ਤੇਲ ਦੀ ਨਹੀਂ ਹੁੰਦੀ, ਉਹ ਕੇਵਲ ਨਸਾਂ ਨੂੰ ਦੱਬਦੇ ਹਨ। ਹਰ ਬਿਮਾਰੀ ਦੀ ਕੋਈ ਨਸ ਪੈਰ ਜਾਂ ਗਰਦਨ 'ਚ ਹੁੰਦੀ ਹੈ। ਅੰਮ੍ਰਿਤ ਸਿੰਘ ਨੇ ਮੈਨੂੰ ਇਹ ਕਰਕੇ ਦਿਖਾਇਆ। ਇਸਦੇ ਨਾਲ ਚਿੱਲੀ 'ਚ ਸੇਵਾ ਸਿੰਘ ਖਾਲਸਾ ਅਤੇ ਗੁਰਦੀਪ ਸਿੰਘ ਖਾਲਸਾ ਵੀ ਯੋਗਾ ਦੇ ਮੁਖੀ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਚਿੱਲੀ 'ਚ ਬੜਾ ਕੁਝ ਹੋ ਸਕਦਾ ਹੈ। ਉਹ ਯੋਗੀ ਹਰਭਜਨ ਸਿੰਘ ਦਾ ਉਥੇ ਲਿਆਉਣਾ ਚਾਹੁੰਦੇ ਹਨ ਤਾਂ ਜੋ ਉਸ ਦੇ ਪ੍ਰਭਾਵ ਨਾਲ ਵਧੇਰੇ ਲੋਕ ਸਿੱਖ ਬਣ ਸਕਣ। ਚਿੱਲੀ ਟੀ. ਵੀ. 'ਤੇ ਯੋਗਾ ਦਾ ਪ੍ਰੋਗਰਾਮ ਦੋ ਵਾਰੀ ਦਿਖਾਇਆ ਗਿਆ ਹੈ। ਅਖ਼ਬਾਰਾਂ ਨੇ ਵੀ ਲੇਖ ਤੇ ਫੋਟੋ ਛਾਪੇ ਹਨ।

ਸਪੈਨਿਸ਼ ਬੋਲੀ 'ਚ ਬਾਣੀ ਦੇ ਗੁਟਕੇ ਉਨ੍ਹਾਂ ਨੂੰ ਮੈਕਸੀਕੋ ਤੋਂ ਮਿਲ ਰਹੇ ਹਨ। ਜਦ ਤਕ ਖੁੱਲ੍ਹ ਕੇ ਸਪੈਨਿਸ਼ ਬੋਲੀ 'ਚ ਸਿੱਖ ਬਾਣੀ ਤੇ ਸਾਹਿਤ ਨਹੀਂ ਮਿਲਦਾ। ਇਨ੍ਹਾਂ ਨੂੰ ਪ੍ਰਚਾਰ ਕਰਨ 'ਚ ਔਖ ਹੈ। ਮਾਪੇ ਵੀ ਬੱਚਿਆਂ ਨੂੰ ਰੋਕ ਰਹੇ ਹਨ ਜੋ ਸਿੱਖ ਬਣਦਾ ਹੈ ਘਰ ਤੋਂ ਬਾਗ਼ੀ ਸਮਝਿਆ ਜਾਂਦਾ ਹੈ।

ਬਰਾਜ਼ੀਲ ਦੇਸ਼ 'ਚ 1 ਕਰੋੜ 20 ਲੱਖ ਦੀ ਵਸੋਂ ਹੈ। ਇਥੇ 20 ਸਾਲ ਫੌਜ ਦਾ ਰਾਜ ਰਿਹਾ ਹੈ। ਹੁਣੇ ਹੀ ਅਮਰੀਕਾ ਦੀ ਮਦਦ ਨਾਲ ਲੋਕਰਾਜ ਸਥਾਪਤ ਹੋਇਆ ਹੈ। ਇਥੇ ਤਿੰਨ ਸ਼ਹਿਰਾਂ 'ਚ ਸਿੱਖ ਸੈਂਟਰ ਬਣ ਚੁੱਕੇ ਹਨ। ਪੋਰਟੋ ਰੀਕੋ, ਸਪੋਲੋ ਅਤੇ ਰੀਓ-ਡੀ-ਜੈਨੀਰੋ 'ਚ ਗੁਰੂ ਰਾਮ ਦਾਸ ਆਸ਼ਰਮ ਚੱਲ ਰਹੇ ਹਨ। ਗੁਰਦੇਵ ਸਿੰਘ ਖਾਲਸਾ ਇਥੇ ਇੰਚਾਰਜ ਹੈ। ਉਸ ਅਨੁਸਾਰ ਬੜੀ ਮਿਹਨਤ ਦੀ ਲੋੜ ਹੈ ਪਰ ਉਹ ਆਸ਼ਾਵਾਦੀ ਹੈ ਕਿ ਨੌਜਵਾਨ ਤਬਕਾ ਛੇਤੀ ਹੀ ਪ੍ਰਭਾਵਤ ਹੋ ਰਿਹਾ ਹੈ। ਹਰ ਜਮਾਤ 'ਚ 20 ਤੋਂ 25 ਵਿਦਿਆਰਥੀ ਆ ਰਹੇ ਹਨ। ਉਨ੍ਹਾਂ ਵਿਚੋਂ ਹਰ ਵਾਰ ਚਾਰ ਜਾਂ ਪੰਜ ਸਿੱਖ ਧਰਮ ਧਾਰਨ ਕਰ ਲੈਂਦੇ ਹਨ। ਉਨ੍ਹਾਂ ਨੂੰ ਵੀ ਵਧੇਰੇ ਆਪਣੀ ਬੋਲੀ 'ਚ ਲਿਟਰੇਚਰ ਦੀ ਲੋੜ ਹੈ। ਈਸਾਈ ਮੱਤ ਦਾ ਜੋ ਦੁਨੀਆਂ ਭਰ 'ਚ ਪ੍ਰਚਾਰ ਹੋਇਆ ਉਹ ਉਥੋਂ ਦੀ ਬੋਲੀ 'ਚ ਵੀ ਕੀਤਾ ਗਿਆ ਹੈ। ਬਾਈਬਲ ਹਰ ਬੋਲੀ 'ਚ ਹੈ। ਭਾਰਤ 'ਚ ਹੀ ਵੇਖ ਲਓ। ਅੰਗਰੇਜ਼ ਦੇ ਪੰਜਾਬ 'ਚ ਕਬਜ਼ਾ 1849 'ਚ ਹੋਣ ਤੋਂ ਪਹਿਲਾਂ ਹੀ ਪੰਜਾਬੀ 'ਚ ਬਾਈਬਲ ਮਿਲਦੀ ਸੀ। ਸਿੱਖ ਜਥੇਬੰਦੀਆਂ ਦਾ ਧਿਆਨ ਇਧਰ ਘੱਟ ਹੀ

ਰਿਹਾ ਹੈ। ਕੇਵਲ ਅਸੀਂ ਅੰਗਰੇਜ਼ੀ 'ਚ ਤਰਜਮਾ ਕਰਕੇ ਚੁੱਪ ਬੈਠ ਗਏ ਹਾਂ। ਵਿਸ਼ਵ 'ਚ ਵੱਡੀਆਂ ਬੋਲੀਆਂ 'ਚ ਸਪੈਨਿਸ਼, ਫਰੈਂਚ, ਅਰਬੀ, ਰੂਸੀ ਅਤੇ ਚੀਨੀ ਜ਼ੁਬਾਨਾਂ ਹਨ ਜਿਥੇ ਅਸੀਂ ਹਾਲੀਂ ਦਾਖਲ ਹੀ ਨਹੀਂ ਹੋਏ। ਚਿੱਲੀ ਦੇ ਬਰਾਜ਼ੀਲ 'ਚ ਅੱਜ ਜੋ ਸਿੱਖੀ ਦਾ ਪ੍ਰਚਾਰ ਆਰੰਭਿਆ ਗਿਆ ਹੈ ਉਸ 'ਚ ਗੁਰੂ ਸਾਹਿਬ ਆਪ ਆਪਣੇ ਸੇਵਕ ਯੋਗੀ ਹਰਭਜਨ ਸਿੰਘ, ਜਿਸ ਨੂੰ ਅਕਾਲ ਤਖਤ ਵੱਲੋਂ ਉੱਚ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ ਹੈ, ਤੋਂ ਸੇਵਾ ਲੈ ਰਹੇ ਹਨ। ਸਾਰਾ ਅਮਰੀਕਾ ਮਹਾਂਦੀਪ ਕੈਨੇਡਾ ਤੋਂ ਲੈ ਕੇ ਹੇਠਾਂ ਅਰਜਨਟੀਨਾ ਤਕ ਸਿੱਖੀ ਤੋਂ ਜਾਣੂ ਹੋ ਚੁੱਕਾ ਹੈ।

(29-9-96)

# ਇਰਾਕ ਦੀ ਜੰਗ ਅਤੇ ਭਾਰਤ

ਅੱਜ ਕੱਲ ਸਾਰੀ ਦੁਨੀਆਂ ਦੇ ਸਾਹਮਣੇ ਈਰਾਕ ਦੀ ਜੰਗ ਦੀ ਚਰਚਾ ਹੈ। 12 ਸਾਲ ਪਹਿਲਾਂ 1991 ਵਿਚ ਇਰਾਕ ਨੇ ਕੁਵੈਤ ਤੇ ਹਮਲਾ ਕੀਤਾ ਇਹ ਸੋਚ ਕੇ ਇਸ ਛੋਟੇ ਜਿਹੇ ਮੁਲਕ ਨੂੰ ਆਪਣੇ ਕਬਜੇ ਵਿਚ ਲੈ ਲਵੇ। ਤੇਲ ਦਾ ਜੋ ਭੰਡਾਰ ਕੁਵੈਤ ਕੋਲ ਹੈ ਉਸ ਦਾ ਲਾਭ ਈਰਾਕ ਲੈਣਾ ਚਾਹੁੰਦਾ ਸੀ। ਇਕ ਦਿਨ ਵਿੱਚ ਹੀ ਇਰਾਕ ਨੇ ਕੁਵੈਤ ਤੇ ਕਬਜਾ ਕਰ ਲਿਆ ਉਸ ਵਕਤ ਅਮਰੀਕਾ ਨੇ ਕੁਵੈਤ ਦੀ ਰਖਿਆ ਲਈ ਜੰਗ ਦਾ ਐਲਾਨ ਕਰ ਦਿੱਤਾ। ਯੂ.ਐਨ.ਓ ਵਿਚ ਮਤਾ ਪਾਸ ਕਰਵਾ ਕੇ ਹੋਰ ਮੁਲਕਾਂ ਨੂੰ ਨਾਲ ਲੈ ਲਿਆ ਅਤੇ ਪਹਿਲਾਂ ਕੁਵੈਤ ਆਜ਼ਾਦ ਕਰਵਾਇਆ ਫਿਰ ਈਰਾਕ ਵਿਚ ਹਵਾਈ ਹਮਲੇ ਕਰਕੇ ਈਰਾਕੀਆਂ ਨੂੰ ਪਿਛੇ ਧੱਕਿਆ। ਉਸ ਜੰਗ ਨੂੰ ਈਰਾਕ ਤੋਂ ਜਿੱਤਕੇ ਈਰਾਕ ਨੂੰ ਸਾਰੀ ਦੁਨੀਆਂ ਤੋਂ ਅਲੱਗ-ਥਲੱਗ ਕੀਤਾ। ਈਰਾਕ ਦੀ ਫੌਜੀ ਤਾਕਤ ਬੜੀ ਕਮਜ਼ੋਰ ਕਰ ਦਿੱਤੀ ਗਈ। ਉਸ ਦੇ ਤੇਲ ਵੇਚਣ ਤੇ ਵੀ ਪਾਬੰਦੀ ਲਗਾ ਦਿੱਤੀ ਗਈ ਤੇ ਹਰ ਪੱਖੋਂ ਈਰਾਕ ਨੂੰ ਆਰਥਿਕ ਸੰਕਟ ਵਿਚ ਪਾਇਆ। ਪਿਛਲੇ ਚਾਰ-ਪੰਜ ਸਾਲ ਤੋਂ ਅਮਰੀਕਾ ਇਰਾਕ ਵਿਰੁੱਧ ਪ੍ਰਚਾਰ ਕਰ ਰਿਹਾ ਹੈ ਕਿ ਇਰਾਕ ਕੋਲ ਖਤਰਨਾਕ ਹਥਿਆਰ ਅਤੇ ਕੈਮੀਕਲ ਹਨ ਜੋ ਮਨੁੱਖਤਾ ਨੂੰ ਨਸ਼ਟ ਕਰ ਸਕਦੀਆਂ ਹਨ। ਇਸ ਲਈ ਯੂ.ਐਨ. ਓ ਦੀ ਪ੍ਰਵਾਨਗੀ ਨਾਲ ਟੀਮਾਂ ਇਰਾਕ ਭੇਜੀਆਂ ਗਈਆਂ ਜਿਨ੍ਹਾਂ ਨੇ ਸਾਰੇ ਈਰਾਕ ਦੀ ਛਾਣਬੀਣ ਕੀਤੀ ਪਰ ਕਿਧਰੇ ਵੀ ਉਹਨਾਂ ਨੂੰ ਇਤਰਾਜਯੋਗ ਹਥਿਆਰ ਨਾ ਲੱਭੇ। ਅਮਰੀਕਾ ਦੀ ਇਹ ਯਾਚਨਾ ਸੀ ਕਿ ਈਰਾਕ ਵਿਰੁੱਧ ਫੈਸਲਾਕੁੰਨ ਲੜਾਈ ਯੂ.ਐਨ.ਓ ਦੇ ਝੰਡੇ ਹੇਠਾਂ ਲੜੀ ਜਾਵੇ ਪਰ ਅਮਰੀਕਾ ਦੀ ਇਸ ਤਜਵੀਜ਼ ਨੂੰ ਰੂਸ, ਫਰਾਂਸ ਅਤੇ ਚੀਨ ਨੇ ਪਾਸ ਨਾ ਹੋਣ ਦਿੱਤਾ। ਇਸ ਨੂੰ ਵੇਖਦੇ ਹੋਏ ਅਮਰੀਕਾ ਨੇ ਆਪ ਹੀ ਫੈਸਲਾ ਲੈ ਲਿਆ ਕਿ ਉਹ ਈਰਾਕ ਦੇ ਰਾਸ਼ਟਰਪਤੀ ਜਨਰਲ ਸਦਾਮ ਹੁਸੈਨ ਨੂੰ ਬਦਲਣ ਲਈ ਜੰਗ ਲੜਨਗੇ। ਅਮਰੀਕਾ ਨੇ ਇਕ ਕੁਲੀਸ਼ਨ ਬਣਾਈ ਜਿਸ ਵਿਚ ਇੰਗਲੈਂਡ, ਅਸਟ੍ਰੇਲੀਆ, ਕਨੈਡਾ, ਜਾਪਾਨ, ਕੋਰੀਆ ਆਦਿ ਮੁਲਕ ਸ਼ਾਮਲ ਹਨ। ਇਸ ਕੁਲੀਸ਼ਨ ਨੇ ਆਨਨ-ਫਾਨਨ ਈਰਾਕ ਤੇ 20 ਮਾਰਚ 2003 ਨੂੰ ਹਮਲਾ ਕਰ ਦਿੱਤਾ। ਕਮਾਲ ਤਾਂ ਇਹ ਹੈ ਕਿ ਜਾਰਡਨ, ਕੁਵੈਤ, ਕਤਰ ਜੋ ਮੁਸਲਮਾਨ ਮੁਲਕ ਹਨ ਉਹ ਪੂਰੀ ਤਰ੍ਹਾਂ ਅਮਰੀਕਾ ਦੇ ਅੱਡੇ ਬਣ ਗਏ ਤੇ ਜੰਗ ਵਿਚ ਅਮਰੀਕਾ ਦੀ ਮਦਦ ਕਰ ਰਹੇ ਹਨ। ਬਾਕੀ ਵੱਡੇ-ਵੱਡੇ ਸਾਰੇ ਮੁਸਲਮਾਨ ਮੁਲਕ ਸਾਊਦੀ ਅਰਬ, ਮਿਸਰ, ਪਾਕਿਸਤਾਨ, ਅਫਗਾਨਿਸਤਾਨ, ਲਿਬਨਾਨ, ਉਮਾਨ, ਦੁੱਬਈ ਆਦਿ ਸਭ ਚੁੱਪ ਹਨ ਤੇ ਅਮਰੀਕਾ ਦੇ ਹੱਕ ਵਿਚ ਹੁੰਗਾਰਾ ਵੀ ਭਰਦੇ ਹਨ।

ਜਦੋਂ ਇਹ ਜੰਗ ਆਰੰਭ ਹੋਈ ਤੇ ਭਾਰਤ ਸਰਕਾਰ ਦਾ ਸਟੈਂਡ ਸੀ ਕਿ ਜੰਗ ਨਾ ਹੋਵੇ ਅਤੇ ਯੂ.ਐਨ.ਓ ਵਿਚ ਬੈਠ ਕੇ ਮਸਲਾ ਨਜਿੱਠਿਆ ਜਾਵੇ। ਪ੍ਰਧਾਨ ਮੰਤਰੀ ਜੀ ਨੇ ਇਸ ਬਾਰੇ ਪਾਰਲੀਮੈਂਟ ਵਿਚ ਬਿਆਨ ਵੀ ਦਿੱਤਾ ਤੇ ਸਾਰੀਆਂ ਪਾਰਟੀਆਂ ਦੀ ਮੀਟਿੰਗ ਵਿਚ ਵੀ ਇਹੋ ਸਟੈਂਡ ਲਿਆ ਪਰ ਸਾਡੇ ਦੇਸ਼ ਦੀਆਂ ਖੱਬੇ ਪੱਖੀ ਪਾਰਟੀਆਂ ਅਤੇ ਮੁਸਲਮਾਨ ਜਥੇਬੰਦੀਆਂ ਚਾਹੁੰਦੀਆਂ ਹਨ ਕਿ ਭਾਰਤ ਇਸ ਜੰਗ ਦੀ ਨਿੰਦਿਆ ਕਰੇ ਤੇ ਹਮਲੇ ਦੇ ਖਿਲਾਫ ਆਵਾਜ਼

ਉਠਾਏ ਅਤੇ ਸਿੱਧਾ ਐਂਟੀ-ਅਮਰੀਕਨ ਸਟੈਂਡ ਲਵੇ। ਜਜ਼ਬਾਤੀ ਤੌਰ ਤੇ ਇਹ ਠੀਕ ਹੈ ਪਰ ਕੀ ਇਹ ਭਾਰਤ ਦੇ ਹੱਕ ਵਿਚ ਜਾਵੇਗਾ। ਅੱਜ ਸਾਰੀ ਦੁਨੀਆ ਵਿਚ ਅਮਰੀਕਾ ਦੀ ਸਰਦਾਰੀ ਹੈ। ਪਾਕਿਸਤਾਨੀ ਤੇ ਸਾਰੇ ਮੁਸਲਮਾਨ ਦੇਸ਼ ਅੰਦਰੋ-ਅੰਦਰੀ ਅਮਰੀਕਾ ਦੇ ਨਾਲ ਖੜੇ ਹਨ। ਅਰਬਾਂ ਡਾਲਰ ਪਾਕਿਸਤਾਨ ਅਮਰੀਕਾ ਦੀ ਮਦਦ ਨਾਲ ਕਮਾ ਚੁੱਕਾ ਹੈ। ਪਾਕਿਸਤਾਨ ਇਤਨਾ ਚਾਲਾਕ ਹੈ ਕਿ ਆਪਣੇ ਟੀ.ਵੀ ਤੇ ਈਰਾਕ ਦੀ ਜੰਗ ਦਿਖਾਉਂਦਾ ਹੈ, ਅਮਰੀਕਾ ਦਾ ਜ਼ੁਲਮ ਦਿਖਾ ਰਿਹਾ ਹੈ ਪਰ ਅਮਰੀਕਾ ਨੂੰ ਇਹ ਕਹਿ ਰਿਹਾ ਹੈ ਕਿ ਉਹ ਸਭ ਕੁਝ ਲੋਕਾਂ ਦੀਆ ਭਾਵਨਾਵਾਂ ਨੂੰ ਵੇਖ ਕੇ ਕਰ ਰਿਹਾ ਹੈ। ਅੱਜ ਭਾਰਤ ਆਰਥਿਕ ਸੰਕਟ ਵਿਚ ਹੈ। ਜੰਗ ਲਗਣ ਨਾਲ ਤੇਲ ਮਹਿੰਗਾ ਹੋਇਆ ਹੈ। ਹਰ ਪਾਸੇ ਸਾਨੂੰ ਕੋਈ ਨਾ ਕੋਈ ਕਸ਼ਟ ਹੈ। ਟੂਰਿਜ਼ਮ ਬਹੁਤ ਘੱਟ ਗਿਆ ਹੈ। ਭਾਰਤ ਜਜ਼ਬਾਤ ਦੀ ਲਹਿਰ ਵਿਚ ਆ ਕੇ ਕੋਈ ਐਸਾ ਕਦਮ ਨਹੀਂ ਉਠਾਉਣਾ ਚਾਹੁੰਦਾ ਜਿਸ ਨਾਲ ਹੋਰ ਨੁਕਸਾਨ ਹੋਵੇ। ਭਾਰਤ ਨੇ ਜੰਗ ਨੂੰ ਦੁਖਦਾਈ ਘਟਨਾ ਕਿਹਾ ਹੈ। ਸਾਡੇ ਇਸ ਬਿਆਨ ਨਾਲ ਅਮਰੀਕਾ ਦਾ ਕੀ ਵਿਗੜਦਾ ਹੈ। ਮੈਂ ਸਮਝਦਾ ਹਾਂ ਕਿ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਇਕ ਤਜਰਬੇਕਾਰ ਲੀਡਰ ਹਨ ਤੇ ਉਹਨਾਂ ਨੇ ਜਿਸ ਸਿਆਣਪ ਨਾਲ ਵਿਦੇਸ਼ ਮਾਮਲਿਆਂ ਨੂੰ ਅੱਗੇ ਰੱਖਿਆ ਹੈ ਉਹ ਸਰਹਾਉਣਯੋਗ ਹੈ। ਵੱਡੀ ਗਿਣਤੀ ਵਿਚ ਭਾਰਤੀ ਅਮਰੀਕਾ ਤੇ ਇੰਗਲੈਂਡ ਵਿਚ ਰਹਿੰਦੇ ਹਨ ਅਸੀਂ ਉਹਨਾਂ ਦਾ ਜੀਵਨ ਸੁਖਾਵਾਂ ਰੱਖਣਾ ਚਾਹੁੰਦੇ ਹਾਂ। ਇਵੇਂ ਝੂਠੀ ਸ਼ੋਹਰਤ ਲਈ ਉਹਨਾਂ ਦਾ ਨੁਕਸਾਨ ਕਰਾਉਣ ਦੀ ਪਾਲਿਸੀ ਕਿਉਂ ਅਪਣਾਈਏ। ਜਦੋਂ ਪਹਿਲਾਂ ਜੰਗ ਹੋਈ ਸੀ ਉਦੋਂ ਸ੍ਰੀ ਚੰਦਰ ਸ਼ੇਖਰ ਜੀ ਪ੍ਰਧਾਨ ਮੰਤਰੀ ਸਨ। ਉਹਨਾਂ ਨੇ ਅਮਰੀਕਾ ਦੇ ਜਹਾਜ਼ ਨੂੰ ਹਿੰਦੁਸਤਾਨ ਚੋਂ ਪੈਟਰੋਲ ਲੈਣ ਦੀ ਆਗਿਆ ਦੇ ਦਿੱਤੀ ਸੀ। ਜਿਸ ਕਾਰਨ ਅਮਰੀਕਾ ਨਾਲ ਸਾਡੇ ਸਬੰਧ ਬੜੇ ਚੰਗੇ ਹੋ ਗਏ ਸਨ।

ਪਿੱਛੇ ਜਿਹੇ ਪ੍ਰਧਾਨ ਮੰਤਰੀ ਜੀ ਨੇ ਸਾਰੀ ਰਾਜਸੀ ਪਾਰਟੀਆਂ ਦੀ ਇਕ ਮੀਟਿੰਗ ਬੁਲਾਈ ਸੀ ਉਸ ਵਿਚ ਕਈ ਪਾਰਟੀਆਂ ਨੇ ਸਖ਼ਤ ਸਟੈਂਡ ਲਗਾਉਣ ਦੀ ਵਕਾਲਤ ਕੀਤੀ ਪਰ ਆਪੋਜ਼ੀਸ਼ਨ ਪਾਰਟੀ ਭਾਵ ਕਾਂਗਰਸ ਨੇ ਕੋਈ ਐਸਾ ਸਟੈਂਡ ਲੈਣ ਦਾ ਪ੍ਰਗਟਾਵਾ ਨਹੀਂ ਕੀਤਾ। ਕਾਂਗਰਸ ਦੇ ਲੀਡਰ ਜੰਗ ਦੇ ਵਿੱਰੁਧ ਤੇ ਬੋਲਦੇ ਹਨ ਪਰ ਅਮਰੀਕਾ ਦੀ ਨਿੰਦਿਆ ਨਹੀਂ ਕਰਦੇ। ਭਾਰਤ ਦੇ ਮੁਸਲਮਾਨ ਈਰਾਕ ਦੇ ਹੱਕ ਵਿਚ ਹਨ ਤੇ ਕਈ ਥਾਂ ਮੁਸਲਮਾਨਾਂ ਨੇ ਮੁਜ਼ਾਹਿਰੇ ਵੀ ਕੀਤੇ। ਪਰ ਇਕ ਗੱਲ ਨੋਟ ਕਰਨ ਵਾਲੀ ਹੈ ਕਿ ਭਾਰਤ ਹੀ ਇਕ ਇਹੋ ਜਿਹਾ ਦੇਸ਼ ਹੈ ਜਿਸ ਵਿਚ ਵੱਡਾ ਮੁਜ਼ਾਹਰਾ ਜਾਂ ਰੋਸ ਮਾਰਚ ਅਮਰੀਕਾ ਦੇ ਵਿਰੁੱਧ ਨਹੀਂ ਹੋਇਆ। ਇਸਦਾ ਭਾਵ ਹੈ ਕਿ ਲੋਕ ਵੀ ਅਮਰੀਕਾ ਵਿਰੁੱਧ ਕੋਈ ਸਟੈਂਡ ਲੈਣਾ ਪਸੰਦ ਨਹੀਂ ਕਰਦੇ। ਇਸ ਸਬੰਧ ਵਿਚ ਭਾਰਤ ਸਰਕਾਰ ਆਪਣੀ ਪਾਲਿਸੀ ਨੂੰ ਸਹੀ ਸਮਝਦੇ ਹੋਏ ਆਪਣੇ ਵਚਨਾਂ ਤੇ ਪਾਬੰਦ ਹੈ। ਜੰਗ ਲੰਬੀ ਹੁੰਦੀ ਜਾ ਰਹੀ ਹੈ ਅਤੇ ਏਦਾਂ ਲਗਦਾ ਹੇ ਕਿ ਹੋਰ ਵਧੇਰਾ ਸਮਾਂ ਇਹ ਚਲਦੀ ਰਹੇਗੀ। ਇਰਾਕੀਆਂ ਦਾ ਜਾਨੀ ਨੁਕਸਾਨ ਬਹੁਤ ਹੋਇਆ ਹੈ। ਹਵਾਈ ਹਮਲਿਆਂ ਨੇ ਤਬਾਹੀ ਕੀਤੀ ਹੈ ਪਰ ਉਹ ਬਗਦਾਦ ਅਤੇ ਬਸਰੇ ਵਿਚ ਬੈਠੇ ਲੜ ਰਹੇ ਹਨ। ਇਹਨਾਂ ਹਾਲਾਤਾਂ ਨੂੰ ਵੇਖਦੇ ਹੋਏ ਭਾਰਤ ਸਰਕਾਰ ਅੱਗੇ ਕੀ ਕਰੇਗੀ ਕੁਝ ਕਹਿਣਾ ਮੁਸ਼ਕਿਲ ਹੈ।

(ਅਪ੍ਰੈਲ, 2003)

# ਪਹਿਲਾ ਸਿੱਖ ਕੈਲੰਡਰ ਕਦੋਂ ਤੇ ਕਿਵੇਂ ਛਪਿਆ ?

ਅੱਜ ਕੱਲ੍ਹ ਸਿੱਖ ਕੈਲੰਡਰ ਛਾਪਣ ਦੀ ਰਿਵਾਇਤ ਬੜੀ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਪੰਜਾਬ ਸਰਕਾਰ, ਪੰਜਾਬ ਮਾਰਕਫੈੱਡ, ਪੰਜਾਬ ਐਂਡ ਸਿੰਧ ਬੈਂਕ, ਬੈਂਕ ਆਫ ਪੰਜਾਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਬੜੇ ਸਿੱਖ ਫੈਕਟਰੀਆਂ ਤੇ ਦੁਕਾਨਾਂ ਦੇ ਮਾਲਕ ਹਰ ਸਾਲ ਸਿੱਖ ਤਸਵੀਰਾਂ ਵਾਲੇ ਕੈਲੰਡਰ ਛਾਪਦੇ ਹਨ ਤੇ ਇਹਨਾਂ ਦੀ ਮੰਗ ਵੀ ਹੁਣ ਬੜੀ ਵਧ ਰਹੀ ਹੈ। ਆਮ ਲੋਕ ਇਹਨਾਂ ਕੈਲੰਡਰਾਂ ਨੂੰ ਉਡੀਕਦੇ ਰਹਿੰਦੇ ਹਨ। ਅੱਜ ਇਸ ਲੇਖ ਰਾਹੀਂ ਮੈਂ ਇਹ ਜਾਣਕਾਰੀ ਪਾਠਕਾਂ ਨੂੰ ਦੇ ਰਿਹਾ ਹਾਂ ਕਿ ਪਹਿਲਾਂ ਸਿੱਖ ਕੈਲੰਡਰ ਕਦੋਂ ਅਤੇ ਕਿਵੇਂ ਬਣਿਆ ? ਤੇ ਇਹ ਕੈਲੰਡਰ ਕਦੋਂ ਸਿੱਖ ਸਮਾਜ ਵਿਚ ਇਕ ਨਵਾਂ ਮੋੜ ਲਿਆਏ।

1970 ਵਿਚ ਮੈਂ ਪਟਿਆਲੇ ਵਿਚ ਜ਼ਿਲ੍ਹਾ ਪਬਲਿਕ ਰਿਲੇਸ਼ਨ ਅਫਸਰ ਲੱਗਾ ਹੋਇਆ ਸੀ ਤੇ ਉਥੋਂ ਮੇਰੀ ਬਦਲੀ ਪੰਜਾਬ ਮਾਰਕਫੈੱਡ ਦੇ ਮੁੱਖ ਦਫਤਰ ਚੰਡੀਗੜ੍ਹ ਵਿਚ ਜੁਲਾਈ ਦੇ ਮਹੀਨੇ ਵਿਚ ਹੋ ਗਈ। ਉਸ ਵਕਤ ਸ੍ਰ: ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਸਨ ਅਤੇ ਸ੍ਰ: ਸੁਰਜੀਤ ਸਿਘ (ਜੋ ਸ੍ਰ: ਬਲਦੇਵ ਸਿੰਘ ਡਿਫੈਂਸ ਮੰਤਰੀ ਦੇ ਸਪੁਤਰ ਸਨ) ਕੋਆਰਪਰੇਟਿਵ ਮਹਿਕਮੇ ਦੇ ਮੰਤਰੀ ਹੁੰਦੇ ਸਨ। ਉਹਨਾਂ ਨੇ ਹੀ ਮੈਨੂੰ ਮਾਰਕਫੈੱਡ ਵਿਚ ਜਾਇੰਟ ਸਕੱਤਰ ਡਿਵੈਲਪਮੈਂਟ ਦੇ ਤੌਰ ਤੇ ਮੇਰੀ ਨਿਯੁਕਤੀ ਨੂੰ ਪ੍ਰਵਾਨਗੀ ਦਿੱਤੀ। ਸ੍ਰ: ਮਨਮੋਹਨ ਸਿੰਘ, ਆਈ.ਏ.ਐਸ ਉਦੋਂ ਮੈਨੇਜਿੰਗ ਡਾਇਰੈਕਟਰ ਸਨ। ਥੋੜੇ ਚਿਰ ਮਗਰੋਂ ਸ੍ਰ: ਸੋਹਨ ਸਿੰਘ ਮੈਨੇਜਿੰਗ ਡਾਇਰੈਕਟਰ ਬਣੇ ਜਿਨ੍ਹਾਂ ਨੇ ਮਾਰਕਫੈੱਡ ਦੀ ਕਾਇਆ ਕਲਪ ਕਰ ਦਿੱਤੀ।

ਮੈਂ ਮਾਰਕਫੈੱਡ ਵਿਚ ਆ ਕੇ ਜਿੱਥੇ ਮਾਰਕਫੈੱਡ ਦੀ ਪਬਲੀਸਿਟੀ ਲਈ ਸਕੀਮਾਂ ਬਣਾਈਆਂ ਉਥੇ ਮੈਂ ਮਾਰਕਫੈੱਡ ਵਿਚ ਕਈ ਨਵੇਂ ਪ੍ਰੋਜੈਕਟ ਵੀ ਚਲਾਏ ਜਿਨ੍ਹਾਂ ਦੀ ਧਾਂਕ ਸਾਰੇ ਭਾਰਤ ਵਿਚ ਪਈ ਖਾਸ ਕਰਕੇ ਹਾਰਵੈਸਟਿੰਗ ਕੰਬਾਇਨਾਂ ਦੀ। ਕਣਕ-ਝੋਨਾ ਵੱਢਣ ਵਾਲੀ ਮਸ਼ੀਨ ਪਹਿਲੀ ਵਾਰ ਭਾਰਤ ਵਿਚ ਮਾਰਕਫੈੱਡ ਨੇ ਲਿਆਂਦੀ ਸੀ ਅਤੇ ਮੈਂ ਇਸ ਦਾ ਇੰਚਾਰਜ ਸੀ ਜਿਸ ਲਈ ਮੈਨੂੰ ਜਰਮਨੀ ਵਿਚ ਟ੍ਰੇਨਿੰਗ ਲਈ ਭੇਜਿਆ ਗਿਆ ਸੀ।

ਮੈਂ ਪਹਿਲੀ ਗੱਲ ਜੋ ਮਾਰਕਫੈੱਡ ਵਿਚ ਕੀਤੀ ਕਿ ਸ੍ਰ: ਕ੍ਰਿਪਾਲ ਸਿੰਘ ਪੇਂਟਰ ਤੋਂ 20×10 ਫੁੱਟ ਸਾਈਜ਼ ਦੀ ਸ੍ਰ: ਸ਼ਾਮ ਸਿੰਘ ਅਟਾਰੀ ਵਾਲੇ ਦੀ ਮੈਦਾਨੇ ਜੰਗ ਵਿਚ ਲੜਦੇ ਹੋਏ ਦੀ ਪੇਂਟਿੰਗ ਬਣਵਾਈ ਅਤੇ ਉਹ ਪੰਜਾਬ ਰਾਜ ਭਵਨ ਵਿਚ ਲਗਵਾਈ ਜਿਸ ਲਈ ਪੰਜਾਬ ਦੇ ਗਵਰਨਰ ਨੇ ਪ੍ਰਵਾਨਗੀ ਦਿੱਤੀ, ਇਹ ਇਸ ਲਈ ਕੀਤਾ ਤਾਂ ਜੋ ਉੱਚ ਵਿਅਕਤੀ ਉਥੇ ਆਵੇ, ਉਹ ਇਸ ਨੂੰ ਵੇਖ ਕੇ ਸਿੱਖ ਇਤਿਹਾਸ ਤੋਂ ਜਾਣੂ ਹੋ ਸਕੇ। ਦੂਜੀ ਏਸੇ ਸਾਈਜ਼ ਦੀ ਇਕ ਪੇਂਟਿੰਗ ਵੱਡੇ ਸਾਹਿਬਜ਼ਾਦਿਆਂ ਦੀ ਚਮਕੌਰ ਦੀ ਜੰਗ ਵਾਲੀ ਮੁੱਖ ਮੰਤਰੀ ਦੇ ਦਫ਼ਤਰ ਵਿਚ ਲਗਵਾਈ। ਇਸ ਦੀ ਬੜੀਆਂ ਅਖਬਾਰਾਂ ਨੇ ਵਾਹ-ਵਾਹ ਛਾਪੀ। ਮੈਨੂੰ ਉਤਸ਼ਾਹ ਮਿਲਿਆ। ਉਸ ਵਕਤ ਮੇਰੇ ਮਨ ਵਿਚ ਇਹ ਫੁਰਨਾ ਆਇਆ ਕਿ ਅੱਜ ਤਕ ਸਿੱਖ ਇਤਿਹਾਸ ਨੂੰ ਸਹੀ

ਰੂਪ ਵਿਚ ਆਮ ਲੋਕਾਂ ਤਕ ਪਹੁੰਚਾਉਣ ਦਾ ਕੋਈ ਉਪਰਾਲਾ ਨਹੀਂ ਹੋਇਆ। ਮੈਂ ਕਿਉਂਕਿ ਪਬਲੀਸਿਟੀ ਤੇ ਪਬਲਿਕ ਰਿਲੇਸ਼ਨ ਵਿਸ਼ੇ ਤੇ ਬੜੀ ਜਾਣਕਾਰੀ ਰੱਖਦਾ ਸਾਂ ਇਸ ਲਈ ਮੈਂ ਇਹ ਸੋਚਿਆ ਕਿ ਕਿਉਂ ਨਾ ਪੰਜਾਬ ਮਾਰਕਫੈੱਡ ਵੱਲੋਂ ਸੰਨ 1971 ਦਾ ਇਕ ਕੈਲੰਡਰ ਸਿੱਖ ਇਤਿਹਾਸ ਤੇ ਬਣਾਇਆ ਜਾਵੇ। ਮੈਂ ਇਸ ਲਈ ਸ੍ਰ: ਸੋਹਨ ਸਿੰਘ ਮੈਨੇਜਿੰਗ ਡਾਇਰੈਕਟਰ ਨਾਲ ਸਲਾਹ ਕੀਤੀ। ਉਹਨਾਂ ਤੁਰੰਤ ਇਸ ਦੀ ਪ੍ਰਵਾਨਗੀ ਦਿੱਤੀ ਅਤੇ ਟੈਲੀਫੋਨ ਤੇ ਸ੍ਰ: ਐਮ.ਐਸ. ਗਿੱਲ ਜੋ ਉਸ ਵਕਤ ਰਜਿਸਟਰਾਰ ਕੋਆਪਰੇਟਿਵ ਸਨ, ਨੂੰ ਦੱਸਿਆ। ਉਹਨਾਂ ਨੇ ਇਸ ਤੇ ਬੜੀ ਖੁਸ਼ੀ ਜ਼ਾਹਿਰ ਕੀਤੀ ਜਦੋਂ ਮੈਂ ਇਹ ਸਾਰੀ ਸਕੀਮ ਬਣਾ ਰਿਹਾ ਸੀ, ਉਸ ਲਈ ਉਹਨਾਂ ਨਾਲ ਸਲਾਹ ਮਸ਼ਵਰਾ ਕੀਤਾ। ਬਾਰ੍ਹਾਂ ਸਫਿਆਂ ਦਾ ਰੰਗੀਨ ਕੈਲੰਡਰ ਛਾਪਣ ਲਈ ਮੈਂ ਵਿਉਂਤ ਬਣਾਈ ਅਤੇ ਪੇਂਟਿੰਗਜ਼ ਚੁਨਣ ਲਈ ਬੜਾ ਚਿਰ ਲੱਗਿਆ ਅਤੇ ਇਹ ਇਸ ਤਰ੍ਹਾਂ ਫੈਸਲਾ ਕੀਤਾ ਕਿ ਸਿੱਖ ਇਤਿਹਾਸ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਤਕ ਦਰਸਾਇਆ ਜਾ ਸਕੇ। ਇਸ ਲਈ ਮੈਂ ਸ੍ਰ: ਕ੍ਰਿਪਾਲ ਸਿੰਘ ਪੇਂਟਰ ਨਾਲ ਸਲਾਹ ਕੀਤੀ ਜਿਨ੍ਹਾਂ ਨੇ ਕਈ ਸਿੱਖ ਮਿਉਜ਼ੀਅਮ ਅਤੇ ਕਈ ਸਿੱਖ ਪਰਿਵਾਰਾਂ ਲਈ ਬੜੀਆਂ ਪੇਂਟਿੰਗਜ਼ ਬਣਾਈਆਂ ਸਨ। ਪਹਿਲੀ ਪੇਂਟਿੰਗ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਸੁਮੇਰ ਪਰਬਤ ਤੇ ਸਿੱਧ ਗੋਸ਼ਟ ਵਾਲੀ ਚੁਣੀ ਗਈ। ਦੂਜੀ ਪੇਂਟਿੰਗ ਅਕਬਰ ਬਾਦਸ਼ਾਹ ਸ੍ਰੀ ਗੁਰੂ ਅਮਰਦਾਸ ਦੇ ਲੰਗਰ ਗੋਬਿੰਦਵਾਲ ਸਾਹਿਬ ਵਿਖੇ ਰੱਖੀ ਗਈ। ਤੀਜੀ ਪੇਂਟਿਗ ਸਾਈਂ ਮੀਆ ਮੀਰ ਜੀ ਦੀ ਦਰਬਾਰ ਸਾਹਿਬ, ਅੰਮ੍ਰਿਤਸਰ ਦਾ ਨੀਂਹ ਪੱਥਰ ਵਾਲੀ ਚੁਣੀ ਗਈ। ਚੌਥੀ ਵਿਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਸ਼ਾਹੀ ਦਰਬਾਰ ਦਿਖਾਇਆ ਗਿਆ। ਪੰਜਵੀਂ ਰੋਪੜ ਵਿਚ ਲਾਰਡ ਵਿਲਿਅਮ ਬੈਨਟਿੰਗ ਗਵਰਨਰ ਜਨਰਲ ਭਾਰਤ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਸ਼ਾਹੀ ਮੁਲਾਕਾਤ ਦਾ ਨਜ਼ਾਰਾ ਪੇਸ਼ ਕਰਦੀ ਸੀ ਜਿਸ ਵਿਚ ਦੋਨੋਂ ਹਾਥੀਆਂ ਤੇ ਚੜ੍ਹੇ ਹੋਏ ਸਨ, ਉਹਨਾਂ ਦੇ ਨਾਲ ਸਿੱਖ ਫੌਜ ਪੂਰੀ ਸ਼ਾਨ ਵਿਚ ਖੜੀ ਸੀ। ਅਖੀਰਲੀ ਫੋਟੋ ਵਿਚ ਬਾਬਾ ਦੀਪ ਸਿੰਘ ਦੀ ਪੇਂਟਿੰਗ ਬਣਵਾਈ ਗਈ ਜਿਸ ਵਿਚ ਉਹ ਆਪਣੇ ਖੰਡੇ ਨਾਲ ਜ਼ਮੀਨ ਤੇ ਲਕੀਰ ਖਿੱਚ ਕੇ ਸਿੱਖ ਨੌਜਵਾਨਾਂ ਨੂੰ ਵੰਗਾਰ ਦੇ ਰਹੇ ਹਨ ਕਿ ਜਿਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਨੂੰ ਬਚਾਉਣਾ ਹੈ, ਉਹ ਲਕੀਰ ਟੱਪ ਕੇ ਅੱਗੇ ਆਉਣ।

ਇਹ ਪੇਂਟਿੰਗਜ਼ ਵੱਖੋ-ਵੱਖ ਥਾਵਾਂ ਤੋਂ ਇਕੱਠੀਆਂ ਕਰਨ ਲਈ ਮੈਨੂੰ ਬੜਾ ਚਿਰ ਲੱਗਾ ਕਿਉਂਕਿ ਇਹ ਕਈ ਥਾਵਾਂ ਤੇ ਸਨ ਅਤੇ ਇਸ ਲਈ ਇਹਨਾਂ ਤੋਂ ਪ੍ਰਵਾਨਗੀ ਲੈਣੀ ਪਈ। ਫਿਰ ਦਿੱਲੀ ਦੀ ਇਕ ਅੱਛੀ ਪਬਲਿਕ ਰਿਲੇਸ਼ਨ ਕੰਪਨੀ ਨਾਲ ਸੰਬੰਧ ਜੋੜਿਆ ਜੋ ਇਹ ਕੈਲੰਡਰ ਛਪਵਾਉਣ ਦਾ ਪ੍ਰਬੰਧ ਕਰੇ। ਇਸ ਫਰਮ ਨਾਲ ਜਦੋਂ ਸਾਰਾ ਫੈਸਲਾ ਤਹਿ ਹੋਇਆ ਸੀ ਉਸ ਪਿੱਛੋਂ ਸਭ ਤੋਂ ਔਖਾ ਕੰਮ ਸੀ, ਇਹਨਾਂ ਕੈਲੰਡਰਾਂ ਦੀਆਂ ਤਸਵੀਰਾਂ ਦੇ Caption ਲਿਖਣ ਦਾ ਤਾਂ ਜੋ ਥੋੜ੍ਹੀਆਂ ਲਾਈਨਾਂ ਵਿਚ ਇਤਿਹਾਸਕ ਤੱਥ ਲਿਖੇ ਜਾ ਸਕਣ। ਇਸ ਕੰਮ ਲਈ ਮੈਂ ਪ੍ਰੋ: ਹਰਬੰਸ ਸਿੰਘ ਜੀ ਜੋ ਸਿੱਖ ਇੰਸਾਈਕਲੋਪੀਡੀਆ ਡਿਪਾਰਟਮੈਂਟ ਪਟਿਆਲੇ ਦੇ ਮੁਖੀ ਸਨ ਦੀ ਸੇਵਾ ਲਈ ਪ੍ਰੋ: ਹਰਬੰਸ ਸਿੰਘ ਜੀ ਨੇ ਅੰਗਰੇਜ਼ੀ ਵਿਚ ਹਰ ਪੇਂਟਿੰਗਜ਼ ਬਾਰੇ ਅਤੇ ਸਿੱਖ ਇਤਿਹਾਸ ਬਾਰੇ ਸਾਰੀ ਇਬਾਰਤ ਲਿਖ ਕੇ ਦਿੱਤੀ।

ਇਹ ਸਾਰਾ ਕੁਝ ਕਰਨ ਪਿਛੋਂ ਇਹ ਕੈਲੰਡਰ ਦਿੱਲੀ ਵਿਚ ਛਾਪਣ ਲਈ ਦਿੱਤਾ ਗਿਆ ਤੇ 5000 ਹਜ਼ਾਰ ਕਾਪੀਆਂ ਛਪਵਾਉਣ ਦਾ ਆਰਡਰ ਦਿੱਤਾ ਗਿਆ। ਇਸ ਵਿਚ ਲਈ ਮੈਨੂੰ ਕਈ ਵਾਰ ਦਿੱਲੀ ਜਾਣਾ ਪਿਆ। ਅਖੀਰ ਮਿਹਨਤ ਫਲ ਲਿਆਈ। ਪਹਿਲੀ

ਜਨਵਰੀ 1971 ਨੂੰ ਕੈਲੰਡਰ ਦੀ ਪਹਿਲੀ ਕਾਪੀ ਸ੍ਰ: ਸੁਰਜੀਤ ਸਿੰਘ ਕੋਪਰੇਟਿਵ ਮੰਤਰੀ ਨੂੰ ਸ੍ਰ: ਸੋਹਨ ਸਿੰਘ ਮੈਨੇਜਿੰਗ ਡਾਇਰੈਕਟਰ ਨੇ ਭੇਂਟ ਕੀਤੀ। ਫਿਰ ਅਸੀਂ ਇਹ ਕੈਲੰਡਰ ਲੈ ਕੇ ਸ੍ਰ: ਪ੍ਰਕਾਸ਼ ਸਿੰਘ ਬਾਦਲ ਕੋਲ ਉਹਨਾਂ ਦੇ ਦਫਤਰ ਵਿਚ ਗਏ, ਉਥੇ ਸਾਰੇ ਕੈਬਨਿਟ ਦੇ ਮੰਤਰੀ ਸਣੇ ਸ੍ਰ: ਆਤਮਾ ਸਿੰਘ ਮਾਲ ਮੰਤਰੀ ਵੀ ਬੈਠੇ ਸਨ। ਕੈਲੰਡਰ ਵੇਖਦਿਆਂ ਸਾਰ ਹਰ ਪਾਸੇ ਵਾਹ-ਵਾਹ ਹੋ ਉੱਠੀ ਤੇ ਹਰ ਕੋਈ ਕੈਲੰਡਰ ਲੈਣ ਦਾ ਚਾਹਵਾਨ ਸੀ। ਸਾਰੀਆਂ ਅਖਬਾਰਾਂ ਨੇ ਕੈਲੰਡਰ ਛਪਣ ਤੇ ਬੜੀਆਂ ਖਬਰਾਂ ਛਾਪੀਆਂ। ਅਜੀਤ ਤੇ ਅਕਾਲੀ ਪੱਤਰਕਾ ਨੇ ਕੈਲੰਡਰ ਦੀਆਂ ਫੋਟੋਆਂ ਵੀ ਅਖਬਾਰਾਂ ਰਾਹੀਂ ਛਾਪੀਆਂ। ਸ੍ਰ: ਸਾਧੂ ਸਿੰਘ ਹਮਦਰਦ ਅਤੇ ਗਿਆਨੀ ਸ਼ਾਦੀ ਸਿੰਘ ਨੇ ਮੈਨੂੰ ਵਧਾਈ ਭੇਜੀ। ਅਖਬਾਰਾਂ ਵਿਚ ਕੈਲੰਡਰ ਬਾਰੇ ਨੋਟ ਛਪੇ। ਮੈਨੂੰ ਬੜਾ ਉਤਸ਼ਾਹ ਮਿਲਿਆ। ਕਿਵੇਂ ਗੁਰੂ ਮਹਾਰਾਜ ਨੇ ਮੇਰੇ ਤੋਂ ਇਹ ਸੇਵਾ ਕਰਵਾਈ। ਅੱਜ ਤਕ ਇਸ ਤਰ੍ਹਾਂ ਦਾ ਉਪਰਾਲਾ ਕਦੇ ਨਹੀਂ ਸੀ ਹੋਇਆ। ਕੈਲੰਡਰ ਦੀ ਉਸਤਤ ਇਤਨੀ ਹੋ ਗਈ ਕਿ ਮਾਰਕਫੈੱਡ ਵਲੋਂ ਕੈਲੰਡਰ ਦੀ ਮੰਗ ਨਾ ਪੂਰੀ ਹੋ ਸਕੀ। ਇਕ ਕੰਮ ਮੈਂ ਇਹ ਕੀਤਾ ਕਿ ਸਾਰੇ ਵਿਦੇਸ਼ ਦੇ ਗੁਰਦੁਆਰਿਆਂ ਨੂੰ ਅਤੇ ਸਿੱਖ ਸੰਸਥਾਵਾਂ ਨੂੰ ਇਹ ਕੈਲੰਡਰ ਭੇਜ ਦਿੱਤਾ ਜਿਹੜਾ ਅੱਜ ਤਕ ਕਈ ਥਾਵਾਂ ਤੇ ਸ਼ੀਸ਼ੀਆਂ ਦੇ ਫਰੇਮਾਂ ਵਿਚ ਲੱਗਿਆ ਹੋਇਆ ਹੈ। ਹੁਣ ਤਕ ਕਈ ਜਗ੍ਹਾ ਲੋਕਾਂ ਨੇ ਇਸ ਨੂੰ ਸੰਭਾਲ ਕੇ ਰਖਿਆ ਹੈ। ਸ੍ਰ: ਰਵੀਇੰਦਰ ਸਿੰਘ ਸਪੀਕਰ ਪੰਜਾਬ ਐਸੰਬਲੀ ਦੇ ਪਿਤਾ ਆਪ ਮਾਰਕਫੈੱਡ ਆ ਕੇ ਕੇਲੰਡਰ ਲੈ ਗਏ। ਕਈ ਉੱਚ ਕੋਟੀ ਦੇ ਅਫਸਰ ਅਤੇ ਸਰਦਾਰ ਕੈਲੰਡਰ ਲੈਣ ਲਈ ਉਥੇ ਪੁੱਜੇ।

ਇਸ ਪਿੱਛੋ ਮੈਂ ਸਿੱਖ ਸ਼ਹੀਦਾਂ ਦਾ ਕੈਲੰਡਰ 1974 ਵਿਚ ਬਣਾਇਆ। ਇਸ ਵਿਚ ਕੇਵਲ ਸਿੱਖ ਸ਼ਹੀਦ ਦਿਖਾਏ ਗਏ ਕਿਉਂਕਿ ਸਾਰੀਆਂ ਸਿੱਖ ਸ਼ਹਾਦਤਾਂ ਮੁਸਲਮਾਨ ਬਾਦਸ਼ਾਹਾਂ ਹੱਥੋਂ ਹੋਈਆਂ। ਇਸ ਲਈ ਹਰ ਪੇਂਟਿੰਗਾਂ ਵਿਚ ਸ਼ਹਾਦਤ ਸਮੇਂ ਕੋਈ ਮੁਸਲਮਾਨ ਮੌਲਵੀ ਖੜਾ ਨਜ਼ਰ ਆਉਂਦਾ ਸੀ। ਉਹਨਾਂ ਪੇਂਟਿੰਗਾਂ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਦਿੱਲੀ ਵਿਚ ਸ਼ਹਾਦਤ, ਵੱਡੇ ਸਾਹਿਬਜ਼ਾਦਿਆਂ ਦੀ ਚਮਕੌਰ ਸਾਹਿਬ ਵਿਚ ਸ਼ਹਾਦਤ, ਛੋਟੇ ਸਾਹਿਬਜ਼ਾਦਿਆਂ ਦੀ ਫਤਹਿਗੜ੍ਹ ਸਾਹਿਬ ਵਾਲੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ, ਲਾਹੌਰ ਜ਼ੇਲ੍ਹ ਵਿਚ ਮਾਈਆਂ ਬੀਬੀਆਂ ਦੇ ਬੱਚਿਆਂ ਨੂੰ ਕਿਵੇਂ ਨੇਜਿਆਂ ਤੇ ਟੰਗਿਆ ਗਿਆ ਦੀ ਸ਼ਹਾਦਤ ਆਦਿ ਸ਼ਹੀਦਾਂ ਵਾਲੀਆਂ ਪੇਂਟਿੰਗਾਂ ਸਨ। ਉਸ ਵਕਤ ਪਾਰਲੀਮੈਂਟ ਵਿਚ ਕਸ਼ਮੀਰ ਦੇ ਇਕ ਮੁਸਲਮਾਨ ਮੈਂਬਰ ਨੇ ਇਸ ਕੈਲੰਡਰ ਬਾਰੇ ਰੌਲਾ ਪਾਇਆ ਕਿ ਇਹ ਮੁਸਲਮਾਨਾਂ ਦੇ ਵਿਰੁੱਧ ਛਾਪਿਆ ਗਿਆ ਹੈ। ਗਿਆਨੀ ਜ਼ੈਲ ਸਿੰਘ ਜੀ ਉਸ ਵਕਤ ਮੁੱਖ ਮੰਤਰੀ ਸਨ ਅਤੇ ਮਾਰਕਫੈਡ ਦੇ ਮੈਨੇਜਿੰਗ ਡਾਇਰੈਕਟਰ ਸ੍ਰ: ਅਮਰੀਕ ਸਿੰਘ ਪੁੰਨੀ ਜੀ ਸਨ। ਸ੍ਰੀਮਤੀ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਨੇ ਗਿਆਨੀ ਜ਼ੈਲ ਸਿੰਘ ਨੂੰ ਟੈਲੀਫੋਨ ਕੀਤਾ ਅਤੇ ਇਸ ਕੈਲੰਡਰ ਨੂੰ ਰੋਕਣ ਲਈ ਕਿਹਾ। ਗਿਆਨੀ ਜੀ ਘਬਰਾਹਟ ਵਿਚ ਸਨ ਕਿ ਤਰਲੋਚਨ ਸਿੰਘ ਨੇ ਉਹਨਾਂ ਨੂੰ ਇਸ ਕੰਮ ਵਿਚ ਕਿਉਂ ਫਸਾ ਦਿੱਤਾ ਹੈ। ਮੇਰੇ ਵਿਰੁੱਧ ਬੜਾ ਪ੍ਰਚਾਰ ਹੋਇਆ ਕਿ ਮੈਂ ਇਹ ਕੰਮ ਕਿਉਂ ਕੀਤਾ ? ਦੂਜੇ ਦਿਨ ਸਵੇਰੇ ਸ੍ਰੀ ਐਸ.ਪੀ. ਬਾਗਲਾ ਜੋ ਗਿਆਨੀ ਜੀ ਦੇ ਪ੍ਰਮੁੱਖ ਸਕੱਤਰ ਸਨ ਤੇ ਮੈਂ ਦੋਵੇਂ ਦਿੱਲੀ ਗਏ ਅਤੇ ਉਥੇ ਜਾ ਕੇ ਪ੍ਰਧਾਨ ਮੰਤਰੀ ਦੇ ਦਫਤਰ ਵਿਚ ਉਹਨਾਂ ਦੇ ਅਫਸਰਾਂ ਨਾਲ ਮੀਟਿੰਗ ਕੀਤੀ ਜਿਸ ਵਿਚ ਸਾਰਾ ਕੈਲੰਡਰ ਦਾ ਇਤਿਹਾਸ ਉਹਨਾਂ ਨੂੰ ਸਮਝਾਇਆ। ਦੋ ਘੰਟੇ ਦੀ ਮੀਟਿੰਗ ਵਿਚ ਸਾਡਾ ਪੱਖ ਸੁਣਨ ਪਿੱਛੋਂ ਕਮੇਟੀ ਨੇ ਕੈਲੰਡਰ ਨੂੰ ਸਵੀਕਾਰ ਕਰ ਲਿਆ ਅਤੇ

ਆਪਣੀ ਰਿਪੋਰਟ ਪ੍ਰਧਾਨ ਮੰਤਰੀ ਨੂੰ ਭੇਜ ਦਿੱਤੀ। ਕੈਲੰਡਰ ਵਿਚ ਕੋਈ ਝੂਠ ਨਹੀਂ ਹੈ। ਇਹ ਸਚਾਈ ਦੇ ਪੱਖ ਹਨ। ਇਸ ਪਿੱਛੋਂ ਕੈਲੰਡਰ ਦੀ ਮੰਗ ਇਤਨੀ ਵੱਧ ਗਈ ਕਿ ਹਰ ਪਾਸੇ ਲੋਕ ਮੰਗਣ ਲੱਗੇ। ਸ੍ਰ: ਗੁਰਚਰਨ ਸਿੰਘ ਟੌਹੜਾ ਪ੍ਰਧਾਨ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਕੈਲੰਡਰ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਆਪ ਕਮੇਟੀ ਵੱਲੋਂ ਛਪਵਾ ਕੇ ਵੰਡਿਆ।

ਮੈਨੂੰ ਬੜੀ ਖੁਸ਼ੀ ਹੈ ਕਿ ਮਾਰਕਫੈੱਡ ਦੀ ਕੈਲੰਡਰ ਛਾਪਣ ਦੀ ਪ੍ਰੰਪਰਾ ਨੂੰ ਸ੍ਰ: ਇੰਦਰਜੀਤ ਸਿੰਘ ਨੇ ਪੰਜਾਬ ਐਂਡ ਸਿੰਧ ਬੈਂਕ ਵਿਚ ਅਪਣਾ ਲਿਆ ਅਤੇ ਇਹ ਲਗਾਤਾਰ ਹਰ ਸਾਲ ਇਹੋ ਜਿਹਾ ਕੈਲੰਡਰ ਛਾਪਦੇ ਰਹਿੰਦੇ ਹਨ। ਪ੍ਰਿੰ: ਸਤਬੀਰ ਸਿੰਘ ਜੀ ਉਹਨਾਂ ਦੇ ਸਲਾਹਕਾਰ ਇਸ ਕੰਮ ਲਈ ਰਹੇ। ਪੰਜਾਬ ਐਂਡ ਸਿੰਧ ਬੈਂਕ ਨੇ ਹਰ ਸਾਲ ਨਵੇਂ ਵਿਸ਼ਿਆਂ ਤੇ ਪੇਂਟਿੰਗ ਬਣਵਾ ਕੇ ਰੰਗਦਾਰ ਕੈਲੰਡਰ ਛਾਪੇ। ਹੋਰ ਵੀ ਕਈ ਸੰਸਥਾਵਾਂ ਨੇ ਇਸ ਨੂੰ ਅਪਣਾਇਆ ਹੈ।

(12-01-2006)

# ਮਲੇਸ਼ੀਆ: ਸਾਫ ਸੁਥਰਾ ਦੇਸ਼ : ਸਿੱਖਾਂ ਦੀ ਚੜ੍ਹਤ

ਬੜੇ ਸਾਲਾਂ ਦੀ ਗੱਲ ਹੈ ਅਸੀਂ ਭਾਰਤ ਵਾਸੀ ਆਪਣੇ ਆਪ ਨੂੰ ਬਹੁਤ ਵੱਡਾ ਦੇਸ਼ ਤੇ ਬੜੇ ਤਰੱਕੀ ਪਸੰਦ, ਅਮੀਰ ਤੇ ਹਰ ਪੱਖੋਂ ਪੂਰਬ ਦੇਸ਼ਾਂ ਤੋਂ ਅੱਗੇ ਸਮਝਦੇ ਸਾਂ। ਉਦੋਂ ਬਰਮਾ, ਮਲਾਇਆ, ਜਾਵਾ, ਸਮਾਟਰਾ ਆਦਿ ਮੁਲਕਾਂ ਦੇ ਨਾਂ ਸਨ। ਜਦ ਦੂਜੀ ਜੰਗ ਖਤਮ ਹੋਈ ਤੇ ਜਰਮਨੀ ਤੇ ਜਾਪਾਨ ਹਾਰ ਗਏ ਉਦੋਂ ਅਮਰੀਕਾ ਦੇ ਦਬਾਅ ਹੇਠਾਂ ਅੰਗਰੇਜ਼ਾਂ ਨੇ ਸਾਰੇ ਗੁਲਾਮ ਦੇਸ਼ਾਂ ਨੂੰ ਆਜ਼ਾਦ ਕਰਨਾ ਆਰੰਭ ਕਰ ਦਿੱਤਾ। ਸਭ ਤੋਂ ਪਹਿਲਾਂ ਭਾਰਤ-ਪਾਕਿਸਤਾਨ ਆਜ਼ਾਦ ਹੋਏ ਪਰ ਪਾਕਿਸਤਾਨ ਤੇ ਫਿਰ ਬੰਗਲਾ ਦੇਸ਼ ਦੋ ਹੋਰ ਮੁਲਕ ਬਣ ਗਏ। ਬਰਮਾ ਆਜ਼ਾਦ ਹੋਇਆ ਤੇ ਮਗਰੋਂ ਮਲਾਇਆ ਤੇ ਨਾਲ ਲਗਦੇ ਟਾਪੂ ਆਜ਼ਾਦ ਹੋ ਕੇ ਇਕ ਨਵਾਂ ਦੇਸ਼ ਮਲੇਸ਼ੀਆ ਬਣ ਗਏ। ਹੇਠਾਂ ਜੋ ਮੁਲਕ ਸਨ ਉਥੇ ਇੰਡੋਨੇਸ਼ੀਆ ਬਣ ਗਿਆ। ਅਖੀਰ 'ਚ ਸਿੰਘਾਪੁਰ, ਜੋ ਮਲਾਇਆ ਤੋਂ ਵੱਖ ਕਰਕੇ ਅੰਗਰਜ਼ਾਂ ਨੇ ਵੱਖਰਾ ਬਣਾ ਦਿੱਤਾ ਸੀ, ਆਜ਼ਾਦ ਹੋ ਗਿਆ।

ਮਲੇਸ਼ੀਆ ਨੇ ਇਸ ਵਾਰੀ ਕਾਮਨਵੈਲਥ ਖੇਡਾਂ ਸਤੰਬਰ ਦੇ ਮਹੀਨੇ 'ਚ ਆਪਣੀ ਰਾਜਧਾਨੀ ਕੁਆਲਾਲੰਪੁਰ 'ਚ ਕਰਵਾਈਆਂ। ਇਹ ਖੇਡਾਂ ਉਨ੍ਹਾਂ ਮੁਲਕਾਂ 'ਚ ਹੁੰਦੀਆਂ ਹਨ ਜੋ ਅੰਗਰੇਜ਼ਾਂ ਦੇ ਅਧੀਨ ਹੁੰਦੇ ਸਨ। ਤਕਰੀਬਨ 55 ਆਜ਼ਾਦ ਦੇਸ਼ 'ਚ ਸ਼ਾਮਲ ਹੁੰਦੇ ਹਨ। ਇਹ ਪਹਿਲੀ ਵਾਰ ਹੈ ਕਿ ਖੇਡਾਂ ਕਿਸੇ ਏਸ਼ਿਆਈ ਮੁਲਕ 'ਚ ਹੋਈਆਂ ਹਨ। ਭਾਰਤ ਇਸਦਾ ਮੈਂਬਰ ਹੈ ਪਰ ਬਾਵਜੂਦ ਕਈ ਉਪਰਾਲਿਆਂ ਦੇ ਅੱਜ ਤੱਕ ਇਹ ਖੇਡਾਂ ਆਪਣੇ ਦੇਸ਼ 'ਚ ਕਰਵਾਉਣ ਲਈ ਕਾਮਯਾਬ ਨਹੀਂ ਹੋ ਸਕਿਆ।

ਮੈਨੂੰ ਇਹਨਾਂ ਖੇਡਾਂ 'ਚ ਸ਼ਾਮਲ ਹੋਣ ਦਾ ਅਵਸਰ ਮਿਲਿਆ ਹੈ। ਜਦ ਮੈਨੂੰ ਭਾਰਤ ਵੱਲੋਂ 'ਅਬਜ਼ਰਵਰ' ਬਣਾਇਆ ਗਿਆ ਤਾਂ ਮੈਂ ਤਾਂ ਮੇਰੀ ਪਤਨੀ ਉਤਮਜੀਤ ਕੌਰ ਹੋਰ ਭਾਰਤੀ ਅਫਸਰਾਂ ਨਾਲ ਕੁਆਲਾਲੰਪੁਰ ਪੁੱਜ ਗਏ। ਸ੍ਰੀ ਸੁਰੇਸ਼ ਕਲਮਾਡੀ ਪ੍ਰਧਾਨ ਤੇ ਰਾਜਾ ਰਣਧੀਰ ਸਿੰਘ ਜਨਰਲ ਸਕੱਤਰ 'ਭਾਰਤੀ ਓਲੰਪਿਕ ਐਸੋਸੀਏਸ਼ਨ' ਵੀ ਉਥੇ ਗਏ ਹੋਏ ਸਨ। ਮੇਰੇ ਮਨ 'ਚ ਜੋ ਤਸੱਵਰ, ਇਸ ਦੇਸ਼ ਦਾ ਸੀ ਕਿ ਇਹ ਭਾਰਤ ਤੋਂ ਹਰ ਪੱਖੋਂ ਪਿੱਛੇ ਹੋਵੇਗਾ, ਜਾ ਕੇ ਐਸਾ ਟੁੱਟਾ ਕਿ ਹੈਰਾਨਗੀ ਦੀ ਹੱਦ ਹੀ ਨਾ ਰਹੀ। ਜਦ ਸਵੇਰੇ ਹਵਾਈ ਅੱਡੇ ਤੇ ਉਤਰੇ ਤਾਂ ਏਦਾਂ ਲੱਗਾ ਕਿ ਅਮਰੀਕਾ ਜਾਂ ਯੂਰਪ ਦੇ ਕਿਸੇ ਵੱਡੇ ਦੇਸ਼ 'ਚ ਆ ਉਤਰੇ ਹਾਂ। ਐਸਾ ਦਿਲ ਖਿੱਚਵਾਂ ਦ੍ਰਿਸ਼, ਐਸਾ ਸ਼ਾਨਦਾਰ, ਹਰ ਆਧੁਨਿਕ ਸਹੂਲਤ, ਵੱਡਾ ਸ਼ਾਪਿੰਗ ਸੈਂਟਰ, ਇਤਿਆਦ ਪਹਿਲੀ ਨਜ਼ਰ ਨਾਲ ਹੀ ਦੇਸ਼ ਦੀ ਬਦਲਦੀ ਨੁਹਾਰ ਨੂੰ ਪੇਸ਼ ਕਰ ਰਹੇ ਸਨ। ਪਾਸਪੋਰਟ ਚੈਕਿੰਗ ਕਾਊਂਟਰ ਦੇ ਕਸਟਮ ਦਾ ਸਿਸਟਮ ਤਾਂ ਕਮਾਲ ਹੀ ਸੀ। ਮਿੰਟਾਂ 'ਚ ਭੀੜ ਬਾਹਰ। ਬਿਲਡਿੰਗ ਬੜੀ ਹੀ ਵਧੀਆ। ਹਵਾਈ ਅੱਡਾ ਹੁਣੇ ਹੀ ਬਣਿਆ ਹੈ ਤੇ ਸ਼ਹਿਰ ਤੋਂ 50 ਮੀਲ ਦੂਰ ਹੈ। ਸੜਕਾਂ ਦਾ ਜਾਲ ਸਾਰੇ ਦੇਸ਼ 'ਚ ਵਿਛਿਆ ਹੈ। ਸਾਨੂੰ ਹਵਾਈ ਅੱਡੇ ਤੋਂ ਹੋਟਲ ਤਕ ਅਪੜਨ ਨੂੰ ਇਕ ਘੰਟਾ ਲੱਗਾ। ਹਰ ਪਾਸੇ ਹਰਿਆਵਲ, ਵਧੀਆ ਦਰੱਖਤ, ਸੜਕ ਏਦਾਂ ਕਿ ਰਬੜ ਹੀ ਹੋਵੇ। ਕਿਧਰੇ ਤਾਂ ਕੋਈ ਟੋਇਆ ਜਾਂ ਉੱਚੀ ਨੀਵੀਂ ਨਜ਼ਰ ਪਵੇ।

ਕੁਆਲਾਲੰਪੁਰ ਬੜਾ ਪੁਰਾਣਾ ਸ਼ਹਿਰ ਹੈ। ਅੱਜ ਇਹ ਇਕ ਤਰੱਕੀ ਦਾ ਨਮੂਨਾ ਹੈ। ਅਸੀਂ 10 ਦਿਨ ਉਥੇ ਰਹੇ। ਇਕ ਥਾਂ ਵੀ ਮਾੜੀ ਨਜ਼ਰ ਨਹੀਂ ਆਈ। ਕੋਈ ਝੁੱਗੀ-ਝੌਂਪੜੀ ਨਹੀਂ। ਸਾਰੀਆਂ ਕਾਰਾਂ ਤੇ ਟੈਕਸੀਆਂ ਵੀ 'ਏਅਰ ਕੰਡੀਸ਼ਨ' ਹਨ। ਕਮਾਲ ਹੈ ਸਰਕਾਰ ਦੇ ਕੰਮਾਂ ਦਾ ਕਿ ਕਾਨੂੰਨ ਬਣਾਇਆ ਤੇ ਲਾਗੂ ਕੀਤਾ। ਸਾਡੇ ਲਈ ਪਹਿਲਾਂ ਤਾਂ ਏਨਾ ਵੱਡਾ ਫੈਸਲਾ ਲੈਣਾ ਹੀ ਔਖਾ ਹੈ ਜੇ ਕਿਧਰੇ ਦਬਾਅ ਹੇਠਾਂ ਕੋਈ ਲੈ ਗਿਆ ਫਿਰ ਲਾਗੂ ਕੌਣ ਕਰੇ ? ਸ਼ਹਿਰ 'ਚ ਹੀ ਰੇਲ ਗੱਡੀ ਚਲਾ ਦਿੱਤੀ ਗਈ ਹੈ। ਉਹ ਸੜਕਾਂ ਤੋਂ 25 ਫੁੱਟ ਉਪਰ ਬਣੀ ਰੇਲ ਲਾਈਨ 'ਤੇ ਚਲਦੀ ਹੈ। ਇਹ ਨਵੀਂ ਕਾਢ ਹੈ। ਆਮ ਦੇਸ਼ਾਂ 'ਚ ਅੰਡਰ-ਗਰਾਊਂਡ ਰੇਲਾਂ ਹੁੰਦੀਆਂ ਹਨ। ਲੋਕਾਂ ਦਾ ਰਹਿਣ ਸਹਿਣ ਸੁਧਰ ਚੁੱਕਾ ਹੈ। ਹਰ ਇਕ ਨੂੰ ਰੁਜ਼ਗਾਰ ਮਿਲਦਾ ਹੈ। ਆਪਣਾ ਘਰ ਹੈ। ਹਰ ਕੋਈ ਪੜ੍ਹਿਆ ਲਿਖਿਆ ਹੈ। ਅਨਪੜ੍ਹਤਾ ਖਤਮ ਹੈ। ਆਪਣੀ ਜ਼ੁਬਾਨ ਨੂੰ ਅੰਗਰੇਜ਼ੀ ਲਫ਼ਜ਼ਾਂ 'ਚ ਆਸਾਨ ਕਰ ਲਿਆ ਹੈ। ਇਸ ਨਾਲ ਕੰਮ ਆਸਾਨ ਹੋ ਗਿਆ ਹੈ। ਸ਼ਹਿਰ 'ਚ ਕਰੀਬਨ 25 'ਫਾਈਵ ਸਟਾਰ ਪੈਮਾਨੇ ਦੇ ਸਟੇਡੀਅਮ ਬਣਾ ਦਿੱਤੇ ਹਨ, ਬਹੁਤ ਹੋਟਲ' ਹਨ। ਛੋਟੇ ਤਾਂ ਸੈਂਕੜੇ ਹਨ। ਟੂਰਿਜ਼ਮ ਨੂੰ ਬੜਾ ਫਰਗ਼ ਮਿਲਿਆ ਹੈ। ਕਰੀਬ 50 ਲੱਖ ਸੈਲਾਨੀ ਉਥੇ ਆਉਂਦੇ ਹਨ। ਜਦ ਕਿ ਭਾਰਤ 'ਚ 20 ਲੱਖ ਆਉਂਦੇ ਹਨ। ਸਰਕਾਰ ਨੇ ਯਾਤਰੂਆਂ ਲਈ ਵੱਡੇ ਪ੍ਰਾਜੈਕਟ ਬਣਾਏ ਹੋਏ ਹਨ। ਜਾਪਾਨ, ਤਾਈਵਾਨ, ਕੋਰੀਆ ਆਦਿ ਤੋਂ ਬਹੁਤ ਲੋਕ ਆਉਂਦੇ ਹਨ।

ਇਸ ਦੇਸ਼ 'ਚ ਖਜੂਰ ਦਾ ਤੇਲ, ਰਬੜ ਬਹੁਤ ਪੈਦਾ ਹੁੰਦੀ ਹੈ। ਕੱਪੜਾ ਹਰ ਕਿਸਮ ਦਾ ਬਣਦਾ ਹੈ। ਚੀਜ਼ਾਂ ਦੇ ਭਾਅ ਸਸਤੇ ਹਨ। 'ਚਾਈਨਾ ਟਾਊਨ' ਇਕ ਵੱਡੀ ਮਾਰਕੀਟ ਹੈ। ਵਿਦੇਸ਼ਾਂ ਦੀਆਂ ਕੰਪਨੀਆਂ ਦੇ ਸਟੋਰ ਹਨ। ਜੋ ਅਮਰੀਕਾ 'ਚ 'ਡੀਪਾਰਟਮੈਂਟਲ ਸਟੋਰਸ' ਦੀ ਪ੍ਰਥਾ ਹੈ ਉਹ ਇਥੇ ਵੀ ਲਾਗੂ ਹੈ। ਵੱਡੇ ਵੱਡੇ ਕਈ ਮੰਜ਼ਲੇ ਸਟੋਰ ਚੱਲ ਰਹੇ ਹਨ। ਖਾਣ ਪੀਣ ਦਾ ਤਾਂ ਬੜਾ ਹੀ ਪਸਾਰਾ ਹੈ। ਹਰ ਕਿਸਮ ਦਾ ਰੈਸਟੋਰੈਂਟ ਹੈ। ਮੁਸਲਮਾਨ ਬਹੁ-ਗਿਣਤੀ ਦੇਸ਼ ਹੈ ਪਰ ਬਾਕੀ ਧਰਮਾਂ 'ਤੇ ਕੋਈ ਪਾਬੰਦੀ ਨਹੀਂ ਹੈ। ਸਭ ਧਰਮਾਂ ਵਾਲੇ ਸੁਖੀ ਵਸਦੇ ਹਨ। ਸਰਕਾਰ ਵੱਲੋਂ ਕੋਈ ਸਖਤੀ ਨਹੀਂ ਹੈ। ਸ਼ਹਿਰ 'ਚ ਵੱਡੀ ਮਸੀਤ ਹੈ, ਜੋ ਬਹੁਤ ਸ਼ਾਨਦਾਰ ਹੈ ਤੇ ਲੋਕ ਵੀ ਬਹੁਤ ਜਾਂਦੇ ਹਨ। ਇਸਲਾਮੀਆ ਯੂਨੀਵਰਸਿਟੀ ਵੀ ਉਥੇ ਹੈ। ਲੋਕਾਂ ਦਾ ਪਹਿਰਾਵਾ ਪੱਛਮੀ ਹੋ ਗਿਆ ਹੈ। ਖੇਡਾਂ ਆਯੋਜਿਤ ਕਰਨ ਲਈ ਬਣਾਏ ਸਟੇਡੀਅਮ ਹਰ ਪ੍ਰਕਾਰ ਤੋਂ ਪਹਿਲੇ ਨੰਬਰ 'ਤੇ ਆਉਂਦੇ ਹਨ। ਮੇਰੀ ਰਾਇ 'ਚ ਇਸ ਦੇਸ਼ ਨੇ ਓਲੰਪਿਕ ਖੇਡਾਂ ਕਰਵਾਉਣ ਦਾ ਪਲਾਨ ਬਣਾਕੇ ਇਹੋ ਜਿਹੇ ਵੱਡੇ ਖਰਚ ਕਰਕੇ ਸਭ ਉੱਨਤੀ ਕੀਤੀ ਹੈ। ਮਲਕਾ ਐਲਿਜ਼ਬੈਥ ਤੇ ਸ੍ਰੀ. ਸਮਾਰਾਂਚ, ਪ੍ਰਧਾਨ ਇੰਟਰਨੈਸ਼ਨਲ ਓਲੰਪਿਕ ਐਸੋਸੀਏਸ਼ਨ ਖਾਸ ਮਹਿਮਾਨ ਵਜੋਂ ਖੇਡਾਂ 'ਚ ਸ਼ਾਮਲ ਹੋਏ। ਭਾਰਤ ਨੇ ਅੱਛਾ ਪ੍ਰਦਰਸ਼ਨ ਕੀਤਾ। ਆਸਟ੍ਰੇਲੀਆ ਪਹਿਲੇ ਨੰਬਰ 'ਤੇ ਰਿਹਾ। ਮਲੇਸ਼ੀਆ ਦੇ ਖਿਡਾਰੀਆਂ ਨੇ ਕਮਾਲ ਕੀਤਾ। ਹਰ ਖੇਡ 'ਚ ਅੱਛੀ ਪੋਜੀਸ਼ਨ ਲਈ 10 ਗੋਲਡ ਮੈਡਲ ਵੀ ਜਿੱਤੇ। ਸਾਰਾ ਦੇਸ਼ ਇਕ ਜ਼ੁਬਾਨ ਹੋ ਕੇ ਖੇਡਾਂ ਲਈ ਉਤਸ਼ਾਹਿਤ ਸੀ। ਸਾਰਾ ਵਾਤਾਵਰਨ ਦੋਸਤਾਨਾ ਰਿਹਾ। ਆਮ ਲੋਕ ਪਿਆਰ ਵਾਲੇ ਹਨ।

ਉਥੇ ਜਾਕੇ ਪਹਿਲੀ ਵਾਰ ਵੇਖਿਆ ਕਿ ਸਿੱਖਾਂ ਦੀ ਵਸੋਂ 150 ਸਾਲ ਤੋਂ ਹੈ। ਉਥੇ ਕਈ ਪੁਸ਼ਤਾਂ ਤੋਂ ਲੋਕ ਰਹਿ ਰਹੇ ਹਨ। ਕੇਵਲ ਰਾਜਧਾਨੀ ਹੀ ਨਹੀਂ ਦੂਜੇ ਸ਼ਹਿਰਾਂ 'ਚ ਵੀ ਵਸਦੇ ਹਨ। 35000 ਸਿੱਖਾਂ ਦੀ ਆਬਾਦੀ ਹੈ। ਕਮਾਲ ਹੈ ਕਿ ਇਕ ਸਿੱਖ ਦਾਤੂ ਸਰਦਾਰ ਕ੍ਰਿਪਾਲ ਸਿੰਘ ਮੈਂਬਰ ਪਾਰਲੀਮੈਂਟ ਹੈ। ਇਹ ਵਿਰੋਧੀ ਧਿਰ ਦੇ ਨੇਤਾ ਵੀ ਹਨ। ਸ. ਕ੍ਰਿਪਾਲ

ਸਿੰਘ ਦੇਸ਼ ਦੇ ਉੱਚ ਕੋਟੀ ਦੇ ਵਕੀਲ ਹਨ ਤੇ ਸਾਰੇ ਪਾਸੇ ਇਹਨਾਂ ਦੀ ਲਿਆਕਤ ਦੀ ਧਾਂਕ ਹੈ। ਇਹਨਾਂ ਤੋਂ ਪਹਿਲਾਂ ਸ. ਮਹਿਮਾ ਸਿੰਘ ਮੈਂਬਰ ਪਾਰਲੀਮੈਂਟ ਰਹੇ ਹਨ। ਕਈ ਸਿੱਖ ਸਰਕਾਰ ਦੀ ਉੱਚ ਪਦਵੀ 'ਤੇ ਹਨ। ਪੁਲਿਸ ਤੇ ਫੌਜ ਦੇ ਅਫਸਰ ਹਨ। ਕਿਧਰੇ ਵੀ ਜਾਓ ਪਗੜੀ ਵਾਲੇ ਸਰਦਾਰ ਨਜ਼ਰ ਆਉਂਦੇ ਹਨ। ਸਮਾਜ 'ਚ ਇਹਨਾਂ ਦੀ ਬੜੀ ਕਦਰ ਹੈ। ਸ਼ਹਿਰ 'ਚ 8 ਗੁਰਦੁਆਰੇ ਹਨ। ਸਾਰੇ ਹੀ ਆਲੀਸ਼ਾਨ। ਸੰਗਰਾਂਦ ਵਾਲੇ ਦਿਨ ਸ. ਹਰਬਿੰਦਰ ਸਿੰਘ ਜੀ ਸਾਨੂੰ ਗੁਰਦੁਆਰੇ ਸ਼ਾਮ ਦੇ ਦੀਵਾਨ 'ਚ ਲੈ ਗਏ। ਬੜਾ ਇਕੱਠ ਸੀ। ਲੰਗਰ ਵੀ ਛਕਿਆ। ਉੱਥੇ ਬੈਂਚਾਂ 'ਤੇ ਬਹਿਕੇ ਲੰਗਰ ਛਕਣ ਦਾ ਰਿਵਾਜ ਪੁਰਾਣਾ ਚੱਲਿਆ ਆ ਰਿਹਾ ਹੈ। ਨਵੇਂ ਵਿਵਾਦ 'ਚ ਉਹ ਨਹੀਂ ਪਏ ਤੇ ਸਫਾਈ ਨਾਲ ਲੰਗਰ ਚਲਦਾ ਹੈ ਤੇ ਥੋੜ੍ਹੇ ਸਮੇਂ 'ਚ ਹਜ਼ਾਰਾਂ ਲੋਕ ਛਕ ਲੈਂਦੇ ਹਨ। ਬੈਂਕਾਕ ਵਾਂਗੂ ਇਥੇ ਵੀ ਗੁਰਦੁਆਰਾ ਚੋਣ ਅਖਾੜਾ ਨਹੀਂ ਹਨ। ਹਰ ਥਾਂ ਸੰਗਤ ਆਪ ਈਮਾਨਦਾਰੀ ਨਾਲ ਸੇਵਾ ਕਰਨ ਵਾਲਿਆਂ ਨੂੰ ਚੁਣ ਲੈਂਦੀ ਹੈ। ਪਰਚੀ ਪਾਉਣ ਦਾ ਰਿਵਾਜ ਵੀ ਹੈ। ਸਿੱਖਾਂ 'ਚ ਏਕਤਾ ਹੈ। ਪੰਜਾਬ ਚੋਂ ਜੋ ਹੁਣ ਸਿੱਖ ਜਾ ਰਹੇ ਹਨ। ਉਹਨਾਂ ਨੇ ਪਤਿਤਪੁਣੇ ਦੀ ਲਹਿਰ ਨੂੰ ਜਨਮ ਦਿੱਤਾ ਹੈ। ਲੋਕ ਪੰਜਾਬ ਨੂੰ ਸਿੱਖੀ ਦਾ ਘਰ ਸਮਝਦੇ ਹਨ। ਯਾਤਰਾ ਕਰਨ ਦੀ ਭਾਵਨਾ ਰੱਖਦੇ ਹਨ। ਪਰ ਜਦ ਪੰਜਾਬ ਤੋਂ ਆ ਰਹੇ ਨੌਜਵਾਨਾਂ ਨੂੰ ਵੇਖਦੇ ਹਨ ਤਾਂ ਕੀ ਸੋਚਦੇ ਹਨ। ਹੁਣ ਕਈ ਮਲੇਸ਼ੀਆ ਦੇ ਸਿੱਖ ਵੀ ਪਤਿੱਤ ਹੋਏ ਹਨ।

ਸਭ ਤੋਂ ਪ੍ਰਭਾਵਿਤ ਮੈਨੂੰ ਕੀਤਾ ਉਥੇ ਬਣੀ ਸਿੱਖ ਨੌਜਵਾਨ ਸਭਾ ਨੇ ਜੋ ਕਈ ਸਾਲਾਂ ਤੋਂ ਬੜਾ ਵੱਡਾ ਯੋਗਦਾਨ ਪਾ ਰਹੀ ਹੈ। ਇਸਦੀ ਆਪਣੀ ਖਰੀਦੀ ਥਾਂ 'ਤੇ ਵੱਡਾ ਦਫਤਰ ਹੈ। (71, Valan Masrog, Banggar, 59000 Kaula Lumpur) ਉਥੇ ਮੁਕੰਮਲ ਲਾਇਬ੍ਰੇਰੀ ਸਥਾਪਤ ਹੈ। ਅਸੀਂ ਦਫਤਰ ਪੁੱਜੇ ਤਾਂ ਸਾਰਾ ਸਿਸਟਮ ਵੇਖ ਕੇ ਬਹੁਤ ਖੁਸ਼ ਹੋਏ ਕਿ ਕਿਵੇਂ ਸ਼ਰਧਾਵਾਨ ਨੌਜਵਾਨ ਇਕੱਠੇ ਹੋ ਕੇ ਕੌਮ ਦੀ ਸੇਵਾ 'ਚ ਲੱਗੇ ਹਨ। ਕੰਪਿਊਟਰ ਲੱਗਾ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਨੂੰ ਪ੍ਰਚਾਰਨ ਦਾ ਸਾਧਨ ਵੀ ਕੀਤਾ ਗਿਆ ਹੈ। ਹਰ ਮਹੀਨੇ ਕੁਝ ਹਿੱਸੇ ਇਕ ਕਿਤਾਬ ਦੀ ਸ਼ਕਲ 'ਚ ਛਾਪਕੇ ਤੇ ਨਾਲ ਉਸਦਾ ਅੰਗ੍ਰੇਜ਼ੀ ਤੇ ਮਲਾਇਆਲਮ ਜ਼ਬਾਨ 'ਚ ਉਲਥਾ ਕਰਕੇ ਵੰਡਦੇ ਹਨ। ਸੈਮੀਨਾਰ ਕਰਦੇ ਹਨ। ਪੰਜਾਬੀ ਬੋਲੀ ਪੜ੍ਹਾਉਣ ਦਾ ਮਾਡਰਨ ਪ੍ਰਬੰਧ ਹੈ। ਜਮਾਤਾਂ ਲਗਦੀਆਂ ਹਨ। ਗੁਰਪੁਰਬ ਮਨਾਉਣ ਲਈ ਉਤਸ਼ਾਹ ਹੁੰਦਾ ਹੈ। ਹਰ ਸਾਲ ਆਪਣਾ ਪ੍ਰਮੁੱਖ ਜਿਸਨੂੰ ਜਥੇਦਾਰ ਆਖਦੇ ਹਨ, ਚੁਣ ਲੈਂਦੇ ਹਨ। ਇਸ ਵਕਤ ਉੱਚ ਕੋਟੀ ਦੇ ਵਿਦਵਾਨ ਤੇ ਮੈਨੇਜਮੈਂਟ ਦੇ ਟ੍ਰੇਨਿੰਗ ਦੇਣ ਵਾਲੇ ਸ. ਹਰਬਿੰਦਰ ਸਿੰਘ ਹੈੱਡ ਹਨ। ਉਹ ਮੈਨੂੰ ਯੋਗੀ ਹਰਭਜਨ ਸਿੰਘ, ਜਿਹਨਾਂ ਸਾਰੇ ਵਿਸ਼ਵ 'ਚ ਸਿੱਖ ਧਰਮ ਨੂੰ ਵਧਾਉਣ ਦਾ ਚਮਤਕਾਰ ਕੀਤਾ ਹੈ, ਰਾਹੀਂ ਵਾਕਫ ਹੋਏ। ਯੋਗੀ ਜੀ ਦਾ ਸਾਰੇ ਸਿੱਖ ਸਤਿਕਾਰ ਕਰਦੇ ਹਨ ਤੇ ਉਹਨਾਂ ਨੂੰ ਉਡੀਕਦੇ ਰਹਿੰਦੇ ਹਨ। ਸ. ਹਰਬਿੰਦਰ ਸਿੰਘ ਦੇ ਨਾਲ ਸ. ਅਮਰਜੀਤ ਸਿੰਘ, ਸ. ਜਸਬੀਰ ਸਿੰਘ, ਸ. ਸੁਖਦੇਵ ਸਿੰਘ ਵੱਡੇ ਸਹਿਯੋਗੀ ਹਨ। ਇਕ ਰਿਟਾਇਰਡ ਹੈੱਡਮਾਸਟਰ ਪੂਰੀ ਸੇਵਾ ਕਰ ਰਹੇ ਹਨ। ਇਸ ਸੰਸਥਾ ਦੇ ਸਾਰੇ ਦੇਸ਼ਾਂ 'ਚ ਮੈਂਬਰ ਹਨ। ਕੋਈ ਰਾਜਸੀ ਵਿਚਾਰ ਨਹੀਂ ਕਰਦੇ। ਬਾਹਰਲੇ ਦੇਸ਼ਾਂ 'ਚ ਪੰਜਾਬ ਵਾਂਗ ਰਾਜਸੀ ਪ੍ਰਚਾਰ ਘੱਟ ਹੈ ਅਤੇ ਇਸੇ ਲਈ ਉਥੇ ਏਕਤਾ ਹੈ। ਗੁਰੂ ਘਰ ਨਾਲ ਸੱਚਾ ਪਿਆਰ ਹੈ। ਅਸੀਂ ਤਾਂ ਸਿਆਸਤ ਨੂੰ ਧਰਮ ਉੱਪਰ ਲੱਦ ਦੇ ਸਾਰੀ ਪਨੀਰੀ ਨੂੰ ਦੂਰ ਕਰ ਰਹੇ ਹਾਂ।

ਖੇਡਾਂ ਦਾ ਅੰਤਲੇ ਦਿਨ ਇਕ ਸ਼ਾਨਦਾਰ ਪ੍ਰੋਗਰਾਮ ਸਟੇਡੀਅਮ 'ਚ ਹੋਇਆ। ਮਲਿਕਾ ਐਲਿਜ਼ਬੈਥ ਇੰਗਲੈਂਡ ਤੋਂ ਆਪ ਆ ਕੇ ਸ਼ਾਮਲ ਹੋਈ। ਉਸ ਵਕਤ ਤਿੰਨ ਘੰਟੇ ਦੇ ਪ੍ਰੋਗਰਾਮ

'ਚ ਜਦ ਵਾਲੰਟੀਅਰਾਂ ਦਾ ਮਾਰਚ ਹੋਇਆ ਤਾਂ ਤਾੜੀਆਂ ਦੀ ਗੂੰਜ ਨਾਲ ਲੱਖਾਂ ਲੋਕ ਖੜੇ ਹੋ ਗਏ। ਸਾਡੇ ਲਈ ਖੁਸ਼ੀ ਦਾ ਵੱਡਾ ਮੌਕਾ ਸੀ ਜਦ ਇਸ ਟੀਮ ਦੇ ਅੱਗੇ ਸਭ ਤੋਂ ਸੀਨੀਅਰ ਪੰਜ ਬੰਦੇ ਮਾਰਚ ਕਰ ਰਹੇ ਸਨ। ਉਹਨਾਂ 'ਚ ਇਕ ਪਗੜੀ ਵਾਲਾ ਸਰਦਾਰ ਸੁਰਜਨ ਸਿੰਘ ਸੀ। ਸਫੇਦ ਦਾੜ੍ਹੀ ਉੱਤੇ ਸਫੇਦ ਪਗੜੀ। ਸਿੱਖਾਂ ਦੀ ਉਸ ਦੇਸ਼ 'ਚ ਕੀ ਕਦਰ ਹੈ ਉਸ ਦਾ ਅੰਦਾਜ਼ਾ ਇਥੋਂ ਹੀ ਹੋ ਰਿਹਾ ਸੀ। ਇਕ ਹੋਰ ਸਰਦਾਰ ਦਾਤੂ ਮੋਹਨ ਸਿੰਘ ਸਾਰੇ ਮਲੇਸ਼ੀਆ ਦੀ ਸਾਈਕਲ ਫੈਡਰੇਸ਼ਨ ਦੇ ਪ੍ਰਧਾਨ ਹਨ ਤੇ ਇਸ ਵਕਤ ਸਾਰੇ ਏਸ਼ੀਆਈ ਫੈਡਰੇਸ਼ਨ ਦੇ ਪ੍ਰਧਾਨ ਵੀ ਹਨ। ਉਹਨਾਂ ਦੇ ਪਰਿਵਾਰ ਨੂੰ ਮਿਲਕੇ ਬੜੀ ਖੁਸ਼ੀ ਹੋਈ। ਸ. ਸੁਖਦੇਵ ਸਿੰਘ ਢੀਂਡਸਾ ਭਾਰਤ ਦੇ ਪ੍ਰਧਾਨ ਹਨ ਤੇ ਉਹਨਾਂ ਨਾਲ ਏਸ਼ੀਆਈ ਕਮੇਟੀ ਦੇ ਮੈਂਬਰ ਹਨ।

ਕੁਆਲਾਲੰਪੁਰ 'ਚ ਭਾਰਤ ਵੱਲੋਂ ਰਾਜਾ ਰਣਧੀਰ ਸਿੰਘ ਦਾ ਵੱਡਾ ਸਨਮਾਨ ਹੋਇਆ। ਉਹਨਾਂ ਨੂੰ ਕਾਮਨਵੈਲਥ ਫੈਡਰੇਸ਼ਨ ਦਾ ਮੀਤ ਪ੍ਰਧਾਨ ਚੁਣ ਲਿਆ ਗਿਆ। ਇਹ ਇਕ ਬੜੀ ਵੱਡੀ ਪ੍ਰਾਪਤੀ ਹੈ। ਹਰ ਥਾਂ ਰਾਜਾ ਸਾਹਿਬ ਦਾ ਅੱਗੇ ਬੈਠਣਾ ਸਾਡੇ ਲਈ ਤੇ ਉਥੋਂ ਦੇ ਸਿੱਖਾਂ ਲਈ ਮਾਣ ਵਾਲੀ ਗੱਲ ਸੀ। ਭਾਰਤ ਦੇ ਹਾਈ ਕਮਿਸ਼ਨਰ ਸਰਦਾਰ ਪਰਮਜੀਤ ਸਿੰਘ ਸਹਾਏ ਲੱਗੇ ਹੋਏ ਹਨ। ਉਹਨਾਂ ਨੇ ਆਪਣੀ ਪੁਜੀਸ਼ਨ ਬਹੁਤ ਵੱਡੀ ਬਣਾ ਰੱਖੀ ਹੈ। ਸਾਰੇ ਪਾਸੇ ਉਹਨਾਂ ਦੀ ਕਦਰ ਹੈ। ਉਹਨਾਂ ਦੀ ਧਰਮ ਪਤਨੀ ਚੰਡੀਗੜ੍ਹ ਤੋਂ ਹੈ। ਉਹਨਾਂ ਭਾਰਤ ਵੱਲੋਂ ਆਏ ਸਾਰਿਆਂ ਦੀ ਬੜੀ ਸੇਵਾ ਕੀਤੀ। ਉਥੇ ਇਕ ਹੋਰ ਸਿੱਖ ਪਰਿਵਾਰ ਸ. ਸਤਪਾਲ ਸਿੰਘ ਜੀ ਦੇ ਘਰ ਜਾ ਕੇ ਖੁਸ਼ੀ ਪ੍ਰਾਪਤ ਕੀਤੀ। ਇਹਨਾਂ ਦੇ ਪਿਤਾ ਸ. ਸੰਗਤ ਸਿੰਘ ਦਾ ਬੜਾ ਸਤਿਕਾਰ ਹੈ। ਬੜਾ ਹੀ ਵੱਡਾ ਘਰ ਤੇ ਵਧੀਆ ਪ੍ਰਾਹੁਣਾਚਾਰੀ ਇਹਨਾਂ ਦੀ ਵਡਿਆਈ ਹੈ।

ਵਾਹਿਗੁਰੂ ਦੀ ਬਖਸ਼ਿਸ਼ ਹੈ ਕਿ ਭਾਵੇਂ ਕੇਵਲ ਕੁਝ ਹਜ਼ਾਰ ਸਿੱਖਾਂ ਦੀ ਆਬਾਦੀ ਹੈ ਪਰ ਸਾਰਿਆਂ ਦਾ ਪੂਰਾ ਸਤਿਕਾਰ ਤੇ ਸਨਮਾਨ ਹੈ। ਇਹ ਚੜ੍ਹਤ ਏਦਾਂ ਹੀ ਕਾਇਮ ਰਹੇ ਇਹੋ ਭਾਵਨਾ ਲੈ ਕੇ ਅਸੀਂ ਸਿੰਘਾਪੁਰ ਲਈ ਰਵਾਨਾ ਹੋਏ।

(ਨਵੰਬਰ, 1998)

# ਰੌਂਗਟੇ ਖੜੇ ਕਰਨ ਵਾਲੀ ਘਟਨਾ

ਮੈਂ 30 ਜੂਨ ਨੂੰ ਅਮਰੀਕਾ ਦੀ ਇਕ ਸਟੇਟ ਨਿਊ ਮੈਕਸੀਕੋ ਦੇ ਸ਼ਹਿਰ ਐਸਪਨੋਲਾ ਦੇ ਗੁਰਦੁਆਰੇ ਗਿਆ, ਐਤਵਾਰ ਨੂੰ। ਉੱਥੇ ਇਕ ਹੋਈ ਘਟਨਾਂ ਦਾ ਵਰਨਣ ਸੁਣ ਕੇ ਗੁਰੂ ਪ੍ਰਤੀ ਸ਼ਰਧਾ ਵਿਚ ਵਾਧਾ ਹੋਇਆ। ਗੁਰੂ ਅੱਗੇ ਹਰ ਸਿੱਖ ਰੋਜ਼ ਅਰਦਾਸ ਕਰਦਾ ਹੈ: "ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆ ਰਿਆਇਤ।" ਜਦੋਂ ਗੁਰੂ ਉਸੇ ਵੇਲੇ ਬਹੁੜਦਾ ਹੈ, ਅਸੀਂ ਉਸ ਨੂੰ ਕਰਾਮਾਤ ਕਹਿੰਦੇ ਹਾਂ। ਪਰ ਇਤਿਹਾਸ ਗਵਾਹ ਹੈ ਕਿ ਜਦ ਮੁਸੀਬਤ ਪੈਂਦੀ ਹੈ ਅਸੀਂ ਗੁਰੂ ਜੀ ਤੋਂ ਰਹਿਮ ਦੀ ਅਰਜੋਈ ਕਰਦੇ ਹਾਂ।

ਸੱਚੀ ਘਟਨਾ ਅਤੇ ਗੁਰੂ ਦੀ ਰਹਿਮਤ ਵਾਪਰੀ 25 ਦਸੰਬਰ 1995 ਨੂੰ ਇਸੇ ਸ਼ਹਿਰ ਵਿਚ। ਯੋਗੀ ਹਰਭਜਨ ਸਿੰਘ ਵੱਲੋਂ ਜੋ 25 ਸਾਲ ਤੋਂ ਇੱਥੇ ਸਿੰਘ ਸੱਜ ਰਹੇ ਹਨ ਉਨ੍ਹਾਂ ਵਿਚੋਂ ਇਕ ਸਿੰਘਣੀ ਡਾਕਟਰ ਸੇਵਾ ਕੌਰ ਨਾਲ ਵਾਪਰੀ ਇਹ ਘਟਨਾ ਹੈ। ਰੌਂਗਟੇ ਖੜੇ ਕਰਨ ਵਾਲੀ ਘਟਨਾ ਦੀ ਵਾਰਤਾ ਮੈਂ ਆਪ ਡਾਕਟਰ ਤੋਂ ਸੁਣੀ। ਉਹ 18 ਘੰਟੇ ਮੌਤ ਨਾਲ ਜੂਝ ਦੀ ਰਹੀ ਪਰ ਮਰੀ ਨਹੀਂ। ਇੱਥੇ ਰਿਵਾਜ ਹੈ ਲੋਕ ਸਿਹਤ ਵਾਸਤੇ ਪਹਾੜਾਂ ਵਿਚ ਲੰਬੀ ਸੈਰ ਕਰਦੇ ਹਨ। ਡਾਕਟਰ ਸੇਵਾ ਕੌਰ 25 ਦਸੰਬਰ ਦੁਪਹਿਰ ਨੂੰ ਘਰ ਤੋਂ ਨੇੜੇ 'ਜੋ ਲਾ ਪਿਉਪਲਾ' ਦੇ 'ਬੈਡ ਲੈਂਡਜ਼' ਨਾਮੀ ਪਹਾੜ ਵਿਚ ਸੈਰ ਕਰਨ ਲਈ ਆਪਣੇ ਕੁੱਤੇ ਨੂੰ ਲੈ ਕੇ ਗਈ। ਸੈਰ ਕਰਦੇ ਕਰਦੇ ਕੁੱਤਾ ਦੌੜ ਪਿਆ। ਉਸ ਦਾ ਪਿੱਛਾ ਕਰਦੀ ਉਹ ਰਸਤਾ ਭੁੱਲ ਗਈ। ਜਦ ਕੁੱਤਾ ਮਿਲਿਆ ਸ਼ਾਮ ਹੋ ਗਈ ਤੇ ਰਸਤਾ ਲਭੇ ਨਾ। ਉਹ ਚਲਦੀ ਰਹੀ ਚਲਦੀ ਰਹੀ, ਜਦ ਹਨੇਰਾ ਹੋ ਗਿਆ, ਅਵਾਜ਼ਾਂ ਦੇਣ ਲੱਗੀ। ਪਰ ਸਾਰੇ ਹੋਰ ਸੈਲਾਨੀ ਜਾ ਚੁੱਕੇ ਸਨ। ਉਸ ਨੂੰ ਬੜੀ ਦੂਰ ਇਕ ਘਰ ਦੀ ਰੌਸ਼ਨੀ ਨਜ਼ਰ ਆਈ। ਉਹ ਉਧਰ ਚੱਲ ਪਈ। ਭਾਣਾ ਰੱਬ ਦਾ ਉਹ ਇਕ ਪਹਾੜ ਦੀ ਚੋਟੀ ਤੋਂ ਜੋ 25 ਫੁੱਟ ਉਚੀ ਸੀ, ਡਿੱਗ ਪਈ ਅਤੇ ਪੱਥਰ 'ਤੇ ਜਾ ਡਿੱਗੀ। ਸਰਦੀ ਦਾ ਮੌਸਮ ਸੀ ਅਤੇ ਹੇਠਾਂ ਬਰਫ ਪਈ ਸੀ। ਉਸ ਦੀ ਸੱਜੀ ਲੱਤ ਦਾ ਹਿੱਸਾ ਟੁੱਟ ਗਿਆ। ਸਾਰਾ ਜਿਸਮ ਚੋਟਾਂ ਨਾਲ ਭਰ ਗਿਆ। ਉਹ ਚੱਲਣ ਤੋਂ ਅਸਮਰਥ ਹੋ ਗਈ। ਉਸ ਦਾ ਕੁੱਤਾ ਵੀ ਉਪਰ ਰਹਿ ਗਿਆ। ਰਾਤ ਦਾ ਸਮਾਂ। ਬਰਫ ਤੇ ਨਿਢਾਲ ਉਹ ਆਸਮਾਨ ਵੱਲ ਵੇਖਣ ਲੱਗੀ। ਹੱਥਾਂ ਭਾਰ ਰਿੜਨ ਲੱਗੀ ਅਤੇ ਹਿੰਮਤ ਕਰਕੇ ਨਾਲ ਹੀ ਇਕ ਛੋਟੀ ਜਿਹੀ ਗੁਫ਼ਾ ਤੱਕ ਪੁੱਜਣ ਵਿਚ ਸਫਲ ਹੋਈ। ਉੱਥੇ ਪੁੱਜ ਕੇ ਉਸ ਨੇ ਗੁਰੂ ਰਾਮ ਦਾਸ ਨੂੰ ਧਿਆਇਆ। ਅਰਦਾਸ ਕੀਤੀ ਰਹਿਮ ਦੀ। ਸਹਾਇਤਾ ਮੰਗੀ। ਰੋਣ ਲੱਗੀ ਕਿ ਕੀ ਕਰਾਂ। ਫਿਰ ਉਸ ਨੂੰ ਸ਼ਬਦ ਯਾਦ ਆਇਆ। "ਧਨ ਧਨ ਗੁਰੂ ਰਾਮ ਦਾਸ ਗੁਰੂ ਜਿਨ ਸਿਰਿਆ ਤਿਨੈ ਸਵਾਰਿਆ।" ਏਨੀ ਦੇਰ ਵਿਚ ਇਕ ਕੁੱਤਾ ਉੱਥੇ ਆ ਗਿਆ। ਉਸ ਕੁੱਤੇ ਨੇ ਉਸ ਨੂੰ ਨਿੱਘ ਦਿੱਤੀ। ਉਸ ਠੰਢ ਵਿਚ ਕੁੱਤੇ ਦੀ ਨਿੱਘ ਨੇ ਉਸ ਦੀ ਰਾਤ ਭਰ ਰੱਖਿਆ ਕੀਤੀ। ਜੰਗਲੀ ਜਾਨਵਰਾਂ ਤੋਂ ਉਸ ਨੂੰ ਬਚਾਇਆ। ਜਾਨਵਰਾਂ ਦੇ ਮਗਰ ਦੌੜ ਕੇ ਉਨਾਂ ਨੂੰ ਭਜਾਇਆ।

ਰਾਤ ਭਰ ਘਰ ਵਾਲੇ ਲੱਭਦੇ ਰਹੇ ਬੈਟਰੀਆਂ ਲੈ ਕੇ। ਪੁਲੀਸ, ਫਾਇਰ ਬ੍ਰਿਗੇਡ ਅਤੇ ਅਮਰੀਕਨ ਪਰਿਵਾਰ ਘੁੰਮਦੇ ਰਹੇ ਪਰ ਲੱਭ ਨਾ ਸਕੇ। ਸਵੇਰੇ ਉਸ ਹਿੰਮਤ ਕੀਤੀ। ਗੁਰੂ ਦਾ ਨਾਂ ਜਪਿਆ। ਆਪਣੇ ਬੂਟ ਉਤਾਰ ਕੇ ਹੱਥਾਂ ਵਿਚ ਪਾ ਲਏ ਅਤੇ ਜ਼ਮੀਨ 'ਤੇ ਹੱਥਾਂ ਭਾਰ ਚੱਲ

ਕੇ ਉਸੇ ਘਰ ਵੱਲ ਮੂੰਹ ਕੀਤਾ। ਜਦ ਹੱਥ ਥੱਕ ਗਏ ਤਾਂ ਲੇਟ ਕੇ ਜਿਸਮ ਧਰੀਕਿਆ। ਮੂੰਹ ਵਿਚ ਗੁਰੂ ਰਾਮ ਦਾਸ ਦਾ ਜਾਪ ਕੀਤਾ। ਜਦ ਪੰਜ ਘੰਟੇ ਉਹ ਇਸੇ ਤਰ੍ਹਾਂ ਰਿੜਦੀ ਇਕ ਘਰ ਤੱਕ ਪੁੱਜ ਗਈ। ਕੁੱਤੇ ਦੀ ਮਦਦ ਨਾਲ ਦਰਵਾਜ਼ੇ ਨੂੰ ਜਾ ਖੜਕਾਇਆ। ਘਰ ਵਾਲੇ ਨਿਕਲੇ ਤੇ ਅੱਧੀ ਬੇਹੋਸ਼ ਨੂੰ ਅੰਦਰ ਲੈ ਗਏ। ਫਿਰ ਕੀ ਸੀ ਉਨ੍ਹਾਂ ਐਂਬੂਲੈਂਸ ਮੰਗਵਾਈ। ਉਸ ਦੇ ਘਰ ਵਾਲੇ ਬੁਲਾਏ। ਹਸਪਤਾਲ ਲੈ ਗਏ। ਇਲਾਜ ਹੋਇਆ। ਦੋਵੇਂ ਪੈਰਾਂ ਦੇ ਪੰਜੇ ਬਰਫ ਵਿਚ ਗਲ ਜਾਣ ਕਰਕੇ ਕੱਟਣੇ ਪਏ। ਕੇਵਲ ਖੁਰੀਆਂ ਬਾਕੀ ਹਨ। ਜਦ ਮੈਂ ਮਿਲਿਆ ਉਹ ਵੀਲ ਚੇਅਰ 'ਤੇ ਸੀ। ਪੈਰ ਪਲੱਸਤਰ ਵਿਚ ਸਨ। ਸਾਰੇ ਅਖਬਾਰਾਂ ਨੇ ਇੱਥੇ ਇਹ ਵਾਰਤਾ ਛਾਪੀ ਹੈ ਅਤੇ ਉਹ ਇਸ ਨੂੰ ਕਰਾਮਾਤ ਮੰਨਦੇ ਹਨ। ਕੋਈ ਸੋਚ ਵੀ ਨਹੀਂ ਸਕਦਾ ਕਿ ਇਸ ਤਰ੍ਹਾਂ ਕੋਈ ਬਚ ਕੇ ਆ ਸਕਦਾ ਹੈ। ਰੋਜ਼ ਅਜਿਹੀਆਂ ਘਟਨਾਵਾਂ ਹੁੰਦੀਆਂ ਹਨ ਤੇ ਲੋਕ ਜਾਨ ਤੋਂ ਹੱਥ ਧੋ ਬੈਠਦੇ ਹਨ। ਪਰ ਅਮਰੀਕਨ ਇਹ ਖੇਡਾਂ ਬੰਦ ਨਹੀਂ ਕਰਦੇ।

ਡਾਕਟਰ ਸੇਵਾ ਕੌਰ ਦਾ ਜਨਮ 15 ਫਰਵਰੀ 1956 ਨੂੰ ਨਿਊਯਾਰਕ ਵਿਚ ਈਸਾਈ ਪਰਿਵਾਰ ਵਿਚ ਹੋਇਆ। 18 ਸਾਲ ਦੀ ਉਮਰ ਵਿਚ ਜਦ ਉਹ ਵਿਦਿਆਰਥੀ ਸੀ ਉਹ ਯੋਗ ਸਿੱਖਣ ਲੱਗੀ। ਯੋਗੀ ਹਰਭਜਨ ਸਿੰਘ ਨੇ ਨਿਊਯਾਰਕ ਵਿਚ ਜੋ ਆਸ਼ਰਮ ਖੋਲ੍ਹਿਆ ਉੱਥੇ ਉਹ ਯੋਗ ਸਿੱਖਦੀ 1974 ਵਿਚ ਸਿੱਖ ਬਣੀ। ਉਹ ਹੋਮਿਓਪੈਥੀ ਦੀ ਡਾਕਟਰ ਹੈ ਅਤੇ ਬੱਚੇ ਜਮਾਣ ਦਾ ਕੋਰਸ ਵੀ ਪਾਸ ਹੈ। 1980 ਵਿਚ ਉਸ ਨੇ ਇਕ ਚੀਨੀ ਡਾਕਟਰ ਨਾਲ ਸ਼ਾਦੀ ਕੀਤੀ ਤੇ ਉਹ ਵੀ ਸਿੰਘ ਬਣ ਗਿਆ। ਉਸ ਦਾ ਨਾਂ ਹਰੀਜੋਤ ਸਿੰਘ ਹੈ। ਨਿਊਯਾਰਕ ਤੋਂ ਦੋਵੇਂ ਐਸਪਨੋਲਾ ਜੋ ਯੋਗੀ ਹਰਭਜਨ ਸਿੰਘ ਦਾ ਹੈੱਡਕੁਆਰਟਰ ਹੈ ਉਥੇ ਆ ਵਸੇ। ਉਨ੍ਹਾਂ ਦੇ ਦੋ ਬੱਚੇ ਹਨ। ਬਾਰਾਂ ਸਾਲ ਦੀ ਲੜਕੀ ਸੱਤ ਅੰਮ੍ਰਿਤ ਕੌਰ ਅਤੇ ਸਾਢੇ ਛੇ ਸਾਲ ਦਾ ਲੜਕਾ ਹਰਗੋਬਿੰਦ ਸਿੰਘ। ਇਨ੍ਹਾਂ ਦੀ ਸੈਂਟਾਂ ਫੀ ਸ਼ਹਿਰ ਵਿਚ ਕਲੀਨਿਕ ਹੈ ਜਿੱਥੇ ਚੀਨੀ ਕਿਸਮ ਦਾ ਇਲਾਜ ਹੁੰਦਾ ਹੈ। ਐਕੂਪੰਚਰ ਦਾ ਇਲਾਜ ਵੀ ਹੈ, ਡਾਕਟਰ ਸੇਵਾ ਕੌਰ ਨੇ ਮੈਨੂੰ ਦੱਸਿਆ ਕਿ ਸਾਰੇ ਸਿੱਖ ਪਰਿਵਾਰਾਂ ਅਤੇ ਯੋਗੀ ਜੀ ਨੇ ਉਨ੍ਹਾਂ ਦੀ ਬੜੀ ਮਦਦ ਕੀਤੀ। ਕਈ ਮਹੀਨੇ ਬੱਚਿਆਂ ਨੂੰ ਰੱਖਿਆ। ਚੌਵੀ ਘੰਟੇ ਦੀ ਵਾਰੀ ਵਾਰੀ ਹਸਪਤਾਲ ਡਿਊਟੀ ਦਿੱਤੀ। ਉਸ ਦਾ ਵਿਸ਼ਵਾਸ ਗੁਰੂ ਵਿਚ ਹਰ ਅਟੱਲ ਹੋ ਗਿਆ ਹੈ। ਉਹ ਸਮਝਦੀ ਹੈ ਯੋਗੀ ਹਰਭਜਨ ਸਿੰਘ ਨੇ ਅਮਰੀਕਾ 'ਤੇ ਅਹਿਸਾਨ ਕੀਤਾ ਹੈ ਹਜ਼ਾਰਾਂ ਸਿੰਘ ਸਜਾ ਕੇ ਅਤੇ ਗੁਰੂ ਦੇ ਲੜ ਲਾ ਕੇ।

(11-8-1996)

# ਵਿਦੇਸ਼ਾਂ ਵਿਚ ਸਿੱਖ ਚੇਅਰਜ਼

ਆਮ ਕਰਕੇ ਯੂਨੀਵਰਸਿਟੀਆਂ ਵਿਚ ਕਿਸੇ ਖਾਸ ਵਿਸ਼ੇ ਤੇ ਵਧੇਰੇ ਕੰਮ ਕਰਕੇ ਉਸਨੂੰ ਉਜਾਗਰ ਕਰਨ ਲਈ ਇਕ ਚੇਅਰ ਦੀ ਸਥਾਪਨਾ ਹੁੰਦੀ ਹੈ। ਅੱਖਰਾਂ ਅਨੁਸਾਰ ਤਾਂ ਇਹ ਇਕ ਕੁਰਸੀ ਹੈ ਪਰ ਭਾਵ ਅਨੁਸਾਰ ਯੂਨੀਵਰਸਿਟੀ ਵਿਚ ਇਕ ਨਵਾਂ ਵਿਭਾਗ ਹੀ ਸਮਝੋ ਖੁੱਲ੍ਹ ਜਾਂਦਾ ਹੈ। ਆਮ ਕਰਕੇ ਭਾਰਤ ਵਿਚ ਸੰਤਾਂ, ਮਹਾਤਮਾਵਾਂ ਜਾਂ ਲੇਖਕਾਂ, ਕਵੀਆਂ ਦੇ ਨਾਂ ਤੇ ਚੇਅਰਜ਼ ਬਣਈਆਂ ਜਾਂਦੀਆਂ ਹਨ। ਪੰਜਾਬ ਵਿਚ ਹੀ ਵੇਖ ਲਵੋ ਗੁਰੂਆ ਦੇ ਨਾਂ ਤੇ ਚੇਅਰਜ਼ ਹਨ। ਭਾਈ ਵੀਰ ਸਿੰਘ ਚੇਅਰ ਪੰਜਾਬ ਯੂਨੀਵਰਸਿਟੀ ਵਿਚ ਹੈ। ਸ਼ੇਖ ਫਰੀਦ ਚੇਅਰ ਹੈ। ਅੱਜ ਕੱਲ ਰਾਜਸੀ ਮੰਤਵ ਲਈ ਡਾਕਟਰ ਅੰਬੇਦਕਰ ਦੇ ਨਾਂ ਤੇ ਬੜੀਆਂ ਚੇਅਰਜ਼ ਸਾਰੀਆਂ ਯੂਨੀਵਰਸਿਟੀਆਂ ਵਿਚ ਹਨ। ਗਿਆਨੀ ਜ਼ੈਲ ਸਿੰਘ ਜੀ ਨੇ ਗੋਹਾਟੀ ਯੂਨੀਵਰਸਿਟੀ ਗੁਰੂ ਨਾਨਕ ਚੇਅਰ 1976 ਵਿਚ ਬਣਵਾਈ। ਇਹਨਾਂ ਚੇਅਰਾਂ ਤੇ ਚੋਣਵੇ ਵਿਦਵਾਨ ਹੀ ਲੱਗਦੇ ਹਨ ਤਾਂ ਜੋ ਧਰਮ ਬਾਰੇ ਵਧੇਰੇ ਕੰਮ ਹੋ ਸਕੇ।

ਹੁਣ ਜਦ ਸਿੱਖ ਵੱਡੀ ਗਿਣਤੀ ਵਿਚ ਵਿਦੇਸ਼ਾਂ ਵਿਚ ਵਸ ਚੁੱਕੇ ਹਨ ਤੇ ਆਰਥਿਕਤਾ ਵਜੋਂ ਸੌਖੇ ਹਨ। ਕਿਧਰੇ ਵੀ ਜਾਵੋ ਸਿੱਖ ਜੰਮਕੇ ਬੈਠ ਗਿਆ ਹੈ। ਉਹ ਪੱਕਾ ਸਿੱਖ ਰਹੇ ਜਾਂ ਮੋਨਾ ਸਿੱਖ ਪਰ ਉਹ ਆਪਣੀ ਹੋਂਦ ਨੂੰ ਕਾਇਮ ਰੱਖਣਾ ਚਾਹੁੰਦਾ ਹੈ। ਸਭ ਤੋਂ ਉਪਰ ਪ੍ਰਭਾਵਸ਼ਾਲੀ ਸਿੱਖ ਕੈਨੇਡਾ 'ਚ ਸਾਬਤ ਹੋਇਆ ਹੈ। ਉੱਥੇ ਕਈ ਥਾਈਂ ਪੰਜਾਬੀ ਜ਼ੁਬਾਨ ਨੂੰ ਸਰਕਾਰੀ ਬੋਲੀ ਦਾ ਦਰਜਾ ਮਿਲ ਚੁੱਕਾ ਹੈ। ਸਿੱਖ ਹੁਣ ਉੱਥੇ ਖੜ੍ਹਾ ਹੈ ਜਿਥੋਂ ਉਹ ਆਪਣੇ ਧਰਮ ਤੇ ਵਿਰਸੇ ਦੀ ਜਾਣਕਾਰੀ ਦੇਣਾ ਚਾਹੁੰਦਾ ਹੈ। ਇਸ ਆਸ਼ੇ ਨੂੰ ਮੁੱਖ ਰੱਖਕੇ ਸਭ ਤੋਂ ਪਹਿਲਾਂ ਕੈਨੇਡਾ ਦੀ ਵੈਨਕੂਵਰ ਯੂਨੀਵਰਸਿਟੀ ਵਿਚ 'ਸਿੱਖ ਚੇਅਰ' ਸਥਾਪਤ ਕੀਤੀ ਗਈ। ਉਸ ਪਿੱਛੋਂ ਅਮ੍ਰੀਕਾ ਦੇ ਸ਼ਹਿਰ ਮਿਸ਼ੀਗਨ ਵਿਚ ਇਹ ਚੇਅਰ ਸਿੱਖਾਂ ਨੇ ਬਣਵਾਈ। ਕੁਝ ਚਿਰ ਪਹਿਲਾਂ ਸ. ਦਰਸ਼ਨ ਸਿੰਘ ਧਾਲਵਾਲ ਨੇ ਮਿਲਵਾਕੀ, ਸ਼ਿਕਾਗੋ ਦੇ ਨੇੜੇ ਇਕ ਚੇਅਰ ਆਪ ਬਣਵਾਈ ਹੈ। ਇਹ ਵਿਸਕਾਸਨ ਯੂਨੀਵਰਸਿਟੀ ਵਿਚ ਹੈ।

ਚੇਅਰ ਬਨਾਣ ਲਈ ਜੋ ਖਰਚ ਆਂਦਾ ਹੈ ਉਹ ਕਾਫੀ ਜ਼ਿਆਦਾ ਹੁੰਦਾ ਹੈ। ਕਰੀਬਨ 10 ਲੱਖ ਡਾਲਰ ਖਰਚ ਆਂਦੇ ਹਨ। ਇਸ ਧਨ ਨਾਲ ਯੂਨੀਵਰਸਿਟੀ ਇਕ ਵੱਖਰਾ ਯੂਨਿਟ ਬਣਾਉਂਦੀ ਹੈ। ਇਕ ਪ੍ਰੋਫੈਸਰ ਜੋ ਸਿੱਖ ਧਰਮ ਦਾ ਸਕਾਲਰ ਹੋਵੇ, ਨੂੰ ਚੁਣਦੀ ਹੈ। ਉਸਦੇ ਨਾਲ ਸਟਾਫ ਰੱਖਦੀ ਹੈ। ਫਿਰ ਸਾਰੀ ਖੋਜ ਤੇ ਖਰਚ ਕਰਵਾਂਦੀ ਹੈ। ਉਹ ਪ੍ਰੋਫੈਸਰ ਕਈ ਸਾਲ ਦੀ ਮਿਹਨਤ ਪਿੱਛੋਂ ਕਿਤਾਬ ਤਿਆਰ ਕਰਦਾ ਹੈ ਜੋ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਸਾਰਾ ਖਰਚਾ ਸਿੱਖਾਂ ਨੂੰ ਪੇਸ਼ਗੀ ਜਮਾ ਕਰਨਾ ਪੈਂਦਾ। ਸਿੱਖਾਂ ਦੀ ਸ਼ਰਧਾ ਦੀ ਦਾਦ ਦੇਣੀ ਬਣਦੀ ਹੈ ਕਿ ਉਹ ਇਤਨੀ ਰਕਮ ਇਕੱਠੀ ਕਰਦੇ ਹਨ। ਕੇਵਲ ਆਪਣੇ ਧਰਮ ਦੀ ਵਧੇਰੇ ਜਾਣਕਾਰੀ ਲਈ। ਪਰ ਵੇਖਣ ਵਿਚ ਇਹ ਆਇਆ ਹੈ ਕਿ ਜਦ ਕੋਈ ਗਲਤ ਸਕਾਲਰ ਇਸ ਚੇਅਰ ਤੇ ਬੈਠ ਜਾਂਦਾ ਹੈ ਤਾਂ ਉਹ ਮੁਢਲੇ ਸਿੱਖ ਸਿਧਾਂਤ ਨੂੰ ਹੀ ਸੱਟ ਮਾਰ ਜਾਂਦਾ ਹੈ। ਵੈਨਕੂਵਰ ਦੇ ਪ੍ਰੋਫੈਸਰ ਓਬਰਾਏ ਨੂੰ ਸਿੱਖ ਚੇਅਰ ਤੇ ਲਾਇਆ ਗਿਆ। ਉਹਨੇ ਐਸਾ ਗਲਤ ਕੰਮ ਕੀਤਾ ਕਿ ਸਾਰੀ ਸਿੱਖ ਕੌਮ ਨੇ ਉਸਦੇ ਖਿਲਾਫ ਵਾਵੇਲਾ ਉਠਾਇਆ ਜਦ ਓਬਰਾਏ ਨੇ ਇਹ ਪਿਛਲੇ ਸਾਲ

ਆਪਣੀ ਕਿਤਾਬ ਛਾਪੀ ਤਾਂ ਸਿੱਖ ਇੰਸਟੀਚਿਊਟ ਚੰਡੀਗੜ੍ਹ ਵਿਚ ਇਸ ਬਾਰੇ ਗੋਸ਼ਟੀ ਹੋਈ ਅਤੇ ਸਭ ਨੇ ਇਸਨੂੰ ਬਿਲਕੁਲ ਗਲਤ ਸਾਬਤ ਕਰ ਦਿੱਤਾ। ਇਕ ਹੋਰ ਚੇਅਰ ਤੇ ਪ੍ਰੋਫੈਸਰ ਪਿਸ਼ੌਰਾ ਸਿੰਘ ਨੇ ਵੀ ਗਲਤ ਖੋਜ ਕੀਤੀ। ਉਸਨੂੰ ਅਕਾਲ ਤਖਤ ਤੇ ਪੇਸ਼ ਹੋਣਾ ਪਿਆ ਤੇ ਤਨਖ਼ਾਹ ਲੱਗੀ। ਮੇਰਾ ਕਹਿਣ ਤੋਂ ਭਾਵ ਇਹ ਹੈ ਕਿ ਕਿਤਨੀ ਮੁਸ਼ਕਲ ਨਾਲ ਸਿੱਖ ਪੈਸਾ ਇਕੱਠੇ ਕਰਦੇ ਹਨ ਤੇ ਚੇਅਰ ਖੋਲ੍ਹਣ ਲਈ ਯੂਨੀਵਰਸਿਟੀ ਤੇ ਅਸਰ ਪਾਂਦੇ ਹਨ ਤੇ ਨਤੀਜਾ ਉਲਟ ਨਿਕਲਦਾ ਹੈ।

ਪਿਛਲੇ ਮਹੀਨੇ ਮੈਂ ਨਿਊਬਰਨ ਵਿਚ ਸੀ। ਉੱਥੇ ਸਿੱਖਾਂ ਨੇ ਕੋਲੰਬੀਆ ਯੂਨੀਵਰਸਿਟੀ ਵਿਚ ਸਿੱਖ ਚੇਅਰ ਬਨਾਉਣ ਦਾ ਉਪਰਾਲਾ ਅਰੰਭ ਕੀਤਾ ਹੋਇਆ ਹੈ। ਡਾਕਟਰ ਜੀ.ਐਸ. ਮਾਨ ਇਸ ਵੇਲੇ ਯੂਨੀਵਰਸਿਟੀ ਵਿਚ ਪ੍ਰੋਫੈਸਰ ਹਨ। ਉਹਨਾਂ ਦਾ ਉਤਸ਼ਾਹ ਵੇਖਕੇ ਤੇ ਉਹਨਾਂ ਦੀ ਪ੍ਰੇਰਨਾ ਕਰਕੇ ਨਿਊਯਾਰਕ ਦੇ ਸਿੱਖਾਂ ਨੇ ਫੈਸਲਾ ਕੀਤਾ ਹੈ ਕਿ ਸਿੱਖ ਚੇਅਰ ਸਥਾਪਿਤ ਕੀਤੀ ਜਾਵੇ। ਸ. ਇੰਦਰਜੀਤ ਸਿੰਘ ਬਿੰਦਰਾ ਤੇ ਸ. ਭੰਬਰਾ ਇਸ ਕੰਮ ਲਈ ਮੂਹਰੇ ਹਨ। ਉਹਨਾਂ ਇਕ ਰਾਤਰੀ ਭੋਜ ਤੇ 30-40 ਅਮੀਰ ਸਿੱਖ ਬੁਲਾਏ। ਉੱਥੇ ਪਹਿਲਾਂ ਤਾਂ ਮੇਰਾ ਅਤੇ ਸਰਦਾਰ ਸੁਰਿੰਦਰਜੀਤ ਸਿੰਘ ਆਹਲੂਵਾਲੀਆ ਐਮ.ਪੀ. ਦਾ ਸਵਾਗਤ ਕੀਤਾ ਫਿਰ ਇਸ ਚੇਅਰ ਬਾਰੇ ਗੱਲ ਕੀਤੀ। ਸਾਰਿਆਂ ਨੇ ਆਪਣੀ ਇੱਛਾ ਇਸਦੇ ਹੱਕ ਲਈ ਪ੍ਰਗਟਾਈ । ਮੈਂ ਉੱਥੇ ਬੋਲਦੇ ਹੋਏ ਇਹ ਗੱਲ ਆਖੀ ਕਿ ਜੋ ਤਜਰਬਾ ਪਹਿਲੀਆਂ ਚੇਅਰਜ਼ ਦਾ ਹੈ ਉਹ ਚੰਗਾ ਨਹੀਂ ਰਿਹਾ। ਮੈਂ ਸੁਝਾਅ ਦਿੱਤਾ ਕਿ ਧਰਮ ਵਿਸ਼ਵਾਸ ਤੇ ਕਾਇਮ ਹੁੰਦਾ ਹੈ। ਜੋ ਖੋਜ ਪ੍ਰੋਫੈਸਰ ਕਰ ਰਹੇ ਹਨ ਉਹ ਬੇ-ਮਤਲਬੀ ਹੈ। ਕਦੇ ਗੁਰੂਆਂ ਦੀ ਜਨਮ ਤਰੀਕ ਬਾਰੇ ਵਿਵਾਦ, ਕਦੇ ਕਰਤਾਰਪੁਰ ਵਾਲੀ ਬੀੜ, ਕਦੇ ਦਸਮ ਗ੍ਰੰਥ ਬਾਰੇ, ਜਿਤਨੇ ਵਿਵਾਦ ਉਠੇ ਹਨ ਉਹ ਸਿੱਖ ਸਕਾਲਰਾਂ ਦੀ ਖੋਜ ਕਰਕੇ ਹੀ ਉੱਠੇ ਹਨ। ਮੈਂ ਦਸਿਆ ਕਿ ਲੋੜ ਖੋਜ ਦੀ ਨਹੀਂ ਪ੍ਰਚਾਰ ਦੀ ਹੈ। ਗੁਰੂ ਗ੍ਰੰਥ ਸਾਹਿਬ ਹੀ ਸਾਡਾ ਇਸ਼ਟ ਪ੍ਰਤੱਖ ਗੁਰੂ ਅਤੇ ਮਾਰਗ ਦਰਸ਼ਕ ਹੈ। ਉਸਦਾ ਉਲੱਥਾ ਹਰ ਜ਼ੁਬਾਨ ਵਿਚ ਹੋਵੇ ਉਸਦੇ ਹਰ ਵਿਸ਼ੇ ਤੇ ਗੁਰੂ ਦੇ ਬਚਨ ਵੱਖਰੇ ਦੱਸੇ ਜਾਣ। ਦੁਨੀਆਂ ਸਾਇੰਸ ਦੇ ਯੁਗ ਵਿਚ ਹੈ। ਜੋ ਲੋੜ ਹੈ ਸਾਨੂੰ। ਗੁਰੂ ਗ੍ਰੰਥ ਵਿਚ ਹੈ। ਮੇਰੇ ਵਿਚਾਰਾਂ ਪਿੱਛੋਂ ਡਾਕਟਰ ਮਾਨ ਨੇ ਵੀ ਇਸ ਬਾਰੇ ਜਾਣਕਾਰੀ ਦਿੱਤੀ। ਹਰ ਇਕ ਨੇ ਮੰਨਿਆ ਕਿ ਜਦ ਤੱਕ ਅਸੀਂ ਪ੍ਰਚਾਰ ਨੂੰ ਮੁੱਖ ਰੱਖਕੇ ਏਜੰਡਾ ਨਹੀਂ ਬਣਾਵਾਂਗੇ ਚੇਅਰ ਬਨਾਉਣ ਦਾ ਲਾਭ ਨਹੀਂ ਪੁੱਜੇਗਾ।

ਭਾਰਤ ਵਿਚ ਵੀ ਕਈ ਥਾਂ ਚੇਅਰ ਬਿਨਾਂ ਯੋਗ ਪ੍ਰੋਫੈਸਰਾਂ ਦੇ ਖਾਲੀ ਪਈਆਂ ਹਨ, ਲੋੜ ਹੈ ਕਿ ਪਹਿਲਾਂ ਸਿੱਖ ਸਕਾਲਰ ਦੀ ਚੋਣ ਠੀਕ ਹੋਵੇ। ਚੰਡੀਗੜ੍ਹ ਵਾਲੇ ਸਿੱਖ ਸਟੱਡੀ ਸਰਕਲ ਜਿਥੇ ਸ. ਗੁਰਤੇਜ ਸਿੰਘ ਅਤੇ ਡਾਕਟਰ ਖੜਕ ਸਿੰਘ ਹਨ। ਉਹ ਸਾਰੀ ਗੱਲ ਦੇ ਸਲਾਹਕਾਰ ਹੋਣ ਫਿਰ ਇਹ ਚੋਣ ਹੋਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਦੇ ਇਸ ਬਾਰੇ ਕੋਈ ਸੇਧ ਨਹੀਂ ਦਿੱਤੀ। ਸਾਰੀ ਦੁਨੀਆਂ ਵਿਚ ਸਿੱਖ ਉਤਾਵਲੇ ਹਨ ਕਿ ਉਹ ਕੁਝ ਯਾਦਗਾਰੀ ਸੇਵਾ ਕਰ ਜਾਣ। ਇਸ ਲਈ ਚੇਅਰ ਖੋਲ੍ਹਣ ਤੋਂ ਪਹਿਲਾਂ ਕੋਈ ਯੋਗ ਚੋਣ ਤੇ ਕੀਤੇ ਜਾਣ ਵਾਲੇ ਕੰਮ ਲਈ ਢੰਗ ਦੀ ਯੋਜਨਾ ਬਨਾਉਣ ਲਈ ਇਕ ਸਿੱਖ ਸੰਸਥਾ ਗਾਈਡ ਦਾ ਕੰਮ ਕਰੇ, ਵਰਨਾ ਇਸ ਵਿਚ ਨੁਕਸਾਨ ਹੋਣ ਦਾ ਡਰ ਹੈ। ਮੈਂ ਤਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਿੰਡੀਕੇਟ ਮੀਟਿੰਗ ਵਿਚ ਸੁਝਾਅ ਦਿੱਤਾ ਕਿ ਯੂਨੀਵਰਸਿਟੀ ਇਹ ਕੰਮ ਕਰੇ ਤੇ ਸਾਰੇ ਸਿੱਖ ਸਕਾਲਰਾਂ ਨੂੰ ਜੋੜਕੇ ਕੋਈ ਸੇਧ ਦੇਵੇ।

ਇਹ ਬੜਾ ਜ਼ਰੂਰੀ ਮਸਲਾ ਹੈ ਜਿਸਤੇ ਸਾਰੇ ਛੇਤੀ ਵਿਚਾਰ ਕਰਨ।

(ਅਗਸਤ 1997)

# ਸਿੰਘਾਪੁਰ ਵਿਚ ਪੰਜਾਬੀ ਦੀ ਪੜ੍ਹਾਈ ਸਾਰੇ ਸਿੱਖ ਜਗਤ ਲਈ ਇਕ ਮਿਸਾਲ

ਮੈਂ ਤੇ ਮੇਰੀ ਪਤਨੀ ਉਤਮਜੀਤ ਕੁਆਲਾਲੰਪੁਰ ਵਿਚ ਕਾਮਨਵੈਲਥ ਖੇਡਾਂ ਵੇਖਣ ਲਈ ਗਏ ਸੀ ਜੋ 11 ਸਤੰਬਰ ਤਕ ਹੋਇਆ। ਉੱਥੋਂ ਅਸੀਂ ਸਿੰਘਾਪੁਰ ਦੀ ਸੈਰ ਕਰਨ ਲਈ ਪੁੱਜ ਗਏ ਜੋ ਕੇਵਲ 45 ਮਿੰਟ ਦੀ ਹਵਾਈ ਜਹਾਜ਼ ਰਾਹੀ ਦੂਰੀ ਤੇ ਹੈ। ਮੈਂ 1982 ਵਿਚ ਸਿੰਘਾਪੁਰ ਗਿਆ ਸੀ ਪਰ ਇਸ ਵਾਰੀ ਵੇਖਣ ਤੇ ਇੰਝ ਲੱਗਾ ਕਿ ਸਭ ਕੁਝ ਬਦਲ ਦਿੱਤਾ ਗਿਆ ਹੈ, ਹਰ ਪਾਸੇ ਨਵੀਆਂ ਉੱਚੀਆਂ ਬਿਲਡਿੰਗਾਂ ਤੇ ਸਾਫ ਸੁਥਰਾ ਮਾਹੌਲ ਕਈ ਗੱਲਾਂ ਤੇ ਉੱਥੇ ਜਾ ਕੇ ਅਜੀਬ ਲੱਗੀਆਂ ਜਿਵੇਂ ਕਿ ਸਰਕਾਰ ਕਾਰਾਂ ਘਟਾਣ ਲਈ ਕੀ ਕਰ ਰਹੀ ਹੈ। ਪਹਿਲਾਂ ਤਾਂ ਕਾਰ ਖਰੀਦਣ ਲਈ ਪਰਮਟ ਲੈਣਾ ਪੈਂਦਾ ਹੈ ਜੋ ਕਿ ਤਕਰੀਬਨ ਤਿੰਨ ਚਾਰ ਲੱਖ ਰੁਪਏ ਫੀਸ ਨਾਲ ਮਿਲਦਾ ਹੈ। ਫਿਰ ਕਾਰ ਵਾਲੇ ਨੂੰ ਵੱਖਰੇ-ਵੱਖਰੇ ਜ਼ੋਨ ਵਿਚ ਸੜਕ ਤੇ ਜਾਣ ਲਈ ਟੈਕਸ ਦੇਣਾ ਪੈਂਦਾ ਹੈ। ਹਰ ਪਾਰਕਿੰਗ ਤੇ ਟਿਕਟ ਹੈ। ਕਮਾਲ ਤਾਂ ਇਹ ਹੈ ਕਿ ਹਰ ਥਾਂ ਇਹ ਕੰਮ ਮਸ਼ੀਨ ਹੀ ਕਰਦੀ ਹੈ। ਹਰ ਸੜਕ ਦੇ ਉਪਰ ਐਸੇ ਕੈਮਰੇ ਤੇ ਮਸ਼ੀਨਾਂ ਲੱਗੀਆਂ ਹਨ ਜੋ ਕਾਰਾਂ ਦਾ ਟੈਕਸ ਆਪੇ ਕੱਟ ਰਹੀਆ ਹਨ। ਹਰ ਕਾਰ ਵਿਚ ਇਕ ਜੰਤਰ ਹੈ ਜਿਸ ਵਿਚ ਹਰ ਮਾਲਕ ਇਕ ਪ੍ਰੀਪੇਡ (Pre-paid) ਕਾਰਡ ਰੱਖਦਾ ਹੈ ਜਿਸ ਨੂੰ ਆਪਣੇ ਆਪ ਮਸ਼ੀਨ ਵਸੂਲ ਰਹੀ ਹੁੰਦੀ ਹੈ। ਬਹੁਤ ਕੁਝ ਹੈ ਲਿਖਣ ਨੂੰ ਪਰ ਅੱਜ ਦਾ ਲੇਖ ਪੰਜਾਬੀ ਬਾਰੇ ਹੈ ਜੋ ਕਿ ਜ਼ਰੂਰੀ ਹੈ ਪਾਠਕਾਂ ਨਾਲ ਸਾਂਝਾ ਕਰਨਾ।

ਸਿੰਘਾਪੁਰ ਵਿਚ ਵੀ ਇਹੋ ਮੁਸ਼ਕਲ ਸਿੱਖਾਂ ਨੂੰ ਨਜ਼ਰ ਆਈ। ਉੱਥੇ ਸਿੱਖਾਂ ਦੀ ਵਸੋਂ 30,000 ਹੈ ਪਰ ਸਾਰੇ ਸਿੰਘਾਪੁਰ ਦੀ ਆਬਾਦੀ 20 ਲੱਖ ਹੈ। ਇਸ ਅਨੁਸਾਰ ਸਿੱਖ ਚੰਗੀ ਪੁਜ਼ੀਸ਼ਨ ਰੱਖਦੇ ਹਨ। ਗੁਰੂ ਦੀ ਕਿਰਪਾ ਨਾਲ ਅਮੀਰ ਸਿੱਖਾਂ ਦੀ ਗਿਣਤੀ ਅੱਛੀ ਹੈ। ਪਿਛਲੇ ਸਾਲ ਹੀ ਸ੍ਰ: ਕਰਤਾਰ ਸਿੰਘ ਠੁਕਰਾਲ ਨੂੰ ਸਰਕਾਰ ਨੇ ਸਭ ਤੋਂ ਵਧੀਆਂ ਵਿਉਪਾਰੀ ਘੋਸ਼ਿਤ ਕੀਤਾ। ਸਿੰਘਾਪੁਰ ਵਿਚ ਦੋ ਸਿੱਖ ਸ੍ਰ: ਦਵਿੰਦਰ ਸਿੰਘ ਅਤੇ ਸ. ਇੰਦਰਜੀਤ ਸਿੰਘ ਮੈਂਬਰ ਪਾਰਲੀਮੈਂਟ ਹਨ। ਇਕ ਸਿੱਖ ਸ੍ਰ: ਮਨਜੀਤ ਸਿੰਘ ਸੁਪਰੀਮ ਕੋਰਟ ਦਾ ਜੱਜ ਹੈ। ਪਹਿਲਾਂ ਸ੍ਰ: ਚੂਹੜ ਸਿੰਘ ਚੀਫ ਜਸਟਿਸ ਰਹਿ ਚੁਕੇ ਹਨ। 7 ਗੁਰਦੁਆਰੇ ਹਨ ਜੋ ਬੜੇ ਆਲੀਸ਼ਾਨ ਹਨ। ਕਈ ਤਾਂ ਏਅਰ ਕੰਡੀਸ਼ਨਡ ਹਨ। ਹਰ ਵਕਤ ਲੰਗਰ ਵੀ ਮਿਲਦਾ ਹੈ। ਸਭ ਤੋਂ ਚੰਗੀ ਗੱਲ ਉੱਥੇ ਸਿੰਘਾਂ ਦੀ ਏਕਤਾ ਹੈ ਦੂਜੀ ਕਿ ਉਹ ਕੌਮ ਲਈ ਕੀ ਕਰਨ। ਇਹ ਭਾਵਨਾ ਬੜੀ ਨਿਵੇਕਲੀ ਹੈ। ਬੜੀਆਂ ਸਿੱਖ ਸੰਸਥਾਵਾਂ ਕਾਇਮ ਹਨ। ਇਹਨਾਂ ਵਿਚ ਹਰ ਗੁਰਦੁਆਰਾ ਪੂਰਾ ਸਹਿਯੋਗ ਦੇ ਰਿਹਾ ਹੈ।

ਜਦ ਮੈਂ ਬਾਹਰ ਜਾਣ ਲੱਗਾ ਤਾਂ ਡਾ. ਜਸਵੰਤ ਸਿੰਘ ਨੇਕੀ ਜੀ ਨੇ ਮੈਨੂੰ ਸ੍ਰ: ਭਜਨ ਸਿੰਘ ਜੀ ਦਾ ਟੈਲੀਫੋਨ ਨੰਬਰ ਦਿੱਤਾ। ਮੈਂ ਉਹਨਾਂ ਨੂੰ ਫੋਨ ਕੀਤਾ ਤੇ ਨੇਕੀ ਜੀ ਵੱਲੋਂ ਸੁਨੇਹਾ। ਵੈਸੇ ਮੈਂ ਇਕ ਵਾਰੀ ਸ੍ਰ: ਭਜਨ ਸਿੰਘ ਜੀ ਨੂੰ ਦਿੱਲੀ ਮਿਲਿਆ ਵੀ ਸੀ ਪਰ ਉਹ ਸਰਸਰੀ ਮੁਲਾਕਾਤ ਸੀ। ਸ੍ਰ: ਭਜਨ ਸਿੰਘ 50 ਸਾਲ ਤੋਂ ਵੱਧ ਉਮਰ ਦੇ ਹਨ ਤੇ ਸਰਕਾਰੀ ਸਕੂਲ ਵਿਚ

ਪ੍ਰਿੰਸੀਪਲ ਰਹੇ ਹਨ ਤੇ ਹੁਣ ਵੀ ਸਰਕਾਰ ਵਿਚ ਐਜੂਕੇਸ਼ਨ ਤੇ ਕਲਚਰ ਮਹਿਕਮੇ ਵਿਚ ਕੰਮ ਕਰ ਰਹੇ ਹਨ। ਉਹਨਾਂ ਨੂੰ ਮਿਲਕੇ ਤੇ ਫਿਰ ਜੋ ਉੱਥੇ ਪੰਜਾਬੀ ਤੇ ਸਿੱਖੀ ਦੇ ਮੁੱਢਲੇ ਕੀਤੇ ਕੰਮਾਂ ਦੀ ਜਾਣਕਾਰੀ ਲੈ ਕੇ ਮੈਨੂੰ ਅਚੰਭਾ ਹੋਇਆ। ਕੀ ਅੱਜ ਦੀ ਮਾਦਾਪ੍ਰਸਤ ਤੇ ਵਿਅਕਤੀਵਾਦ ਦੁਨੀਆ ਵਿਚ ਕੋਈ ਬੰਦਾ ਇਤਨੀ ਲਗਨ ਨਾਲ ਸੇਵਾ ਕਰ ਸਕਦਾ ਹੈ। ਬੜੇ ਲੋਕ ਸੇਵਾ ਕਰਦੇ ਹਨ। ਧਨਾਢ ਦਾਨ ਦਿੰਦੇ ਹਨ। ਕੋਈ ਲੰਗਰ ਚਲਾਂਦਾ ਹੈ। ਪਰ ਮੇਰੀ ਰਾਏ ਵਿਚ ਵਕਤ ਦਾ ਦਾਨ ਸਭ ਤੋਂ ਮਹਿੰਗਾ ਹੈ। ਮੇਰੀ ਇਸ ਸਿੰਘਾਪੁਰ ਫੇਰੀ ਵਿਚ ਇਹ ਗੱਲ ਪ੍ਰਤੱਖ ਸਾਹਮਣੇ ਆਈ ਕਿ ਇਕ ਆਦਮੀ ਦੀ ਲੰਗਨ ਨਾਲ ਕਿਵੇਂ ਸਾਰੇ ਇਕੱਠੇ ਹੋਏ ਤੇ ਫਿਰ ਸਾਰਾ ਪ੍ਰੋਗਰਾਮ ਉਲੀਕਿਆ ਗਿਆ। ਅੱਜ ਦੁਨੀਆਂ ਵਿਚ ਥਿੰਕ ਟੈਂਕ ਹੀ ਸਭ ਪਾਸੇ ਪ੍ਰਚਲਤ ਹੈ। ਸਿੱਖਾਂ ਦੀ ਇਹੋ ਘਾਟ ਹੈ। ਸਾਡੀ ਵੱਡੀ ਤੋਂ ਵੱਡੀ ਸੰਸਥਾ ਕਦੇ ਆਪਣੇ ਨਾਲ ਇੱਕ ਥਿੰਕ ਟੈਂਕ ਨਹੀਂ ਰਖਦੀ। ਸਿੰਘਾਪੁਰ ਵਿਚ ਸ੍ਰ: ਭਜਨ ਸਿੰਘ ਆਪ ਤੇ ਕੁਝ ਹੋਰ ਸਾਥੀ ਜਿਹਨਾਂ ਵਿਚੋਂ ਡਾਕਟਰ ਸੋਹਿੰਦਰ ਸਿੰਘ ਵੀ ਹਨ ਸਾਰੇ ਸੋਚਦੇ ਹਨ ਫਿਰ ਉਹ ਸਕੀਮ ਅਨੁਸਾਰ ਸਭ ਕਾਰਜ ਚਲਾਂਦੇ ਹਨ। ਉਹਨਾਂ ਪਹਿਲਾਂ ਇਕ ਐਜੂਕੇਸ਼ਨ ਫਾਊਂਡੇਸ਼ਨ ਬਣਾਈ ਤੇ ਉਘੇ ਵਿਅਕਤੀ ਇਸ ਦੇ ਟਰਸਟੀ ਬਣੇ। ਇਸ ਵਿਚ ਜਸਟਿਸ ਚੂਹੜ ਸਿੰਘ, ਸ੍ਰ: ਕਰਤਾਰ ਸਿੰਘ ਠੁਕਰਾਲ ਸ਼ਾਮਲ ਹਨ। ਫਿਰ ਇਕ ਸਲਾਕਾਰ ਬੋਰਡ ਬਣਿਆ। ਸਾਰਾ ਪ੍ਰਬੰਧ ਕਰਨ ਲਈ ਵਾਲੰਟੀਅਰ ਲਏ। ਮਾਇਆ ਦੇ ਪ੍ਰਬੰਧ ਦੀ ਗੁਰੂ ਦੀ ਬਖਸ਼ਿਸ਼ ਹੈ। ਸਾਰੇ ਧਨਾਢ ਸਿੱਖ ਦਿਲ ਖੋਲ੍ਹ ਕੇ ਦਿੰਦੇ ਹਨ। ਹਰ ਗੁਰਦੁਆਰਾ ਹਰ ਮਹੀਨੇ ਰਕਮ ਦਿੰਦਾ ਹੈ। ਪਰ ਕਮਾਲ ਇਹ ਹੈ ਕਿ ਪ੍ਰਬੰਧਕੀ ਢਾਂਚੇ ਵਿਚ ਕੋਈ ਦਖਲ ਨਹੀਂ ਦਿੰਦਾ। ਸਾਰਾ ਕੰਮ ਪੇਸ਼ੇਵਰ ਲੋਕ ਚਲਾਂਦੇ ਹਨ।

ਪਹਿਲੀ ਜਮਾਤ ਤੋਂ ਲੈ ਕੇ ਦਸਵੀ ਤਕ ਪੰਜਾਬੀ ਪੜ੍ਹਾਉਣ ਦਾ ਜ਼ਿਮਾ ਇਸ ਕਮੇਟੀ ਨੇ ਲਿਆ ਹੈ। ਸਭ ਤੋਂ ਪਹਿਲਾ ਕੰਮ ਹੈ ਕਿ ਪੰਜਾਬੀ ਕਿਵੇਂ ਪੜ੍ਹਾਈ ਜਾਵੇ। ਇਸ ਨੂੰ ਅਜੋਕੇ ਢੰਗ ਰਾਹੀਂ ਚਲਾਇਆ ਗਿਆ। ਸੀ ਡੀ ਰੋਮ ਵੀ ਬਣ ਚੁਕੀ ਹੈ। ਕਿਤਾਬਾਂ ਛਪ ਗਈਆਂ ਹਨ। ਸਾਰਾ ਸਿਲੇਬਸ ਬਣ ਚੁੱਕਾ ਹੈ। ਇਸ ਵਕਤ 2000 ਬੱਚੇ ਪੰਜਾਬੀ ਪੜ੍ਹ ਰਹੇ ਹਨ। ਮੈਂ ਵੀ ਇਕ ਸੈਂਟਰ ਜੋ ਹਵਾਈ ਅੱਡੇ ਦੇ ਨੇੜੇ ਹੈ ਉਹ ਵੇਖਣ ਲਈ ਗਿਆ। ਹਰ ਸ਼ਨਿੱਚਰਵਾਰ 2 ਵਜੇ ਤੋਂ 6 ਵਜੇ ਤਕ ਕਲਾਸਾਂ ਲਗਦੀਆਂ ਹਨ। ਸਰਕਾਰ ਨੇ ਇਸ ਕੰਮ ਲਈ ਸਰਕਾਰੀ ਸਕੂਲ ਬਿਲਡਿੰਗ ਨੂੰ ਵਰਤਣ ਦੀ ਆਗਿਆ ਦਿੱਤੀ ਹੈ। ਪੰਜ ਸੈਂਟਰ ਹਨ ਸਾਰੇ ਸ਼ਹਿਰ ਵਿਚ ਪਹਿਲਾਂ ਪੰਜਾਬੀ ਦੀ ਕਲਾਸ ਫਿਰ ਇਕ ਘੰਟਾ ਸਿੱਖ ਧਰਮ ਬਾਰੇ ਜਾਣਕਾਰੀ ਉਹ ਵੀ ਦਿਲਚਸਪ ਤਰੀਕੇ ਵਿਚ। ਜੋ ਕਿਤਾਬਾਂ ਮੈਂ ਵੇਖੀਆਂ ਹਨ ਉਹ ਬਿਲਕੁਲ ਹੀ ਨਵੀਂ ਕਿਸਮ ਦੀਆਂ ਹਨ। ਉਹਨਾਂ ਨਾਲ ਬੱਚੇ ਨੂੰ ਆਸਾਨੀ ਹੁੰਦੀ ਹੈ। ਟੀਚਰਜ਼ ਬਹੁਤ ਵੱਡੀ ਗਿਣਤੀ ਵਿਚ ਔਰਤਾਂ ਹਨ। ਫਿਰ ਪਰਚੇ ਵੀ ਪਾਏ ਜਾਂਦੇ ਹਨ। ਟੈਸਟ ਲਈ ਨੰਬਰ ਹਨ ਤੇ ਨੰਬਰ ਲਗਾਣ ਦਾ ਕੰਮ ਯੂਨੀਵਰਸਿਟੀ ਪੱਧਰ ਦਾ ਹੈ। ਐਵੇਂ ਵਕਤ ਜ਼ਾਇਆ ਕਰਨਾ ਜਾਂ ਸ਼ੁਗਲ ਨਹੀਂ ਹੈ। ਦਿੱਲੀ ਵਿਚ ਕਈ ਗੁਰਦੁਆਰੇ ਇਹ ਸੇਵਾ ਕਰ ਰਹੇ ਹਨ। ਉਹ ਹੁਣ ਜਾ ਕੇ ਸਿਖਲਾਈ ਸਿੰਘਾਪੁਰ ਤੋਂ ਲੈਣ। ਮੈਂ ਵੱਡੇ ਗੁਰਦੁਆਰੇ ਫਾਊਡੇਸ਼ਨ ਦਾ ਦਫ਼ਤਰ ਵੇਖਿਆ ਹੈ। ਇਕ ਕਮਰੇ ਵਿਚ ਸ: ਹਰਬੰਸ ਸਿਘ ਜੋ ਰਿਟਾਇਰਡ ਕਸਟਮ ਅਫਸਰ ਹਨ ਪ੍ਰਬੰਧਕ ਹਨ। ਸਾਰਾ ਕੰਮ ਕੇਵਲ ਪੰਜ ਵਿਅਕਤੀ ਚਲਾ ਰਹੇ ਹਨ। ਪਰ ਕੰਪਿਊਟਰ ਦੀ ਸੇਵਾ ਨਾਲ। ਇਕ ਗੱਲ ਚੰਗੀ ਇਹ ਲੱਗੀ ਇਹ ਆਮ ਸਿੱਖ ਨੂੰ ਉਤਸ਼ਾਹ ਹੈ। ਹਰ ਇਕ ਨੂੰ ਇਹ ਮਹਿਸੂਸ ਹੋ ਰਿਹਾ ਹੈ ਕਿ ਇਹ ਸੇਵਾ ਉਤਮ ਹੈ। ਜਦ ਭਾਵਨਾ ਠੀਕ ਹੋਵੇ ਤੇ ਕੰਮ ਆਸਾਨ ਹੁੰਦਾ ਹੈ। ਮੈਂ ਸ੍ਰ: ਭਜਨ ਸਿੰਘ ਤੋਂ ਪੁੱਛਿਆ ਕਿ ਸਾਡੀ ਇਕ ਰਵਾਇਤ ਹੈ ਕਿ ਹਰ ਚੰਗੇ ਕੰਮ ਵਿਚ

ਰੁਕਾਵਟ ਪਾਉਣ ਵਾਲੇ ਬੜੇ ਨਿਕਲ ਆਂਦੇ ਹਨ ਤਾਂ ਜਵਾਬ ਮਿਲਿਆ ਕਿ ਉਹਨਾਂ ਦੀ ਘਾਟ ਨਹੀਂ ਹੈ ਪਰ ਸੰਗਤਾਂ ਦਾ ਜ਼ੋਸ਼ ਤੇ ਗੁਰੂ ਦੀ ਕਿਰਪਾ ਨਾਲ ਸਭ ਕੁਝ ਠੀਕ ਚੱਲ ਰਿਹਾ ਹੈ। ਇਸ ਪੰਜਾਬੀ ਪ੍ਰੋਗਰਾਮ ਨੂੰ ਪੂਰੀ ਦੁਨੀਆਂ ਵਿਚ ਸਿੱਖਾਂ ਨੂੰ ਅਪਨਾਣ ਦੀ ਪ੍ਰੇਰਣਾ ਹੈ। ਹਰ ਇਕ ਸ਼ਹਿਰ ਤੋਂ ਸਿੰਘਾਪੁਰ ਨੂੰ ਲਿਖਿਆ ਜਾਵੇ। ਬੇਸ਼ੱਕ ਆਪ ਜਾਕੇ ਉਥੇ ਸਿੱਖਿਆ ਲੈ ਕੇ ਮਟੀਰੀਅਲ ਲਿਆ ਜਾਵੇ। ਸਿੰਘਾਪੁਰ ਨੂੰ ਵੀ ਇਕ ਪਾਇਲਟ ਪਰਜੈਕਟ ਵਾਂਗੂੰ ਸਾਰੀ ਦੁਨੀਆ ਦੇ ਸਿੰਘਾਂ ਨੂੰ 300 ਸਾਲਾ ਖਾਲਸੇ ਦੇ ਜਨਮ ਦੀ ਸੁਗਾਤ ਵਾਂਗੂੰ ਇਕ ਵੱਡਮੁੱਲਾ ਇਲਮ ਦੇਣਾ ਚਾਹੀਦਾ ਹੈ ਇਸ ਫਾਊਂਡੇਸ਼ਨ ਦਾ ਦਫਤਰ C/o Central Sikh Temple, 2-Towner Road, Singapore-327804 ਹੈ। ਵਾਹਿਗੁਰੂ ਬਖ਼ਸ਼ਿਸ਼ ਕਰੇ ਸਾਰੇ ਸਿੱਖ ਸਿੰਘਾਪੁਰ ਦੇ ਏਦਾਂ ਹੀ ਏਕਤਾ ਰੱਖਣ ਤੇ ਕੰਮ ਕਰਨ ਵਾਲਿਆਂ ਨੂੰ ਉਤਸ਼ਾਹ ਦੇਣ। ਇਹ ਟੀਮ ਜੋ ਸ੍ਰ: ਭਜਨ ਸਿੰਘ ਦੇ ਨਾਲ ਹੈ। ਨਿਰੋਈ ਰਹੇ। ਚੜ੍ਹਦੀ ਕਲਾ ਤਾਂ ਆਪੇ ਹੋ ਜਾਵੇਗੀ।

(30-9-98)

# ਸਿੱਖ ਗ਼ੈਰ-ਜ਼ਰੂਰੀ ਵਿਵਾਦਾਂ ਤੋਂ ਸਾਵਧਾਨ ਰਹਿਣ !

ਬੜੇ ਚਿਰ ਤੋਂ ਸਿੱਖਾਂ ਵਿਚ ਇਕ ਵਾਧੂ ਚਰਚਾ ਚਲਾਣ ਲਈ ਬੁੱਧੀਜੀਵੀ ਕੁਝ ਨਾ ਕੁਝ ਅਜਿਹੇ ਖਿਆਲ ਪ੍ਰਗਟ ਕਰਦੇ ਰਹਿੰਦੇ ਹਨ, ਜਿਹੜੇ ਬੜੇ ਅਜੀਬ ਲਗਦੇ ਹਨ। ਕਈ ਵਾਰੀ ਤਾਂ ਇਹ ਖਿਆਲ ਆਉਂਦਾ ਹੈ ਕਿ ਪਿਛਲੇ 500 ਸਾਲਾਂ ਤੋਂ ਚਲਦੀਆਂ ਆ ਰਹੀਆਂ ਰਹੁ-ਰੀਤਾਂ ਨੂੰ ਬਦਲਣ ਲਈ ਕਿਉਂ ਉਪਰਾਲੇ ਹੋ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦੀ ਪਦਵੀ 1708 ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤੀ ਤੇ ਸਿੱਖੀ ਸਿਧਾਂਤ 'ਸ਼ਬਦ ਗੁਰੂ' ਨੂੰ ਮੰਨਣ ਦਾ ਆਦੇਸ਼ ਦਿੱਤਾ। ਜਦੋਂ ਅਸੀਂ ਕੇਵਲ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਣੀ ਨੂੰ ਹੀ ਵਿਚਾਰਨਾ ਹੈ ਤੇ ਇਸ ਦੀ ਹੀ ਵਿਆਖਿਆ ਕਰਨੀ ਹੈ, ਫਿਰ ਅਸੀਂ ਕਿਉਂ ਕੋਈ ਨਾ ਕੋਈ ਨਵਾਂ ਵਾਵੇਲਾ ਖੜਾ ਕਰਕੇ ਕੌਮ ਨੂੰ ਕਿਸੇ ਨਵੀਂ ਮੁਸ਼ਕਿਲ ਵਿਚ ਪਾਉਣ ਦਾ ਯਤਨ ਕਰਦੇ ਹਾਂ। ਹਰ ਸਿੱਖ ਨੇ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਇਸ਼ਟ ਮੰਨਣਾ ਹੈ ਤੇ ਇਹੋ ਹੀ ਸਾਡਾ ਆਸਰਾ ਹੈ। ਕਈ ਸੌ ਸਾਲਾਂ ਤੋਂ ਅਸੀਂ ਇਕ ਨਿੱਤਨੇਮ ਨੂੰ ਅਪਣਾਇਆ ਹੈ। ਇਸ ਵਿਚ ਅੰਕਿਤ ਬਾਣੀਆਂ ਨੂੰ ਅਸੀਂ ਰੋਜ਼ ਪੜ੍ਹਦੇ ਹਾਂ। ਨਿਤਨੇਮ ਦੇ ਗੁਟਕੇ ਹਰ ਘਰ ਵਿਚ ਹੁੰਦੇ ਹਨ, ਪਰ ਪਿੱਛੇ ਜਿਹੇ ਇਸ ਵਿਚ ਅੰਕਿਤ ਬਾਣੀਆਂ ਬਾਰੇ ਵੀ ਕਈ ਭੁੱਲੜ ਵੀਰ ਕਿੰਤੂ ਲਗਾਣ ਲੱਗੇ ਹਨ। ਹੁਣੇ ਜਿਹੇ ਇਕ ਨਵਾਂ ਵਾਵੇਲਾ ਛਿੱੜਿਆ ਹੈ, ਜੋ ਅਸੀਂ ਅਰਦਾਸ ਕਰਦੇ ਹਾਂ ਜਿਸ ਦਾ ਉਚਾਰਣ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਹੁੰਦਾ ਹੈ। ਉਸ ਦੇ ਕਈ ਸ਼ਬਦਾਂ ਤੇ ਵੀ ਇਤਰਾਜ਼ ਕੀਤਾ ਜਾ ਰਿਹਾ ਹੈ। ਇਕ ਸਿੱਖ ਮੈਗਜ਼ੀਨ ਵਿਚ ਅਰਦਾਸ ਦੀ ਪਹਿਲੀ ਤੁਕ "ਪ੍ਰਥਮ ਭਗੌਤੀ ਸਿਮਰਕੇ" ਨੂੰ ਹੀ ਬਦਲਣ ਦੀ ਮੰਗ ਕਰ ਦਿੱਤੀ ਗਈ ਹੈ। ਪਿੱਛੇ ਜਿਹੇ ਮੈਂ ਇਸੇ ਮੈਗਜ਼ੀਨ ਵਿਚ "ਦੇਹਿ ਸ਼ਿਵਾ ਬਰੁ ਮੋਹਿ ਇਹੇ" ਵਾਲੇ ਸ਼ਬਦ ਤੇ ਵੀ ਇਤਰਾਜ਼ ਪੜ੍ਹਿਆ ਹੈ। ਇਹ ਸ਼ਬਦ ਸਿੱਖ ਸਕੂਲਾਂ, ਕਾਲਜਾਂ ਲਈ ਰਾਸ਼ਟਰੀ ਗੀਤ ਵਾਂਗੂੰ ਮੰਨਿਆ ਜਾਂਦਾ ਹੈ ਅਤੇ ਹਰ ਸਿੱਖ ਸਮਾਗਮ ਇਸ ਸ਼ਬਦ ਦੇ ਗਾਇਨ ਨਾਲ ਹੀ ਆਰੰਭ ਹੁੰਦਾ ਹੈ। ਕਈ ਮੈਂ ਇਹ ਵੀ ਕਹਿੰਦੇ ਸੁਣੇ ਹਨ ਕਿ "ਹਾਲ ਮੁਰੀਦਾਂ ਦਾ ਕਹਿਣਾ, ਮਿੱਤਰ ਪਿਆਰੇ ਨੂੰ" ਸ਼ਬਦ ਉਚਾਰਨਾ ਨਹੀਂ ਚਾਹੀਦਾ। ਇਹ ਸ਼ਬਦ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ। ਇਥੇ ਹੀ ਬਸ ਨਹੀਂ ਅੰਮ੍ਰਿਤ ਸੰਚਾਰ ਜੋ ਖੰਡੇ-ਬਾਟੇ ਨਾਲ ਤਿਆਰ ਕੀਤਾ ਜਾਂਦਾ ਹੈ, ਉਸ ਬਾਰੇ ਵੀ ਅਜੀਬ ਚਰਚਾ ਛਿੜ ਰਹੀ ਹੈ। ਦਸਮ ਗ੍ਰੰਥ ਨੂੰ ਨਾ ਮੰਨਣ ਦੀ ਸਲਾਹ ਤਾਂ ਕਈ ਸਾਲਾਂ ਤੋਂ ਬੜੇ ਜ਼ੋਰ ਨਾਲ ਚਲਾਈ ਗਈ ਹੈ। ਇਸ ਤੇ ਕਿਤਾਬਾਂ ਵੀ ਛੱਪੀਆਂ ਤੇ ਇਸ ਵਿਰੁਧ ਬੜੀਆਂ ਮੀਟਿੰਗਾਂ ਕਈ ਥਾਵਾਂ ਤੇ ਕੀਤੀਆਂ ਗਈਆਂ। ਹੁਣ ਇਕ ਹੋਰ ਨਵੀਂ ਚਰਚਾ ਸਾਹਮਣੇ ਆਈ ਹੈ ਕਿ ਜੋ ਹਰ ਗੁਰਦੁਆਰੇ ਵਿਚ ਸੂਰਜ ਪ੍ਰਕਾਸ਼ ਦੀ ਕਥਾ ਹੁੰਦੀ ਹੈ, ਉਹ ਨਹੀਂ ਹੋਣੀ ਚਾਹੀਦੀ। ਇਹ ਭਾਈ ਸੰਤੋਖ ਸਿੰਘ ਜੀ ਦੀ ਲਿਖਤ ਹੈ ਅਤੇ ਬੜੇ ਚਿਰ ਤੋਂ ਇਸ ਤੋਂ ਵਿਦਵਾਨ ਕਥਾ ਕਰਦੇ ਹਨ। ਮੈਂ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਚ ਸ਼ਾਮ ਨੂੰ ਹਜ਼ਾਰਾਂ ਲੋਕਾਂ ਵਿਚ ਇਹ ਕਥਾ ਸੁਨਣ ਲਈ ਜਾਂਦਿਆਂ ਵੇਖਦਾ ਸੀ। ਸੰਤ ਜਰਨੈਲ ਸਿੰਘ ਜੀ ਭਿੰਡਾਰਾਂਵਾਲੇ ਆਪ ਇਸ ਦੀ ਕਥਾ ਕਰਦੇ ਸਨ।

ਇਹੋ ਜਿਹੇ ਬੇ-ਲੋੜੇ ਵਾਵੇਲੇ ਕਿਉਂ ਕੀਤੇ ਜਾ ਰਹੇ ਤੇ ਇਸ ਪਿੱਛੇ ਕੀ ਭਾਵਨਾ ਹੈ ?

ਇਹ ਸਿੱਖ ਜਗਤ ਨੂੰ ਸਮਝਣ ਦੀ ਲੋੜ ਹੈ। ਕੁਝ ਸਾਲਾਂ ਤੋਂ ਇਹ ਮੰਗ ਉਠਾਉਣ ਵਾਲੇ ਵਿਅਕਤੀ ਇਸ ਕਰਕੇ ਇਸ ਦੇ ਪਿੱਛੇ ਲਗੇ ਹਨ ਕਿਉਂ ਜੋ ਕਿਧਰੇ ਸਾਡਾ ਕੋਈ ਸੰਬੰਧ ਹਿੰਦੂ ਸਮਾਜ ਨਾਲ ਜੁੜਿਆ ਨਾ ਰਹਿ ਜਾਵੇ। ਇਹ ਸਮਝਦੇ ਹਨ ਕਿ ਸਿੱਖ ਧਰਮ ਨੂੰ ਵੱਖਰਾ ਧਰਮ ਬਨਣ ਲਈ ਇਹੋ ਜਿਹੀਆਂ ਧਾਰਨਾਵਾਂ ਤੇ ਅਮਲ ਕਰਨ ਦੀ ਲੋੜ ਹੈ। ਉਹਨਾਂ ਅਨੁਸਾਰ ਅਰਦਾਸ ਵਿਚ ਭਗੌਤੀ ਇਕ ਹਿੰਦੂ ਦੇਵੀ ਹੈ ਜੋ ਪੁਰਾਤਨ ਸਨਾਤਨ ਧਰਮ ਵਿਚ ਮੰਨੀ ਜਾਂਦੀ ਹੈ ਅਤੇ ਅਰਦਾਸ ਸਾਨੂੰ ਦੇਵੀ ਪੂਜਾ ਵੱਲ ਲੈ ਜਾਂਦੀ ਹੈ। ਉਹਨਾਂ ਨੂੰ ਭਗਵਤੀ ਦੇ ਨਾਮ ਤੋਂ ਚਿੜ ਹੈ ਹਾਲਾਂਕਿ ਪ੍ਰਸਿੱਧ ਵਿਦਵਾਨ ਸਵ: ਗਿਆਨੀ ਸੰਤ ਸਿੰਘ ਮਸਕੀਨ ਜੀ ਨੇ ਕਈ ਵਾਰੀ ਕਥਾ ਵਿਚ ਕਿਹਾ ਹੈ ਕਿ ਭਗਵਤੀ ਦਾ ਅਰਥ ਸ਼ਕਤੀ ਹੈ। ਅਰਦਾਸ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਚਲੀ ਆ ਰਹੀ ਹੈ ਤੇ 300 ਸਾਲਾਂ ਤੋਂ ਕਿਸੇ ਨੇ ਇਸ ਬਾਰੇ ਕਿੰਤੂ ਨਹੀਂ ਕੀਤਾ। ਏਦਾਂ ਹੀ "ਦੇਹਿ ਸ਼ਿਵਾ" ਵਾਲੇ ਸ਼ਬਦ ਨੂੰ ਉਹ ਸ਼ਿਵਜੀ ਜੋ ਹਿੰਦੂ ਧਰਮ ਦੇ ਇਕ ਮੁਖੀ ਹਨ, ਉਸ ਨਾਲ ਜੁੜਿਆ ਸਮਝਦੇ ਹਨ। ਇਸ ਕਰਕੇ ਉਹਨਾਂ ਨੂੰ ਇਸ ਤੇ ਇਤਰਾਜ਼ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸੈਂਕੜੇ ਵਾਰ ਐਸੇ ਸ਼ਬਦ ਆਉਂਦੇ ਹਨ ਜੋ ਹਿੰਦੂ ਧਰਮ ਲਈ ਪਵਿੱਤਰ ਹਨ। ਇਹ ਸਾਰੇ ਸ਼ਬਦ ਪਿਛਲੇ ਹਜ਼ਾਰਾਂ ਸਾਲਾਂ ਤੋਂ ਭਾਰਤੀ ਸੰਸਕ੍ਰਿਤੀ ਵਿਚ ਅੰਕਿਤ ਹਨ। ਗੁਰੂ ਸਾਹਿਬ ਦੀ ਬਾਣੀ ਵਿਚ ਉਸ ਸਮੇਂ ਮੰਨੇ ਜਾਣ ਵਾਲੇ ਪਵਿੱਤਰ ਨਾਂ ਵਰਤੇ ਗਏ ਸਨ। ਉਹਨਾਂ ਦੇ ਅਰਥ ਇਹ ਭੁੱਲੜ ਵੀਰ ਆਪਣੇ ਅਨੁਸਾਰ ਕਰਨ ਲੱਗ ਗਏ ਹਨ। ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਇਕੋ ਰੱਬ ਦਾ ਆਧਾਰ ਮੰਨਿਆ ਗਿਆ ਹੈ ਤੇ ਪ੍ਰਮਾਤਮਾ ਨੂੰ ਹਰ ਨਾਂ ਨਾਲ ਪੁਕਾਰਿਆ ਗਿਆ ਹੈ। ਪਰ ਅੱਜ ਦੇ ਸੰਦਰਭ ਵਿਚ ਇਹਨਾਂ ਦੀ ਵਿਆਖਿਆ ਗੁਰੂ ਆਸ਼ੇ ਅਨੁਸਾਰ ਹੀ ਕਰਨੀ ਚਾਹੀਦੀ ਹੈ। ਉੱਪਰ ਲਿਖੇ ਬੇ-ਲੜੇ ਵਿਵਾਦ ਸਿੱਖ ਧਰਮ ਵਿਚ ਵੀ ਫੁੱਟ ਪਵਾ ਸਕਦੇ ਹਨ ਅਤੇ ਜੋ ਸਾਡਾ ਸਮਾਜਕ ਤੇ ਇਤਿਹਾਸਕ ਸੰਬੰਧ ਭਾਰਤ ਦੇਸ਼ ਦੇ ਵਿਰਸੇ ਨਾਲ ਜੁੜਿਆ ਹੈ, ਉਸ ਵਿਚ ਵੀ ਤਰੇੜਾਂ ਪੈ ਸਕਦੀਆਂ ਹਨ। ਕੀ ਸਿੱਖ ਮੁਨਕਰ ਹੋ ਸਕਦਾ ਹੈ ਕਿ ਸਾਡੇ ਸਾਰੇ ਵੱਡੇ ਵਡੇਰੇ ਭਾਰਤ ਦੇ ਹੀ ਸਨ ? ਸਿੱਖ ਸਮਾਜ ਪਹਿਲਾਂ ਕੀ ਸੀ ? ਕੀ ਹਿੰਦੁਸਤਾਨ ਵਿਚ ਹਜ਼ਾਰਾਂ ਸਾਲਾਂ ਦਾ ਵਿਰਸਾ ਸਾਡਾ ਨਹੀਂ ? ਕੀ ਇਸ ਦੀ ਵਿਰਾਸਤ ਦੇ ਅਸੀਂ ਹੱਕਦਾਰ ਨਹੀਂ ? ਯਹੂਦੀ, ਇਸਾਈ, ਮੁਸਲਮਾਨ ਇਕੋ ਪਿਓ ਦੇ ਪੁੱਤਰ ਮੰਨੇ ਜਾਂਦੇ ਹਨ ਤੇ ਉਹ ਇਸ ਤੋਂ ਕਦੇ ਵੀ ਮੁਨਕਰ ਨਹੀਂ ਹੋਏ। ਹਰ ਕੋਈ ਆਪਣਾ ਧਰਮ ਵੱਖਰਾ ਮੰਨਦਾ ਹੈ ਪਰ ਆਪਣੀ ਵਿਰਾਸਤ ਨੂੰ ਇੱਕਠਾ ਮੰਨਦੇ ਹਨ। ਸਿੱਖ ਧਰਮ ਭਾਰਤ ਵਿਚ ਗੁਰੂ ਨਾਨਕ ਦੇਵ ਜੀ ਲਿਆਏ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਵੱਖਰਾ ਸਰੂਪ ਦੇ ਕੇ ਪ੍ਰਗਟ ਕੀਤਾ। ਇਸੇ ਲਈ ਅਸੀਂ ਇਕ ਵਖਰਾ ਧਰਮ ਹਾਂ ਪਰ ਕਿਉਂ ਭੁੱਲ ਜਾਂਦੇ ਹਾਂ ਕਿ ਸਾਰੇ ਸਿੱਖ ਪਹਿਲਾਂ ਹਿੰਦੂ ਧਰਮ ਤੋਂ ਹੀ ਆਏ ਅਤੇ ਹਮੇਸ਼ਾ ਹਿੰਦੂਆਂ ਤੋਂ ਹੀ ਸਿੱਖ ਬਣਦੇ ਆ ਰਹੇ ਸਨ। ਮੈਂ ਇਸ ਗਲ ਦਾ ਕਾਇਲ ਹਾਂ ਕਿ ਧਾਰਮਕ ਪ੍ਰੰਪਰਾਵਾਂ ਸਾਡੀਆਂ ਆਪਣੀਆਂ ਹਨ, ਜਿੰਨ੍ਹਾਂ ਤੇ ਸਾਨੂੰ ਮਾਣ ਹੈ। ਪਰ ਜੋ ਸਾਂਝਾ ਸਿੱਖ ਅਤੇ ਹਿੰਦੂ ਸਮਾਜ ਵਿਚ ਹਨ ਉਸ ਨੂੰ ਤੋੜ ਕੇ ਅਸੀਂ ਕੀ ਖੱਟਣਾ ਚਾਹੁੰਦੇ ਹਾਂ। ਮੈਂ ਨਹੀਂ ਸੁਣਿਆ ਕੀ ਕਿਸੇ ਹਿੰਦੂ ਨੇ ਇਹ ਕਿਹਾ ਹੋਵੇ ਕਿ ਸਿੱਖ ਹਿੰਦੂ ਬਣ ਜਾਵੇ। ਜਿਹੜੇ ਹਿੰਦੂ ਲੀਡਰ ਸਿੱਖ ਧਰਮ ਦੀ ਹੋਂਦ ਨੂੰ ਵੱਖਰਾ ਨਹੀਂ ਮੰਨਦੇ, ਉਹਨਾਂ ਨੂੰ ਮੈਂ ਕਈ ਵਾਰੀ ਲਿਖਿਆ ਹੈ ਅਤੇ ਫਿਰ ਉਹਨਾਂ ਦੇ ਵਿਚਾਰ ਠੀਕ ਕਰਵਾਏ ਹਨ। ਇਸ ਲਈ ਭੁਲੇਖੇ ਪਾਉਣ ਦੀ ਲੋੜ ਨਹੀਂ ਕਿ ਕਿਸੇ ਦੇ ਕਹਿਣ ਤੇ ਸਾਡੇ ਧਰਮ ਦੀ ਵੱਖਰੀ ਹੋਂਦ ਨੂੰ ਕੋਈ ਖਤਰਾ ਹੈ। ਧਰਮ ਹਰ ਕਿਸੇ ਦਾ ਆਪਣੀ ਇੱਛਾ ਅਨੁਸਾਰ ਹੁੰਦਾ ਹੈ। ਇਸ ਨੂੰ ਕਿਸੇ ਹੋਰ ਤੋਂ ਸਰਟੀਫਿਕੇਟ ਦੀ ਲੋੜ ਨਹੀਂ ਕਿ ਇਸ ਦਾ ਕੀ ਧਰਮ ਹੈ। ਸਾਨੂੰ ਵੱਖਰੀ ਮਾਨਤਾ ਗੁਰੂ ਗੋਬਿੰਦ ਸਿੰਘ ਜੀ ਦੇ ਗਏ ਹਨ। ਮੈਂ ਇਹ ਸਮਝਦਾ ਹਾਂ ਕਿ ਸਿੱਖਾਂ ਦਾ ਇਕ ਵਰਗ ਇਸ ਗੱਲ ਤੇ

ਲੱਗਾ ਹੈ ਕਿ ਹਿੰਦੂਆਂ ਤੋਂ ਖਤਰੇ ਦਾ ਸਿੱਖਾਂ ਨੂੰ ਡਰਾਵਾ ਦੇ ਕੇ ਦੋਨਾਂ ਕੌਮਾਂ ਵਿਚ ਦੂਰੀ ਪਾਈ ਜਾਵੇ। ਸਾਡਾ ਹਿੰਦੂ ਕੀ ਵਿਗਾੜ ਰਿਹਾ ਹੈ। ਕਿੰਨੇ ਸ਼ਿੱਖ ਹਿੰਦੂਆਂ ਦੇ ਅਸਰ ਹੇਠਾਂ ਆਪਣਾ ਧਰਮ ਛੱਡ ਗਏ ਹਨ ? ਇਸ ਦੀ ਕੋਈ ਮਿਸਾਲ ਦੇਵੋ। ਇਸ ਗਲ ਵਿਚ ਕੋਈ ਵਜ਼ਨ ਨਹੀਂ ਕਿ ਫਲਾਣੇ ਹਿੰਦੂ ਲੀਡਰ ਨੇ ਇਹ ਕਿਹਾ ਹੈ ਕਿ ਸਿੱਖ ਸਾਡੇ ਵਿਚੋਂ ਹੀ ਹਨ। ਜੇ ਕੋਈ ਸਾਨੂੰ ਆਪਣਾ ਭਰਾ ਸਮਝੇ ਤਾਂ ਸਾਡਾ ਕੀ ਵਿਗੜ ਜਾਂਦਾ ਹੈ। ਮੈਨੂੰ ਬੜੇ ਹਿੰਦੂ ਧਾਰਮਕ ਆਗੂਆਂ ਨੂੰ ਮਿਲਣ ਦਾ ਅਵਸਰ ਮਿਲਦਾ ਰਹਿੰਦਾ ਹੈ। ਉਹ ਤਾਂ ਹਮੇਸ਼ਾ ਸਿੱਖਾਂ ਦਾ ਸਤਿਕਾਰ ਕਰਦੇ ਹਨ ਤੇ ਇਹ ਵੀ ਕਹਿੰਦੇ ਹਨ ਕਿ ਸਿੱਖਾਂ ਨੇ ਹਿੰਦੂ ਧਰਮ ਦੀ ਰੱਖਿਆ ਕੀਤੀ ਹੈ। ਜੇ ਉਹ ਸਾਨੂੰ ਆਪਣਾ ਰੱਖਿਅਕ ਕਹਿਣ ਤਾਂ ਕੀ ਇਹ ਸਾਡਾ ਵਿਰੋਧ ਹੈ ? ਨਿੱਕੇ-ਨਿੱਕੇ ਬਹਾਨੇ ਲੱਭ ਕੇ ਇਕ ਦੂਜੀ ਕੌਮ ਨਾਲ ਝਗੜਾ ਖੜਾ ਕਰਨ ਦੀ ਸਾਨੂੰ ਲੋੜ ਨਹੀਂ। ਸਿੱਖਾਂ ਨੂੰ ਹੋਰ ਵੱਡੇ-ਵੱਡੇ ਖਤਰੇ ਹਨ, ਉਧਰ ਅਸੀਂ ਧਿਆਨ ਨਹੀਂ ਦਿੰਦੇ। ਪਤਿਤਪੁਣਾ, ਨਸ਼ਿਆ ਦੀ ਮਾਰ, ਨਵੀਆਂ ਬੀਮਾਰੀਆਂ, ਸਿੱਖ ਨੌਜਵਾਨਾਂ ਵਿਚ ਬੇਰੁਜ਼ਗਾਰੀ ਦੀ ਸਮੱਸਿਆ, ਵਿੱਦਿਆ ਦਾ ਘੱਟਦਾ ਮਿਆਰ ਆਦਿ ਸਾਡੀਆਂ ਸਮੱਸਿਆਵਾਂ ਹਨ ਜਿਨ੍ਹਾਂ ਨੂੰ ਠੀਕ ਢੰਗ ਨਾਲ ਨਜਿੱਠਣ ਦੀ ਲੋੜ ਹੈ। ਕੌਮ ਦਾ ਨੌਜਵਾਨ ਅੱਜ ਚਿੰਤਤ ਹੈ, ਉਸ ਨੂੰ ਠੀਕ ਸੇਧ ਨਹੀਂ ਮਿਲ ਰਹੀ। ਮੇਰੀ ਅਪੀਲ ਹੈ ਅਸੀਂ ਰਾਜਸੀ ਲਾਭ ਨੂੰ ਮੁੱਖ ਰੱਖਕੇ ਜਾਂ ਆਪਣਾ ਨਾਂ ਅਖਬਾਰਾਂ ਵਿਚ ਛਪਵਾਉਣ ਦੀ ਹਵਸ ਤੋਂ ਬਾਹਰ ਨਿਕਲੀਏ। ਸਿੱਖ ਧਰਮ ਸਾਰੀ ਦੁਨੀਆਂ ਨੂੰ ਦੋਸਤੀ ਦਾ ਸੁਨੇਹਾ ਦਿੰਦਾ ਹੈ। ਗੁਰੂ ਦੇ ਹੁਕਮ ਨੂੰ ਮੰਨੋ ਅਤੇ ਇਸ ਤੇ ਅਮਲ ਕਰੋ।

'ਸਭ ਕੋ ਮੀਤ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ'

(2-08-05)

# ਸਿੱਖ ਪੰਥ ਆਪਣੇ ਇਤਿਹਾਸਕ ਵਿਰਸੇ ਦੀ ਸੰਭਾਲ ਕਰੇ

ਪਿਛਲੇ 30 ਸਾਲਾਂ ਤੋਂ ਗੁਰੂ ਘਰ ਦੇ ਪ੍ਰੇਮੀ ਸੰਤ ਮਹਾਂ-ਪੁਰਸ਼ਾਂ ਦੀ ਕਿਰਪਾ ਨਾਲ ਤੇ ਲੱਖਾਂ ਸਿੱਖ ਸ਼ਰਧਾਲੂਆਂ ਦੀ ਅਣਥੱਕ ਹਿੰਮਤ ਨਾਲ ਹਰ ਇਤਿਹਾਸਕ ਥਾਂ ਤੇ ਨਵੇਂ ਨਕੋਰ ਦੁੱਧ ਚਿੱਟੇ ਗੁਰਦੁਆਰੇ ਨਜ਼ਰ ਆਉਂਦੇ ਹਨ। ਇਹ ਸਾਰੇ ਨਵੇਂ ਬਣੇ ਗੁਰਦੁਆਰੇ ਮਕਰਾਣਾ (ਰਾਜਸਥਾਨ) ਤੋਂ ਲਿਆਂਦੇ ਸਫੈਦ ਸੰਗਮਰਮਰ ਦੇ ਬਣੇ ਹੋਏ ਹਨ। ਅਥਾਹ ਸ਼ਰਧਾ ਨੂੰ ਮੁੱਖ ਰੱਖਦਿਆਂ ਹਰ ਥਾਂ ਤੇ ਉਪਰਾਲਾ ਕੀਤਾ ਗਿਆ ਹੈ ਕਿ ਵਧੀਆ ਤੋਂ ਵਧੀਆ ਬਿਲਡਿੰਗ ਬਣੇ। ਕਈ ਰੰਗਾਂ ਦੇ ਪੱਥਰ ਵੀ ਲਾਏ ਜਾਂਦੇ ਹਨ। ਖੁੱਲ੍ਹੇ ਵਿਹੜੇ ਅਤੇ ਦੂਰ ਤੋਂ ਨਜ਼ਰ ਆਉਂਦੇ ਨਿਸ਼ਾਨ ਸਾਹਿਬ। ਬਿਲਡਿੰਗ ਦਾ ਨਕਸ਼ਾ ਤਕਰੀਬਨ ਇਕੋ-ਜਿਹਾ ਹੀ ਹੁੰਦਾ ਹੈ। ਗੁੰਬਦ ਤੇ ਚਾਰ ਦਰਵਾਜ਼ੇ, ਦਰਮਿਆਨ ਜਾਂ ਇਕ ਕਿਨਾਰੇ ਤੇ ਸੰਗਮਰਮਰ ਦੀ ਬਣੀ ਸੁੰਦਰ ਪਾਲਕੀ ਜਿਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਇਹ ਸੇਵਾ ਸੰਤਾਂ ਨੂੰ ਸ਼੍ਰੋਮਣੀ ਕਮੇਟੀ ਵੀ ਸੌਂਪਦੀ ਹੈ ਤੇ ਕਈ ਥਾਵਾਂ ਤੇ ਲੋਕ ਵੀ ਬੇਨਤੀ ਕਰਕੇ ਕੰਮ ਕਰਵਾਉਂਦੇ ਹਨ।

ਸੇਵਾ ਦੇ ਫਲਸਰੂਪ ਅੱਜ ਸਾਰੇ ਸਿੱਖ ਇਤਿਹਾਸਕ ਅਸਥਾਨ ਇਕੋ ਜਿਹੇ ਲੱਗਦੇ ਹਨ। ਤੁਸੀਂ ਜਦ ਯਾਤਰਾ ਲਈ ਜਾਵੋ ਤਾਂ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਸਾਰੀ ਥਾਂ ਉਹੋ ਜਿਹਾ ਹੀ ਦਰਸ਼ਨ ਅਸਥਾਨ ਹੈ। ਕੇਵਲ ਭਾਵਨਾ ਹੀ ਰਹਿ ਗਈ ਹੈ ਇਹ ਜਾਨਣ ਦੀ ਕਿ ਅਸੀਂ ਕਿਹੜੀ ਥਾਂ ਤੇ ਅੱਜ ਯਾਤਰਾ ਕਰ ਰਹੇ ਹਾਂ। ਮੈਂ ਕਈ ਵਿਦੇਸ਼ ਤੋਂ ਆਏ ਦੋਸਤਾਂ ਨੂੰ ਗੁਰਧਾਮਾਂ ਦੀ ਯਾਤਰਾ ਲਈ ਭੇਜਿਆ ਹੈ। ਪਿੱਛੇ ਜਿਹੇ ਅਮਰੀਕਾ ਤੋਂ ਸਿੱਖ ਬੱਚਿਆਂ ਦਾ ਇਕ ਗਰੁੱਪ ਵੀ ਆਇਆ ਸੀ। ਉਨ੍ਹਾਂ ਦਾ ਪ੍ਰਭਾਵ ਇਹੋ ਹੈ ਕਿ ਹਰ ਥਾਂ ਸਫੈਦ ਸੰਗਮਰਮਰ ਦੀ ਪ੍ਰਭਾਵਸ਼ਾਲੀ ਬਿਲਡਿੰਗ ਤੇ ਇਕੋ ਜਿਹਾ ਨਕਸ਼ਾ ਹੁੰਦਾ ਹੈ। ਬਾਹਰ ਵੱਡੇ ਬੋਰਡ ਉੱਤੇ ਉਸ ਥਾਂ ਦੀ ਮਹਾਨਤਾ ਕਿ ਕਿਹੜੇ ਗੁਰੂ ਸਾਹਿਬ ਦੀ ਉਥੇ ਆਮਦ ਸੀ ਤੇ ਕੀ ਕੌਤਕ ਹੋਇਆ। ਤੁਸੀਂ ਆਪ ਅਨੁਭਵ ਕਰਕੇ ਆਨੰਦ ਮਾਣੋ ਤੇ ਬੀਤ ਚੁੱਕੇ ਇਤਿਹਾਸ ਤੇ ਅੱਖਾਂ ਮੀਚ ਕੇ ਆਪਣਾ ਧਿਆਨ ਲਾਵੋ। ਇਤਿਹਾਸਕ ਗਵਾਹੀ ਉਥੇ ਹੁਣ ਖਤਮ ਹੈ।

ਅੱਜ ਸਾਰੀ ਮਨੁੱਖਤਾ ਪੁਰਾਤਨਤਾ ਨੂੰ ਬਚਾਉਣ ਵਿਚ ਲੱਗੀ ਹੈ। ਹਰ ਪੁਰਾਣੀ ਵਸਤੂ ਦਾ ਮੁੱਲ ਪੈਂਦਾ ਹੈ। ਪੁਰਾਣੀਆਂ ਯਾਦਗਾਰਾਂ ਨੂੰ ਸੰਭਾਲਣ ਲਈ ਲੱਖਾਂ ਕਰੋੜਾਂ ਡਾਲਰ ਦੇ ਫੰਡ ਕਾਇਮ ਕੀਤੇ ਗਏ ਹਨ। 1968 ਦੀ ਗੱਲ ਹੈ, ਮੈਂ ਇਸ ਵਿਸ਼ੇ ਤੇ ਆਪਣੇ ਵਿਚਾਰ ਸ੍ਰ: ਸਾਧੂ ਸਿੰਘ ਹਮਦਰਦ ਹੁਰਾਂ ਨਾਲ ਸਾਂਝੇ ਕੀਤੇ ਸਨ। ਉਨ੍ਹਾਂ ਮੈਨੂੰ ਇਸ ਤੇ ਲੇਖ ਲਿਖਣ ਲਈ ਕਿਹਾ, ਜੋ 'ਅਜੀਤ' ਵਿਚ ਛਪਿਆ। ਮੈਂ ਉਦੋਂ ਇਹ ਲਿਖਿਆ ਕਿ ਇਸ ਸਦੀ ਦੇ ਅਖੀਰ ਵਿਚ ਸ਼੍ਰੋਮਣੀ ਕਮੇਟੀ ਇਹ ਐਲਾਨ ਕਰੇਗੀ ਕਿ ਖਾਲਸਾ ਜੀ ਅਸੀਂ ਬੜੀ ਵਿਉਂਤ ਕਰਕੇ ਪੈਸਾ ਲਗਾਕੇ ਗੁਰੂ ਸਾਹਿਬਾਨ ਦੇ ਕਰ-ਕਮਲਾਂ ਨਾਲ ਸੁਸ਼ੋਭਿਤ ਘਰ, ਬਿਲਡਿੰਗਾਂ ਜਾਂ ਅਦਾਰੇ ਸਾਰੇ ਢਾਹ ਕੇ ਨਵੇਂ ਸੰਗਮਰਮਰ ਦੇ ਬਣਾ ਦਿੱਤੇ ਹਨ। ਜੇ ਕੋਈ ਗਲਤੀ ਨਾਲ ਬਚ ਗਿਆ ਹੋਵੇ, ਉਸ ਲਈ ਸਾਨੂੰ ਮੁਆਫ ਕਰਨਾ, ਕਈਆਂ ਨੂੰ ਇਹ ਅੱਖਰ ਮਾੜੇ ਲੱਗੇ। ਉਦੋਂ ਰਾਮਗੜ੍ਹੀਆਂ ਦਾ ਬੁੰਗਾ ਢਾਹ ਕੇ ਪ੍ਰਕਰਮਾ ਚੌੜੀ ਕਰਨ ਦਾ ਵਿਚਾਰ ਸੀ। ਮੇਰੇ ਲਿਖਣ ਤੇ ਦਰਬਾਰ ਸਾਹਿਬ ਵਿਚ ਇਹ ਫੈਸਲਾ ਰੁਕ ਗਿਆ ਅਤੇ ਸਿੱਖਾਂ ਦਾ ਦਿੱਲੀ ਤੇ ਕਬਜ਼ੇ ਦਾ

ਪ੍ਰਤੱਖ ਪ੍ਰਮਾਣ ਰਾਮਗੜ੍ਹੀਆ ਬੁੰਗਾ ਜੋ ਲਾਲ ਕਿਲ੍ਹਾ ਦਿੱਲੀ ਦੇ ਪੱਥਰ ਨਾਲ ਬਣਾਇਆ ਗਿਆ ਸੀ ਬਚ ਗਿਆ।

ਹੁਣ ਧਿਆਨ ਨਾਲ ਸੋਚੋ-ਯਹੂਦੀਆਂ ਦੀ ਯੋਰੋਸ਼ਲਮ ਵਿਖੇ ਵੇਲਿੰਗ ਵਾਲ ਹਜ਼ਾਰਾਂ ਸਾਲ ਤੋਂ ਖੜੀ ਹੈ। ਐਥਣ (ਯੂਨਾਨ) ਵਿਚ ਹਜ਼ਾਰਾਂ ਸਾਲ ਪੁਰਾਣੇ ਖੰਡਰ, ਸਭ ਤੋਂ ਪਹਿਲੀ ਬਣੀ ਬਿਲਡਿੰਗ ਜੋ ਸ਼ਹਿਰ ਦੇ ਦਰਮਿਆਨ ਪਹਾੜੀ ਤੇ ਹਨ, ਨੂੰ ਉਸੇ ਤਰ੍ਹਾਂ ਕਾਇਮ ਰੱਖਿਆ ਗਿਆ ਹੈ। ਲੱਖਾਂ ਲੋਕ ਵੇਖਣ ਜਾਂਦੇ ਹਨ। ਮੈਂ ਬੀਜਿੰਗ (ਚੀਨ) ਵਿਚ ਮਹਾਤਮਾ ਬੁੱਧ ਦੇ ਬਣੇ ਮੰਦਰ ਉਸੇ ਹਾਲਤ ਵਿਚ ਦਰਸ਼ਕਾਂ ਦੀ ਖਿੱਚ ਦਾ ਕਾਰਨ ਵੇਖੇ ਹਨ। ਸੈਂਕੜੇ ਮੀਲ ਚੀਨ ਦੀ ਦੀਵਾਰ ਦੁਨੀਆਂ ਦਾ ਅਜੂਬਾ ਹੈ। ਰੋਮ ਵਿਚ ਈਸਾਈਆਂ ਦਾ ਇਕ ਹਜ਼ਾਰ ਸਾਲ ਪੁਰਾਣਾ ਚਰਚ ਅਤੇ ਮਾਸਕੋ ਵਿਚ ਉਹ ਮਹੱਲ ਜਿਥੇ ਜ਼ਾਰ ਰਹਿੰਦਾ ਸੀ, ਉਸੇ ਤਰ੍ਹਾਂ ਹੀ ਖੜ੍ਹਾ ਹੈ। ਭਾਰਤ ਵਿਚ ਤੁਸੀਂ ਮੰਦਰ ਜੋ ਦੱਖਣ ਦੇ ਸ਼ਹਿਰਾਂ ਵਿਚ ਹਨ, ਜਾ ਕੇ ਦਰਸ਼ਨ ਕਰੋ ਹਜ਼ਾਰਾਂ ਸਾਲ ਪੁਰਾਣੇ ਹਨ। ਅੰਦਰ ਰੌਸ਼ਨੀ ਵੀ ਨਹੀਂ ਹੈ ਪਰ ਕਿਸੇ ਨੇ ਉਹਨਾਂ ਦੀ ਥਾਂ ਨਵਾਂ ਮੰਦਰ ਨਹੀਂ ਬਣਾਇਆ। ਮੈਂ ਤਾਂ ਕਿਧਰੇ ਪੁਰਾਣੇ ਮੰਦਰ ਨੂੰ ਢਾਹ ਕੇ ਨਵਾਂ ਬਣਿਆ ਮੰਦਰ ਵੇਖਿਆ ਹੀ ਨਹੀਂ।

ਸਾਡੇ ਆਪਣੇ ਇਤਿਹਾਸ ਤੇ ਨਜ਼ਰ ਮਾਰੋ। ਕੇਵਲ 500 ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ। ਗੁਰੂ ਗੋਬਿੰਦ ਸਿੰਘ ਜੀ ਦਾ ਮਹਾਰਾਜ ਦਾ ਤਾਂ ਕੇਵਲ 300 ਸਾਲ ਪਹਿਲਾ ਆਗਮਨ ਹੋਇਆ ਸੀ। ਇਕ ਵੀ ਅਸਲ ਇਤਿਹਾਸਕ ਥਾਂ ਸਾਰੇ ਪੰਜਾਬ ਵਿਚ ਅਸੀਂ ਰਹਿਣ ਨਹੀਂ ਦਿੱਤੀ। ਮੈਂ 1946 ਵਿਚ ਪਹਿਲੀ ਵਾਰ ਆਪਣੇ ਪਿੰਡ ਢੁੱਡਿਆਲ (ਪਾਕਿਸਤਾਨ) ਤੋਂ ਯਾਤਰਾ ਲਈ ਆਪਣੇ ਪਰਿਵਾਰ ਨਾਲ ਅੰਮ੍ਰਿਤਸਰ ਆਇਆ। ਉਦੋਂ ਖਡੂਰ ਸਾਹਿਬ, ਵਡਾਲੀ, ਸੰਨ ਸਾਹਿਬ, ਗੋਬਿੰਦਵਾਲ ਸਾਹਿਬ ਅਸੀਂ ਗਏ। ਪੁਰਾਣੇ ਘਰ ਕਾਇਮ ਸਨ ਜਿੱਥੇ ਸਾਡੇ ਗੁਰੂ ਜਨਮੇ, ਜਿੱਥੇ ਉਹ ਬੈਠੇ, ਉਨ੍ਹਾਂ ਦੇ ਪਾਏ ਨਿਸ਼ਾਨ ਮੌਜੂਦ ਸਨ। ਅੱਜ ਕੋਈ ਪੁਰਾਣਾ ਨਾਨਕ ਸ਼ਾਹੀ ਇੱਟ ਤਾਂ ਕਿਧਰੇ ਵੇਖਣ ਜੋਗੀ ਵੀ ਨਹੀਂ ਛੱਡੀ। ਸਰਹੰਦ ਸਾਰਾ ਛੋਟੀ ਇੱਟ ਦਾ ਕਾਇਮ ਸੀ। ਪਤਾ ਲਗਦਾ ਸੀ ਕਿ ਇਥੇ ਇਤਿਹਾਸ ਲਿਖਿਆ ਗਿਆ ਹੈ। ਕਿਧਰੇ ਕੋਈ ਨਿਸ਼ਾਨ ਨਹੀਂ ਰਿਹਾ। ਸਾਰਾ ਕੁਝ ਢਾਹ ਕੇ ਮਲੀਆਮੇਟ ਕਰ ਦਿੱਤਾ ਗਿਆ ਹੈ। ਉਪਰ ਸਾਰਾ ਸੰਗਮਰਮਰ ਲਾ ਦਿੱਤਾ ਗਿਆ ਹੈ। ਅਨੰਦਪੁਰ ਸਾਹਿਬ ਕਿਹੜੀ ਥਾਂ ਹੈ ਜੋ ਤੁਸੀਂ ਪੁਰਾਣੀ ਆਖ ਸਕੋਗੇ। ਸਿੱਖੀ ਨਾਲ ਤੇ ਸਿੱਖ ਇਤਿਹਾਸ ਨਾਲ ਜ਼ੁਲਮ ਕੀਤਾ ਗਿਆ ਕਿ ਆਉਂਦੀਆਂ ਨਸਲਾਂ ਸਾਨੂੰ ਕੋਸਣਗੀਆਂ। ਦੁਨੀਆਂ ਪੁਰਾਤਨ ਇਮਾਰਤਾਂ ਦੀ ਸੰਭਾਲ ਕਰਨ ਵਿਚ ਲੱਗੀ ਹੋਈ ਹੈ। ਅਸੀਂ ਢਾਹੁਣ ਵਿਚ ਲੱਗੇ ਹੋਏ ਹਾਂ। ਅਸੀਂ ਇਸ ਵਿਸ਼ੇ ਨੂੰ ਸਮਝ ਹੀ ਨਹੀਂ ਸਕੇ। ਜਾ ਕੇ ਵੇਖੋ ਬੈਂਕਾਕ ਵਿਚ, ਮਲੇਸ਼ੀਆ ਦੇ ਬਾਲੀ ਟਾਪੂ ਵਿਚ ਕਿਵੇਂ ਮੰਦਰ ਸੰਭਾਲਕੇ ਅੱਜ ਉਹ ਦਰਸ਼ਕਾਂ ਦੀ ਖਿੱਚ ਦੇ ਕੇਂਦਰ ਬਣੇ ਹਨ। ਗਵਾਲੀਅਰ ਦਾ ਕਿਲ੍ਹਾ ਤਾਂ ਪੁਰਾਣਾ ਹੈ ਉਹ ਕਮਰਾ ਜਿਥੇ ਗੁਰੂ ਸਾਹਿਬ ਛੇਵੇਂ ਪਾਤਸ਼ਾਹ ਕੈਦ ਹੋਏ, ਉਸ ਥਾਂ ਅੱਜ ਆਲੀਸ਼ਾਨ ਸੰਗਮਰਮਰ ਦਾ ਗੁਰਦੁਆਰਾ ਖੜ੍ਹਾ ਹੈ। ਅੱਜ ਅੰਡੇਮਾਨ ਕਾਲੇ ਪਾਣੀ ਵਾਲੀ ਜੇਲ੍ਹ ਭਾਰਤ ਸਰਕਾਰ ਨੇ ਜਿਉਂ ਦੀ ਤਿਉਂ ਰੱਖੀ ਹੋਈ ਹੈ ਜਿਥੇ ਸਾਡੇ ਲੀਡਰ ਕੈਦ ਰਹੇ।

ਕਦੇ ਸੋਚੋ ਕਿਵੇਂ ਅਸੀਂ ਗੁਰੂਆਂ ਦੇ ਸ਼ਸ਼ਤਰਾਂ ਤੇ ਬਸਤਰਾਂ ਦੇ ਦਰਸ਼ਨ ਲਈ ਵਿਆਕੁਲ ਹੁੰਦੇ ਹਾਂ-ਇਹੋ ਹੀ ਹੋਣਾ ਸੀ ਜੇ ਉਹ ਅਸਥਾਨ ਉਸੇ ਤਰ੍ਹਾਂ ਹੀ ਰਖਦੇ, ਨਾਲ ਭਾਵੇਂ ਕੋਈ ਹਾਲ ਉਸਾਰ ਲੈਂਦੇ। ਜੋ ਹੋ ਗਿਆ ਉਹ ਮੁੜ ਨਹੀਂ ਸਕਦਾ। ਮੈਂ ਹੁਣ ਬੇਨਤੀ ਕਰਦਾ ਹਾਂ। ਤੁਸੀਂ ਵਿਦੇਸ਼ ਵੀ ਗਏ ਹੋ, ਆਪ ਵੇਖ ਆਏ ਹੋ, ਜੋ ਬਚ ਗਿਆ ਹੁਣ ਤੱਕ ਸੰਭਾਲ ਲਵੋ। ਕਿਧਰੇ

ਕੋਈ ਕੱਚਾ ਕੋਠਾ, ਕਿਧਰੇ ਦੀਵਾਰ, ਜਾਂ ਕੋਈ ਖੰਡਰ ਹੋਵੇ-ਸੰਭਾਲ ਰੱਖੋ। ਪੁਰਾਤਨਤਾ ਵਿਭਾਗ ਤੋਂ ਮੱਦਦ ਲਵੋ-ਕਈ ਗੁਰਦੁਆਰਿਆਂ ਵਿਚ ਦੀਵਾਰਾਂ 'ਤੇ ਪੁਰਾਣੇ ਚਿੱਤਰ ਸਨ। ਉਨ੍ਹਾਂ ਨੂੰ ਵੀ ਬਚਾਓ। ਬਾਬਾ ਅਟੱਲ ਵਿਚ ਹਨ, ਅਕਾਲ ਤਖਤ ਤੇ ਸਨ, ਕਈ ਹੋਰ ਗੁਰਦੁਆਰਿਆਂ ਵਿਚ ਹਨ, ਜਿਤਨੇ ਸ਼ਸਤਰ ਬਸਤਰ, ਹੱਥ ਲਿਖਤਾਂ ਕਿਧਰੇ ਵੀ ਹਨ, ਉਹ ਸਾਰੀਆਂ ਨੂੰ ਸੰਭਾਲਣ ਲਈ ਮਾਡਰਨ ਤਰੀਕਾ ਅਪਨਾਓ। ਦਵਾਈਆਂ ਮਿਲਦੀਆਂ ਹਨ। ਸਰਕਾਰ ਮੁਫਤ ਸੇਵਾ ਦਿੰਦੀ ਹੈ। ਇਨ੍ਹਾਂ ਨੂੰ ਲਿਸਟ ਵਿਚ ਸ਼ਾਮਲ ਕਰੋ ਤੇ ਉਨ੍ਹਾਂ ਨੂੰ ਬੇਨਤੀ ਕਰੋ ਕਿ ਉਹ ਵੀ ਸੰਭਾਲ ਲਈ ਯੋਗ ਤਰੀਕਾ ਵਰਤਣ। ਅੱਜ ਕੱਲ੍ਹ ਖਰਾਬ ਵਾਤਾਵਰਣ ਦਾ ਡਰ ਵੀ ਹੈ, ਉਸ ਤੋਂ ਵੀ ਇਤਿਹਾਸਕ ਚੀਜ਼ਾਂ ਬਚਾਓ। ਪਟਨਾ ਸਾਹਿਬ, ਹਜ਼ੂਰ ਸਾਹਿਬ ਵੀ ਸਭ ਪੁਰਾਣੀਆਂ ਇਮਾਰਤਾਂ ਢਹਿ ਚੁੱਕੀਆਂ ਹਨ। ਸਾਰੇ ਭਾਰਤ ਵਿਚ ਨਿਗਾਹ ਮਾਰੋ ਜੇ ਕਿਧਰੇ ਕੋਈ ਹੈ ਤਾਂ ਕਾਇਮ ਰੱਖੋ। ਬਾਉਲੀਆਂ ਤੇ ਸੰਗਮਰਮਰ ਨਾ ਲਗਵਾਓ। ਇਵੇਂ ਹੀ ਉਨ੍ਹਾਂ ਨੂੰ ਰੱਖੋ। ਇਸ ਕੰਮ ਲਈ ਕੋਈ ਸੈੱਲ ਆਪਣੇ ਦਫਤਰ ਵਿਚ ਬਣਾਓ। ਬੜੇ ਰਿਟਾਇਰਡ ਅਫਸਰ ਮਿਲ ਜਾਣਗੇ। ਲਾਹੌਰ ਵਿਚ ਪਾਕਿਸਤਾਨ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਦਾ ਕਿਲ੍ਹਾ ਉਸੇ ਤਰ੍ਹਾਂ ਹੀ ਰੱਖਿਆ ਹੈ। ਕਿਧਰੇ ਉਸ ਨੂੰ ਹੁਣ ਕਿਸੇ ਸੇਵਾ ਵਿਚ ਲੈ ਕੇ ਢਾਹ ਨਾ ਦੇਣਾ। ਵੇਖੋ ਕਿਵੇਂ ਉਹ ਚੰਗਾ ਲਗਦਾ ਹੈ। ਰਾਮਗੜ੍ਹ ਕਿਲ੍ਹਾ ਤੇ ਰਾਮ ਬਾਗ ਮਹਾਰਾਜਾ ਰਣਜੀਤ ਸਿੰਘ ਜੀ ਨੇ ਬਣਵਾਏ ਸਨ। ਨਕਸ਼ੇ ਕਢਵਾ ਕੇ ਇਨ੍ਹਾਂ ਨੂੰ ਉਹੋ ਜਿਹਾ ਸਥਾਪਤ ਕਰੋ।

ਪਾਠਕਾਂ ਦੀ ਗਿਆਤ ਲਈ ਲਿਖ ਦੇਵਾਂ ਕਿ ਦੂਜੀ ਵੱਡੀ ਜੰਗ ਵਿਚ ਤਬਾਹ ਹੋ ਗਏ ਸ਼ਹਿਰ ਤੇ ਇਮਾਰਤਾਂ ਮੁੜ ਉਸੇ ਤਰ੍ਹਾਂ ਬਹਾਲ ਕੀਤੇ ਗਏ-ਪੋਲੈਂਡ ਦੀ ਰਾਜਧਾਨੀ ਵਾਰਸਾ ਸ਼ਹਿਰ ਜਾ ਕੇ ਵੇਖੋ, ਲਗਦਾ ਹੈ, ਸੈਂਕੜੇ ਸਾਲ ਪੁਰਾਣਾ ਹੈ ਪਰ ਬਣਾਇਆ ਗਿਆ 1950 ਵਿਚ। ਡਰੈਸਡਨ (ਜਰਮਨੀ) ਵਿਚ ਯੂਰਪ ਦਾ ਆਰਟ ਸੈਂਟਰ ਹੈ। ਉਹ ਸਾਰੀਆਂ ਬਿਲਡਿੰਗਾਂ ਉਨ੍ਹਾਂ ਹੀ ਇੱਟਾਂ ਨਾਲ ਜੰਗ ਪਿੱਛੋਂ ਮੁੜ ਉਸਾਰੀਆਂ ਗਈਆਂ। ਅੱਜ ਦਵਾਰਕਾ ਸ਼ਹਿਰ ਸਮੁੰਦਰ ਵਿਚੋਂ ਲੱਭਿਆ ਜਾ ਰਿਹਾ ਹੈ। ਤੁਰਕੀ, ਲਿਬਨਾਨ, ਜਾਰਡਨ ਵਾਲੇ ਸਾਰੀਆਂ ਪੁਰਾਣੀਆਂ ਮੀਨਾਰਾਂ ਸੰਭਾਲੀ ਬੈਠੇ ਹਨ। ਯਮਨ ਵਿਚ ਸਾਨਾ ਸ਼ਹਿਰ ਦੇ ਨੇੜੇ ਦੁਨੀਆਂ ਦੀ ਦੂਜੀ ਸਭ ਤੋਂ ਪੁਰਾਣੀ ਮਸਜਿਦ, ਉਸੇ ਤਰ੍ਹਾਂ 1300 ਸਾਲ ਪੁਰਾਣੀ ਕਾਇਮ, ਮੈਂ ਆਪ ਵੇਖੀ ਹੈ। ਮੱਕਾ ਸ਼ਰੀਫ ਵਿਚ ਕਾਲਾ ਪੱਥਰ ਤੇ ਆਸ-ਪਾਸ ਸਾਰੀ ਇਮਾਰਤ ਉਸੇ ਤਰ੍ਹਾਂ ਹੀ ਰੱਖੀ ਹੋਈ ਹੈ।

ਸਾਨੂੰ ਅੱਜ ਦੁਨੀਆਂ ਦੀਆਂ ਉਠ ਰਹੀਆਂ ਭਾਵਨਾਵਾਂ ਨੂੰ ਸਮਝਣ ਦੀ ਲੋੜ ਹੈ। ਟੂਰਿਜ਼ਮ ਅੱਜ ਸਭ ਤੋਂ ਵੱਧ ਪੈਸਾ ਕਮਾਉਣ ਦਾ ਸਾਧਨ ਹੈ-ਟੂਰਿਸਟ ਪੁਰਾਣਾ ਇਤਿਹਾਸ ਜਿਵੇਂ ਦਿੱਲੀ ਵਿਚ ਕੁਤਬ ਮੀਨਾਰ, ਹਮਾਯੂੰ ਦਾ ਮਕਬਰਾ, ਲਾਲ ਕਿਲ੍ਹਾ ਵੇਖਣ ਲਈ ਆਉਂਦੇ ਹਨ। ਫਿਰ ਰਾਜਸਥਾਨ ਜਾਂਦੇ ਹਨ। ਇਥੋਂ ਹੀ ਸਮਝ ਲਵੋ ਕਿ ਮੰਗ ਕੀ ਹੈ ਅਤੇ ਕਰਨਾ ਕੀ ਹੈ। ਅਸੀਂ ਇਸ ਪੱਖੋਂ ਪਿੱਛੇ ਰਹਿ ਗਏ ਹਾਂ। ਵਕਤ ਨੂੰ ਹੋਰ ਜ਼ਾਇਆ ਨਾ ਕਰੋ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪ ਅੱਗੇ ਲੱਗੇ ਤੇ ਵੱਖਰਾ ਸੈੱਲ ਬਣਾ ਕੇ ਇਹ ਜਸ ਖੱਟੇ।

(ਜਨਵਰੀ, 2006)